ISSN : 2454-7344

ਅੰਕ 7 • ਮੁੱਲ 80/-



Black Dwarf

1 June 1968

WE SHALL FIGHT
WE WILL WIN
PARIS
LONDON
ROME
BERLIN

'Listen, I'm 43, and at that age a worker is too old to learn a new job. My children have got education, and they look down on me. But I can remember when I was your age. We wanted to change the world, too. Go on, you lads.' FRENCH SHIPYARD WORKER TO DANIEL COHN-BENDIT



=

-ਸਵਰਾਜਬੀਰ

ਮੇਰੀ ਅੰਮਾ ਨੂੰ ਕਹਿਣਾ
ਮੇਰੇ ਅੱਬੂ ਨੂੰ ਕਹਿਣਾ
ਮੈਨੂੰ ਧਰਤੀ 'ਚ ਡੂੰਘਾ ਦੱਬਣ

ਮੈਨੂੰ ਧਰਤੀ ਤੋਂ ਡਰ ਆਉਂਦੈ

ਮੈਨੂੰ ਡੂੰਘਾ ਦੱਬਣ ਕਿ ਮੈਂ ਹੱਸ ਨਾ ਸਕਾਂ
ਮੈਨੂੰ ਹੱਸਣ ਤੋਂ ਡਰ ਆਉਂਦੈ

ਮੈਨੂੰ ਡੂੰਘਾ ਦੱਬਣ
ਕਿ ਮੈਨੂੰ ਕੁਝ ਵੀ ਨਾ ਯਾਦ ਆਏ
ਕੁਝ ਵੀ ਨਾ ਰਹੇ ਚੇਤੇ
ਮੈਂ ਕੁਝ ਯਾਦ ਰੱਖਣਾ ਵੀ ਨਹੀਂ ਚਾਹੁੰਦੀ
ਕਿ ਮੈਨੂੰ ਯਾਦਾਂ ਤੋਂ ਡਰ ਆਉਂਦੈ

ਤੇ ਉਹ ਸਾਰੇ
ਜਿਹੜੇ ਜਿਉਂਦੇ ਨੇ
ਮੈਂ ਉਨ੍ਹਾਂ ਸਾਰਿਆਂ ਨੂੰ ਕਹਿੰਦੀ ਆਂ—
ਮੇਰੇ 'ਤੇ ਏਨੀ ਮਿੱਟੀ ਪਾਉਣਾ
ਕਿ ਕਿਸੇ ਨੂੰ, ਇਹ ਵੀ ਪਤਾ ਨਾ ਲੱਗੇ
ਕਿ ਮੈਂ ਇਕ ਕੁੜੀ ਆਂ
ਕਿ ਮੈਨੂੰ ਕੁੜੀ ਹੋਣ ਤੋਂ ਡਰ ਆਉਂਦੈ

ਮੇਰੀ ਅੰਮੀ ਨੂੰ ਕਹਿਣਾ...
ਮੇਰੇ ਅੱਬੂ ਨੂੰ ਕਹਿਣਾ...
ਕਹਿਣਾ...
ਕਹਿਣਾ...

◆

ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ

*ਸੰਪਾਦਕ :*
ਚਰਨਜੀਤ ਸੋਹਲ
ਸੁਖਚੈਨ ਢਿੱਲੋਂ

'

ਸਮੱਸਿਆ ਇਹ ਹੈ ਕਿ ਜਦੋਂ ਗੋਲੀ
ਚੱਲਣੀ ਸ਼ੁਰੂ ਹੁੰਦੀ ਹੈ, ਉਦੋਂ ਈਸਾ ਮਸੀਹ ਅਤੇ
ਫ਼ਰਿਸ਼ਤੇ ਵੀ ਸੈਨਾ ਦੇ ਸੈਨਾ-ਮੁਖੀਆਂ ਵਿਚ ਬਦਲ ਜਾਂਦੇ ਹਨ।
*-ਅਕੀਰਾ ਕੁਰੋਸਾਵਾ*

'

ਮੁੱਲ : 80/-

# ਵਾਹਗਾ 7

E-mail : wahga2015@gmail.com
website : www.wahgamagzine.com

*ਕਾਰਜਕਾਰੀ ਸੰਪਾਦਕ*
**ਤੇਜਿੰਦਰ ਬਾਵਾ**
ਮੋਬਾ : 98781-77812

**ਸਹਿਯੋਗੀ ਸੰਪਾਦਕ**
ਤੇਜਵੰਤ ਸਿੰਘ ਗਿੱਲ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

**ਕਲਾ** : ਸੰਦੀਪ ਸਿੰਘ • ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ** :
ਡਾ. ਸੁਸ਼ੀਲ ਬਲਵਾਦਾ

•

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅਮ੍ਰਿਤਸਰ
ਮੋਬਾ : 98781-77812

*

ਛਾਪਕ : **ਪ੍ਰਿੰਟਵੈੱਲ**, ਅਮ੍ਰਿਤਸਰ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

*ਸੰਪਾਦਕ*
**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ-ਬਲਾਕ ਮਾਰਕੀਟ, ਅਮ੍ਰਿਤਸਰ-143001
ਮੋਬਾ : (+91) 78374-12401
ਈ-ਮੇਲ : charanjit.sohal@yahoo.com

•

The Wahga
P.O. Box No. 28, Main Post Office
Amritsar

•

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

*

ਇੰਗਲੈਂਡ ਵਿਚ ਸੰਪਰਕ :
**ਐੱਸ. ਬਲਵੰਤ**
Mob : +44 7448 441008

*

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ-143001

*

**ਮੁੱਲ** : ਡਾਕ ਰਾਹੀਂ : 500 ਰੁਪਏ
5000 ਰੁਪਏ (ਜੀਵਨ ਸਾਥ)

*

**ਵਿਦੇਸ਼** : 20 ਡਾਲਰ * 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
WAHGA
Bank : HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

*

**ਪ੍ਰਕਾਸ਼ਕ** : ਚਰਨਜੀਤ ਸੋਹਲ

**Wahga is an international peer-reviewed research journal.**

# ਤਰਤੀਬ

*ਕਵਿਤਾਵਾਂ :*
ਦਰਸ਼ਨ ਬੁੱਟਰ / 23 • ਗੁਰਪ੍ਰੀਤ / 28 • ਸਰਵਣ ਮਿਨਹਾਸ / 31
ਮੋਨਿਕਾ ਕੁਮਾਰ / 37 • ਜਗਦੀਪ ਸਿੱਧੂ / 165 • ਜਸਬੀਰ ਕੌਰ ਸੰਧੂ / 167

5 *ਲੇਖ*
ਕਿਹੜੀ ਪੰਜਾਬੀ ਕੌਮ, ਕਿਹੜੀ ਪੰਜਾਬੀਅਤ ਤੇ ਕਿਹੜੀ ਪੰਜਾਬੀ
*ਅਮਰਜੀਤ ਚੰਦਨ*

8 ਲੇਖ
ਦਵੰਦ ਪੁਰਸ਼ : ਸੰਤ ਸਿੰਘ ਸੇਖੋਂ
*ਗੁਰਬਚਨ*

18 ਵਿਸ਼ਵ ਸਾਹਿਤ
ਬਰੈਖ਼ਤ ਦੀ ਕਵਿਤਾ 'ਤੇ ਬੇਂਜਾਮਿਨ ਦੀ ਤਬਰਾ
*ਅਨੁ : ਤਨਵੀਰ*

41 ਲੇਖ
ਸ਼ਾਹ ਮੁਹੰਮਦ ਦੇ ਬਹਾਨੇ ਪੰਜਾਬ ਦੀ ਪੀੜ ਨੂੰ ਸਮਝਦਿਆਂ
*ਪੀ. ਕੇ. ਨਿਝਾਵਣ • ਅਨੁ : ਰਵਿੰਦਰ ਸਿੰਘ*

59 ਵਿਅਕਤੀ ਚਿਤਰ
ਯਾਦਾਂ ਕਾਮਰੇਡ ਕੁਲਵੰਤ ਸਿੰਘ ਦੀਆਂ
*ਬਲਬੀਰ ਮਾਧੋਪੁਰੀ*

68 ਮੁਲਾਕਾਤ
ਸਭ ਤੋਂ ਵੱਡਾ ਇਨਾਮ ਤਾਂ ਮੇਰੇ ਪਾਠਕ ਹਨ : ਬਲਬੀਰ ਸਿੰਘ ਕੰਵਲ
*ਮੁਲਾਕਾਤੀ : ਕੰਵਲ ਧਾਲੀਵਾਲ*

95 ਚਿੰਤਨ
ਗੁਰੂ ਨਾਨਕ ਦੇਵ ਜੀ ਦੀ ਬਾਣੀ ਸਮਾਜਿਕ ਸੰਘਰਸ਼ ਦੀ ਸਾਖੀ
*ਸਵਰਾਜਬੀਰ*

106 ਚਿੰਤਨ
ਸਭਿਆਚਾਰਕ ਅਤੇ ਸਮਾਜੀ ਪਰਿਵਰਤਨ
*ਸਤਨਾਮ ਚਾਨਾ*

111 ਵਿਅਕਤੀ ਚਿਤਰ
ਅਰਿਸਟੋਟਲ ਦਾ ਛੋਟਾ ਭਰਾ ਉਰਫ਼ ਮਨਿੰਦਰ ਕਾਂਗ
*ਜਿੰਦਰ*

120 ਅਦਾਲਤਨਾਮਾ
ਪਾਪਾ, ਤੈਨੂੰ ਕੁਝ ਨਹੀਂ ਪਤਾ
*ਨਿੰਦਰ ਘੁਗਿਆਣਵੀ*

125 ਬਾਲ ਕਹਾਣੀ
ਨਮਨ ਛੋਟਾ ਵਿਗਿਆਨੀ
*ਬਲਰਾਜ ਧਾਰੀਵਾਲ*

126 ਚੀਨੀ ਕਹਾਣੀ
ਅਨੋਖੀ ਤਲਵਾਰ
*ਲੂ ਸ਼ੂਨ • ਅਨੁ : ਬਲਬੀਰ ਮਾਧੋਪੁਰੀ*

140 ਮੁਲਾਕਾਤ
ਉੱਠ ਗਏ ਗਵਾਂਢੋ ਯਾਰ (ਮਦੀਹਾ ਗੌਹਰ ਦੇ ਤੁਰ ਜਾਣ 'ਤੇ)
*ਕੇਵਲ ਧਾਲੀਵਾਲ, ਸਵਰਾਜਬੀਰ*

157 ਕਹਾਣੀ
ਓਭੜ ਹੋਇਆ ਸ਼ਹਿਰ
*ਜ਼ੁਬੈਰ ਅਹਿਮਦ*

155 ਪਿਛਲਝਾਤ
ਪ੍ਰਕਾਸ਼ਨ ਜਗਤ ਵਿਚਲੇ ਕੁਝ ਦੋਸਤ
*ਐੱਸ. ਬਲਵੰਤ*

169 ਲੇਖ
ਸੰਨ ਸੰਤਾਲੀ ਦਾ ਦੁਖਾਂਤ
*ਹਰਪ੍ਰੀਤ ਹੁੰਦਲ*

173 ਗੀਤ ਸੰਗੀਤ
ਉਹ ਸ਼ਿਵ ਦੀ ਕਿਤਾਬ ਵਰਗੀ
*ਹੀਰਾ ਸਿੰਘ*

178 ਨਿਰਖ ਪਰਖ
ਆਲਮ ਕਾਵਿ ਦੀ ਪ੍ਰਤੀਬੱਧਤਾ
*ਦੀਪ ਨਿਰਮੋਹੀ*

183 ਮੀਨਮੇਖ.ਕਾੱਮ
ਗੰਗੂ 'ਬਾਹਮਣ' ਬਨਾਮ ਧਰਮ ਪ੍ਰਚਾਰਕ
*ਪ੍ਰੋ. ਰਮਨ*

186 ਨਜ਼ਰੀਆ : ਵਾਹਗਾ
*ਸੁਖਦੇਵ ਸਿੱਧੂ*

**ਸਰਵਰਕ**

ਸਰਵਰਕ ਦੀ ਤਸਵੀਰ 1968 ਤੋਂ 1972 ਤੀਕ ਛਪਦੇ ਬਰਤਾਨਵੀ ਰਿਸਾਲੇ ਦੇ ਜੂਨ 1968 ਅੰਕ ਦਾ ਟਾਈਟਲ ਹੈ। ਰਿਸਾਲੇ ਦਾ ਨਾਂ **ਬਲੈਕ ਡਵਾਰਫ਼** 1817 'ਚ ਛਪਦੇ ਇਕ ਖਾੜਕੂ ਪਰਚੇ ਤੋਂ ਲਿਆ ਗਿਆ ਸੀ। *ਤਾਰਿਕ ਅਲੀ* 1970 ਤੀਕ ਇਸ ਦਾ ਸੰਪਾਦਕ ਰਿਹਾ। ਚੇ-ਗੁਵੇਰਾ ਬਾਰੇ ਵਿਸ਼ੇਸ਼ ਅੰਕ ਬੇਹੱਦ ਮਕਬੂਲ ਹੋਇਆ।

ਅਮਰਜੀਤ ਚੰਦਨ

ਪੰਜਾਬ ਜੋੜਮੇਲਾ, ਲਮਜ਼, ਲਹੌਰ, 17 ਫ਼ਰਵਰੀ 2018

# ਕਿਹੜੀ ਪੰਜਾਬੀ ਕੌਮ, ਕਿਹੜੀ ਪੰਜਾਬੀਅਤ ਤੇ ਕਿਹੜੀ ਪੰਜਾਬੀ

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
॥ਮਹਲਾ ੪॥ ਗੁਰੂ ਰਾਮਦਾਸ॥ ਗਉੜੀ ਬੈਰਾਗਣਿ॥

Loose translation in the present context: We are rolling around in the dirt, and no one cares for us at all. In the company of the Guru, the True Lord, we, the insects, will be raised up and exalted.

>

ਕੂੰਜਾਂ ਦੇ ਕੇ ਗਿਰਝਾਂ ਲਈਆਂ, ਕੈ ਮੱਤ ਦਿੱਤੀ ਹਾਈ ਜਿਨਾਹ ਨੂੰ।
ਸੋਨੇ ਦਾ ਦੇ ਕੇ ਪਿੱਤਲ਼ ਵਟਾਇਆ ਸੂ, ਕੇਹੜੀ ਹੋਈ ਏ ਭੁੱਲ ਜਿਨਾਹ ਤੂੰ॥

ਨੂਰੀ ਕੰਬੋ-ਕੀ

ਨੂਰੀ (ਚਲਾਣਾ 1957) ਜ਼ਿਲਾ ਲਾਇਲਪੁਰ ਦੇ ਪਿੰਡ ਵਲਗਣ ਸੁਹੇਲ ਨਜ਼ਦੀਕ ਮਾਨਾਵਾਲ਼ਾ ਦਾ ਸੀ

◆

ਅ਼ਰਬੀ ਲਫ਼ਜ਼ ਕ਼ੌਮ ਨੇ ਪੰਜਾਬ ਵਿਚ ਬੜੇ ਭੁਲੇਖੇ ਤੇ ਝੇੜੇ ਪਾ ਰੱਖੇ ਹਨ। ਪੰਜਾਬੀ ਵਿਚ ਲਫ਼ਜ਼ ਕ਼ੌਮ ਦਾ ਮਤਲਬ ਬੜਾ ਖੁੱਲ੍ਹਾ-ਜਿਹਾ ਹੈ। ਇਹ ਧਰਮ ਵੀ ਹੈ, ਨਸਲ ਵੀ (ਗੋਰੀ ਕੌਮ); ਜ਼ਾਤ, ਬਿਰਾਦਰੀ, ਵੰਸ਼, ਵਰਣ ('ਜੱਟ ਕੌਮ') ਵੀ; ਲਿੰਗ ('ਔਰਤ ਕੌਮ') ਤੇ ਜਾਨਵਰ ਵੀ: 'ਬਾਂਦਰ ਕੌਮ'। ਅਸਲ ਕ਼ੌਮ ਕਿਸੇ ਖ਼ਿੱਤੇ ਦੇ ਲੋਕਾਂ ਦੀ ਸਾਂਝੀ ਵਿਰਾਸਤ, ਰੀਤ-ਰਹਿਤਲ, ਬੋਲੀ, ਤਾਰੀਖ਼ ਹੁੰਦੀ ਹੈ। ਇਕ ਤੋਂ ਵਧ ਧਰਮ ਵੀ ਹੋ ਸਕਦੇ ਹਨ। ਸਿੱਖ ਜਦ ਅਪਣੇ ਆਪ ਨੂੰ ਕੌਮ ਕਹਿਣ ਲੱਗੇ, ਤਾਂ ਉਨ੍ਹਾਂ ਦਾ ਸਾਰਾ ਜ਼ੋਰ ਦਰਅਸਲ ਇਹ ਸਾਬਿਤ ਕਰਨ 'ਤੇ ਲੱਗਾ ਸੀ ਕਿ ਉਨ੍ਹਾਂ ਦਾ ਧਰਮ ਹਿੰਦੂ ਧਰਮ ਨਾਲ਼ੋਂ ਵੱਖਰਾ ਹੈ। ਕੌਮ ਹੋਣ ਦੇ ਨਾਤੇ ਕੋਈ ਖ਼ੁਦਮੁਖ਼ਤਿਆਰ ਆਜ਼ਾਦ ਮੁਲਕ ਬਣਦਾ ਹੈ: ਧਰਮ ਦੇ ਨਾਂ 'ਤੇ ਨਹੀਂ। ਮਜ਼ਹਬ ਦੇ ਨਾਂ 'ਤੇ ਬਣੇ ਇਜ਼ਰਾਈਲ ਤੇ ਪਾਕਿਸਤਾਨ ਦੀ ਲੱਗੀ ਦੱਦ ਸਾਡੇ ਸਾਹਮਣੇ ਹੈ। ਮਜ਼ਹਬ ਜੇ ਕੌਮ ਹੈ, ਤਾਂ ਇਹਦੇ ਹਿਸਾਬ ਨਾਲ਼ ਤਾਂ ਸਾਊਦੀ ਤੋਂ ਲੈ ਕੇ ਇੰਡੋਨੇਸ਼ੀਆ ਤਕ ਮੁਸਲਮਾਨਾਂ ਦਾ ਇਕ ਮੁਲਕ ਹੋਣਾ ਚਾਹੀਦਾ ਏ। ਤੇ ਦੁਨੀਆ ਭਰ ਦੇ ਈਸਾਈਆਂ ਦਾ ਵੀ। ਮਜ਼ਹਬ ਬਦਲਣ ਨਾਲ਼ ਕੌਮ ਨਹੀਂ ਬਦਲ ਜਾਂਦੀ। ਅਮਰੀਕੀ ਗੋਰੇ ਸਿੱਖਾਂ ਦੀ ਕੌਮ ਅਮਰੀਕੀ ਹੈ। ਬਿਹਾਰੀ ਤੇ ਮਰਾਠੇ ਸਿੱਖਾਂ ਦੀ ਕੌਮ ਪੰਜਾਬੀ ਨਹੀਂ।

◆

ਅ਼ਰਬੀ ਤੇ ਫ਼ਾਰਸੀ ਜੋੜ ਕੇ ਬਣਿਆ ਲਫ਼ਜ਼ ਪੰਜਾਬੀਅਤ ਐਸੀ ਕੁੰਜੀ ਹੈ; ਜਿਸ ਨਾਲ਼ ਦੇਸ ਪੰਜਾਬ ਦੀ ਵੱਖਰੀ ਬੋਲੀ, ਕੌਮੀਅਤ, ਹਸਤੀ, ਨੁਹਾਰ, ਖ਼ਾਸੇ, ਪਛਾਣ, ਤਾਰੀਖ਼, ਅਦਬ, ਹੁਨਰ ਦੇ ਬੂਹੇ ਖੁੱਲ੍ਹਦੇ ਨੇ।

ਮੇਰਾ ਖ਼ਿਆਲ ਹੈ ਕਿ 'ਪੰਜਾਬੀਅਤ' ਦਾ ਤਸੱਵੁਰ ਸਭ ਤੋਂ ਪਹਿਲਾਂ ਭੁੱਟੋ ਦੌਰ ਵੇਲੇ ਲਹੌਰ ਦੇ ਪੰਜਾਬੀ ਦਾਨਿਆਂ ਨੇ ਘੜਿਆ ਤੇ ਚਲਾਇਆ। ਸੰਨ 1974 ਵਿਚ ਪ੍ਰੋਫ਼ੈਸਰ ਅਤਰ ਸਿੰਘ ਪੂਰਬੀ ਪੰਜਾਬ ਦੇ ਓਦੋਂ ਦੇ ਵਜ਼ੀਰ-ਏ-ਆ਼ਲਾ ਜ਼ੈਲ ਸਿੰਘ ਨਾਲ਼ ਲਹੌਰ ਆਇਆ ਸੀ। ਅਤਰ ਸਿੰਘ ਨੂੰ ਅਪਣੇ ਹਮਅਸਰਾਂ ਨਾਲ਼ ਮਿਲ਼ ਕੇ ਇਹ ਗੱਲ ਜਚੀ ਹੋਵੇਗੀ। ਉਹਨੇ ਲਹੌਰ ਯਾਤਰਾ ਮਗਰੋਂ 'ਪੰਜਾਬ ਤੇ ਪੰਜਾਬੀਅਤ' ਸਿਰਲੇਖ ਹੇਠ ਦੋ ਲੰਮੇ ਲੇਖ ਲਿਖੇ।[1] ਓਦੋਂ ਕੁ ਹੀ ਪ੍ਰੋਫ਼ੈਸਰਾਨ ਪ੍ਰੀਤਮ ਸਿੰਘ ਤੇ ਵਿਸ਼ਵ ਨਾਥ ਤਿਵਾੜੀ ਨੇ ਵੀ ਅਪਣੀਆਂ ਲਿਖਤਾਂ ਵਿਚ ਪੰਜਾਬੀਅਤ ਲੈ ਆਂਦੀ। ਚਾਰ ਸਾਲਾਂ ਮਗਰੋਂ ਜਰਨੈਲ ਜ਼ਿਆ-ਉਲ-ਹੱਕ਼ ਖ਼ਾਲਿਸਤਾਨੀਆਂ ਨੂੰ ਸ਼ਹਿ ਦੇਣ ਲਗ ਪਿਆ ਸੀ। ਸੰਨ 82 ਵਿਚ ਤਿਵਾੜੀ ਦੀ ਦਿੱਲੀ ਚ ਸੱਦੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਇੰਦਰਾ ਗਾਂਧੀ ਨੇ ਅਪਣੀ ਤਕਰੀਰ ਵਿਚ ਪੰਜਾਬੀਅਤ ਲਫ਼ਜ਼ ਵਰਤਣ ਕਰਕੇ ਤਿਵਾੜੀ ਨੂੰ ਝਾੜ ਪਾਈ ਸੀ।

ਪੰਜਾਬੀਅਤ ਦੀ ਗੱਲ ਤਾਂ ਗਾਣ ਵਾਲ਼ੇ ਢਾੜੀਆਂ ਤੋਂ ਲੈ ਕੇ ਸਿਆਸਤੀ ਬੰਦੇ ਸਟੇਜਾਂ 'ਤੇ ਚੜ੍ਹ ਕਰੀ ਜਾਂਦੇ ਨੇ; ਪਰ ਪੰਜਾਬੀ ਕੌਮੀਅਤ ਦੀ ਗੱਲ ਕਿਸੇ ਵਿਰਲੇ-ਟਾਵੇਂ ਪੰਜਾਬੀ ਨੇ ਕੀਤੀ ਹੈ।[2] ਕੋਈ ਹਿੰਦੂ ਸਿੱਖ ਦਾਨਿਸ਼ਵਰ ਦਿੱਲੀ ਸਰਕਾਰ ਦੇ ਡਰੋਂ ਪੰਜਾਬੀ ਕੌਮੀਅਤ ਦੀ ਗੱਲ ਨਹੀਂ ਕਰਦਾ। ਇਹੀ ਹਾਲ ਲਹੌਰ ਬੈਠੇ ਪੰਜਾਬੀ ਮੁਸਲਮਾਨ ਦਾਨਿਸ਼ਵਰ ਦਾ ਹੈ।

ਗ਼ਲਤ ਸੋਚ ਦੇ ਪਿੱਛੇ ਲਗ ਕੇ ਪੰਜਾਬ ਦੇ ਟੋਟੇ ਕਰਨੇ ਸਹੀ ਸੀ ਜਾਂ ਗ਼ਲਤ? ਅਪਣੇ-ਆਪ ਨੂੰ ਕਮਿਉਨਿਸਟ ਆਖਣ ਵਾਲ਼ੇ ਵੀ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੇ। ਪੰਜਾਬੀ ਕਮਿਉਨਿਸਟਾਂ ਚ ਬਹੁਤੇ ਸਿੱਖ ਸਨ। ਇਹ ਪਹਿਲਾਂ ਪਾਕਿਸਤਾਨ ਤੇ ਫੇਰ ਪੰਜਾਬੀ ਸੂਬੇ – ਜੋ ਅਸਲ ਵਿਚ ਸਿੱਖ ਸੂਬਾ ਸੀ – ਦੇ ਪਟਵਾਰੀ ਬਣੇ ਹੋਏ ਸੀ। ਹਰਕਿਸ਼ਨ ਸਿੰਘ ਸੁਰਜੀਤ ਨੇ ਸੰਨ 44 ਵਿਚ ਸਿੱਖ 'ਦੇਸ਼ਭੂਮੀਆ' – ਹੋਮ

ਲੈਂਡ – ਦਾ ਨਕਸ਼ਾ ਬਣਾਇਆ ਸੀ। ਸਾਂਝੇ ਪੰਜਾਬ ਨੂੰ ਟੱਕ ਲੱਗਣ ਵੇਲ਼ੇ ਸਿਰਫ਼ ਤਰਨਤਾਰਨ ਤੇ ਜਗਰਾਉਂ ਤਹਿਸੀਲਾਂ ਵਿਚ ਹੀ ਸਿੱਖਾਂ ਦੀ ਅਕਸਰੀਅਤ ਸੀ। ਮੁਸਲਮਾਨਾਂ ਨੂੰ ਲਾਂਭੇ ਕਰਕੇ ਪੰਜਾਬ ਨੂੰ ਵੰਡ ਦੇਣ ਦੀ ਗੱਲ ਸਭ ਤੋਂ ਪਹਿਲਾਂ 'ਪੰਜਾਬ ਕੇਸਰੀ' ਹਿੰਦੂ ਮਹਾ ਸਭਾਈ ਲਾਜਪਤ ਰਾਏ ਨੇ ਸੰਨ 1923 ਵਿਚ ਕੀਤੀ ਸੀ।[3]

ਮੁਸਲਮਾਨ ਪੰਜਾਬੀਅਤ ਦੀ ਗੱਲ ਭੁੱਟੋ ਦੇ ਦੌਰ ਵੇਲੇ ਪਾਕਿਸਤਾਨੀਅਤ 'ਤੇ ਆਣ ਪਏ ਬੁਰਹਾਨ ਸਦਕੇ ਕਰਨ ਲੱਗੇ ਸਨ। ਜਦ ਬੰਗਾਲੀ, ਪਖ਼ਤੂਨ, ਸਿੰਧੀ, ਬਲੋਚੀ ਕੌਮਾਂ 'ਪਾਕਿਸਤਾਨੀ ਕੌਮ' ਤੋਂ ਇਨਕਾਰੀ ਹੋਈਆਂ, ਤਦ ਹੀ ਪੰਜਾਬੀ ਸਿਆਸਤਦਾਨਾਂ ਨੂੰ ਪੰਜਾਬੀ ਪਛਾਣ ਜਾਂ ਸ਼ਨਾਖ਼ਤ ਦੀ ਗੱਲ ਕਰਨ ਦੀ ਸੁਰਤ ਆਈ। ਪਰ ਉਨ੍ਹਾਂ ਪੰਜਾਬੀ ਕੌਮੀਅਤ ਦੀ ਗੱਲ ਇਸ ਲਈ ਨਹੀਂ ਕੀਤੀ ਕਿ ਇੰਜ ਕੀਤਿਆਂ ਸਿੱਧਾ ਪਾਕਿਸਤਾਨੀਅਤ ਨੂੰ ਰੱਦ ਕਰਨਾ ਪੈਣਾ ਸੀ। ਬਹਰਹਾਲ, ਕਲਿਪ ਵਾਲ਼ਾ ਪਾਸਾ ਨੰਗਾ ਰਖਦਿਆਂ ਕੁਝ ਪੰਜਾਬੀ ਦਾਨਿਆਂ ਨੇ ਪੰਜਾਬੀਅਤ ਦਾ ਹੋਕਾ ਦਿਤਾ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਤਿੰਨ ਆਗੂਆਂ – ਹਨੀਫ਼ ਰਾਮੇ, ਐਤਜ਼ਾਜ਼ ਅਹਿਸਨ ਤੇ ਫ਼ਖ਼ਰ ਜ਼ਮਾਨ ਨੇ ਉਰਦੂ ਵਿਚ – ਪੰਜਾਬੀ ਵਿਚ ਨਹੀਂ – ਪੰਜਾਬ ਦੇ ਮੁਕੱਦਮੇ ਲਿਖੇ ਤੇ ਲਿਖਾਰੀ ਤੇ ਮਾਓਪ੍ਰਸਤ ਮਜ਼ਦੂਰ-ਕਿਸਾਨ ਪਾਰਟੀ ਦੇ ਆਗੂ ਇਸਹਾਕ ਮੁਹੰਮਦ ਨੇ ਪੰਜਾਬ ਦੀ ਤਾਰੀਖ਼[4] ਕਿਤਾਬਚਾ ਲਿਖਿਆ, ਜਿਸ ਵਿਚ ਉਹਨੇ ਸਿੱਖਾਂ ਦਾ ਨਾਂ ਤਕ ਨਹੀਂ ਲਿਆ। ਰਾਮੇ ਨੇ "ਪਾਂਚ ਜਵਾਂ ਮਰਦ ਪੰਜਾਬੀ" ਪੰਜਾਬੀਅਤ ਦੇ ਨਿਸ਼ਾਨ ਮਿਥੇ: ਰਾਜਾ ਪੋਰਸ, ਦੁੱਲਾ ਭੱਟੀ, ਅਹਿਮਦ ਖ਼ਾਨ ਖਰਲ, ਨਿਜ਼ਾਮ ਲੁਹਾਰ ਤੇ ਭਗਤ ਸਿੰਘ।[5] ਐਰਿਕ ਸਿਪਰੀਅਨ, ਆਸਿਫ਼ ਖ਼ਾਨ, ਸ਼ਫ਼ਕਤ ਤਨਵੀਰ ਮਿਰਜ਼ਾ, ਸਫ਼ਦਰ ਮੀਰ ਵਰਗੇ ਦਾਨਿਆਂ ਨੇ ਵੀ ਪੰਜਾਬੀ, ਅੰਗਰੇਜ਼ੀ ਤੇ ਉਰਦੂ ਵਿਚ ਪੰਜਾਬੀ ਬੋਲੀ ਤੇ ਪੰਜਾਬੀਅਤ ਬਾਰੇ ਲੇਖ ਛਾਪੇ; ਪਰ ਇਨ੍ਹਾਂ ਨੇ ਵੀ ਪੰਜਾਬੀ ਕੌਮੀਅਤ ਦੀ ਗੱਲ ਬਿਲਕੁਲ ਨਹੀਂ ਕੀਤੀ; ਪੰਜਾਬ ਦੀ ਸਾਂਝੀ ਤਾਰੀਖ਼ ਦੀ ਗੱਲ ਤਾਂ ਕੀ ਕਰਨੀ ਸੀ।

ਪੰਜਾਬੀ ਪਛਾਣ ਬਾਰੇ ਪਹਿਲਾ ਆਲਮੀ ਇਕੱਠ ਸੰਨ 1982 ਵਿਚ ਮੇਰੀ ਕ਼ਿਆਦਤ ਵਿਚ ਇੰਗਲੈਂਡ ਦੇ ਸ਼ਹਿਰ ਕੌਵੈਂਟਰੀ ਚ ਹੋਇਆ ਸੀ। ਇਸ ਵਿਚ ਦੋ ਸਿਰਕੱਢ ਦਾਨੇ ਮੁਲਕ ਰਾਜ ਆਨੰਦ ਤੇ ਅਤਰ ਸਿੰਘ ਆਏ ਸਨ ਤੇ ਇਨ੍ਹਾਂ ਨੇ ਪੰਜਾਬੀ ਪਛਾਣ ਨੂੰ ਦਰਪੇਸ਼ ਫ਼ੌਰੀ ਖ਼ਤਰੇ ਦੀ ਗੱਲ ਕੀਤੀ ਸੀ। ਸਾਰੀ ਉਮਰ ਸਤਾਲਿਨਪ੍ਰਸਤ ਰਹੇ ਪ੍ਰੋਫ਼ੈਸਰ ਸੰਤ ਸਿੰਘ ਸੇਖੋਂ ਨੇ ਅਪਣੇ ਲਿਖ ਕੇ ਘੱਲੇ ਪਰਚੇ ਚ ਦੱਸਿਆ ਸੀ ਕਿ ਸਿੱਖ ਪਛਾਣ ਹੀ ਪੰਜਾਬੀ ਪਛਾਣ ਹੈ। ਚਾਰ ਸਾਲ ਮਗਰੋਂ ਸੇਖੋਂ ਨੇ ਖ਼ਾਲਿਸਤਾਨੀ ਅਖ਼ਬਾਰ ਦੇਸ ਪ੍ਰਦੇਸ ਵਿਚ ਬਣਾਏ ਖ਼ਾਲਿਸਤਾਨ ਦੇ ਨਕਸ਼ੇ ਵਿਚ ਲਹਿੰਦੇ ਪੰਜਾਬ ਦਾ ਨਨਕਾਣਾ, ਕਰਤਾਰਪੁਰ, ਪੰਜਾ ਸਾਹਿਬ ਨਹੀਂ ਸੀ ਰੱਖਿਆ। ਪਰ ਕਰਾਚੀ ਰੱਖਿਆ ਸੀ ਕਿ ਸਿੱਖਾਂ ਨੂੰ ਹੋਰਨਾਂ ਮੁਲਕਾਂ ਨਾਲ਼ ਵਪਾਰ ਕਰਨ ਲਈ ਬੰਦਰਗਾਹ ਵੀ ਤਾਂ ਚਾਹੀਦੀ ਹੈ।

ਖ਼ਾਸ ਕਰ ਚਿਤ੍ਰਕਲਾ, ਬੁਤਕਲਾ ਤੇ ਅਦਬ ਵਿਚ 'ਪਾਕਿਸਤਾਨੀਅਤ' ਨੂੰ ਥਾਪਣ ਦੇ ਜਤਨ ਹੋਏ ਹਨ; ਪਰ ਇਹ ਗੱਲ ਕਿਸੇ ਪੰਜਾਬੀ ਨੇ ਨਹੀਂ ਕੀਤੀ। ਤੇ ਨਾ ਹੀ ਕਿਸੇ ਪੰਜਾਬੀ ਅਦੀਬ ਨੇ ਯੂ.ਪੀ. ਦੇ ਇੰਤਜ਼ਾਰ ਹੁਸੈਨ ਵਾਂਙ ਰਸੂਲ ਦੀ ਹਿਜਰਤ ਦੇ ਰੂਪਕ (ਮੈਟਾਫ਼ਰ) ਨੂੰ ਸੰਨ ਸੰਤਾਲ਼ੀ ਨਾਲ਼ ਜੋੜਿਆ ਹੈ। ਦੋਫਾੜ ਕੌਮੀਅਤ ਦਾ ਨਜ਼ਰੀਆ – TNT the two-nation theory ਦਾ ਇਹ ਬੁਰਹਾਨ ਪਾਕਿਸਤਾਨ ਦਾ ਜਮਾਂਦਰੂ ਬੁਰਹਾਨ ਹੈ।[6] ਸ਼ਾਇਰ ਮਜ਼ਹਰ ਤਿਰਮਜ਼ੀ ਨੇ ਮੈਨੂੰ ਦੱਸਿਆ: "ਪਾਕਿਸਤਾਨੀ ਰਿਆਸਤ ਨੇ ਸੰਤਾਲ਼ੀ ਦੇ ਕ਼ਤਲ-ਏ-ਆਮ ਨੂੰ ਕ਼ੁਰਬਾਨੀ ਦਾ ਨਾਂ ਦਿੱਤਾ, ਤਾਂ ਜੇ ਏਸ ਮੁਕ਼ੱਦਸ ਫ਼ਰਜ਼ 'ਤੇ ਕੋਈ ਉਂਗਲ਼ੀ ਨਾ ਚੁੱਕੇ। ਨਵੇਂ-ਬਣੇ ਮੁਲਕ ਵਿਚ ਕ਼ੁਰਬਾਨੀ ਦਾ ਢੋਲ ਪਿੱਟਣ ਲਿਖਾਰੀ ਵੀ ਅਪਣੇ ਫ਼ਾਇਦਿਆਂ ਲਈ ਨਾਲ਼ ਰਲ਼ ਗਏ, ਜਿਨ੍ਹਾਂ ਵਿਚ ਉਰਦੂ ਪੰਜਾਬੀ ਦੇ ਸਭ ਸ਼ਾਮਿਲ ਨੇ। ਇਕ ਉਸਤਾਦ ਦਾਮਨ ਹੀ ਇਕੱਲਾ ਬੈਠਾ ਵੰਡ ਦੇ ਦੁੱਖ ਨੂੰ ਰੋਂਦਾ ਏ। ਦਾਮਨ ਨੇ ਹੀ ਨਜ਼ਰੀਆ-ਏ-ਪਾਕਿਸਤਾਨ ਨੂੰ 'ਵਟਵਾਣੀ ਦਾ ਰੋੜ' ਆਖਿਆ ਸੀ: "ਲੋਕਾਂ ਪਹਾੜਾਂ ਦੇ ਪਹਾੜ ਪਲ਼ਟ ਛੱਡੇ/ ਅਸੀਂ ਆਏ ਵਟਵਾਣੀ ਦੇ ਰੋੜ ਹੇਠਾਂ।"

ਪੰਜਾਬੀ ਮੁਸਲਮਾਨਾਂ ਸ਼ਾਇਰਾਂ ਨੇ ਪੰਜਾਬ ਦੇ ਲੱਖਾਂ ਲੋਕਾਂ ਦੇ ਉਜਾੜੇ ਨੂੰ ਹਿਜਰਤ ਦਾ ਮਜ਼ਹਬੀ ਰੰਗ ਨਹੀਂ ਚਾੜ੍ਹਿਆ। ਜਦ ਕਿ 'ਯੂ.ਪੀ.ਸੁ.ਪੀ.' ਤੋਂ ਉੱਠ ਕੇ ਗਏ ('ਮੁਹਾਜਰ') ਉਰਦੂ ਦੇ ਲਿਖਾਰੀਆਂ ਇੰਤਜ਼ਾਰ ਹੁਸੈਨ, ਜੌਨ ਇਲੀਆ ਵਗ਼ੈਰਾ ਨੇ ਉਜਾੜੇ ਨੂੰ ਹਜ਼ਰਤ ਮੁਹੰਮਦ ਦੀ ਹਿਜਰਤ ਦੀ ਅਗਲੀ ਕੜੀ ਆਖਿਆ। ਇਸ ਸੋਚ ਦਾ ਖ਼ੁਲਾਸਾ ਲਿਖਾਰੀ ਤੇ ਸਹਾਫ਼ੀ ਸਿਬਤੁਲ ਹਸਨ ਜ਼ੈਗ਼ਮ ਨੇ ਮੈਨੂੰ ਲਿਖੀ ਚਿੱਠੀ ਵਿਚ ਕੀਤਾ ਸੀ। (ਮੈਂ ਇਹਨੂੰ ਪੁੱਛਿਆ ਸੀ ਕਿ ਮੁਸਲਮਾਨ ਲਿਖਾਰੀਆਂ ਨੂੰ ਪੰਜਾਬ ਦੇ ਟੋਟੇ ਹੋਣ ਦਾ ਦੁੱਖ ਕਿਉਂ ਨਹੀਂ। ਜ਼ੈਗ਼ਮ ਤੇ ਅਫ਼ਜ਼ਲ ਅਹਿਸਨ ਰੰਧਾਵੇ ਨੇ ਸੰਨ 84 ਬਾਅਦ ਖ਼ਾਲਿਸਤਾਨ ਦੀ ਹਿਮਾਇਤ ਵਿਚ ਬੜਾ ਕੁਝ ਲਿਖਿਆ ਸੀ।):

> ਮੁਸਲਮਾਨਾਂ ਵਿਚ ਆਮ ਕਰਕੇ ਇਹ ਰਵਾਇਤ ਪ੍ਰਧਾਨ ਰਹੀ ਐ ਕਿ ਹਰ ਮੁਲਕ, 'ਮੁਲਕੇ ਮਾਸਤ ਕਿ ਮੁਲਕ ਖ਼ੁਦਾਏ ਮਾਸਤ' ਯਾਨੀ ਕਿਉਂ ਜੁ ਹਰ ਮੁਲਕ ਰੱਬ ਦਾ ਹੈ, ਏਸ ਲਈ ਹਰ ਮੁਲਕ ਮੇਰਾ ਹੈ। ... ਹਜ਼ਰਤ ਮੁਹੰਮਦ ਜਦੋਂ ਅਪਣੀ ਜੰਮਣ-ਭੋਇੰ ਤੋਂ ਨੱਸਣ (ਹਿਜਰਤ ਕਰਨ) 'ਤੇ ਮਜਬੂਰ ਕਰ ਦਿੱਤੇ ਗਏ ਤੇ ਮਦੀਨਾ ਵਿਚ ਨਵੀਂ ਰਾਜਸੱਤਾ ਕਾਇਮ ਕਰਨ ਦੇ ਬਾਵਜੂਦ ਉਹ ਅਪਣੀ ਧਰਤੀ ਨੂੰ ਭੁੱਲ ਨਾ ਸਕੇ। ... ਮੁਸਲਮਾਨਾਂ ਦੀ ਆਮ ਕਰਕੇ ਸਾਇਕੀ ਇੰਜ ਦੀ ਏ।[7]

ਪੰਜਾਬੀ ਕੌਮੀਅਤ ਦੀ ਨਾਸਮਝੀ ਕਰਕੇ ਵਾਹਗੇ ਦੇ ਦੋਹਵੀਂ ਪਾਸੀਂ ਮਰਨ-ਮਾਰਨ ਦਾ ਦੌਰਾ ਪੈਂਦਾ ਰਹਿੰਦਾ ਹੈ। ਸਿੱਧੀ-ਜਿਹੀ ਦਲੀਲ ਬਣਦੀ ਹੈ ਕਿ ਜੇ ਮੁਸਲਮਾਨ ਕੌਮ ਹੈ, ਜੇ ਹਿੰਦੂ ਕੌਮ ਹੈ; ਤਾਂ ਸਿੱਖ ਕੌਮ ਕਿਉਂ ਨਹੀਂ? ਜੇ ਸਿੱਖ ਕੌਮ ਹੈ, ਤਾਂ ਸਿੱਖਸਤਾਨ ਖ਼ਾਲਿਸਤਾਨ ਵੀ ਬਣਨਾ ਚਾਹੀਏ। ਸੰਨ ਚੁਰਾਸੀ ਸੰਨ ਸੰਤਾਲ਼ੀ ਦਾ ਵਧਾਅ ਸੀ। ਖ਼ਾਲਿਸਤਾਨੀ ਅਪਣੀ ਕਹਿਣੀ ਤੇ ਕਰਨੀ ਨਾਲ਼ ਜੋ ਸੰਨ ਸੰਤਾਲ਼ੀ ਚ ਹੋਇਆ, ਉਹਨੂੰ ਸਹੀ ਸਾਬਿਤ ਕਰਦੇ ਹਨ। ਹੁਣ ਦੇ ਪੂਰਬੀ ਪੰਜਾਬ ਦਾ ਰਕਬਾ ਅਣਵੰਡੇ ਪੰਜਾਬ ਦਾ ਪੰਦਰਾਂ ਫ਼ੀ ਸਦ ਹੈ। ਪੰਜਾਬ ਦਾ ਉਜਾੜਾ ਸਿੱਖ ਹੁਕਮਰਾਨਾਂ ਦੇ ਸਭ ਤੋਂ ਵੱਧ ਰਾਸ ਆਇਆ – ਨਾ ਪੰਜਾਬ ਦੇ ਟੋਟੇ ਹੁੰਦੇ ਤੇ ਨਾ ਸਿੱਖ ਪੂਰਬੀ ਪੰਜਾਬ ਵਿਚ

ਹਕੂਮਤ ਕਰਨ ਜੋਗੇ ਹੁੰਦੇ। ਕਾਂਗਰਸੀ ਹੋਣ ਜਾਂ ਅਕਾਲੀ – ਹੁਕਮਰਾਨ ਤਾਂ ਸਿੱਖ ਹੀ ਨੇ। ਇਹ ਲੀਡਰਬੰਦੇ ਪੰਜਾਬ ਦੇ ਮੁੜ ਇਕ ਹੋਣ ਦੀ ਗੱਲ ਵੀ ਸੁਣਨ ਨੂੰ ਤਿਆਰ ਨਹੀਂ, ਭਾਵੇਂ ਗੁਰੂ ਦੀ ਹਜ਼ੂਰੀ ਵਿਚ ਨਿਤ ਅਰਦਾਸ ਕਰਦੇ ਹਨ: ‘‘ਹੇ ਵਾਹਿਗੁਰੂ! ਜਿਨ੍ਹਾਂ ਗੁਰਧਾਮਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।’’

ਬਾਬਾ ਨਾਨਕ ਜੀ ਨੇ ਹੋਕਾ ਦਿੱਤਾ ਸੀ: ਹਮ ਨਾ ਕੋ ਹਿੰਦੂ ਨਾ ਮੁਸਲਮਾਨ। ਮੈਂ ਬਾਬਾ ਜੀ ਦੇ ਕੌਲ ਨੂੰ ਰਤਾ ਅਗਾਂਹ ਵਧਾਉਣਾ ਚਾਹੁੰਨਾਂ: ਪੰਜਾਬ ਨਾ ਕੋ ਹਿੰਦੂ ਨਾ ਮੁਸਲਮਾਨ ਨਾ ਸਿੱਖ। – ਮੇਰੀ ਇਹ ਗੱਲ ਸੁਣਨ ਨੂੰ ਕੋਈ ਮੁਸਲਮਾਨ ਸਿੱਖ ਜਾਂ ਹਿੰਦੂ ਈਸਾਈ ਹੁਕਮਰਾਨ ਕਤੱਈ ਤਿਆਰ ਨਹੀਂ ਹੋਣ ਲੱਗਾ।

◆

ਚੜ੍ਹਦੇ ਪੰਜਾਬ ਵਿਚ ਵੀ ਪੰਜਾਬੀ ਬੋਲੀ ਦਾ ਮੁਸਤਕਬਿਲ ਅੰਨ੍ਹੇਰਾ ਹੀ ਦਿਸਦਾ ਏ। ਸਰਕਾਰੀ ਸਕੂਲਾਂ ਵਿਚ ਪਿੰਡਾਂ ਦੇ ਗ਼ਰੀਬ ਤੇ ਕੰਮੀਆਂ ਦੇ ਨਿਆਣੇ ਹੀ ਪੰਜਾਬੀ ਵਿਚ ਪੜ੍ਹਾਈ ਕਰਦੇ ਨੇ। ਨਵੀਂ ਪੀੜ੍ਹੀ ਬੇਜ਼ਬਾਨ ਪੀੜ੍ਹੀ ਹੈ – ਇਹਨੂੰ ਕੋਈ ਬੋਲੀ ਨਹੀਂ ਆਉਂਦੀ; ਨਾ ਪੰਜਾਬੀ, ਨਾ ਹਿੰਦੀ ਤੇ ਨਾ ਅੰਗਰੇਜ਼ੀ। ਸ਼ਹਿਰੀ ਸਿੱਖ ਅਪਣੇ ਘਰੀਂ ਬੰਬਈਆਂ ਫ਼ਿਲਮਾਂ ਤੇ ਦੂਰਦਰਸ਼ਨ ਦੀ ਹਿੰਦੀ ਬੋਲਦੇ ਨੇ। ਹੋਰ ਦਸਾਂ–ਕੁ ਸਾਲਾਂ ਨੂੰ ਇਹ ਬੀਮਾਰੀ ਪਿੰਡਾਂ ਚ ਵੀ ਪਹੁੰਚ ਜਾਣੀ ਏ।

ਅੰਗਰੇਜ਼ੀ ਤੇ ਹਿੰਦੀ ਗਰਾਮਰ ਵਿਚ ਲਿਖੀ–ਜਾਂਦੀ ਪੰਜਾਬੀ ਦਾ ਯੂਨੀਵਰਸਟੀਆਂ ਦੇ ਪ੍ਰੋਫ਼ੈਸਰ ਲਾਣੇ ਤੇ ਮੀਡੀਏ ਦੇ ਖ਼ਬਰਚੀਆਂ ਨੇ ਸੱਤਿਆਨਾਸ ਕਰ ਛੱਡਿਆ ਹੈ। ਹੁਣ ਠੇਠ ਪੰਜਾਬੀ ਲਿਖਣ ਵਾਲ਼ੇ ਚਾਰ–ਪੰਜ ਲਿਖਾਰੀ ਹੀ ਬਚੇ ਰਹਿ ਗਏ ਹਨ।

It’s the economics, Stupid (sardarji)!

ਇਸ ਮਾਰਕਸੀ ਦਲੀਲ ਵਿਚ ਵਜ਼ਨ ਹੈ ਕਿ ਜਿਹੜੀ ਬੋਲੀ ਅਰਥਚਾਰੇ – ਏਕ਼ਤਿਸਾਦ – ਵਣਜ–ਵਪਾਰ ਦੀ ਬੋਲੀ ਹੋਵੇ, ਉਹੀ ਵਧਦੀ–ਫ਼ਲ਼ਦੀ ਏ। ਪਰ ਹੁਣ ਤਾਂ ਸਾਰੀ ਦੁਨੀਆ ਵਿਚ ਇਜਾਰੇਦਾਰ ਸਰਮਾਏਦਾਰ ਨਜ਼ਾਮ ਦੀ ਚੜ੍ਹ ਮਚੀ ਹੋਈ ਹੈ। ਅੰਗਰੇਜ਼ੀ ਨਾਲ਼ ਰੋਟੀ–ਰੋਜ਼ੀ ਦੁਨੀਆਦਾਰੀ ਚੱਲਣੀ ਏ; ਪੰਜਾਬੀ ਨਾਲ਼ ਨਹੀਂ।

ਮੁੱਕਦੀ ਗੱਲ ਇਹ ਕਿ ਅਸੀਂ ਪੰਜਾਬ ਦੀ ਖੇਡ ਹਾਰ ਬੈਠੇ ਹਾਂ। ਅਸਾਂ ਬਾਬੇ ਫ਼ਰੀਦ ਬਾਬੇ ਨਾਨਕ ਨੂੰ ਭੁੱਲ ਕੇ ਅੱਡੀ ਚੁੱਕ ਕੇ ਫਾਹਾ ਤਾਂ ਸੰਤਾਲ਼ੀ ਚ ਹੀ ਲੈ ਲਿਆ ਸੀ। ਹੁਣ ਉਨ੍ਹਾਂ ਦੀ ਬੋਲੀ ਵੀ ਮੁਰਝਾਈ ਜਾਂਦੀ ਹੈ। ਲਹੌਰੀਏ ਮਾਂ ਬੋਲੀ ਦੇ ਦਿਹਾੜ ਦਾ ਹਾੜੀ–ਸੌਣੀ ਰਿਹਾੜ ਕਰਨ ਵਾਲ਼ੇ ਭੁੱਲ ਜਾਣ ਕਿ ਪੰਜਾਬੀ ਕਦੇ ਸਕੂਲਾਂ ਵਿਚ ਨਾਜ਼ਲ ਕੀਤੀ ਜਾਵੇਗੀ। ਹੁਣ ਮਾਂ–ਬੋਲੀ ਦੀ ਤਸ਼ਰੀਹ ਵੀ ਬਦਲ ਗਈ ਹੈ। ਜਿਹੜੀ ਪੰਜਾਬਣ ਮਾਂ ਅਪਣੇ ਬਾਲ ਨਾਲ਼ ਉੜਦੂ ਜਾਂ ਹਿੰਦੀ ਚ ਗੱਲਾਂ ਕਰਦੀ ਏ; ਉਸ ਬੱਚੇ ਦੀ ਮਾਂ–ਬੋਲੀ ਪੰਜਾਬੀ ਨਹੀਂ, ਉੜਦੂ/ਹਿੰਦੀ ਹੈ।

ਸੰਤਾਲ਼ੀ ਵਿਚ ਕੀ ਹੋ ਗਿਆ? ਅਸੀਂ ਕੀ ਕਰ ਬੈਠੇ; ਕਿਉਂ ਕਰ ਬੈਠੇ? ਹੁਣ ਕੀ ਕਰਨਾ ਹੈ? ਅਗਾਂਹ ਕੀ ਹੋਵੇ? ਅਸੀਂ ਮੁੜ ਇਕੱਠੇ ਹੋਣਾ ਹੈ? ਜਾਂ ਏਦਾਂ ਹੀ ਖੂਹ ਵਿਚ ਪਏ ਰਹਿਣਾ ਹੈ? ਇਹ ਸਾਰੇ ਸਵਾਲ ਅਸਾਂ ਪੰਜਾਬੀਆਂ ਨੇ ਅੱਜ ਤਕ ਨਹੀਂ ਵਿਚਾਰੇ।

ਹਾਲ ਦੀ ਘੜੀ ਅੰਨ੍ਹੀ ਧੁੰਦ ਵਾਲ਼ੀ ਰਾਤ ਵਿਚ ਅਸੀਂ ਟਰੱਕ ਦੀ ਬੱਤੀ ਪਿੱਛੇ ਲੱਗੇ ਹੋਏ ਹਾਂ। ਅਸੀਂ ਹਾਲੇ ਵੀ ਇਹ ਨਹੀਂ ਜਾਣਨਾ ਚਾਹੁੰਦੇ ਕਿ ਸਾਨੂੰ ਇਸ ਬੱਤੀ ਪਿੱਛੇ ਲਾਹਿਆ ਕੀਹਨੇ ਹੈ?

ਫ਼ੈਜ਼ ਨੇ ਲਿਖਿਆ ਸੀ:

ਕਿਸੇ ਬੀਜਿਆ ਏ ਤੁਸਾਂ ਵੱਢਣਾ ਏਂ। / ਕਿਸੇ ਕੀਤੀਆਂ ਨੇ ਤੁਸਾਂ ਵਰਤਣਾ ਏਂ।
ਆਪ ਵੇਲੇ ਸਿਰ ਪੁੱਛਣਾ–ਗਿੱਛਣਾ ਸੀ। / ਹੁਣ ਕਿਸੇ ਥੀਂ ਕੀ ਹਿਸਾਬ ਮੰਗੋ॥ ਵ

1. ਅਤਰ ਸਿੰਘ (1982), ਸਮਦਰਸ਼ਨ, ਲੁਧਿਆਣਾ: ਲਾਹੌਰ ਬੁਕ ਸ਼ਾਪ.
2. ਸਿਆਸੀ ਸਾਇੰਸਦਾਨ ਪ੍ਰੋਫ਼ੈਸਰ ਰੌਣਕੀ ਰਾਮ ਨੇ ਪੰਜਾਬੀ ਕੌਮ ਦੇ ਸੰਬੋਧ ਦੀ ਪਹਿਲੀ ਵਾਰ ਗੱਲ ਕੀਤੀ। ਮੌਕਾ: ਯੂਨੀਵਰਸਟੀ ਆੱਵ ਐੱਨ ਬੀ ਸੀ, ਪ੍ਰਿੰਸ ਜੌਰਜ ਬ੍ਰਿਟਿਸ਼ ਕੋਲੰਬੀਆ ਵਿਚ 28 ਜੂਨ ਤੋਂ ਲੈ ਕੇ 1 ਜੁਲਾਈ 2003 ਤਕ ਹੋਇਆ ਦੂਸਰਾ ਆਲਮੀ ਪੰਜਾਬੀ ਜੋੜਮੇਲਾ। ਇਕ ਹੋਰ ਜੋੜਮੇਲਾ 15 ਤੋਂ 18 ਤਕ ਫ਼ਰਵਰੀ 2007 ਵਿਚ ਜਲੰਧਰ ਵਿਚ ਹੋਇਆ ਸੀ। ਭਾਰਤ ਸਰਕਾਰ ਨੇ ਤੀਹ ਪੰਜਾਬੀ ਮੁਸਲਮਾਨਾਂ ਨੂੰ ਰਾਹਦਾਰੀਆਂ ਨਹੀਂ ਸਨ ਦਿੱਤੀਆਂ। ਦੋ ਪੰਜਾਬੀ ਮੁਸਲਮਾਨ ਅਮਰੀਕਾ ਤੋਂ ਅੱਪੜ ਗਏ ਸਨ, ਕਿਉਂਕਿ ਉਨ੍ਹਾਂ ਨੂੰ ਵੀਜ਼ੇ ਦੀ ਮੁਸ਼ਕਿਲ ਨਹੀਂ ਸੀ। ਇਸ ਇਕੱਠ ਵਿਚ ਹਰਕਿਸ਼ਨ ਸਿੰਘ ਮਹਿਤਾ ਤੇ ਸਵਰਨਜੀਤ ਕੌਰ ਮਹਿਤਾ ਨੇ ‘ਕੌਮ ਦਾ ਸੰਕਲਪ ਅਤੇ ਪੰਜਾਬੀਅਤ ਦਾ ਵਿਕਾਸ’ ਸਿਰਲੇਖ ਵਾਲ਼ਾ ਪਰਚਾ ਪੜ੍ਹਿਆ ਸੀ। (ਨਵਾਂ ਜ਼ਮਾਨਾ, 11 ਮਾਰਚ 2007)
3. "[…] a clear partition of India into a Muslim India and Hindu State India" (The Tribune, Lahore. 14 December 1923)
4. ਇਸਹਾਕ ਮੁਹੰਮਦ ਦਾ ਲਿਖਿਆ ‘ਪੰਜਾਬ ਦੀ ਤਾਰੀਖ਼ – ਇਕ ਦ੍ਰਿਸ਼ਟੀਕੋਣ’, ਤਿੰਨ ਕਿਸ਼ਤਾਂ ਚ ਛਪਿਆ ਲੇਖ, ਨਵਾਂ ਜ਼ਮਾਨਾ, 15–29, ਸਤੰਬਰ, 1996.
5. Ayres, Alyssa (2009). *Speaking Like a State: Langauge & Nationalism in Pakistan*, New Delhi: Cambridge University Press.
6. Naqvi, Akbar (1999). Image and Identity: Fifty Years of Painting and Sculpture in Pakistan, New York: Oxford University Press.
7. ਲਹੌਰੋਂ 22 ਮਈ 1996 ਦੀ ਮੈਨੂੰ ਲਿਖੀ ਚਿੱਠੀ



# ਦਵੰਦ ਪੁਰਸ਼ : ਸੰਤ ਸਿੰਘ ਸੇਖੋਂ

*-ਗੁਰਬਚਨ*

(ਸੰਤ ਸਿੰਘ ਸੇਖੋਂ ਬਾਰੇ ਇਹ ਲੇਖ ਮੈਂ ਸੰਨ 2000 ਵਿਚ ਲਿਖਿਆ ਜੋ ਕਿਤਾਬ *ਕਿਸ ਕਿਸ ਤਰ੍ਹਾਂ ਦੇ ਸਿਕੰਦਰ* ਵਿਚ ਛਪਿਆ। ਨਵੀਂ ਵੱਡ-ਆਕਾਰੀ ਕਿਤਾਬ *ਸਿਕੰਦਰਨਾਮਾ* ਵਿਚ ਇਹਨੂੰ ਸ਼ਾਮਿਲ ਕਰਨ ਸਮੇਂ ਮੈਂ ਇਹਨੂੰ ਫਿਰ ਪੜ੍ਹਿਆ ਹੈ। ਜਿਸ ਗ਼ੈਰ-ਬੌਧਿਕ ਅਤੇ ਆਪੋਧਾਪੀ ਵਾਲੇ ਵਾਤਾਵਰਣ ਵਿਚੋਂ ਅੱਜ ਅਸੀਂ ਗੁਜ਼ਰ ਰਹੇ ਹਾਂ ਉਸ ਵਿਚ ਸੰਤ ਸਿੰਘ ਸੇਖੋਂ ਜਿਹੇ ਰਚਨਾਤਮਿਕ/ਬੌਧਿਕ ਪੰਜਾਬ ਪੁਰਸ਼ ਦੇ ਹੋਣੇ ਦੀ ਪ੍ਰਸੰਗਿਕਤਾ ਵੱਧ ਦਿਖਾਈ ਦੇਂਦੀ ਹੈ।)

ਸੰਤ ਸਿੰਘ ਸੇਖੋਂ ਆਪਣੇ ਯੁੱਗ ਦਾ ਦਵੰਦ-ਪੁਰਸ਼ ਸੀ। ਪੰਜ-ਭੂਤੀ ਪ੍ਰਾਣੀ। ਤੇਜੱਸਵੀ ਚਿੰਤਕ। ਦਬੰਗ/ਮਲੰਗ। ਅਨੰਤ ਅੰਤਰ ਵਿਰੋਧਾਂ ਸਮੇਤ ਲਾਲਸਾਵਾਂ ਦੀ ਪੰਡ।

ਉਹਦਾ ਜੀਵਨ ਪੰਧ ਪੰਜਾਬ ਦੇ ਸਭਿਆਚਾਰਕ/ਸਾਹਿਤਕ ਪਿੜ ਵਿਚ ਵਾਪਰਣ ਵਾਲੀ ਇਕ ਘਟਨਾ ਬਣਿਆ। ਰੋਸ਼ਨ ਦਿਮਾਗ ਅਤੇ ਮਾਨਵ ਸਨੇਹ ਵਾਲਾ ਹੋਣ ਕਰਕੇ ਉਹ ਤਬਦੀਲੀ ਦਾ ਅਭਿਨੇਤਾ ਬਣ ਕੇ ਵਾਪਰਿਆ। ਵਾਪਰਿਆ ਹੀ, ਕਰ ਕੁਝ ਨਾ ਸਕਿਆ। ਸ਼ਬਦਾਂ ਨਾਲ ਮੁਸ਼ੱਕਤ ਕਰਨ ਵਾਲਾ ਬੁੱਧੀਜੀਵੀ, ਅੱਜ ਦੇ ਯੁੱਗ ਵਿਚ, ਕਰ ਵੀ ਕੀ ਸਕਦਾ ਹੈ? ਤਦ ਹੀ ਉਸ ਨੂੰ ਸਿਆਸੀ ਨੇਤਾ ਬਣਨ ਦੀ ਤਾਂਘ ਰਹੀ।

ਸੇਖੋਂ ਦੇ ਜੀਵਨ ਦਾ ਗ੍ਰਾਫ ਇਕਸਾਰ ਨਹੀਂ; ਨਾ ਹੀ ਸਿੱਧ-ਪੱਧਰਾ ਹੈ। ਭੋਇੰ ਪੁਰਸ਼, ਆਰਥਿਕ ਔੜ ਜਿਸ ਦੇ ਜੀਵਨ 'ਚ ਸੌ ਅੜਿੱਕੇ ਡਾਂਹਦੀ ਹੋਵੇ, ਤੇ ਜਿਸ ਦੀ ਤਾਕਤ ਉਹਦੀ ਬੌਧਿਕ ਊਰਜਾ 'ਚ ਹੀ ਹੋਵੇ, ਅਤੇ ਜੋ ਜ਼ਿੰਦਗੀ ਨੂੰ ਪਾਰਦਰਸ਼ਤਾ ਨਾਲ ਜਿਉਣ ਦਾ ਆਦੀ ਹੋਵੇ, ਬਿਨਾਂ ਦੰਭ/ਸੰਗ ਦੇ; ਅਤੇ ਜਿਸ ਦਾ ਜੀਵਨ ਪੰਧ ਹੌਲੇ ਹੌਲੇ ਲਾਲਸਾ ਦਾ ਪੰਧ ਬਣ ਜਾਵੇ, ਅਜਿਹਾ ਵਿਅਕਤੀ ਇਕਹਿਰਾ ਨਹੀਂ ਹੁੰਦਾ, ਨਾ ਅਬਦਲ ਹੁੰਦਾ ਹੈ। ਨਾ ਇਕਸਾਰ, ਨਾ ਅੰਤਰ-ਵਿਰੋਧਾਂ ਤੋਂ ਪਾਰ। ਸੇਖੋਂ ਦਾ ਜੀਵਨ ਇਕ ਦਿਲਚਸਪ ਲੀਲ੍ਹਾ ਸੀ। ਉਹਦੀ ਲਫਜ਼ਕਾਰੀ, ਨਿੱਜੀ ਵਿਹਾਰ/ਆਚਾਰ ਅਤੇ ਉਸ ਨਾਲ ਨਾਤਾਬੱਧ ਹੋਰ ਬਹੁਤ ਕੁਝ, ਅਨੇਕ ਜੱਦੋਜਹਿਦਾਂ – ਇਹ ਸਭ ਇਸ ਭੋਇੰ ਪੁਰਸ਼ ਦੀਆਂ ਬੁਲੰਦੀਆਂ/ਨਿਮਨਤਾਵਾਂ ਦੀ ਕੌਕਟੇਲ ਸੀ।

ਉਹਦਾ ਮੁੱਢ ਜੱਦੋਜਹਿਦ ਵਾਲਾ ਅਤੇ ਵਿਚਾਰਾਂ ਦੀ ਤਾਜ਼ਗੀ ਵਾਲਾ ਸੀ। ਲੇਖਕ ਬਣਨ ਤੋਂ ਪਹਿਲਾਂ ਹੀ ਉਹਦਾ ਬੌਧਿਕ ਰੂਪ ਪ੍ਰਗਟ ਹੋ ਚੁੱਕਾ ਸੀ। ਉਹ ਆਪਣੀਆਂ ਪ੍ਰਥਮ ਪੁਸਤਕਾਂ *'ਛੇ ਘਰ'*(1943) ਤੇ *'ਸਮਾਚਾਰ'* ਰਾਹੀਂ ਲੇਖਕ ਵਜੋਂ ਉਦੈ ਹੋਇਆ। ਤਿੰਨ ਸਾਲਾਂ ਬਾਅਦ ਨਾਟਕ *'ਕਲਾਕਾਰ'* ਅਤੇ ਬਾਅਦ ਵਿਚ ਨਾਵਲ *'ਲਹੂ ਮਿੱਟੀ'*(1946) ਰਾਹੀਂ

ਉਸਨੇ ਬੁਲੰਦੀ ਛੁਹੀ। ਹੋਰ ਬਾਅਦ 1955 ’ਚ ਛਪੀ ਸਮੀਖਿਆ ਪੁਸਤਕ *‘ਸਾਹਿਤਾਰਥ’* ਵੇਲੇ ਉਹ, ਪੰਜਾਬੀ ਸਾਹਿਤ ਦੇ ਲਘੂ ਪਿੜ ਵਿਚ, ਸਿਖਰ ’ਤੇ ਪੁੱਜ ਗਿਆ। ਪੰਜਾਬੀ ਦੇ ਅਲਪ ਪ੍ਰਸੰਗਾਂ ਵਿਚ ਉਸ ਜਿਹੇ ਬੁੱਧੀਮਾਨ ਲਫਜ਼ਕਾਰ ਦਾ ਦਾਖਲਾ ਯੁੱਗ ਪ੍ਰਵਰਤਕੀ ਸੀ।

ਉਹਦੀ ਤਾਕਤ ਰਚਨਾਤਮਿਕ ਬੌਧਿਕਤਾ ਸੀ; ਪਰ ਉਹ ‘ਪ੍ਰਗਤੀਵਾਦੀ ਲਹਿਰ’ ਦਾ ਥੰਮ੍ਹ ਬਣ ਜਾਣ ਕਰਕੇ ਮਕਬੂਲ ਹੋਇਆ। ਅਚਿੰਤੇ ਹੀ ਪੰਜਾਬੀ ਸਾਹਿਤ ਦਾ ਚੀਫ ਜਸਟਿਸ ਬਣ ਗਿਆ; ਨਿੱਕੀ-ਮੋਟੀ ਕਲਟ ਸਥਾਪਿਤ ਹੋ ਗਈ। ਇਕ ਅੱਧ ਦਹਾਕੇ ਬਾਅਦ, ਸਿਖਰ ਭੋਗ ਕੇ, ਉਹ ਸੰਜਮ-ਰਹਿਤ ਬੌਧਿਕ ਅਲਗਰਜ਼ ਬਣ ਗਿਆ। ਸਿੱਟਾ: ਪ੍ਰਗਤੀਵਾਦੀ ਸਥਾਪਨਾ ਪੰਜਾਬੀ ਸਾਹਿਤ ਲਈ ਦਲਦਲ ਬਣ ਗਈ। ਜੋ ਸ਼ਾਮਿਲ ਹੋਇਆ, ਦਲਦਲ ’ਚ ਧੱਸ ਗਿਆ। ਉਹਦਾ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਤੇ ਇਸ ਸਥਿਤੀ ਦਾ ਹੀ ਲੁਤਫ ਲੈਣ ਲਗ ਪਿਆ। ਜਿਵੇਂ ਸਾਹਿਤ/ਸਮਾਜ ਤੇ ਸਭਿਆਚਾਰ ਦੇ ਸਾਰੇ ਮਾਮਲੇ ਇਸ ਲਹਿਰ ਨਾਲ ਜੁੜ ਕੇ ਸੁਲਝ ਜਾਣੇ ਸਨ।

ਵੇਲਾ ਆਇਆ ਜਦ ਸੇਖੋਂ ਦੀਆਂ ਅਮੁੱਕ ਖੋਹਾਂ ਅਤੇ ਔਰਤ ਦੇ ਸਰੀਰ/ਸੁਹਜ ਦੀ ਨਾ ਪੂਰੀ ਹੋ ਸਕਣ ਵਾਲੀ ਤਾਂਘ ਨੇ ਉਹਦੀ ਵਜੂਦੀ ਸਪੇਸ ਮਲ ਲਈ। ਉਹ ਬੌਧਿਕ ਲਟਬੌਰੀਆਂ ਮਾਰਨ ਲੱਗ ਪਿਆ। ਉਹਦੇ ਚਿੰਤਨੀ ਕਲਪ ਕਾਇਮ ਰਹੇ ਪਰ ਇਨ੍ਹਾਂ ਵਿਚਲਾ ਅਨੁਸ਼ਾਸਨ ਖਦੇੜਿਆ ਗਿਆ। ਮੁੱਢ ਵਿਚ ਪੰਜਾਬੀ ਭਾਸ਼ਕ ਸ਼ੈਲੀ ਦਾ ਠੁੱਕ ਬੰਨ੍ਹਣ ਵਾਲੇ ਸੇਖੋਂ ਉੱਤੇ, ਮਗਰਲੇ ਦੌਰ ’ਚ, ਪੰਡਤਊ ਲਫਜ਼ਾਂ ਨਾਲ ਮੋਹ ਦਾ ਭੂਤ ਸਵਾਰ ਹੋ ਗਿਆ। ਉਹ ਇਨ੍ਹਾਂ ਲਫਜ਼ਾਂ ਨੂੰ ਬੌਧਕ ਲੋੜਾਂ ਦੀ ਪੂਰਤੀ ਦਾ ਜ਼ਰੀਆ ਦਸਦਾ। ਨਿਰਖ ਪਰਖ ਅਤੇ ਅਨੁਵਾਦਾਂ ਵਿਚ ਉਹ ਬਿਨਾਂ ਹੀਲ-ਜੁੱਲਤ ਦੇ ਸੰਸਕ੍ਰਿਤ ਸ਼ਬਦਾਂ ਦੀਆਂ ਪੰਡਾਂ ਪਾਠਕਾਂ ਅੱਗੇ ਉਲੱਦਣ ਲੱਗ ਪਿਆ। ਉਹਦੇ ਵਿਚ ਉਰਦੂ/ਫਾਰਸੀ ਨਾਲ ਨਾਤਾਗੀਰ ਹੋਏ ਪੰਜਾਬੀ ਲਫਜ਼ਾਂ ਵਲ ਵਿਚਾਰਧਾਰਕ ਕੈੜ ਪੈਦਾ ਹੋ ਚੁੱਕੀ ਸੀ। ਉਹਦੀ ਰੀਸੇ ਪ੍ਰੋਫੈਸਰ ਕਿਸਮ ਦੇ ਸਾਹਿਤ ਪਾਰਖੂਆਂ ਲਈ ਪੰਡਤਊਪਨ ਵਿਦਵਤਾ ਦਾ ਚੈਨਲ ਬਣ ਗਿਆ। ਨਤੀਜਾ : ਚੇਤੰਨ/ਸੂਝਵਾਨ ਪਾਠਕ ਨਿਰਖ ਪਰਖ ਦੀ ਜੁਗਤਬੰਦੀ ਨੂੰ ਔਖੀ ਭਾਸ਼ਾ ਕਹਿ ਕੇ ਹਿਕਾਰਤ ਨਾਲ ਦੇਖਣ ਲੱਗ ਪਏ। ਇਹ ਸਥਾਪਨਾ ਨਾਲ ਲੜਨ ਵਾਲੇ ਸੇਖੋਂ ਦਾ ਆਪ ਸਥਾਪਨਾ ਬਣ ਜਾਣ ਦਾ ਨਤੀਜਾ ਸੀ।

ਏਦਾਂ ਵਾਪਰਿਆ ਪੰਜਾਬ ਦੀ ਭੋਇੰ ਨਾਲ ਜੁੜੇ ਸੇਖੋਂ ਦਾ ਦਵੰਦ-ਪੰਧ। ਇਹ ਤਾਂ ਉਹਦੇ ‘ਵਾਪਰਣ’ ਦਾ ਚਲੰਤ ਨਕਸ਼ਾ ਹੈ, ਐਵੇਂ ਝਲਕ ਜਿਹੀ। ਵਿਸਤਾਰ ਨਾਲ ਗੱਲਾਂ ਆਪਾਂ ਹੇਠ ਕਰਨੀਆਂ ਹਨ ਤੇ ਖੁਲ੍ਹ ਕੇ ਕਰਨੀਆਂ ਹਨ (ਜਿਵੇਂ ਸੇਖੋਂ ਹਮੇਸ਼ਾਂ ਖੁੱਲ੍ਹ ਕੇ ਗੱਲ ਕਰਦਾ), ਬਿਨਾਂ ਰੱਖ-ਰਖਾਉ ਦੇ, ਅਤੇ ਬਿਨਾਂ ਇਸ ਗੱਲ ਨੂੰ ਧਿਆਨ ’ਚ ਰੱਖੇ ਕਿ ਕੁਝ ਇਕਨਾਂ ਦੀਆਂ ਸਿਮ੍ਰਤੀਆਂ ’ਚ ਉਹਦਾ ਅਕਸ ਯੁੱਗ ਪੁਰਸ਼ ਵਾਲਾ ਹੈ। ਯੁੱਗ ਪੁਰਸ਼ ਤਾਂ ਉਹ ਮੈਨੂੰ ਵੀ ਲੱਗਦਾ ਹੈ। ਬੜਾ ਖੱਰਾ ਮਨੁੱਖ ਸੀ; ਬਹੁਤਿਆਂ ਨਾਲੋਂ ਉੱਚਾ। ਜਿੰਨਾ ਉੱਚਾ, ਉਸ ਤੋਂ ਵੱਧ ਦਿਲ ਦਾ ਸੁੱਚਾ। ਉਹਦੇ ਅੰਤਰ-ਵਿਰੋਧਾਂ ਅਤੇ ਦਵੰਦਾਂ ਦੀ ਪ੍ਰਮਾਣਿਕਤਾ ਹੀ ਆਪਣੇ ਆਪ ਵਿਚ ਕਮਾਲ ਦੀ ਗੱਲ ਸੀ।

ਹਰ ਯੁੱਗ ਪੁਰਸ਼ ਦੀਆਂ ਵਿਸੰਗਤੀਆਂ/ਸੀਮਾਵਾਂ ਵੀ ਹੁੰਦੀਆਂ ਹਨ। ਸੇਖੋਂ ਤਾਂ ਏਨਾ ਪਾਰਦਰਸ਼ੀ ਸੀ ਕਿ ਉਸ ਬਾਰੇ ਕੁਝ ਨਵਾਂ ਲੱਭਣ ਦੀ ਲੋੜ ਹੀ ਨਹੀਂ। ਜੋ ਜਾਣਕਾਰੀ ਪ੍ਰਾਪਤ ਹੈ ਉਸ ਨੂੰ ਉਹਦੇ ਯੁੱਗ ’ਚ ਸਥਿਤ ਕਰਕੇ ਦੇਖੋ, ਉਹਦੀਆਂ ਬਣਤਰੀ ਇਕਾਈਆਂ ਦੀ ਨਿਸ਼ਾਨਦੇਹੀ ਕਰੋ, ਏਦਾਂ ਕਰਦਿਆਂ ਅਰਥ ਸੱਕ ਵਾਂਗ ਲੱਥਣੇ ਸ਼ੁਰੂ ਹੋ ਜਾਂਦੇ ਹਨ। ਜਾਂ ਇੰਜ ਕਹੋ ਕਿ ਇਸ ਜਾਣਕਾਰੀ ਨੂੰ ਸੂਤ੍ਰਬੱਧ ਕਰਨ ਦੀ ਹੀ ਲੋੜ ਹੈ। ਅਜਿਹਾ ਕਰਨ ਨਾਲ ਉਹਦਾ ਕੱਦ ਪਹਿਲਾਂ ਨਾਲੋਂ ਵੱਧ ਉੱਚਾ ਹੋਣਾ ਤੈਅ ਹੈ। ਉਹਦੇ ਵਿਰਾਟ ਵਿਅਕਤਿਤਵ ਅਤੇ ਉਹਦੀ ਬੌਧਿਕ ਪੁਖ਼ਤਗੀ ਅੱਗੇ ਹਰ ਸੀਮਾ ਮਾਮੂਲੀ ਜਾਪਦੀ ਹੈ।

ਜਿਵੇਂ ਕਿਹਾ, ਮੁੱਢਲੇ ਜੀਵਨ ਵਿਚ ਉਹ ਚੋਖੀ ਗਤੀ ਵਾਲਾ ਮਾਨਸ ਸੀ ਜਿਸ ਨੂੰ ਜਿੱਤਾਂ ਨਾਲੋਂ ਵੱਧ ਹਾਰਾਂ ਦਾ ਸਾਹਮਣਾ ਕਰਨਾ ਪਿਆ। ਹਾਰਾਂ ਵਿਚ ਵੀ ਉਹ ਜਸ਼ਨਗੀਰ ਰਿਹਾ। ਤਾਕਤ/ਸਫ਼ਲਤਾ ਦਾ ਚਾਹਵਾਨ ਹੋ ਕੇ ਵੀ ਉਹ ਸਿਰ ਸੁੱਟ ਕੇ ਕਿਸੇ ਟੀਚੇ ਦਾ ਪਿੱਛਾ ਕਰਨ ਵਾਲਾ ਮਨੁੱਖ ਨਹੀਂ ਸੀ। ਉਹਦੀ ਚਾਹਤ ਤੇ ਪੂਰਤੀ ਵਿਚਕਾਰ ਪਾੜਾ ਹਮੇਸ਼ਾਂ ਕਾਇਮ ਰਿਹਾ ਜਿਵੇਂ ਉਹ ਇਸ ਪਾੜੇ ਦਾ ਘੜਿਆ ਘੜਾਇਆ ਦੂਤ ਹੋਵੇ। ਮੁੱਢਲੀ ਲੋਚਾ ਉਹਦੀ ਹਰ ਖੇਤਰ ਵਿਚ ਅੱਵਲ ਰਹਿਣ ਦੀ ਸੀ, ਪ੍ਰਥਮ ਪੁਰਸ਼ ਬਣਨ ਦੀ। ਜਾਂ ਜਵਾਹਰ ਲਾਲ ਨਹਿਰੂ ਜਿੰਨੇ ਤੇਜੱਸਵ ਵਾਲਾ ਸਿਆਸੀ ਲੀਡਰ ਹੋਣ ਦੀ। ਬਣਿਆ ਉਹੀ ਜੋ ਇਕ ਕਰਜ਼ਈ ਕਿਸਾਨ ਦਾ ਤੀਖਣ ਬੁੱਧ ਪੁੱਤਰ ਬਣ ਸਕਦਾ ਸੀ। ਜੋ ਬਣਿਆ ਹਿੱਕ ਦੇ ਜ਼ੋਰ ਨਾਲ ਬਣਿਆ।

ਉਹਦਾ ਅਵਚੇਤਨ ਮੁਕਤ-ਪੁਰਸ਼ ਵਰਗਾ ਸੀ, ਰੋਕਾਂ/ਬੰਦਸ਼ਾਂ ਤੇ ਦੰਭਾਂ ਤੋਂ ਪਾਰ ਦਾ। ਅਜਿਹਾ ਮਾਨਸ ਅਨੇਕ ਸਵੈ-ਵਿਰੋਧ ਸਹੇੜ ਲੈਂਦਾ ਹੈ। ਤਬਦੀਲੀ ਦੀ ਭਾਵਨਾ ਵਾਲਾ ਮਨੁੱਖ ਕਦੇ ਵੀ ਇਕਸਾਰ-ਚਿੱਤ ਨਹੀਂ ਹੁੰਦਾ। ਸੇਖੋਂ ਤਾਂ ਸੀ ਹੀ ਉੱਥਲ-ਪੁੱਥਲ ’ਚ ਰਹਿਣ ਵਾਲਾ। ਆਰਥਿਕ ਸੀਮਾ ’ਚ ਬੱਝਾ ਉਹ ਕਦੇ ਕਿਸੇ ਸਥਿਤੀ ਨਾਲ ਸਮਝੌਤਾ ਕਰਦਾ, ਕਦੇ

ਉਲੰਘਣ ਕਰਕੇ ਸੀਮਾ ਤੋਂ ਪਾਰ ਲੰਘ ਜਾਂਦਾ। ਸਮਾਂ/ਸਪੇਸ ਦੀ ਉਦੇੜ੍ਹ ਬੁੱਨਤ ਕਰਦਿਆਂ ਉਹ ਰਚਨਾਤਮਿਕ ਕਲਪਾਂ ਨਾਲ ਭਰਿਆ ਰਹਿੰਦਾ।

ਅਜਿਹਾ ਮਨੁੱਖ ਸਥਾਪਨਾ ਲਈ ਰੜਕ ਦਾ ਕਾਰਨ ਬਣਦਾ ਹੈ।

ਸੇਖੋਂ ਆਪਣੇ ਜੀਵਨ ਦੇ ਮੁੱਢ ਅਤੇ ਮੱਧ 'ਚ ਕਈ ਧਿਰਾਂ ਲਈ ਰੜਕ ਬਣਿਆ ਰਿਹਾ। ਏਨਾ ਵੀ ਰੜਕੀਲਾ ਨਾ ਬਣਿਆ ਕਿ ਵਿਰੋਧੀ ਪਾਲਾਂ ਲੰਮੀਆਂ ਹੁੰਦੀਆਂ ਜਾਣ। ਸ਼ੁਰੂ ਜੀਵਨ ਵਿਚ ਉਹ ਜੜ੍ਹ ਹੋ ਚੁੱਕੇ ਵਿਚਾਰਾਂ ਅਤੇ ਦੰਭੀ ਮਾਣਤਾਵਾਂ ਵਾਲਿਆਂ ਲਈ ਹੀ ਰੜਕ ਬਣਿਆ, ਬਾਅਦ ਵਿਚ ਉਹਨੇ ਰੜਕ ਵਾਲਾ ਸਿਲਸਿਲਾ ਤਿਆਗ ਦਿੱਤਾ। ਆਪ ਨਿੱਕੀ ਮੋਟੀ ਸਥਾਪਨਾ ਬਣ ਕੇ ਮਹਿਮਾ ਦੀ ਧੁੱਪ ਸੇਕਣ ਲੱਗਾ। ਤਦ ਉਸ ਵਿਚ ਮੁਕਤ ਪੁਰਸ਼ ਵਾਂਗ, ਜੋ ਬੁਰਜੂਆ ਆਚਾਰ/ਵਿਹਾਰ ਤੋਂ ਪਾਰ ਹੁੰਦੇ ਹਨ, ਟੇਢਾਂ/ਵਿਸੰਗਤੀਆਂ ਉਭਰ ਆਈਆਂ ਤੇ ਕਈਆਂ ਲਈ ਉਹ ਇਸ ਕਰਕੇ ਹੀ ਰੜਕ ਬਣ ਗਿਆ।

ਜੀਵਨ ਦੇ ਸ਼ੁਰੂ ਵਿਚ ਉਹਦਾ ਪੰਗਾ ਸਥਾਪਿਤ ਧਰਮ ਦੇ ਕਿਲ੍ਹੇਬਾਜ਼ਾਂ ਨਾਲ ਪੈਂਦਾ ਰਿਹਾ। ਸਮਾਜਵਾਦੀ ਸਥਾਪਨਾ ਦੇ ਕਲਪ ਪੈਦਾ ਕਰਨ ਕਰਕੇ ਉਹ ਕਮਿਊਨਿਸਟ ਲੇਖਕ/ਚਿੰਤਕ ਵਜੋਂ ਮਸ਼ਹੂਰ ਹੋ ਚੁੱਕਾ ਸੀ। ਉਹ ਯੁੱਗ ਕਮਿਊਨਿਸਟ ਚਿੰਤਕਾਂ ਦੀ ਸਥਾਪਨਾ ਦਾ ਨਹੀਂ ਸੀ ਜਿਵੇਂ ਬਾਅਦ ਵਿਚ ਖੱਬੇਪੱਖੀ ਚਿੰਤਨ ਤਕੜੀ ਸਥਾਪਨਾ ਬਣ ਗਿਆ ਤੇ ਇਸ ਨਾਲ ਜੁੜੇ ਚਿੰਤਕ ਉੱਚੇ ਰੁਤਬਿਆਂ 'ਤੇ ਪੁੱਜਣ ਲੱਗ ਪਏ। ਸੇਖੋਂ ਆਪਣੇ ਯੁੱਗ ਵਿਚ ਪੰਜਾਬੀ ਸਾਹਿਤ ਅਤੇ ਚਿੰਤਨ ਸੰਸਾਰ ਵਿਚ ਵਾਪਰਨ ਵਾਲਾ ਇੱਕੋ-ਇਕ ਖੱਬੇਪੱਖੀ ਬੁੱਧੀਜੀਵੀ ਸੀ। ਪੰਜਾਬ ਦੀ ਕਮਿਊਨਿਸਟ ਪਾਰਟੀ ਨੇ ਉਸ ਨੂੰ ਨਿੱਘ ਨਾਲ ਅਪਣਾਇਆ ਤੇ ਖੱਬੇਪੱਖੀ ਸਿਆਸਤ ਦਾ ਪੱਕਾ ਯੋਧਾ ਬਣਾ ਦਿੱਤਾ। ਉਸਨੇ ਦੋ ਵੇਰ ਕਮਿਊਨਿਸਟ ਉਮੀਦਵਾਰ ਵਜੋਂ ਚੋਣ ਲੜੀ ਤੇ ਹਾਰ ਖਾਧੀ। ਇਸ ਦੇ ਚੰਗੇ/ਮਾੜੇ ਦੋਨਾਂ ਤਰ੍ਹਾਂ ਦੇ ਸਿੱਟੇ ਨਿਕਲੇ।

ਬੁਨਿਆਦੀ ਸਿੱਟਾ ਇਹ ਨਿਕਲਿਆ ਕਿ ਸੇਖੋਂ, ਜੋ ਚੇਤੰਨ/ਅਵਚੇਤਨ ਦੇ ਅੰਤਰ-ਵਿਰੋਧਾਂ 'ਚ ਵਿਚਰਦਾ ਸੀ, ਹੁਣ ਉਸਦਾ ਚੇਤੰਨ ਰੂਪ ਵੱਧ ਉੱਘੜ ਆਇਆ। ਚੇਤੰਨ ਰੂਪ ਕਮਿਊਨਿਸਟ ਸਿਆਸਤ ਵਲ ਪ੍ਰਤਿਬਧ ਹੋ ਗਿਆ। ਅਵਚੇਤਨ ਇਸ ਦੇ ਵਿਪ੍ਰੀਤ ਵਿਚਰਦਾ ਰਿਹਾ। ਖੱਬੇਪੱਖੀਆਂ 'ਚ ਉਹਦੀ ਪੈਂਠ ਵੱਧ ਗਈ। ਉਹ ਸਾਹਿਤ 'ਚ ਖੱਬੇਪੱਖੀ ਵਿਚਾਰਧਾਰਾ ਦੀ ਸਥਾਪਨਾ ਬਣ ਗਿਆ। ਕਈ ਚੇਲੇ ਉੱਗ ਪਏ। ਇਸ ਦਾ ਨਿੱਜੀ ਨੁਕਸਾਨ ਵੀ ਹੋਇਆ। ਨੌਕਰੀ ਲੈਣ ਦੇ ਮਾਮਲੇ 'ਚ ਸੇਖੋਂ ਦਾ ਕਮਿਊਨਿਸਟ ਹੋਣਾ ਉਭਰ ਆਉਂਦਾ ਰਿਹਾ। ਸਾਹਿਤ ਨੂੰ ਨੁਕਸਾਨ ਇਹ ਹੋਇਆ ਕਿ ਉਹਦੀ ਆਲੋਚਨਾ ਪ੍ਰਗਤੀਵਾਦ ਦੇ ਨਾਂਅ 'ਤੇ ਪਲੀਤ/ਘਿਸੇ ਸਾਹਿਤਕ ਪ੍ਰਵਰਗਾਂ ਨੂੰ ਅਗਰ-ਭੂਮੀ 'ਚ ਲਿਆਉਣ ਲੱਗੀ। ਰੀਸੋ-ਰੀਸੀ ਸੇਖੋਂਵਾਦੀ ਉੱਚਾਰਾਂ ਦੀ ਗੂੰਜ ਹਰ ਪਾਸੇ ਫੈਲ ਗਈ। ਸਮੁੱਚਾ ਪੰਜਾਬੀ ਸਾਹਿਤ ਸਭਿਆਚਾਰ ਇਨ੍ਹਾਂ ਪ੍ਰਵਰਗਾਂ ਦੀ ਗ੍ਰਿਫਤ 'ਚ ਆ ਗਿਆ। ਪ੍ਰਗਤੀਵਾਦੀ ਲਹਿਰ ਬੌਧਿਕ ਅਲਗਰਜ਼ਾਂ ਅਤੇ ਮਾੜਾ ਲਿਖਣ ਵਾਲਿਆਂ ਲਈ ਰਾਹਤ ਬਣ ਗਈ।

ਤਦ ਸੇਖੋਂ ਆਪਣੀ ਰੁਜ਼ਗਾਰੀ ਔੜ ਦੇ ਦਿਨ ਪਾਰ ਕਰ ਚੁੱਕਾ ਸੀ। ਆਰਥਿਕ ਪੱਖੋਂ ਹਮੇਸ਼ਾਂ ਵਾਂਗ ਕਸਰ ਕਾਇਮ ਸੀ ਤਾਂ ਇਸ ਨੂੰ ਬੇਅਸਰ ਕਰਨ ਲਈ ਉਹਦੀ ਸਾਹਿਤਕ ਪਿੜ ਵਿਚ ਅਪਰੰਪਾਰ ਮਹਿਮਾ ਸੀ। ਸਾਹਿਤਕ ਪਿੜ ਵਿਚ ਉਹ ਬੌਧਿਕ ਪੈਂਠ ਅਨੁਸਾਰ ਵਿਚਰਦਾ ਰਿਹਾ। ਮਾਇਕ ਤੰਗੀ ਉਹਦੇ 'ਤੇ ਗਹਿਰਾ ਅਸਰ ਨਾ ਕਰਦੀ। ਉਹਦੇ ਵਿਚ ਭੋਇੰ-ਪੁਰਸ਼ਾਂ ਵਾਲੀ ਊਰਜਾ ਸੀ ਜਿਸ ਨੂੰ ਬਰਨਾਡ ਸ਼ਾਅ 'ਲਾਈਫ ਫੋਰਸ' ਕਹਿੰਦਾ ਹੈ।

ਅਜਿਹੇ ਬੰਦੇ ਜ਼ਿੰਦਗੀ ਦੇ ਆਸ਼ਕ ਹੁੰਦੇ ਹਨ। ਸੇਖੋਂ ਆਸ਼ਕ ਤਾਂ ਸੀ, ਪਰ ਨਾਲ ਹੀ ਉਹ ਜ਼ਿੰਦਗੀ ਦਾ ਸ਼ਾਸ਼ਕ ਵੀ ਬਣਨਾ ਚਾਹੁੰਦਾ ਸੀ। ਆਸ਼ਕੀ ਸੇਖੋਂ ਵਰਗੇ ਪੱਧਰੇ/ਸਪਾਟ ਚਿੰਤਨ ਵਾਲੇ ਵਿਅਕਤੀ ਦਾ ਚੇਤੰਨ ਅਕੀਦਾ ਨਹੀਂ ਸੀ ਹੋ ਸਕਦਾ। ਆਪਣੀ ਪਕ੍ਰਿਤੀ ਦੇ ਇਸ ਪੱਖ ਬਾਰੇ ਵੀ ਉਹ ਅੰਤਰ ਵਿਰੋਧ ਤੋਂ ਮੁਕਤ ਨਹੀਂ ਸੀ। ਅਵਚੇਤਨੀ ਰੂਪ 'ਚ ਉਹ ਆਸ਼ਕ ਸੀ ਪਰ ਚੇਤੰਨ ਤੌਰ 'ਤੇ ਬਣਨਾ ਸ਼ਾਸ਼ਕ ਚਾਹੁੰਦਾ ਸੀ।

ਉਹ ਵਰਤਮਾਨ/ਭਵਿੱਖ ਬਾਰੇ ਅਨੰਤ ਕਲਪਾਂ ਨਾਲ ਉਤੇਜਿਤ ਹੋਇਆ ਰਹਿੰਦਾ। ਆਸ਼ਾਵਾਂ/ਸੰਭਾਵਨਾਵਾਂ ਨਾਲ ਚਿੰਤਨੀ ਕ੍ਰੀੜਾ ਕਰਦਾ ਰਹਿੰਦਾ। ਜਾਪਦਾ ਇੰਜ ਜਿਵੇਂ ਉਹ ਸਵੈ-ਵਿਰੋਧ ਹੰਢਾ ਰਿਹਾ ਹੈ। ਕਈ ਭੁਲੇਖੇ/ਸ਼ੰਕੇ ਉਹਦੀ ਇਸ ਬਿਰਤੀ ਕਰਕੇ ਪੈਦਾ ਹੋਏ। ਜਿਵੇਂ ਕਿਹਾ, ਉਹ ਇਕ ਸੁਹਿਰਦ ਮਾਨਸ ਸੀ, ਪਾਰਦਰਸ਼ੀ, ਸਵੈ-ਵਿਸ਼ਵਾਸੀ। ਸਵੈ-ਵਿਰੋਧ ਸਹੇੜਨਾ ਜਿਵੇਂ ਉਹਦੇ ਜੀਵਨ ਦੀ ਗਤੀ ਸੀ। ਉਹ ਸਵੈ-ਵਿਰੋਧਾਂ ਤੋਂ ਸਹਿਮ ਖਾਣ ਵਾਲਾ ਵਿਅਕਤੀ ਨਹੀਂ ਸੀ। ਮਲੰਗੀ ਇਹ ਸੀ ਕਿ ਉਹ ਸਫਲਤਾ ਦੇ ਕੀੜੇ ਵਾਂਗ ਮੌਕਿਆਂ ਦੀ ਭਾਲ 'ਚ ਨਹੀਂ ਸੀ ਰਹਿੰਦਾ। ਮੌਕਾ ਮਿਲ ਜਾਦਾ ਤਾਂ ਸਵੀਕਾਰ ਕਰ ਲੈਂਦਾ। ਯਤਨ ਕਰਕੇ ਕਿਸੇ 'ਮੌਕੇ' ਅੱਗੇ ਅਪਣੀ ਪੱਛਾਣ ਨੂੰ 'ਮੇਲ' ਕੇ ਪ੍ਰਾਪਤੀ ਦਾ 'ਮੌਕਾਮੇਲ' ਬਨਾਣ ਦੇ ਉਹ ਸਮਰਥ ਨਹੀਂ ਸੀ। ਉਹਨੇ ਸਮਝੌਤੇ ਕੀਤੇ ਪਰ ਆਕੜ ਕਾਇਮ ਰੱਖ ਕੇ ਕੀਤੇ। ਸੀਸ ਨਹੀਂ ਨਿਵਾਇਆ। ਸੀਸ ਤਾਂ ਉਹਨੇ

ਰੱਬ ਅੱਗੇ ਵੀ ਨਾ ਨਿਵਾਇਆ। ਨੌਕਰੀਆਂ ਤੋਂ ਬਰਖਾਸਤ ਹੋਇਆ, ਕਈ ਵੇਰ ਬੇ-ਆਬਰੂ ਹੋਣ ਦੀ ਨੌਬਤ ਆਈ, ਪਰ ਨਿੱਜੀ ਅਕੀਦਿਆਂ ਦੀ ਅੜੀ ਵੀ ਪੁਗਾਈ। ਇਨ੍ਹਾਂ ਗੱਲਾਂ ਕਰਕੇ ਸੇਖੋਂ ਦਾ ਮਲੰਗਾਂ 'ਚ ਚੋਖਾ ਆਦਰ ਸੀ। ਉਸ ਜਿਹਾ ਹੋਣਾ ਬਹੁਤਿਆਂ ਨੂੰ ਕਠਿਨ ਲੱਗਦਾ। ਪ੍ਰਤਿਭਾਸ਼ਾਲੀ ਹੋ ਕੇ ਯੋਗ ਰੁੱਤਬਾ ਜਾਂ ਸਫਲਤਾ ਨਾ ਮਿਲਣ ਵਾਲਿਆਂ ਦੀ ਕਦਰ ਕਰਨ ਵਾਲੇ ਅਜੇ ਮੁੱਕੇ ਨਹੀਂ। ਸੇਖੋਂ ਦੀ ਸ਼ਲਾਘਾ ਉਹ ਵੀ ਕਰਦੇ ਜੋ ਅਲਪ ਪ੍ਰਾਪਤੀਆਂ ਲਈ ਸਿਰ ਨਿਵਾਈ ਫਿਰਦੇ। ਸਾਹਿਤਕ ਪਿੜ ਵਿਚ ਉਹਦੇ ਬਹੁਤੇ ਮੁਰੀਦ ਉਹ ਬਣੇ ਜੋ ਯੋਗਤਾ ਨਾਲੋਂ ਵੱਧ ਜੁਗਾੜਾਂ ਰਾਹੀਂ ਕੁਝ ਨਾ ਕੁਝ ਹੱਥਿਆਣ ਲਈ ਤਿਆਰ/ਤਤਪਰ ਰਹਿੰਦੇ। ਸੇਖੋਂ ਨਾਲ ਇਕਮਿਕ ਹੋਏ ਉਹ ਆਪਣੇ ਸਵੈ-ਆਦਰ ਨੂੰ ਕਾਇਮ ਰੱਖ ਲੈਂਦੇ।

ਕਮਿਊਨਿਸਟ ਵਿਚਾਰਧਾਰਾ ਦੇ ਬਾਵਜੂਦ ਮਰਨ-ਮਾਰਣ ਵਾਲੀ ਖਾੜਕੂ ਅੜੀ, ਜਿਵੇਂ ਬਾਅਦ ਵਿਚ ਨਕਸਲੀ ਲਹਿਰ ਵੇਲੇ ਪੈਦਾ ਹੋਈ, ਸੇਖੋਂ ਜਿਹੇ ਚਿੰਤਕ ਕੋਲ ਨਾ ਹੋ ਸਕਦੀ ਸੀ, ਨਾ ਹੋਈ। ਨਾ ਹੀ ਸਥਾਪਤ ਨੂੰ ਉਹ ਉੱਕਾ ਵਿਸਥਾਪਤ ਕਰਨ ਦਾ ਚਾਹਵਾਨ ਸੀ। ਉਹਦੀ ਪ੍ਰਗਤੀਵਾਦ ਦੇ ਨਾਂਅ 'ਤੇ ਜੋ ਸਥਾਪਨਾ ਬਣ ਚੁੱਕੀ ਸੀ, ਉਸਦਾ ਉਹ ਲੁਤਫ ਲੈਂਦਾ ਰਿਹਾ।

1958 ਵਾਲੀ ਸੋਵੀਅਤ ਫੇਰੀ ਤੋਂ ਬਾਅਦ ਉਹਦਾ ਸਮਾਜਵਾਦੀ ਸਿਆਸੀ ਪ੍ਰਭੂ-ਸੱਤਾ 'ਚ ਵਿਸ਼ਵਾਸ਼ ਹੋਰ ਪਕੇਰਾ ਹੋ ਗਿਆ। ਹੋਇਆ ਪਰ ਇਹ ਚਿੰਤਨੀ ਪੱਧਰ 'ਤੇ ਹੀ। 'ਸਮਾਜਵਾਦ' ਦਾ ਵਿਕਲਪ ਵੀ ਉਹਦੇ ਚੇਤੰਨ ਕਲਪਾਂ ਦਾ ਹੀ ਸਿੱਟਾ ਸੀ। ਜਦ ਉਹ ਦੋ ਢਾਈ ਦਹਾਕਿਆਂ ਬਾਅਦ ਵਲਾਇਤ, ਕੈਨੇਡਾ ਤੇ ਅਮਰੀਕਾ ਗਿਆ ਤਾਂ ਖੁਲ੍ਹੀ-ਡੁਲ੍ਹੀ ਤਰਜ਼ੇ-ਜ਼ਿੰਦਗੀ ਤੇ ਔਰਤ ਦੇ ਜਿਸਮ ਦੇ ਤੁਰਦੇ ਫਿਰਦੇ ਨੰਗੇਜ਼ ਦੇਖ ਕੇ ਉਹਦਾ ਹਿਰਦਾ ਅੱਸ਼-ਅੱਸ਼ ਕਰ ਉੱਠਿਆ। ਉਹ ਥਾਂ-ਥਾਂ ਨੌਜੁਆਨ ਤੀਵੀਆਂ ਨੂੰ ਚੁੰਮਨਾਂ ਦੀ ਪ੍ਰੋਪੋਜ਼ਲ ਪੇਸ਼ ਕਰਦਾ ਤੇ ਚੁੰਮਨਾਂ ਦੀਆਂ ਯਾਦਾਂ ਸਮੇਤ ਵਾਪਸ ਦੇਸ ਪਰਤ ਆਇਆ। ਜ਼ਾਹਿਰ ਹੈ ਕਿ ਹਿਰਦਾ ਹੋਰ ਬੋਲੀ ਬੋਲਦਾ, ਚਿੰਤਨ/ਚੇਤਨਾ ਦੀ ਪਕੜ ਹੋਰ ਪਾਸੇ ਹੁੰਦੀ।

ਅਜਿਹਾ ਵਿਰੋਧ ਭੋਗ ਕੇ ਵੀ ਲੇਖਕ/ਚਿੰਤਕ ਹੋਣ ਦੇ ਨਾਤੇ ਉਹਨੂੰ ਪਤਾ ਨਾ ਚਲਿਆ ਕਿ ਸਾਹਿਤ ਹਿਰਦੇ 'ਤੇ ਪਏ ਬੋਝਾਂ ਦੀ, ਅਵਚੇਤਨੀ ਦਮਨ ਦੀ, ਮਨੁੱਖ ਅੰਦਰ ਵੱਸੇ ਅੰਤਰ-ਦਵੰਦਾਂ ਦੀ ਬਾਤ ਵੀ ਪਾਉਂਦਾ ਹੈ। ਉਹ 'ਪ੍ਰਗਤੀਵਾਦ' 'ਉੱਤਰ-ਪ੍ਰਗਤੀਵਾਦ' ਤੇ ਇਸ ਦੇ ਵਿਪ੍ਰੀਤ 'ਅਸਤਿਤਵ ਵਾਦ' ਆਦਿ ਮੋਟੇ ਜਿਹੇ ਨੁਸਖੇ ਅਨੁਕੂਲ 'ਸਮੀਖਿਆ' ਕਰੀ ਜਾਂਦਾ। ਕਿਸੇ ਨੂੰ ਪ੍ਰਗਤੀਵਾਦੀ ਤੇ ਕਿਸੇ ਨੂੰ ਉੱਤਰ ਪ੍ਰਗਤੀਵਾਦੀ ਖਾਨੇ 'ਚ ਫਿਟ ਕਰ ਦੇਂਦਾ। ਉਸ ਪਾਸ ਸਮਾਜਕ ਵਿਸ਼ਲੇਸ਼ਣ ਦੀਆਂ ਉਹ ਜੁਗਤਾਂ ਸਨ ਜੋ ਕਿਸੇ ਵੀ ਮਾਰਕਸੀ ਚਿੰਤਕ ਕੋਲ ਹੁੰਦੀਆਂ ਹਨ। ਲੋੜ ਗੱਲ ਨੂੰ ਇੱਥੋਂ ਸ਼ੁਰੂ ਕਰ ਕੇ ਅਗਾਂਹ ਜਾਣ ਦੀ ਹੁੰਦੀ ਹੈ ਤੇ ਪਾਠ ਜਾਂ ਭਾਸ਼ਕ ਵਿਹਾਰ ਦੇ ਅਸਤਿਤਵੀ/ਸਭਿਆਚਾਰਕ ਅਵਚੇਤਨ ਦੀ ਡੂੰਘ ਫਰੋਲਣ ਦੀ। ਪਰ ਸੇਖੋਂ ਗੱਲ ਏਥੇ ਹੀ ਨਬੇੜ ਦੇਂਦਾ। ਇਹੀ ਪ੍ਰਗਤੀਵਾਦੀ ਸਾਹਿਤ ਚਿੰਤਨ ਦੀ ਸੀਮਾ ਬਣ ਗਿਆ।

ਉਹਦਾ ਗ਼ੈਰ-ਸਾਹਿਤਕ ਚਿੰਤਨ ਪਦਾਰਥਾਂ ਨਾਲ ਮੋਹ ਰੱਖਣ ਵਾਲੇ ਬੰਦੇ ਵਾਂਗ ਜ਼ਿੰਦਗੀ ਦੇ ਜਸ਼ਨ ਨੂੰ ਮੁਖਾਤਿਬ ਸੀ। ਕਈ ਵੇਰ ਇਹ ਮੋਹ ਲਾਲਸਾ ਦਾ ਰੂਪ ਧਾਰਣ ਕਰ ਲੈਂਦਾ। ਬਹੁਤਾ ਸਾਹਸੀ ਜਾਂ ਚਤੁਰ-ਚਲਾਕ ਨਾ ਹੋਣ ਕਰਕੇ ਉਹ ਆਪਣੀ ਲਾਲਸਾ ਨੂੰ ਪੂਰਤੀ ਵਿਚ ਬਦਲ ਨਾ ਸਕਦਾ। ਉਹ ਹੱਕ/ਸੱਚ ਦੀ ਖਾਤਰ ਜੱਦੋਜਹਿਦ ਕਰਨ ਦਾ ਹਾਮੀ ਸੀ ਪਰ ਹੱਕ/ਸੱਚ ਦਾ ਉਹਦੇ ਲਈ ਮਤਲਬ ਸ਼ਹਾਨਾ ਠਾਠ ਵਾਲਾ ਜੀਵਨ ਵੀ ਹੋ ਸਕਦਾ ਸੀ। ਉਹ ਕਿਸਾਨ-ਪੱਖੀ ਸੀ ਪਰ ਜੇ ਜਾਗੀਰਦਾਰਾਂ ਵਾਲੇ ਸੁਖ ਆਰਾਮ ਤੇ ਪੈਂਠ ਮੁਹੱਈਆ ਹੋ ਜਾਣ ਤਾ ਆਨੰਦ ਹੀ ਆਨੰਦ ਸੀ। ਉਸ ਵਿਚ ਅਮੀਰ ਜ਼ਿੰਦਗੀ ਮਾਣਨ ਦੀ ਚੋਖੀ ਲਾਲਸਾ ਸੀ। (ਫਰੈਜ਼ਨੋ-ਕੈਲਿਫੋਰਨੀਆਂ ਵਾਲੇ ਚਰਨਜੀਤ ਸਿੰਘ ਬਾਠ, ਜੋ ਕਿਸੇ ਵੇਲੇ ਗੁਰੂ ਸਰ ਸਧਾਰ ਵੇਲੇ ਸੇਖੋਂ ਦਾ ਵਿਦਿਆਰਥੀ ਸੀ, ਨੇ ਇਕ ਵੇਰਾਂ ਆਪਣੇ ਬਾਰ 'ਚ ਬੈਠੇ ਮੈਨੂੰ ਗੱਲ ਸੁਣਾਈ। ਸੇਖੋਂ ਅਮਰੀਕਾ ਫੇਰੀ ਵੇਲੇ ਬਾਠ ਪਾਸ ਗਿਆ ਜੋ ਹਜ਼ਾਰਾਂ ਏਕੜ ਜ਼ਮੀਨ 'ਚ ਅੰਗੂਰ ਉਗਾਂਦਾ ਹੈ। ਬਾਠ ਨੇ ਪੁੱਛਿਆ: "ਪ੍ਰੋਫੈਸਰ ਸਾਹਿਬ, ਕਿਹੜੀ ਸ਼ਰਾਬ ਪੀਵੋਗੇ?" ਤਾਂ ਸੇਖੋਂ ਦਾ ਉੱਤਰ ਸੀ: "ਦੁਨੀਆਂ 'ਚ ਸਭ ਤੋਂ ਮਹਿੰਗੀ ਜੋ ਸ਼ਰਾਬ ਹੈ ਉਹੀ।" ਬਾਠ ਨੇ ਭਾਂਤ ਭਾਂਤ ਦੀਆਂ ਬੋਤਲਾਂ ਨਾਲ ਭਰੇ ਬਾਰ ਅੱਗੇ ਪਈ ਕੁਰਸੀ 'ਤੇ ਪ੍ਰਸਥਾਨ ਕੀਤਾ। ਸਾਹਮਣੇ ਪਈ 'ਜੌਹਨੀ ਵਾਕਰ ਬਲੂ ਲੇਬਲ' ਦਾ ਡਾਟ ਖੋਲ੍ਹਿਆ ਤੇ ਪੈੱਗ ਪਾ ਕੇ ਕਿਹਾ: "ਲਓ ਪ੍ਰੋਫੈਸਰ ਸਾਹਿਬ, ਇਹੀ ਹੈ ਦੁਨੀਆਂ 'ਚ ਸਭ ਤੋਂ ਮਹਿੰਗੀ ਵਿਸਕੀ।")

ਸੇਖੋਂ 1958 ਵਿਚ ਹੋਈ ਤਾਸ਼ਕੰਦ 'ਚ ਐਫਰੋ-ਏਸ਼ੀਅਨ ਲੇਖਕ ਕਾਨਫਰੰਸ ਤੋਂ ਬਾਅਦ ਵਾਪਸ ਲੁਧਿਆਣੇ ਪੁੱਜਾ ਤਾਂ ਕਹਿਣ ਲੱਗਾ: "ਰੂਸੀਆਂ ਨੇ ਸਾਨੂੰ ਜਾਗੀਰਦਾਰਾਂ ਦੇ ਜਵਾਈਆਂ ਵਾਂਗ ਰੱਖਿਆ।"

ਉਹ ਪੱਛਮੀ ਸੰਵੇਦਨਾ ਅਨੁਕੂਲ ਜੀਵਨ ਬਤੀਤ ਕਰਨ ਦਾ ਅਭਿਲਾਸ਼ੀ ਵੀ ਸੀ ਜਿਸ ਵਿਚ ਪ੍ਰਬੁੱਧ ਪੁਰਸ਼/ਸਾਹਿਤਕਾਰ ਨੂੰ ਵਾਧੂ ਦੀਆਂ ਰੋਕਾਂ/ਟੋਕਾਂ ਸਹਿਣ ਦੀ ਲਾਚਾਰੀ ਨਹੀਂ ਹੁੰਦੀ। ਉਸ ਵਿਚ ਔਰਤ ਦੇ ਸੌਂਦਰਯ/ਜਿਸਮ ਲਈ ਜੋ ਅਸੀਮ ਖੋਹ ਸੀ ਉਹ ਪੰਜਾਬ ਵਰਗੇ ਪੂਰਵ-ਆਧੁਨਿਕ ਸਮਾਂ/ਸਪੇਸ 'ਚ, ਜਿਸ ਦਾ ਉਹ ਆਪ ਅੰਗ ਸੀ, ਰਾਸ ਨਹੀਂ ਸੀ ਆ ਸਕਦੀ।

ਮੁੱਢਲੇ ਜੀਵਨ ਵਿਚ ਉਹਨੇ ਆਪਣੇ ਇਕ ਜਾਣੂ ਦੀ ਅਮਰੀਕਨ ਪਤਨੀ ਦੇ ਪਿਆਰ ਦਾ ਬੜੇ ਸਾਹਸ ਨਾਲ ਅਪਹਰਨ ਕੀਤਾ; ਚੰਗਾ ਚੋਖਾ ਕਲੇਸ਼ ਪੈਦਾ ਹੋ ਗਿਆ। ਇਹ ਸਾਰਾ ਕੁਝ ਇੰਜ ਵਾਪਰਿਆ ਜਿਵੇਂ ਸੇਖੋਂ ਆਪਣੇ ਹੱਕ ਦੀ ਖਾਤਰ ਲੜ ਰਿਹਾ ਹੋਵੇ। ਇਵੇਂ ਹੀ ਬਾਅਦ ਵਿਚ ਕਵਿਤ੍ਰੀ ਪ੍ਰਭਜੋਤ ਕੌਰ ਨਾਲ ਮੋਹ-ਕ੍ਰੀੜਾ ਤੇ ਇਸ ਦਾ ਸਾਹਿਤਕ ਹਲਕਿਆਂ ਵਿਚ ਚਰਚਾ ਇੰਜ ਵਾਪਰਿਆ ਜਿਵੇਂ ਸੇਖੋਂ ਆਚਾਰ/ਵਿਹਾਰ ਪੱਖੋਂ ਬੇਪ੍ਰਵਾਹ ਹੋਵੇ। ਗੱਲਾਂ ਹੁੰਦੀਆਂ, ਉਹ ਸੁਣ ਲੈਂਦਾ। ਨਿੰਦਾ ਹੁੰਦੀ, ਸਹਿ ਜਾਂਦਾ। ਇਕ ਨੌਕਰੀ ਤੋਂ ਜੁਆਬ ਮਿਲਦਾ, ਦੂਜੀ ਨੌਕਰੀ ਕਰ ਲੈਂਦਾ।

ਨਵੇਂ ਚਿੰਤਨ ਦਾ ਅਭਿਲਾਸ਼ੀ ਹੋਣ ਦੇ ਬਾਵਜੂਦ ਉਹਦਾ ਸਭਿਆਚਾਰਕ ਅਵਚੇਤਨ ਉਸ ਸਮਾਂ/ਸਪੇਸ ’ਚ ਖੁੱਭਿਆ ਹੋਇਆ ਸੀ ਜਿਸ ਦੀਆਂ ਜੜ੍ਹਾਂ ਪੁਰਾਣੇ ਜਾਗੀਰੂ ਸਮਾਜ ’ਚ ਸਨ। ਉਹ ਆਮ ਜੱਟ ਵਾਂਗ ਪ੍ਰਵਾਰ/ਭਾਈਚਾਰਾ/ਜਾਤੀ ਦੇ ਗੌਰਵ ਦਾ ਅਲੰਬਰਦਾਰ ਸੀ। ਹਰ ਸਥਿਤੀ/ਪੱਛਾਣ ਨਾਲ ਸਾਂਝ ਪਾ ਲੈਂਦਾ ਪਰ ਆਪਣੇ ਚਿੱਤ ਦੇ ਆਦਿ/ਅੰਤ ’ਚ ਉਹ ਜੱਟ/ਕਿਸਾਨ ਸੀ। ਜ਼ਿੰਦਗੀ ਭਰ ਰੁਜ਼ਗਾਰੀ ਖੁਆਰੀ ਤੋਂ ਬਾਅਦ ਉਹ ਵਾਪਸ ਆਪਣੇ ਜੱਦੀ ਪਿੰਡ ਦਾਖੇ ਜਾ ਟਿਕਿਆ। ਉਸ ਪਾਸ ਸ਼ਹਿਰ ’ਚ ਰਹਿਣ ਲਈ ਨਾ ਮਕਾਨ ਸੀ, ਨਾ ਵਸੀਲੇ। ਇਕ ਤੀਬਰ ਬੁੱਧ-ਪੁਰਸ਼ ਅੰਤ ਉਸ ਭੋਇੰ ’ਤੇ ਜਾ ਟਿਕਿਆ ਜਿਹੜੀ ਉਹਦੀ ਕਾਲਜ ਦੀ ਪੜ੍ਹਾਈ ਵੇਲੇ ਪਿਤਾ ਨੂੰ ਗਹਿਣੇ ਪਾਉਣੀ ਪਈ ਸੀ। ਜ਼ਿੰਦਗੀ ਭਰ ਗਤੀ ’ਚ ਰਹਿਣ ਵਾਲਾ ਮਨੁੱਖ ਲੰਮੀ ਉਦਾਸੀ ਬਾਅਦ ਆਪਣੇ ਜੱਦ ਵਲ ਪਰਤ ਆਇਆ। ਇਸ ਦੇ ਸਮਾਜਕ ਪ੍ਰਸੰਗ ’ਚ ਗਹਿਰੇ ਅਰਥ ਸਨ। ਭੋਇੰ ਤੋਂ ਪਾਰ ਦੀਆਂ ਸੰਭਾਵਨਾਵਾਂ/ਸਫਲਤਾਵਾਂ ਨੂੰ ਉਹ, ਇੱਛਾ ਦੇ ਬਾਵਜੂਦ, ਕਿਉਂ ਪ੍ਰਾਪਤ ਨਾ ਕਰ ਸਕਿਆ? ਉਹ ਆਪਣੀ ਪ੍ਰਤਿਭਾ ਅਨੁਕੂਲ, ਸਿਵਾਏ ਆਪਣੀ ਬੌਧਿਕ ਕੁਸ਼ਲਤਾ ਤੇ ਪੰਜ-ਭੂਤੀ ਮਲੰਗੀ ਦੇ, ਕੁਝ ਵੀ ਪ੍ਰਾਪਤ ਨਾ ਕਰ ਸਕਿਆ। ਉਹ ਘਣਾ ਪਦਾਰਥਵਾਦੀ ਸੀ, ਪਰ ਪਦਾਰਥਕ ਸਫਲਤਾ ਤੋਂ ਦੂਰ ਰਿਹਾ। ਉਹਨੇ ਅਨੰਤ ਹਾਰਾਂ/ਨਿਰਾਸ਼ਾਵਾਂ ਜਜ਼ਬ ਕਰ ਰੱਖੀਆਂ ਸਨ। ਇਹ ਗੱਲ ਉਹਦੇ ਚਿਹਰੇ ਅਤੇ ਬੋਲਾਂ ਦੇ ਅੰਦਾਜ਼ ਤੋਂ ਪਤਾ ਲੱਗ ਜਾਂਦੀ ਸੀ। ਉਹਦੀ ਆਵਾਜ਼ ’ਚ, ਚਿਹਰੇ ਵਾਂਗ, ਧਰਤੀ ਵਰਗੀ ਖਰ੍ਹਵੀ ਊਰਜਾ ਸੀ। ਉਹਦੇ ਹਾਵ-ਭਾਵ ਜਾਂ ਬੋਲਾਂ ’ਚ ਦੁਖ-ਸੁਖ ਨਾਲ ਦੋਚਾਰ ਹੁੰਦੇ ਕਿਸਾਨ ਵਰਗੀ ਪੁੱਠ ਸੀ।

ਸੇਖੋਂ ਦੇ ਪਿਤਾ ਨੇ ਪੁੱਤ ਸੰਤ ਸਿੰਘ ਨੂੰ ਬੌਧਿਕ ਤਾਕਤ ਹਾਸਲ ਕਰਨ ਦੇ ਸਮਰਥ ਬਣਾਇਆ। ਪਿਤਾ ਕਹਿੰਦਾ ਹੁੰਦਾ ਸੀ: ‘ਮੈਂ ਤੈਨੂੰ ਸਿਖਰ ਤਕ ਪੜ੍ਹਾਣਾ ਭਾਵੇਂ ਮੇਰੀ ਚਮੜੀ ਹੀ ਕਿਉਂ ਨਾ ਉਧੜ ਜਾਵੇ।’ ਇਸ ਮਨੋਰਥ ਦੀ ਸਿੱਧੀ ਲਈ ਉਹਦਾ ਮਕਾਨ/ਜ਼ਮੀਨ ਸਭ ਗਹਿਣੇ ਪੈ ਚੁੱਕੇ ਸਨ। ਸੇਖੋਂ ਨੇ ਆਪਣੇ ਪਿਤਾ ਨੂੰ ਹਮੇਸ਼ਾਂ ਜ਼ਿੰਦਗੀ ਨਾਲ ਕਸ਼ਮਕਸ਼ ਕਰਦੇ, ਨਿਰਾਸ਼/ਉਦਾਸ ਹੁੰਦੇ, ਕਰਜ਼ਿਆਂ ਹੇਠ ਦੱਬਦੇ, ਢੈਅ ਕੇ ਉੱਠਦੇ, ਨਿਰਾਸ਼ਾ ਦੇ ਟੋਭੇ ’ਚ ਖੁੱਭ ਕੇ ਆਸਵੰਦ ਹੁੰਦੇ ਤੇ ਤਕੜੀਆਂ ਸਕੀਮਾਂ ਦਾ ਜਾਲ ਬੁੱਨਦੇ, ਅੰਤ ਵਿਚ ਹਾਰ ਖਾਂਦੇ ਦੇਖਿਆ ਸੀ। ਪਿਤਾ ਨਾ ਸਮੇਂ ਅਨੁਕੂਲ ਚਤੁਰ ਸੀ ਨਾ ਬਹੁਤਾ ਸਾਹਸੀ ਪਰ ਵਿਪ੍ਰੀਤ ਸਥਿਤੀਆਂ ਨਾਲ ਯੋਧਿਆਂ ਵਾਂਗ ਲੜਿਆ। ਪਿਤਾ ਦੇ ਪਿਤਾ ਨੇ ਪੁੱਤ ਨੂੰ ਏਸ ਯੋਗ ਨਹੀਂ ਬਣਾਇਆ ਸੀ ਕਿ ਉਹ ਤੰਗੀਆਂ ਦੇ ਟੋਭੇ ’ਚੋਂ ਨਿਕਲ ਸਕੇ। ਪੰਜਾਬ ਦਾ ਕਿਸਾਨ ਉਦੋਂ ਹਰ ਪੱਖੋਂ ਪੱਛੜੇਪਣ ਨਾਲ ਵਿਆਹਿਆ ਹੋਇਆ ਸੀ। ਸਿਆਸੀ ਤਾਕਤਹੀਣਤਾ ਉਹਦੀ ਆਤਮਿਕ ਤਾਕਤ ਨੂੰ ਮਿੱਧ ਰਹੀ ਸੀ। ਇਸ ਕਰਕੇ ਹੀ ਉਹ ਜਾਂ ਫੌਜ ’ਚ ਭਰਤੀ ਹੁੰਦਾ ਜਾਂ ਬਦੇਸ਼ਾਂ ’ਚ ਜਾ ਰੁਲਦਾ। ਮਜ਼ਦੂਰੀ ਕਰਦਾ, ਬੇਗਾਨਗੀ ਤੇ ਨਸਲੀ ਵਿਤਕਰੇ ਦੇ ਜੋਖਮ ਸਹਿੰਦਾ। ਅਜਿਹੀ ਸਥਿਤੀ ਅਣਖ ਵਾਲੇ ਮਨੁੱਖ ਅੰਦਰ ਗੁੱਝੀ ਹਿੰਸਾ ਪੈਦਾ ਕਰੀ ਰੱਖਦੀ ਹੈ।

ਸੇਖੋਂ ਨੇ ਉੱਚ-ਵਿਦਿਆ ਪ੍ਰਾਪਤ ਕਰਕੇ ਇਸ ਹਿੰਸਾ ਨੂੰ ਕਾਬੂ ’ਚ ਕਰ ਲਿਆ ਪਰ ਉਹ ਸੁਭਾਵਿਕ ਹੀ ਖਾੜਕੂ ਸੋਚ ਵਾਲਿਆਂ ਦੀ ਧਿਰ ਵਲ ਹੋ ਜਾਂਦਾ ਸੀ। ਗਦਰ ਪਾਰਟੀ, ਭਗਤ ਸਿੰਘ ਅਤੇ ਉਹਦੇ ਸਾਥੀ, ਨਕਸਲੀ ਲਹਿਰ ਅਤੇ ਅੰਤ ਵਿਚ ਖਾਲਿਸਤਾਨੀ ਖਾੜਕੂ ਲਹਿਰ ਨੂੰ ਉਹ ਸਮੇਂ ਸਮੇਂ ਸਨੇਹ-ਭਾਵ ਨਾਲ ਚਿਤਵਦਾ ਰਿਹਾ। ਉਹ ਹਿੰਸਾ ਦੇ ਅਜਿਹੇ ਉਭਾਰ ਪਿੱਛੇ ਕੰਮ ਕਰਦੇ ਸਮਾਜਿਕ/ਸਿਆਸੀ ਅਨਿਆਂ ਵਾਲੇ ਢਾਂਚੇ ਨੂੰ ਸਮਝਣ ਦਾ ਪੱਖ ਲੈਂਦਾ। ਦਰਅਸਲ, ਇਹ ਲਹਿਰਾਂ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ ਦੇ ਕਿਸਾਨੀ ਪਿਛੋਕੜ ਵਾਲੇ ਬੰਦੇ ਦੀ ਬੇਚੈਨੀ ਦਾ ਉਭਾਰ ਸਨ। ਸੇਖੋਂ ਦਾ ਖਾੜਕੂ-ਪੱਖੀ ਅਵਚੇਤਨ ਉਸ ਦੀ ਆਪਣੀ ਸਾਹਸਹੀਣਤਾ ਨਾਲ ਜੁੜਿਆ ਹੋਇਆ ਸੀ। ਉਹ ਹਰ ਤਰ੍ਹਾਂ ਦੀ ਬੇਹਿੰਮਤੀ ਦਾ ਵਿਰੋਧੀ ਸੀ ਤੇ ਹਰ ਤਰਜ਼ ਦੇ ਯੋਧੇ ਦਾ ਪ੍ਰਸੰਸਕ। ਆਪਣੇ ਸਵੈ-ਜੀਵਨੀ-ਨੁਮਾ ਨਾਵਲ *‘ਲਹੂ ਮਿੱਟੀ’* ਵਿਚ ਉਹਨੇ ਆਪਣੇ ਪਿਤਾ ਨੂੰ ਕਾਇਰ ਕਿਸਮ ਦਾ ਸਾਹਸਹੀਣ ਪੁਰਸ਼ ਪੇਸ਼ ਕੀਤਾ ਜੋ ਜ਼ਿੰਦਗੀ ਭਰ ਕਰਜ਼ਿਆਂ ਦੇ ਗੇੜ ਵਿਚ ਫਾਥਾ ਰਿਹਾ। ਪੁੱਤਰ ਸੰਤ ਸਿੰਘ ਦੀਆਂ ਜ਼ਿੰਮੇਵਾਰੀਆਂ ਅਤੇ ਜ਼ਿਹਨੀ ਬੋਝਾਂ ਨੇ ਖਾੜਕੂ ਸਾਹਸ ਦਾ ਦਮਨ ਕਰ ਦਿੱਤਾ ਸੀ। ਇਵੇਂ ਸੇਖੋਂ ਸਾਹਸ/ਸੰਕੋਚ ਦੀ ਦਵੰਦੀ ਗੁੰਝਲ ਵਿਚ ਫਾਥਾ ਹੋਇਆ ਮਨੁੱਖ ਸੀ ਤੇ ਇਸ ਗੁੰਝਲ ਤੋਂ ਛੁਟਕਾਰਾ ਉਹ ਮੁਕਤ ਪੁਰਸ਼ ਵਾਂਗ ਅੰਤਰ-ਵਿਰੋਧ ਹੰਢਾ ਕੇ ਪਾਉਂਦਾ ਰਿਹਾ।

ਉਸ ਦੀ ਪ੍ਰਕ੍ਰਿਤੀ ’ਚ, ਰਵਾਇਤੀ ਸੋਚ ਅਨੁਸਾਰ, ਅਜੀਬ ਕਿਸਮ ਦਾ ਮਨਫ਼ੀ ਪੱਖ ਇਹ ਸੀ ਕਿ ਉਹ ਆਪਣੀ, ਜਾਂ

ਕਿਸੇ ਪਰਾਏ ਦੀ, ਆਸ/ਤਵੱਕੋ ਅਨੁਕੂਲ ਪੂਰਾ ਨਾ ਉਤਰਦਾ। ਸ਼ੁਰੂ ਵਿਚ ਉਹਦੇ ਬਾਪ ਨੂੰ ਜੋ ਉਸ ਤੋਂ ਆਸਾਂ ਸਨ ਉਹਦੇ ਜਿਉਂਦੇ-ਜੀਅ ਪੂਰੀਆਂ ਨਾ ਹੋਈਆਂ। (ਇਸ ਗੱਲ ਦਾ ਗਲਪੀ ਰੂਪ ਉਸਨੇ ਆਪਣੀ ਕਹਾਣੀਆਂ 'ਇਕ ਯੋਧੇ ਦਾ ਚਲਾਣਾ' ਤੇ 'ਇਹੁ ਨਿਦੋਸਾ ਮਾਰੀਐ' ਵਿਚ ਕੀਤਾ।) ਇਹ ਸ਼ਾਇਦ ਇਸ ਕਰਕੇ ਹੋਇਆ ਕਿ ਉਸ ਵਿਚ ਅਲਗਰਜ਼ਾਂ ਵਾਲਾ ਆਪ-ਹੁਦਰਾਪਣ ਸੀ ਜਿਸ ਦਾ ਇਕ ਪਹਿਲੂ ਰਚਨਾਤਮਿਕ ਤੇ ਦੂਜਾ ਨਿਸ਼ੇਧੀ ਸੀ। ਜੋ ਕੋਈ ਵੀ ਉਹਦੇ ਕੋਲੋਂ ਵੱਡੀਆਂ ਆਸਾਂ ਲਗਾਂਦਾ ਉਹਦਾ ਨਿਰਾਸ਼ ਹੋਣਾ ਤੈਅ ਸੀ। ਦੂਜਿਆਂ ਦੀਆਂ ਉਮੀਦਾਂ ਅਨੁਕੂਲ ਵਾਪਰਣ ਦੇ ਉਹ ਸਮਰਥ ਨਹੀਂ ਸੀ ਜਿਵੇਂ ਉਸ ਬਾਰੇ ਇਹ ਗੱਲ ਪੂਰਵ-ਨਿਸ਼ਚਿਤ ਹੋਵੇ। ਕਿਤੇ ਨਾ ਕਿਤੇ ਕੋਈ ਅੜਿੱਕਾ ਪੈ ਜਾਂਦਾ, ਜਾਂ ਤੋਟ ਰਹਿ ਜਾਂਦੀ। ਮਿਸਾਲ ਵਜੋਂ: ਆਪਣੀ ਉਤਕ੍ਰਿਸ਼ਟ ਬੁੱਧੀ ਦੇ ਬਾਵਜੂਦ ਉਹ ਐਮ.ਏ. ਅੰਗ੍ਰੇਜ਼ੀ 'ਚ ਆਸ ਅਨੁਕੂਲ ਅੰਕ ਪ੍ਰਾਪਤ ਨਾ ਕਰ ਸਕਿਆ। ਚੋਖੀਆਂ ਉਮੰਗਾਂ/ਆਸਾਂ ਸਮੇਤ ਉਹ ਵਿਆਹ ਕਰਾਣ ਲਈ ਤਿਆਰ ਹੋਇਆ ਤਾਂ ਜੁ ਉਸ ਦੀ ਆਰਥਿਕਤਾ ਵਿਚ ਸੌਖ ਪੈਦਾ ਹੋ ਜਾਵੇ ਤੇ ਉਸ ਨੂੰ ਯੋਗਤਾ ਅਨੁਕੂਲ ਪਤਨੀ ਮਿਲ ਜਾਵੇ। ਉਹਦੀ ਚੋਣ ਵਿਚ ਮੌਜੂਦ ਤਰੁੱਟੀ ਕਰਕੇ ਉਹਨੂੰ ਦੋਨਾਂ ਪੱਖਾਂ ਤੋਂ ਭਾਂਜ ਪ੍ਰਾਪਤ ਹੋਈ। ਇਹ ਭਾਂਜ ਰੜਕ ਬਣੀ; ਬਾਅਦ ਵਿਚ ਔਰਤ ਦੀ ਸੁੰਦਰਤਾ ਲਈ ਭੁੱਖ ਹਾਬੜੇ ਦੀ ਹੱਦ ਤਕ ਪੁੱਜ ਗਈ। ਬਾਅਦ ਵਿਚ ਉਸ ਨੇ ਦੋ ਵੇਰ ਅਸੈਂਬਲੀ/ਪਾਰਲੀਮੈਂਟ ਦੀ ਚੋਣ ਲੜੀ, ਦੋਵੇਂ ਵੇਰ ਹਾਰ ਖਾਧੀ। ਕਾਲਜ ਦੀ ਨੌਕਰੀ ਛੱਡ ਕੇ, ਜ਼ਿਆਦਾ ਦਮੜੇ ਕਮਾਣ ਦੇ ਇਰਾਦੇ ਨਾਲ, ਉਹ ਕੋਇਟੇ ਠੇਕੇਦਾਰੀ ਦਾ ਕੰਮ ਕਰਨ ਲੱਗਾ, ਚੋਖਾ ਘਾਟਾ ਖਾ ਕੇ ਵਾਪਸ ਪਰਤ ਆਇਆ।

ਜਦੋਂ ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਲੱਗਾ ਤਾਂ ਉੱਥੇ ਦੇ ਅਧਿਕਾਰੀ ਉਹਦੀ ਪ੍ਰਚੰਡ ਬੁੱਧੀ ਦਾ ਸਿੱਕਾ ਮੰਨਦੇ। ਉਸ ਨੂੰ ਕਾਲਜ ਵਿਚ ਰੱਖ ਕੇ ਗੌਰਵ ਮਹਿਸੂਸ ਕਰਦੇ। ਉਹਦੇ ਵਿਚਾਰਾਂ/ਵਿਹਾਰ ਦੀ ਕਦਰ ਵੀ ਕਰਦੇ। ਉਹਦੀ ਸਿੱਖ ਧਰਮ ਦੀ ਪੁਨਰ-ਵਿਆਖਿਆ ਨੂੰ ਸਹਿਣ ਯੋਗ ਸਮਝਦੇ। ਜਦ ਸੇਖੋਂ ਦਾ ਕਦ ਉਹਦੀਆਂ ਸਰਗਰਮੀਆਂ ਕਰਕੇ ਵੱਧਦਾ ਗਿਆ, ਉਹ ਆਪਣੇ ਵਿਚਾਰਾਂ/ਵਿਹਾਰ 'ਚ ਅਮੋੜ ਦਿੱਸਣ ਲੱਗਾ, ਤਾਂ ਕਾਲਜ ਦੇ ਅਧਿਕਾਰੀ, ਮਜੀਠੀਏ ਸਰਦਾਰ, ਉਸ ਨੂੰ ਨੌਕਰੀ ਤੋਂ ਬੇਦਖਲ ਕਰਨ ਦਾ ਨਿਸ਼ਚਾ ਕਰ ਲੈਂਦੇ। ਕੁਝ ਸਾਲਾਂ ਬਾਅਦ ਉਸ ਨੂੰ ਦੋਬਾਰਾ ਬੁਲਾ ਲੈਂਦੇ। ਉਹਨੇ ਤਿੰਨ ਵੇਰ ਇਸ ਕਾਲਜ ਵਿਚ ਨੌਕਰੀ ਕੀਤੀ ਅਤੇ ਤਿੰਨ ਵੇਰ ਹੀ ਬਰਖ਼ਾਸਤ ਹੋਇਆ।

ਨਿਤ ਬਦਲਦੇ ਦਿਨ ਨਾਲ ਉਹਦੀ ਸਵੈ-ਪੱਛਾਣ ਏਨੀ ਗੁੜ੍ਹੀ ਹੋ ਚੁੱਕੀ ਸੀ ਕਿ ਕਈ ਵੇਰ ਇਸ ਪੱਛਾਣ ਦੀ ਖਾਤਰ ਹੀ ਬਹੁਤ ਕੁਝ ਕਰਦਾ। ਉਹਦੀ ਪੱਛਾਣ ਦੀ ਇਕ ਇਕਾਈ, ਜਿਵੇਂ ਉਪਰ ਸੰਕੇਤ ਕੀਤਾ, ਭਾਂਜ ਖਾਣਾ ਸੀ। ਕੋਈ ਭਾਂਜ ਭੇੜ ਜਾਂ ਯੁੱਧ ਬਗੈਰ ਸੰਭਵ ਨਹੀਂ ਹੁੰਦੀ। ਕਈ ਵੇਰ ਕਿਸੇ ਸਥਿਤੀ 'ਚ ਖੁੱਭਣ ਲੱਗੇ ਵੀ ਉਹਨੂੰ ਪਤਾ ਹੁੰਦਾ ਕਿ ਉਹ ਸਫ਼ਲ ਨਹੀਂ ਹੋਵੇਗਾ, ਫਿਰ ਵੀ ਉਹ ਇਸ ਵਿਚ ਛਲਾਂਗ ਲਗਾ ਦੇਂਦਾ। ਇਸ ਦਾ ਕੋਈ ਗਹਿਰਾ ਮਾਨਸਿਕ ਮਤਲਬ ਸੀ। ਇਹ ਮਤਲਬ ਉਸ ਮਨੁੱਖ ਨੂੰ ਹੀ ਪਤਾ ਲੱਗ ਸਕਦਾ ਹੈ ਜੋ ਸੱਟਾਂ/ਜ਼ਖ਼ਮ ਖਾ ਕੇ ਵੀ ਆਪਣੇ ਅਕੀਦੇ ਕਾਇਮ ਰੱਖਦਾ ਹੈ।

ਸੇਖੋਂ ਅੱਧਾ ਕਵੀ ਸੀ। ਲਫਜ਼ਕਾਰੀ ਦੇ ਖੇਤਰ ਵਿਚ ਉਹ ਅੰਗ੍ਰੇਜ਼ੀ 'ਚ ਕਵਿਤਾ ਲਿਖ ਕੇ ਦਾਖਲ ਹੋਇਆ, ਪਰ ਇਹ ਕਵਿਤਾ ਨਾਲੋਂ ਬੌਧਿਕ ਕਵਾਇਦ ਵੱਧ ਸੀ। ਬੌਧਿਕ ਸਕ੍ਰੀਅਤਾ ਕਰਕੇ ਕਾਵਿ-ਮਨ ਦਾ ਦਮਨ ਹੋ ਚੁੱਕਾ ਸੀ। ਇਸ ਦਾ ਪੰਜਾਬੀ ਸਾਹਿਤ ਨੂੰ ਫ਼ਾਇਦਾ ਹੋਇਆ। ਪੰਜਾਬੀ ਸਾਹਿਤਕ ਪਿੜ ਨੂੰ ਉਸ ਜਿਹੇ ਰਚਨਾਤਮਿਕ ਚਿੰਤਨ ਵਾਲੇ ਲਫਜ਼ਕਾਰ ਦੀ ਹੀ ਲੋੜ ਸੀ, ਉਸ ਵਿਚਲੇ ਅਧੂਰੇ ਕਵੀ ਦੀ ਨਹੀਂ। ਉਹ ਕਵੀ ਵੀ ਕੋਈ ਬਹੁਤਾ ਚੰਗਾ ਨਹੀਂ ਸੀ। ਉਹਦਾ ਹਾਲ ਅੰਗ੍ਰੇਜ਼ੀ ਨਾਟਕਕਾਰ ਜੌਰਜ ਬਰਨਰਡ ਸ਼ਾਅ ਵਰਗਾ ਸੀ ਜੋ ਸਿਖਰ ਦਾ ਦਲੀਲਬਾਜ਼ ਸੀ ਤੇ ਜਿਸਦੇ ਹਿਰਦੇ ਵਿਚ ਕਵਿਤਾ ਵਰਗੀਆਂ ਇਕਾਈਆਂ ਮੌਜੂਦ ਸਨ, ਜਿਸ ਬਾਰੇ ਟੀ.ਐਸ.ਐਲੀਅਟ ਨੇ ਕਿਹਾ ਕਿ ਸ਼ਾਅ ਵਿਚਲਾ ਕਵੀ ਪੈਦਾ ਹੋਣ ਤੋਂ ਪਹਿਲਾਂ ਚਿੱਤ ਹੋ ਚੁੱਕਾ ਹੈ। ਇਸ ਦਾ ਅੰਗ੍ਰੇਜ਼ੀ ਸਾਹਿਤ ਨੂੰ ਬਹੁਤ ਫ਼ਾਇਦਾ ਹੋਇਆ, ਜਿਵੇਂ ਸੇਖੋਂ ਦਾ ਕਵਿਤਾ ਦੇ ਸਿਵਾ ਹੋਰ ਸਭ ਵਿਧਾਵਾਂ 'ਚ ਲਿਖਣ ਨਾਲ ਪੰਜਾਬੀ ਸਾਹਿਤ ਵਿਚ ਵੱਢਵਾਂ ਮੋੜ ਆਇਆ।

ਉਹਦੀ ਹਰ ਮੁੱਢਲੀ ਰਚਨਾ ਪ੍ਰੌਢ ਚਿੰਤਨ ਦੀ ਵੰਨਗੀ ਵਾਂਗ ਉਦੈ ਹੋਈ। ਕਹਾਣੀਆਂ ਦੀ ਪ੍ਰਥਮ ਪੁਸਤਕ *'ਸਮਾਚਾਰ'* 'ਚ ਦੋ ਕਹਾਣੀਆਂ 'ਅਣੋਖ ਸਿੰਘ ਦੀ ਵਹੁਟੀ' ਤੇ 'ਪੇਮੀ ਦੇ ਨਿਆਣੇ' ਤਕਨੀਕ ਤੇ ਸੰਜਮੀ ਭਾਸ਼ਕ ਸ਼ੈਲੀ ਦੇ ਪੱਖੋਂ ਕਲਾਸਕੀ ਮਹੱਤਵ ਵਾਲੀਆਂ ਹਨ। ਇਕਾਂਗੀ ਨਾਟਕਾਂ ਦੀ ਕਿਤਾਬ *'ਛੇਅ ਘਰ'* ਚਿੰਤਨੀ ਨਾਟ ਬਿਰਤਾਂਤ ਦਾ ਉੱਤਮ ਨਮੂਨਾ ਹੈ। ਅਚਿੰਤੇ ਹੀ ਸੇਖੋਂ ਨਾਲ ਪੰਜਾਬੀ ਨਾਟ-ਬਿਰਤਾਂਤ ਵਿਚ ਵਿਚਾਰਾਂ ਦੀ ਪੁਖਤਗੀ ਪ੍ਰਸਤੁਤ ਹੋਈ ਜਿਵੇਂ ਬਰਨਰਡ ਸ਼ਾਅ ਨਾਲ ਅੰਗ੍ਰੇਜ਼ੀ ਤੇ ਉਸ ਤੋਂ ਪਹਿਲਾਂ ਇਬਸਨ ਦੇ ਉਦੈ ਹੋਣ ਨਾਲ ਯੂਰਪੀ ਨਾਟ ਵਿਚ ਪੈਦਾ ਹੋਈ। ਚਾਲ੍ਹੀਵੇਂ ਦਹਾਕੇ 'ਚ ਰਚਿਆ ਪੂਰਾ ਨਾਟਕ *'ਕਲਾਕਾਰ'* ਤੇ ਨਾਵਲ *'ਲਹੂ ਮਿੱਟੀ'* ਚਿੰਤਨੀ ਸ਼ੈਲੀ ਪੱਖੋਂ ਬੇਮਿਸਾਲ ਰਚਨਾਵਾਂ ਹਨ। ਕੋਈ ਵੀ ਹੋਰ ਪੰਜਾਬੀ ਲਫਜ਼ਕਾਰ ਉਸ ਜਿੰਨੀ ਬੌਧਿਕ ਨਿਪੁੰਨਤਾ/ਪ੍ਰਤਿਬੱਧਤਾ ਤਕ ਨਹੀਂ ਪੁੱਜ ਸਕਿਆ।

ਜਦ ਸੇਖੋਂ ਆਪਣੀਆਂ ਲਿਖਤਾਂ ਰਾਹੀਂ ਅਗਰ-ਭੂਮੀ 'ਚ ਆਇਆ, ਪੰਜਾਬ ਵਿਚ ਜ਼ਿਆਦਾ ਪ੍ਰਵੀਨ/ਜ਼ਹੀਨ ਪੰਜਾਬੀ ਬੰਦਾ ਪੰਜਾਬੀ ਭਾਸ਼ਾ ਨੂੰ ਹਿਕਾਰਤ ਨਾਲ ਦੇਖਣ ਦਾ ਆਦੀ ਹੋ ਚੁੱਕਾ ਸੀ। ਸਾਹਸਹੀਣ ਸਭਿਆਚਾਰਕ ਚਿਤਰਪਟ 'ਚ ਉਹ ਵੀਹਵੀਂ ਸਦੀ ਦੇ ਮੱਧਾਂਤਰ ਸਮੇਂ ਵਿਸ਼ਵ ਦ੍ਰਿਸ਼ਟੀ ਤੇ ਇਤਿਹਾਸਕ ਚਿੰਤਨ ਵਾਲਾ ਪੰਜਾਬੀ ਦਾ ਇਕੋ-ਇਕ ਲਫਜ਼ਕਾਰ ਸੀ। ਹੋਰ ਜੋ ਸਥਾਪਿਤ/ਸਿਰਮੌਰ ਤੇ ਨਿਰੰਤਰ ਲਿਖਣ ਵਾਲੇ ਲਫਜ਼ਕਾਰ ਸਨ, ਜਿਵੇਂ ਭਾਈ ਵੀਰ ਸਿੰਘ, ਗੁਰਬਖਸ਼ ਸਿੰਘ ਤੇ ਨਾਨਕ ਸਿੰਘ, ਉਹ ਸਮਾਜਿਕ/ਇਤਿਹਾਸਕ ਦ੍ਰਿਸ਼ਟੀ ਤੋਂ ਸਮਾਂ/ਸਪੇਸ ਦਾ ਪ੍ਰਤੱਖਣ ਕਰਨ ਦੇ ਅਸਮਰਥ ਸਨ; ਉਨ੍ਹਾਂ ਦੀ ਬੌਧਿਕ ਸੀਮਾ ਭਾਸ਼ਕ ਸ਼ੈਲੀ ਤੋਂ ਵੀ ਪ੍ਰਗਟ ਹੁੰਦੀ ਸੀ। ਉਨ੍ਹਾਂ ਕੋਲ ਭਾਵੁਕ/ਰੁਮਾਂਸੀ/ਆਦਰਸ਼ੀ ਲਫਜ਼ਾਂ ਦਾ ਖਲਾਰ ਪੈਦਾ ਕਰਕੇ ਪਾਠਕਾਂ ਦੇ ਮਨੋਵੇਗਾਂ ਨੂੰ ਟੁੰਬਨ ਦਾ ਕਸਬ ਸੀ। ਉਨ੍ਹਾਂ ਦੇ ਚਿੰਤਨ/ਫਿਕਰਾਂ ਦੀ ਸਰਲਤਾ ਅਨੁਕੂਲ ਹੀ ਉਨ੍ਹਾਂ ਦੀ ਭਾਸ਼ਕ ਸ਼ੈਲੀ ਇਜਾਦ ਹੋਈ। ਸੇਖੋਂ ਦਾ ਅਨੂਠਾਪਣ ਉਹਦੀ ਲਫਜ਼ਕਾਰੀ ਦਾ ਗੈਰ-ਰੁਮਾਂਸੀ/ਗੈਰ ਆਦਰਸ਼ੀ ਹੋਣ ਕਰਕੇ ਹੈ।

ਮੈਂ ਪਹਿਲੀ ਵੇਰ ਸੰਤ ਸਿੰਘ ਸੇਖੋਂ ਨੂੰ 1958 ਦੀ ਮਈ ਦੇ ਪਹਿਲੇ ਹਫਤੇ ਅੰਮ੍ਰਿਤਸਰ 'ਚ ਪੰਜਾਬੀ ਸਾਹਿਤ ਅਕਾਦਮੀ ਦੀ ਚੌਥੀ ਕਾਨਫਰੰਸ ਸਮੇਂ ਦੇਖਿਆ। ਉਦੋਂ ਭਾਈ ਜੋਧ ਸਿੰਘ ਅਕਾਦਮੀ ਦਾ ਪ੍ਰਧਾਨ ਸੀ ਤੇ ਹਰੇਕ ਅਹਮ ਲੇਖਕ ਇਹੋ ਜਿਹੀਆਂ ਕਾਨਫਰੰਸਾਂ 'ਚ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦਾ ਹੈ। ਉਹ ਸਮਾਂ ਨਵੇਂ ਉਸਾਰਾਂ/ਆਸ਼ਾਵਾਂ ਨਾਲ ਭਰਪੂਰ ਸੀ ਤੇ ਸਮਾਜਵਾਦੀ ਵਿਚਾਰਧਾਰਾ ਦੀ ਚੋਖੀ ਚੜ੍ਹਤ ਸੀ। ਪੰਜਾਬੀ ਲੇਖਕ ਇਸ ਗੱਲੋਂ ਅਨੰਦਿਤ ਸਨ ਪਈ ਪੰਜਾਬੀ ਜਿਸ ਨੂੰ ਸ਼ਹਿਰੀ ਹਿੰਦੂ/ਸਿੱਖ ਗੰਵਾਰਾਂ ਦੀ ਬੋਲੀ ਕਹਿੰਦੇ ਤੇ ਹਿੰਦੀ/ਅੰਗ੍ਰੇਜ਼ੀ ਵਲ ਮੂੰਹ ਕਰੀ ਬੈਠੇ ਸਨ, ਹੁਣ ਉੱਚੇ ਜ਼ਿਕਰਾਂ 'ਚ ਆਉਣ ਲੱਗ ਪਈ ਸੀ। ਪਿਛਲੇ ਵਰ੍ਹੇ ਹੋਈ ਨਵੀਂ ਦਿੱਲੀ ਦੀ ਕਾਨਫਰੰਸ ਦਾ ਉਦਘਾਟਨ ਜਵਾਹਰਲਾਲ ਨਹਿਰੂ ਨੇ ਕੀਤਾ ਸੀ ਤੇ ਅਗਲੇ ਵਰ੍ਹੇ ਜੋ ਕਾਨਫਰੰਸ ਚੰਡੀਗੜ੍ਹ 'ਚ ਹੋਈ ਉਸ ਵਿਚ ਪਰਤਾਪ ਸਿੰਘ ਕੈਰੋਂ ਹਾਜ਼ਰ ਹੋਇਆ। ਉਦੋਂ ਵੀ, ਹੁਣ ਵਾਂਗ, ਪੰਜਾਬੀ ਲੇਖਕਾਂ ਨੂੰ ਮੰਤਰੀ ਦਿਸ ਪੈਂਦੇ ਤਾਂ ਉਨ੍ਹਾਂ ਦਾ ਚਿੱਤ ਉਛਾਲੇ ਖਾਣ ਲੱਗ ਪੈਂਦਾ।

ਅੰਮ੍ਰਿਤਸਰ ਦੀ ਕਾਨਫਰੰਸ ਵਿਚ ਇਕ ਦੋ ਕੇਂਦਰੀ ਮੰਤਰੀਆਂ ਸਮੇਤ ਸਿਰਮੌਰ ਲੇਖਕ ਪੁੱਜੇ : ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਮੋਹਨ ਸਿੰਘ ਆਦਿ। ਅਤਰ ਸਿੰਘ ਦੋ ਕੁ ਸਾਲ ਪਹਿਲਾਂ ਐਮ.ਏ. ਕਰਕੇ ਵਿਦਵਤਾ ਦੇ ਅਖਾੜੇ ਦਾ ਮੁਹਤਬਰ ਬਣ ਚੁੱਕਾ ਸੀ। ਉਹਨੇ ਕਾਨਫਰੰਸ ਦੇ ਸਾਹਿਤਕ ਸੈਸ਼ਨ ਦਾ ਮੁੱਖ ਪਰਚਾ 'ਸਾਡਾ ਸਾਹਿਤਕ ਵਿਰਸਾ' ਪੜ੍ਹਿਆ। ਕਵੀ ਦਰਬਾਰ ਦੀ ਪ੍ਰਧਾਨਗੀ ਲਈ ਤਦੋਂ ਸੁਨੱਖੀ ਦਿੱਖ ਵਾਲੀ ਕਵਿਤ੍ਰੀ ਅੰਮ੍ਰਿਤਾ ਪ੍ਰੀਤਮ ਨੂੰ ਭਾਈ ਜੋਧ ਸਿੰਘ ਨੇ ਚਿੱਠੀ ਲਿਖੀ। 39 ਸਾਲ ਦੀ ਅੰਮ੍ਰਿਤਾ ਨੇ 77 ਸਾਲ ਦੇ ਭਾਈ ਸਾਹਿਬ ਨੂੰ ਆਦਰ ਨਾਲ ਅੰਗ੍ਰੇਜ਼ੀ ਵਿਚ ਟਾਈਪ ਕੀਤਾ ਜੁਆਬ ਭੇਜਿਆ ਕਿ ਉਹ ਆਮ ਕਰਕੇ ਕਵੀ ਦਰਬਾਰਾਂ ਵਿਚ ਨਹੀਂ ਜਾਂਦੀ ਪਰ ਉਨ੍ਹਾਂ ਦਾ ਕਿਹਾ ਮੋੜ ਨਹੀਂ ਸਕਦੀ। ਉਹ ਆਪਣੇ ਪਤੀ ਪ੍ਰੀਤਮ ਸਿੰਘ ਨਾਲ ਆਈ। ਪੰਡਾਲ 'ਚ ਪੁੱਜੀ ਤਾਂ ਉਸ ਵੇਲੇ ਕਾਨਫਰੰਸ ਦਾ ਸੈਸ਼ਨ ਜਾਰੀ ਸੀ; ਕੇਂਦਰ ਦਾ ਇਕ ਮੰਤਰੀ ਭਾਸ਼ਣ ਕਰ ਰਿਹਾ ਸੀ। ਸੰਤ ਸਿੰਘ ਸੇਖੋਂ ਤੇ ਮੋਹਨ ਸਿੰਘ ਪਹਿਲੀ ਪਾਲ 'ਚ ਬੈਠੇ ਸਨ। ਸੇਖੋਂ ਨੇ ਤੁਰੰਤ ਪਸੀਨੇ ਨਾਲ ਚਮਕਾਂ ਮਾਰਦੇ ਚਿਹਰੇ ਵਾਲੀ ਅੰਮ੍ਰਿਤਾ ਨੂੰ ਆਪਣੇ ਨਾਲ ਬਿਠਾ ਲਿਆ।

ਇਹ ਉਹ ਸਮਾਂ ਸੀ ਜਦ ਗੁਰਬਖਸ਼ ਸਿੰਘ/ਨਾਨਕ ਸਿੰਘ ਤੋਂ ਬਾਅਦ ਸੰਤ ਸਿੰਘ ਸੇਖੋਂ ਦੇ ਨਾਂਅ ਦਾ ਹੀ ਡੰਕਾ ਵੱਜਦਾ ਸੀ। ਗਾਰਗੀ, ਨਵਤੇਜ ਆਦਿ ਯੁਵਕ ਪੀੜ੍ਹੀ ਦੇ ਨੁਮਾਇੰਦੇ ਮੰਨੇ ਜਾਂਦੇ। ਅਜੇ ਸੰਤੋਖ ਸਿੰਘ ਧੀਰ ਬਹੁਤਾ ਜ਼ਿਕਰ ਵਿਚ ਨਹੀਂ ਸੀ। ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਵਾਂਗ, ਸਰਕਾਰੀ ਨੌਕਰੀ 'ਚ ਮਸਰੂਫ ਰਹਿੰਦਾ ਸੀ। ਹਰਿਭਜਨ ਸਿੰਘ ਦਾ ਦਿੱਲੀ 'ਚ ਥੋੜ੍ਹਾ/ਬਹੁਤ ਜ਼ਿਕਰ ਸੀ। ਜਸਵੰਤ ਸਿੰਘ ਕੰਵਲ ਤੇ ਮਹਿੰਦਰ ਸਿੰਘ ਸਰਨਾ ਦੀ ਗੱਲ ਜ਼ਿਆਦਾ ਹੁੰਦੀ ਸੀ। ਸ਼ਿਵ ਕੁਮਾਰ ਨੇ ਅਜੇ ਲਿਖਣਾ/ਦਿੱਖਣਾ ਸ਼ੁਰੂ ਕਰਨਾ ਹੀ ਸੀ। ਦਲੀਪ ਕੌਰ ਟਿਵਾਣਾ ਨੂੰ ਕੋਈ ਜਾਣਦਾ ਨਹੀਂ ਸੀ ਅਤੇ ਗੁਲਜ਼ਾਰ ਸਿੰਘ ਸੰਧੂ ਦਾ ਦਿੱਲੀ ਦੇ ਕਰੋਲ ਬਾਗ ਤੋਂ ਅਗਾਂਹ ਕਿਸੇ ਨੇ ਨਾਂਅ ਨਹੀਂ ਸੀ ਸੁਣਿਆ। ਪ੍ਰਿੰਸੀਪਲ ਤੇਜਾ ਸਿੰਘ ਮਹਿੰਦਰਾ ਕਾਲਜ ਦੀ ਪ੍ਰਿੰਸੀਪਲੀ ਤੋਂ ਰਿਟਾਇਰ ਹੋ ਕੇ ਪਟਿਆਲਾ ਵਿਚ ਹੀ ਰਹਿਣ ਲੱਗ ਪਿਆ ਸੀ ਤੇ ਪ੍ਰੋਫੈਸਰ ਪ੍ਰੀਤਮ ਸਿੰਘ ਲੁਧਿਆਣੇ ਸਰਕਾਰੀ ਕਾਲਜ ਵਿਚ ਪੰਜਾਬੀ ਪੜ੍ਹਾਂਦਾ ਸੀ। ਉਹਦੀ ਵਿਦਵਤਾ ਅਜੇ ਨਸ਼ਰ ਨਹੀਂ ਸੀ ਹੋਈ, ਭਾਵੇਂ ਉਹ ਕਾਨਫਰੰਸ ਵਿਚ ਹਾਜ਼ਰ ਸੀ। ਆਲੋਚਨਾ ਦੇ ਖੇਤਰ ਵਿਚ ਅਤਰ ਸਿੰਘ ਦੀ ਆਰੰਭਿਕ ਸਿਰਕੱਢਤਾ ਦਾ ਜ਼ਿਕਰ ਸੀ ਅਤੇ ਵਿਸ਼ਵਨਾਥ ਤਿਵਾੜੀ ਦੇ ਲੈੱਗ-ਵਰਕ ਟੁੱਲਿਆ ਦੀ ਸ਼ੁਰੂਆਤ ਬਹੁਤ ਦੇਰ ਬਾਅਦ ਹੋਣੀ ਸੀ। ਅੰਮ੍ਰਿਤਸਰ ਵਾਲੀ ਕਾਨਫਰੰਸ ਦੇ ਦੂਜੇ ਦਿਨ ਦਿੱਲੀ ਤੋਂ ਨਵਯੁੱਗ ਪ੍ਰੈੱਸ ਵਾਲਾ ਪ੍ਰੀਤਮ ਸਿੰਘ ਭਾਪਾ *'ਆਰਸੀ'* ਦਾ ਪਹਿਲਾਂ ਅੰਕ ਰਿਲੀਜ਼ ਕਰਨ ਲਈ ਲਿਆਇਆ ਪਰ ਇਹ ਘਟਨਾ ਸਮੁੱਚੀ ਗਹਿਮਾ-ਗਹਿਮੀ 'ਚ ਉੱਘੜ ਕੇ ਸਾਹਮਣੇ ਨਹੀਂ ਸੀ ਆਈ। ਅਜੀਤ ਕੌਰ ਕਿਤੇ ਵੀ ਨਹੀਂ ਸੀ।

ਉਦੋਂ ਗੁਰਬਖਸ਼ ਸਿੰਘ ਦਾ ਰੁਮਾਂਸੀ/ਆਦਰਸ਼ੀ ਮੱਠ ਸਿਖਰ 'ਤੇ ਹੁੰਦੇ ਹੋਏ ਵੀ ਢਿਲਾਣ ਵਲ ਰਿੜ੍ਹ ਰਿਹਾ ਸੀ। ਪ੍ਰੀਤ ਦੇ

ਨਾਂਅ 'ਤੇ ਉਹਦੀਆਂ ਜੁਗਤਾਂ ਦੀ ਨੁਕਤਾਚੀਨੀ ਵੱਧ ਰਹੀ ਸੀ। ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਜ਼ਿਆਦਾ ਪੜ੍ਹੇ ਜਾਂਦੇ ਸਨ। ਇਨ੍ਹਾਂ ਸਭਨਾਂ ਦੇ ਮੁਕਾਬਲੇ ਸੇਖੋਂ ਦੀ ਬੁਲੰਦੀ ਦੋ ਗੱਲਾਂ ਕਰਕੇ ਸੀ, ਇਕ, ਉਹਦੀ ਬੁਧੀਮਾਨਤਾ ਤੇ ਵਿਸ਼ਾਲ ਅਧਿਅਨ ਅਤੇ ਅੰਗਰੇਜ਼ੀ ਵਿਚ ਲਿਖਣ ਦੀ ਨਿਪੁੰਨਤਾ ਕਰਕੇ; ਦੂਜਾ ਪ੍ਰਗਤੀਵਾਦੀ ਸਾਹਿਤ ਚਿੰਤਕ/ਆਲੋਚਕ ਹੋਣ ਕਰਕੇ। ਉਹ ਦੌਰ ਅਜਿਹਾ ਸੀ ਜਿਸ ਵਿਚ ਸਮਾਜਵਾਦ ਦੇ ਆਰਪਾਰ ਦੀ ਸੋਚ ਰੱਖਣਾ ਕੁਫ਼ਰ ਸੀ।

ਤਦ ਸੇਖੋਂ ਬਗੈਰ ਹਰ ਜ਼ਿਕਰ ਅਧੂਰਾ ਸੀ। ਉਸਦੇ ਵਿਚਾਰਧਾਰਕ ਸਾਹਿਤ ਚਿੰਤਨ ਦੇ ਸਰਵ-ਪ੍ਰਵਾਨਿਤ ਹੋਣ ਦਾ ਕਾਰਣ ਪੰਜਾਬੀ 'ਚ ਬੌਧਿਕ ਸੰਵਾਦ ਅਤੇ ਵਿਸ਼ਵ ਚਿੰਤਨ ਨਾਲ ਪਰਿਚੈ ਦੀ ਉੱਕਾ ਅਨਹੋਂਦ ਸੀ। ਸ਼ੁਕਰ ਇਸ ਗੱਲ ਦਾ ਸੀ ਕਿ ਕਿੱਸਿਆਂ ਦਾ ਦੌਰ ਨਹੀਂ ਸੀ ਰਿਹਾ ਤੇ ਭਾਈ ਵੀਰ ਸਿੰਘ ਨੂੰ ਸਿਰਫ਼ ਸ਼ਹਿਰੀ ਅਮੀਰ ਸਿੱਖ ਸਟਡੀ ਸਰਕਲ ਬਣਾ ਕੇ ਪੜ੍ਹ/ਵਿਚਾਰ ਰਹੇ ਸਨ। ਤਦ ਨਿੱਕੇ ਜਿਹੇ ਪਰ ਖਾਲੀ ਖੇਮੇ 'ਚ ਹਰੇਕ ਲਫਜ਼-ਘਸੀਟ ਨਿੱਕਾ ਮੋਟਾ ਪਹਿਲਵਾਨ ਸੀ। ਕਿਸ਼ਨ ਸਿੰਘ ਨੇ ਲਿਖਣਾ ਸ਼ੁਰੂ ਕਰਕੇ ਸਿਰਫ ਸਮਾਜਵਾਦੀ ਵਿਚਾਰਧਾਰਾ 'ਤੇ ਆਪਣਾ ਫੋਕਸ ਟਿਕਾਇਆ ਹੋਇਆ ਸੀ। ਉਸ ਲਈ ਸਾਹਿਤ ਦਾ ਮਾਮਲਾ ਦੋ-ਟੁੱਕ ਸੀ : ਜਾਂ ਇਹ ਸਰਵ ਕਲਿਆਣ ਵਾਲਾ, ਆਮ ਬੰਦੇ ਨੂੰ ਨਿਜ਼ਾਤ ਦਿਵਾਣ ਵਾਲਾ ਹੁੰਦਾ ਹੈ, ਜਾਂ ਨਹੀਂ ਹੁੰਦਾ ਹੈ। ਪਹਿਲੀ ਕਿਸਮ ਦਾ ਸਾਹਿਤ ਬੁਲੰਦ ਹੈ, ਦੂਜੀ ਕਿਸਮ ਦਾ ਉੱਕਾ ਨਕਾਰਾ ਹੈ। ਇਸ ਸਰਵ-ਸਪਾਟ ਦ੍ਰਿਸ਼ਟੀ ਤੋਂ ਉਸ ਨੇ ਸੇਖੋਂ ਦੇ ਨਾਟਕਾਂ, *'ਕਲਾਕਾਰ'* ਤੇ *'ਵਾਰਿਸ'* ਦੀ ਚੀਰਫਾੜ ਕੀਤੀ। ਇਹ ਦੋਵੇਂ ਲੇਖ ਪੰਜਾਬੀ ਸਾਹਿਤ ਅਕਾਦਮੀ ਦੇ ਰਸਾਲੇ *'ਆਲੋਚਨਾ'* ਵਿਚ ਛੱਪੇ। ਕਿਸ਼ਨ ਸਿੰਘ ਦਾ ਲਹਿਜ਼ਾ ਆਕ੍ਰਮਣੀ ਸੀ ਜਿਵੇਂ ਉਹ ਬਿਨਾਂ ਸੇਖੋਂ ਨੂੰ ਢਾਏ ਅਖਾੜੇ ਵਿਚ ਦਾਖਲ ਨਾ ਹੋ ਸਕਦਾ ਹੋਵੇ। ਉਹਨੇ ਸੇਖੋਂ ਦੀ ਸਾਹਿਤ ਵਿਚ ਸਮਾਜਵਾਦੀ ਦ੍ਰਿਸ਼ਟੀ 'ਚ ਤਰੁੱਟੀਆਂ ਤੇ ਖੋਟ ਲੱਭੇ ਜਿਵੇਂ ਕੋਈ ਡਾਕਟਰ ਨੂੰ ਕਹੇ ਕਿ ਹੋਰਾਂ ਨੂੰ ਦਵਾਈ ਦੇਣ ਤੋਂ ਪਹਿਲਾਂ ਡਾਕਟਰ ਆਪਣੀ ਬੀਮਾਰੀ ਦਾ ਇਲਾਜ ਕਰੇ। ਕਿਸ਼ਨ ਸਿੰਘ ਸਿਰਫ਼ ਦੋ ਲੇਖਾਂ ਦੇ ਜ਼ਰੀਏ ਮਸ਼ਹੂਰ ਹੋ ਗਿਆ ਤੇ ਹੋਇਆ ਵੀ ਸੰਤ ਸਿੰਘ ਸੇਖੋਂ ਉੱਤੇ ਬੇਸੁੱਧ ਅਟੈਕ ਕਰਕੇ। ਇਹ ਸਾਹਿਤ ਆਲੋਚਨਾ ਨਹੀਂ ਸੀ, ਸਮਾਜ ਸ਼ਾਸਤ੍ਰੀ ਦ੍ਰਿਸ਼ਟੀ ਤੋਂ ਵਿਚਾਰਾਂ ਦਾ ਘਮਸਾਣ ਸੀ।

1951 ਵਿਚ ਜਦ ਸੇਖੋਂ ਦਾ ਮੇਲ ਪਹਿਲੀ ਵੇਰ ਨਰਿੰਦਰਪਾਲ ਤੇ ਉਹਦੀ ਪਤਨੀ ਪ੍ਰਭਜੋਤ ਨਾਲ ਹੋਇਆ ਤਾਂ ਉਹ ਪ੍ਰਭਜੋਤ ਦੀ ਖੂਬਸੂਰਤੀ ਦੇਖ ਕੇ, ਆਪਣੀ ਸਵੈ-ਜੀਵਨੀ ਅਨੁਸਾਰ, ਪਸਤ ਹੋ ਗਿਆ। ਉਹਨੇ ਆਪਣੀਆਂ ਧੀਆਂ ਦੇ ਨਾਂਵਾਂ ਨਾਲ 'ਜੋਤ' ਸ਼ਬਦ ਜੋੜ ਕੇ ਆਪਣਾ ਮੋਹ-ਭਾਵ ਪ੍ਰਗਟ ਕੀਤਾ। ਜਦ 1958 'ਚ ਤਾਸ਼ਕੰਦ ਤੋਂ ਵਾਪਿਸ ਪਰਤਿਆ ਤਾਂ ਸਿਰ ਸੁੱਟ ਕੇ ਪ੍ਰਭਜੋਤ ਦੀਆਂ ਕਵਿਤਾਵਾਂ ਦਾ ਅੰਗ੍ਰਜ਼ੀ ਅਨੁਵਾਦ ਕਰਨ ਲੱਗ ਪਿਆ। ਬਾਅਦ ਵਿਚ ਜੋ ਕੁਝ ਵਾਪਰਿਆ ਉਹ ਸਭ ਜਾਣਦੇ ਹਨ। ਇਸ ਨਾਲ ਪੰਜਾਬੀ ਸਾਹਿਤਕ ਫਿਜ਼ਾ 'ਚ ਘਪਲੇਬਾਜ਼ੀ ਦਾ ਆਰੰਭ ਹੋ ਗਿਆ। ਕੋਈ ਨਾ ਕੋਈ ਖੱਬੀਖਾਨ ਅੱਜ ਵੀ ਕਿਸੇ ਪ੍ਰਭਜੋਤ ਨੂੰ ਸਿਖਰ 'ਤੇ ਪਹੁੰਚਾਣ ਜਾਂ ਪੁਰਸਕਾਰ ਦਿਵਾਣ ਲਈ ਤਿਆਰ/ਤਤਪਰ ਹੋਇਆ ਰਹਿੰਦਾ ਹੈ। ਨਿੱਜੀ ਰਿਸ਼ਤੇ ਦੀ ਕ੍ਰੀੜਾ ਦਾ ਸਾਹਿਤ ਸਭਿਆਚਾਰ 'ਚ ਉੱਛਾਲ ਬੇਹੂਦਾ ਹੀ ਨਹੀਂ, ਰਿਸ਼ਤੇ ਦਾ ਬਾਜ਼ਾਰੀਕਰਨ ਵੀ ਹੈ। ਸੇਖੋਂ ਦੇ ਪ੍ਰਸੰਗ 'ਚ ਸੁਆਲ ਅੱਜ ਵੀ ਕਾਇਮ ਹੈ : ਕੀ ਇਹ ਲਟਬੌਰਾਪਣ ਸੀ ਜਾਂ ਸਾਹਿਤਕ ਅਨਾਚਾਰ? ਜਾਂ ਕੁਝ ਹੋਰ?

ਸੇਖੋਂ ਸੀ ਕਿ ਉਹ ਲਾਲਸਾ ਦੀ ਪੂਰਤੀ ਲਈ ਸੰਜਮ/ਦਸਤੂਰ ਦੇ ਹੱਦਬੰਨੇ ਉਲੰਘਣ ਤੋਂ ਪ੍ਰਹੇਜ਼ ਨਾ ਕਰਦਾ। ਉਹਦੀ ਬੇਪ੍ਰਵਾਹੀ ਦਾ ਆਪਣਾ ਕਮਾਲ ਸੀ। ਅਮਰੀਕਨ ਔਰਤ ਸੋਨੀਆ ਦੇ ਪ੍ਰੇਮ-ਚੱਕਰ 'ਚ ਉਸ ਅਤੇ ਸੋਨੀਆ ਦੇ ਪਤੀ ਦਿਓਲ ਵਿਚਕਾਰ ਲਾਹੌਰ 'ਚ ਮਾਰੋ-ਮਾਰੀ ਦਾ ਅਜਿਹਾ ਦ੍ਰਿਸ਼ ਉੱਸਰਿਆ ਕਿ ਸੇਖੋਂ ਜਾਨ ਬਚਾਉਣ ਲਈ ਅੱਗੇ ਅੱਗੇ ਤੇ ਸੋਨੀਆ ਦਾ ਪਤੀ ਦਿਓਲ ਖੂਨੀ ਅੱਖਾਂ ਨਾਲ ਲੋਹਾ-ਲਾਖਾ ਹੋਇਆ ਪਿੱਛੇ ਪਿੱਛੇ। ਇਸ ਨਜ਼ਾਰੇ ਦਾ ਬਿਆਨ ਸੇਖੋਂ ਦੀ ਸਵੈ-ਜੀਵਨੀ *'ਉਮਰ ਦਾ ਪੰਧ'* ਵਿਚ ਪੜ੍ਹ ਕੇ ਉਹਦੇ ਸਾਹਸ ਬਾਰੇ ਹੈਰਾਨੀ ਹੁੰਦੀ ਹੈ।

ਜਿਵੇਂ ਕਿਹਾ, ਸੇਖੋਂ ਆਪਣੇ ਆਪ ਵਿਚ ਇਕ ਸਥਾਪਨਾ ਬਣ ਚੁੱਕਾ ਸੀ ਪਰ ਇਹ ਸਥਾਪਨਾ ਸਿਆਸੀ ਤਾਕਤ ਵਾਲੇ ਪਿੜ ਤੋਂ ਵਿਪ੍ਰੀਤ ਤਰਜ਼ ਦੀ ਸੀ। ਸਿਆਸੀ ਤਾਕਤ ਵਾਲੇ ਪਿੜ 'ਚ ਲਾਹੌਰ ਤੋਂ ਖਦੇੜੇ ਦਿੱਲੀ 'ਚ ਪੁੱਜੇ ਨਿੱਕੇ/ਵੱਡੇ ਲੇਖਕ ਪ੍ਰਸਥਾਨ ਕਰ ਰਹੇ ਸਨ। ਇਸ ਦਾ ਸਿੱਟਾ ਪੁਰਸਕਾਰਾਂ/ਆਭੂਸ਼ਨਾਂ ਦੇ ਮਾਮਲੇ 'ਚ ਉਹਦੇ ਲਈ ਚੰਗਾ ਨਾ ਨਿਕਲਿਆ। ਉਹ ਸਭ ਕੁਝ ਪ੍ਰਾਪਤ ਕਰਨ ਦਾ ਇੱਛੁਕ ਸੀ, ਹੋਰ ਕਿਸੇ ਨਾਲੋਂ ਵੀ ਵੱਧ ਇਨ੍ਹਾਂ ਦੇ ਯੋਗ ਸੀ, ਪਰ ਆਪਣੀ ਅਣਖ/ਸਵੈ-ਅਭਿਮਾਨ ਨੂੰ ਕਾਇਮ ਰੱਖ ਕੇ। ਪੁਰਸਕਾਰਾਂ ਨੂੰ ਜ਼ਿਆਦਾ ਲੈੱਗ-ਵਰਕ ਕਰਨ ਵਾਲੇ ਜਾਂ ਵੱਧ ਟੈਲੀਫੋਨ ਘੁੰਮਾਉਣ ਵਾਲੇ ਹਥਿਆਣ ਲੱਗ ਪਏ ਸਨ। ਅਜਿਹੀ ਘਪਲੇਬਾਜ਼ੀ ਦੀ ਸ਼ੁਰੂਆਤ ਸੇਖੋਂ ਨੇ 1963 ਵਿਚ ਪ੍ਰਭਜੋਤ ਨੂੰ ਸਾਹਿਤ ਅਕਾਦਮੀ ਪੁਰਸਕਾਰ ਦੇਣ ਦੀ ਸਿਫਾਰਸ਼ ਕਰਕੇ ਆਪ ਕਰ ਦਿੱਤੀ ਸੀ। ਬਾਅਦ ਵਿਚ ਇਨਾਮਾਂ ਦਾ ਸਿਲਸਿਲਾ ਵੱਧ ਖਰਾਬ ਹੋ ਗਿਆ। ਸੇਖੋਂ ਨੂੰ ਉਹਦੀ ਗੈਰ-ਮਾਮੂਲੀ ਪ੍ਰਤਿਭਾ/ਪ੍ਰਾਪਤੀ ਦੇ ਬਾਵਜੂਦ ਹਾਸ਼ੀਆਬੱਧ ਰੱਖਣ ਲਈ ਮਾਮੂਲੀ ਪ੍ਰਤਿਭਾ ਵਾਲੇ ਵੱਧ ਸਕ੍ਰੀਅ ਰਹਿੰਦੇ। ਅੰਮ੍ਰਿਤਾ ਪ੍ਰੀਤਮ ਦੇਰ ਤਕ ਸਾਹਿਤ ਅਕਾਦਮੀ ਇਨਾਮਾਂ ਦੀ ਚੌਧਰੀ ਬਣੀ ਰਹੀ। ਉਹ

ਨਾਰਸੀਪਣ (ਸਵੈ-ਮੋਹ) ਕਰਕੇ ਤੁੱਛ ਜਿਹੀ ਤਾਕਤ ਨੂੰ ਆਪਣੀ ਚੜ੍ਹਤ ਦੀ ਖਾਤਰ ਵਰਤਣ ਦੀ ਆਦੀ ਹੋ ਚੁੱਕੀ ਸੀ। ਉਸ ਨੂੰ ਸੇਖੋਂ 'ਤੇ ਹਮੇਸ਼ਾਂ ਖਿੱਝ ਚੜ੍ਹੀ ਰਹਿੰਦੀ। ਕਾਰਨ ਸਪਸ਼ਟ ਸੀ। ਜ਼ਿਆਦਾ ਖਿੱਝ ਪ੍ਰਭਜੋਤ ਨੂੰ ਸਥਾਪਤ ਕਰਨ ਦੇ ਉਹਦੇ ਖਬਤ ਕਰਕੇ ਸੀ। ਉਹ ਸੇਖੋਂ ਨੂੰ ਇਨਾਮ ਦੇਣ ਬਾਰੇ ਰੇੜਕਾ ਪਾਈ ਰੱਖਦੀ। 1969 'ਚ ਮੈਂ ਦਿੱਲੀ ਕਾਲਜ ਜਾ ਨੌਕਰੀ ਕੀਤੀ; ਤਦ ਸਾਹਿਤ ਅਕਾਦਮੀ ਇਨਾਮ ਦੇ ਮਾਮਲੇ 'ਚ ਸੇਖੋਂ ਬਨਾਮ ਹਰਿਭਜਨ ਵਿਚਕਾਰ ਫਜ਼ੂਲ ਕਿਸਮ ਦਾ ਰੇੜਕਾ ਪਿਆ ਹੋਇਆ ਸੀ। ਸਾਰੇ ਪਾਸੇ ਐਲਾਨ ਹੋ ਰਿਹਾ ਸੀ ਕਿ ਅੰਮ੍ਰਿਤਾ ਦਾ ਹਰਿਭਜਨ ਸਿੰਘ ਦੇ ਹੱਕ 'ਚ ਭੁਗਤਣਾ ਤੈਅ ਹੈ। ਕੁਝ ਵਰ੍ਹਿਆਂ ਬਾਅਦ ਸੇਖੋਂ ਦੇ ਨਾਟਕ *'ਮਿੱਤਰ ਪਿਆਰਾ'* ਨੂੰ ਇਨਾਮ ਮਿਲ ਗਿਆ ਪਰ ਅੰਮ੍ਰਿਤਾ ਨੇ ਆਪਣੀ ਲਿਖਤੀ ਰਾਏ ਇਸ ਦੇ ਵਿਰੁੱਧ ਦੇ ਕੇ ਆਪਣੇ ਇਕ ਚਹੇਤੇ, ਜੋ ਦਿੱਲੀ ਰੇਡੀਓ 'ਤੇ ਖਬਰਾਂ ਪੜ੍ਹਦਾ ਹੁੰਦਾ ਸੀ, ਨੂੰ ਇਨਾਮ ਦੇਣ ਦੀ ਫਰਮਾਇਸ਼ ਕੀਤੀ।

ਸੇਖੋਂ ਰਾਜਨੀਤਕ ਤਾਕਤ 'ਚ ਸ਼ਰੀਕ ਹੋਣ ਲਈ ਹਮੇਸ਼ਾਂ ਤਿਆਰ ਰਹਿੰਦਾ ਪਰ ਸਿਆਸੀ ਬੰਦਿਆਂ ਵਾਲੀ ਚੁਸਤ ਚਲਾਕੀ, ਹੇਰ-ਫੇਰ, ਤਿਕੜਮਬਾਜ਼ੀ ਤੋਂ ਕੋਰਾ ਸੀ। ਨਾ ਹੀ ਉਸ ਵਿਚ ਕਾਮਯਾਬ ਹੋਣ ਅਤੇ ਦਮੜੇ 'ਕੱਠੇ ਕਰਨ ਵਾਲੀ ਠੱਗ-ਬਿਰਤੀ ਸੀ। ਉਹ ਢੇਰ ਸਾਰਾ ਧਨ ਪ੍ਰਾਪਤ ਕਰਨ ਦਾ ਇੱਛੁਕ ਸੀ, ਬਸ ਇੱਛੁਕ ਹੀ ਸੀ। ਨਾ ਢੇਰ ਧਨ ਕਮਾ ਸਕਦਾ ਸੀ, ਨਾ ਟੇਢੇ ਤਰੀਕੇ ਨਾਲ ਉਗ੍ਰਾਹ ਸਕਦਾ ਸੀ। ਉਹ ਜ਼ਿੰਦਗੀ ਭਰ ਤੁੱਛ ਲੋੜਾਂ ਪੂਰੀਆਂ ਕਰਨ ਲਈ ਲਫ਼ਜ਼ਾਂ ਨਾਲ ਮੁਸ਼ੱਕਤ ਕਰਦਾ ਰਿਹਾ; ਨਿੱਕੇ ਮੋਟੇ ਕਰਜ਼ੇ ਚੁੱਕਦਾ ਤੇ ਲਾਹੁੰਦਾ ਰਿਹਾ। ਅੰਗ੍ਰੇਜ਼ੀ ਵਾਲਾ ਮੁਹਾਵਰਾ 'ਹੈਂਡ ਟੂ ਮਾਊਥ' ਜਿਵੇਂ ਉਸੇ ਲਈ ਬਣਿਆ ਸੀ। ਇਸ ਦੇ ਬਾਵਜੂਦ ਉਸ ਜਿਹਾ ਪ੍ਰਸੰਨ-ਚਿੱਤ ਜਸ਼ਨਗੀਰ ਸ਼ਾਇਦ ਹੀ ਕੋਈ ਹੋਰ ਹੋ ਸਕਦਾ ਸੀ, ਲੇਖਕ ਤਾਂ ਉੱਕਾ ਨਹੀਂ। ਆਪਣੇ ਤਾਂ ਕਵੀ-ਜਨ ਥਾਂ ਥਾਂ ਨੋਟ ਉਗ੍ਰਾਹੀ ਜਾਂਦੇ ਹਨ, ਨਾਲੇ ਮੰਚਾਂ 'ਤੋਂ ਸਰੋਤਿਆਂ/ਪ੍ਰਸੰਸਕਾਂ ਅੱਗੇ ਕੁਰਲਾਈ ਜਾਂਦੇ ਹਨ। ਵੱਡੇ ਅਕੀਦਿਆਂ ਵਾਲੇ ਚੜ੍ਹਦੇ ਸੂਰਜਾਂ ਅੱਗੇ ਠੂਠੇ ਫੈਲਾਈ ਰੱਖਦੇ ਹਨ ਅਤੇ ਆਪਣੀ ਸੁਤੰਤਰ ਹਸਤੀ ਦੀ ਗੱਲ ਵੀ ਕਰੀ ਜਾਂਦੇ ਹਨ।

ਸੇਖੋਂ 'ਚ ਦੰਭ-ਰਹਿਤ ਪਾਰਦਰਸ਼ਤਾ ਲਾਜੁਆਬ ਸੀ। ਉਹ ਸਭ ਕੁਝ ਪ੍ਰਾਪਤ ਕਰਨਾ ਚਾਹੁੰਦਾ ਪਰ ਬਿਨਾਂ ਦੰਭ-ਚਲਾਕੀ ਦੇ, ਜਾਂ ਬਿਨਾਂ ਠੂਠਾ ਚੱਕਣ ਦੇ, ਆਪਣੀ ਆਕੜ/ਗੌਰਵ ਕਾਇਮ ਰੱਖ ਕੇ; ਉੱਦਾਂ ਹੀ ਜਿਵੇਂ ਉਹ ਪੰਜਾਬ ਵਿਚ ਸਿੱਖ ਜਾਤੀ ਦੀ ਪ੍ਰਭੁਤਾ ਚਾਹੁੰਦਾ ਪਰ ਮਾਰਕਸਵਾਦੀ ਬਣ ਕੇ ਚਾਹੁੰਦਾ ਸੀ। ਸਮਾਜਵਾਦ ਦੀ ਬੁਲੰਦੀ ਦੀ ਗੱਲ ਕਰਦਾ, ਜਮਾਤ-ਰਹਿਤ ਸਮਾਜਕ ਰਿਸ਼ਤਿਆਂ ਦੀ, ਪਰ ਨਾਲ ਹੀ ਜੱਟ ਹੋਣ ਦਾ ਆਤਮ-ਗੌਰਵ ਵੀ ਪੁਗਾਈ ਜਾਂਦਾ। ਸਿਆਸੀ ਸਥਾਪਨਾ ਦੇ ਵਿਪ੍ਰੀਤ ਚਿੰਤਨ ਕਰਦਾ, ਯਾਨੀ ਕਿ ਉਹਦੀ ਦ੍ਰਿਸ਼ਟੀ ਵਿਸਥਾਪਨੀ ਸੀ, ਪਰ ਵਿਹਾਰ 'ਚ ਭਾਈਚਾਰਕ/ਜਾਤੀਗਤ ਸਥਾਪਨਾ ਦਾ ਪ੍ਰਤੀਪਾਲਕ ਵੀ ਬਣਿਆ ਰਹਿੰਦਾ।

ਉਹ ਅਵਚੇਤਨੀ ਪੱਧਰ 'ਤੇ ਮੁੱਲਾਂਪੁਰ ਦਾਖੇ ਦੀ ਮਿੱਟੀ 'ਚ ਖੁੱਭਿਆ ਹੋਇਆ ਮਾਰਕਸੀ ਸੀ, ਜਾਤੀਗਤ ਵਿਰਸੇ ਤੇ ਪਿਤਾ ਪੁਰਖੀ ਸਭਿਆਚਾਰ ਵਾਲਾ ਮਾਰਕਸੀ। ਇਸ ਸਭਿਆਚਾਰ ਦੀਆਂ ਜੜ੍ਹਾਂ ਭੂਪਤੀ ਸਮਾਜ ਵਿਚ ਸਨ ਤੇ ਸੇਖੋਂ ਦੀਆਂ ਜੜ੍ਹਾਂ ਇਸ ਸਭਿਆਚਾਰ 'ਚ। ਉਹ ਇਨ੍ਹਾਂ ਜੜ੍ਹਾਂ ਤੋਂ ਜਿੰਨਾ ਕੁ ਟੁੱਟ ਸਕਦਾ ਸੀ ਟੁੱਟਿਆ, ਟੁੱਟਿਆ ਘਟ ਖੁੱਭਿਆ ਵੱਧ ਰਿਹਾ। ਚੇਤੰਨ ਤੌਰ 'ਤੇ ਹੀ ਟੁੱਟਿਆ; ਅਵਚੇਤਨੀ ਪੱਧਰ 'ਤੇ ਇਸ ਵਿਚ ਖੁੱਭਾ ਰਿਹਾ। ਇਸ ਲਈ ਉਹ ਪਿਤਾ-ਪੁਰਖੀ ਗੌਰਵ ਵਾਲਾ ਪੈਂਠਬਾਜ਼ ਸੀ। ਆਪਣੇ ਆਪ ਨੂੰ ਰਾਜਾ ਜਗਦੇਵ ਦੀ ਪੁਸ਼ਤ 'ਚੋਂ ਦਸ ਕੇ ਪ੍ਰਸੰਨ ਹੁੰਦਾ। ਇਹ ਤਰਕਹੀਣ ਤੇ ਭੂਪਤੀ ਕਿਸਮ ਦਾ ਸਵੈ-ਅਭਿਮਾਨ ਸੀ। ਉਹਦੀ ਇਸ ਪੈਂਠਬਾਜ਼ੀ ਨੂੰ ਅਮਰਜੀਤ ਚੰਦਨ ਜ਼ੈਲਦਾਰੀ ਕਹਿੰਦਾ ਤੇ ਲਾਲ ਸਿੰਘ ਦਿਲ ਉਹਨੂੰ ਬ੍ਰਾਹਮਣ ਹੋਣ ਦਾ ਖਿਤਾਬ ਦੇਂਦਾ। ਇਕ ਦਿਨ ਹਰਭਜਨ ਹਲਵਾਰਵੀ ਨੂੰ ਸੇਖੋਂ ਪੁੱਛਣ ਲੱਗਾ "ਤੂੰ ਕਿੱਥੋਂ ਏਂ" ਜੁਆਬ ਸੁਣ ਕੇ ਕਹਿਣ ਲੱਗਾ: "ਇਹ ਤਾਂ ਹੋਇਆ, ਪਰ ਤੂੰ ਊਂ ਕੀ ਏਂ?"

ਕੋਈ ਚਾਲ੍ਹੀ ਸਾਲ ਪਹਿਲਾਂ ਕਿਸ਼ਨ ਸਿੰਘ ਸੇਖੋਂ ਦੀ ਮਾਰਕਸੀ ਧਾਰਣਾ 'ਤੇ ਇਕ ਮੰਚ ਤੋਂ ਟੁੱਟ ਕੇ ਪੈ ਗਿਆ। ਸੇਖੋਂ ਨੂੰ ਤਾਪ ਚੜ੍ਹ ਗਿਆ। ਉੱਛਲ ਕੇ ਕਹਿਣ ਲੱਗਾ: "ਚੁੱਪ ਕਰ ਓਏ ਨਾਈਆ।"

ਜੱਟ ਹੋਣ ਦਾ ਉਸ ਵਿਚ ਜੋ ਅਭਿਮਾਨ ਸੀ ਉਹ ਸਿਰਫ ਇਸ ਕਰਕੇ ਕਿ ਜੱਟਾਂ ਨੇ, ਸੇਖੋਂ ਦੀ ਦ੍ਰਿਸ਼ਟੀ 'ਚ, ਪਿਛਲੀਆਂ ਸਦੀਆਂ ਵਿਚ ਸਿੱਖ ਧਰਮ ਗ੍ਰਹਿਣ ਕਰਕੇ ਆਪਣੇ ਬਾਹੂਬਲ ਰਾਹੀਂ, ਮਿਸਲਾਂ ਦੌਰਾਨ, ਸਿੱਖੀ ਨੂੰ ਆਮ ਕਿਸਾਨ ਦੀ ਤਾਕਤੀਕਰਨ ਦੀ ਲਹਿਰ ਵਿਚ ਤਬਦੀਲ ਕਰ ਦਿੱਤਾ। ਇਸ ਧਾਰਨਾ ਬਾਰੇ ਸ਼ੰਕੇ/ਕਿੰਤੂ ਤੇ ਵਿਪ੍ਰੀਤ ਵਿਚਾਰ ਵੀ ਸਨ ਪਰ ਸੇਖੋਂ ਸੀ ਕਿ ਜੱਟ ਹੋਣ ਦੇ ਸਵੈ-ਅਭਿਮਾਨ ਦੇ ਨਿਸ਼ੇਧੀ ਪੱਖ ਨੂੰ ਸਵੀਕਾਰ ਨਹੀਂ ਸੀ ਕਰਦਾ। ਉਹਦੀ ਬੋਲਚਾਲ ਦੀ ਭਾਸ਼ਾ 'ਚ ਬਹੁਤਿਆਂ ਨੂੰ ਉਹਦੇ ਜੱਟਵਾਦੀ ਹੋਣ ਦੀ ਹਮਕ ਆਉਂਦੀ। ਉਹ ਆਪਣੀਆਂ ਧਾਰਨਾਵਾਂ ਤੋਂ ਮੁਕਤ ਹੋ ਨਹੀਂ ਸੀ ਸਕਦਾ ਕਿਉਂਕਿ ਇਨ੍ਹਾਂ ਦਾ ਨਾਤਾ ਉਸਦੀ ਵਜੂਦੀ ਪਛਾਣ ਨਾਲ ਸੀ। ਇਸ ਪਛਾਣ ਦੀਆਂ ਜੜ੍ਹਾਂ ਧੁਰ ਪਾਤਾਲ ਤਕ ਸਨ।

ਜੱਟ ਹੋਣ ਦਾ ਗੌਰਵ ਪਾਲਣਾ ਉਹਦੇ ਸਭਿਆਚਾਰਕ ਅਵਚੇਤਨ ਲਈ ਬੋਨਸ ਸੀ; ਸਿੱਖ ਹੋਣਾ ਬੋਨਸ ਦੀ ਦੋਹਰ ਸੀ। ਆਖ਼ਰ ਉਹ ਇੱਛਾਵਾਂ/ਲਾਲਸਾਵਾਂ ਦਾ ਉਤੇਜਿਤ ਕੀਤਾ ਭੋਇੰ-ਪੁਰਸ਼ ਸੀ। ਅਜਿਹੇ ਮਾਨਸ ਨਾ ਤਿਆਗੀ ਹੁੰਦੇ ਹਨ ਤੇ ਨਾ ਤਿਆਗ ਉਨ੍ਹਾਂ ਲਈ ਕੋਈ ਅਹਿਮੀਅਤ ਰੱਖਦਾ ਹੈ। ਉਹ ਆਪਣੇ ਜਾਤੀਗਤ ਗੌਰਵ ਨੂੰ ਕਿਸੇ ਵੀ ਹਾਲਾਤ 'ਚ ਤਿਆਗ ਨਹੀਂ ਸੀ ਸਕਦਾ ਭਾਵੇਂ ਇਹ ਗੌਰਵ ਫੋਕੀ ਟਾਹਰ ਹੀ ਸੀ। ਆਪਣੇ ਨਾਸਤਕ ਹੋਣ ਦਾ ਐਲਾਨ ਕਰਦਾ, ਪਰ ਸਿੱਖ ਭਾਈਚਾਰੇ ਨਾਲ ਉਹਦੀ ਅਪਣੱਤ ਸਿਰਫ ਬੌਧਿਕ ਜਾਂ ਭਾਈਚਾਰਕ ਹੀ ਨਹੀਂ ਸੀ। ਅੰਤਿਮ ਦਿਨਾਂ ਵਿਚ ਇਹ ਸਾਂਝ ਭਾਵੁਕ ਡੂੰਘ ਵਾਲੀ ਹੋ ਗਈ। ਉਹ ਪੰਜਾਬ ਭੂਖੰਡ ਵਿਚ ਸਿੱਖ ਮਨ ਦੀ ਪੀੜ ਨੂੰ ਆਪਣੇ ਅੰਤਿਮ ਦਿਨਾਂ ਵਿਚ ਵੱਧ ਮਹਿਸੂਸ ਕਰਦਾ ਰਿਹਾ। ਉਸ ਨੂੰ ਅੰਗ੍ਰੇਜ਼ਾਂ ਵਲੋਂ ਮਹਾਰਾਜਾ ਦਲੀਪ ਸਿੰਘ ਦਾ ਸਿੱਖ ਰਾਜ ਖੋਹੇ ਜਾਣ ਦਾ ਵੀ ਝੋਰਾ ਸੀ। (ਮਿਸਾਲ: ਇਕਾਂਗੀ *'ਬਾਬਾ ਬੋਹੜ'* ਤੇ ਪੂਰਾ ਨਾਟਕ *'ਮੋਇਆਂ ਸਾਰ ਨਾ ਕਾਈ'*)

ਚੇਤੰਨ ਰੂਪ ਉਹ ਸਿੱਖੀ ਨੂੰ ਧਰਮ ਨਾਲੋਂ ਇਤਿਹਾਸਕ ਲਹਿਰ ਵੱਧ ਮੰਨਦਾ, ਜੋ ਆਮ ਬੰਦੇ ਦੇ ਤਾਕਤੀਕਰਨ ਦੀ ਪ੍ਰਕਿਰਿਆ ਵਿਚ ਸਿਖਰ 'ਤੇ ਪੁੱਜੀ।


ਸਾਹਿਤ ਦੇ ਪਿੜ ਵਿਚ ਸੇਖੋਂ ਦਾ ਸਮਾਜਵਾਦੀ ਯਥਾਰਥਵਾਦ ਸਤਹੀ ਸਥਿਤੀ ਦੇ ਪ੍ਰਤੱਖਣ ਤਕ ਸੀਮਤ ਰਿਹਾ। ਉਹ ਸਿਰਜਤ ਭਾਸ਼ਾ, ਮਾਨਵੀ ਸਥਿਤੀ ਜਾਂ ਮਨੁੱਖ ਦੇ ਵਿਹਾਰ ਦੀ ਡੂੰਘ ਵਲ ਝਾਤੀ ਨਹੀਂ ਸੀ ਮਾਰਦਾ, ਜਾਂ ਝਾਤ ਮਾਰ ਸਕਣ ਵਾਲੀਆਂ ਚਿੰਤਨ ਜੁਗਤਾਂ ਤੋਂ ਪਰਿਚਿਤ ਨਹੀਂ ਸੀ। ਜਾਂ ਉਹਦੀ ਬੌਧਿਕ ਟ੍ਰੇਨਿੰਗ ਦਾ ਇਹ ਹਿੱਸਾ ਨਹੀਂ ਸਨ। ਸਥੂਲ ਦੇ ਪਾਰ ਸੂਖਮ, ਦ੍ਰਿਸ਼ਟ ਦੇ ਪਾਰ ਕਲਪਿਤ, ਲੋਕ ਦੇ ਪਾਰ ਪਾਰਲੋਕ, ਤਰਕ ਦੇ ਪਾਰ ਤਰਕਹੀਣ, ਸਮੂਰਤ ਸੁੰਦਰਤਾ ਦੇ ਪਾਰ ਅਦ੍ਰਿਸ਼ਟ/ਅਮੂਰਤ ਸੌਂਦਰਯ ਆਦਿ ਦਾ ਗ਼ੈਰ-ਪਦਾਰਥਕ ਅਮੂਰਤ ਪਾਸਾਰ, ਜੋ ਆਮ ਕਰਕੇ ਹਰ ਯੁੱਗ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਹੱਤਵ ਗ੍ਰਹਿਣ ਕਰਦਾ ਰਿਹਾ, ਸੇਖੋਂ ਦੀ ਸਪਾਟ ਦ੍ਰਿਸ਼ਟੀ ਇਸ ਤੋਂ ਲਾਂਭੇ ਰਹਿੰਦੀ। ਹਰ ਸਥਿਤੀ ਦਾ ਅਵਚੇਤਨ ਵੀ ਹੁੰਦਾ ਹੈ, ਅਦਿੱਖ/ਗਹਿਰੀਆਂ/ਹਨੇਰੀਆਂ ਤੰਦਾਂ ਵੀ ਹੁੰਦੀਆਂ ਹਨ ਤੇ ਭਾਸ਼ਾ ਨੂੰ ਇਨ੍ਹਾਂ ਨਾਲ ਜੂਝਣਾ ਪੈਂਦਾ ਹੈ, ਜਿਵੇਂ ਹਰੇਕ ਮਨੁੱਖ ਨੂੰ ਆਪਣੇ ਅੰਦਰ ਨਾਲ ਜੂਝਣਾ ਪੈਂਦਾ ਹੈ। ਜ਼ਿੰਦਗੀ ਦੀਆਂ ਪੇਚੀਦਗੀਆਂ ਦੇ ਸਹੰਸਰ ਜੁਜ਼ ਸੇਖੋਂ ਦੇ ਭਾਸ਼ਕ/ਸਾਹਿਤਕ ਅਨੁਭਵ ਦੇ ਆਰਪਾਰ ਰਹੇ। ਸੱਠਵਿਆਂ ਦੇ ਦਹਾਕੇ 'ਚ *'ਸਾਹਿਤ ਸਮਾਚਾਰ'* 'ਚ ਛਪੇ ਉਹਦੇ ਅਨੇਕ ਆਲੋਚਨਾਤਮਿਕ ਲੇਖ ਇਸ ਦੀ ਮਿਸਾਲ ਵਜੋਂ ਗਿਣਾਏ ਜਾ ਸਕਦੇ ਹਨ।

ਸੇਖੋਂ ਦੀ ਬੌਧਿਕ ਅਲਗਰਜ਼ੀ ਕਰਕੇ ਉਹਦੇ ਚਿੰਤਨ/ਵਿਹਾਰ 'ਚ ਬਹੁਤ ਕੁਝ ਸਹਿਜੇ ਫਿਟ ਹੋਣ ਲੱਗ ਪਿਆ ਸੀ। ਮਨੁੱਖੀ ਰਿਸ਼ਤਿਆਂ ਅਤੇ ਪਸੰਦਗੀ/ਨਾਪਸੰਦਗੀ ਦੇ ਮਾਮਲੇ 'ਚ ਉਹ ਚੋਖਾ ਲਿਹਾਜੂ/ਬੇਪ੍ਰਵਾਹ ਹੋ ਚੁੱਕਾ ਸੀ ਜਿਵੇਂ ਮੱਠਾਧੀਸ਼ ਜ਼ਿਆਦਾ ਬੁਢੇਪੇ 'ਚ ਹੋ ਜਾਂਦੇ ਹਨ। ਉਹ ਕਿਸੇ ਵੀ ਉੱਚੇ/ਲੁੱਚੇ ਜਾਂ ਬੌਨੇ ਬੰਦੇ ਦੀ ਸੰਗਤ 'ਚ ਰਚਮਿਚ ਜਾਂਦਾ। ਬਹੁਤੇ ਮੁਰੀਦ ਉਹਦੇ ਉਹ ਬਣੇ, ਜਾਂ ਉਹਨੇ ਬਣਾਏ, ਜਾਂ ਆਪਣੇ ਆਪ ਬਣ ਗਏ, ਜੋ ਉਹਦੀ ਮੂਲ ਪ੍ਰਕ੍ਰਿਤੀ/ਅਕੀਦਿਆਂ ਦੇ ਉਲਟ ਸਨ। ਇਹ ਉਹਦੇ ਸੁਭਾਅ ਦੀ ਲਚਕ ਦਾ ਹੀ ਕਮਾਲ ਸੀ ਜਾਂ ਚੋਣ/ਪਰਖ/ਤਮੀਜ ਤੋਂ ਪਾਰ ਜ਼ਿੰਦਾ-ਦਿਲੀ ਸੀ। ਮੁਰੀਦਾਂ ਵਿਚੋਂ ਗੁਲਜ਼ਾਰ ਸਿੰਘ ਸੰਧੂ ਅੱਵਲ ਸੀ। ਦੋਨਾਂ ਦਾ ਆਪਸ ਵਿਚ ਘਣਾ ਸਨੇਹ ਸੀ। ਮਿੱਤਰਾਂ ਵਿਚੋਂ ਜ਼ਿੰਦਗੀ ਭਰ ਦਾ ਪਰਮ ਮਿੱਤਰ ਖਾਲਸਾ ਕਾਲਜ ਵਾਲਾ ਪ੍ਰੋਫ਼ੈਸਰ ਵਰਿਆਮ ਸਿੰਘ ਸੀ। ਲੇਖਕਾਂ ਵਿਚੋਂ ਗੂੜ੍ਹਾ ਮਿੱਤਰ ਮੋਹਨ ਸਿੰਘ। ਜਸਬੀਰ ਸਿੰਘ ਆਹਲੂਵਾਲੀਆ ਵੀ ਉਹਦਾ ਮੁਰੀਦਾਂ ਵਾਂਗ ਆਦਰ ਕਰਦਾ। ਰਘਬੀਰ ਨੂੰ ਤਾਂ ਅਖੀਰ ਦਮ ਤਕ ਉਹਦੀ ਸਰਪ੍ਰਸਤੀ ਦੀ ਤਲਬ ਰਹੀ। ਸੇਖੋਂ ਦੀ ਸੰਗਤ 'ਚ ਸਾਰੇ ਵੱਡੇ ਦਿੱਸਣ ਵੀ ਲੱਗ ਜਾਂਦੇ। ਉਹਦੀ ਸ਼ਖ਼ਸੀਅਤ ਦੀ ਵਿਰਾਟਤਾ ਹੀ ਅਜਿਹੀ ਸੀ। ਉਹ ਅਤਰ ਸਿੰਘ ਨੂੰ ਬੁੱਧੀਮਾਨ ਸਾਹਿਤ ਚਿੰਤਕ ਸਮਝਦਾ; ਘਟ ਆਹਲੂਵਾਲੀਆ ਨੂੰ ਵੀ ਨਾ ਗਿਣਦਾ। ਰਘਬੀਰ ਵੀ, ਉਹਦੀ ਸਵੱਲੀ ਨਿਗ੍ਹਾ 'ਚ, ਕਿਸੇ ਗੱਲੋਂ ਬੌਨਾ/ਅਲਪ ਨਹੀਂ ਸੀ ਰਹਿੰਦਾ। ਤੇਜਵੰਤ ਗਿੱਲ ਨੂੰ ਤਾਂ ਉਹ ਆਪਣਾ ਬੌਧਿਕ ਜਾਂਨਸ਼ੀਨ ਮੰਨਦਾ ਹੀ ਸੀ।

ਹਰ ਪ੍ਰਤਿਭਾਸ਼ਾਲੀ ਵਿਅਕਤੀ ਅਨੇਕ ਇਕਾਈਆਂ ਤੇ ਜੁੱਟਾਂ ਦੀ ਬਣਤ/ਅਬਣਤ ਨਾਲ ਜੀਵਨ ਪੰਧ 'ਚੋਂ ਗੁਜ਼ਰਦਾ ਹੈ। ਸੇਖੋਂ ਨੂੰ ਨਿਰ੍ਹਾ ਜੱਟਵਾਦੀ ਕਹਿਣਾ ਜਾਂ ਸਿਰਫ ਮਾਰਕਸਵਾਦੀ ਦਸਣਾ ਜਾਂ ਪ੍ਰਗਤੀਵਾਦ ਦਾ ਹੀ ਥੰਮ੍ਹ ਮੰਨਣਾ, ਗਲਤ ਹੈ। ਉਹ ਇਹ ਸਭ ਕੁਝ ਸੀ ਪਰ ਉੱਕਾ-ਪੁੱਕਾ ਇਨ੍ਹਾਂ 'ਚ ਕੁਝ ਵੀ ਨਹੀਂ ਸੀ। ਉਹ ਅੰਤਰ-ਦਵੰਦਾਂ ਨਾਲ ਭਰਿਆ ਪੇਚੀਦਾ ਮਾਨਸ ਸੀ।

ਸੇਖੋਂ ਨੂੰ ਸੇਖੋਂਵਾਦੀ ਚਿੰਤਨ ਜੁਗਤਾਂ ਤੋਂ ਪਾਰ ਜਾ ਕੇ ਹੀ ਸਮਝਿਆ ਜਾ ਸਕਦਾ ਹੈ। ਇਹ ਲੇਖ ਅਜਿਹਾ ਇਕ ਯਤਨ ਹੈ, ਅੰਤਿਮ ਨਿਰਣਾ ਨਹੀਂ। ਕੋਈ ਯਤਨ ਅੰਤਿਮ ਨਹੀਂ ਹੁੰਦਾ। ਵ

**E-mail : guru534@gmail.com • Mob : 98725-06926**



ਚਿੱਤਰਕਾਰ ਦੀ ਨਜ਼ਰ @ਚ
ਦੇਸ਼ ਛੱਡਣ ਸਮੇਂ ਲਾਓਤਸੇ

## ਬਰੈਖ਼ਤ ਦੀ ਕਵਿਤਾ @ਤੇ ਬੇਂਜਾਮਿਨ ਦਾ ਤਬਸਰਾ



ਚੀਨੀ ਚਿੰਤਕ ਲਾਓਤਸੇ ਦੇ 'ਤਾਓ–ਤੇ ਚਿੰਗ' ਕਿਤਾਬ ਸਿਰਜਣ ਸਬੰਧੀ ਪ੍ਰਚਲਿਤ ਦੰਤ–ਕਥਾ 'ਤੇ ਬਰਤੋਲਤ ਬਰੈਖ਼ਤ ਨੇ ਕਵਿਤਾ ਲਿਖੀ। ਪੜ੍ਹਦੇ ਹਾਂ ਉਸ ਕਵਿਤਾ 'ਤੇ ਵਾਲਟਰ ਬੇਜ਼ਾਮਿਨ ਵਲੋਂ ਆਪਣੀ ਕਿਤਾਬ

**ਲਾਓਤਸੇ ਦੇ ਦੇਸ਼ ਛੱਡਣ ’ਤੇ ਕਿਤਾਬ**

**@ਤਾਓ-ਤੇ-ਚਿੰਗ@ ਸਿਰਜਣ ਦੀ ਦੰਤ-ਕਥਾ**

**-੧-**

ਜਦ ਉਹ ਸੱਤਰਾਂ ਦਾ ਹੋ ਗਿਆ ਤੇ ਕਮਜ਼ੋਰ
ਉਦੋਂ ਉਸਨੂੰ ਲੱਗਿਆ –ਹੁਣ ਸ਼ਾਂਤੀ ਦੀ ਲੋੜ ਹੈ
ਕਿਉਂਕਿ ਦੇਸ਼ 'ਚ ਸਮਾਪਤ ਹੋਣ ਦੇ ਨੇੜੇ ਸੀ ਚੰਗਿਆਈ
ਤੇ ਝੂਠ ਦੀ ਬੇਵਜ੍ਹਾ ਬੱਲੇ ਬੱਲੇ ਹੋ ਰਹੀ ਸੀ

ਸੋ ਉਸਨੇ ਆਪਣੇ ਜੁੱਤਿਆਂ ਦੇ ਫ਼ੀਤੇ ਬੰਨ੍ਹੇ

-੨-

ਤੇ ਉਸਨੇ ਜ਼ਰੂਰੀ ਸਾਮਾਨ ਬੰਨ੍ਹਿਆ
ਬਹੁਤਾ ਨ੍ਹੀਂ, ਬਹੁਤ ਥੋੜ੍ਹਾ, ਜ਼ਰੂਰੀ- ਝੋਲੇ 'ਚ ਪਾ ਲਿਆ
ਇਕ ਹੁੱਕਾ ਜੋ ਉਹ ਸ਼ਾਮ ਨੂੰ ਪੀਂਦਾ ਸੀ
ਤੇ ਇੱਕ ਪਤਲੀ ਕਿਤਾਬ ਜੋ ਬਹੁਤ ਪਸੰਦ ਸੀ ਉਸਨੂੰ
ਤੇ ਖਾਣ ਲਈ ਡਬਲ ਰੋਟੀ, ਕੁਝ ਨਿੱਕਸੁਕ

-੩-

ਇਕ ਵਾਰ ਫ਼ੇਰ ਉਹ ਖੁਸ਼ ਹੋਇਆ ਘਾਟੀ ਦੇਖ, ਫ਼ਿਰ ਭੁੱਲ ਵੀ ਗਿਆ
ਜਦ ਵੱਧਣ ਲੱਗਿਆ ਆਪਣੇ ਰਾਹ 'ਤੇ ਪਹਾੜਾਂ ਵੱਲ
ਉਸਦਾ ਬਲਦ ਬਹੁਤ ਖੁਸ਼ ਹੋਇਆ ਹਰਿਆਲੀ ਦੇਖ
ਬਜ਼ੁਰਗ ਨੂੰ ਪਿੱਠ 'ਤੇ ਬਿਠਾ ਕੇ, ਸਵਾਦ ਲੈਂਦਾ
ਕਿਉਂਕਿ ਕਾਹਲੀ ਉਸਦੇ ਸੁਭਾਅ 'ਚ ਹੀ ਨਹੀਂ ਸੀ

-੪-

ਲ਼ੇਕਿਨ ਚੌਥੇ ਦਿਨ ਔਖ਼ੀ ਯਾਤਰਾ ਦੇ ਖ਼ਤਮ ਹੁੰਦੇ-ਹੁੰਦੇ
ਇਕ ਚੁੰਗੀ ਅਧਿਕਾਰੀ ਦੇ ਦਰਸ਼ਨ ਹੋਏ
''ਸਮਾਨ ਦਿਖਾਓ''
''ਸਮਾਨ ਤਾਂ ਹੈਨੀ ਕੋਈਂ ''
ਨਾਲੇ ਦਿਖਦਾ ਨ੍ਹੀਂ, ਗੁਰੂ ਜੀ ਨੇ?”
ਬਲਦ ਹੱਕ ਰਿਹਾ ਮੁੰਡਾ ਬੋਲਿਆ
ਤੇ ਐਨਾ ਕਾਫ਼ੀ ਸੀ

-੫-

ਲ਼ੇਕਿਨ ਉਸ ਖੁਸ਼ਮਿਜ਼ਾਜ਼ ਆਦਮੀ ਨੂੰ ਅਚਾਨਕ ਕੁਝ ਯਾਦ ਆਇਆ
ਤੇ ਉਸਨੇ ਪੁਛਿਆ,'' ਉਸ ਖੋਜ ਦਾ ਕੀ ਬਣਿਆ? ਗੱਲ ਹੈਗੀ ਸੀ ਨਾ ਕੋਈ ?...
ਮੁੰਡਾ ਬੋਲਿਆ,'' ਹਾਂ, ਵਗਦੇ ਪਾਣੀ ਜਿਹਾ ਕੁਝ ਵੀ ਕੋਮਲ ਨ੍ਹੀਂ
ਤੇ ਸਖ਼ਤ ਨੂੰ ਖ਼ੋਰਨ 'ਚ ਇਸਦਾ ਕੋਈ ਸਾਨੀ ਨ੍ਹੀਂ। ਸਮਝਿਆ ਕੁਝ?
ਤੇ ਤਕੜਾ ਹਾਰਦੈ ਸਦਾ

-੬ -

ਢਲਦੀ ਸ਼ਾਮ 'ਚ ਸਮਾਂ ਬਚਾਉਣ ਲਈ
ਮੁੰਡੇ ਨੇ ਬਲਦ ਹੱਕ ਦਿੱਤਾ ਤੇ ਤਿੰਨੋਂ ਚਲ ਪਏ
ਸਿਆਹ ਦੇਵਦਾਰ ਰੁੱਖਾਂ ਤੋਂ ਪਾਰ ਤੇ ਹੋ ਗਏ ਓਝਲ
ਉਦੋਂ ਆਪਣੇ ਚੁੰਗੀ ਵਾਲੇ ਨੂੰ ਜਿਵੇਂ ਅਚਾਨਕ ਝਟਕਾ ਲੱਗਿਆ ਹੋਵੇ
ਉਹ ਬੋਲਿਆ,'' ਖੜ੍ਹਜੋ, ਇਥੇ ਰੁਕ ਜਾਓ''

-੭-

ਪਾਣੀ 'ਚ ਅਜਿਹਾ ਕੀ ਖ਼ਾਸ ਹੈ ਗੁਰੂ ਜੀ ?
ਬਜ਼ੁਰਗ ਆਦਮੀ ਰੁਕ ਗਿਆ 'ਤੂੰ ਜਾਣਨਾ ਚਾਹੁੰਨੈ?"
"ਮੈਂ ਤਾਂ ਜੀ ਬੱਸ ਚੁੰਗੀ ਅਧਿਕਾਰੀ ਹਾਂ, ਲੇਕਿਨ
ਅੰਤ 'ਚ ਕੌਣ ਕਿਵੇਂ ਜਿੱਤਦੈ ਇਹ ਜਾਣਨ ਦੀ ਇੱਛਾ ਹੈ"
ਬੱਸ ਜੇ ਦੱਸ ਦੇਵੋਂ ਤਾਂ ਮਿਹਰਬਾਨੀ ਹੋਵੇਗੀ

-੮ -

ਮੇਰੇ ਲਈ ਲਿਖ ਦਿਓ ਇਹ ਸਭ। ਇਸ ਮੁੰਡੇ ਨੂੰ ਲਿਖਾ ਦੇਵੋ
ਇਹ ਸਭ ਤੁਹਾਡੇ ਨਾਲ ਹੀ ਨਾ ਚਲਿਆ ਜਾਵੇ। ਬੱਸ ਇਹੀ ਖ਼ਿਆਲ ਰਹੇ
ਇਥੇ ਕਾਗਜ਼ ਤੇ ਸਿਆਹੀ ਵਾਧੂ ਹੈ
ਰੋਟੀ ਪਾਣੀ ਜੋ ਘਰੇ ਬਣਿਆ ਹਾਜ਼ਿਰ ਕਰੂੰਗਾ
ਤੇ ਔਹ ਮੇਰਾ ਘਰ ਐ, ਹੁਣ ਅੱਗੇ ਤੁਹਾਡੀ ਮਰਜ਼ੀ

-੯ -

ਉਦੋਂ ਗਰਦਨ ਮੋੜ ਕੇ ਬਜ਼ੁਰਗ ਗਿਆਨੀ ਨੇ
ਉਸ ਆਦਮੀ ਨੂੰ ਗੌਰ ਨਾਲ ਦੇਖਿਆ। ਟਾਕੀਆਂ ਲੱਗਿਆ ਕੋਟ। ਨੰਗੇ ਪੈਰ
ਇਕ ਪਲ਼ ਲਈ ਮੱਥੇ 'ਤੇ ਗਹਿਰੀ ਲ਼ਕੀਰ ਉਭਰੀ
ਤਾਂ ਇਹ ਬੰਦਾ ਜੇਤੂ ਧਿਰ ਦਾ ਨ੍ਹੀਂ ਹੈਗਾ। ਐਨਾ ਸਮਝ ਗਿਆ ਉਹ
ਤੇ ਮੂੰਹ 'ਚ ਹੀ ਬੋਲਿਆ," ਤੂੰ ਵੀ?"

-੧੦ -

ਉਹ ਬਜ਼ੁਰਗ ਐਨਾ ਬਜ਼ੁਰਗ ਸੀ ਕਿ
ਐਨੀ ਨਿਮਰ ਬੇਨਤੀ ਟਾਲ ਨਾ ਸਕਿਆ
ਸੋ ਉਹ ਗੰਭੀਰਤਾ ਨਾਲ ਬੋਲਿਆ,
"ਜੋ ਪ੍ਰਸ਼ਨ ਕਰਦੇ ਨੇ ਉਹ ਉੱਤਰ ਦੇ ਹੱਕਦਾਰ ਨੇ "
ਮੁੰਡਾ ਬੋਲਿਆ," ਠੰਡ ਵੀ ਹੋ ਰਹੀ ਹੈ"
"ਅਸੀਂ ਇਥੇ ਰੁਕਾਂਗੇ " ਇਹ ਕਹਿ
ਉਹਨੇ ਮੁੰਡੇ ਨੂੰ ਰੁਕਣ ਦਾ ਇਸ਼ਾਰਾ ਕੀਤਾ

-੧੧ -

ਤੇ ਗਿਆਨੀ ਉੱਤਰ ਆਇਆ, ਆਪਣੀ ਇੱਛਾ ਨਾਲ
ਸੱਤ ਦਿਨ ਉਹ ਲਿਖਦੇ ਰਹੇ
ਚੁੰਗੀ ਵਾਲਾ ਖਾਣਾ ਲੈ ਆਉਂਦਾ
(ਤੇ ਜਦ ਉਹ ਬਾਹਰ ਸਮੱਗਲਰਾਂ ਤੇ ਕੁੱਲੀਆਂ ਨੂੰ ਡਾਂਟਦਾ ਤਾਂ ਆਵਾਜ਼ ਨੀਵੀਂ ਰੱਖਦਾ)
ਇਸ ਤਰ੍ਹਾਂ ਕੰਮ ਨਿਬੜ ਗਿਆ

-੧੨-

ਤੇ ਇੱਕ ਸਵੇਰ ਮੁੰਡੇ ਨੇ ਚੁੰਗੀ ਵਾਲੇ ਨੂੰ
ਇਕਆਸੀ ਸੂਤਰਾਂ ਵਾਲਾ ਖਰੜਾ ਭੇਟ ਕੀਤਾ

ਤੇ ਉਸਦੇ ਚੰਗੇ ਸਲੂਕ ਲਈ ਧੰਨਵਾਦ ਕੀਤਾ
ਉਹ ਫਿਰ ਦੇਵਦਾਰ ਦੇ ਪਿਛੇ ਪਹਾੜਾਂ 'ਚ ਓਝਲ ਹੋ ਗਏ
ਦੁਰਲਭ ਸਲੂਕ, ਤੁਸੀਂ ਵੀ ਮੰਨੋਗੇ

-੧੩ -

ਪਰ ਸਾਡੀ ਪ੍ਰਸ਼ੰਸਾ ਕੇਵਲ ਉਸ ਗਿਆਨੀ ਲਈ ਹੀ ਨਹੀਂ
ਜਿਹਦਾ ਨਾਂ 'ਤਾਓ-ਤੇ-ਚਿੰਗ' ਪੁਸਤਕ ਦੀ ਸ਼ੋਭਾ ਹੈ

**ਬੇਂਜ਼ਾਮਿਨ ਦਾ ਤਬਸਰਾ**

ਇਹ ਕਵਿਤਾ ਸਾਨੂੰ ਇਹ ਵਿਚਾਰਨ ਦਾ ਅਵਸਰ ਦਿੰਦੀ ਹੈ ਕਿ ਲੇਖਕ ਦੀ ਕਲਪਨਾ ਤੇ ਸਿਰਜਣਾ 'ਚ ਦੋਸਤੀ ਦੀ ਕੀ ਭੂਮਿਕਾ ਹੁੰਦੀ ਹੈ। ਬਰੈਖ਼ਤ ਇਸ ਗੁਣ ਨੂੰ ਮਹੱਤਵਪੂਰਨ ਥਾਂ ਦਿੰਦਾ ਹੈ। ਜੋ ਕਥਾ ਬਰੈਖਤ ਕਹਿ ਰਿਹੈ ਉਸ 'ਤੇ ਅਸੀਂ ਵਿਚਾਰ ਕਰੀਏ ਤਾਂ ਦੋ ਗੱਲਾਂ ਸਾਹਮਣੇ ਆਉਂਦੀਆਂ ਨੇ। ਇਕ ਤਾਂ ਲਾਓਤਸੂ ਦਾ ਗਿਆਨ ਹੈ (ਜਿਹਦੇ ਨਾਂ ਦਾ ਕਵਿਤਾ 'ਚ ਜ਼ਿਕਰ ਨਹੀਂ ਆਉਂਦਾ) ਜਿਸਦੇ ਕਾਰਨ ਉਸਨੂੰ ਪਰਵਾਸ ਕਰਨਾ ਪਿਆ। ਦੂਜੇ ਪਾਸੇ ਚੁੰਗੀ ਅਧਿਕਾਰੀ ਦੀ ਜਾਣਨ ਦੀ ਤਾਂਘ ਹੈ ਜਿਸ ਕਰਕੇ ਅੰਤ 'ਚ ਅਸੀਂ ਉਸਦੇ ਧੰਨਵਾਦੀ ਹੁੰਦੇ ਹਾਂ ਕਿਉਂਕਿ ਉਸਦੇ ਕਾਰਨ ਹੀ ਲਾਓਤਸੇ ਦਾ ਗਿਆਨ ਪ੍ਰਗਟ ਹੋਇਆ। ਪਰ ਇਹ ਸੰਭਵ ਨਾ ਹੋ ਸਕਦਾ ਜੇ ਤੀਜਾ ਕਾਰਕ ਨਾ ਹੁੰਦਾ, ਤੇ ਉਹ ਕਾਰਕ ਹੈ ਦੋਸਤੀ। ਇਹ ਕਹਿਣਾ ਤਾਂ ਸਹੀ ਨਹੀਂ ਕਿ 'ਤਾਓ-ਤੇ-ਚਿੰਗ' ਪੁਸਤਕ ਦਾ ਵਿਸ਼ਾ-ਵਸਤੂ ਦੋਸਤੀ ਹੈ, ਪਰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ ਦੋਸਤੀ ਦੇ ਭਾਵ ਤੋਂ ਬਿਨਾਂ ਇਹ ਪੁਸਤਕ ਨਹੀਂ ਲਿਖੀ ਜਾਣੀ ਸੀ। ਇਹ ਕਵਿਤਾ ਵਿਸ਼ੇਸ਼ ਕਰਕੇ ਇਸੇ ਦੋਸਤੀ ਦੇ ਵਿਸ਼ੇ ਬਾਰੇ ਬੋਲਦੀ ਹੈ।


ਸਭ ਤੋਂ ਪਹਿਲਾਂ : ਦੋਸਤੀ ਬਿਨ੍ਹਾਂ ਸੋਚੇ ਸਮਝੇ ਨਹੀਂ ਕੀਤੀ ਜਾਂਦੀ
ਉਦੋਂ ਗਰਦਨ ਮੋੜ ਕੇ ਬਜ਼ੁਰਗ ਗਿਆਨੀ ਨੇ
ਉਸ ਆਦਮੀ ਨੂੰ ਗੌਰ ਨਾਲ ਦੇਖਿਆ। ਟਾਕੀਆਂ ਲੱਗਿਆ ਕੋਟ। ਨੰਗੇ ਪੈਰ

ਬੇਨਤੀ ਕਰਨ ਵਾਲਾ ਚਾਹੇ ਕਿੰਨਾ ਵੀ ਨਿਮਰ ਕਿਉਂ ਨਾ ਹੋਵੇ, ਲਾਓਤਸੇ ਪਹਿਲਾਂ ਖ਼ੁਦ ਇਹ ਪੱਕਾ ਕਰਦਾ ਕਿ ਇਹ ਆਦਮੀ ਦੋਸਤੀ ਦੇ ਕਾਬਿਲ ਹੈ ਜਾਂ ਨਹੀਂ।

ਦੂਜਾ: ਦੋਸਤੀ ਛੋਟੇ-ਮੋਟੇ ਕੰਮ ਤੁਰਦੇ-ਫਿਰਦੇ ਕਰ ਦੇਣ 'ਚ ਨਹੀਂ ਹੈ; ਦੋਸਤੀ ਇਸ 'ਚ ਹੈ ਕਿ ਮਹਾਨ ਕੰਮ ਇਸ ਤਰ੍ਹਾਂ ਕਰੇ ਜਾਣ ਜਿਵੇਂ ਉਹ ਸਭ ਤੋਂ ਮਾਮੂਲੀ ਹੋਣ। ਇਕ ਵਾਰ ਲਾਓਤਸੇ ਚੁੰਗੀ ਅਧਿਕਾਰੀ ਦੀ ਬੇਨਤੀ ਤੋਂ ਸੰਤੁਸ਼ਟ ਹੋ ਗਏ ਤਾਂ ਫੇਰ ਉਹਨਾਂ ਨੇ ਤਹਿ ਕਰ ਲਿਆ : ਅਸੀਂ ਏਥੇ ਰੁਕਾਂਗੇ

ਉਸ ਆਦਮੀ ਦੀ ਖੁਸ਼ੀ ਲਈ ਉਨ੍ਹਾਂ ਨੇ ਯਾਤਰਾ ਵਿੱਚੇ ਛੱਡਕੇ ਉਹ ਮਹਾਨ ਇਤਿਹਾਸਿਕ ਦਿਨ ਉਥੇ ਗੁਜ਼ਾਰੇ।

ਤੀਜਾ: ਦੋਸਤੀ ਦੇ ਵਿਸ਼ੇ ਬਾਰੇ ਅਸੀਂ ਸਿੱਖਦੇ ਹਾਂ ਕਿ ਦੋਸਤੀ ਦੋ ਆਦਮੀਆਂ ਵਿਚਲੀ ਦੂਰੀ ਨੂੰ ਮਿਟਾਉਂਦੀ ਹੀ ਨਹੀਂ ਸਗੋਂ ਦੂਰੀ ਨੂੰ ਜੀਵੰਤ ਬਣਾ ਦਿੰਦੀ ਹੈ। ਚੁੰਗੀ ਅਧਿਕਾਰੀ ਲਈ ਅਜਿਹਾ ਮਹਾਨ ਕਾਰਜ ਕਰਨ ਬਾਅਦ ਲਾਓਤਸੇ ਨੂੰ ਉਸ ਨਾਲ ਕੋਈ ਮਤਲਬ ਨਹੀਂ ਰਹਿ ਜਾਂਦਾ ਤੇ ਚੁੰਗੀ ਅਧਿਕਾਰੀ ਨੂੰ ਇਕਆਸੀ ਸੂਤਰਾਂ ਵਾਲਾ ਖਰੜਾ ਵੀ ਉਹ ਨਹੀਂ ਬਲਕਿ ਉਸ ਮੁੰਡੇ ਨੇ ਸੌਂਪਿਆ।




ਇੱਕ ਪੁਰਾਣੇ ਦਾਰਸ਼ਨਿਕ ਦਾ ਕਹਿਣਾ ਹੈ,"ਉਹ ਪੁਰਾਣੇ ਲੋਕ ਸਭ ਤੋਂ ਹਨ੍ਹੇਰੇ ਤੇ ਖ਼ੂਨੀ ਸਮੇਂ 'ਚ ਜਿਉਂਦੇ ਰਹੇ, ਫਿਰ ਵੀ ਉਹਨਾਂ ਤੋਂ ਜ਼ਿਆਦਾ ਖੁਸ਼ਮਿਜ਼ਾਜ਼ ਤੇ ਦੋਸਤਾਨਾ ਲੋਕ ਦੋਬਾਰਾ ਨਹੀਂ ਹੋਏ।" ਇਸ ਕਥਾ 'ਚ ਲਾਓਤਸੇ ਜਿਥੇ ਵੀ ਜਾਂਦੇ ਨੇ ਖੁਸ਼ੀ ਨਾਲ ਲੈ ਜਾਂਦੇ ਨੇ। ਉਹਨਾਂ ਦਾ ਬਲਦ ਵੀ ਪਿੱਠ 'ਤੇ ਲੱਦੇ ਬੋਝ ਨੂੰ ਭੁੱਲ ਕੇ ਨਵੀਂ ਹਰੀ ਘਾਹ ਦੇਖਦੇ ਹੀ ਖੁਸ਼ ਹੋ ਜਾਂਦਾ ਹੈ। ਨਾਲ ਜਾਂਦਾ ਮੁੰਡਾ ਵੀ ਖੁਸ਼ ਹੈ ਕਿਉਂਕਿ ਉਹ ਜਦ ਚੁੰਗੀ ਅਧਿਕਾਰੀ ਨੂੰ ਲਾਓਤਸੇ ਦੀ ਗ਼ਰੀਬੀ ਬਾਰੇ ਦੱਸਦਾ ਹੈ ਤਾਂ ਕਹਿੰਦਾ ਹੈ, "ਦਿਖਦਾ ਨ੍ਹੀਂ, ਗੁਰੂ ਜੀ ਨੇ।" ਚੁੰਗੀ ਅਧਿਕਾਰੀ ਵੀ ਖੁਸ਼ਮਿਜ਼ਾਜ਼ ਹੈ, ਇਸੇ ਲਈ ਉਸਨੂੰ ਲਾਓਤਸੇ ਦੀ ਖੋਜ ਬਾਰੇ ਪੁੱਛਣ ਦਾ ਖ਼ਿਆਲ ਆਉਂਦਾ ਹੈ। ਤੇ ਫੇਰ ਗਿਆਨੀ ਆਦਮੀ ਖ਼ੁਦ ਖੁਸ਼ਮਿਜ਼ਾਜ਼ ਕਿਵੇਂ ਨਾ ਹੋਣ? ਪਹਿਲੇ ਹੀ ਮੋੜ 'ਤੇ ਉਸ ਘਾਟੀ ਨੂੰ ਭੁੱਲ ਗਿਆ ਜਿਸਨੇ ਹੁਣੇ-ਹੁਣੇ ਉਸਨੂੰ ਮੋਹ ਲਿਆ ਸੀ। ਗਿਆਨ ਦਾ ਅਰਥ ਹੀ ਕੀ ਹੈ ਜੇ

ਉਹ ਆਪਣੇ ਭਵਿੱਖ ਦੀ ਚਿੰਤਾ ਵੀ ਤੁਰੰਤ ਨਾ ਭੁੱਲ ਜਾਵੇ?

'ਘਰ ਘਰ ਦਾ ਹਰਕਾਰਾ' ਕਵਿਤਾ 'ਚ ਬਰੈਖ਼ਤ ਨੇ ਦੁਨੀਆਂ 'ਚ ਦੋਸਤੀ ਦੇ ਸਬੰਧ 'ਚ ਇਕ ਗਾਥਾ ਲਿਖੀ ਹੈ। ਇਹਦੇ ਤਿੰਨ ਖੰਡ ਨੇ: ਮਾਂ ਬੱਚੇ ਦੇ ਲੰਗੋਟ ਬੰਨ੍ਹ ਰਹੀ ਹੈ; ਪਿਤਾ ਬੱਚੇ ਦਾ ਹੱਥ ਆਪਣੇ ਹੱਥ 'ਚ ਫੜ੍ਹ ਬਾਹਰ ਜਾ ਰਿਹਾ ਹੈ; ਤੇ ਕੁਝ ਲੋਕ ਇਕ ਆਦਮੀ ਦੀ ਕਬਰ 'ਤੇ ਮਿੱਟੀ ਪਾ ਰਹੇ ਨੇ। ਬੱਸ। ਕਵਿਤਾ ਖ਼ਤਮ ਹੁੰਦੀ ਹੈ:

ਲਗਭਗ ਹਰੇਕ ਨੂੰ ਦੁਨੀਆਂ ਪਿਆਰੀ ਲੱਗਦੀ ਹੈ / ਜਦ ਨਸੀਬ ਹੋਵੇ ਉਸਨੂੰ ਅੰਤ 'ਚ ਦੋ ਮੁੱਠ ਮਿੱਟੀ

ਦੁਨੀਆਂ ਦੀ ਦੋਸਤੀ ਦਾ ਇਹਸਾਸ ਸਾਨੂੰ ਜ਼ਿੰਦਗੀ ਦੇ ਸਭ ਤੋਂ ਔਖੇ ਪਲਾਂ 'ਚ ਹੁੰਦਾ ਹੈ; ਜਨਮ ਸਮੇਂ, ਜੀਵਨ 'ਚ ਦਾਖ਼ਿਲ ਹੋਣ ਸਮੇਂ, ਤੇ ਅੰਤ 'ਚ ਜੀਵਨ ਤੋਂ ਵਿਦਾ ਲੈਣ ਸਮੇਂ। ਇਹ ਮਨੁੱਖਤਾ ਦਾ ਛੋਟਾ ਜਿਹਾ ਕਾਰਜ-ਕਰਮ ਹੈ। ਲਾਓਤਸੇ ਵਾਲੀ ਕਵਿਤਾ 'ਚ ਇਹ ਭਾਵ ਵਾਰ-ਵਾਰ ਪ੍ਰਗਟ ਹੁੰਦਾ ਹੈ: ਸਮਝੇ ਕੁਝ? ਤਕੜਾ ਹਾਰਦੈ ਸਦਾ।

ਇਹ ਕਵਿਤਾ ਸਾਨੂੰ ਅਜਿਹੇ ਸਮੇਂ 'ਚ ਪ੍ਰਾਪਤ ਹੁੰਦੀ ਹੈ ਜਦ ਇਹ ਸ਼ਬਦ ਸਾਡੇ ਕੰਨਾਂ 'ਚ ਇਕ ਭਰੋਸੇ ਵਾਂਗ ਗੂੰਜਦੇ ਨੇ; ਅਜਿਹਾ ਭਰੋਸਾ ਜੋ ਮਸੀਹੀ ਨਹੀਂ ਹੈ। ਸਮਕਾਲੀ ਪਾਠਕ ਲਈ ਇਹ ਸਿਰਫ਼ ਭਰੋਸਾ ਹੀ ਨਹੀਂ, ਇੱਕ ਸਿੱਖਿਆ ਵੀ ਹੈ: ਵਗਦੇ ਪਾਣੀ ਜਿਹਾ ਕੁਝ ਵੀ ਕੋਮਲ ਨ੍ਹੀਂ / ਤੇ ਸਖ਼ਤ ਨੂੰ ਖ਼ੋਰਨ 'ਚ ਇਸਦਾ ਕੋਈ ਸਾਨੀ ਨ੍ਹੀਂ

ਸਿੱਖਿਆ ਇਹ ਵੀ ਹੈ ਕਿ ਕਦੇ ਵੀ ਨਾ ਭੁੱਲੋ ਕਿ ਚੀਜ਼ਾਂ ਹਨ ਤੇ ਲਗਾਤਾਰ ਬਦਲ ਰਹੀਆਂ ਨੇ ਤੇ ਇਸ ਲਈ ਤੁਸੀਂ ਉਸਦਾ ਸਾਥ ਦਿਓ ਜੋ ਤੁੱਛ, ਪਰ ਗੰਭੀਰ ਤੇ ਅਨੰਤ ਅਮਰ ਹੈ ਜਿਵੇਂ ਪਾਣੀ। ਦਵੰਦਾਤਮਿਕ ਭੌਤਿਕਵਾਦੀਆਂ ਨੂੰ ਸ਼ੋਸ਼ਿਤਾਂ ਦੇ ਪੱਖ ਦੀ ਯਾਦ ਆ ਰਹੀ ਹੋਵੇਗੀ (ਇਹੀ ਪੱਖ ਸ਼ਾਸ਼ਕਾਂ ਦੇ ਲਈ ਤੁੱਛ ਹੈ, ਸ਼ੋਸ਼ਿਤਾਂ ਦੇ ਲਈ ਗੰਭੀਰ ਤੇ ਆਪਣੇ ਅੰਤਿਮ ਨਤੀਜਿਆਂ 'ਚ ਅਨੰਤ ਤੇ ਅਮਰ)। ਅੰਤ 'ਚ ਭਰੋਸੇ ਤੇ ਸਿਧਾਂਤ ਤੋਂ ਇਲਾਵਾ ਇੱਕ ਨੀਤੀ ਦੀ ਗੱਲ ਵੀ ਹੈ। ਜੋ ਵੀ ਚਾਹੁੰਦਾ ਹੈ ਤਕੜੇ ਤੇ ਕਰੂਰ ਦੀ ਹਾਰ ਹੋਵੇ ਉਸਨੂੰ ਦੋਸਤੀ ਦਾ ਕੋਈ ਮੌਕਾ ਗਵਾਉਣਾ ਨਹੀਂ ਚਾਹੀਦਾ।

◆

**ਸਰੋਤ**

Benjamin, Walter. "Commentaries on Poems by Brecht," in: *Understanding Brecht*, trans. Anna Bostock, introd. Stanley Mitchell (London: Verso, 1988), this one, pp. 70-74.



ਕਵਿਤਾਵਾਂ

## ਦਰਸ਼ਨ ਬੁੱਟਰ

### • *ਘਰ ਵਾਪਸੀ*

ਪਰਤ ਆਇਆ ਹਾਂ ਮੈਂ
ਪਤਾ ਨਹੀਂ ਕਿਹੜੇ ਕਿਹੜੇ
ਨਛੱਤਰਾਂ ਨੂੰ ਗਾਹ ਕੇ
ਮੇਰੇ ਪਿੰਡ !

ਮੈਂ ਹੁਣ
ਵਰਤਮਾਨ ਦੇ ਰੱਥ ਦਾ
ਵਾਗ ਵਿਹੂਣਾ
ਪਲ ਪਲ ਘਸਦਾ ਪਹੀਆ ਹਾਂ

ਮੈਂ ਹਿਮਾਲਾ ਨੂੰ ਤਲ਼ੀ 'ਤੇ ਮਸਲਿਆ
ਗਲੋਬ ਨੂੰ ਕਿੱਕ ਮਾਰੀ
ਖ਼ਿੱਤੀਆਂ ਨੂੰ ਜੇਬ 'ਚ ਪਾਇਆ
ਪਰ ਸ਼ਾਂਤ ਨਾ ਕਰ ਸਕਿਆ
ਆਪਣੀ ਰੂਹ ਦੇ ਕਲਪਦੇ ਮੋਰ ਨੂੰ

ਮੇਰੇ ਪਿੰਡ !
ਤੇਰੀ ਜੂਹ 'ਚੋਂ
ਤਲਾਸ਼ ਰਿਹਾ ਹਾਂ ਮੈਂ
ਕਿਧਰੇ ਗੁਆਚ ਗਏ
ਉਸ ਗੋਲੂ-ਮੋਲੂ ਜਿਹੇ ਮੁੰਡੇ ਨੂੰ

ਉਸ ਇੱਲਤੀ ਛੋਕਰੇ ਨੂੰ
ਜੋ ਮੱਝ ਦੀ ਪੂਛ ਫੜ ਕੇ
ਟੋਭੇ ਦਾ ਹਿੰਦ ਮਹਾਂਸਾਗਰ
ਗਾਹ ਲੈਂਦਾ ਸੀ

ਉਸ ਮੁੱਛ-ਫੁੱਟ ਗੱਭਰੂ ਨੂੰ
ਜੋ ਸੂਰਜ ਨੂੰ
ਸਾਫ਼ੇ ਲੜ ਬੰਨ੍ਹ ਕੇ

ਚੰਨ ਦੀ ਦਾਤੀ ਨਾਲ
ਹਾੜ੍ਹੀ ਵੱਢਦਾ ਸੀ

ਮੈਂ ਤਲਾਸ਼ ਰਿਹਾ ਹਾਂ
ਬਾਪੂ ਦੇ
ਉਸ ਪੜ੍ਹਾਕੂ ਪੁੱਤ ਨੂੰ
ਜਿਸ ਦੀਆਂ ਕਿਤਾਬਾਂ
ਆੜ੍ਹਤੀਏ ਦੀ ਵਹੀ ਨੂੰ
ਗ਼ਲਤ ਨਾ ਸਿੱਧ ਕਰ ਸਕੀਆਂ

ਉਸ ਹਾਰੇ ਹੋਏ ਯੋਧੇ ਨੂੰ
ਜੋ ਗਲ਼ੇ ਸੜੇ ਨਿਜ਼ਾਮ ਦੀ
ਹਿੱਕ ਵਿਚ
ਬਾਰੂਦ ਬਣ ਕੇ, ਫਟ ਨਾ ਸਕਿਆ

ਮੇਰੇ ਪਿੰਡ !
ਦੂਰ ਨਛੱਤਰਾਂ ਤੋਂ ਪਰਤੇ
ਇਸ ਓਪਰੇ ਜਿਹੇ ਬੰਦੇ ਨੂੰ
ਜ਼ਰਾ ਦੱਸ ਤਾਂ ਸਹੀ
ਕਿੱਥੇ ਹੈ ਉਹ
'ਗੋਲੂ ਮੋਲੂ ਜਿਹਾ ਮੁੰਡਾ'...

## • *ਐਨੀ ਕੁ ਗੱਲ*

ਗੱਲ ਤਾਂ ਸਿਰਫ਼ ਏਨੀ ਸੀ
ਕਿ ਘੀਚਰ ਕਾਣੇ ਦੀ ਘੀਚੋ ਨੇ
ਰੂੜੀਆਂ ਤੋਂ ਥਿਆਈ
ਲਿਪਸਟਿਕ ਲਾ ਕੇ ਛੱਪੜ 'ਚ ਮੂੰਹ ਵੇਖਿਆ

ਏਨੀ ਕੁ ਗੱਲ ਸੀ ਨਾ !

ਛੱਪੜ ਦੇ ਡੱਡੂਆਂ ਦੀ
ਟਰੈਂ ਟਰੈਂ ਅਜੇ ਵੀ ਕਿਉਂ ਜਾਰੀ ਹੈ

ਗੱਲ ਤਾਂ ਸਿਰਫ਼ ਏਨੀ ਸੀ
ਕਿ ਡਾਕ ਗੱਡੀ ਵਿਚ ਆਇਆ ਸੁਰਮਾ
ਪੰਜ ਰੱਤੀਆਂ ਤੋਂ ਜ਼ਰਾ ਕੁ ਘੱਟ ਸੀ
ਚੰਨ ਵਰਗੀ ਚੰਦ ਕੁਰ
ਲਟੈਣ ਨਾਲ ਰੱਸਾ ਲਪੇਟ ਕੇ ਕਿਉਂ ਲਮਕ ਗਈ

ਗੱਲ ਤਾਂ ਸਿਰਫ਼ ਏਨੀ ਸੀ
ਕਿ ਅੱਜ ਸਵੇਰੇ ਸਵੇਰੇ
ਪਿੰਡ ਦੀ ਫਿਰਨੀ 'ਤੇ ਆ ਕੇ
ਸੂਰਜ ਦੇ ਸਾਈਕਲ ਦੀ
ਚੈਨ ਉਤਰ ਗਈ
ਇਹ ਪਿੰਡ ਵਾਲੇ
ਬੁਝੀਆਂ ਲਾਲਟੈਣਾਂ ਫੜੀ ਕਿਧਰ ਭੱਜੀ ਜਾਂਦੇ ਨੇ
ਗੱਲ ਤਾਂ ਸਿਰਫ਼ ਏਨੀ ਕੁ ਸੀ
ਕਿ ਬਾਜ ਦੇ ਪੰਜੇ 'ਚੋਂ ਛੁੱਟੀ
ਚਿੜੀ ਦਾ ਖੰਭ
ਲੰਮੀ ਪਹੀ 'ਚ ਆ ਡਿੱਗਿਆ
ਪਿੰਡ ਦਾ ਸੱਖਣਾ ਅਸਮਾਨ
ਆਥਣ ਤੀਕ
ਖੰਭਾਂ ਦੀਆਂ ਡਾਰਾਂ ਨਾਲ ਕਿਵੇਂ ਭਰ ਗਿਆ

ਗੱਲ ਤਾਂ ਸਿਰਫ਼ ਏਨੀ ਕੁ ਸੀ
ਪਰ ਗੱਲ ਸਿਰਫ਼ ਏਨੀ ਕੁ ਹੀ ਕਿਉਂ ਸੀ...?...?...?

## • *ਰੁਖ਼ਸਤ ਹੋਣ ਦਾ ਢੰਗ*

(ਜਿਉਣ ਸਿਓਂ ਖੱਬੀਖਾਨ ਦੇ ਗਲ਼ ਰੱਸਾ ਵੇਖ ਕੇ)

ਇਹ ਕੋਈ ਢੰਗ ਨਹੀਂ
ਰੁਖ਼ਸਤ ਹੋਣ ਦਾ
ਮੁੜ੍ਹਕੇ ਦਾ ਮੁੱਲ ਏਨਾ ਘੱਟ ਨਹੀਂ ਹੋ ਸਕਦਾ

ਸੰਘ ਹੇਠੋਂ ਜ਼ਹਿਰ ਉਤਾਰਨ ਨਾਲ
ਪੈਰਾਂ ਹੇਠਲੀ ਜ਼ਮੀਨ
ਵਾਪਸ ਨਹੀਂ ਆਏਗੀ

ਛੱਤ ਨਾਲ ਲਮਕਦਾ ਰੱਸਾ
ਛੱਤ ਦੀ ਸਲਾਮਤੀ ਦਾ
ਜਾਮਨ ਨਹੀਂ ਬਣੇਗਾ

ਬੇ-ਰੁੱਤੇ ਰੁਖ਼ਸਤ ਹੋਣ ਵਾਲੇ
ਭਾਰ ਮੁਕਤ ਨਹੀਂ ਹੁੰਦੇ
ਹਉਕਿਆਂ ਦੀਆਂ ਪੰਡਾਂ ਹੇਠ ਦੱਬੇ
ਵੈਣਾਂ ਦੀ ਪਰਕਰਮਾ ਕਰਦੇ ਰਹਿੰਦੇ

ਚੁੱਲ੍ਹਾ ਠੰਢਾ ਹੈ ਤਾਂ

ਬਾਲਣ ਦੀ ਤਲਾਸ਼ ਕਰ
ਜਿਸ ਦਿਨ
ਬਾਲਣ ਦੇ ਚੋਰ ਦਿਸ ਪਏ
ਦਿਸ ਪਵੇਗਾ
ਰੁਖ਼ਸਤ ਹੋਣ ਦਾ ਸਹੀ ਰਾਹ ਵੀ
ਮਿਲ ਜਾਏਗਾ ਜੀਣ ਦਾ ਮੁਕੰਮਲ ਮਕਸਦ ਵੀ

ਵੱਡਿਆ ਖੱਬੀਖਾਨਾ !
ਇਹ ਕੋਈ ਢੰਗ ਨਹੀਂ
ਰੁਖ਼ਸਤ ਹੋਣ ਦਾ
ਮੁੜ੍ਹਕੇ ਦਾ ਮੁੱਲ ਏਨਾ ਘੱਟ ਨਹੀਂ ਹੋ ਸਕਦਾ...

## • *ਉਮਰ ਦੇ ਇਸ ਮੋੜ 'ਤੇ*

ਭੁੱਲਣਾ ਵੀ ਪੈਂਦਾ ਹੈ
ਘਸਮੈਲ਼ੇ ਅਤੀਤ ਵਿਚਲਾ...ਬਹੁਤ ਕੁਝ
ਉਮਰ ਦੇ ਇਸ ਮੋੜ 'ਤੇ ਆ ਕੇ

ਯਾਦ ਵੀ ਰੱਖਣਾ ਪੈਂਦਾ ਹੈ
ਧੜਕਣ ਜਿਹਾ...ਕੁਝ ਨਾ ਕੁਝ
ਆਪਣੀ ਮਰਜ਼ੀ ਦੇ ਖ਼ਿਲਾਫ਼ ਜਾ ਕੇ

ਮੇਰੇ ਬੁੱਢੇ ਚੇਤੇ ਨੂੰ
ਹਾਲੇ ਤਾਈਂ ਨਹੀਂ ਭੁੱਲੀ
ਲੱਸੀ ਪੀਣਿਆਂ ਦੇ ਬੂਟੇ ਦੀ
ਖ਼ਾਲੀ ਪਿੜ 'ਚ ਮਾਰੀ ਧਾਹ

ਧੂਣੀਆਂ ਤੋਂ ਭੱਜੇ
ਦੁੱਲੇ ਸਾਧ 'ਤੇ ਪਈ ਗਿੱਦੜ–ਕੁੱਟ

ਨਹੀਂ ਭੁੱਲੀ ਹਾਲੇ ਵੀ
ਨਾਥੇ ਕਮਲ਼ੇ ਦੇ
ਜੁੱਬੜਾਂ 'ਚੋਂ ਆਉਂਦੀ ਮੁਸ਼ਕ

ਅੰਬੋ ਜੈ ਕੁਰ ਦੀ
ਠੋਡੀ 'ਤੇ ਖੁਣਿਆ 'ਪੰਜ ਦਾਣਾ'

ਨਹੀਂ ਭੁੱਲਿਆ ਅਜੇ
ਰਿੜ੍ਹੀ ਲਈ ਰਿਹਾੜ ਕਰਦਾ ਬਚਪਨ

ਟਾਕੀਆਂ ਉੱਤੇ
ਟਾਕੀਆਂ ਲਾ ਲਾ ਕੱਟੇ ਸਿਆਲ

ਸੀਤੋ ਦੀ ਸਲੇਟ ਤੋੜਨ ਬਦਲੇ
ਮੀਣੇ ਮਾਸਟਰ ਹੱਥੋਂ ਖਾਧੀ ਕੁੱਟ
ਨਹੀਂ ਭੁੱਲੀ ਅਜੇ ਵੀ

ਨਹੀਂ ਭੁੱਲੀਆਂ ਅਜੇ
ਫ਼ਕੀਰੀ ਵਖ਼ਤਾਂ ਦੀਆਂ
ਦਰਵੇਸ਼ ਮੁਹੱਬਤਾਂ

ਵਕਤੀ ਵਾ-ਵਰੋਲਿਆਂ ਨੇ
ਉਥੇ ਲਿਆ ਸੁੱਟਿਆ ਹੈ ਮੈਨੂੰ
ਜਿਥੇ ਮੇਰੇ ਤੁਰਨ ਲਈ
ਜ਼ਮੀਨ ਨਹੀਂ...ਦਲਦਲ ਹੈ
ਕੁਝ ਕਹਿਣ ਲਈ
ਸ਼ਬਦ ਨਹੀਂ...ਅੰਕੜੇ ਨੇ
ਕੁਝ ਲਿਖਣ ਲਈ
ਸਫ਼ੇ ਨਹੀਂ...ਸਕਰੀਨਾਂ ਨੇ

ਭੈੜੇ ਭੈੜੇ ਸੁਪਨਿਆਂ ਤੋਂ
ਛੁਟਕਾਰਾ ਪਾਉਣ ਲਈ
ਭੁੱਲਣਾ ਵੀ ਪੈਂਦਾ ਹੈ
ਅਤੀਤ ਵਿਚਲਾ...ਬਹੁਤ ਕੁਝ
ਉਮਰ ਦੇ ਇਸ ਮੋੜ 'ਤੇ ਆ ਕੇ

ਰਾਤਾਂ ਨੂੰ ਦੂਧੀਆ ਬਣਾਉਣ ਲਈ
ਯਾਦ ਵੀ ਰੱਖਦਾ ਪੈਂਦਾ ਹੈ
ਧੜਕਣ ਜਿਹਾ...ਕੁਝ ਨਾ ਕੁਝ
ਆਪਣੀ ਮਰਜ਼ੀ ਦੇ ਖ਼ਿਲਾਫ਼ ਜਾ ਕੇ...



ਦਰਸ਼ਨ ਬੁੱਟਰ ਨੇ ਪੰਜਾਬੀ ਕਵਿਤਾ ਵਿਚ ਵੱਖਰਾ ਮੁਕਾਮ ਸਿਰਜਿਆ ਤੇ ਨਾਭਾ ਵਰਗੇ ਸ਼ਹਿਰ ਵਿਚ ਕਵਿਤਾ ਉਤਸਵ ਕਰਵਾ ਕੇ ਇਕ ਵਾਰ ਇਹ ਦਰਸਾ ਦਿੱਤਾ ਕਿ ਉਹਦਾ ਕਵਿਤਾ ਪ੍ਰਤਿ ਕਿੰਨਾ ਪਿਆਰ ਹੈ। ਉਸ ਦੀ ਕਵਿਤਾ ਏਨੀ ਸਹਿਜ ਹੁੰਦੀ ਹੈ ਕਿ ਪੜ੍ਹਨ ਵਾਲਾ ਬੜੇ ਆਰਾਮ ਨਾਲ ਉਸ ਦੀ ਕਵਿਤਾ ਨੂੰ ਆਪਣੇ ਅੰਦਰ ਉਤਾਰ ਲੈਂਦਾ ਹੈ। ਦਰਸ਼ਨ ਬੁੱਟਰ ਦੀਆਂ ਇਨ੍ਹਾਂ ਕਵਿਤਾਵਾਂ ਵਿਚੋਂ ਸਮਾਜ ਦਾ ਦਰਦ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। **ਸੰਪਰਕ : 98728-23110**

ਕਵਿਤਾਵਾਂ

## ਗੁਰਪ੍ਰੀਤ

### • *ਤੇਰੀ ਸਹੁੰ*

ਤੇਰੀ ਸਹੁੰ
ਭੋਰਾ ਝੂਠ ਨ੍ਹੀਂ ਇਸ ਗੱਲ 'ਚ
ਤੂੰ ਯਕੀਨ ਵੀ ਕਰ ਲਿਆ ਕਰ
ਕਿਸੇ ਗੱਲ ਦਾ !

ਕਦੇ ਇਸ ਤਰ੍ਹਾਂ ਆਖਦੀ ਹੈ
ਕਦੇ ਉਹ ਇਸ ਤਰ੍ਹਾਂ ਆਖਦਾ ਹੈ

### • *ਹਾਸਾ*

ਠਹਿਰ
ਪਹਿਲਾਂ ਚਾਹ ਪੀ ਲਵਾਂ
ਕਿੰਨੀ ਚਾਹ ਸੀ
ਚਾਹ ਪੀਣ ਦੀ

ਉਹਨੂੰ ਪਤਾ ਹੈ
ਮੈਂ 'ਕੱਲੀ ਚਾਹ ਨਹੀਂ ਪੀਂਦਾ

ਉਹਨੂੰ ਪਤਾ ਹੈ
ਕਿ ਮੈਨੂੰ ਪਤੈ
ਅੱਜ ਹੀ ਦੇ ਕੇ ਗਿਆ ਹੈ
ਕੋਈ ਰਿਸ਼ਤੇਦਾਰ ਮਿਠਾਈ

ਸ਼ਕਰਪਾਰੇ ਖਾਵਾਂ
ਬਾਲੂਸ਼ਾਹੀ
ਜਲੇਬੀ ਅੱਧੀ ਜਾਂ ਲੱਡੂ ਪੂਰਾ

ਖਾਣ ਲਈ ਵੀ ਸੋਚਣਾ ਪੈਂਦਾ ਹੈ ਹੁਣ ਤਾਂ
ਕਿ ਸੋਚਦਾ ਰਹਿ ਗਿਆ

ਮਿਠਾਈ ਚੁੱਕ ਕੇ ਲੈ ਗਈ ਉਹ ਮੂਹਰੋਂ
ਤੇ ਧਰ ਗਈ ਵੇਸਣ ਦੇ ਫਿੱਕੇ ਬਿਸਕੁਟ

ਉਹਦਾ ਹਾਸਾ ਨਹੀਂ ਰੁਕਦਾ
ਕਿੰਨਾ ਮਿੱਠਾ ਹੈ ਇਹ !

• *ਧਿਆਨ*

ਜਦੋਂ ਵੀ ਬੂੰਦਾਂ 'ਤੇ
ਬੁਰਸ਼ ਕਰਾਂ
ਤੇ ਨਹਾਉਣ ਤੋਂ ਬਾਅਦ
ਪਿੰਡਾ ਪੂੰਝਾਂ ਤੌਲੀਏ ਨਾਲ

ਮੇਰੀਆਂ ਅੱਖਾਂ ਮਿਚ ਜਾਂਦੀਆਂ ਨੇ॥

• *ਹਨੇਰੀ*

ਆਇਐਂ ਵੱਡਾ ਕਵੀ
ਜਾਣਦੀ ਆਂ ਤੈਨੂੰ ਵੀ
ਲਿਖੂੰਗੀ ਅੱਜ
ਵੀਹ ਕਵਿਤਾਵਾਂ
ਇਸੇ ਵੇਲੇ

ਨਾ ਇਕ ਘੱਟ
ਨਾ ਇਕ ਵੱਧ

ਉਹ ਮੁਸਕਰਾਇਆ—
ਵੀਹ ਹੀ ਕਿਉਂ ?

ਛਾਤੀ ਥਾਪੜ
ਬੋਲੀ ਉਹ—
ਤੇਰੇ ਵਰਗੇ ਵੀਹ ਦੇਖੇ ਨੇ

ਉੱਨੀ ਇੱਕੀ ਦੇ ਵਿਚਕਾਰਲਾ ਹਿੰਦਸਾ
ਹੁੰਦਾ ਹੈ ਵੀਹ

ਅੱਜ ਨ੍ਹੀਂ ਹੋਣ ਦੇਣਾ
ਤਕੜੇ ਦਾ ਸੱਤੀਂ ਵੀਹੀ ਸੌ !

ਉਹਨੇ ਸਜ਼ਾ ਲਏ ਮੇਜ਼ 'ਤੇ
ਕਾਗ਼ਜ਼ ਕੋਰੇ
ਤੇ ਭਰ ਲਿਆ ਪੈੱਨ ਸਿਆਹੀ ਦਾ

### • *ਦਮ ਦਾ ਦਮ*

ਕੁਝ ਸ਼ਬਦ ਮੈਨੂੰ
ਚੰਗੇ ਲਗਦੇ ਨੇ
ਸਦੀਵ
ਦਮ ਦਾ ਦਮ
ਸਹਿਜੋ
ਦਸਤੂਰ
ਮਨਸਰਸਾ

ਸਹਿਜੋ ਨਾਂ ਧਰਦਾਂ ਤੇਰਾ
ਤੇ ਬੁਲਾਉਣਾ ਤੈਨੂੰ
ਇਸੇ ਨਾਂ ਨਾਲ਼

ਤੈਨੂੰ ਤਾਂ ਮੈਂ ਦੱਸਿਆ ਨਹੀਂ ਸੀ
ਕਿ ਇਹ ਨਾਂ ਤੇਰਾ ਹੈ
ਜੋ ਮੈਂ ਹੁਣੇ ਰੱਖਿਆ ਹੈ

ਤੂੰ ਕਿਉਂ ਆਖਿਆ—ਹੂੰ

ਤੇਰੀ ਇਸ 'ਹੂੰ' ਨਾਲ਼ ਹੀ ਤੁਰਦੀ ਹੈ ਬਾਤ
ਪੈਰ ਗਾਹੁ ਆਉਂਦੇ ਧਰਤੀਆਂ ਆਕਾਸ਼

'ਹੂੰ'
ਤੂੰ ਫਿਰ ਆਖਿਆ
ਤੇ ਚੁੱਪ ਹੋ ਗਈ

ਦਮ ਦਾ ਦਮ ਨਾਲ਼ ਇਹੋ ਵਾਹ ਹੈ...



**ਗੁਰਪ੍ਰੀਤ** ਦੀ ਕਵਿਤਾ ਪੜ੍ਹਦਿਆਂ ਹੀ ਤੁਹਾਡਾ ਜ਼ਿੰਦਗੀ ਪ੍ਰਤਿ ਵਿਸ਼ਵਾਸ ਗਹਿਰਾ ਹੋ ਜਾਂਦਾ ਹੈ। ਗੁਰਪ੍ਰੀਤ ਅਜਿਹਾ ਸ਼ਾਇਰ ਹੈ ਜਿਹੜਾ ਸੂਖ਼ਮ ਤੰਦਾਂ ਨੂੰ ਕਵਿਤਾ ਦਾ ਸ਼ਿੰਗਾਰ ਬਣਾਉਂਦਾ ਹੈ। ਉਸ ਦੀਆਂ ਕਵਿਤਾਵਾਂ ਏਨੀਆਂ ਸਹਿਜ ਹੁੰਦੀਆਂ ਹਨ ਕਿ ਤੁਸੀਂ ਸੋਚਣ 'ਤੇ ਮਜਬੂਰ ਹੋ ਜਾਂਦੇ ਹੋ ਕਿ ਕੋਈ ਕਵੀ ਇਸ ਤਰ੍ਹਾਂ ਵੀ ਸੋਚ ਸਕਦਾ ਹੈ। ਤੁਹਾਡਾ ਜ਼ਿੰਦਗੀ ਪ੍ਰਤਿ ਇਉਂ ਵੀ ਨਜ਼ਰੀਆ ਬਦਲ ਸਕਦਾ ਹੈ। ਇਹ ਕਵਿਤਾਵਾਂ ਗੁਰਪ੍ਰੀਤ ਦੀ ਸਹਿਜਤਾ ਦੀ ਹਾਮੀ ਵੀ ਭਰਦੀਆਂ ਹਨ। **ਸੰਪਰਕ : 98723-75898**

ਕਵਿਤਾਵਾਂ

# ਸਰਵਣ ਮਿਨਹਾਸ

## • *ਕਿਹੜੀ ਧਾਰਾ*

ਤੇਰਾ ਦਾਅਵਾ ਹੈ ਕਿ
ਗੁਰੂ ਗੋਬਿੰਦ ਸਿੰਘ
ਕਾਰਲ ਮਾਰਕਸ
ਤੇ ਭਗਤ ਸਿਹੁੰ
ਤੇਰੀ ਵਿਚਾਰਧਾਰਾ ਹੈ

ਲੇਕਿਨ
ਬੱਚਿਆਂ ਨੂੰ ਕਾਨਵੈਂਟ ਵਿਚ ਪੜ੍ਹਾਉਣਾ
ਅਰਬਨ 'ਸਟੇਟ ਵਿਚ ਵੱਡੀ ਕੋਠੀ ਪਾਉਣਾ
ਤੇ ਉਹਨੂੰ ਟੀਵੀ ਫਰਿਜ ਏ.ਸੀ. ਨਾਲ ਸਜਾਉਣਾ
ਇਹ ਤੇਰੀ ਜੀਵਨ ਧਾਰਾ ਹੈ

ਜਦੋਂ ਤੂੰ ਆਖਦੈਂ
ਸਭ ਤੋਂ ਖ਼ਤਰਨਾਕ ਹੁੰਦੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਤਾਂ ਤੂੰ ਕਿਹੜੇ ਸੁਪਨਿਆਂ ਦੀ
ਗੱਲ ਕਰ ਰਿਹਾ ਹੁੰਨੈ ਮਿੱਤਰਾ ?

ਹੋਰ ਵੀ ਬੜਾ ਕੁਝ ਖ਼ਤਰਨਾਕ ਹੈ
ਪਰ ਸਭ ਤੋਂ ਵੱਧ ਖ਼ਤਰਨਾਕ ਹੈ
ਜੀਵਨਧਾਰਾ ਦਾ ਵਿਚਾਰਧਾਰਾ ਦੇ ਉਲਟ ਵਹਿਣਾ
ਜੋ ਸੋਚਣਾ ਉਹ ਕਹਿਣਾ ਨਹੀਂ
ਜੋ ਕਹਿਣਾ ਉਹ ਨਾ ਕਰਨਾ...

## • *ਮਾਵਾਂ*

ਮਾਵਾਂ ਰੁਦਨ ਕਰਦੀਆਂ ਨੇ
ਕਾਬਲ ਕੰਧਾਰ
ਬਸਰੇ ਬਗਦਾਦ

ਲੰਦਨ ਨਿਊਯਾਰਕ
ਚਹੁੰ-ਕੂੰਟੀ...
ਸਿਰ ਨਾਲ ਸਿਰ ਜੋੜ ਕੇ ਵਿਰਲਾਪ ਕਰਦੀਆਂ ਨੇ
ਆਪਣੇ ਮਰ ਗਏ ਜਾਂ
ਮਾਰੇ ਗਏ ਬਚੜਿਆਂ ਨੂੰ ਹਾਕਾਂ ਮਾਰਦੀਆਂ ਨੇ

ਜ਼ਿੰਦਗੀ ਰੋਂਦੀ ਹੈ
ਪਵਨ ਗੁਰੂ
ਪਾਣੀ ਪਿਤਾ
ਮਾਤਾ ਧਰਤ ਮਹਤੁ !
ਜ਼ਿੰਦਗੀ ਰੋਂਦੀ ਹੈ
ਹਟਕੋਰੇ ਲੈ ਲੈ
ਤੇ ਸਭ ਸੁਣ ਰਹੇ ਨੇ
ਸਭ ਸੁੰਨ ਕਿਉਂ ਨੇ ?

ਕਿਹੜੇ ਰੱਬ ਨੂੰ ਮਿਹਣਾ ਮਾਰੇ ਕੋਈ
ਕਿੱਥੇ ਅਰਜ਼ ਕਰੇ
ਕਿਣਮਿਣ ਵਗਦੇ
ਇਨ੍ਹਾਂ ਅੱਖਰਾਂ ਨੂੰ
ਕਿਸ ਦੇਹਲੀ ਜਾ ਧਰੇ...

## • *ਮਿੱਤਰਾਂ ਬਿਨ*

ਕਿਸੇ ਪੁਰਾਣੇ ਖੰਡਰ ਦੀ ਕੰਧ ਦੇ ਉਹਲੇ
ਇਕ ਛੋਟੀ ਜਹੀ
ਤਲਾਈ ਦੇ ਕੋਲੇ
ਪਤਾ ਨਹੀਂ ਕਦੋਂ ਦਾ ਗੁੰਮਸੁੰਮ ਬੈਠਾ ਹੈ ਉਹ

ਬਸ ਕਦੇ ਕਦੇ
ਇਕ ਢੇਮ ਚੱਕ ਕੇ ਪਾਣੀ ਵਿਚ ਸਿੱਟਦਾ ਹੈ
ਜਾਂ ਘਾਹ ਦੀ ਤਿਣ ਮੂੰਹ ਵਿਚ ਚਿੱਥਦਾ ਹੈ
ਤੇ ਹਮੇਸ਼ਾ ਲਈ ਤੁਰ ਗਏ
ਆਪਣੇ ਮਿੱਤਰਾਂ ਨੂੰ ਯਾਦ ਕਰਦਾ ਹੈ...

ਸੋਚਦਾ ਹੈ
ਮਿੱਤਰਾਂ ਬਿਨ ਕਾਹਦਾ ਜੀਣਾ
ਉਹ ਹੱਸਣਾ-ਖੇਡਣਾ
ਦੁੱਖ-ਸੁੱਖ ਕਰਨਾ
ਦੋ ਘੁੱਟ ਦਾਰੂ ਦੇ ਪੀਣਾ

ਹੁਣ ਭਲਾ ਉਹ ਸਭ
ਕਿੱਥੇ ਥੀਣਾ

'ਮੌਤ ਵੱਡੀ ਤੇ ਜੀਵਨ ਛੋਟਾ
ਚੱਲ ਮਦਾਰੀ ਪੈਸਾ ਖੋਟਾ'
ਉਹ ਅਸਮਾਨ ਕੰਨੀਂ ਝਾਕਦਾ ਹੈ
ਤੇ ਉਦਾਸ ਜਿਹਾ ਮੁਸਕਰਾਉਂਦਾ
ਨਾ ਜਾਣੇ ਕਿਸ ਨੂੰ ਆਖਦਾ ਹੈ

ਵੱਗ ਦੇ ਘਰ ਮੁੜਨ ਦਾ ਵੇਲਾ
ਆਥਣ ਹੋ ਗਿਆ ਹੈ
ਅਸਮਾਨੀਂ ਕੋਈ ਕੋਈ ਤਾਰਾ ਵੀ
ਟਿਮਟਿਮਾਉਣ ਲੱਗ ਪਿਆ ਹੈ

ਇਕ ਪੰਛੀਆਂ ਦੀ ਡਾਰ ਸ਼ੂਕਦੀ
ਉਹਦੇ ਸਿਰ ਉੱਤੋਂ ਦੀ ਲੰਘ ਜਾਂਦੀ ਹੈ
ਕਿਧਰੇ ਦੂਰ ਪਿੰਡ ਵਿਚ
ਸ਼ੰਖ ਦੀ ਆਵਾਜ਼ ਸੁਣਦੀ ਹੈ
ਤੇ ਉਹ ਕਿਸੇ ਨੂੰ
ਆਪਣਾ ਨਾਉਂ ਲੈਂਦਾ ਸੁਣਦਾ ਹੈ

ਹੌਲੀ ਹੌਲੀ ਉਹ ਉੱਠਦਾ ਹੈ
ਧਰਤੀ ਨੂੰ ਨਿਮਸ਼ਕਾਰਦਾ ਹੈ
ਤੇ ਆਪਣੇ ਪਿੰਡ ਵੱਲ ਤੁਰ ਪੈਂਦਾ ਹੈ...

## • *ਡੱਕੇ ਡੋਲੇ*

ਜਾਂ ਉਨੀਂਦਰਾ
ਜਾਂ ਡਰਾਉਣੇ ਸੁਫ਼ਨੇ
ਕਿੰਝ ਕੱਟੇਗੀ ਰਾਤ
ਓ ਯਾਰ

ਜੀਵਨ ਸੁਗਾਤ ਹੈ
ਕਿ ਸੰਤਾਪ ਹੈ
ਬੁੱਝੀ ਨਾ ਗਈ ਬਾਤ
ਓ ਯਾਰ

ਮਹਿਬੂਬਾ ਮਿਲੀ
ਮੁਹੱਬਤ ਗਈ

ਦੋਵਾਂ ਦਾ ਨੀ ਸਾਥ
ਓ ਯਾਰ

ਮੇਰੇ ਹੱਥ ਵੰਝਲੀ
ਬਾਹਰ ਘਣਾ ਸ਼ੋਰ
ਕਿੰਝ ਛਿੜੇ ਕੋਈ ਰਾਗ
ਓ ਯਾਰ

ਰੱਬ ਟੁੱਟਾ ਬੰਦੇ ਤੋਂ
ਬੰਦਾ ਕੁਦਰਤੋਂ
ਹੁਣ ਤਾਂ ਪਏਗੀ ਉਜਾੜ
ਓ ਯਾਰ

### • *ਸੁਣ*

ਆਪਣੀ ਗਲਵੱਕੜੀ ਨੂੰ
ਫਾਹਾ ਨਾ ਬਣਾ
ਮੇਰੀ ਮੁਹੱਬਤ ਨੂੰ
ਇਹ ਨਾ ਦੇ ਸਜ਼ਾ

ਰਹਿਣ ਦੇ ਬਸ
ਇਸ਼ਕ–ਮੁਸ਼ਕ ਦੀ ਦਾਸਤਾਂ
ਕੋਈ ਹੋਰ ਕਿੱਸਾ ਹੈ
ਤਾਂ ਉਹ ਸੁਣਾ

ਕੀ ਐਵੇਂ ਝੂਠ ਮੂਠ
ਗ਼ਜ਼ਲਾਂ ਲਿਖੀ ਜਾਏਂ
ਕਦੇ ਕਦੇ ਹੀ ਲੰਘਦੈ ਸਿਰ ਤੋਂ ਹੁਮਾ

ਜੋੜ ਤੋੜ ਮਰੋੜ
ਮਸੂਮ ਅੱਖਰਾਂ ਨੂੰ
ਕਾਗ਼ਜ਼ੀ ਇਹ ਫੁੱਲ
ਤੂੰ ਇਹ ਨਾ ਬਣਾ

ਜਗਤ ਜਲੇ ਵੇ ਨੀਰੋ
ਬਚਾ ਸਕੇਂ ਬਚਾ
ਘੱਟੋ ਘੱਟ ਇਹ ਬੰਸਰੀ
ਇਹ ਤੇ ਨਾ ਵਜਾ...

## • *ਹੋਣੀਆਂ-ਅਣਹੋਣੀਆਂ*

ਸੋਚਿਆ ਸੀ
ਚਿਰਾਗ਼–ਏ–ਜਹਾਂ ਬਣਾਂਗੇ
ਜਾਂ ਸ਼ਾਹ–ਏ–ਸ਼ਬ
ਜਾਂ ਉਹ ਤਾਰਾ
ਜਿਹੜਾ ਸਾਗਰਾਂ 'ਚ ਡੋਲਦੇ ਬੇੜਿਆਂ ਨੂੰ
ਪਾਰ ਲੰਘਾਉਂਦਾ ਹੈ

ਪਰ ਇਸ ਤਰ੍ਹਾਂ ਦਾ ਤਾਂ
ਕੁਝ ਨਹੀਂ ਹੋਇਆ
ਅਸੀਂ ਘੜੀ ਦੋ ਘੜੀ ਲਿਸ਼ਕੇ ਕੜਕੇ
ਤੇ ਫਿਰ ਖਿੰਡ ਗਏ
ਜਿਵੇਂ ਸਭ ਖ਼ਤਮ ਹੋ ਗਿਆ

ਹੁਣ ਤੇ ਇਹੀ ਸੋਚੀਦੈ
ਕਿ ਬਸ ਇਕ ਨਿੱਕੀ ਜਿਹੀ ਮੋਵੱਟੀ
ਜਾਂ ਇਕ ਨਿੱਕਾ ਜਿਹਾ ਦੀਪ ਹੀ ਬਣੇ ਰਹੀਏ
ਤਾਂ ਕਿ ਆਪਣਾ ਆਪ ਜਗਦਾ ਰਹੇ
ਥੋੜ੍ਹਾ ਹੀ ਸਹੀ
ਹਨੇਰਾ ਦੂਰ ਭੱਜਦਾ ਰਹੇ

ਪਰ ਜਿਹੋ ਜਿਹੀ ਹਵਾ
ਵਗ ਰਹੀ ਹੈ
ਉਹ ਦੂਰ ਜੋ
ਅੰਨ੍ਹੀ ਚੜ੍ਹ ਰਹੀ ਹੈ
ਉਸ ਨੂੰ ਕੋਈ ਡੱਕ ਵੀ ਸਕੇਗਾ
ਇਸ ਸੁੰਨਸਾਨ ਰਾਤ ਵਿਚ
ਡਰ ਹੈ ਮੈਨੂੰ
ਕੋਈ ਟਿਮਟਿਮਾਉਂਦਾ ਚਿਰਾਗ਼
ਬਚ ਵੀ ਸਕੇਗਾ...

## • *ਲੁਕਣ ਮੀਟੀ*

ਲੁਕ ਛੁਪ ਜਾਣਾ
ਮਕਈ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ...

ਉਹ ਰਾਜੇ ਦੀ ਬੇਟੀ ਹੀ ਤਾਂ ਸੀ
ਤੇ ਮੈਂ ਆਪਣੇ
ਸੰਸਿਆਂ 'ਚ ਘਿਰਿਆ
ਕੁਝ ਡਰਿਆ ਡਰਿਆ ਨਾ ਜਾਣੇ
ਕਿਹੜੀ ਹਨੇਰੀ ਕੁੰਦਰਾ
ਕਿਹੜੀ ਕਾਲ ਕੋਠਰੀ ਵਿਚ ਛਿਪ ਗਿਆ

ਤੇ ਉਹ ਮੈਨੂੰ ਟੋਲਦੀ ਰਹੀ
ਕੰਧ ਉਹਲੇ ਨਿੰਮ ਹੇਠਾਂ
ਕੁੱਪ ਪਿੱਛੇ ਟੋਭੇ ਨੇੜੇ
ਟੋਭੇ ਤੋਂ ਵੀ ਪਾਰ
ਬਾਰ ਬਾਰ

ਤੇ ਫਿਰ ਉਹ ਚਲੀ ਗਈ

ਪਤਾ ਨਹੀਂ ਕੌਣ ਵੇਲਾ ਸੀ
ਕਿਹੜਾ ਪਹਿਰ ਸੀ
ਜਦੋਂ ਮੈਂ ਹਨੇਰੀ ਕੁੰਦਰਾ 'ਚੋਂ ਬਾਹਰ ਨਿਕਲਿਆ
ਤੇ ਉਸ ਨੂੰ ਟੋਲਣ ਲੱਗਾ
ਗਰਾਂ ਗਰਾਂ
ਨਗਰ ਨਗਰ—ਡਗਰ ਡਗਰ
ਪਰ ਉਹ ਨਾ ਜਾਣੇ
ਦੁਨੀਆ ਦੀ ਭੀੜ ਵਿਚ ਕਿੱਥੇ ਖੋ ਗਈ...

ਤੇ ਇਸ ਤਰ੍ਹਾਂ ਉਮਰ ਭਰ
ਮੁਹੱਬਤ ਤੇ ਮੈਂ
ਜਾਂ ਆਖ ਲਵੋ
ਜ਼ਿੰਦਗੀ ਤੇ ਮੈਂ
ਲੁਕਣ-ਮੀਟੀ ਖੇਡਦੇ ਰਹੇ
ਕਦੇ ਮੈਂ ਛਿਪ ਗਿਆ
ਉਹ ਟੋਲਦੀ ਰਹੀ
ਕਦੇ ਉਹ ਛਿਪ ਗਈ
ਤੇ ਮੈਂ ਟੋਲਦਾ ਰਿਹਾ
ਨਗਰ ਨਗਰ—ਡਗਰ ਡਗਰ

ਕਵਿਤਾਵਾਂ

## ਮੋਨੀਕਾ ਕੁਮਾਰ

### • *ਡੈਡੀ ਦੀ ਭੂਆ*

ਮੈਂ ਸੋਚਦੀ ਸੀ
ਡੈਡੀ ਦੀ ਭੂਆ ਨਾਲ ਬਹੁਤਾ ਪਿਆਰ ਵਧਾਉਣ ਦਾ ਕੀ ਮਤਲਬ
ਡੈਡੀ ਦੀ ਭੂਆ ਦਾ ਸਤਿਕਾਰ ਤਾਂ ਕੀਤਾ ਜਾ ਸਕਦਾ
ਪਰ ਭੂਆ ਨਾਲ ਪਿਆਰ ਕਿਵੇਂ ਹੋਵੇ
ਭੂਆ ਨੂੰ ਮੇਰੇ ਕੂਲ਼ੇ ਹੱਥ ਚੰਗੇ ਲੱਗਦੇ
ਮੈਂ ਓਹਦੇ ਤੋਂ ਕਾਹਲ਼ੀ ਨਾਲ ਹੱਥ ਛੁਡਾ ਲੈਂਦੀ

ਇਕ ਜਣਾ ਛੜੱਪ ਕੇ ਗਲ਼ੀ ਗਾਹ ਆਉਂਦਾ ਹੈ
ਦੂਜਾ ਕੰਧ ਫੜ ਫੜ ਕੇ ਟੁਰਦਾ ਹੈ
ਸਾਡੇ ਵਿਚ ਦੋਸਤੀ ਕਿਵੇਂ ਹੋਵੇ

ਭੂਆ ਦੇ ਕਪੜਿਆਂ ਦੇ ਰੰਗ ਕਿੰਨੇ ਫਿੱਕੇ ਨੇ
ਸੂਫ਼ੀਆ ਨੇ ਰੰਗਾਂ ਦੇ ਥਾਨ ਖੋਲ੍ਹਦਿਆਂ
ਬਜਾਜੀ ਵਾਲ਼ਾ ਵੀ ਮੂੰਹ ਓਪਰਾ ਜਿਹਾ ਦਾਨਾ ਕਰ ਲੈਂਦਾ ਹੈ
ਭੂਆ ਨਾ ਸੁਰਖ਼ੀ ਮਲ਼ੇ ਨਾ ਲਾਲੀ
ਮੈਨੂੰ ਖਿਝ ਆਉਂਦੀ
ਭੂਆ ਮੈਨੂੰ ਆਪਣੇ ਕੋਲ਼ ਕਿਉਂ ਬੁਲਾਉਂਦੀ ਹੈ

ਭੂਆ ਨੂੰ ਕੱਲ੍ਹ ਨੂੰ ਆਉਣ ਦਾ ਲਾਰਾ ਲਾ ਕੇ ਮੈਂ ਦੂਰ ਭੱਜ ਜਾਂਦੀ
ਮੈਨੂੰ ਪਤਾ ਸੀ ਜਾਣਾ ਮੈਂ ਕੱਲ੍ਹ ਵੀ ਨਹੀਂ

ਭੂਆ ਮਰ ਗਈ
ਸ਼ਾਂਤੀ ਭੂਆ ਦੀ ਮਰਗ ਸ਼ਾਂਤ ਮਰਗ ਸੀ
ਜਿਵੇਂ ਜੀਵੀ ਤਿਓਂ ਹੀ ਮੋਈ

ਭੂਆ ਦੇ ਮਰਨੇ ਵਿਚ ਕੋਈ ਅਚਰਜ ਨਹੀਂ
ਅਚਰਜ ਬਸ ਇਹੋ ਹੈ
ਮੈਂ ਹੁਣ ਪੈਰ ਬੋਚ ਬੋਚ ਕੇ ਟੁਰਦੀ ਹਾਂ
ਹੱਥਾਂ ਦੀ ਖ਼ੁਸ਼ਕੀ ਦੂਰ ਕਰਨ ਦੇ ਨੁਸਖ਼ੇ
ਅਖ਼ਬਾਰਾਂ ਵਿਚ ਪੜ੍ਹਦੀ ਹਾਂ

## • *ਕੋਈ ਦਿਨ*

ਕੋਈ ਦਿਨ ਆਉਂਦਾ ਹੈ
ਜਦੋਂ ਕੋਈ ਯਾਦ ਨਹੀਂ ਕਰਦਾ
ਕੋਈ ਚਿੱਠੀ ਜਾਂ ਈ-ਮੇਲ ਨਹੀਂ ਆਉਂਦੀ
ਕੋਈ ਫ਼ੋਨ ਨਹੀਂ ਕਰਦਾ
ਬਿਜਲੀ ਦਾ ਬਿੱਲ ਜੋ ਅੱਜ ਕੱਲ੍ਹ 'ਚ ਆਉਣਾ ਹੈ
ਪਰ ਏਸ ਦਿਨ ਨਹੀਂ ਆਉਂਦਾ
ਕੋਈ ਗ਼ਲਤ ਫਹਿਮੀ ਕੋਈ ਭੁੱਲ-ਚੁੱਕ ਨਹੀਂ
ਕਿਸੇ ਨੇ ਗ਼ਲਤੀ ਨਾਲ਼ ਮੇਰੇ ਘਰ ਦੀ ਘੰਟੀ ਨਹੀਂ ਵਜਾਈ
ਕੋਈ ਜਾਣਦਾ ਪਛਾਣਦਾ ਬਾਜ਼ਾਰ ਵਿਚ ਨਹੀਂ ਟੱਕਰੇਗਾ

ਕਿਉਂਕਿ ਜੋ ਹੁੰਦਾ ਹੈ ਚੰਗੇ ਲਈ ਹੁੰਦਾ ਹੈ
ਇਸ ਦਿਨ ਵਿਚ ਵੀ ਕੁਝ ਚੰਗਾ ਹੋਵੇਗਾ
ਇਹੋ ਜਿਹੇ ਦਿਨ ਯਕੀਨ ਹੁੰਦਾ ਹੈ
ਕੁਦਰਤ ਦੀ ਕਿਤਾਬ ਵਿਚ ਸਾਡੀ ਵੀ ਕੋਈ ਨਾਂ ਨੇਕੀ ਹੈ
ਨਹੀਂ ਤਾਂ ਹਰ ਦਿਨ ਕੁਝ ਨਾ ਕੁਝ ਇੰਜ ਹੁੰਦਾ
ਕਿ ਸ਼ਾਮ ਪਿਆਂ ਲਗਦਾ ਜ਼ਿੰਦਗੀ ਦੀ ਕੋਈ ਸੁਰਤਾਲ ਨਹੀਂ

ਮੈਂ ਆਪਹੁਦਰੀ ਇਹਦੇ ਨਾਲ ਸੁਰ ਰਲ਼ਾ ਰਹੀ
ਪਰ ਇਸ ਦਿਨ ਵਿਚ ਕੋਈ ਜੁਗਤ ਸਾਫ਼ ਦਿਸਦੀ ਹੈ
ਫ਼ਰਿਸ਼ਤਿਆਂ ਦਾ ਦਸਤਾ ਗਸ਼ਤ ਕਰ ਰਿਹਾ ਦੁਨੀਆ ਵਿਚ

ਮੇਰੇ ਤਕ ਪੁੱਜਦੀ ਬੇਲੋੜੀ ਈ-ਮੇਲ ਨੂੰ ਕਿਸੇ ਤਰ੍ਹਾਂ ਰੋਕਦਾ
ਲੋਕਾਂ ਦੀ ਬਾਜ਼ਾਰ ਜਾਣ ਦੀ ਸਲਾਹ 'ਤੇ ਪਾਣੀ ਫੇਰਦਾ
ਆਹਰ ਉੱਦਮ ਨੂੰ ਆਲਸ ਦੇ ਦੇਵਤਿਆਂ ਦੇ ਵੱਸ ਪਾਉਂਦਾ
ਸਾਰੇ ਰੱਬੀ ਸਬੱਬੀ ਮੇਲ ਰੋਕਦਾ
ਤਾਂ ਜੋ ਮੈਂ ਸੁਣ ਸਕਾਂ ਆਪਣੇ ਲੰਮੇ ਲੰਮੇ ਸਾਹ

ਦਿਲ 'ਚ ਕੁਝ ਹੈ ਵੀ ਫੋਲਣ ਨੂੰ
ਮਤਾ ਐਵੇਂ ਰੌਲ਼ਾ ਹੀ ਪਾਇਆ ਏ
ਚੁੱਪ ਦਾ ਦਾਨ ਬਖ਼ਸ਼ੋ ਜੀ

## • *ਗਰਮੀ ਦੀ ਇਕ ਰਾਤ*

ਗਰਮੀ ਦੀ ਇਕ ਰਾਤ
ਮੇਰੇ ਕਮਰੇ ਵਿਚ ਜੁਗਨੂੰ ਵੜ ਆਇਆ
ਹਨੇਰੇ ਵਿਚ ਜਗ ਬੁਝ ਕਰਦਾ
ਜੁਗਨੂੰ ਵੜਦਿਆਂ ਹੀ ਕਮਰਾ ਨਾਪਣ ਲੱਗਾ ਸੀ

ਹਵਾ ਤੋਂ ਬਾਝ
ਇਹ ਰਾਤ ਕਾਲ਼ੀ ਖੋਹ ਸੀ
ਪਸੀਨੇ ਨਾਲ਼ ਭਿੱਜੀ ਮੈਂ
ਕਮਰੇ 'ਚ ਫੈਲੇ ਸੇਕ ਨੂੰ ਸੁੰਘਦੀ ਰਹੀ

ਮੇਰੇ ਪੱਲੇ ਸੇਕ ਹੀ ਸੇਕ ਸੀ
ਕਮਰੇ ਦੀ ਹਰ ਚੀਜ਼ ਸੇਕ ਦੀ ਕੀਲੀ ਪਈ ਸੀ
ਸੇਕ ਦੀ ਕੈਦ ਵਿਚੋਂ ਚਮਤਕਾਰ ਉਡੀਕ ਰਹੀ ਸੀ

ਏਨੇ ਨੂੰ ਕਮਰੇ ਵਿਚ ਜੁਗਨੂੰ ਵੜ ਆਇਆ
ਮੈਂ ਉਸ ਨੂੰ ਕਿਤਾਬ ਹੇਠ ਫਸਾ ਕੇ ਬੱਤੀ ਬਾਲ਼ੀ
ਜਗ-ਬੁਝ ਕਰਦਾ ਜੁਗਨੂੰ ਕਿੰਨਾ ਆਮ ਕੀੜਾ ਸੀ
ਡਰਦਾ ਕੰਬਦਾ
ਖੰਭਾਂ ਨੂੰ ਝਾੜਦਾ
ਮੇਰੇ ਵਾਂਙ ਹੰਭਿਆ
ਜੀਉਣ ਦਾ ਵਸੀਲਾ ਕਰਦਾ

ਜੁਗਨੂੰ ਏਨਾ ਆਮ ਕੀੜਾ ਸੀ
ਯਕੀਨ ਨਹੀਂ ਹੋਇਆ
ਇਹ ਅਦਭੁਤ ਲੌ ਇਸ ਨਿਰੀਹ ਜਿਸਮ ਵਿਚ ਬਲ ਰਹੀ ਸੀ
ਹੈਰਾਨ ਹੋਈ ਮੈਂ
ਆਪਣੇ ਆਪ ਨੂੰ ਪੁੱਛਿਆ—
ਜੁਗਨੂੰ ਨੂੰ ਕਿੱਦਾਂ ਦਾ ਹੋਣਾ ਚਾਹੀਦਾ ਹੈ ?

ਸੇਕ ਦੇ ਪਹਿਰੇ ਅੰਦਰ
ਜੁਗਨੂੰ ਦੀ ਹਾਜ਼ਰੀ ਵਿਚ
ਰਾਤ ਦਾ ਚਮਤਕਾਰ ਹੋਣ ਲੱਗਾ ਸੀ
ਮੈਂ ਜੁਗਨੂੰ ਦੇ ਉੱਤੋਂ ਕਿਤਾਬ ਚੁੱਕ ਦਿੱਤੀ
ਦੀਪਤ ਕਮਰੇ ਨੂੰ ਛੱਡ ਕੇ ਜੁਗਨੂੰ ਉੱਡ ਗਿਆ ਸੀ

## • ਸ਼ਹਿਰ ਦਾ ਮੋਹ

ਜਿਸ ਦਿਨ ਸ਼ਹਿਰ ਛੱਡ ਕੇ ਚਾਰ ਦਿਨ ਬਾਹਰ ਜਾਣਾ ਹੁੰਦਾ
ਉਸੇ ਦਿਨ ਸ਼ਹਿਰ ਦਾ ਮੋਹ ਜਾਗ ਜਾਂਦਾ ਏ
ਅਚਾਨਕ ਯਾਦ ਆਉਂਦਾ
ਏਥੋਂ ਦਾ ਗੁੱਡੀਆਂ ਦਾ ਅਜਾਇਬ ਘਰ ਤਾਂ ਅਜੇ ਮੈਂ ਵੇਖਿਆ ਨਹੀਂ
ਵੱਡਾ ਡਾਕਖ਼ਾਨਾ ਨਹੀਂ
ਏਥੋਂ ਦਾ ਦੁਸਹਿਰਾ ਨਹੀਂ
ਇਸ ਉਮੀਦ ਵਿਚ
ਕਿ ਅੱਗੇ ਸਮਾਂ ਖੁੱਲ੍ਹਾ ਤੇ ਮਨ ਖ਼ਾਲੀ ਹੋਵੇਗਾ
ਨਾਲੇ ਸ਼ਹਿਰ ਵੀ ਖੌਰੇ ਦੁੱਧ ਦਾ ਭਰਿਆ ਗਲਾਸ ਏ
ਇਸ ਨੂੰ ਡੀਕ ਲਾ ਕੇ ਨਹੀਂ ਘੁੱਟ ਘੁੱਟ ਪੀਣਾ ਠੀਕ ਰਹੇਗਾ

ਘੁੱਟ ਘੁੱਟ ਪੀਂਦਿਆਂ ਵੀ ਕਈ ਸਾਲ ਲੰਘ ਗਏ
ਡਰ ਵੀ ਲਗਦਾ ਏ
ਜੇ ਸਾਰਾ ਪੀ ਲਿਆ
ਤਾਂ ਏਥੋਂ ਦਾ ਦਾਣਾ ਪਾਣੀ ਮੁੱਕ ਜਾਏਗਾ
ਕੋਈ ਸ਼ਹਿਰ ਜਦੋਂ ਅਪਣਾ ਬਣ ਜਾਂਦਾ ਹੈ
ਤਾਂ ਲਗਦਾ ਹੈ ਏਥੋਂ ਟੁਰ ਜਾਣ ਦਾ ਵੇਲਾ ਆ ਗਿਆ ਹੈ

ਮੇਰਾ ਰਿਕਸ਼ਾ ਸਕੂਲ ਦੇ ਬੱਚਿਆਂ ਦੀ ਬਸ ਅੱਗੋਂ ਲੰਘਿਆ
ਬਸ ਦੀ ਤਾਕੀ ਵਿਚੋਂ ਇਕਬਾਲ ਦਿਸਿਆ
ਜਿਸ ਦੇ ਹੱਥ ’ਤੇ ਪੱਟੀ ਬੱਝੀ ਹੋਈ ਸੀ
ਖੇਡ ਕੇ ਨਿਸਲ ਹੋਇਆ ਬਾਲ ਕਿਸੇ ਮੂਰਤੀ ਵਾਂਙ ਸੀਟ ’ਤੇ ਬੈਠਾ ਹੈ
ਮੂਰਤੀ ਜੋ ਘੜਤ ਵਿਚ ਸੁਹਣੀ ਤੇ ਭਾਰੀ ਲਗਦੀ ਹੈ
ਹੱਥ ਵਿਚ ਚੁੱਕੋ ਤਾਂ ਪਤਾ ਲਗਦਾ ਕਿੰਨੀ ਹਲਕੀ ਤੇ ਕੀਮਤੀ ਹੈ
ਮੇਰੇ ਸੱਜਰੇ ਮੋਹ ਨੂੰ ਮਮਤਾ ਦੀ ਰਾਹ ਲੱਭ ਗਈ

ਬਸ ਕਾਹਲ਼ੀ ਨਾਲ਼ ਰਿਕਸ਼ੇ ਤੋਂ ਅੱਗੇ ਲੰਘ ਗਈ
ਮੇਰਾ ਰਿਕਸ਼ਾ ਵੀ ਬਸ ਅੱਡੇ ਪੁੱਜ ਗਿਆ
ਇਹ ਸੋਚਦਿਆਂ ਮੈਂ ਵੀ ਸੀਟ ’ਤੇ ਬਹਿ ਗਈ
ਉਸ ਬਾਲ ਨੂੰ ਤਾਂ ਚੰਗੀ ਤਰ੍ਹਾਂ ਅਜੇ ਵੇਖਿਆ ਹੀ ਨਹੀਂ



ਮੋਨੀਕਾ ਕੁਮਾਰ ਕੋਲ ਕਵਿਤਾ ਕਹਿਣ ਲਈ ਸ਼ਬਦਾਂ ਦੀ ਥੁੜ ਨਹੀਂ। ਉਹ ਆਪਣੀ ਗੱਲ ਬੜੇ ਹੀ ਸਹਿਜ ਤੇ ਸੁਹਜਮਈ ਅੰਦਾਜ਼ ਵਿਚ ਕਹਿੰਦੀ ਹੈ। ਕਵਿਤਾ ਲਿਖਣ ਦਾ ਤਰੀਕਾ ਵੀ ਅਜਿਹਾ ਕਿ ਬਸ ਤੁਸੀਂ ਉਸ ਦੀ ਰਚਨਾ ਨਾਲ ਵਹਿੰਦੇ ਹੀ ਤੁਰੇ ਜਾਂਦੇ ਹੋ। ਅੱਜ ਦੇ ਦੌਰ ਵਿਚ ਅਜਿਹੀ ਕਵਿਤਾ ਤੁਹਾਨੂੰ ਟੁੰਬਦੀ ਹੈ। ਮੋਨੀਕਾ ਦੀ ਕਵਿਤਾ ਪੜ੍ਹ ਕੇ ਤੁਹਾਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਸਭ ਕੁਝ ਤੁਹਾਡੀ ਆਪਣੀ ਹੀ ਜ਼ਿੰਦਗੀ ਦਾ ਹਿੱਸਾ ਹੋਵੇ।
ਮੋਬਾਇਲ : 94175–32822, ਈ–ਮੇਲ : turtle.walks@gmail.com




# ਸ਼ਾਹ ਮੁਹੰਮਦ ਦੇ ਬਹਾਨੇ ਪੰਜਾਬ ਦੀ ਪੀੜ ਨੂੰ ਸਮਝਦਿਆਂ

ਪੀ. ਕੇ. ਨਿਝਾਵਣ

ਅਨੁ : ਰਵਿੰਦਰ ਸਿੰਘ

ਮੈਨੂੰ ਲੱਗਦਾ ਹੈ ਕਿ ਸਿਰਫ਼ ਮੈਨੂੰ 'ਕੱਲੇ ਨੂੰ ਹੀ ਇਹ ਸੁਭਾਗ ਪ੍ਰਾਪਤ ਹੈ : ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਅੰਗਰੇਜ਼ੀ ਅਤੇ ਹਿੰਦੀ ਵਿਚ ਅਨੁਵਾਦ ਕਰਨਾ। ਇਹ ਖਾਲਸਾ ਦਰਬਾਰ ਅਤੇ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਦਰਮਿਆਨ ਲੜੇ ਗਏ ਪਹਿਲੇ ਹਿੰਦ-ਪੰਜਾਬ ਜੰਗ ਦਾ ਬਿਲਕੁਲ ਤਤਕਾਲੀ ਬਿਆਨ ਹੈ, ਜਿਸ ਨੂੰ ਇਤਿਹਾਸ ਦੀਆਂ ਬਹੁਤੀਆਂ ਕਿਤਾਬਾਂ ਵਿਚ ਪਹਿਲੀ ਅੰਗਰੇਜ਼-ਸਿੱਖ ਜੰਗ ਕਿਹਾ ਗਿਆ ਹੈ। ਇਹ ਸ਼ਾਹ ਮੁਹੰਮਦ ਦੇ ਅਸਲੀ ਸਿਰਲੇਖ ਦਾ ਅਸਰ ਹੀ ਹੈ ਕਿ ਮੈਂ ਇਸ ਨੂੰ ਪਹਿਲੀ ਪੰਜਾਬ ਜੰਗ ਕਹਿਣ ਦਾ ਲਾਲਚ ਕਰ ਰਿਹਾ ਹਾਂ। ਇਤਿਹਾਸਕਾਰਾਂ ਦੀ ਇਹ ਨਾਮਕਰਨ ਜ਼ਾਹਰਾ ਤੌਰ 'ਤੇ ਗ਼ਲਤ ਬਿਆਨੀ ਹੈ, ਜੋ ਇਸ ਵਿਲੱਖਣ ਕਾਵਿ-ਕਿਰਤ ਅਤੇ ਇਸ ਦੇ ਪ੍ਰਮਾਣਿਕ ਪੂਰੇ-ਸੂਰੇ ਪੰਜਾਬੀ ਖਾਸੇ ਨੂੰ ਦੂਸ਼ਿਤ ਕਰਨ ਲਈ ਜਾਣ-ਬੁੱਝ ਕੇ ਘਸੋੜੀ ਲੱਗਦੀ ਹੈ। ਜੰਗਬੰਦੀ ਤੋਂ ਤੁਰੰਤ ਬਾਅਦ ਨਵੇਂ ਸ਼ਾਸਕਾਂ ਨੇ ਪੰਜਾਬੀ ਸਮਾਜ ਵਿਚ ਸੰਭਾਵੀ ਤੀਹਰੀ ਵੰਡ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਅਤੇ ਇਸ ਕੰਮ ਵਿਚ ਉਹ ਸਫਲ ਸਾਬਿਤ ਹੋਏ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਨੂੰ ਜੋ ਸਿਰਲੇਖ 'ਜੰਗ ਹਿੰਦ-ਪੰਜਾਬ' ਦਿੱਤਾ ਹੈ, ਉਹ ਬਹੁਤ ਮੁਨਾਸਿਬ ਹੈ। ਇਹ ਬਿਲਕੁਲ ਓਵੇਂ ਹੈ ਜਿਵੇਂ ਕਰਨਾਟਕਾ ਜੰਗ ਜਾਂ ਮਰਾਠਾ ਜੰਗ ਵਰਗੇ ਨਾਮ ਹਨ। ਇਹ ਨਾਮ ਇਸ ਨਜ਼ਰੀਏ ਦੀ ਵੀ ਤਈਦ ਕਰਦਾ ਹੈ ਕਿ

ਈਸਟ ਇੰਡੀਆ ਕੰਪਨੀ ਦੇ ਦ੍ਰਿਸ਼ਟੀਕੋਣ ਤੋਂ ਕਿਵੇਂ ਇਹ ਜੰਗ ਸਾਮਰਾਜੀ ਵਿਸਥਾਰ ਦੀ ਕਵਾਇਦ ਸੀ। ਸੱਚ ਇਹ ਹੈ ਕਿ ਇਸ ਜੰਗ ਹੋਣ ਦੇ ਬਹੁਤ ਪਹਿਲਾਂ ਤੋਂ ਹੀ ਅੰਗਰੇਜ਼ ਪੰਜਾਬ ਉੱਪਰ ਕਬਜ਼ੇ ਦੀ ਤਾਕ ਵਿਚ ਸਨ।

ਸ਼ਾਹ ਮੁਹੰਮਦ ਹੋਰ ਕਵੀਆਂ ਨਾਲੋਂ ਬਿਲਕੁਲ ਅੱਡਰਾ ਹੈ। ਉਹ ਇਹ ਜਾਣਦਾ ਹੈ ਕਿ ਤੱਥ ਅਤੇ ਪ੍ਰਤੱਖਣਾ ਵਿਚਕਾਰ ਕਿੱਥੇ ਨਿਖੇੜਾ ਕਰਨਾ ਹੈ। ਉਹ ਆਪਣੀ ਕਹਾਣੀ ਵਿਚ ਵਸਤੂਨਿਸ਼ਠ ਰਹਿਣ ਦੀ ਕੋਸ਼ਿਸ਼ ਵਿਚ ਹੈ। ਇਸ ਕਵੀ ਦੀ ਵਿਲੱਖਣਤਾ ਉਸ ਦੀ ਤਿੱਖੀ ਨਜ਼ਰ ਵਿਚ ਹੈ। ਉਹ ਪੂਰੇ ਘਟਨਾਕ੍ਰਮ ਨੂੰ ਸ਼ੁੱਧ ਰੂਪ ਵਿਚ ਗ੍ਰਹਿਣ ਕਰਨ ਲਈ, ਇਸ ਨਾਲ ਜੁੜੀ ਹਰ ਛੋਟੀ ਤੋਂ ਛੋਟੀ ਗੱਲ ਦੀ ਬਾਰੀਕੀ ਨੂੰ ਫੜਨ ਦਾ ਯਤਨ ਕਰਦਾ ਹੈ। ਥੋੜ੍ਹੇ ਸ਼ਬਦਾਂ ਵਿਚ ਆਖੀਏ ਤਾਂ ਉਹ ਅਨੂਠੀ ਕਿਸਮ ਦਾ ਕਵੀ ਅਤੇ ਇਤਿਹਾਸਕਾਰ ਹੈ। ਉਹ ਬਹੁਤ ਹੀ ਸਰਲ ਤੇ ਰੌਚਕ ਸ਼ੈਲੀ ਵਿਚ ਇਹ ਭੇਦ ਖੋਲ੍ਹਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ, ਜਿਸ ਨੂੰ ਪਿਆਰ ਨਾਲ ਰਈਅਤ ਸਰਕਾਰ ਕਹਿੰਦੀ ਸੀ, ਦੀ ਮੌਤ ਤੋਂ ਬਾਅਦ ਕੀ ਹੋਇਆ। ਇਸ ਤੋਂ ਬਾਅਦ ਦੀਆਂ ਘਟਨਾਵਾਂ ਏਨੀ ਤੇਜ਼ੀ ਨਾਲ ਵਾਪਰੀਆਂ ਕਿ ਇਕ ਪ੍ਰਤਿਭਾਵਾਨ ਕਵੀ ਹੀ ਇਨ੍ਹਾਂ ਨੂੰ ਪੂਰੀ ਸਮੱਗਰਤਾ ਵਿਚ ਫੜ ਸਕਦਾ ਸੀ। ਪੰਜਾਬ ਵਿਚ ਹੋਣੀ ਦੀ ਐਸੀ ਮਾਰ ਵਗੀ ਕਿ ਦਰਬਾਰ ਦਾ ਹਰ ਉੱਚ ਅਹੁਦੇਦਾਰ (ਅਮੀਰ) ਦਿਨਾਂ ਵਿਚ ਹੀ ਖ਼ਤਮ ਹੋ ਗਿਆ ਅਤੇ ਲਾਹੌਰ ਦਰਬਾਰ ਲਗਭਗ ਅੱਧੀ ਦਰਜਨ ਸਾਲਾਂ ਵਿਚ ਹੀ ਯਤੀਮ ਹੋ ਗਿਆ। ਇਕ ਤਰ੍ਹਾਂ ਦੀ ਇਸ ਇਲਾਹੀ ਕਰੋਪੀ ਨੇ ਨਾਟਕੀ ਢੰਗ ਨਾਲ ਹਰ ਚੀਜ਼ ਨੂੰ ਆਪਣੇ ਦੁਖਾਂਤਕ ਕਲਾਵੇ ਵਿਚ ਲੈ ਲਿਆ। ਇਸ ਗੁੰਝਲਦਾਰ ਮਹਾਂ ਦੁਖਾਂਤ ਨੂੰ ਫੜਨ ਲਈ ਕਵੀ ਦੀ ਸੰਵੇਦਨਾ ਵੀ ਓਨੀ ਹੀ ਸੂਖ਼ਮ ਤੇ ਵਿਸ਼ਾਲ ਹੋ ਜਾਂਦੀ ਹੈ। ਇਸ ਤੋਂ ਬਿਨਾਂ ਏਨੀ ਉੱਤਮ, ਇਤਿਹਾਸਕ ਤੌਰ 'ਤੇ ਮਾਕੂਲ ਅਤੇ ਭਾਵ ਉਤੇਜਕ ਕਵਿਤਾ ਰਚੀ ਨਹੀਂ ਜਾ ਸਕਦੀ ਸੀ।

ਇਹ ਬਿਰਤਾਂਤ ਸਾਰੇ ਦੁਖਾਂਤ ਦਾ ਸੱਚਾ, ਸੰਵੇਦਨਸ਼ੀਲ ਅਤੇ ਜਿਵੇਂ ਕਿਸੇ ਫ਼ਿਲਮ ਵਰਗਾ ਬਿਆਨ ਹੈ ਜਿਸ ਵਿਚ ਇਕ ਡਾਕੂਮੈਂਟਰੀ ਵਾਂਗ ਇਕ ਤੋਂ ਬਾਅਦ ਦੂਜੀ ਰੀਲ੍ਹ ਚੱਲਦੀ ਹੈ। ਇਸ ਨੂੰ ਪੰਜਾਬ ਦੇ ਢਾਡੀਆਂ ਵੱਲੋਂ ਲੋਕਾਂ ਸਾਹਵੇਂ ਗਾਇਆ ਵੀ ਜਾਂਦਾ ਰਿਹਾ। ਪੰਜਾਬ ਦਾ ਇਹ ਹਮਦਰਦ ਕਵੀ ਹੀ ਇਹ ਸਮਰੱਥਾ ਰੱਖਦਾ ਸੀ ਕਿ ਉਹ ਇਸ ਇਤਿਹਾਸਕ ਦੁਖਾਂਤ ਨੂੰ ਆਪਣੇ ਕਾਵਿਕ ਕਲੇਵਰ ਵਿਚ ਜਿਵੇਂ ਲੈ ਸਕਿਆ ਹੈ, ਕਿਸੇ ਹੋਰ ਕਵੀ ਤੋਂ ਇਹ ਹੋਣਾ ਨਹੀਂ ਸੀ। ਸਭ ਤੋਂ ਵੱਡੀ ਗੱਲ ਹੈ ਕਿ ਉਹ ਏਨਾ ਵੱਡਾ ਪੰਜਾਬ ਭਗਤ ਹੈ ਕਿ ਉਹ ਇਸ ਗੱਲ ਦੀ ਵੀ ਪਰਵਾਹ ਨਹੀਂ ਕਰਦਾ ਕਿ ਨਵੇਂ ਸ਼ਾਸਕ ਉਸ ਦੇ ਇਸ ਬਿਆਨ ਦੇ ਬਦਲੇ ਉਸ ਨਾਲ ਕੀ ਕਰ ਦੇਣਗੇ।

ਸਭ ਤੋਂ ਪਹਿਲਾਂ ਧਿਆਨ ਦੇਣ ਯੋਗ ਜ਼ਰੂਰੀ ਨੁਕਤਾ ਇਹ ਹੈ ਕਿ ਸ਼ਾਹ ਮੁਹੰਮਦ ਇਕ ਕੁਲੀਨ ਮੁਸਲਮਾਨ ਹੈ। ਰਣਜੀਤ ਸਿੰਘ ਕਿਸਾਨੀ ਪਿਛੋਕੜ ਤੋਂ ਆਉਂਦਾ ਹੈ, ਉਹ ਮਹਿਜ਼ ਅੱਧੀ ਸਦੀ ਵਿਚ ਹੀ ਬਹੁਤ ਸਾਰੀਆਂ ਰਿਆਸਤਾਂ ਨੂੰ ਇੱਕਠੀਆਂ ਕਰਕੇ ਇਸ ਸਲਤਨਤ ਦਾ ਬਾਦਸ਼ਾਹ ਬਣ ਜਾਂਦਾ ਹੈ। ਇਹ ਸਭ ਭਾਰਤ ਵਿਚ ਅੱਠ ਸਦੀਆਂ ਲੰਮੇ ਇਸਲਾਮੀ ਰਾਜ ਤੋਂ ਬਾਅਦ ਵਾਪਰਦਾ ਹੈ। ਪਰ ਸ਼ਾਹ ਮੁਹੰਮਦ ਸਹੀ ਅਰਥਾਂ ਵਿਚ ਸੈਕੂਲਰ ਹੈ, ਉਸ ਦੇ ਮਨ ਵਿਚ ਰੱਤੀ ਭਰ ਵੀ ਫਿਰਕੂ ਸੋਚ ਨਹੀਂ ਦਿਸਦੀ। ਉਹ ਬਿਨਾਂ ਕਿਸੇ ਜਾਤ-ਨਸਲ/ਗੋਤ ਦੇ ਵਿਤਕਰੇ ਤੋਂ, ਦੋਸ਼ ਉਨ੍ਹਾਂ ਨੂੰ ਦਿੰਦਾ ਹੈ ਜੋ ਦੋਸ਼ੀ ਹਨ, ਸਿਫ਼ਤ ਉਸ ਦੀ ਕਰਦਾ ਹੈ ਜੋ ਇਸ ਦਾ ਹੱਕਦਾਰ ਹੈ। ਥੋੜ੍ਹੇ ਸ਼ਬਦਾਂ ਵਿਚ ਕਹੀਏ ਤਾਂ ਸ਼ਾਹ ਮੁਹੰਮਦ ਉਹ ਤਸਵੀਰ ਹੈ ਜਿਸ ਵਰਗਾ ਹਰ ਇਕ ਹਿੰਦੂ, ਮੁਸਲਮਾਨ, ਸਿੱਖ ਜਾਂ ਹਰ ਭਾਰਤੀ ਨੂੰ ਹੋਣਾ ਚਾਹੀਦਾ ਹੈ ਤਾਂ ਜੋ ਭਾਰਤ ਵਿਚ ਇਕ ਮਜਬੂਤ ਇਕਸਾਰ ਤੇ ਲੋਕਤੰਤਰੀ ਸਮਾਜ ਬਣ ਸਕੇ।

ਅੱਜ ਉਹ ਤੀਹਰੀ ਵੰਡ ਵਿਚ ਵੰਡੇ ਸਾਡੇ ਇਸ ਪੰਜਾਬੀ ਸਮਾਜ ਲਈ ਬਹੁਤ ਸਾਰਥਕ ਹੈ, ਜਿਸ ਵਿਚੋਂ '47 ਦੀ ਵੰਡ ਨਿਕਲੀ ਹੈ। ਬਹੁਤੇ ਲੋਕਾਂ ਲਈ ਇਹ ਕਿਆਸੋਂ ਬਾਹਰੀ ਗੱਲ ਲੱਗ ਸਕਦੀ ਹੈ ਕਿ ਇਕ ਪੰਜਾਬੀ ਮੁਸਲਮਾਨ ਸਰਕਾਰ-ਏ-ਖ਼ਾਲਸਾ ਦੇ ਖ਼ਤਮ ਹੋਣ 'ਤੇ ਕਿਵੇਂ ਖ਼ੂਨ ਦੇ ਅੱਥਰੂ ਰੋਂਦਾ ਹੈ। ਅਜੋਕੇ ਫਿਰਕੂ ਬਣਦੇ ਜਾ ਰਹੇ ਮਾਹੌਲ ਵਿਚ ਇਸ ਸਭ ਕੁਝ ਨੂੰ ਵਿਚਾਰਨ ਵਿਚ ਹੀ ਉਹ ਨੁਕਤਾ ਪਿਆ ਹੈ ਜਿਸ ਨੂੰ ਸਮਝਣ ਦੀ ਵਧੇਰੇ ਲੋੜ ਹੈ। ਇਸ ਤੱਥ ਨੂੰ ਇਸ ਤਰੀਕੇ ਨਾਲ ਪੇਸ਼ ਕਰਨ ਦਾ ਕਾਰਨ ਇਹ ਹੈ ਕਿ ਇਹ ਮੇਰੀ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਇਕ ਬਿਹਤਰ ਹਿੰਦੂ ਅਤੇ ਇਕ ਬਿਹਤਰ ਮੁਸਲਮਾਨ ਵਿਅਕਤੀ, ਆਪਣੇ ਆਪ ਨੂੰ ਨਾਸਤਕ ਕਹਿਣ ਵਾਲੇ ਵਿਅਕਤੀ ਤੋਂ ਜ਼ਿਆਦਾ ਸੈਕੂਲਰ ਹੋਵੇਗਾ। ਇਸ ਤਰ੍ਹਾਂ ਇਕ ਬਿਹਤਰ ਪੰਜਾਬੀ ਜਾਂ ਬਿਹਤਰ ਬੰਗਾਲੀ ਉਸ ਬੰਦੇ ਨਾਲੋਂ ਇਕ ਚੰਗਾ ਭਾਰਤੀ ਹੋਵੇਗਾ ਜੋ ਆਪਣੇ ਆਪ ਨੂੰ ਪਹਿਲਾਂ ਭਾਰਤੀ ਕਹਿੰਦਾ ਹੈ। ਇਸ ਲਈ ਸ਼ਾਹ ਮੁਹੰਮਦ ਨੂੰ ਸਾਰੇ ਪੰਜਾਬੀਆਂ ਦੀ ਇਕਜੁਟਤਾ ਦੇ ਸੱਚੇ ਪ੍ਰਤੀਕ ਵਜੋਂ ਦੇਖਿਆ ਜਾ ਸਕਦਾ ਹੈ।

ਸ਼ਾਹ ਮੁਹੰਮਦ ਅਸਲ ਜੰਗ ਨੂੰ ਬਿਆਨ ਕਰਨ ਤੋਂ ਪਹਿਲਾਂ ਉਨ੍ਹਾਂ ਛੇ ਸਾਲਾਂ ਦੀਆਂ ਘਟਨਾਵਾਂ ਦਾ ਵੇਰਵਾ ਦਿੰਦਾ ਹੈ ਜੋ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਵਾਪਰੀਆਂ। ਇਹ ਪਿਛੋਕੜ ਹੀ ਸਾਨੂੰ ਬਾਅਦ ਵਿਚ ਵਾਪਰਨ ਵਾਲੀ ਹੋਣੀ ਦੀ ਬੁਨਿਆਦ ਸਮਝਣ ਵਿਚ ਮਦਦ ਕਰਦਾ ਹੈ। ਉਹ ਖੜਕ ਸਿੰਘ ਨੂੰ ਨਵਾਂ ਰਾਜਾ ਬਣਾਉਂਦਾ ਹੈ। ਇੰਝ ਲੱਗਦਾ ਹੈ ਜਿਵੇਂ ਉਸ ਦੇ ਦਿਲ ਵਿਚੋਂ ਇਕ ਬਦਦੁਆ ਨਿਕਲਦੀ ਹੈ ਅਤੇ ਰੱਬ ਸੱਚਾ ਉਸ ਬਦਦੁਆ ਨੂੰ ਪੂਰਿਆਂ ਵੀ ਕਰਦਾ ਹੈ। ਦਰਬਾਰ ਵਿਚ ਇਕ ਤੋਂ ਬਾਅਦ ਇਕ ਚੱਲੀ ਕਤਲਾਂ ਦੀ ਲੜੀ ਬਹੁਤ ਭਿਆਨਕ ਹੈ। ਕੰਵਲ ਨੌਨਿਹਾਲ ਸਿੰਘ, ਅਸਲ ਵਿਚ ਆਪਣੇ ਬਿਮਾਰ ਪਿਉ ਖੜਕ ਸਿੰਘ ਰਾਹੀਂ ਸਰਾਪਿਆ ਗਿਆ ਹੈ, ਜਿਸ ਨੇ ਉਸ ਤੋਂ ਬਾਅਦ ਰਾਜਾ ਬਣਨਾ ਸੀ। ਉਹ ਜਿਸ ਤਰੀਕੇ ਨਾਲ ਅਸਲ ਵਿਚ ਮਰਦਾ ਹੈ ਉਸ ਨੂੰ ਕਿਸੇ ਤਾਰਕਿਕ ਦਲੀਲ ਨਾਲ ਨਹੀਂ ਸਮਝਿਆ ਜਾ ਸਕਦਾ। ਕੀ ਕਿਲ੍ਹੇ ਦਾ ਇਕ ਛੱਜਾ ਕਿਸੇ ਦੁਰਘਟਨਾ ਵੱਸ ਜਾਂ ਸਾਜ਼ਿਸ਼ ਤਹਿਤ ਬਿਲਕੁਲ ਉਦੋਂ ਹੀ ਡਿੱਗ ਸਕਦਾ ਸੀ ਜਦੋਂ ਕੰਵਰ ਨੌਨਿਹਾਲ ਇਸ ਹੇਠੋਂ ਗੁਜ਼ਰ ਰਿਹਾ ਸੀ ? ਇਹ ਸਵਾਲ ਅਜੇ ਤਕ ਬਹਿਸ ਦਾ ਮਸਲਾ ਹੈ। ਪਰ ਇਹ ਦੁਰਘਟਨਾ ਬਹੁਤ ਅਲੋਕਾਰ ਨਹੀਂ ਲੱਗਦਾ ? ਡਿਉਢੀ ਦੇ ਛੱਜੇ ਤੋਂ ਬਿਨਾਂ ਕਿਲ੍ਹੇ ਦੇ ਹੋਰ ਕਿਤੇ ਕੁਝ ਨਹੀਂ ਹੋਇਆ ਅਤੇ ਸਾਜ਼ਿਸ਼ ਸਿਧਾਂਤ ਅਨੁਸਾਰ ਰਾਜਾ ਧਿਆਨ ਸਿੰਘ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਤਖ਼ਤ ’ਤੇ ਬਿਠਾਉਣਾ ਚਾਹੁੰਦਾ ਸੀ, ਕੀ ਅਸਲ ਦੋਸ਼ੀ ਸੀ ? ਇਹ ਸਵਾਲ ਇਸ ਤੱਥ ਨਾਲ ਹੋਰ ਵੀ ਔਖਾ ਹੋ ਜਾਂਦਾ ਹੈ ਕਿ ਕੰਵਰ ਨੌਨਿਹਾਲ ਸਿੰਘ ਨਾਲ ਮਰਨ ਵਾਲਾ ਨੌਜਵਾਨ ਊਧਮ ਸਿੰਘ, ਉਸ ਦਾ ਸਕਾ ਭਤੀਜਾ ਸੀ। ਫਿਰ ਇਕੋ ਹੀ ਵਿਆਖਿਆ ਬਚਦੀ ਹੈ, ਜਿਵੇਂ ਸ਼ਾਹ ਮੁਹੰਮਦ ਕਹਿੰਦਾ ਹੈ ਕਿ ਮੌਤ ਦਾ ਫ਼ਰਿਸ਼ਤਾ ਆਪ ਹੀ ਧਰਮਰਾਜ ਦੇ ਹੁਕਮਾਂ ਦੀ ਪਾਲਣਾ ਲਈ ਉਸ ਛੱਜੇ ’ਤੇ ਬੈਠਾ ਸੀ। ਸਿਰਫ਼ ਇਕ ਸ਼ਬਦ ਧਰਮਰਾਜ ਦੇ ਆਉਣ ਨਾਲ ਹੀ ਇਹ ਅਲਾਹੀ ਕਰੋਪੀ ਦੀ ਮਿਸਾਲ ਬਣ ਜਾਂਣੀ ਹੈ।

ਇਨ੍ਹਾਂ ਛੇ ਸਾਲਾਂ ਵਿਚ ਮਰਨ ਵਾਲਿਆਂ ਦੀ ਫਹਿਰਿਸਤ ਦੇਖ ਕੇ ਹੀ ਪਾਠਕ ਇਹ ਅੰਦਾਜ਼ਾ ਲਾ ਸਕਦੇ ਹਨ ਕਿ ਅਸਲ ਵਿਚ ਕੀ ਹੋਣ ਵਾਲਾ ਸੀ। ਇਹ ਫਹਿਰਿਸਤ ਇਸ ਤਰ੍ਹਾਂ ਹੈ :

1. ਮਹਾਰਾਜਾ ਖੜਕ ਸਿੰਘ ਦਾ ਕਰੀਬੀ ਮਿੱਤਰ ਚੇਤ ਸਿੰਘ, ਉਸ ਦੀ ਹਾਜ਼ਰੀ ਵਿਚ ਹੀ ਮਾਰਿਆ ਜਾਂਦਾ ਹੈ ਜਦੋਂ ਉਹ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੀਆਂ ਅੰਤਮ ਰਸਮਾਂ ਵਿਚ ਸ਼ਾਮਿਲ ਹੋ ਰਿਹਾ ਸੀ। ਅਭਿਲਾਸ਼ੀ ਨੌਜਵਾਨ ਰਾਜਕੁਮਾਰ ਆਪਣੀ ਸੱਤਾ ਕਿਸੇ ਨਾਲ ਵੀ ਵੰਡਣੀ ਨਹੀਂ ਚਾਹੁੰਦਾ ਸੀ।
2. ਨੌਨਿਹਾਲ ਸਿੰਘ ਅਤੇ ਊਧਮ ਸਿੰਘ ਡਿਉਢੀ ਦੇ ਛੱਜੇ ਹੇਠੋਂ ਗੁਜ਼ਰਦਿਆਂ ਮਾਰੇ ਗਏ। ਇਹ ਖੜਕ ਸਿੰਘ ਦੇ ਸੰਸਕਾਰ ਦੇ ਬਿਲਕੁਲ ਬਾਅਦ ਹੀ ਵਾਪਰਿਆ।
3. ਨਵੇਂ ਮਹਾਰਾਜਾ ਸ਼ੇਰ ਸਿੰਘ ਦੀ ਮਿਲੀਭੁਗਤ ਨਾਲ ਖੜਕ ਸਿੰਘ ਦੀ ਵਿਧਵਾ ਰਾਣੀ ਚੰਦ ਕੌਰ ਅਤੇ ਉਸ ਦੀ ਗੋਲੀ ਦਾ ਕਤਲ।
4. ਸੰਧਾਵਾਲੀਆ ਸਰਦਾਰਾਂ ਵੱਲੋਂ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਪੁੱਤਰ ਪਰਤਾਪ ਸਿੰਘ ਦਾ ਕਤਲ। ਉਸੇ ਦਿਨ ਉਨ੍ਹਾਂ ਧਿਆਨ ਸਿੰਘ ਨੂੰ ਵੀ ਮਾਰਿਆ।
5. ਧਿਆਨ ਸਿੰਘ ਦੇ ਪੁੱਤਰ ਅਤੇ ਨਵੇਂ ਪ੍ਰਧਾਨ ਮੰਤਰੀ ਹੀਰਾ ਸਿੰਘ ਵੱਲੋਂ ਸੰਧਾਵਾਲੀਆ ਸਰਦਾਰਾਂ ਲਹਿਣਾ ਸਿੰਘ ਅਤੇ ਅਜੀਤ ਸਿੰਘ ਦਾ ਕਤਲ। ਇਸ ਦੌਰ ਵਿਚ ਖਾਲਸਾ ਦਰਬਾਰ ਦੋ ਧੜਿਆਂ ਵਿਚ ਵੰਡਿਆ ਗਿਆ। ਇਸ ਖੁੱਲ੍ਹੀ ਖੇਡ ਵਿਚ ਕਿੰਨੇ ਹੀ ਮੁਹਤਬਰ ਮਾਰੇ ਗਏ ਤੇ ਦਰਬਾਰ ਕੋਲ ਕੋਈ ਆਗੂ ਨਾ ਰਿਹਾ।
6. ਜੱਲਾ ਅਤੇ ਹੀਰਾ ਸਿੰਘ ਨੂੰ ਜੰਮੂ ਦੇ ਰਸਤਿਉਂ ਖਾਲਸਾ ਫ਼ੌਜ ਦੇ ਮਾਰ ਦਿੱਤਾ।
7. ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦਾ ਕਤਲ ਜਿਸ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ।

ਇਹ ਸਾਰਾ ਕੁਝ ਉਸ ਸਮੇਂ ਦੀ ਹਵਾ ਵਿਚ ਮੌਜੂਦ ਅਜੀਬੋ ਗ਼ਰੀਬ ਅਤੇ ਸਮੂਹਕ ਮੌਤ ਦੀ ਪ੍ਰਵਿਰਤੀ ਕਾਰਨ ਹੋਇਆ। ਇਸ ਦੇ ਨਤੀਜੇ ਵਜੋਂ ਤਿੰਨ ਚੀਜ਼ਾਂ ਹੋਈਆਂ : ਇਕ, ਦਰਬਾਰ ਦੇ ਸਰਦਾਰਾਂ ਅਤੇ ਸਿਆਣੇ ਬੰਦਿਆਂ ਦਾ ਪਤਨ ਹੋਇਆ,

1. ਜੰਗਨਾਮੇ ਦੇ ਪਹਿਲੇ ਪ੍ਰਕਾਸ਼ਿਤ ਪਾਠ ਵਿਚ ਕਵੀ ਨੇ ਅਸਲ ਵਿਚ ਸਰਕਾਰ ਨਹੀਂ ਸਗੋਂ ਸਰਦਾਰ ਸ਼ਬਦ ਵਰਤਿਆ ਹੈ, ਜਿਸ ਦੀ ਅਸਲੀ ਕਾਪੀ ਪ੍ਰੋ. ਗੁਰਭੇਜ ਸਿੰਘ, ਚੰਡੀਗੜ੍ਹ ਕੋਲ ਹੈ।

ਜਿਨ੍ਹਾਂ ਨੇ ਕਿਸੇ ਨਾ ਕਿਸੇ ਬਹਾਨੇ ਦਰਬਾਰ ਨੂੰ ਛੱਡ ਦਿੱਤਾ। ਦੂਜਾ, ਦਰਬਾਰ ਦੀ ਫ਼ੌਜ ਆਪਮੁਹਾਰੀ ਹੋ ਕੇ ਲੁਟੇਰੀ ਬਣਨ ਲੱਗੀ ਜਿਸ ਨੂੰ ਰੋਕਿਆ ਨਹੀਂ ਜਾ ਸਕਦਾ ਸੀ, ਇਸ ਲਈ ਸ਼ਾਹ ਮੁਹੰਮਦ ਇਨ੍ਹਾਂ ਨੂੰ 'ਬੁਰਛੇ' ਸੱਦਦਾ ਹੈ। ਤੀਜਾ, ਮਹਾਰਾਣੀ ਜਿਸ ਨੇ ਫ਼ੌਜ ਦਾ ਗਲਬਾ ਤੋੜਨ ਲਈ ਉਨ੍ਹਾਂ ਨੂੰ ਅੰਗਰੇਜ਼ਾਂ ਨਾਲ ਜੰਗ ਵਿਚ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ।

ਇੰਝ ਲੱਗਦਾ ਹੈ ਕਿ ਦਿਆਲੂ ਅਤੇ ਖੁਦਮੁਖਤਿਆਰ ਰਣਜੀਤ ਸਿੰਘ ਕੋਈ ਅਜਿਹਾ ਸੰਸਥਾਗਤ ਪ੍ਰਬੰਧ ਨਹੀਂ ਉਸਾਰ ਸਕਿਆ ਜੋ ਰਾਜ ਨੂੰ ਜਾਰੀ ਰੱਖ ਸਕਦਾ। ਲਾਜ਼ਮੀ ਤੌਰ 'ਤੇ ਅੰਗਰੇਜ਼ਾਂ ਨੇ ਵੀ ਦਰਬਾਰ ਵਿਚ ਰਾਜਨੀਤਕ ਅਸੰਤੋਸ਼ ਦੇ ਬੀਜ ਬੀਜ ਕੇ ਤੇ ਵੱਖ-ਵੱਖ ਪੱਧਰਾਂ 'ਤੇ ਅਰਾਜਕਤਾ ਫੈਲਾ ਕੇ, ਆਪਣੀ ਸਾਜ਼ਿਸ਼ੀ ਸਾਮਰਾਜੀ ਖੇਡ ਬਾਖ਼ੂਬੀ ਖੇਡੀ। ਪਰ ਇਹ ਪੂਰੀ ਵਿਆਖਿਆ ਨਹੀਂ ਹੋ ਸਕਦੀ। ਇਸ ਲਈ ਬਹੁਤ ਸਾਰੇ ਪੱਖ ਜ਼ਿੰਮੇਵਾਰ ਹਨ। ਦਰਬਾਰ ਵਿਚ ਇਕ ਸੰਸਥਾਗਤ ਢਾਂਚੇ ਦੀ ਅਣਹੋਂਦ ਰਹੀ ਜੋ ਇਨ੍ਹਾਂ ਹਾਲਤਾਂ ਵਿਚ ਪੈਦਾ ਹੋਏ ਖਲਾਅ ਨੂੰ ਭਰ ਦਿੰਦਾ। ਨਹੀਂ ਤਾਂ ਇਹ ਕਿਵੇਂ ਸੰਭਵ ਹੋਇਆ ਕਿ ਇਹੀ ਬੁਰਛੇ ਜਦੋਂ ਜੰਗ ਵਿਚ ਅੰਗਰੇਜ਼ਾਂ ਨਾਲ ਤੇਗ਼ਾਂ ਖੜਕਾਉਂਦੇ ਤੇ ਖਾਲਸੇ ਦੀ ਮਾਣਮੱਤੀ ਪਰੰਪਰਾ ਅਨੁਸਾਰ ਆਪਣੀਆਂ ਜਾਨਾਂ ਕੋਹ ਵਾਰ ਦਿੰਦੇ ਹਨ, ਉਦੋਂ ਉਹੀ ਕਵੀ ਉਨ੍ਹਾਂ ਦੀਆਂ ਸਿਫ਼ਤਾਂ ਕਰਦਾ ਨਹੀਂ ਥੱਕਦਾ। ਅਸਲ ਵਿਚ ਉਨ੍ਹਾਂ ਦੀ ਨਿਡਰਤਾ 'ਤੇ ਬਹਾਦਰੀ ਦੀਆਂ ਸਿਫ਼ਤਾਂ ਅੰਗਰੇਜ਼ ਕਮਾਂਡਰ ਵੀ ਲੰਮਾ ਸਮਾਂ ਕਰਦੇ ਰਹੇ ਹਨ। ਸ਼ਾਹ ਮੁਹੰਮਦ ਇਸ ਸਾਰੀ ਲੜਾਈ ਨੂੰ ਬੰਦ 92 ਵਿਚ ਇਕ ਸਤਰ ਵਿਚ ਸਮੇਟ ਲੈਂਦਾ ਹੈ। ਉਹ ਕਹਿੰਦਾ ਹੈ :

> ਸ਼ਾਹ ਮੁਹੰਮਦਾ ਇਕ ਸਰਦਾਰ[1] ਬਾਝੋਂ
> ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਇਸੇ ਤਰ੍ਹਾਂ ਸਾਨੂੰ ਮਹਾਰਾਣੀ ਜਿੰਦਾਂ ਬਾਰੇ ਵੀ ਆਪਣੀ ਧਾਰਨਾ ਨੂੰ ਮੁੜ ਵਾਚਣਾ ਚਾਹੀਦਾ ਹੈ। ਮਿਸਾਲ ਵਜੋਂ ਸਾਰੇ ਕੁਝ ਤੋਂ ਵਾਂਝਿਆ ਹੋ ਕੇ, ਇਥੋਂ ਤਕ ਕਿ ਆਪਣੇ ਪੁੱਤਰ ਦੀ ਨੇੜਤਾ ਤੋਂ ਵੀ ਉਸ ਨੇ ਨਾ ਸਿਰਫ਼ ਬਰਤਾਨਵੀ ਖੇਡ ਨੂੰ ਸਮਝ ਲਿਆ ਸਗੋਂ ਉਨ੍ਹਾਂ ਨੂੰ ਔਖਾ ਵੀ ਕਰੀ ਰੱਖਿਆ। ਇਕ ਅਨੁਸ਼ਾਸਨਹੀਣ ਫ਼ੌਜ ਅਤੇ ਬਦਲੇ ਦੀ ਅੱਗ ਵਿਚ ਭੁੱਜਦੀ ਮਹਾਰਾਣੀ ਹੀ ਅੰਗਰੇਜ਼ਾਂ ਸਾਹਵੇਂ ਸਿੱਖ ਫ਼ੌਜ ਦੀ ਹਾਰ ਦੇ ਤਤਕਾਲੀ ਕਾਰਨ ਬਣਦੇ ਲੱਗਦੇ ਹਨ। ਅੰਗਰੇਜ਼ ਆਪਣੇ ਸਾਮਰਾਜੀ ਲੋਭ ਹੇਠ ਬੜੇ ਗਿਣੇ-ਮਿੱਥੇ ਢੰਗ ਨਾਲ ਇਸ ਲੜਾਈ ਵਿਚ ਉਤਰੇ ਸਨ। ਸ਼ਾਹਮ ਮੁਹੰਮਦ ਦੀ ਇਸ ਰਚਨਾ ਦਾ ਸਭ ਤੋਂ ਮਹੱਤਵਸ਼ਾਲੀ ਹਿੱਸਾ ਇਸ ਦੇ ਅੰਤ ਵਾਲੇ ਅੱਧੀ ਦਰਜਨ ਬੰਦ ਹਨ ਜਿਸ ਵਿਚ ਉਹ ਸਾਰੀ ਕਹਾਣੀ ਨੂੰ ਸਮੇਟਦਾ ਹੈ। ਇਕ ਸਧਾਰਨ ਸਿਰਜਣ ਸਮਰੱਥਾ ਵਾਲਾ 'ਸਿਆਣਾ' 'ਲੇਖਕ' ਬਹੁਤ ਆਰਾਮ ਨਾਲ ਨਵੇਂ ਜੇਤੂ ਸ਼ਾਸਕਾਂ ਨੂੰ ਖ਼ੁਸ਼ ਕਰਨ ਲਈ, ਉਨ੍ਹਾਂ ਦੀ ਖੁਸ਼ਾਮਦ ਵਿਚ ਸੋਹਿਲੇ ਗਾਉਣ ਵਾਲਾ ਜੀ ਹਜ਼ੂਰੀਆ ਬਣਨ ਲਈ ਤਤਪਰ ਹੋ ਸਕਦਾ ਸੀ। ਅਜਿਹਾ ਸਾਡਾ ਇਕ ਮਹਾਨ ਸ਼ਾਇਰ ਮਿਰਜ਼ਾ ਗ਼ਾਲਿਬ ਹੈ, ਜਿਸ ਨੇ ਇਸ ਜੰਗ ਦੀ ਇਕ ਲੜਾਈ ਬਾਰੇ ਆਪਣੀ ਰਚਨਾ ਫਤਿਹਨਾਮਾ ਵਿਚ ਫਾਰਸੀ ਦੇ 42 ਬੰਦ ਲਿਖ ਮਾਰੇ। ਇਸ ਬਾਰੇ ਅਸੀਂ ਫੇਰ ਗੱਲ ਕਰਾਂਗੇ ਪਰ ਇਥੇ ਇਹ ਮਹੱਤਵਪੂਰਨ ਹੈ ਕਿ ਸ਼ਾਹ ਮੁਹੰਮਦ ਇਨ੍ਹਾਂ ਨਵੇਂ ਸ਼ਾਸਕਾਂ ਲਈ ਕੀ ਨਜ਼ਰੀਆ ਰੱਖਦਾ ਹੈ। ਇਸ ਲਈ ਬੰਦ 98 ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ :

> ਬਣੇ ਮਾਈ ਦੇ ਆਨ ਅੰਗਰੇਜ਼ ਰਾਖੇ
> ਪਾਈ ਛਾਵਣੀ ਵਿਚ ਲਾਹੌਰ ਦੇ ਜੀ
> ਰੋਕ ਮਾਲਵਾ ਪਾਰ ਦਾ ਮੁਲਕ ਸਾਰਾ
> ਠਾਣਾ ਘੱਤਿਆ ਵਿਚ ਫਿਲੌਰ ਦੇ ਜੀ।
> ਲਿਆ ਸ਼ਹਿਰ ਹੁਸ਼ਿਆਰਪੁਰ ਤਲਕ ਸਾਰਾ
> ਜਿਹੜੇ ਟਕੇ ਆਵਣ ਨੰਦਾ ਚੌਰ ਦੇ ਜੀ।
> ਸ਼ਾਹ ਮੁਹੰਮਦਾ ਕਾਂਗੜਾ ਮਾਰ ਬੈਠਾ
> ਸਭੇ ਕੰਮ ਗਏ ਉਸ ਦੇ ਸੌਰਦੇ ਜੀ।

ਸੰਖੇਪ ਵਿਚ ਕਹਿਣਾ ਹੋਵੇ ਤਾਂ ਉਨ੍ਹਾਂ ਨੇ ਸਭ ਕੁਝ ਕੀਤਾ ਜੋ ਇਕ ਚੋਰ ਕਰਦਾ ਹੈ। ਇਸ ਬੰਦ ਦਾ ਮਹੱਤਵ ਇਸ ਗੱਲ ਵਿਚ ਹੈ, ਸ਼ਾਹ ਮੁਹੰਮਦ ਕਿਸ ਦਲੇਰੀ ਨਾਲ ਅੰਗਰੇਜ਼ਾਂ ਨੂੰ ਚੋਰ ਕਹਿੰਦਾ ਹੈ। ਸਿਰਫ਼ ਇਹੀ ਨਹੀਂ ਅਗਲੇ ਬੰਦ ਵਿਚ ਉਹ ਕਹਿੰਦਾ ਹੈ :

> ਪਿਛੋਂ ਸਾਂਭ ਲਿਆ ਮੁਲਕ ਕਾਰਦਾਰਾਂ

ਬਖ਼ਤਾਵਰਾਂ ਨੇਕ ਸਤਾਰਿਆਂ ਨੇ।

ਇਸੇ ਤਰ੍ਹਾਂ ਦੀ ਭਾਵਨਾ ਦਾ ਇਜ਼ਹਾਰ ਬੰਦ 103 ਦੇ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ :

ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ

ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ।

ਨਿਮਨ ਮੱਧਵਰਗ ਦੇ ਫਰਜ਼ੰਦ ਕਿਸ ਤਰ੍ਹਾਂ ਕੁਝ ਅੰਗਰੇਜ਼ੀ ਦੇ ਸ਼ਬਦ ਅਤੇ ਕੁਝ ਖੁਸ਼ਾਮਦੀ ਜੁਗਤਾਂ ਸਿੱਖ ਕੇ ਕੰਪਨੀ ਅਫ਼ਸਰਾਂ ਦੇ ਚਾਕਰ ਬਣੇ, ਇਸ ਵਰਤਾਰੇ ਦਾ ਇਸ ਤੋਂ ਬਿਹਤਰ ਕੋਈ ਬਿਆਨ ਨਹੀਂ ਹੋ ਸਕਦਾ। ਇਹ ਬਿਆਨ ਸਪੱਸ਼ਟ ਕਰਦਾ ਹੈ ਕਿ ਕਿਵੇਂ ਪੰਜਾਬ ਵਰਗਾ ਅਮੀਰ ਖਿੱਤਾ ਕੁਝ ਕੁ ਸਾਲਾਂ ਵਿਚ ਹੀ ਗ਼ਰੀਬ ਹੋ ਗਿਆ। ਇਸ ਤਰ੍ਹਾਂ ਦੀ ਪ੍ਰਤੱਖਣ ਸ਼ਕਤੀ ਇਕ ਉੱਚ ਪ੍ਰਤਿਭਾਵਾਨ ਬੰਦੇ ਵਿਚ ਹੀ ਸੰਭਵ ਹੈ। ਸ਼ਾਹ ਮੁਹੰਮਦ ਬਹੁਤ ਸਾਰੇ ਮਜ਼ਮੂਨਾਂ ਜਿਵੇਂ ਅਰਥ ਸ਼ਾਸਤਰ ਅਤੇ ਇਤਿਹਾਸ ਤੋਂ ਅਣਜਾਣ ਹੋਣ ਦੇ ਬਾਵਜੂਦ ਵੀ ਇਨ੍ਹਾਂ ਦਾ ਡੂੰਘਾ ਮੁਤਾਲਿਆ ਕਰਦਾ ਹੈ। ਇਸ ਗੱਲ ਨੇ ਉਸ ਨੂੰ ਡੂੰਘੀ ਪੀੜ ਦਿੱਤੀ ਹੋਵੇਗੀ ਕਿ ਕਿਵੇਂ ਕਾਬਜ਼ ਫ਼ੌਜ ਦੇ ਰੂਪ ਵਿਚ ਜੇਤੂਆਂ ਨੇ ਪੇਂਡੂ ਇਲਾਕਿਆਂ ਨੂੰ ਤਬਾਹ ਕਰ ਦਿੱਤਾ ਅਤੇ ਫ਼ਿਰੋਜ਼ਪੁਰ ਤੇ ਲਾਹੌਰ ਵਿਚਾਲੇ ਦੇ ਵੱਡੇ ਇਲਾਕੇ 'ਤੇ ਕਬਜ਼ਾ ਕਰਕੇ ਸੰਪਤੀ ਦੀ ਲੁੱਟ ਮਚਾਈ। ਅਜਿਹਾ ਕਦੇ ਕਿਸੇ ਭਾਰਤੀ ਰਾਜੇ ਵੱਲੋਂ ਨਹੀਂ ਸੀ ਕੀਤਾ ਗਿਆ। ਰਣਜੀਤ ਸਿੰਘ ਨੇ ਲਗਾਤਾਰ ਜਿੱਤਾਂ ਨਾਲ ਆਪਣੀ ਸਲਤਨਤ ਸਥਾਪਿਤ ਕੀਤੀ, ਪਰ ਇਹ ਹਾਰੇ ਹੋਇਆਂ ਵਿਚ ਸੁਲਹ-ਸਹਿਮਤੀ ਨਾਲ ਵੀ ਸਥਾਪਿਤ ਕੀਤਾ ਗਿਆ। ਉਂਝ ਭਾਰਤੀ ਰਾਜਿਆਂ ਦਰਮਿਆਨ ਖਿੱਚੋਤਾਣ ਲਗਾਤਾਰ ਚੱਲਦੀ ਰਹਿੰਦੀ ਸੀ ਪਰ ਜੇ ਇਕ ਵਾਰ ਫ਼ੈਸਲਾ ਹੋ ਗਿਆ ਤਾਂ ਸਾਰੀ ਦੁਸ਼ਮਣੀ ਸਮਾਪਤ ਹੋ ਜਾਂਦੀ ਸੀ।

—3—

ਇਹ ਇਕ ਵੀਰ ਰਸੀ ਕਵਿਤਾ ਹੈ। ਭਾਰਤ ਵਿਚ ਵੀਰ ਰਸੀ ਕਵਿਤਾ ਦੀ ਲੰਮੀ ਪਰੰਪਰਾ ਰਹੀ ਹੈ। ਵੀਰਤਾ ਜਾਂ ਬਹਾਦਰੀ ਨੌਂ ਰਸਾਂ ਵਿਚੋਂ ਇਕ ਮਹੱਤਵਪੂਰਨ ਰਸ ਹੈ, ਕਵੀ ਨੂੰ ਵੀਰਤਾ ਜਾਂ ਬਹਾਦਰੀ ਨੂੰ ਜਗਾਉਣ ਦੀ ਕਲਾ ਆਉਣੀ ਲਾਜ਼ਮੀ ਸੀ। ਇਸ ਲਈ ਇਸ ਵਿਧਾ 'ਤੇ ਹੱਥ ਅਜ਼ਮਾਉਣ ਵਾਲੇ ਕਵੀਆਂ ਦੀ ਕਮੀ ਨਹੀਂ ਰਹੀ। ਪਰ ਕਲਾਸੀਕਲ ਵੀਰ ਰਸੀ ਪਰੰਪਰਾ ਬਿਲਕੁਲ ਇਕ ਵੱਖਰਾ ਪ੍ਰਵਰਗ ਹੈ। ਇਸ ਵਿਚ ਗੱਲ ਆਮ ਤੌਰ 'ਤੇ ਵਧਾ ਚੜ੍ਹਾ ਕੇ ਕੀਤੀ ਜਾਂਦੀ ਸੀ। ਮਸਲਨ ਮਹਾਂਭਾਰਤ ਅਤੇ ਰਾਮਾਇਣ ਦੇ ਯੁੱਧ ਦੇ ਦ੍ਰਿਸ਼। ਇਸੇ ਤਰ੍ਹਾਂ ਰਾਜਪੂਤਾਂ ਦੇ ਸਮੇਂ ਵਿਚ ਵੀਰ ਰਸੀ ਕਵਿਤਾ ਗਾਉਣ ਵਾਲੀ ਇਕ ਵਿਸ਼ੇਸ਼ ਜਾਤ ਜਾਂ ਸ਼੍ਰੇਣੀ ਸੀ, ਇਨ੍ਹਾਂ ਨੂੰ ਭੱਟ ਜਾਂ ਚਰਣ ਕਿਹਾ ਜਾਂਦਾ ਸੀ। ਇਨ੍ਹਾਂ ਦਾ ਮੁੱਖ ਕੰਮ ਸੀ ਆਪਣੇ ਸਰਪ੍ਰਸਤ ਰਾਜਿਆਂ ਦੀਆਂ ਬਹਾਦਰੀਆਂ ਦੇ ਗੁਣਗਾਣ ਕਰਨਾ ਸੀ ਭਾਵੇਂ ਕਿ ਉਹ ਅਸਲ ਵਿਚ ਬਹੁਤ ਡਰਪੋਕ ਸਾਬਤ ਹੋਏ ਹੋਣ, ਇਸੇ ਦਾ ਇਨ੍ਹਾਂ ਨੂੰ ਇਨਾਮ ਮਿਲਦਾ ਸੀ। ਕਈ ਵਾਰ ਸੰਕਟ ਕਾਲੀਨ ਹਾਲਤਾਂ ਵਿਚ ਇਨ੍ਹਾਂ ਭੱਟਾਂ ਜਾਂ ਚਰਨਾਂ ਦੀ ਡਿਊਟੀ ਸੈਨਾ ਦੀ ਭਰਤੀ ਵਿਚ ਵੀ ਲਾਈ ਜਾਂਦੀ ਸੀ। ਆਮ ਤੌਰ 'ਤੇ ਉਹ ਆਪਣੇ ਗੀਤ ਤਤਕਾਲੀ ਲੋੜ ਅਨੁਸਾਰ ਘੜ ਲੈਂਦੇ ਸੀ ਅਤੇ ਉਨ੍ਹਾਂ ਦੀ ਕਵਿਤਾ ਵਿਚਲਾ ਵੀਰ ਰਸ ਮਨੋਵਿਗਿਆਨਕ ਤੌਰ 'ਤੇ ਅਜਿਹਾ ਪ੍ਰਭਾਵ ਸਿਰਜ ਲੈਂਦਾ ਸੀ ਕਿ ਨੌਜਵਾਨ ਇਸ ਪ੍ਰਭਾਵ ਵਿਚ ਹੀ ਜੰਗ ਵਿਚ ਲੜਨ ਲਈ ਭਰਤੀ ਹੋ ਜਾਂਦੇ ਸਨ।

ਪਰ ਸ਼ਾਹ ਮੁਹੰਮਦ ਇਸ ਵਿਧਾ ਦਾ ਕਵੀ ਨਹੀਂ ਹੈ। ਉਹ ਇਸ ਗੱਲ ਲਈ ਬਹੁਤ ਸੁਚੇਤ ਹੈ ਕਿ ਉਸ ਨੇ ਸਾਰੀ ਗੱਲ ਨੂੰ ਬਿਆਨ ਕਰਨਾ ਹੈ ਅਤੇ ਇਸ ਲਈ ਉਹ ਕਈ ਵਾਰ ਗੱਲ ਨੂੰ ਵਧਾ ਕੇ ਜਾਂ ਵਧੇਰੇ ਸ਼ਬਦਾਂ ਰਾਹੀਂ ਵੀ ਕਰਦਾ ਹੈ। ਇਕ ਪਾਸੇ ਉਹ ਫ਼ੌਜਾਂ ਦੇ ਜੋਸ਼ ਦੀ ਵਡਿਆਈ ਤਾਂ ਕਰਦਾ ਹੈ ਪਰ ਉਸ ਬੁਜ਼ਦਿਲੀ ਦੀ ਨਿੰਦਿਆ ਨਹੀਂ ਕਰਦਾ ਜਿਸ ਕਾਰਨ ਉਹ ਮੈਦਾਨ ਛੱਡ ਕੇ ਭੱਜਦੇ ਹਨ। ਸ਼ਾਇਦ ਇਹ ਸਾਰੀਆਂ ਵੱਡੀਆਂ ਜੰਗਾਂ ਵਿਚ ਹੁੰਦਾ ਹੀ ਹੈ। ਉਹ ਕਿਸੇ ਗੱਲ ਨੂੰ ਰਹੱਸਮਈ ਜਾਂ ਮਿੱਥ ਨਹੀਂ ਬਣਾਉਂਦਾ। ਉਹ ਇਨ੍ਹਾਂ ਲੜਾਈਆਂ ਦਾ ਬਿਆਨ ਅਜਿਹੀਆਂ ਮਾਕੂਲ ਤਸ਼ਬੀਹਾਂ ਰਾਹੀਂ ਸਮਾਪਤ ਕਰਦਾ ਹੈ ਕਿ ਇਨ੍ਹਾਂ ਦਾ ਅਸਰ ਪਾਠਕ ਦੇ ਮਨ ਮਸਤਕ 'ਤੇ ਲੰਮਾ ਸਮਾਂ ਰਹਿੰਦਾ ਹੈ।

ਇਸ ਰਚਨਾ ਦਾ ਇਕ ਮੀਰੀ ਗੁਣ ਇਹ ਵੀ ਹੈ ਕਿ ਇਹ ਪੰਜਾਬੀ ਲੋਕ ਛੰਦਾਂ ਦੇ ਸਰਤਾਜ ਬੈਂਤ ਛੰਦ ਵਿਚ ਲਿਖੀ ਗਈ ਹੈ, ਜਿਸ ਨੂੰ ਵਾਰਿਸ ਸ਼ਾਹ ਨੇ ਬਾਖ਼ੂਬੀ ਸਿਖਰ 'ਤੇ ਪਹੁੰਚਾਇਆ। ਮੈਨੂੰ ਯਕੀਨ ਹੈ ਕਿ ਜਿਨ੍ਹਾਂ ਨੇ ਹੀਰ ਦੇ ਬੰਦ ਸੁਣੇ ਹਨ ਉਹ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਜਦੋਂ ਇਸ ਛੰਦ ਨੂੰ ਬੁਲੰਦ ਆਵਾਜ਼ ਵਿਚ ਗਾਇਆ ਜਾਂਦਾ ਹੈ ਤਾਂ ਇਸ ਦਾ ਪੰਜਾਬੀ ਸਰੋਤਿਆਂ 'ਤੇ ਕਿਹੋ ਜਿਹਾ ਅਸਰ ਹੁੰਦਾ ਹੈ। ਸਿਰਫ਼ ਜਾਨਦਾਰ ਬੁਲੰਦ ਆਵਾਜ਼ ਵਾਲਾ ਗਾਇਕ ਹੀ ਇਸ ਨੂੰ ਗਾ ਸਕਦਾ

ਹੈ। ਪਰ ਜਦੋਂ ਇਹ ਛੰਦ ਇਸ ਬੁਲੰਦੀ ਨਾਲ ਗਾਇਆ ਜਾਂਦਾ ਹੈ ਤਾਂ ਸਰੋਤੇ ਦਾ ਦਿਲ ਕਰਦਾ ਹੈ ਕਿ ਗਾਏ ਜਾ ਰਹੇ ਬਿਰਤਾਂਤ ਵਿਚ ਹੁਣੇ ਸ਼ਾਮਿਲ ਹੋ ਜਾਵੇ। ਸ਼ਾਹ ਮੁਹੰਮਦ ਵੀ ਬੈਂਤ ਛੰਦ ਦਾ ਘੱਟ ਮਾਹਰ ਨਹੀਂ ਹੈ ਅਤੇ ਇਸ ਲਈ ਇਹ ਜੰਗਨਾਮਾ ਵੀ ਹੀਰ ਵਾਲੇ ਜਲੌਅ ਵਿਚ ਗਾਇਆ ਜਾਂਦਾ ਹੈ ਭਾਵੇਂ ਕਿ ਇਸ ਦਾ ਵਿਸ਼ਾ-ਵਸਤੂ ਤੇ ਪੈਟਰਨ ਬਿਲਕੁਲ ਵੱਖਰਾ ਹੈ।

ਇਸ ਦਾ ਸਮੁੱਚਾ ਪ੍ਰਭਾਵ ਉਤਸ਼ਾਹਜਨਕ ਨਹੀਂ ਸਗੋਂ ਨਿਰਾਸ਼ਾ ਵਾਲਾ ਹੈ। ਇਸ ਵਿਚੋਂ ਬੇਵਸੀ ਅਤੇ ਦੁਖਾਂਤ ਦਾ ਭਾਵ ਪੈਦਾ ਹੁੰਦਾ ਹੈ। ਇਹ ਕਵਿਤਾ ਕਿਉਂਕਿ ਹਾਰ ਦੀ ਕਵਿਤਾ ਹੈ—ਹਾਰ ਸਿਰਫ਼ ਮੈਦਾਨ-ਏ-ਜੰਗ ਦੀ ਫ਼ੌਜੀ ਹਾਰ ਨਹੀਂ, ਸਗੋਂ ਇਹ ਹਾਰ ਇਸ ਤੋਂ ਵੀ ਵੱਡੀ ਕੋਈ ਹੋਰ ਹੈ। ਫਿਰ ਵੀ ਇਸ ਰਚਨਾ ਵਿਚਲੀ ਨਿਰਾਸ਼ਾ ਵਿਚ ਵੀ ਅਜਿਹੀ ਦੇਸ਼ ਭਗਤੀ ਹੈ ਕਿ ਬੰਦੇ ਦਾ ਦਿਲ ਕਰਦਾ ਹੈ ਕਿ ਉਹ ਉਸ ਦੌਰ ਵਿਚ ਹੁੰਦਾ ਅਤੇ ਉਸ ਸਮੇਂ ਦੇ ਐਕਸ਼ਨਾਂ ਵਿਚ ਸ਼ਾਮਿਲ ਹੁੰਦਾ। ਇਥੋਂ ਤਕ ਕਿ ਮੇਰੇ ਵਰਗਾ ਬੰਦਾ ਜੋ ਆਪਣੀ ਜ਼ਿੰਦਗੀ ਵਿਚ ਲੰਮਾ ਸਮਾਂ ਆਪਣੀਆਂ ਪੰਜਾਬੀ ਜੜ੍ਹਾਂ ਤੋਂ ਦੂਰ ਰਿਹਾ ਹੈ, ਬਹੁਤ ਪਹਿਲਾਂ ਬਚਪਨ ਵਿਚ ਸੁਣੀਆਂ ਇਸ ਰਚਨਾ ਦੀਆਂ ਸਤਰਾਂ ਤੋਂ ਹੀ ਆਪਣੀ ਜ਼ਮੀਨ ਦੇ ਪਿਆਰ ਨਾਲ ਭਰ ਜਾਂਦਾ ਹੈ। ਇਸ ਤੋਂ ਬਿਨਾਂ ਮੇਰੇ ਲਈ ਇਸ ਰਚਨਾ ਦੀ ਵਿਲੱਖਣਤਾ ਕਿਤੇ ਹੋਰ ਹੈ। ਇਹ ਸਾਹਿਤ ਜਾਂ ਲੋਕ ਸਾਹਿਤ ਦੀ ਵਾਹਦ ਇਕੋ ਇਕ ਅਜਿਹੀ ਰਚਨਾ ਹੈ ਜੋ ਪੰਜਾਬੀ ਇਕਜੁੱਟਤਾ ਅਤੇ ਪੰਜਾਬੀ ਰਾਸ਼ਟਰਵਾਦ (ਪੰਜਾਬੀਅਤ) ਨਾਲ ਭਰੀ ਪਈ ਹੈ। ਇੰਝ ਲੱਗਦਾ ਹੈ ਜਿਵੇਂ ਕਵੀ ਅਤੇ ਉਸ ਦੇ ਸਰੋਤੇ ਖਾਲਸਾ ਦਰਬਾਰ ਨਾਲ ਇਸ ਹੱਦ ਤਕ ਇਕਮਿਕ ਹੋਇਆ ਮਹਿਸੂਸ ਕਰਦੇ ਹਨ ਕਿ ਉਸ ਦੀ ਕਵਿਤਾ ਵਿਚ ਪੰਜ ਪਾਣੀਆਂ ਦੀ ਧਰਤੀ 'ਤੇ ਰਹਿਣ ਵਾਲੇ, ਹਿੰਦੂ ਅਤੇ ਮੁਸਲਮਾਨਾਂ ਦੋਵਾਂ ਦੇ ਖ਼ੁਆਬਾਂ-ਖ਼ਿਆਲਾਂ ਦੀ ਪੂਰੀ ਝਲਕ ਮਿਲਦੀ ਹੈ। ਮੇਰਾ ਜਨਮ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਵਿਚ ਹੋਇਆ ਹੈ ਅਤੇ ਮੈਂ ਆਪਣੀ ਸਾਰੀ ਜ਼ਿੰਦਗੀ ਵੀਹਵੀਂ ਸਦੀ ਦੇ ਅੱਧ ਦੇ ਫਿਰਕੂ ਵਾਤਾਵਰਨ ਵਿਚ ਗੁਜ਼ਾਰੀ ਹੈ। ਮੈਨੂੰ ਇਹ ਇਕਬਾਲ ਕਰਨ ਵਿਚ ਕੋਈ ਝਿਜਕ ਨਹੀਂ ਕਿ ਪੰਜਾਬੀ ਇਕਜੁਟਤਾ ਅਤੇ ਇਕਮਿਕਤਾ ਦਾ ਪ੍ਰਗਟਾਵਾ ਅੱਜ ਤਕ ਹੋਰ ਕਿਤੇ ਵੀ ਨਹੀਂ ਦੇਖਿਆ। ਇਹ ਰਚਨਾ ਜਿਵੇਂ ਮੇਰੇ ਕੰਨਾਂ ਲਈ ਸੰਗੀਤ ਹੈ। ਪਰ ਨਾਲ ਹੀ ਇਹ ਸਾਡੇ ਅੱਜ ਦੇ ਯਥਾਰਥ ਬਾਰੇ ਕਈ ਬੜੇ ਜ਼ਰੂਰ ਸਵਾਲ ਖੜ੍ਹੇ ਕਰਦੀ ਹੈ। ਮਸਲਨ, ਫਿਰਕੂ ਸਵਾਲ ਉੱਪਰ ਕਿਸ ਤਰ੍ਹਾਂ ਦੀਆਂ ਗ਼ਲਤ ਜਾਣਕਾਰੀਆਂ ਸਾਡੀਆਂ ਇਤਿਹਾਸ ਦੀਆਂ ਪੁਸਤਕਾਂ ਸਾਡੇ ਸਾਹਵੇਂ ਪਰੋਸਦੀਆਂ ਹਨ। ਸਾਡੇ ਕੰਨਾਂ ਵਿਚ ਲਗਾਤਾਰ ਇਹੀ ਚੋਇਆ ਜਾਂਦਾ ਰਿਹਾ ਹੈ ਹਿੰਦੂ ਅਤੇ ਮੁਸਲਮਾਨ ਹਮੇਸ਼ਾ ਇਕ ਦੂਜੇ ਦੇ ਵਿਰੋਧੀ ਅਤੇ ਵੈਰੀ ਹੀ ਰਹੇ ਹਨ ਅਤੇ 'ਪਾਣੀਪਤ' ਹੀ ਸ਼ਾਇਦ ਉਨ੍ਹਾਂ ਦੇ ਮਿਲਣ ਦੇ ਇਕੋ ਇਕ ਸੰਭਵ ਥਾਂ ਸੀ। ਇਹ ਕਹਾਣੀ ਸਾਨੂੰ 'ਦੋ ਰਾਸ਼ਟਰ' ਸਿਧਾਂਤ ਵੱਲ ਲੈ ਕੇ ਗਈ ਜੋ ਭਾਰਤ ਦੀ ਵੰਡ ਦਾ ਆਧਾਰ ਬਣੀ।

ਸਿਰਫ਼ ਇੰਨਾ ਹੀ ਨਹੀਂ, ਸਗੋਂ ਇਹੀ ਉਹ ਅਬਦਲ ਫਿਰਕੂ ਤਰਕ ਹੈ ਜੋ ਪੰਜਾਬੀ ਸਮਾਜ ਦੀ ਤੀਹਰੀ ਵੰਡ ਲਈ ਰਾਹ ਬਣਾ ਰਿਹਾ ਹੈ, ਜਿਸ ਵਿਚ ਅੱਜ ਪੰਜਾਬ ਦੇ ਸਿੱਖ ਅਤੇ ਹਿੰਦੂ ਦੋ ਅੱਡ-ਅੱਡ ਰਾਸ਼ਟਰ ਬਣਾਉਣ ਦੀ ਕਵਾਇਦ ਵਿਚ ਹਨ। ਮਸਲਨ, ਪੰਜਾਬ ਵਿਚ ਪਾਕਿਸਤਾਨ ਦੀ ਤਰਜ਼ 'ਤੇ ਇਕ ਵੱਖਰੀ ਸਟੇਟ ਬਣਾਉਣ ਲਈ 80ਵਿਆਂ ਵਿਚ ਇਕ ਖਾੜਕੂ ਲਹਿਰ ਚੱਲੀ ਜਿਸ ਨੇ ਅਥਾਹ ਲਹੂ ਅਤੇ ਹੰਝੂ ਵਹਾਏ ਅਤੇ ਜੇਕਰ ਫਿਲਹਾਲ ਇਹ ਦੁਖਾਂਤ ਟਲਿਆ ਹੈ ਤਾਂ ਇਸ ਵੀ ਇਸ ਕਾਰਨ ਕਿ ਹਿੰਦੂ-ਸਿੱਖ ਇਕਮਿਕਤ ਦੀ ਕੋਮਲ ਰੇਸ਼ਮ ਤੰਦ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ, ਭਾਵੇਂ ਇਸ ਨੂੰ ਖ਼ਤਮ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਵੱਖ-ਵੱਖ ਧੜਿਆਂ ਵੱਲੋਂ ਦਿਸਦੇ-ਅਣਦਿਸਦੇ ਪੱਧਰ 'ਤੇ ਅਨੇਕਾਂ ਹੱਲੇ ਕੀਤੇ ਗਏ ਹਨ। ਫਿਰ ਵੀ ਘੱਟੋ-ਘੱਟ ਮੇਰੀ ਪੀੜ੍ਹੀ ਦੇ ਮਰਦ-ਔਰਤਾਂ ਲਈ ਇਹ ਪੰਜਾਬ ਵਿਚ ਵਾਪਰਿਆ ਸਭ ਤੋਂ ਮਾਰੂ ਦੁਖਾਂਤ ਹੈ।

ਇਸ ਨੁਕਤੇ ਉਪਰ ਇਕ ਵਾਰ ਮੈਨੂੰ ਡਾ. ਐੱਮ.ਐੱਸ. ਰੰਧਾਵਾ ਦੇ ਸੁੱਘੜ ਵਿਚਾਰ ਸੁਣਨ ਨੂੰ ਮਿਲੇ। ਉਨ੍ਹਾਂ ਨੇ ਮੈਨੂੰ ਕਿਹਾ ਕਿ ਅਸੀਂ ਆਪ ਹੀ ਪੰਜਾਬ ਦੇ ਮਨੁੱਖੀ ਵਾਤਾਵਰਣ ਨੂੰ ਤਬਾਹ ਕੀਤਾ ਹੈ ਅਤੇ ਇਸ ਲਈ ਸਾਨੂੰ ਹੁਣ ਕੀਮਤ ਅਦਾ ਕਰਨੀ ਪਵੇਗੀ। ਜਦੋਂ ਮੈਂ ਉਨ੍ਹਾਂ ਨੂੰ ਇਸ ਗੱਲ ਦਾ ਵਿਸਥਾਰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਕਦੇ ਵੀ ਅਜਿਹੇ ਪੰਜਾਬ ਦੀ ਕਲਪਨਾ ਨਹੀਂ ਕਰ ਸਕਦੇ ਜਿਸ ਵਿਚ ਪੰਜਾਬੀ ਫਿਰਕੂ ਤੌਰ 'ਤੇ ਵੰਡੇ ਹੋਏ ਹੋਣ। ਉਨ੍ਹਾਂ ਅਨੁਸਾਰ ਸਿੱਖਾਂ ਅਤੇ ਮੁਸਲਮਾਨਾਂ ਦੇ ਸੁਮੇਲ ਤੋਂ ਬਿਨਾਂ ਪੰਜਾਬ ਦਾ ਕੋਈ ਵਿਕਸਤ ਅਤੇ ਖ਼ੁਸ਼ਹਾਲ ਤਸੱਵਰ ਨਹੀਂ ਹੋ ਸਕਦਾ। ਮੈਂ ਆਪ ਵੀ ਇਸ ਤਰ੍ਹਾਂ ਦੀ ਇਕਮਿਕਤਾ ਵਾਲੀ ਸਥਿਤੀ ਲਈ ਦ੍ਰਿੜ੍ਹ ਨਹੀਂ ਹੋ ਸਕਿਆ ਸੀ, ਜਦੋਂ ਤਕ ਕਿ ਮੈਂ 1995 ਵਿਚ ਸ਼ਾਹ ਮੁਹੰਮਦ ਨੂੰ ਨਹੀਂ ਪੜ੍ਹਿਆ ਸੀ।

ਇਹ ਸਮਝਣ ਲਈ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਇਸ ਰੂਪ ਵਿਚ ਕਿਵੇਂ ਅਤੇ ਕਿਉਂ ਪੈਦਾ ਹੋਈ, ਮੈਂ ਆਪਣੀ ਪੂਰੀ ਹਿੰਦੂ ਪਛਾਣ ਨੂੰ ਸਾਣ 'ਤੇ ਲਾਇਆ। ਪੰਜਾਬੀ ਹਿੰਦੂ ਦੁਆਰਾ ਆਪਣੇ ਆਪ ਨੂੰ ਸਾਂਝੀ ਪੰਜਾਬੀ ਪਛਾਣ ਤੋਂ

ਬੇਗ਼ਾਨਾ ਮਹਿਸੂਸ ਕਰਨ ਦੀ ਪ੍ਰਕਿਰਿਆ ਮਹਾਰਾਜਾ ਰਣਜੀਤ ਸਿੰਘ ਤੋਂ ਸ਼ੁਰੂ ਹੋਈ। ਰਣਜੀਤ ਸਿੰਘ ਆਪਣੀਆਂ ਸੰਗਠਿਤ (ਆਰਗੈਨਿਕ) ਜੜ੍ਹਾਂ ਤੋਂ ਪਾਸੇ ਹੋ ਗਿਆ ਅਤੇ ਉਸੇ ਤੋਂ ਹੀ ਉਹ ਥੜ੍ਹਾ ਬੱਝਿਆ ਜਿਸ ਤੋਂ ਭਵਿੱਖ ਵਿਚ ਫਿਰਕਾਪ੍ਰਸਤੀ ਨਾਲ ਲਬਰੇਜ਼ ਕਿਰਿਆ-ਪ੍ਰਤੀਕਿਰਿਆਵਾਂ ਦੀ ਇਕ ਅਰੁਕ ਲੜੀ ਚੱਲੀ। ਪੰਜਾਬੀ ਹਿੰਦੂਆਂ ਦੇ ਬਾਕੀ ਪੰਜਾਬੀ ਭਾਈਚਾਰੇ ਤੋਂ ਰਾਜਨੀਤਕ, ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਭਾਸ਼ਾਈ ਅਲਗਾਵ ਦੀ ਸਮੁੱਚੀ ਪ੍ਰਕਿਰਿਆ ਨੂੰ ਸਮਝਦਿਆਂ, ਮੈਂ ਜਾਣਿਆ ਕਿ ਪੰਜਾਬੀ ਹਿੰਦੂਆਂ ਨੇ ਵੀ ਪੰਜਾਬ ਵਿਚ ਫਿਰਕਾਪ੍ਰਸਤੀ ਪੈਦਾ ਕਰਨ ਅਤੇ ਫੈਲਾਉਣ ਵਿਚ ਕਾਫ਼ੀ ਕੁਝ ਕੀਤਾ ਹੈ। ਅਸਲ ਵਿਚ ਇਸ ਵਰਗ ਨੇ ਹੋਰ ਵਰਗਾਂ ਵਿਚ ਵੀ ਆਪਣੇ ਆਪ ਨੂੰ ਪ੍ਰੋਜੈਕਟ ਕਰਨ ਲਈ ਸੰਪਰਦਾਇਕ ਤਰਕ ਨੂੰ ਇਕ ਬਾਦਲੀਲ ਅਤੇ ਪ੍ਰਚਲਿਤ ਢੰਗ ਵਜੋਂ ਫੈਲਾਇਆ। ਇਸੇ ਪ੍ਰਕਿਰਿਆ ਵਿਚ ਤੀਜੀ ਧਿਰ ਬੇਸ਼ੱਕ ਬਰਤਾਨਵੀ ਸ਼ਾਸਕ ਸਨ, ਉਨ੍ਹਾਂ ਨੇ ਵੀ ਇਹ ਜ਼ਹਿਰ ਬੀਜਣ ਵਿਚ ਕੋਈ ਘੱਟ ਨਹੀਂ ਗੁਜ਼ਾਰੀ। ਇਸ ਲਈ ਮੈਂ ਸੁਧਾਰਵਾਦੀ ਲਹਿਰਾਂ ਨੂੰ ਜ਼ਿੰਮੇਵਾਰ ਸਮਝਦਾ ਹਾਂ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਹਿੰਦੂਆਂ ਨੂੰ ਪ੍ਰਭਾਵਿਤ ਕੀਤਾ ਕਿ ਜਿਸ ਵਿਚੋਂ ਉਨ੍ਹਾਂ ਇਸ ਕਿਸਮ ਦਾ ਦੁਖਾਂਤ ਸਿਰਜਿਆ।

ਮੇਰੇ ਵਿਸ਼ਲੇਸ਼ਣ ਢੰਗ ਅਨੁਸਾਰ ਇਹ ਉਹ ਭੱਦਰ ਲੋਕ ਭਾਵ ਉਹ 'ਅੰਗਰੇਜ਼ੀ ਹਿੰਦੂ' ਸਨ ਜੋ ਅੰਗਰੇਜ਼ੀ ਢੰਗ ਨਾਲ ਜਿਉਂਦੇ ਸਨ। ਇਨ੍ਹਾਂ ਨੇ ਆਪਣੇ ਆਪ ਨੂੰ ਸਮਾਜਿਕ ਜੀਵਨ ਦੀ ਪੌੜੀ ਵਿਚ ਉੱਪਰ ਚੁੱਕਣ ਲਈ 'ਸਫੈਦ ਸਾਹਬ' ਲੋਕਾਂ ਦੀ ਨਕਲ ਨੂੰ ਪ੍ਰਮਾਤਮਾ ਵੱਲੋਂ ਭੇਜਿਆ ਮੌਕਾ ਸਮਝਿਆ। ਦੂਜੇ ਪਾਸੇ ਨਵੇਂ ਸ਼ਾਸਕਾਂ ਵੱਲੋਂ ਸਜ਼ਾ ਅਤੇ ਇਨਾਮ ਦੀ ਸਿੱਧੀ ਸਪੱਸ਼ਟ ਨੀਤੀ ਲਾਗੂ ਕੀਤੀ ਗਈ। ਇਹ ਉਹੀ ਲੋਕ ਸਨ ਜਿਨ੍ਹਾਂ ਨੇ ਵਿਕਾਸ ਲਈ ਪੁਨਰ-ਜਾਗਰਣ ਅਤੇ ਧਰਮ ਸੁਧਾਰ ਵਾਲੇ ਯੂਰਪੀ ਮਾਡਲ ਨੂੰ ਬੁਨਿਆਦ ਵਜੋਂ ਅਪਣਾਇਆ, ਪਰ ਛੇਤੀ ਹੀ ਉਹ ਦਾਬੇ ਅਤੇ ਦਬਾਉਣ ਦੀ ਨੀਤੀ 'ਤੇ ਆ ਗਏ। ਇਸ ਦੇ ਉਲਟ ਜਿਨ੍ਹਾਂ ਨੇ ਇਸ ਤਬਦੀਲੀ ਦਾ ਵਿਰੋਧ ਕੀਤਾ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਹੇਠਲੇ ਦਰਜਿਆਂ 'ਤੇ ਧੱਕ ਦਿੱਤਾ ਗਿਆ। ਇਸ ਲਈ 'ਅੰਗਰੇਜ਼ੀ ਹਿੰਦੂਆਂ' ਨੇ ਇਸ ਨੂੰ ਮੁਕਾਬਲੇ ਦਾ ਧਰਮ ਬਣਾਉਣ ਲਈ, ਤੁਰੰਤ ਹਿੰਦੂ ਧਾਰਮਿਕ ਪਰੰਪਰਾਵਾਂ ਵਿਚ 'ਸੁਧਾਰ' ਕਰਨਾ ਸ਼ੁਰੂ ਕਰ ਦਿੱਤਾ। ਪਰੰਪਰਕ ਹਿੰਦੂ ਧਰਮ ਦੀ 'ਚਰਚਹੀਣਤਾ' ਹੁਣ ਇਸ ਦੇ ਪਿਛੜੇ ਹੋਏ ਹੋਣ ਦਾ ਚਿੰਨ੍ਹ ਲੱਗਣ ਲੱਗ ਪਈ। ਇਸ ਨੇ ਹਿੰਦੂ ਬਹੁਲਤਾਵਾਦ ਨੂੰ ਜੋੜਨ ਵਾਲੇ ਉਸ ਤੱਤ ਨੂੰ ਹਟਾ ਦਿੱਤਾ ਜਿਸ ਨੇ ਪੰਜਾਬੀ ਸਮਾਜ ਨੂੰ ਲੰਮੇ ਸਮੇਂ ਤੋਂ ਇਸਲਾਮੀ ਹਕੂਮਤ ਦੇ ਅਨੇਕਾਂ ਦਬਾਵਾਂ ਦੇ ਬਾਵਜੂਦ ਜੋੜਿਆ ਹੋਇਆ ਸੀ।

ਸ਼ਾਹ ਮੁਹੰਮਦ ਦੁਆਰਾ ਦਿਖਾਈ ਗਈ ਪੰਜਾਬੀ ਸਮਾਜ ਦੀ ਤਸਵੀਰ ਨੂੰ ਸਮਝਣ ਤੋਂ ਬਾਅਦ, ਇਹ ਲੱਗਦਾ ਹੈ ਕਿ ਪੰਜਾਬੀ ਸਮਾਜ ਨੇ ਉਹ ਇਕਸਾਰਤਾ ਹਾਸਲ ਕਰ ਲਈ ਸੀ ਜਿਸ ਵਿਚੋਂ ਪੰਜਾਬੀ ਰਾਸ਼ਟਰ ਸੰਭਵ ਹੋ ਸਕਦਾ ਸੀ ਅਤੇ ਇਸ ਰਾਸ਼ਟਰ ਲਈ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬਰਾਬਰ ਦਾ ਉਤਸ਼ਾਹ ਹੋਣਾ ਸੀ। ਮੈਂ ਪੰਜਾਬੀ ਸਮਾਜ ਦੀ ਤੀਹਰੀ ਵੰਡ ਲਈ ਪੁਨਰ-ਜਾਗਰਣ ਅਤੇ ਧਰਮ ਸੁਧਾਰ ਦੀਆਂ ਉਨ੍ਹਾਂ ਲਹਿਰਾਂ ਨੂੰ ਵੀ ਜ਼ਿੰਮੇਵਾਰ ਮੰਨਦਾ ਹਾਂ, ਜੋ ਰਾਜਾ ਰਾਮ ਮੋਹਨ ਰਾਇ ਅਤੇ ਸਵਾਮੀ ਦਯਾਨੰਦ ਰਾਹੀਂ ਫੈਲੀਆਂ।

ਹਿੰਦੂਆਂ ਦਾ ਸਨਾਤਨੀ ਖਾਸਾ ਅਤੇ ਵੈਸ਼ਨਵਵਾਦ, ਜੋ ਕਿ ਮੂਲ ਰੂਪ ਵਿਚ ਪਿਆਰ ਦਾ ਧਰਮ ਸੀ। ਹੁਣ ਇਨ੍ਹਾਂ ਦੋਹਾਂ 'ਤੇ ਸੁਧਾਰਕ ਹਿੰਦੂਆਂ ਵੱਲੋਂ ਲਗਾਤਾਰ ਤਿੱਖੇ ਹਮਲੇ ਹੋਣ ਲੱਗੇ। ਇਥੋਂ ਤਕ ਕਿ ਇਹ ਨਵੇਂ ਹਿੰਦੂ, ਜਿਨ੍ਹਾਂ ਨੂੰ ਮੈਂ 'ਨਮਸਤੇ ਜੀ ਹਿੰਦੂ' ਕਹਿੰਦਾ ਹਾਂ, ਚਾਹੁਣ ਲੱਗੇ ਕਿ ਮੁਸਲਮਾਨ ਅਤੇ ਅਗਲੇ ਪੱਧਰ 'ਤੇ ਸਿੱਖ ਵੀ ਉਨ੍ਹਾਂ ਦੀ ਸ਼ਰਤਾਂ ਅਨੁਸਾਰ ਹੀ ਉਨ੍ਹਾਂ ਨਾਲ ਚੱਲਣ। ਇਸ ਦੇ ਜਵਾਬ ਵਿਚ ਉਹੀ ਹੋਇਆ ਜਿਸ ਦਾ ਅੱਗੇ ਜਾ ਕੇ ਭਿਅੰਕਰ ਨਤੀਜਾ ਨਿਕਲਿਆ। ਇਸ ਦੇ ਪ੍ਰਤਿਕਰਮ ਵਿਚ ਮੁਸਲਮਾਨ ਜਾਂ ਹੋਰ ਧਿਰਾਂ ਨੇ ਇਹ ਦੂਜੈਲਾਪਣ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਖ਼ਾਸ ਤੌਰ 'ਤੇ ਉਦੋਂ ਜਦੋਂ ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਹਿੰਦੂਆਂ ਦੀ ਤੁਲਨਾ ਵਿਚ ਵਧੇਰੇ ਭਾਅ ਦੇਣਾ ਸ਼ੁਰੂ ਕਰ ਦਿੱਤਾ।

ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਇਕ ਵੀ ਹਿੰਦੂ ਕੰਧ 'ਤੇ ਲਿਖੀ ਇਬਾਰਤ ਨਹੀਂ ਪੜ੍ਹ ਸਕਿਆ। ਇਸੇ ਕਾਰਨ ਮੈਂ ਕਹਿੰਦਾ ਹਾਂ ਕਿ ਪੰਜਾਬੀ ਹਿੰਦੂਆਂ ਨੇ ਹਰ ਖੇਤਰ ਦੇ ਮਾਹਰ ਪੈਦਾ ਕੀਤੇ, ਪਰ ਇਕ ਵੀ ਅਜਿਹਾ ਬਸ਼ਰ ਪੈਦਾ ਨਹੀਂ ਕੀਤਾ ਜੋ ਦੂਰ-ਦ੍ਰਿਸ਼ਟੀ ਵਾਲਾ ਹੋਵੇ ਜਾਂ ਭਾਵੀ ਹੋਣੀ ਨੂੰ ਦੇਖ ਸਕਦਾ ਹੋਵੇ। ਇਹੀ ਉਹ 'ਬੇਵਫ਼ਾ ਹਿੰਦੂ' ਸੀ ਜੋ ਇਸ ਇਤਿਹਾਸਕ ਦਬਾਅ ਦੇ ਪ੍ਰਤਿਕਰਮ ਵਿਚ ਭਾਰਤ ਦਾ ਪਹਿਲਾ ਰਾਸ਼ਟਰਵਾਦੀ ਬਣਿਆ ਅਤੇ ਇਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਸਾਰੀਆਂ ਸਫਾਂ ਨੂੰ ਭਰ ਦਿੱਤਾ। ਇਸ ਪ੍ਰਕਿਰਿਆ ਨੇ ਮੁਸਲਮਾਨਾਂ ਨੂੰ ਤੇ ਫਿਰ ਸਿੱਖਾਂ ਨੂੰ ਕਾਂਗਰਸੀ ਰਾਸ਼ਟਰਵਾਦ ਤੋਂ ਦੂਰ ਕਰ ਦਿੱਤਾ।

ਆਓ ਦੇਖੀਏ ਕਿ ਕਿੱਥੇ ਸ਼ਾਹ ਮੁਹੰਮਦ ਬਿਲਕੁਲ ਨਿਵੇਕਲਾ ਹੈ। ਅਸੀਂ ਜਿਹੜੇ ਸਮੇਂ ਵਿਚ ਹਾਂ, ਅਸੀਂ ਕਥਿਤ ਵਿਗਿਆਨਕ ਸੈਕੂਲਰਿਜ਼ਮ ਦੀ ਮਾਨਸਿਕ ਗ੍ਰਿਫ਼ਤ ਵਿਚ ਹਾਂ। ਇਸ ਸਥਿਤੀ ਵਿਚ ਅਸੀਂ ਉਸ ਨੂੰ ਮਸਾਂ ਹੀ ਸਮਝ ਸਕਦੇ ਹਾਂ। ਉਹ ਜਦੋਂ ਹਿੰਦੂ-ਮੁਸਲਿਮ ਇਕਮਿਕਤਾ ਦੀ ਗੱਲ ਕਰਦਾ ਹੈ ਤਾਂ ਇਹ ਕੋਈ ਅਜਿਹੀ ਚੀਜ਼ ਨਹੀਂ ਜਿਸ ਨੂੰ ਹਾਸਲ ਕੀਤਾ ਜਾਣਾ ਹੈ ਸਗੋਂ ਇਹ ਤਾਂ ਜੀਵਨ ਦਾ ਮੌਜੂਦਾ ਨਿਰਵਿਵਾਦ ਤੱਥ ਹੈ, ਸਗੋਂ ਇਹ ਉਹ ਜੀਵਨ ਮੁੱਲ ਹੈ ਜੋ ਹਰ ਪਾਸੇ ਮੌਜੂਦ ਹੈ। ਅਸਲ ਵਿਚ ਸ਼ਾਹ ਮੁਹੰਮਦ ਸੋਚਦਾ ਹੈ ਕਿ ਇਸ ਇਕਮਿਕਤਾ ਨਾਲ ਜੇ ਕੋਈ ਵੀ ਛੇੜ-ਛਾੜ ਕਰੇ ਤਾਂ ਇਹ ਜ਼ੁਲਮ ਹੈ। ਇਸ ਸੰਬੰਧ ਵਿਚ ਉਸ ਦੇ ਤੀਜੇ ਬੰਦ ਨੂੰ ਇਥੇ ਵਿਚਾਰਨਾ ਜ਼ਰੂਰੀ ਹੈ। ਇਸ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਉਸ ਨੇ ਇਹ ਸਾਰੀ ਕਥਾ ਕਿਉਂ ਸੁਣਾਈ ਹੈ। ਇਸ ਵਿਚਲੇ ਦੋ ਸੁਹਿਰਦ ਬੰਦਿਆਂ ਦੀ ਕਲਪਨਾ ਕਰੋ, ਇਕ ਹਿੰਦੂ ਹੈ ਅਤੇ ਦੂਜਾ ਮੁਸਲਮਾਨ। ਜੋ ਇਹ ਪੁੱਛਦੇ ਹਨ ਕਿ ਪੰਜਾਬ ਵਿਚ ਕਿਵੇਂ 'ਤੀਸਰੀ ਜ਼ਾਤ' (ਉਸ ਲਈ ਹਿੰਦੂ-ਮੁਸਲਮਾਨ ਉਨ੍ਹਾਂ ਦੋ ਜ਼ਾਤਾਂ ਤੋਂ ਵੱਧ ਨਹੀਂ ਜੋ ਹਮੇਸ਼ਾ ਤੋਂ ਇਕੱਠੇ ਰਹਿ ਰਹੇ ਸਨ) ਭਾਵ ਫਿਰੰਗੀ, ਉਨ੍ਹਾਂ ਦੋਹਾਂ ਵਿਚਕਾਰ ਆ ਕੇ ਪੁਆੜੇ ਦੀ ਜੜ੍ਹ ਬਣੀ। ਹੁਣ ਇਹ ਨਾਟਕੀ ਵਿਅੰਗ ਹੈ ਕੀ ? ਇਸ ਦਾ ਭਾਵ ਹੈ ਕਿ ਇਨ੍ਹਾਂ ਦੋਹਾਂ ਦੀ ਇਕਜੁੱਟਤਾ, ਹੁਣ ਬਹੁਤ ਜਲਦੀ ਜ਼ਾਲਿਮ ਦੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਅਤੀਤ ਦੀ ਚੀਜ਼ ਬਣ ਜਾਵੇਗੀ। ਉਸ ਸਮੇਂ ਖ਼ਾਲਸਾ ਦਰਬਾਰ ਦੀ ਹਾਰ ਦੇ ਕੁਝ ਮਹੀਨਿਆਂ ਬਾਅਦ ਹੀ ਇਹ ਆਭਾਸ ਹੋਣ ਲੱਗਾ ਕਿ ਕੁਝ ਮਨਹੂਸ ਹੋਣ ਵਾਲਾ ਹੈ, ਜਿਸ ਦਾ ਭਾਵ ਸੀ ਕਿ ਇਸ ਤੋਂ ਬਾਅਦ ਇਨ੍ਹਾਂ ਦੋਹਾਂ ਨੂੰ ਇਕੱਠਿਆਂ ਹੱਸਦਿਆਂ ਰਹਿਣ ਨਹੀਂ ਦੇਣਾ। ਕਿਆ ਪੈਗ਼ੰਬਰੀ ਬੋਲ ਸਨ। ਭਵਿੱਖਬਾਣੀ ਕਰਦੇ ਬੋਲ ਇਸ ਤਰ੍ਹਾਂ ਹਨ :

ਇਕ ਰੋਜ਼ ਬਡਾਲੇ ਦੇ ਵਿਚ ਬੈਠੇ / ਚਲੀ ਆਨ ਫਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ / ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ / ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ / ਕੋਈ ਨਹੀਂ ਸੀ ਦੂਸਰੀ ਜ਼ਾਤ ਆਹੀ।

ਕੀ ਇਹ ਆਫ਼ਤ ਕਿਤੋਂ ਬਾਹਰੋਂ ਆਈ ਹੈ ? ਕੀ ਇਹ ਸਿਰਫ਼ ਇਕ ਕਵੀ ਦਾ ਭਾਵੁਕ ਪ੍ਰਤਿਕਰਮ ਹੀ ਸੀ ਭਾਵ ਇਕ ਸੰਵੇਦਨਸ਼ੀਲ ਮਨ ਜੋ ਆਪਣੇ ਸਮੇਂ ਦੇ ਯਥਾਰਥ ਨਾਲ ਇਕਸੁਰ ਹੈ ਜਾਂ ਕੀ ਉਹ ਦੀਵਾਰ 'ਤੇ ਲਿਖੀ ਭਵਿੱਖ ਦੀ ਇਬਾਰਤ ਪੜ੍ਹ ਰਿਹਾ ਸੀ ? ਜਾਂ ਇਹ ਦੋਵੇਂ ਗੱਲਾਂ ਵੀ ਹੋ ਸਕਦੀਆਂ ਹਨ।

ਪਹਿਲੀ ਪੰਜਾਬ ਜੰਗ ਦੀਆਂ ਸਾਰੀਆਂ ਉਚਾਣਾਂ-ਨੀਵਾਣਾਂ ਘੋਖਦਿਆਂ ਉਹ ਲਗਭਗ ਟੁੱਟ ਜਾਂਦਾ ਹੈ, ਪਰ ਫਿਰ ਵੀ ਇਕ ਆਸ ਦੀ ਕਿਰਨ ਉਹ ਹਿੰਦੂ-ਮੁਸਲਿਮ ਦੀ ਇਲਾਹੀ ਏਕਤਾ ਵਿਚ ਦੇਖਦਾ ਹੈ। ਇਸ ਤਰ੍ਹਾਂ ਉਹ ਆਪਣੀ ਇਸ ਕਥਾ ਨੂੰ ਬੜੇ ਆਸਵੰਦ ਤਰੀਕੇ ਨਾਲ ਸੰਪੰਨ ਕਰਦਾ ਹੈ, ਬੰਦ 103 ਵਿਚ ਕਹਿੰਦਾ ਹੈ :

ਰੱਬ ਚਾਹੇਗਾ ਤਾਂ ਕਰੇਗਾ ਮਿਹਰਬਾਨੀ / ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ / ਉਹਦੇ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ / ਖ਼ੁਦੀ ਆਪਣੀ ਵਿਚ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ / ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ।

ਹਿੰਦੂ ਮੁਸਲਮਾਨ ਦੀ ਇਹ ਏਕਤਾ ਉਸ ਦੀ ਸਾਰੀ ਕਥਾ ਦੀ ਕੇਂਦਰੀ ਧੁਨੀ ਹੈ। ਮੁਸਲਮਾਨਾਂ ਦਾ ਵਿਹਾਰ ਭਾਵੇਂ ਉਹ ਫ਼ੌਜੀ ਸਨ ਜਾਂ ਆਮ ਲੋਕ ਉਹ ਮੋਟੇ ਤੌਰ 'ਤੇ ਚੰਗਾ ਸੀ। ਇਕ ਵੀ ਅਜਿਹੀ ਸੋਅ ਨਹੀਂ ਮਿਲਦੀ ਕਿ ਮੁਸਲਮਾਨਾਂ ਨੂੰ ਲੱਗਿਆ ਹੋਵੇ ਕਿ ਫਿਰੰਗੀਆਂ ਨੇ ਉਨ੍ਹਾਂ ਨੂੰ ਸਿੱਖਾਂ ਦੇ ਸ਼ਾਸਨ ਤੋਂ ਮੁਕਤ ਕਰਵਾਇਆ ਹੈ, ਜਦੋਂ ਕਿ ਬਾਅਦ ਵਿਚ ਇਹ ਵੀ ਇਕ ਵਿਚਾਰ ਬਣਾ ਦਿੱਤਾ ਗਿਆ। ਆਓ ਦੇਖੀਏ ਕਿ ਅੰਗਰੇਜ਼ਾਂ ਨੇ ਇਹ ਪੱਤਾ ਕਿਵੇਂ ਖੇਡਿਆ।

ਇਥੇ ਸਾਨੂੰ ਵਹਾਬੀ ਲਹਿਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਹ ਲਹਿਰ ਅੰਗਰੇਜ਼ਾਂ ਨੇ ਪੰਜਾਬੀ ਮੁਸਲਮਾਨਾਂ ਵਿਚ ਖਾਲਸਾ ਦਰਬਾਰ ਪ੍ਰਤਿ ਮੋਹ-ਭੰਗ ਪੈਦਾ ਕਰਨ ਲਈ ਚਲਾਈ। ਇਸ ਵਹਾਬੀ ਲਹਿਰ ਨੇ ਸਾਰੇ ਮੁਸਲਮਾਨਾਂ ਨੂੰ ਜਹਾਦ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ ਤਾਂ ਜੋ ਸਿੱਖ ਪਠਾਣਾਂ ਨੂੰ ਦਬਾਅ ਨਾ ਲੈਣ। ਅੰਗਰੇਜ਼ਾਂ ਨੇ ਨਾ ਸਿਰਫ਼ ਜ਼ਹਿਰ ਫੈਲਾਉਣ ਵਾਲੇ ਮੌਲਵੀਆਂ ਨੂੰ ਯੂ.ਪੀ. ਅਤੇ ਬਿਹਾਰ ਵਿਚ ਮੁਸਲਮਾਨਾਂ ਨੂੰ ਲਾਮਬੰਦ ਕਰਨ ਦੀ ਖੁੱਲ੍ਹ ਦਿੱਤੀ ਸਗੋਂ ਉਨ੍ਹਾਂ ਨੂੰ ਇਸ ਲਈ ਫੰਡ, ਅਸਲਾ ਅਤੇ ਵਲੰਟੀਅਰ ਵੀ ਮੁਹੱਈਆ ਕਰਵਾਏ। ਇਸ ਨੂੰ ਸਮਝਣ ਲਈ ਏਨਾ ਹੀ ਕਾਫ਼ੀ ਹੈ ਕਿ ਵਹਾਬੀਆਂ ਨੂੰ ਸਿੰਧ ਦੇ ਰਸਤਿਓਂ ਨਾਰਥ ਵੈਸਟ ਫਰੰਟੀਅਰ ਪੰਜਾਬ ਵਿਚ ਭੇਜਿਆ ਗਿਆ ਤਾਂ ਜੋ ਉਹ ਅੱਗੇ ਵਧਦੇ

ਸਿੱਖਾਂ ਨੂੰ ਰੋਕ ਸਕਣ। ਉਹ ਬਹੁਤ ਸਾਰੇ ਪਠਾਣਾਂ ਨੂੰ ਉਕਸਾ ਕੇ ਜਹਾਦ ਵਿਚ ਸ਼ਾਮਿਲ ਕਰ ਸਕਦੇ ਸਨ। ਉਨ੍ਹਾਂ ਨੂੰ ਕਾਬੁਲ ਦੇ ਅਮੀਰ (ਮਨਸਬਦਾਰ) ਦੀ ਵੀ ਪੂਰੀ ਹਮਾਇਤ ਸੀ। ਇਹ ਸਾਰਾ ਕੁਝ ਅੰਗਰੇਜ਼ਾਂ ਦੀ ਹੱਲਾਸ਼ੇਰੀ ਅਤੇ ਮਦਦ ਤੋਂ ਬਿਨਾਂ ਸੰਭਵ ਨਹੀਂ ਸੀ। ਇਸੇ ਲਈ ਹੀ ਬਾਅਦ ਵਿਚ ਸਰ ਸੱਯਦ ਅਹਿਮਦ ਖਾਨ ਨੇ ਵਹਾਬੀਆਂ ਦੀ ਪੈਰਵੀ ਕੀਤੀ ਅਤੇ ਆਮ ਮੁਸਲਮਾਨਾਂ ਦੀ ਅੰਗਰੇਜ਼ਾਂ ਪ੍ਰਤਿ ਨਾਪਸੰਦਗੀ ਨੂੰ ਮੰਨਿਆ।

ਪਰ ਇਹ ਇਕ ਸ਼ਾਨਦਾਰ ਗੱਲ ਹੈ ਕਿ ਪੰਜਾਬ ਦੇ ਇਕ ਵੀ ਮੁਸਲਮਾਨ ਅਹੁਦੇਦਾਰ ਨੇ ਵਹਾਬੀਆਂ ਦਾ ਸਾਥ ਨਹੀਂ ਦਿੱਤਾ। ਸਿਰਫ਼ ਏਨਾ ਹੀ ਨਹੀਂ, ਇਹ ਲਹਿਰ ਪੰਜਾਬ ਦੀ ਜੀਵਨ ਜਾਚ ਵਿਚ ਕੋਈ ਗੜਬੜ ਨਹੀਂ ਪੈਦਾ ਕਰ ਸਕੀ। ਇਸ ਦਾ ਅਰਥ ਕੀ ਹੈ ? ਇਸ ਦਾ ਸਿੱਧਾ ਅਰਥ ਇਹ ਹੈ ਕਿ ਮੁਸਲਮਾਨਾਂ ਨੇ ਮੋਟੇ ਤੌਰ 'ਤੇ ਆਪਣੇ ਆਪ ਨੂੰ ਸਿੱਖ ਰਾਜ ਨਾਲ ਜੋੜ ਲਿਆ ਸੀ, ਸਗੋਂ ਉਹ ਇਹ ਮਹਿਸੂਸ ਕਰਦੇ ਸਨ ਕਿ ਉਹ ਲਾਹੌਰ ਸਰਕਾਰ ਵਿਚ ਬਰਾਬਰ ਦੇ ਭਾਈਵਾਲ ਹਨ। ਕੀ ਇਹ ਤੱਥ ਉਸ ਨੀਚ ਪ੍ਰਚਾਰ ਨੂੰ ਰੱਦ ਨਹੀਂ ਕਰਦਾ ਜਿਸ ਤਹਿਤ ਕਿਹਾ ਜਾਂਦਾ ਹੈ ਕਿ ਮੁਸਲਮਾਨ ਕਦੇ ਵੀ ਗ਼ੈਰ ਧਰਮ ਵਾਲੇ ਸ਼ਾਸਕਾਂ ਨੂੰ ਆਪਣੇ ਉੱਪਰ ਰਾਜ ਨਹੀਂ ਕਰਨ ਦਿੰਦੇ। ਇਹ ਤੱਥ ਉਸ 'ਦੋ ਰਾਸ਼ਟਰ' ਸਿਧਾਂਤ ਨੂੰ ਵੀ ਰੱਦ ਕਰਦਾ ਹੈ ਜੋ ਇਹ ਮੰਨਦਾ ਹੈ ਕਿ ਮੁਸਲਮਾਨਾਂ ਨੂੰ ਵੱਖਰਾ ਰਾਜ ਚਾਹੀਦਾ ਹੈ। ਇਹ ਪਾਕਿਸਤਾਨ ਬਣਨ ਦੇ ਮੂਲ ਤਰਕ ਨੂੰ ਵੀ ਰੱਦ ਕਰਦਾ ਹੈ। ਪਰ ਅਸੀਂ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਅਯੋਗ ਪੁੱਤਰ ਸਾਬਿਤ ਹੋਏ ਹਾਂ। ਸਿਰਫ਼ ਦੋ ਗੱਲਾਂ ਨੇ ਮੁਸਲਮਾਨਾਂ ਨੂੰ ਇਸ ਤਰ੍ਹਾਂ ਸੋਚਣ ਲਈ ਪ੍ਰੇਰਿਆ ਹੋ ਸਕਦਾ ਹੈ। ਪਹਿਲੀ ਕਿ ਉਹ ਆਪਣੇ ਨਵਾਬਾਂ ਅਤੇ ਜਗੀਰਦਾਰਾਂ ਉੱਤੇ ਨਿਰਭਰ ਕਰਦੇ ਸਨ, ਜੋ ਜ਼ਾਹਰਾ ਤੌਰ 'ਤੇ ਉਨ੍ਹਾਂ ਦਾ ਸ਼ੋਸਣ ਹੀ ਕਰਦੇ ਸਨ ਅਤੇ ਦੂਜਾ, ਰਣਜੀਤ ਸਿੰਘ ਨੇ ਜਿਸ ਤਰ੍ਹਾਂ ਦਾ ਰਾਜ-ਪ੍ਰਬੰਧ ਉਨ੍ਹਾਂ ਨੂੰ ਪ੍ਰਦਾਨ ਕੀਤਾ, ਇਸ ਤਰ੍ਹਾਂ ਦੀ ਦਿਆਲਤਾ ਇਸ ਤੋਂ ਪਹਿਲੇ ਕਿਸੇ ਮੁਸਲਿਮ ਰਾਜੇ ਵੇਲੇ ਵੀ ਮੌਜੂਦ ਨਹੀਂ ਸੀ। ਸੰਭਵ ਹੈ ਦੋਵੇਂ ਗੱਲਾਂ ਉਨ੍ਹਾਂ ਦੇ ਮਨ ਅੰਦਰ ਚੱਲ ਰਹੀਆਂ ਹੋਣਗੀਆਂ। ਪਰ ਫਿਰ ਵੀ ਇਹ ਪੂਰੀ ਵਿਆਖਿਆ ਨਹੀਂ ਹੋ ਸਕਦੀ ਤਾਂ ਫਿਰ ਹੋਰ ਕੀ ਹੋ ਸਕਦਾ ਹੈ ? ਇਸ ਦਾ ਤਰਕ ਸਿੱਖੀ ਦੀ ਉਤਪਤੀ ਅਤੇ ਵਿਕਾਸ ਵਿਚ ਨਿਹਿਤ ਹੈ। ਇੰਞ ਲੱਗਦਾ ਹੈ ਕਿ ਹੋਰ ਗੱਲਾਂ ਤੋਂ ਬਿਨਾਂ ਪੰਜਾਬ ਦੇ ਆਮ ਲੋਕਾਂ, ਜਿਸ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਸੀ, ਵਿਚ ਪੰਜਾਬੀਅਤ ਨੂੰ ਮੁੜ ਜੀਵਿਤ ਕਰਨ ਵਿਚ ਸਿੱਖੀ ਦਾ ਮਹੱਤਵਸ਼ਾਲੀ ਯੋਗਦਾਨ ਹੈ।

ਇਹ ਧਾਰਨਾ ਮੇਰੀ ਨਹੀਂ ਹੈ। ਖ਼ੁਸ਼ਵੰਤ ਸਿੰਘ ਨੇ ਸਭ ਤੋਂ ਪਹਿਲਾਂ ਇਹ ਗੱਲ ਕਹੀ। ਉਹ ਇਹ ਗੱਲ ਆਖ ਸਕਦਾ ਸੀ ਕਿਉਂਕਿ ਉਸ ਨੂੰ ਪੰਜਾਬ ਦੇ ਮੁਸਲਮਾਨਾਂ ਦੇ ਮਨ ਦਾ ਵਧੇਰੇ ਪਤਾ ਸੀ। ਵੰਡ ਤੋਂ ਪਹਿਲਾਂ ਲਾਹੌਰ ਦੇ ਮੁਸਲਮਾਨਾਂ ਨਾਲ ਉਸ ਵੱਲੋਂ ਕੀਤੀਆਂ ਵਰਤਾਵਾਂ ਵਿਚ ਉਨ੍ਹਾਂ ਕਿਹਾ ਕਿ ਜੋ ਮੁਸਲਮਾਨ ਚਾਹੁੰਦੇ ਸਨ ਉਸ ਨੂੰ ਹੋਰ ਤਰ੍ਹਾਂ ਨਾਲ ਵੀ ਨਜਿੱਠਿਆ ਜਾ ਸਕਦਾ ਸੀ। ਹਿੰਦੂ ਆਪਣੇ ਆਪ ਨੂੰ ਇਕ ਰਾਸ਼ਟਰ ਵਜੋਂ ਸੰਗਠਿਤ ਕਰ ਰਹੇ ਸਨ ਅਤੇ ਸਿੱਖ ਅਕਾਲੀਆਂ ਦੀ ਅਗਵਾਈ ਵਿਚ ਲਗਭਗ ਉਨ੍ਹਾਂ ਦੀ ਲੀਹਾਂ 'ਤੇ ਸਨ। ਇਹ ਸਾਰੀ ਕਵਾਇਦ ਦਾ ਉਦੇਸ਼ ਸੀ ਕਿ ਫਿਰਕੂ ਤਰਕ ਨਾਲ ਮੁਸਲਮਾਨਾਂ ਨੂੰ ਇਕ ਛੋਟੇ ਆਕਾਰ ਵਿਚ ਨਿਖੇੜ ਦਿੱਤਾ ਜਾਵੇ। ਜਿਸ ਨੇ ਲਾਜ਼ਮੀ ਤੌਰ 'ਤੇ ਉਨ੍ਹਾਂ ਨੂੰ ਮੁਹੰਮਦ ਅਲੀ ਜਿਨਾਹ ਦੀਆਂ ਬਾਹਾਂ ਵਿਚ ਜਾਣ ਲਈ ਪ੍ਰੇਰਿਆ ਅਤੇ ਇਹ ਸਾਰਾ ਕੁਝ ਵਾਪਰਿਆ ਕਿਉਂਕਿ ਅੰਗਰੇਜ਼ ਵੀ ਇਹੀ ਚਾਹੁੰਦੇ ਸਨ। ਨਹੀਂ ਤਾਂ ਸਰ ਸਿਕੰਦਰ ਹਯਾਤ ਖਾਨ ਵੀ ਹਿੰਦੂਆਂ ਦਾ ਕੋਈ ਘੱਟ ਰਖਵਾਲਾ ਨਹੀਂ ਸੀ। ਇਹ ਉਹੀ ਸੀ ਜਿਸ ਨੇ ਬਿਨਾਂ ਇਸ ਗੱਲ ਦੀ ਪਰਵਾਹ ਕੀਤੇ ਕਿ ਇਸ ਦਾ ਪੰਜਾਬ ਦੇ ਮੁਸਲਮਾਨਾਂ 'ਤੇ ਕੀ ਅਸਰ ਪਵੇਗਾ, ਨਾ ਸਿਰਫ਼ ਪੰਜਾਬ ਵਿਚ ਖ਼ਾਕਸਾਰ ਲਹਿਰ 'ਤੇ ਪਾਬੰਦੀ ਲਾਈ ਸਗੋਂ ਉਨ੍ਹਾਂ 'ਤੇ ਗੋਲੀਬਾਰੀ ਵੀ ਕਰਵਾਈ। ਉਸ ਨੇ ਪੁਲਿਸ ਦੁਆਰਾ ਭੱਟੀ ਦਰਵਾਜ਼ੇ ਰਾਹੀਂ ਲਾਹੌਰ ਦੀ ਮਸਜਿਦ ਵਿਚ ਦਾਖ਼ਲ ਹੋਣ ਦੀ ਕਾਰਵਾਈ ਦੀ ਵੀ ਹਮਾਇਤ ਕੀਤੀ ਜਿਸ ਵਿਚ ਖ਼ਾਕਸਾਰ ਯੋਜਨਾਬੱਧ ਤਰੀਕੇ ਨਾਲ ਫਿਰਕੂ ਝਗੜਿਆਂ ਰਾਹੀਂ ਬਦਅਮਨੀ ਫੈਲਾ ਕੇ ਮਸਜਿਦ ਵਿਚ ਛੁਪ ਗਏ ਸਨ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਹਨ ਜਦੋਂ ਉਸ ਨੇ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਇਕ ਪੰਜਾਬੀ ਵਾਂਗ ਕਾਰਵਾਈ ਕੀਤੀ। ਸਿਰਫ਼ ਇਕ ਹੋਰ ਮਿਸਾਲ ਹੀ ਕਾਫ਼ੀ ਹੋਵੇਗੀ। ਦੂਜੇ ਵਿਸ਼ਵ ਜੰਗ ਦੇ ਪਿਛਲੇ ਸਾਲਾਂ ਦਾ ਸਮਾਂ ਸੀ, ਕੁਝ ਵਿਗੜੇ ਫ਼ੌਜੀਆਂ ਨੇ ਫਤਿਹ ਚੰਦ ਕਾਲਜ ਦੀ ਇਕ ਕੁੜੀ ਨੂੰ ਜਬਰਦਸਤੀ ਚੁੱਕ ਲਿਆ। ਇਹ ਫ਼ੌਜੀ ਉਸੇ ਸਮੇਂ ਹੀ ਯੂਨੀਵਰਸਿਟੀ ਮੈਦਾਨ ਵਿਚ ਹਾਕੀ ਖੇਡਦੇ ਹਿੰਦੂ-ਮੁਸਲਮਾਨ ਮੁੰਡਿਆਂ ਹੱਥੋਂ ਨਿਕਲਸਨ ਰੋਡ 'ਤੇ ਮਾਰੇ ਗਏ। ਇਸ ਨਾਲ ਮਾਹੌਲ ਬਹੁਤ ਦਹਿਸ਼ਤ ਅਤੇ ਖ਼ੌਫ਼ਜ਼ਦਾ ਹੋ ਗਿਆ। ਕੋਈ ਨਹੀਂ ਸੀ ਜਾਣਦਾ ਕਿ ਫ਼ੌਜੀ ਅਫ਼ਸਰ ਇਸ 'ਤੇ ਕੀ ਕਰ ਦੇਣਗੇ। ਭਾਰਤੀ ਸੁਰੱਖਿਆ ਕਾਨੂੰਨ ਵੀ ਅਜੇ ਤਕ ਲਾਗੂ ਸੀ। ਪਰ ਸਿਕੰਦਰ ਖ਼ਾਨ ਇਸ ਮੌਕੇ ਸਾਬਤਕਦਮੀ ਖੜਿਆ ਅਤੇ ਉਸ ਨੇ ਮੁੰਡਿਆਂ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਪੰਜਾਬ ਅਸੰਬਲੀ ਵਿਚ ਬਿਆਨ ਦਿੱਤਾ ਕਿ ਇਸ ਤਰ੍ਹਾਂ ਦੀ ਉਕਸਾਊ ਸਥਿਤੀ ਵਿਚ ਜੇ ਉਹ ਆਪ ਹੁੰਦਾ ਤਾਂ ਉਸ ਨੇ ਵੀ ਇਹੀ ਕਰਨਾ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਉਹ ਪੰਜਾਬ ਦੇ ਆਮ ਹਿੰਦੂ ਦੇ ਉਲਟ ਬਿਲਕੁਲ ਨਹੀਂ ਸੀ। ਜੇ ਖ਼ਿਲਾਫ਼ ਸੀ ਤਾਂ ਉਹ ਪੈਸਾ-

ਪੂਜਕ ਹਿੰਦੂ ਵਪਾਰੀਆਂ ਦੇ ਸੀ, ਜੋ ਗ਼ਰੀਬ ਮੁਸਲਮਾਨਾਂ ਨੂੰ ਕਈ ਤਰੀਕਿਆਂ ਨਾਲ ਲੁੱਟਦੇ ਸਨ। ਪਰ ਅਫ਼ਸੋਸ, ਆਰੀਆ ਸਮਾਜੀ ਹਿੰਦੂਆਂ ਨੇ, ਜੋ ਉਸ ਵੇਲੇ ਦੇ ਮੀਡੀਆ 'ਤੇ ਕਾਬਜ਼ ਸਨ ਅਤੇ ਰਣਜੀਤ ਸਿੰਘ ਦੀ ਧਰਮ ਨਿਰਪੱਖਤਾ ਤੋਂ ਪਿੱਛੇ ਹਟ ਗਏ, ਅਕਾਲੀਆਂ ਦੀ ਮਦਦ ਨਾਲ ਪੰਜਾਬ ਕਾਂਗਰਸ ਨੇ ਨਾ ਸਿਰਫ਼ ਯੂਨੀਅਨਿਸਟ ਪਾਰਟੀ ਨੂੰ ਅੱਧ ਵਿਚਾਲੇ ਛੱਡਿਆ ਸਗੋਂ ਪੂਰੇ ਦੇਸ਼ ਅਤੇ ਖ਼ਾਸ ਤੌਰ 'ਤੇ ਪੰਜਾਬ ਨੂੰ ਬਰਬਾਦ ਕਰ ਦਿੱਤਾ।

ਪਰ ਫਿਰ ਵੀ ਸ਼ਾਹ ਮੁਹੰਮਦ ਦੀ ਹਿੰਦੂ-ਮੁਸਲਿਮ ਏਕਤਾ ਦੀ ਗੱਲ ਇਸ ਤੱਥ ਤੋਂ ਬਿਨਾਂ ਪੂਰੀ ਨਹੀਂ ਹੁੰਦੀ ਕਿ ਪੰਜਾਬੀ ਮੁਸਲਮਾਨ ਵੀ ਆਪਣੇ 'ਕਾਨੂੰਨ ਦਾਤਿਆਂ' ਨੂੰ ਕਦੇ ਮਾਫ਼ ਨਹੀਂ ਕਰ ਸਕੇ। ਇਸ ਤੋਂ ਉਲਟ ਸਿੱਖ ਮੁਸਲਮਾਨ ਸੰਤਾਂ ਅਤੇ ਫ਼ਕੀਰਾਂ ਨੂੰ ਅੰਤਾਂ ਦਾ ਸਤਿਕਾਰ ਦਿੰਦੇ ਰਹੇ ਹਨ। ਮਸਲਨ, ਇਕ ਸੂਫ਼ੀ ਸੰਤ ਮੀਆਂ ਮੀਰ ਦੇ ਹੱਥੋਂ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤੋਂ ਇਲਾਵਾ ਉਹ ਵੀ ਮੁਸਲਮਾਨ ਹੀ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਮੁਗ਼ਲ ਫ਼ੌਜਾਂ ਕੋਲ ਗ੍ਰਿਫ਼ਤਾਰ ਹੋਣ ਤੋਂ ਬਚਾਇਆ।

ਸਿਰਫ਼ ਇਹੀ ਨਹੀਂ, ਸਿੱਖਾਂ ਦਾ ਕਿਰਦਾਰ ਵਿਅਕਤੀਗਤ ਅਤੇ ਸਾਮੂਹਿਕ ਤੌਰ 'ਤੇ ਉੱਚਪਾਏ ਦਾ ਰਿਹਾ ਹੈ। ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਪਾਈਆਂ ਸ਼ਹਾਦਤਾਂ ਦਾ ਅਸਰ ਲਾਜ਼ਮੀ ਤੌਰ 'ਤੇ ਪੰਜਾਬੀ ਮੁਸਲਮਾਨਾਂ ਦੇ ਮਨ 'ਤੇ ਪਿਆ ਹੋਵੇਗਾ। ਉਨ੍ਹਾਂ ਅੰਦਰ ਇਸ ਗੱਲ ਦਾ ਅਪਰਾਧਬੋਧ ਜ਼ਰੂਰ ਹੋਵੇਗਾ ਕਿ ਸਟੇਟ ਕਿਸੇ 'ਤੇ ਮੁਕੱਦਮਾ ਚਲਾਉਂਦੀ ਹੈ ਤੇ ਉਸ ਦਾ ਦੋਸ਼ ਸਿਰਫ਼ ਏਨਾ ਹੈ ਕਿ ਉਹ ਉਸ ਤਰ੍ਹਾਂ ਨਾਲ ਪੂਜਾ-ਪਾਠ ਨਹੀਂ ਕਰਦਾ ਜਿਵੇਂ ਕਿ ਉਹ ਆਪ ਕਰਦੇ ਹਨ।

ਦੋ ਘੱਲੂਘਾਰਿਆਂ ਦੀ ਪੀੜ ਮੁਸਲਮਾਨਾਂ ਨੂੰ ਵੀ ਘੱਟ ਨਹੀਂ ਹੋਈ ਹੋਵੇਗੀ। ਇਸ ਤਰ੍ਹਾਂ ਹੀ ਅਹਿਮਦ ਸ਼ਾਹ ਦੁਰਾਨੀ ਵੱਲੋਂ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕੀਤੀ ਗਈ ਬੇਅਦਬੀ ਵੀ ਸ਼ਾਮਿਲ ਸੀ। ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਮੁਗ਼ਲ ਸ਼ਾਸਕਾਂ ਦੇ ਕਰੂਰ ਜ਼ੁਲਮ ਸਾਹਵੇਂ ਸਿੱਖਾਂ ਦਾ ਸਬਰ ਅਤੇ ਸਿਰੜ ਨਾਲ ਉਸ ਨੂੰ ਝੱਲਣ ਦੀ ਮਿਸਾਲ ਨੇ, ਸੰਵੇਦਨਸ਼ੀਲ ਪੰਜਾਬੀ ਮੁਸਲਮਾਨਾਂ ਨੂੰ ਲਾਜ਼ਮੀ ਹਿਲਾਇਆ ਤਾਂ ਹੋਵੇਗਾ ਹੀ। ਮਿਸਾਲ ਵਜੋਂ ਜਿਵੇਂ ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਬਰਤਾਨਵੀ ਸਾਮਰਾਜ ਦੇ ਤਾਬੂਤ ਵਿਚ ਆਖ਼ਰੀ ਕਿੱਲ ਸਾਬਿਤ ਹੋਇਆ, ਇਸੇ ਤਰ੍ਹਾਂ ਮਾਸੂਮ ਸਿੱਖਾਂ ਦੇ ਕਤਲੇਆਮ 'ਤੇ ਵੀ ਇਥੋਂ ਦੇ ਮੁਸਲਮਾਨ ਇਹ ਚਾਹੁਣ ਲੱਗ ਪਏ ਹੋਣੇ ਨੇ ਕਿ ਇਹ ਜ਼ਾਲਮ ਸਰਕਾਰ ਹੁਣ ਖ਼ਤਮ ਹੋ ਜਾਵੇ ਅਤੇ ਹਾਲੇ ਤਕ ਸਿੱਖਾਂ ਨੇ ਮੁਸਲਮਾਨਾਂ ਨੂੰ ਧਾਰਮਿਕ ਪੱਖ ਤੋਂ ਆਹਤ ਨਹੀਂ ਕੀਤਾ। ਬੰਦਾ ਬਹਾਦਰ ਨੇ ਸਰਹਿੰਦ ਨੂੰ ਢਹਿ ਢੇਰੀ ਕਰ ਦਿੱਤਾ। ਪਰ ਪੰਜਾਬੀ ਮੁਸਲਮਾਨਾਂ ਦੀ ਆਤਮਾ ਨੇ ਇਸ ਨੂੰ ਉਸ ਸ਼ਹਿਰ ਉੱਪਰ ਰੱਬ ਦਾ ਸਰਾਪ ਸਮਝ ਕੇ ਜਾਇਜ਼ ਠਹਿਰਾਇਆ ਹੋਣਾ ਹੈ, ਜਿਸ ਵਿਚ ਮਨੁੱਖਤਾ ਦਾ ਅਤਿ ਘਿਣਾਉਣਾ ਜ਼ੁਲਮ ਵਾਪਰਿਆ ਸੀ। ਆਖ਼ਰਕਾਰ ਪੰਜਾਬੀ ਮੁਸਲਮਾਨ ਵੀ ਜ਼ਮੀਰਾਂ ਵਾਲੇ ਸਨ। ਇਸ ਤੋਂ ਮੇਰਾ ਭਾਵ ਹੈ ਕਿ ਮੁਸਲਮਾਨਾਂ ਅੰਦਰ ਸਾਂਝੇ ਤੌਰ 'ਤੇ ਇਸ ਪ੍ਰਤਿ ਜ਼ਰੂਰ ਇਕ ਅਪਰਾਧਬੋਧ ਹੋਵੇਗਾ। ਸਿਰਫ਼ ਏਨਾ ਹੀ ਨਹੀਂ, ਉਨ੍ਹਾਂ ਵਿਚੋਂ ਕੁਝ ਇਹ ਵੀ ਚਾਹੁੰਦੇ ਹੋਣਗੇ ਕਿ ਸਿੱਖ ਹੀ ਅੰਤਮ ਵਿਜੇਤਾ ਹੋਣ। ਇਸੇ ਕਰਕੇ ਇਹ ਮੁਸਲਮਾਨ ਅਹੁਦੇਦਾਰ ਹੀ ਸਨ, ਜਿਨ੍ਹਾਂ ਨੇ ਆਪ ਲਾਹੌਰ ਦੀਆਂ ਚਾਬੀਆਂ ਰਣਜੀਤ ਸਿੰਘ ਨੂੰ ਸੌਂਪੀਆਂ ਸਨ। ਉਸ ਦੇ ਸ਼ਾਸਨ ਦੀ ਦਿਆਲਤਾ ਨੇ ਰਹਿੰਦੀ ਪ੍ਰਕਿਰਿਆ ਨੂੰ ਪੂਰਾ ਕਰ ਦਿੱਤਾ ਹੋਣਾ ਹੈ।

ਇਕ ਹੋਰ ਕਾਰਨ ਇਹ ਸੀ ਕਿ ਮੁਸਲਮਾਨ ਕਿਸਾਨੀ ਨੂੰ ਵੀ ਬੰਦਾ ਬਹਾਦਰ ਦੇ ਖੇਤੀ ਸੁਧਾਰਾਂ ਦਾ ਕੋਈ ਘੱਟ ਲਾਭ ਨਹੀਂ ਹੋਇਆ। ਅਸਲੀਅਤ ਵਿਚ ਉਸ ਨੇ ਸਭ ਤੋਂ ਪਹਿਲਾਂ ਜ਼ਮੀਨ ਹਲਵਾਹਕ ਨੂੰ ਦਿਵਾਈ। ਇਸ ਸਟੇਜ 'ਤੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਉਹ ਗੁਣਾਤਮਕ ਤੌਰ 'ਤੇ ਇਕ ਵੱਖਰੇ ਸਮਾਜ ਲਈ ਖੜ੍ਹੇ ਸਨ ਜਿਥੇ ਕਿਸੇ 'ਤੇ ਵੀ ਧਰਮ ਦੇ ਆਧਾਰ 'ਤੇ ਜ਼ੁਲਮ ਨਹੀਂ ਹੋਵੇਗਾ ਅਤੇ ਹਰ ਕਿਸੇ ਨੂੰ ਉਸ ਦੀ ਮਿਹਨਤ ਦਾ ਫ਼ਲ ਮਿਲੇਗਾ। ਇੰਝ ਲੱਗਦਾ ਹੈ ਕਿ ਇਸ ਇਨਕਲਾਬੀ ਤਬਦੀਲੀ ਨੇ ਪੰਜਾਬੀ ਸਮਾਜ ਨੂੰ ਝੰਜੋੜਿਆ ਅਤੇ ਇਨ੍ਹਾਂ ਨੂੰ ਇਕ ਪੰਜਾਬੀ ਵਿਸ਼ਵ ਦ੍ਰਿਸ਼ਟੀ ਨਾਲ ਜੋੜਿਆ ਜਿਸ ਨੇ ਸਾਰੇ ਧਰਮਾਂ ਅਤੇ ਫਿਰਕਿਆਂ ਨੂੰ ਆਪਣੇ ਵਿਚ ਸਮੋਅ ਲਿਆ। ਇਸ ਤੱਥ ਤੋਂ ਕੋਈ ਇਨਕਾਰੀ ਨਹੀਂ ਕਿ ਸਿੱਖ ਧਰਮ, ਹਿੰਦੂ ਧਰਮ ਦੇ ਅਟੁੱਟ ਹਿੱਸੇ ਵਜੋਂ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਧਰਮ ਸੀ ਭਾਵੇਂ ਬਹੁਤੇ ਮਾਮਲਿਆਂ ਸਿੱਖ ਪੁਜਾਰੀ ਜਾਂ ਗ੍ਰੰਥੀਆਂ ਦੀ ਕੋਈ ਸੁਣਵਾਈ ਨਹੀਂ ਸੀ। ਮਸਲਨ, ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਗਊ ਹੱਤਿਆ 'ਤੇ ਰੋਕ ਲਾਈ। ਪਰ ਕਿਸੇ ਵੀ ਤਰ੍ਹਾਂ ਨਾਲ ਮੁਸਲਮਾਨ ਬਾਸ਼ਿੰਦਿਆਂ ਨੇ ਇਸ ਨੂੰ ਮੁਸਲਮਾਨਾਂ-ਵਿਰੋਧੀ ਕਾਰਵਾਈ ਵਜੋਂ ਨਹੀਂ ਦੇਖਿਆ। ਇਥੋਂ ਤਕ ਕਿ ਕਾਬੁਲ ਦੇ ਮਨਸਬ ਨੇ ਰਣਜੀਤ ਸਿੰਘ ਨੂੰ ਦੱਸਿਆ ਕਿ ਉਸ ਨੇ ਵੀ ਅਫ਼ਗਾਨਿਸਤਾਨ ਵਿਚ ਗਊ ਹੱਤਿਆ 'ਤੇ ਰੋਕ ਲਾ ਦਿੱਤੀ ਹੈ। ਸ਼ਾਇਦ ਜ਼ਿਆਦਾਤਰ ਮੁਸਲਮਾਨ ਗਊ ਹੱਤਿਆ ਨੂੰ ਆਪਣਾ ਬੁਨਿਆਦੀ ਧਾਰਮਿਕ ਅਧਿਕਾਰ ਨਹੀਂ ਸਮਝਦੇ ਸਨ ਜਾਂ ਸ਼ਾਇਦ ਉਨ੍ਹਾਂ ਵਿਚੋਂ ਜ਼ਿਆਦਾਤਰ ਨਾਲ-ਨਾਲ ਰਹਿੰਦੇ ਹਿੰਦੂਆਂ ਪ੍ਰਤਿ ਸਤਿਕਾਰ ਅਤੇ ਉਨ੍ਹਾਂ ਦੇ ਧਾਰਮਿਕ ਭਾਵਾਂ ਪ੍ਰਤਿ ਸੰਵੇਦਨਸ਼ੀਲਤਾ ਰੱਖਦੇ ਹੋਏ ਹੀ ਗਊ ਨੂੰ

ਸਨਮਾਨ ਦਿੰਦੇ ਹੋਣਗੇ।

ਸ਼ਾਹ ਮੁਹੰਮਦ ਦੁਆਰਾ ਬਿਆਨ ਕੀਤੀ ਹਿੰਦੂ-ਮੁਸਲਮਾਨ ਏਕਤਾ ਦਾ ਇਕ ਜ਼ਾਹਰਾ ਪੱਖ ਇਹ ਵੀ ਹੈ ਕਿ ਉਹ ਇਸ ਤੋਂ ਸੁਚੇਤ ਨਹੀਂ ਕਿ ਹਿੰਦੂ ਅਤੇ ਸਿੱਖ ਦੋਵੇਂ ਅੱਡ-ਅੱਡ ਹਨ। ਇੰਝ ਲੱਗਦਾ ਹੈ ਕਿ ਸਿੱਖ ਸ਼ਾਸਨ ਦੇ ਅੰਤ ਤਕ, ਸਿੱਖ ਪਛਾਣ ਹਿੰਦੂ ਪਛਾਣ ਦਾ ਹੀ ਹਿੱਸਾ ਸਮਝੀ ਜਾਂਦੀ ਸੀ। ਸ਼ਾਇਦ ਉਦੋਂ ਤਕ ਉਹ ਰਾਜਨੀਤਕ, ਸਭਿਆਚਾਰਕ ਅਤੇ ਧਾਰਮਿਕ ਤੌਰ 'ਤੇ ਇਕ ਹੀ ਸਨ। ਸ਼ਾਇਦ ਸਿੱਖਾਂ ਦੇ ਉਥਾਨ ਨੂੰ, ਅਸਲ ਵਿਚ ਹਿੰਦੂਵਾਦ ਦੇ ਪੁਨਰ-ਉਥਾਨ ਦੇ ਸੰਗਠਿਤ ਪੱਖ ਵਜੋਂ ਦੇਖਿਆ ਜਾ ਸਕਦਾ ਹੈ। ਇਥੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਹੇਠਲੇ ਪੰਜਾਬ ਦੀ ਆਬਾਦੀ ਦੀ ਸੰਪਰਦਾਇਕ ਬਣਤਰ ਵੱਲ ਧਿਆਨ ਦੇਣਾ ਲਾਹੇਵੰਦ ਹੋ ਸਕਦਾ ਹੈ।

ਨਾਰਥ ਵੈਸਟ ਫਰੰਟੀਅਰ ਆਫ਼ ਪੰਜਾਬ ਜੋ ਕਿਸੇ ਪੱਧਰ 'ਤੇ ਵੱਡੇ ਅਫਗਾਨਿਸਤਾਨ ਦਾ ਹਿੱਸਾ ਵੀ ਮੰਨਿਆ ਜਾਂਦਾ ਸੀ, ਇਥੇ ਇਸਲਾਮ ਦੇ ਸਦੀਆਂ ਦੇ ਸ਼ਾਸਨ ਕਾਰਨ ਆਬਾਦੀ ਦਾ ਬਹੁਤ ਵੱਡਾ ਹਿੱਸਾ, ਸ਼ਾਇਦ ਨਮਕ ਖੇਤਰ ਦੇ ਹਿੰਦੂ ਸ਼ਹਿਰੀ ਖੁਖਰੈਨਾਂ ਨੂੰ ਛੱਡ ਕੇ ਜਿਹਲਮ ਤੱਕ ਦੇ ਲੋਕ ਇਸਲਾਮ ਵਿਚ ਚਲੇ ਗਏ। ਪਰ ਜਿਹਲਮ ਤੋਂ ਪਰ੍ਹਾਂ ਜਾਂ ਕਹੀਏ ਕਿ ਦਰਿਆ ਦੇ ਪੂਰਬ ਵਾਲੇ ਪਾਸੇ ਹਿੰਦੂਆਂ ਦੇ ਪ੍ਰਭਾਵ ਵਾਲੇ ਕਈ ਇਲਾਕੇ ਸਨ। ਪਰ ਰਚਨਾ ਦੁਆਬ ਭਾਵ ਰਾਵੀ ਅਤੇ ਚਿਨਾਬ ਦਰਿਆਵਾਂ ਦੇ ਵਿਚਕਾਰ, ਹਿੰਦੂ-ਸਿੱਖ ਆਬਾਦੀ ਘੱਟ ਨਹੀਂ ਆਖੀ ਜਾ ਸਕਦੀ ਸੀ ਅਤੇ ਰਾਵੀ ਤੋਂ ਅੱਗੇ ਹਿੰਦੂ ਅਤੇ ਸਿੱਖ ਵਧਣੇ ਸ਼ੁਰੂ ਹੋ ਜਾਂਦੇ ਸਨ। ਆਬਾਦੀ ਦੀ ਇਹ ਸੰਰਚਨਾ, ਦੇਸ਼ ਵੰਡ ਤਕ ਲਗਭਗ ਇਵੇਂ ਹੀ ਰਹੀ ਅਤੇ ਜੇਕਰ ਬਰਤਾਨਵੀ ਸ਼ਾਸਨ ਦੇ ਮੁਕਾਬਲਤਨ ਸ਼ਾਂਤ ਸਮਿਆਂ ਵਿਚ, ਹਿੰਦੂ ਅਤੇ ਸਿੱਖ, ਅੰਗਰੇਜ਼ਾਂ ਦੇ ਏਜੰਟ ਬਣਨ ਦੀ ਇੱਛਾ ਨਾਲ, ਪੱਛਮੀ ਪੰਜਾਬ ਦੇ ਸ਼ਹਿਰਾਂ-ਕਸਬਿਆਂ ਵਿਚ ਜਾ ਕੇ ਰਹਿਣ ਲੱਗੇ ਤਾਂ ਇਸ ਦਾ ਉਦੇਸ਼ ਇਹੀ ਸੀ ਕਿ ਦੇਸ਼ ਨੂੰ ਵਪਾਰਕ ਲੁੱਟ ਲਈ ਖੋਲ੍ਹਿਆ ਜਾਵੇ।

ਇਸ ਵਿਚ ਇਕ ਮਹੱਤਵਪੂਰਨ ਤਬਦੀਲੀ ਲਾਜ਼ਮੀ ਤੌਰ 'ਤੇ ਵਾਪਰੀ। ਉਹ ਇਹ ਸੀ ਕਿ ਪੰਜਾਬ ਦੇ ਮੁਸਲਮਾਨਾਂ ਨੇ ਆਪਣੇ ਆਪ ਨੂੰ ਇਕ ਵੱਖਰੀ ਕੌਮ ਵਜੋਂ ਤਾਂ ਨਹੀਂ, ਸਗੋਂ ਇਕ ਵੱਖਰੀ ਜ਼ਾਤ ਦੇ ਤੌਰ 'ਤੇ ਦੇਖਣਾ ਸ਼ੁਰੂ ਕਰ ਦਿੱਤਾ ਸੀ। ਇਹ ਕਿ ਮੁਸਲਮਾਨ ਇਕ ਵੱਖਰਾ ਰਾਸ਼ਟਰ ਹਨ, ਇਹ ਗੱਲਾਂ ਉਨ੍ਹਾਂ ਦੇ ਮਨਾਂ ਵਿਚ ਬਿਲਕੁਲ ਹੀ ਨਹੀਂ ਸੀ। ਇਹ ਉਹ ਪੁਜ਼ੀਸ਼ਨ ਹੈ ਜੋ ਸ਼ਾਹ ਮੁਹੰਮਦ ਆਪਣੇ ਪ੍ਰਸਿੱਧ ਬੈਂਤ (ਜਿਸ ਦਾ ਪਿੱਛੇ ਜ਼ਿਕਰ ਕੀਤਾ ਗਿਆ ਹੈ) ਵਿਚ ਜ਼ਾਹਰ ਕਰਦਾ ਹੈ। ਸਮੇਂ ਦੇ ਉਸ ਬਿੰਦੂ 'ਤੇ ਜ਼ਾਤ ਦਾ ਸੰਕਲਪ ਸ਼ਾਹ ਮੁਹੰਮਦ ਦੇ ਮਨ ਅੰਦਰ ਇਸ ਹੱਦ ਤਕ ਸਮਾਇਆ ਹੋਇਆ ਹੈ ਕਿ ਉਹ ਫਿਰੰਗੀਆਂ ਨੂੰ ਇਕ ਵੱਖਰੀ ਜ਼ਾਤ ਵਜੋਂ ਦੇਖਦਾ ਹੈ ਜੋ ਹਿੰਦੂ-ਮੁਸਲਮਾਨ ਏਕਤਾ ਵਿਚ ਦਾਖ਼ਲ ਹੋ ਰਹੀ ਸੀ। ਇਸ ਦਾ ਮਤਲਬ ਕੀ ਹੈ ?

ਜੇ ਮੈਂ ਆਪਣੇ ਬਚਪਨ, ਜੋ ਕਿ ਰਚਨਾ ਦੁਆਬ ਦੇ ਏਮਨਾਬਾਦ ਵਿਚ ਬੀਤਿਆ, ਦੇ ਨਿੱਜੀ ਤਜ਼ਰਬਿਆਂ ਵਿਚ ਜਾਵਾਂ ਤਾਂ ਇਕ ਉਦਾਹਰਣ ਦੇ ਸਕਦਾਂ। ਕੁਝ ਖਾਂਦੇ-ਪੀਂਦੇ ਤਕੜੇ ਮੁਸਲਮਾਨ ਪਰਿਵਾਰਾਂ ਦੇ ਸਾਡੇ ਪਰਿਵਾਰਾਂ ਨਾਲ ਸੰਬੰਧ ਰਹੇ ਸਨ। ਉਹ ਵੱਖ-ਵੱਖ ਮੌਕਿਆਂ 'ਤੇ ਸਾਡੇ ਘਰ ਕੱਚੀ ਰਸਦ ਭੇਜ ਦਿੰਦੇ ਸਨ, ਜਿਸ ਨੂੰ ਅਸੀਂ ਆਪਣੇ ਘਰ ਪਕਾ ਕੇ ਖਾ ਸਕੀਏ। ਇਹ ਗੱਲ ਉਨ੍ਹਾਂ ਨੂੰ ਇਕ ਤਸੱਲੀ ਦਿੰਦੀ ਸੀ ਕਿ ਅਸੀਂ ਇਸ ਤਰੀਕੇ ਨਾਲ ਉਨ੍ਹਾਂ ਦੇ ਵਿਆਹ ਜਾਂ ਮੁੰਡੇ ਦੇ ਜਨਮ ਦੀਆਂ ਖ਼ੁਸ਼ੀਆਂ ਵਿਚ ਸ਼ਾਮਿਲ ਹੋ ਜਾਂਦੇ ਸਾਂ। ਇਸੇ ਤਰ੍ਹਾਂ ਇਕ ਪੀੜ੍ਹੀ ਹੀ ਪਹਿਲਾਂ ਦੀ ਇਕ ਘਟਨਾ ਵਿਚ ਸ਼ਹਿਰ ਦਾ ਜ਼ੈਲਦਾਰ ਜੋ ਕਿ ਇਕ ਅਮੀਰ ਅਤੇ ਪਹੁੰਚ ਵਾਲਾ ਮੁਸਲਮਾਨ ਸੀ, ਉਹ ਉਦੋਂ ਕਾਲੀਨ ਤੋਂ ਪਰ੍ਹਾਂ ਹੋ ਗਿਆ ਜਦੋਂ ਦੀਵਾਨ ਗੋਬਿੰਦ ਸਹਾਇ ਪਾਣੀ ਦਾ ਗਿਲਾਸ ਲੈਣ ਲਈ ਉੱਠਿਆ ਸੀ ਅਤੇ ਭਾਵੇਂ ਮੇਰੇ ਪਿਤਾ ਕੋਈ ਬਹੁਤ ਵੱਡੇ ਆਦਮੀ ਨਹੀਂ ਸਨ, ਮੈਂ ਕਈ ਵਾਰ ਪੁਰਾਣੇ ਲਾਗੀਆਂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਉਹ ਪਿਤਾ ਜੀ ਨਾਲ ਮੰਜੇ 'ਤੇ ਇਸ ਲਈ ਬਰਾਬਰ ਨਹੀਂ ਬੈਠ ਸਕਦੇ ਕਿਉਂਕਿ ਉਹ ਉਨ੍ਹਾਂ ਦਾ ਧਰਮ ਨਹੀਂ ਸੀ।

ਮੇਰੇ ਕਹਿਣ ਦਾ ਭਾਵ ਹੈ ਕਿ ਉਸ ਸਮੇਂ ਜ਼ਾਤ ਪ੍ਰਬੰਧ ਇਸ ਪੱਧਰ ਤਕ ਮਨਾਂ ਵਿਚ ਵੱਸਿਆ ਹੋਇਆ ਸੀ ਕਿ ਉਨ੍ਹਾਂ ਲਈ ਜ਼ਾਤ-ਧਰਮ ਗੀਤਾ ਦੇ ਸਵੈ-ਧਰਮ ਵਾਂਗ ਸੀ। ਅਸਲ ਵਿਚ ਜਿਹੜੇ ਲੋਕ ਕੁਝ ਸਮਾਂ ਪਹਿਲਾਂ ਹੀ ਮੁਸਲਮਾਨ ਬਣੇ ਸਨ (ਜੋ ਕਿ ਮੁਸਲਮਾਨ ਆਬਾਦੀ ਦਾ ਵੱਡਾ ਹਿੱਸਾ ਸਨ) ਉਹ ਤਾਂ ਅਜੇ ਹਿੰਦੂਆਂ ਵਿਚ ਇਕ ਵੱਖਰੀ ਜ਼ਾਤ ਤੋਂ ਬਿਨਾਂ, ਹੋਰ ਵਧੇਰੇ ਅੱਡਰੇ ਨਹੀਂ ਸਮਝਦੇ ਜਾਂਦੇ ਸਨ, ਜੋ ਅਜੇ ਵੀ ਉਸ ਜ਼ਾਤ ਦੇ ਚਿੰਨ੍ਹ-ਪ੍ਰਬੰਧ ਨੂੰ ਬਰਕਰਾਰ ਰੱਖ ਰਹੇ ਸਨ ਜਿਸ ਤੋਂ ਕਿਸੇ ਜ਼ਮੀਨ ਵਿਚ ਉਹ ਪਰਿਵਰਤਿਤ ਹੋ ਕੇ ਮੁਸਲਮਾਨ ਬਣੇ ਸਨ।

ਗ਼ੈਰ-ਹਿੰਦੂ ਲੋਕਾਂ ਵਿਚ ਅਜੇ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ ਕਿ ਸਿੱਖ ਧਰਮ ਹਿੰਦੂ ਧਰਮ ਦੀ ਹੀ ਇਕ ਸੰਪ੍ਰਦਾਇ ਸੀ ਜਾਂ ਸੁਧਰਿਆ ਰੂਪ ਸੀ ਜਾਂ ਇਕ ਅੱਡਰਾ ਧਰਮ ਸੀ। ਹਰ ਸੰਪ੍ਰਦਾਇਕ ਸਥਿਤੀ ਵਿਚ, ਸਿੱਖਾਂ ਨੇ ਆਪਣੇ ਆਪ ਨੂੰ ਇਕ

ਬਿਹਤਰ ਹਿੰਦੂਆਂ ਵਜੋਂ ਸਥਾਪਿਤ ਕੀਤਾ ਸੀ। ਮੇਰੇ ਬਚਪਨ ਤਕ ਵੀ ਇਹ ਗੱਲ ਏਨੀ ਸਹੀ ਲੱਗਦੀ ਸੀ ਕਿ ਸਾਡੀ ਇਕ ਮੋਨਾ ਸਿੱਖ ਪਰਿਵਾਰ ਵਜੋਂ, ਸਾਡੇ ਸਾਰੇ ਰਿਸ਼ਤੇਦਾਰਾਂ ਵਿਚ ਇਕ ਪ੍ਰਚਲਿਤ ਮਾਨਤਾ ਇਹ ਸੀ ਕਿ ਮੋਨੇ ਵੀ ਸਿੱਖ ਹਨ, ਸਹਿਜਧਾਰੀ ਸਿੱਖ। ਮੋਟੇ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਸਿੱਖ ਅਤੇ ਮੋਨੇ ਹਿੰਦੂ ਹੀ ਹਨ। ਸਾਡਾ ਆਮ ਵਿਸ਼ਵਾਸ ਇਹ ਸੀ ਕਿ ਹਰ ਸਹਿਜਧਾਰੀ ਪਰਿਵਾਰ ਨੂੰ ਆਪਣੇ ਪਹਿਲੇ ਪੁੱਤਰ ਨੂੰ ਧਰਮ ਦੇ ਰੱਖਿਅਕ ਵਜੋਂ ਅੰਮ੍ਰਿਤ ਛਕਾ ਕੇ ਖਾਲਸਾ ਬਣਾਉਣਾ ਚਾਹੀਦਾ ਹੈ। ਇਥੋਂ ਤਕ ਕਿ ਸੱਠਵਿਆਂ ਵਿਚ ਮੇਰਾ ਇਕ ਸਿੱਖ ਚਾਚਾ ਰਾਮੇਸ਼ਵਰਮ ਦੀ ਯਾਤਰਾ ਕਰਕੇ ਆਇਆ ਅਤੇ ਮੇਰੇ ਲਈ ਖ਼ਾਸ ਤੌਰ 'ਤੇ ਪ੍ਰਸ਼ਾਦ ਲੈ ਕੇ ਆਇਆ। ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਅਜੇ ਵੀ ਇਸ ਵਿਚ ਵਿਸ਼ਵਾਸ ਕਰਦੇ ਹਨ। ਉਨ੍ਹਾਂ ਜਵਾਬ ਵਿਚ ਕਿਹਾ ਕਿ ਜਵਾਨੀ ਵਿਚ ਉਸ ਨੇ ਬਾਕੀ ਸਾਰੇ ਧਾਮਾਂ ਦੀ ਯਾਤਰਾ ਕੀਤੀ ਸੀ, ਸਿਰਫ਼ ਇਹੀ ਰਹਿੰਦਾ ਸੀ। ਇਸ ਲਈ ਉਸ ਨੇ ਸੋਚਿਆ ਮਰਨ ਤੋਂ ਪਹਿਲਾਂ ਇਹਨੂੰ ਵੀ ਪੂਰਾ ਕਰ ਲਵੇ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਸ ਵਡੇਰੀ ਉਮਰ ਵਿਚ ਕੀ ਇਹ ਜ਼ਰੂਰੀ ਸੀ ? ਤਾਂ ਉਨ੍ਹਾਂ ਜਵਾਬ ਦਿੱਤਾ ਕਿ ਉਸ ਨੇ ਇਹ ਯਾਤਰਾ ਤਾਂ ਕੀਤੀ ਹੈ ਕਿ ਇਸ ਨਾਲ ਉਸ ਦੀ ਮਾਂ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ।

ਸ਼ਾਹ ਮੁਹੰਮਦ ਨੂੰ ਪੜ੍ਹਨ ਤੋਂ ਬਾਅਦ ਪਾਠਕ ਅੰਦਰ ਇਹ ਸਵਾਲ ਆਉਂਦਾ ਹੈ ਕਿ ਕੀ ਉਸ ਵੇਲੇ ਕੋਈ ਸਿੱਖ ਨਹੀਂ ਸਨ ਜਾਂ ਕੀ ਉਸ ਨੂੰ ਮੋਨਾ-ਸਿੱਖਾਂ ਦੀ ਇਕਮਿਕਤਾ ਦਾ ਪਤਾ ਨਹੀਂ ? ਜੋ ਪੰਜਾਬੀ ਸਮਾਜ ਦਾ ਵਿਸ਼ੇਸ਼ ਗੁਣ ਰਿਹਾ ਹੈ। ਨਹੀਂ ਇੰਝ ਨਹੀਂ ਹੈ। ਸ਼ਾਹ ਮੁਹੰਮਦ ਉਨ੍ਹਾਂ ਸਾਰਿਆਂ ਲਈ ਸਿੰਘ ਸ਼ਬਦ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਨੇ ਸਿਰ ਦੇ ਵਾਲ ਰੱਖੇ ਹੋਏ ਹਨ ਅਤੇ ਸਬੱਬ ਨਾਲ ਜੰਗਨਾਮੇ ਦੇ ਪ੍ਰਸੰਗ ਵਿਚ ਉਹ ਸਾਰੇ ਫ਼ੌਜੀ ਹਨ ਜੋ ਕਿ ਧਰਮ ਦੀ ਲੜਾਈ ਲੜ ਰਹੇ ਹਨ। ਇਸ ਲਈ ਉਨ੍ਹਾਂ ਦੇ ਸਾਰੇ ਵੇਰਵੇ ਜੰਗ ਦੇ ਮੈਦਾਨ ਤੋਂ ਆਉਂਦੇ ਹਨ। ਅਸਲ ਵਿਚ ਸਾਰੇ ਜੰਗਨਾਮੇ ਦੇ 105 ਬੈਂਤਾਂ ਵਿਚ ਸਿਰਫ਼ ਇਕ ਥਾਂ 'ਤੇ ਸਿੱਖ ਸ਼ਬਦ ਦਾ ਜ਼ਿਕਰ ਆਉਂਦਾ ਹੈ ਅਤੇ ਉਹ ਵੀ ਬੜੇ ਵਿਕ੍ਰਿਤ ਰੂਪ ਵਿਚ। ਇਹ ਉਦੋਂ ਆਉਂਦਾ ਹੈ ਜਦੋਂ ਲਾਰਡ ਹਾਰਡਿੰਗ ਫੜ੍ਹ ਮਾਰਦਾ ਹੈ ਕਿ ਆਪ ਜਾ ਕੇ ਸਿੱਖਾਂ ਨਾਲ ਲੜੇਗਾ ਅਤੇ ਤਿੰਨ ਘੰਟਿਆਂ ਵਿਚ ਲਾਹੌਰ ਨੂੰ ਜਿੱਤ ਲਵੇਗਾ। ਮੇਰੇ ਬਚਪਨ ਵਿਚ, ਖ਼ਾਸ ਤੌਰ 'ਤੇ ਸਿੱਖਾਂ ਵਿਚ ਕੋਈ ਵੀ ਇਸ ਵਿਕ੍ਰਿਤਤਾ 'ਤੇ ਨਰਾਜ਼ ਨਹੀਂ ਹੁੰਦਾ ਸੀ। ਇਕ ਤਰ੍ਹਾਂ ਨਾਲ ਇਹ ਸਿੱਖਾਂ ਦਾ ਹਾਸੇ ਵਾਲਾ ਸੁਭਾਅ ਸੀ। ਮੈਂ ਆਪਣੇ ਜੀਵਨ ਵਿਚ ਜਿੰਨੇ ਵੀ ਫਿਰਕੇ ਦੇ ਲੋਕਾਂ ਨੂੰ ਮਿਲਿਆ ਹਾਂ, ਸਿਰਫ਼ ਸਿੱਖਾਂ ਵਿਚ ਹੀ ਇਹ ਵੱਖਰੀ ਸਮਰੱਥਾ ਹੈ ਕਿ ਉਹ ਆਪਣੇ ਆਪ 'ਤੇ ਖੁੱਲ੍ਹ ਕੇ ਹੱਸ ਸਕਦੇ ਹਨ।

ਸ਼ਾਹ ਮੁਹੰਮਦ ਦੇ ਪ੍ਰਸੰਗ ਵਿਚ ਇਸ ਤੋਂ ਉਲਟ ਵੀ ਓਨਾ ਹੀ ਠੀਕ ਹੈ। ਮਸਲਨ ਜੰਗਨਾਮੇ ਵਿਚ ਇਕ ਵੀ ਪੰਜਾਬੀ ਹਿੰਦੂ ਨਹੀਂ ਜਿਸ ਦਾ ਜ਼ਿਕਰ ਆਇਆ ਹੋਵੇ। ਇਥੋਂ ਤਕ ਕਿ ਇਸ ਵਿਚੋਂ ਕੋਈ ਵੀ ਇਹ ਅਨੁਮਾਨ ਨਹੀਂ ਲਗਾ ਸਕਦਾ ਕਿ ਖਾਲਸਾ ਦਰਬਾਰ ਦੇ ਪ੍ਰਬੰਧ ਵਿਚ ਹਿੰਦੂ ਜਾਂ ਮੋਨਾ ਦਾ ਸੰਕਲਪ ਕੋਈ ਮਹੱਤਵ ਨਹੀਂ ਰੱਖਦਾ ਸੀ। ਜਦੋਂ ਕਿ ਤੱਥ ਇਹ ਹੈ ਕਿ ਰਣਜੀਤ ਸਿੰਘ, ਰਾਜ ਦੇ ਬਹੁਤੇ ਕੰਮ ਆਪਣੇ ਪ੍ਰਭਾਵ ਦੇ ਇਲਾਕੇ ਜਿਵੇਂ ਰਚਨਾ ਦੁਆਬ ਦੇ ਹਿੰਦੂ ਅਹੁਦੇਦਾਰਾਂ ਦੀ ਮਦਦ ਨਾਲ ਕਰਦਾ ਸੀ। ਇਸ ਤਰ੍ਹਾਂ ਨਾਲ ਕੁੰਜਾਹ ਦੇ ਨਈਅਰਾਂ, ਅਕਾਲਗੜ੍ਹ ਦੇ ਚੋਪੜਿਆਂ, ਐਮਨਾਬਾਦ ਦੇ ਨੰਦਾ ਅਤੇ ਮਲਵਈਆਂ, ਘੜਤਾਲ ਦੇ ਪੁਰੀਆਂ, ਕੰਜਰੂਰ ਦੱਤਾਂ ਦੇ ਦੱਤ ਚੌਧਰੀਆਂ ਹਾਫਿਜ਼ਾਬਾਦ ਦੇ ਕਪੂਰਾਂ ਅਤੇ ਚੋਪੜਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਰਾਜ ਦੇ ਜ਼ਿਆਦਾਤਰ ਅਧਿਕਾਰੀ ਇਨ੍ਹਾਂ ਪਰਿਵਾਰਾਂ ਵਿਚੋਂ ਆਉਂਦੇ ਸਨ।

ਜੰਗ ਦੇ ਮੈਦਾਨ ਵਿਚ ਜੇ ਕਿਸੇ ਹਿੰਦੂ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਪੰਜਾਬ ਦੇ ਪਹਾੜੀ ਰਾਜਾਂ ਦੇ ਰਾਜਪੂਤ ਹਨ, ਜੋ ਇਸ ਲੜਾਈ ਵਿਚ ਉੱਚ ਪਾਏ ਦੇ ਤਲਵਾਰਬਾਜ਼ਾਂ ਵਜੋਂ ਜਾਣੇ ਜਾਂਦੇ ਹਨ। ਭਾਵੇਂ ਕਿ ਇਨ੍ਹਾਂ ਵਿਚ ਜੰਮੂ ਦਾ ਮਹਾਰਾਜਾ ਗੁਲਾਬ ਸਿੰਘ ਵਰਗਾ ਅਪਵਾਦ ਵੀ ਸ਼ਾਮਿਲ ਸੀ, ਜਿਸ ਨੂੰ ਸ਼ਾਹ ਮੁਹੰਮਦ ਨੀਚ ਕਿਸਮ ਦਾ ਸਵਾਰਥੀ ਕਹਿੰਦਾ ਹੈ। ਜਿਸ ਤਰ੍ਹਾਂ ਸ਼ਾਹ ਮੁਹੰਮਦ ਉਸ ਦਾ ਜ਼ਿਕਰ ਕਰਦਾ ਹੈ ਉਸ ਤੋਂ ਲੱਗਦਾ ਹੈ ਕਿ ਉਹ ਆਪਣੇ ਅਹੁਦੇ ਨੂੰ ਪੱਕਾ ਕਰਨ ਲਈ ਖ਼ਾਲਸਾ ਦਰਬਾਰ ਨੂੰ ਢਾਹੁਣ ਵਿਚ ਉਹ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ। ਇਸ ਲਈ ਉਸ ਦਾ ਜ਼ਿਕਰ ਜੰਗਨਾਮੇ ਵਿਚ ਉਦੋਂ ਹੀ ਆਉਂਦਾ ਹੈ ਜਦੋਂ ਅੰਗਰੇਜ਼ ਲਾਹੌਰ ਵਿਚ ਦਾਖ਼ਲ ਹੁੰਦੇ ਹਨ। ਉਸ ਨੂੰ ਸੰਗਲਾਂ ਨਾਲ ਬੰਨ੍ਹ ਕੇ ਸਿੰਘਾਂ ਨੇ ਜੰਮੂ ਤੋਂ ਲਾਹੌਰ ਲਿਆਂਦਾ ਸੀ ਇਸ ਲਈ ਉਹ, ਰਾਣੀ ਜਿੰਦਾਂ ਦੇ ਕਹਿਣ ਅਨੁਸਾਰ ਉਨ੍ਹਾਂ ਲਈ ਬਦਲੇ ਦੀ ਭਾਵਨਾ ਰੱਖਦਾ ਸੀ। ਇੰਝ ਲੱਗਦਾ ਹੈ ਕਿ ਉਹ ਆਪ ਵੀ ਰਾਣੀ ਤੋਂ ਡਰਿਆ ਹੋਇਆ ਸੀ ਇਸ ਲਈ ਉਸ ਨੇ ਆਪਣੇ ਵੱਖਰੇ ਸਲਾਹਕਾਰ ਰੱਖੇ ਹੋਏ ਸਨ। ਨਹੀਂ ਤਾਂ ਜਿਸ ਤਰ੍ਹਾਂ ਦਾ ਦਰਜਾ ਡੋਗਰੇ ਖਾਲਸਾ ਦਰਬਾਰ ਵਿਚ ਰੱਖਦੇ ਸਨ, ਉਸ ਨੂੰ ਡੋਗਰਾ ਖਾਨਦਾਨ ਦਾ ਨਾਮ ਬਚਾਉਣ ਲਈ ਜੰਗ ਵਿਚ ਲੜ ਕੇ ਮਰ ਜਾਣਾ ਚਾਹੀਦਾ ਸੀ। ਪਰ ਜਦੋਂ ਸੰਕਟ ਆਇਆ, ਉਹ ਵਫ਼ਾਦਾਰ ਨਾ ਰਿਹਾ। ਜੇ ਉਦੋਂ ਇਕ ਵੀ ਤਾਕਤਵਰ ਆਗੂ ਹੁੰਦਾ ਤਾਂ ਇਸ ਲੜਾਈ ਦਾ ਅੰਤ ਕਿਸੇ ਹੋਰ ਤਰ੍ਹਾਂ ਹੋਣਾ ਸੀ। ਅਸਲ ਵਿਚ ਦੂਜੀ ਪੰਜਾਬ ਜੰਗ ਵਿਚ ਹੀ ਉਹ ਪੰਜਾਬ ਦੀ ਫ਼ੌਜ ਦੇ ਹੱਕ ਵਿਚ ਭੁਗਤ ਸਕਦਾ ਸੀ। ਪਰ ਅਫ਼ਸੋਸ ! ਉਹ ਨਾ ਧਿਆਨ ਸਿੰਘ ਸੀ ਤੇ ਨਾ ਹੀਰਾ ਸਿੰਘ। ਜਿਵੇਂ ਕਿ ਆਮ ਸਿੱਖ ਮੰਨਦੇ ਹਨ ਕਿ ਉਹ ਅਜਿਹਾ ਗੱਦਾਰ ਸੀ ਜਿਸ ਨੇ ਖ਼ਾਲਸੇ ਦੀ ਪਿੱਠ

'ਚ ਛੁਰਾ ਮਾਰਿਆ ਅਤੇ ਸ਼ਾਹ ਮੁਹੰਮਦ ਉਨ੍ਹਾਂ ਦੇ ਹੀ ਵਿਚਾਰ ਸਾਂਝੇ ਕਰ ਰਿਹਾ ਸੀ।

ਹੁਣ ਦੂਜੀ ਜ਼ਾਤ ਵੱਲ ਮੁੜਦੇ ਹਾਂ ਭਾਵ ਪੰਜਾਬ ਦੇ ਮੁਸਲਮਾਨਾਂ ਵੱਲ। ਅਸੀਂ ਪਿੱਛੇ ਇਹ ਚਰਚਾ ਕਰ ਆਏ ਹਾਂ ਕਿ ਕਿਵੇਂ ਉਹ ਹਿੰਦੂ ਅਤੇ ਸਿੱਖਾਂ ਨਾਲ ਮਿਲ ਕੇ ਸਾਰੇ ਪੰਜਾਬੀਆਂ ਦਾ ਇਕ ਰਾਸ਼ਟਰ ਬਣਾਉਣ ਵਿਚ ਸ਼ਾਮਿਲ ਸਨ। ਉਦੋਂ ਤਕ ਭਾਰਤ ਵਿਚ ਨੇਸ਼ਨ-ਸਟੇਟ ਵਰਗਾ ਵਿਚਾਰ ਵੀ ਪੈਦਾ ਨਹੀਂ ਹੋਇਆ ਸੀ। ਉਨ੍ਹਾਂ ਦੀ ਤਤਕਾਲੀ ਜੰਗ ਵਿਚ ਕੀ ਭੂਮਿਕਾ ਸੀ ? ਆਮ ਫਿਰਕੂ ਪ੍ਰਭਾਵ ਹੇਠ, ਮੁਸਲਮਾਨ ਖ਼ਾਲਸਾ ਦਰਬਾਰ ਨੂੰ ਛੱਡ ਕੇ ਵਧੇਰੇ ਫ਼ਾਇਦੇ ਲੈ ਸਕਦੇ ਸਨ। ਪਰ ਅਜਿਹਾ ਅਸੀਂ ਵੰਡੇ ਹੋਏ ਭਾਰਤ ਦੇ 'ਦੋ ਰਾਸ਼ਟਰ' ਸਿਧਾਤ ਤੋਂ ਬਾਅਦ ਸੋਚ ਸਕਦੇ ਹਾਂ। ਪਰ ਅਸਲ ਤੱਥ ਇਹ ਹੈ ਕਿ ਜਦੋਂ ਸਿੱਖ ਕਮਾਂਡਰਾਂ, ਖ਼ਾਸ ਤੌਰ 'ਤੇ ਕਮਾਂਡਰ-ਇਨ-ਚੀਫ਼ ਤੇਜ ਸਿੰਘ ਅਤੇ ਮਹਾਰਾਣੀ ਦਾ ਨਿੱਜੀ ਸਲਾਹਕਾਰ ਲਾਲ ਸਿੰਘ, ਦੋਹਾਂ ਨੇ ਆਪਣੀ ਜ਼ਮੀਰ ਅੰਗਰੇਜ਼ਾਂ ਨੂੰ ਵੇਚ ਦਿੱਤੀ ਸੀ, ਉਦੋਂ ਕਿਸੇ ਵੀ ਰੈਂਕ ਦਾ ਇਕ ਵੀ ਮੁਸਲਮਾਨ ਜੰਗ ਵਿਚੋਂ ਪਿੱਛੇ ਨਹੀਂ ਹਟਿਆ। ਅਤੇ ਤੁਹਾਨੂੰ ਯਾਦ ਹੈ! ਮੈਦਾਨ-ਏ-ਜੰਗ ਵਿਚ ਉਨ੍ਹਾਂ ਨੇ ਬਹੁਤ ਨਿਰਣਾਇਕ ਸਥਿਤੀ ਹਾਸਿਲ ਕੀਤੀ ਹੋਈ ਸੀ। ਲਗਭਗ ਸਾਰਾ ਤੋਪਖਾਨਾ ਉਨ੍ਹਾਂ ਅਧਿਕਾਰ ਹੇਠ ਸੀ। ਸ਼ਾਇਦ ਉਹ ਉਸ ਸਮੇਂ ਦੇ ਬਿਹਤਰੀਨ ਤੋਪਚੀ ਸਨ। ਇਸ ਤੋਂ ਬਿਨਾਂ ਉਹ ਏਨੇ ਭਰੋਸੇਯੋਗ ਸਨ ਕਿ ਜੰਗ ਦੇ ਸਮੇਂ, ਰਾਣੀ ਜਿੰਦਾਂ ਨੇ ਲਾਹੌਰ ਦੀ ਦੇਖ-ਰੇਖ, ਸਿਰਫ਼ ਮੁਸਲਮਾਨਾਂ ਫ਼ੌਜ ਦੇ ਹੀ ਹਵਾਲੇ ਕੀਤੀ। ਕੀ ਕੋਈ ਸੋਚ ਸਕਦਾ ਹੈ ਕਿ ਅੱਜ ਅਜਿਹਾ ਕੁਝ ਹੋ ਸਕਦਾ ਹੈ ? ਇਸ ਪ੍ਰਸੰਗ ਵਿਚ ਬੈਂਤ 60 ਦਾ ਹਵਾਲਾ ਦੇਣਾ ਉਚਿਤ ਰਹੇਗਾ :

ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ / ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ / ਤੋਪਾਂ ਹੋਰ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖ਼ਸ਼ ਪਟੋਲੀਏ ਮਾਂਜ ਕੇ ਜੀ / ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਸਿਕਲ ਹੋਈਆਂ / ਬਿਜਲੀ ਵਾਂਗਰਾਂ ਦੇਣ ਦਿਖਾਲੀਆਂ ਨੀ।

ਇੰਝ ਲੱਗਦਾ ਹੈ ਜਿਵੇਂ ਸ਼ਾਹ ਮੁਹੰਮਦ ਨੂੰ ਇਸ ਦੀ ਪੂਰੀ ਸਮਝ ਹੈ ਕਿ ਜੰਗਾਂ ਕਿਵੇਂ ਲੜੀਆਂ ਜਾਂਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਤੋਪਖਾਨੇ ਦੇ ਇਕ ਕਮਾਂਡਰ ਸੁਲਤਾਨ ਮਹਿਮੂਦ ਨਾਲ ਸੰਬੰਧਤ ਸੀ ਜਿਸ ਦਾ ਕਿ ਉਹ ਉਪਰਲੇ ਬੈਂਤ ਵਿਚ ਜ਼ਿਕਰ ਕਰਦਾ ਹੈ। ਪਰ ਇਸ ਤੋਂ ਬਿਨਾਂ ਇਸ ਵਿਚ ਕੋਈ ਦੋ ਰਾਇ ਨਹੀਂ ਕਿ ਉਹ ਇਕ ਸੁਚੇਤ ਜਾਣਕਾਰ ਬੰਦਾ ਸੀ, ਜੋ ਕੂਟਨੀਤਕ ਭਾਸ਼ਾ ਨੂੰ ਸਮਝਦਾ ਸੀ ਅਤੇ ਵਾਪਰ ਰਹੇ ਘਟਨਾਕ੍ਰਮ ਦੇ ਮਹੱਤਵ ਨੂੰ ਸਮਝਦਾ ਸੀ। ਸਭ ਤੋਂ ਜ਼ਰੂਰੀ ਉਸ ਦੇ ਸੂਚਨਾ ਦੇ ਸਰੋਤ ਏਨੇ ਅਸਲੀ ਹਨ ਕਿ ਉਸ ਨੇ ਜੋ ਵੀ ਲਿਖਿਆ ਹੈ ਉਹ ਪੂਰੀ ਤਰ੍ਹਾਂ ਪ੍ਰਮਾਣਿਕ ਹੈ।

—5—

ਅਸੀਂ ਸ਼ਾਹ ਮੁਹੰਮਦ ਬਾਰੇ ਚਰਚਾ ਕਰਦਿਆਂ ਪੰਜਾਬੀ ਰਾਸ਼ਟਰਵਾਦ (ਪੰਜਾਬੀਅਤ) ਬਾਰੇ, ਇਸ ਵਿਚਲੇ ਵਿਭਿੰਨ ਫਿਰਕਿਆਂ ਸਮੇਤ ਲੰਮਾ ਵਿਸ਼ਲੇਸ਼ਣ ਕੀਤਾ ਹੈ। ਮੇਰਾ ਮੰਨਣਾ ਹੈ ਕਿ ਅਸਲ ਵਿਚ ਇਹ ਜੰਗ ਹਿੰਦ ਜਾਂ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਵਾਲੇ ਭਾਰਤ ਨਾਲ ਸਿੱਖਾਂ ਦੀ ਨਹੀਂ ਸੀ, ਸਗੋਂ ਸਾਰੇ ਪੰਜਾਬ ਦੀ ਸੀ। ਇਸ ਕਥਾ ਦਾ ਸਿਰਲੇਖ ਹੀ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਇਹ ਜੰਗ ਦੋ ਖੁਦਮੁਖਤਿਆਰ ਦੇਸ਼ਾਂ ਦਰਮਿਆਨ ਸੀ ਜਿਸ ਵਿਚ ਇਕ ਪਾਸੇ ਈਸਟ ਇੰਡੀਆ ਦੇ ਕਬਜ਼ੇ ਵਾਲਾ ਭਾਰਤ ਸੀ ਤੇ ਦੂਜੇ ਪਾਸੇ ਪੰਜਾਬ ਸੀ, ਜਿਸ ਨੂੰ ਖਾਲਸਾ ਦਰਬਾਰ ਚਿੰਨ੍ਹਤ ਕਰਦਾ ਸੀ। ਆਪਣੇ ਇਸ ਦਾਅਵੇ ਨੂੰ ਬਾਦਲੀਲ ਸਪੱਸ਼ਟ ਕਰਨ ਲਈ ਸਾਨੂੰ ਪੰਜਾਬੀ ਰਾਸ਼ਟਰਵਾਦ ਦੀਆਂ ਕੁਝ ਝਲਕਾਂ ਦਿਖਾਉਣੀਆਂ ਜ਼ਰੂਰੀ ਹਨ। ਮਸਲਨ ਬੰਦ 63 ਅਨੁਸਾਰ :

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ / ਦਿੱਲੀ ਆਗਰੇ ਹਾਂਸੀ ਹਿਸਾਰ ਮੀਆਂ।
ਬੀਕਾਨੇਰ ਗੁਲਨੇਰ ਭਟਨੇਰ ਜੈਪੁਰ / ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੜ੍ਹੀ ਸਭ ਪੰਜਾਬ ਦੀ ਬਾਦਸ਼ਾਹੀ / ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ / ਸਿੰਘ ਲੈਣਗੇ ਦਿੱਲੀ ਨੂੰ ਮਾਰ ਮੀਆਂ।

ਅਗਲੀ ਝਲਕ ਬੰਦ 72 ਵਿਚ ਇਸ ਤਰ੍ਹਾਂ ਹੈ :

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ / ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ / ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।

ਨੰਦਨ ਟਾਪੂਆਂ ਵਿਚ ਕੁਰਲਾਟ ਹੋਇਆ / ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਕਰਨੀ ਪੰਜਾਬ ਖਾਲੀ / ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

ਬੰਦ 88 ਇਸ ਦਾ ਪੱਖ ਸਪੱਸ਼ਟ ਕਰਦਾ ਹੈ :

ਪਿਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ / ਕੋਈ ਅਕਲ ਦਾ ਕਰੋ ਇਲਾਜ ਯਾਰੋ।
ਫੇੜ (ਛੇੜ) ਬੁਰਛਿਆਂ ਦੀ ਸਾਡੇ ਪੇਸ਼ ਆਈ / ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ / ਇਨ੍ਹਾਂ ਖੋਲ੍ਹ ਦਿੱਤਾ ਸਾਰਾ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ / ਕਦੇ ਰਾਜ ਨਾ ਹੋਇ ਮੁਹਤਾਜ ਯਾਰੋ।

ਪਰ ਬੰਦ 90 ਦਾ ਸਭ ਦਾ ਸਿਖਰ ਹੈ :

ਆਈਆਂ ਪੜਤਲਾਂ ਬੀੜ ਕੇ ਤੋਪਖਾਨੇ / ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮਾਖੇ ਖਾਂ ਤੇ ਮੇਵਾ ਸਿੰਘ ਹੋਏ ਸਿੱਧੇ / ਹੱਲੇ ਤਿੰਨ ਫ਼ਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ / ਮਾਰ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ / ਵਾਂਙ ਨਿੰਬੂਆਂ ਲਹੂ ਨਿਚੋੜ ਸੁੱਟੇ।

ਸਾਰੇ ਜੰਗਨਾਮੇ ਵਿਚ ਪੰਜਾਬੀ ਰਾਸ਼ਟਰਵਾਦ ਇਸ ਦੀ ਮੂਲ ਸੁਰ ਵਾਂਗ ਸਮੋਇਆ ਹੋਇਆ ਹੈ। ਇਹ ਤੱਥ ਹੈ ਕਿ ਪੂਰੇ ਜੰਗਨਾਮੇ ਵਿਚ ਇਕ ਵੀ ਵੇਰਵਾ ਜਾਂ ਸੰਕੇਤ ਅਜਿਹਾ ਨਹੀਂ ਜਿਸ ਤੋਂ ਕੋਈ ਫਿਰਕੂ ਭਾਅ ਆਉਂਦੀ ਹੋਵੇ। ਇਕ ਪੰਜਾਬੀ ਪਾਠਕ ਨੂੰ ਇਹ ਗੱਲ ਲਾਜ਼ਮੀ ਪ੍ਰਭਾਵਿਤ ਕਰੇਗੀ ਕਿ ਅੱਜ ਦੇ ਪੰਜਾਬ ਨੇ ਇਥੋਂ ਤਕ ਕਿ ਮੇਰੀ ਪੀੜ੍ਹੀ ਨੇ ਵੀ ਇਹ ਸੰਪਰਦਾਇਕ ਪੰਜਾਬੀ ਏਕਤਾ ਅਨੁਭਵ ਨਹੀਂ ਕੀਤੀ। ਸਾਡੇ ਆਗੂਆਂ, ਸਾਡੇ ਸਿੱਖਿਆ ਪ੍ਰਬੰਧ ਅਤੇ ਸਾਡੀਆਂ ਸੰਸਥਾਵਾਂ ਆਦਿ, ਪਿਛਲੇ 50 ਸਾਲਾਂ ਵਿਚ ਬੁਰੀ ਤਰ੍ਹਾਂ ਨਾਲ ਫਿਰਕੂ ਰੰਗ ਵਿਚ ਰੰਗੇ ਗਏ ਹਨ। ਅਸੀਂ ਸ਼ਾਇਦ ਇਸ ਵਿਚ ਡਿੱਗਣ ਲਈ ਵਧੇਰੇ ਹੀ ਕਾਹਲੇ ਸਾਂ ਅਤੇ ਦੁਖਾਂਤ ਇਹ ਹੈ ਕਿ ਅਸੀਂ ਇਹ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਇਹ ਸਾਰਾ ਕੁਝ ਇਤਿਹਾਸ ਦੀਆਂ ਘਟਨਾਵਾਂ ਦਾ ਸੁਭਾਵਿਕ ਨਤੀਜਾ ਹੈ ਅਤੇ ਇਹ ਇੰਝ ਹੀ ਹੋਣਾ ਸੀ।

ਅਸੀਂ ਹਿੰਦੂਆਂ ਨੇ ਹਮੇਸ਼ਾ ਇਹ ਸਮਝਿਆ ਹੈ ਕਿ ਮੁਸਲਿਮ ਨਜ਼ਰੀਆ ਹੀ ਸਾਰੀ ਸੰਪਰਦਾਇਕਤਾ ਦੀ ਜੜ੍ਹ ਹੈ ਜਦੋਂ ਕਿ ਮੁਸਲਮਾਨ ਆਪਣੇ ਆਪ ਨੂੰ ਇਸ ਤਰ੍ਹਾਂ ਪੀੜਤ ਧਿਰ ਸਮਝਦੇ ਰਹੇ ਕਿ ਹਿੰਦੂ ਬਹੁਗਿਣਤੀ ਵਿਚ ਹੋਣ ਕਾਰਨ ਉਨ੍ਹਾਂ ਨੂੰ ਗ਼ੁਲਾਮ ਬਣਾਉਣ ’ਤੇ ਤੁਲੇ ਹੋਏ ਹਨ। ਸ਼ਾਹ ਮੁਹੰਮਦ ਇਹ ਸੁਝਾਉਂਦਾ ਹੈ ਕਿ ਜਿਸ ਨੂੰ ਅਸੀਂ ਇਲਾਹੀ ਸੱਚ ਸਮਝਦੇ ਰਹੇ ਹਾਂ, ਅਸਲ ਵਿਚ ਉਹ ਸਿਰਫ਼ ਨਜ਼ਰ ਦਾ ਭਰਮ ਸੀ, ਸਗੋਂ ਇਕ ਪੱਥ ਭ੍ਰਿਸ਼ਟਤਾ ਸੀ। ਵੈਸ਼ਨਵਵਾਦੀਆਂ ਅਤੇ ਸੂਫ਼ੀਆਂ ਨੇ ਆਪਣੇ ਸ਼ਰਧਾਲੂਆਂ ਦੇ ਇਕੱਠੇ ਹੋਣ ਲਈ ਖੇਤਰੀ ਆਧਾਰ ਪ੍ਰਦਾਨ ਕੀਤੇ ਹਨ। ਇਸ ਨੂੰ ਅੱਜ ਕੱਲ੍ਹ ਉਪ-ਰਾਸ਼ਟਰਵਾਦ ਕਿਹਾ ਜਾ ਰਿਹਾ ਹੈ। ਪਰ ਸ਼ਾਇਦ ਸਾਡੀ ਰਾਸ਼ਟਰੀ ਚੇਤਨਾ ਨੂੰ ਇਸ ਉਪ-ਰਾਸ਼ਟਰਵਾਦ ’ਤੇ ਆਧਾਰਿਤ ਹੋਣਾ ਚਾਹੀਦਾ ਹੈ।

ਜੇ ਅਸੀਂ ਅਸਲੀ ਮੁੱਦੇ ਤੋਂ ਨਾ ਭਟਕੀਏ ਤਾਂ ਸਾਡੇ ਰਾਸ਼ਟਰੀ ਨਜ਼ਰੀਏ ਵਿਚ ਉਦੋਂ ਤਬਦੀਲੀ ਆਉਣੀ ਸ਼ੁਰੂ ਹੋਈ ਜਦੋਂ ਪੂਰੇ ਉੱਤਰੀ ਭਾਰਤ ਤੇ ਖ਼ਾਸ ਤੌਰ ’ਤੇ ਹਿੰਦੀ ਦੇ ਇਲਾਕੇ ਵਿਚ ਧਾਰਮਿਕ ਵਿਵਾਦ ਦਾ ਦੌਰ ਸ਼ੁਰੂ ਹੋਇਆ। ਜਿਹੜੇ ਸਵਾਲ ’ਤੇ ਕਸਬਾ ਦਰ ਕਸਬਾ ਬਹਿਸ ਹੋ ਰਹੀ ਸੀ, ਉਹ ਇਹ ਸੀ ਕਿ ਕਿਸ ਦਾ ਰੱਬ ਵਧੇਰੇ ਸੱਚਾ ਹੈ ? ਪ੍ਰਭਾਵ ਸਰੂਪ ਇਹ ਕਿਹਾ ਜਾ ਰਿਹਾ ਸੀ ਕਿ ਦੂਜਾ ਰੱਬ ਨਾ ਹੀ ਸਿਰਫ਼ ਸੱਚਾ ਨਹੀਂ ਹੈ, ਸਗੋਂ ਝੂਠਾ ਹੈ। ਇਸ ਵਿਵਾਦ ਨੇ ਉਨ੍ਹਾਂ ਲੋਕਾਂ ਵਿਚ ਬਹੁਤ ਸਾਰੀ ਫਿਰਕੂ ਤਪਸ਼ ਪੈਦਾ ਕੀਤੀ ਜੋ ਸਦੀਆਂ ਤੋਂ ਇਕੱਠੇ ਰਹਿ ਰਹੇ ਸਨ। ਆਉ ਕੁਝ ਪੰਨੇ ਸਤਿਆਰਥ ਪ੍ਰਕਾਸ਼ ਦੇ ਪਲਟਦੇ ਹਾਂ ਤਾਂ ਕਿ ਸਪੱਸ਼ਟ ਹੋਵੇ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ ਅਤੇ ਜਦੋਂ ਮੂਲਵਾਦੀ ਨਜ਼ਰੀਆ ਮੁੱਖ ਧਾਰਾ ਬਣ ਕੇ ਸਰਬਗ੍ਰਾਹੀ ਲੱਗਣ ਲੱਗਾ ਤਾਂ ਸਮਾਨਤਾਵਾਦੀ ਜਾਂ ਬਰਾਬਰੀ ਦੇ ਵਿਚਾਰ ਗ਼ਾਇਬ ਹੋਣ ਲੱਗੇ। ਇੰਝ ਲੱਗਦਾ ਹੈ ਕਿ ਵੇਲੇ ਦੀ ਸਰਕਾਰ ਵੀ ਇਸ ਨੂੰ ਹੱਲਾਸ਼ੇਰੀ ਦਿੰਦੀ ਰਹੀ, ਜਿਸ ਲਈ ਲੋਕਾਂ ਨੂੰ ਵੰਡਣ ਤੋਂ ਬਿਨਾਂ ਹੋਰ ਕੋਈ ਮਕਸਦ ਨਹੀਂ ਸੀ।

ਭਾਰਤ ਵਿਚ ਇਹ ਇਕ ਲੰਮੀ ਪਰੰਪਰਾ ਹੈ, ਜਿਸ ਵਿਚ ਕਿਸੇ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਹੈ ਅਤੇ ਉਹ ਸਵਾਲ ਖੜ੍ਹੇ ਕੀਤੇ ਜਾਂਦੇ ਹਨ ਜੋ ਬਣੇ ਬਣਾਏ ਉੱਤਰਾਂ ਨੂੰ ਰੱਦ ਕਰਦੇ ਹੋਣ। ਆਖਿਰਕਾਰ ਇਹ ਬੰਦੇ ਦੀ ਆਤਮਿਕ ਤੜਪ ਹੈ ਜਿਸ ਨੇ ਜੀਵਨ ਅਤੇ ਸਭਿਆਚਾਰ ਨੂੰ ਅਨੇਕਾਂ ਅਰਥ ਦਿੱਤੇ ਹਨ। ਸਾਡੇ ਕੋਲ ਸ਼ਾਸਤਰਾਰਥ ਦੀ ਆਪਣੀ ਪਰੰਪਰਾ ਰਹੀ ਹੈ। ਇਹ ਇਕ ਸਿਰਜਣਾਤਮਕ ਵਿਚਾਰ-ਚਰਚਾ ਹੁੰਦੀ ਸੀ ਤਾਂ ਜੋ ਕਿਸੇ ਉਚਿਤ ਨਤੀਜੇ ’ਤੇ ਪਹੁੰਚਿਆ ਜਾ ਸਕੇ। ਇਸ ਵਿਚ ਲਾਜ਼ਮੀ ਸੀ ਕਿ ਚਰਚਾ ਨਿਸ਼ਚਿਤ ਮਾਪਦੰਡਾਂ ਦੇ ਦਰਮਿਆਨ ਹੀ ਰਹੇ। ਇਸੇ ਤਰੀਕੇ ਨਾਲ ਹੀ

ਉਪਨਿਸ਼ਦਾਂ ਦੀ ਰਚਨਾ ਹੋਈ ਅਤੇ ਉਨ੍ਹਾਂ ਹੈ ਇਕੱਠਿਆ ਕੀਤਾ ਗਿਆ। ਸੁਕਰਾਤ ਨੇ ਵੀ ਸੱਚ ਦੀ ਭਾਲ ਲਈ ਇਹੀ ਵਿਧੀ ਵਰਤੀ ਅਤੇ ਆਪਣਾ ਸੰਦੇਸ਼ ਫੈਲਾਇਆ। ਕਈ ਵਾਰ ਉਹ ਆਪ ਸਵਾਲ ਖੜ੍ਹਾ ਕਰਦਾ ਅਤੇ ਲੋਕਾਂ ਨੂੰ ਆਪ ਹੀ ਉਸ ਦਾ ਜਵਾਬ ਦਿੰਦਾ ਸੀ। ਪਰ ਹੁਣ ਵਿਚਾਰ ਚਰਚਾ ਵਿਚ ਵੀ ਹੱਦਾਂ ਬੰਨ੍ਹੀਆਂ ਨਾ ਰਹੀਆਂ। ਬਹੁਤ ਪ੍ਰੌੜ ਦਲੀਲ ਵੀ ਅਕਸਰ ਦੁਰਵਿਵਹਾਰ ਅਤੇ ਨਿੰਦਿਆ ਹੇਠਾਂ ਦੱਬ ਗਈ। ਕੁਝ ਹਾਲਤਾਂ ਵਿਚ ਵਿਸ਼ਵਾਸ ਦੇ ਸਵਾਲ ਨੂੰ ਉਸ ਤਰੀਕੇ ਨਾਲ ਸਬੂਤਾਂ ਨਾਲ ਜਾਂ ਤਰਕਾਂ ਨਾਲ ਨਜਿੱਠਿਆ ਜਾ ਸਕਦਾ। ਉਦਾਹਰਣ ਦੇ ਤੌਰ 'ਤੇ ਹਿੰਦੂ ਧਰਮ ਦੀ ਸਨਾਤਨੀ ਸ਼ਾਖਾ ਦਾ ਵਿਸ਼ਵਾਸ ਸਦੀਆਂ ਪੁਰਾਣਾ ਹੈ। ਇਸ ਨੇ ਸਮਾਜ ਵਿਚ ਬਹੁਲਤਾਵਾਦ ਦਾ ਪ੍ਰਤਿਮਾਨ ਪ੍ਰਸਾਰਿਆ, ਪਰ ਜਦੋਂ ਇਸ ਦੀ ਨਿੰਦਾ ਹੋਣ ਲੱਗੀ ਤਾਂ ਇਸ ਸਮਾਜਕ ਨੇਮ ਦੀ ਹਾਨੀ ਹੋਈ। ਇਸ ਤਰ੍ਹਾਂ ਚੀਜ਼ਾਂ ਨੂੰ ਅਪਮਾਨਜਨਕ ਅਤੇ ਨਿੰਦਿਆ ਦੇ ਢੰਗ ਨਾਲ ਨਹੀਂ ਸਮਝਿਆ ਜਾ ਸਕਦਾ।

ਮਸਲਨ ਜਿਸ ਢੰਗ ਨਾਲ ਕ੍ਰਿਸ਼ਨ-ਗੋਪੀਆਂ ਦੀ ਕ੍ਰੀੜਾ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ। ਹਿੰਦੂ ਧਰਮ ਵਿਚ ਸਭ ਤੋਂ ਵੱਧ ਨਿੰਦਿਆ ਵੈਸ਼ਨਵਵਾਦ ਦੀ ਹੋਈ, ਜਿਸ ਨੂੰ ਅਸੰਜਮੀ ਅਤੇ ਆਪਹੁਦਰੀ ਕਿਸਮ ਦੀ ਪੂਜਾ ਕਿਹਾ ਗਿਆ। ਹਿੰਦੂਆਂ ਨੂੰ ਅਕਸਰ ਦੁਨੀਆ ਦੇ ਪਹਿਲੇ ਲਿੰਗ-ਪੂਜਕ ਕਿਹਾ ਜਾਂਦਾ ਹੈ ਅਤੇ ਜਦੋਂ ਇਕ ਦੂਜੇ ਧਰਮ ਨਾਲ ਚਰਚਾ ਦੀ ਹਾਲਤ ਹੁੰਦੀ ਹੈ ਤਾਂ ਇਸ ਤੱਥ 'ਤੇ ਸਿਰ ਪਾੜਨ ਤਕ ਦੀ ਨੌਬਤ ਆ ਜਾਂਦੀ ਹੈ। ਇਸ ਨਾਲ ਕੀ ਹਾਸਲ ਹੋਇਆ ? ਇਸ ਨੇ ਉਹ ਬੁਨਿਆਦੀ ਏਕਤਾ ਅਤੇ ਆਤਮਿਕ ਅਨੁਭਵ ਦਾ ਸੰਯੋਜਨ ਭੰਗ ਕਰ ਦਿੱਤਾ, ਜੋ ਹਿੰਦੂਆਂ ਨੂੰ ਹੋਰ ਧਰਮਾਂ ਦੇ ਨੇਮਾਂ-ਪ੍ਰਤਿਮਾਨਾਂ ਦਾ ਸਤਿਕਾਰ ਕਰਨਾ ਸਿਖਾਉਂਦਾ ਸੀ। ਇਸ ਨੇ ਸਮਾਜ ਦੀ ਆਤਮਿਕ ਸਿਹਤ ਨੂੰ ਗਲੀਆਂ ਵਿਚ ਟੋਟੇ ਟੋਟੇ ਕਰ ਦਿੱਤਾ। ਇਹ ਇਕ ਅਤਿ ਘਿਣਾਉਣਾ ਕਾਰਾ ਸੀ। ਇਕ ਝਟਕੇ ਨਾਲ ਹੀ ਮਿੱਥਾਂ ਦੇ ਰੂਪ ਵਿਚ ਚਲਿਆ ਆਉਂਦਾ ਲੋਕ ਗਿਆਨ ਪ੍ਰਾਚੀਨ ਕਾਲੀਨ ਅਸਭਿਅਕ ਔਰਤ-ਮਰਦਾਂ ਦਾ ਪ੍ਰਗਟਾਵਾ ਬਣਾ ਦਿੱਤਾ ਗਿਆ।

'ਨਵਾਂ' ਰੇਖਕੀ ਵਿਚਾਰ ਇਹ ਸੀ ਕਿ ਹਿੰਦੂਆਂ ਦਾ ਕੋਈ ਇਤਿਹਾਸ ਨਹੀਂ ਹੈ ਅਤੇ ਭਾਰਤ ਦੇ ਅਤੀਤ ਵਿਚ ਕੁਝ ਵੀ ਮੁੱਲਵਾਨ ਨਹੀਂ ਹੈ। ਇਸ ਦੇ ਉਲਟ, ਇਹ ਵੀ ਕਿਹਾ ਜਾ ਰਿਹਾ ਹੈ ਕਿ ਸਾਡਾ ਅਤੀਤ ਬਹੁਤ ਅਮੀਰ ਸੀ ਪਰ ਫਿਰ ਵੀ ਜੇ ਅਸੀਂ ਸੰਕਟ ਦੇ ਸਮੇਂ ਵਿਚ ਡਿੱਗ ਪਏ ਸੀ ਤਾਂ ਇਸ ਦਾ ਕਾਰਨ ਸਾਡਾ ਵੰਡੇ ਹੋਣਾ ਅਤੇ ਆਪਣੇ ਆਪ ਨੂੰ ਬਚਾਉਣ ਤੋਂ ਅਸਮਰੱਥ ਹੋਣਾ ਸੀ। ਦੋਨੋਂ ਤਰ੍ਹਾਂ ਨਾਲ ਅਤੀਤ ਉਪਹਾਸ ਦੀ ਵਸਤ ਬਣ ਗਿਆ। ਇਸ ਪੁਨਰ-ਸੁਰਜੀਤੀ ਲਹਿਰ ਨੇ ਮੁਸਲਮਾਨਾਂ ਉੱਤੇ ਵੀ ਘੱਟ ਅਸਰ ਨਹੀਂ ਪਾਇਆ। ਉਹ ਇਹ ਮਹਿਸੂਸ ਕਰਨ ਲੱਗ ਪਏ ਕਿ ਜੇਕਰ ਉਹ ਸੱਚੇ ਮੁਸਲਮਾਨ ਬਣੇ ਹੁੰਦੇ ਤਾਂ ਖ਼ੁਦਾ ਨੇ ਉਨ੍ਹਾਂ ਨੂੰ ਇਹ ਸਜ਼ਾ ਨਹੀਂ ਦੇਣੀ ਸੀ, ਭਾਵ ਉਹ ਆਪਣੇ ਹੀ ਘਰ ਵਿਚ ਕਮੀਣ ਬਣ ਕੇ ਰਹਿ ਗਏ ਸਨ। ਸਿੱਖ ਸੁਧਾਰਵਾਦੀ ਲਹਿਰ ਨੇ ਵੀ ਇਸੇ ਤਰ੍ਹਾਂ ਦਾ ਤਰਕ ਤਿਆਰ ਕੀਤਾ। ਉਨ੍ਹਾਂ ਸੋਚਿਆ ਕਿ ਉਨ੍ਹਾਂ ਦੀ ਹਿੰਦੂ ਧਰਮ ਨਾਲ ਨੇੜਤਾ ਕਾਰਨ ਉਨ੍ਹਾਂ ਨੂੰ ਖਾਲਸੇ ਦੁਆਰਾ ਕੀਤੀਆਂ ਬਹਾਦਰੀਆਂ ਦਾ ਉਚਿਤ ਫਲ ਨਹੀਂ ਮਿਲਿਆ। ਸਾਰ-ਤੱਤ ਇਹ ਹੈ ਕਿ ਇਕ ਵਾਰ ਜਦੋਂ ਪੁਨਰ ਸੁਧਾਰਵਾਦੀ ਸੋਚ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਤਾਂ ਹਰ ਭਾਈਚਾਰਾ ਜਾਂ ਫਿਰਕਾ ਅੱਡੋ-ਅੱਡ ਪਾਸੇ ਵੱਲ ਨੂੰ ਖਿੱਚਿਆ ਜਾਣ ਲੱਗਦਾ ਹੈ। ਸਮੇਂ ਦੇ ਬੀਤਣ ਨਾਲ ਇਹੀ ਦਲੀਲ ਇਕ ਪੜਾਅ ਹੋਰ ਅੱਗੇ ਚਲੀ ਜਾਂਦੀ ਹੈ ਅਤੇ ਇਹੀ ਫਿਰਕਾ ਵੱਖਰੀ ਕੌਮ ਜਾਂ ਰਾਸ਼ਟਰ ਬਣ ਜਾਂਦਾ ਹੈ ਜੋ ਕਿਸੇ ਵੀ ਛੋਟੀ ਜਿਹੀ ਉਕਸਾਹਟ ਤੇ ਲੜਨ ਮਰਨ ਲਈ ਤਿਆਰ ਹੋ ਜਾਂਦਾ ਹੈ। ਇਹੀ ਕੁਝ ਮੈਂ ਤੀਹਵਿਆਂ ਵਿਚ ਲਾਹੌਰ ਵਿਚ ਦੇਖਿਆ। ਜਦੋਂ ਲੋਕਾਂ ਨੇ ਸਮਾਜਕ ਅਤੇ ਧਾਰਮਿਕ ਖੇਤਰ ਵਿਚ ਮਾਨਵੀ ਸਭਿਅਤਾ ਦੀਆਂ ਉੱਚ-ਮਾਨਵੀ ਕੀਮਤਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਤਾਂ ਰੱਬ ਸ਼ੈਤਾਨ ਬਣ ਗਏ। ਮਸਲਨ, ਲਾਹੌਰ ਦੇ ਭੱਟੀ ਦਰਵਾਜ਼ੇ ਜਾਂ ਮੋਚੀ ਦਰਵਾਜ਼ੇ ਵਿਚੋਂ ਹਿੰਦੂ ਜਾਂ ਸਿੱਖ ਔਰਤਾਂ ਦਾ ਲੰਘਣਾ ਮੁਹਾਲ ਹੋ ਜਾਂਦਾ ਸੀ। ਇਸੇ ਤਰ੍ਹਾਂ ਹਿੰਦੂ ਮੁੰਡੇ ਵੀ ਇਹ ਆਪਣੀ ਜ਼ਿੰਮੇਵਾਰੀ ਸਮਝਦੇ ਸਨ ਕਿ ਸ਼ਾਹ ਆਲਮੀ ਦਰਵਾਜ਼ੇ ਅਤੇ ਮੱਛੀ ਹੱਟਾ ਵਿਚੋਂ ਲੰਘਦੀਆਂ ਮੁਸਲਮਾਨ ਔਰਤਾਂ ਤੋਂ ਉਹ ਬਦਲਾ ਲੈਣ।

ਮੇਰੀ ਇਕ ਹੱਡ-ਬੀਤੀ ਸਾਂਝੀ ਕਰਦਾ ਹਾਂ। ਮੇਰੇ ਬਚਪਨ ਵਿਚ ਮੇਰੇ ਸਿਰ 'ਤੇ ਬੋਦੀ ਸੀ, ਜਿਸ ਦਾ ਭਾਵ ਇਹ ਸੀ ਕਿ ਮੈਂ ਇਕ ਹਿੰਦੂ ਹਾਂ। ਇਸ ਤਰ੍ਹਾਂ ਹੀ ਮੇਰੇ ਭਰਾ ਦੀ ਵੀ ਬੋਦੀ ਸੀ। ਅਸੀਂ ਜਦੋਂ ਭਾਟੀ ਦਰਵਾਜ਼ੇ ਦੇ ਰਸਤਿਓਂ ਆਪਣੀ ਸੰਸਕ੍ਰਿਤ ਪਾਠਸ਼ਾਲਾ ਜਾਂਦੇ ਤਾਂ ਮੁਸਲਮਾਨ ਮੁੰਡੇ ਸਾਡੀਆਂ ਬੋਦੀਆਂ ਖਿੱਚ ਕੇ ਸਾਨੂੰ ਤੰਗ ਕਰਦੇ। ਸਾਨੂੰ ਇਹ ਪੜ੍ਹਾਇਆ ਗਿਆ ਸੀ ਕਿ ਅਸੀਂ ਆਪਣੀ ਜਾਨ ਦੇ ਕੇ ਵੀ ਇਸ ਦੀ ਰੱਖਿਆ ਕਰਨੀ ਹੈ। ਪਰ ਕੀ ਅਸੀਂ ਰੱਖਿਆ ਕਰ ਸਕਦੇ ਸੀ ? ਸਾਡੇ ਅਤੇ ਸ਼ਰਾਰਤੀ ਮੁਸਲਮਾਨ ਮੁੰਡਿਆਂ ਨਾਲ ਛੋਟੀ ਮੋਟੀ ਲੜਾਈ ਵਿਚ ਵੱਡੇ ਵੀ ਸਾਡੇ ਵਿਰੁੱਧ ਉਨ੍ਹਾਂ ਨਾਲ ਰਲ ਜਾਂਦੇ ਅਤੇ ਧਮਕਾਊ ਇਸ਼ਾਰੇ ਕਰਦੇ।

ਇਸ ਸਾਰੇ ਕੁਝ ਦਾ ਫਿਰ ਸਿੱਟਾ ਕੀ ਬਣਦਾ ਹੈ ? ਸਿੱਟਾ ਇਹ ਹੈ ਕਿ ਅਸੀਂ ਸ਼ਾਹ ਮੁਹੰਮਦ ਦੇ ਪੰਜਾਬੀਆਂ ਵਜੋਂ ਨਿਕੰਮੇ

ਸਾਬਿਤ ਹੋਏ ਹਾਂ। ਅਸੀਂ ਹੀ ਹਾਂ ਜਿਨ੍ਹਾਂ ਨੇ ਵੈਸ਼ਨਵਾਂ, ਸੂਫ਼ੀਆਂ, ਸਿੱਖ ਗੁਰੂਆਂ ਵੱਲੋਂ ਅਜਿਹੇ ਪੰਜਾਬੀ ਸਮਾਜ ਨੂੰ ਸਿਰਜਣ ਲਈ ਜਿਸ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਭਾਈਚਾਰਾ ਸਮੋਅ ਸਕਦਾ ਹੈ, ਨੂੰ ਬਣਾਉਣ ਲਈ ਕੀਤੇ ਗਏ ਉਨ੍ਹਾਂ ਦੇ ਕੰਮਾਂ ਨੂੰ ਖੇਹ ਕੀਤਾ ਹੈ। ਭਾਵੇਂ ਸਾਡੇ ਸ਼ਹਿਰ ਵਿਚ ਨਹੀਂ, ਪਰ ਸਾਡੀਆਂ ਚੋਟੀਆਂ (ਬੋਦੀਆਂ) ਉਸ ਗੱਲ ਲਈ ਸਤਿਕਾਰੀਆਂ ਜਾਂਦੀਆਂ ਸਨ ਜੋ ਇਨ੍ਹਾਂ ਦਾ ਵੱਡਾ ਅਰਥ ਸੀ। ਬਾਵਜੂਦ ਇਸ ਗੱਲ ਦੇ ਕਿ ਆਬਾਦੀ ਵਿਚ ਵੀ ਮੁਸਲਮਾਨਾਂ ਦੀ ਗਿਣਤੀ ਹਿੰਦੂ-ਸਿੱਖਾਂ ਦੇ ਮੁਕਾਬਲੇ 3:1 ਦੇ ਅਨੁਪਾਤ ਵਿਚ ਸੀ। ਕੋਈ ਸਾਨੂੰ ਛੇੜਦਾ ਜਾਂ ਤੰਗ ਨਹੀਂ ਕਰਦਾ ਸੀ। ਇਸੇ ਤਰ੍ਹਾਂ ਹਰ ਨੂੰਹ-ਧੀ ਭਾਵੇਂ ਉਹ ਕਿਸੇ ਵੀ ਹਿੰਦੂ ਜਾਂ ਮੁਸਲਮਾਨ ਦੀ ਹੋਵੇ, ਉਸ ਨੂੰ ਪਵਿੱਤਰ ਸਮਝਿਆ ਜਾਂਦਾ ਸੀ ਕਿਉਂਕਿ ਪਿੰਡ ਜਾਂ ਸ਼ਹਿਰਾਂ ਦੀ ਨੂੰਹ-ਧੀ ਸਾਂਝੀ ਮੰਨੀ ਜਾਂਦੀ ਸੀ। ਦੂਜੇ ਸ਼ਬਦਾਂ ਵਿਚ, ਜਿੰਨੇ ਅਸੀਂ ਸਿੱਖਿਅਤ ਹੁੰਦੇ ਗਏ, ਓਨੇ ਹੀ ਅਸੀਂ ਉਜੱਡ ਹੁੰਦੇ ਗਏ। ਇਥੇ ਪੰਜਾਬ ਵਿਚ ਵਧੀ ਫਿਰਕਾਪ੍ਰਸਤੀ ਦੇ ਸੰਬੰਧ ਵਿਚ ਪਰਕਿਨਸਨ ਦਾ ਸਿਧਾਂਤ ਉਲਟਾ ਹੋ ਗਿਆ। ਹੋ ਸਕਦਾ ਹੈ ਇੰਝ ਕਹਿਣਾ ਸਨਕੀ ਹੋਵੇ, ਪਰ ਕੋਈ ਇਸ ਸਿੱਟੇ ਤੋਂ ਭੱਜ ਨਹੀਂ ਸਕਦਾ ਕਿ ਅਸੀਂ ਨਾ ਤਾਂ ਸਿੱਖਿਅਤ ਹੋ ਸਕੇ ਹਾਂ ਅਤੇ ਨਾ ਹੀ ਸਭਿਅਕ, ਜੇ ਹੋਏ ਹੁੰਦੇ ਤਾਂ ਨਾ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਮਾਰੂ ਫ਼ਸਲ ਹੁੰਦੀ ਅਤੇ ਨਾ ਹੀ ਦੇਸ਼ ਦੀ ਵੰਡ ਹੁੰਦੀ। ਸਗੋਂ ਅਸੀਂ ਉਸ ਤਰ੍ਹਾਂ ਦੇ ਪੰਜਾਬੀ ਬਣੇ ਰਹਿੰਦੇ ਜਿਹੋ ਜਿਹੇ ਸਾਨੂੰ ਰਣਜੀਤ ਸਿੰਘ ਛੱਡ ਕੇ ਗਿਆ ਸੀ। ਪਰ ਅਫ਼ਸੋਸ ! ਆਧੁਨਿਕ ਸਿੱਖਿਆ ਨਾਲ ਸਭ ਕੁਝ ਬਦਲ ਗਿਆ, ਅੱਜ ਪੰਜਾਬ ਵਿਚ ਜਾਂ ਹਿੰਦੂ ਹਨ ਜਾਂ ਮੁਸਲਮਾਨ ਤੇ ਜਾਂ ਸਿੱਖ, ਪਰ ਪੰਜਾਬੀ ਕੋਈ ਵੀ ਨਹੀਂ। ਸ਼ਾਇਦ ਅਸੀਂ ਆਧੁਨਿਕ ਸਿੱਖਿਆ ਰਾਹੀਂ ਸਿੱਖਿਆ ਘੱਟ ਹੈ ਅਤੇ ਭੁੱਲਿਆ ਵਧੇਰੇ ਹੈ। ਘੱਟੋ-ਘੱਟ ਅਸੀਂ ਸੱਚੇ ਅਰਥਾਂ ਵਿਚ ਸਭਿਅਕ ਹੋਣ ਦਾ ਸਦਾਚਾਰਕ ਗੁਣ ਭੁੱਲਿਆ ਹੈ, ਜਿਸ ਦਾ ਭਾਵ ਸੀ ਸੰਵੇਦਨਸ਼ੀਲ ਅਤੇ ਸਹਿਣਸ਼ੀਲ ਮਨੁੱਖ ਬਣਨਾ ਜੋ ਭਾਈਚਾਰਕ ਏਕਤਾ ਅਤੇ ਇਕਮੁੱਠਤਾ ਵਰਗੀਆਂ ਉੱਚ ਪੰਜਾਬੀ ਭਾਵਨਾ ਨਾਲ ਜੁੜਿਆ ਹੋਵੇ।

—6—

ਸ਼ਾਹ ਮੁਹੰਮਦ ਦੁਆਰਾ ਵਰਤੀ ਗਈ ਬਿੰਬਾਵਲੀ ਬਾਰੇ ਗੱਲ ਕਰਨੀ ਵੀ ਇਥੇ ਲੋੜੀਂਦੀ ਹੈ। ਉਸ ਦੁਆਰਾ ਵਰਤੇ ਗਏ ਰੂਪਕ ਅਤੇ ਤਸ਼ਬੀਹਾਂ ਜੇ ਹਿੰਦੂ ਨਹੀਂ ਹਨ ਤਾਂ ਸਾਫ਼-ਸਾਫ਼ ਰੂਪ ਵਿਚ ਭਾਰਤੀ ਹਨ। ਕਵੀਆਂ ਦੁਆਰਾ ਤਸ਼ਬੀਹਾਂ ਅਤੇ ਪ੍ਰਤੀਕਾਂ ਦੀ ਵਰਤੋਂ ਖ਼ਾਸ ਅਨੁਭਵਾਂ ਨੂੰ ਸੂਤਰਕ ਰੂਪ ਵਿਚ ਬਿਆਨ ਕਰਨ ਲਈ ਕੀਤੀ ਜਾਂਦੀ ਹੈ। ਇਸ ਨਾਲ ਸਾਰੀ ਕਹਾਣੀ ਅਤੇ ਉਸ ਦੀਆਂ ਵਿਭਿੰਨ ਪਰਤਾਂ ਪਾਠਕ ਸਾਹਵੇਂ ਇਕ ਸ਼ਬਦ ਵਿਚ ਹੀ ਰੌਸ਼ਨ ਹੋ ਜਾਂਦੀਆਂ ਹਨ। ਇਨ੍ਹਾਂ ਬਿੰਬਾਂ, ਪ੍ਰਤੀਕਾਂ ਆਦਿ ਦਾ ਸ੍ਰੋਤ ਘੱਟ ਜਾਂ ਵੱਧ ਭਾਰਤੀ ਕਲਾਸਿਕ ਰਚਨਾਵਾਂ ਜਿਵੇਂ ਮਹਾਂਭਾਰਤ ਅਤੇ ਰਮਾਇਣ ਆਦਿ ਬਣਦੇ ਹਨ। ਸ਼ਾਹ ਮੁਹੰਮਦ ਅਰਬ ਦੀ ਕੁਰੈਸ਼ੀ ਬਰਾਦਰੀ ਨਾਲ ਸੰਬੰਧਤ ਜਿਸ ਨੂੰ ਇਕ ਉੱਚ ਕੁਲ ਸਮਝਿਆ ਜਾਂਦਾ ਹੈ। ਇਸ ਆਧਾਰ 'ਤੇ ਇਹ ਸੰਭਵ ਸੀ ਕਿ ਉਹ ਆਪਣੇ ਬਿੰਬ ਫ਼ਾਰਸੀ ਅਤੇ ਅਰਬੀ ਕਲਾਸਿਕ ਰਚਨਾਵਾਂ ਵਿਚੋਂ ਲੈਂਦਾ, ਪਰ ਸ਼ਾਹ ਮੁਹੰਮਦ ਇਸ ਤਰ੍ਹਾਂ ਨਹੀਂ ਕਰਦਾ। ਉਸ ਨੂੰ ਕੋਈ ਲੋੜ ਨਹੀਂ ਪੈਂਦੀ ਕਿ ਉਹ ਆਪਣੀ ਬੌਧਿਕਤਾ ਰਾਹੀਂ ਜਾਂ ਵਿਦੇਸ਼ੀ ਭਾਸ਼ਾਵਾਂ ਦੀ ਜਾਣਕਾਰੀ ਰਾਹੀਂ ਆਪਣੇ ਪਾਠਕ ਨੂੰ ਭੰਬਲਭੂਸੇ ਵਿਚ ਪਾਵੇ। ਉਹ ਲੋਕਾਂ ਦੇ ਮੁਹਾਵਰੇ ਵਿਚ ਇਸ ਤਰ੍ਹਾਂ ਗੱਲ ਕਰਦਾ ਹੈ ਕਿ ਉਸ ਦੀ ਭਾਸ਼ਾ ਵਿਚਲੇ ਨਵੇਂ ਸ਼ਬਦ ਵੀ ਸਪੱਸ਼ਟ ਸਮਝ ਆਉਂਦੇ ਹਨ। ਇਨ੍ਹਾਂ ਕੁਝ ਗੱਲਾਂ ਤੋਂ ਹੀ ਪਤਾ ਲੱਗਦਾ ਹੈ ਕਿ ਕਵੀ ਆਪਣੀ ਭਾਸ਼ਾ ਨਾਲ ਕਿੰਨੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਂਝ, ਇਹ ਕਲਪਨਾ ਕਰਨਾ ਵੀ ਮੁਸ਼ਕਿਲ ਲੱਗਦਾ ਹੈ ਕਿ ਇਕ ਭਾਰਤੀ ਮੁਸਲਮਾਨ ਭਾਰਤੀ ਗਿਆਨ ਦਾ ਏਨਾ ਜਾਣਕਾਰ ਹੈ ਕਿ ਉਸ ਦੇ ਬਿੰਬਾਂ, ਪ੍ਰਤੀਕਾਂ ਦੇ ਸਾਰੇ ਸ੍ਰੋਤ ਸਥਾਨਕ ਹਨ। ਉਂਝ ਭਾਵੇਂ ਸਥਾਨਕ ਮੁਹਾਵਰੇ ਦੇ ਹੱਕ ਵਿਚ ਗੱਲਾਂ ਬਹੁਤ ਕੀਤੀਆਂ ਜਾਂਦੀਆਂ ਹਨ ਪਰ ਅੱਜ ਵੀ ਅਜਿਹਾ ਨਹੀਂ ਹੁੰਦਾ ਤੇ ਜੋ ਵੀ ਇਹ ਕਮਾਲ ਹਾਸਿਲ ਕਰਦਾ ਹੈ ਤਾਂ ਇਸ ਲਈ ਸਖ਼ਤ ਮਿਹਨਤ ਲੱਗਦੀ ਹੈ। ਪ੍ਰਚਲਿਤ ਕੁਲੀਨ ਅਤੇ ਬੌਧਿਕ ਭਾਸ਼ਾ ਵਿਚ ਲਿਖਣ ਨਾਲੋਂ ਲੋਕਾਂ ਦੀ ਅਜਿਹੀ ਸੌਖੀ ਭਾਸ਼ਾ ਵਿਚ ਲਿਖਣਾ, ਜੋ ਆਮ ਤੌਰ 'ਤੇ ਲਿਖਤ ਵਿਚ ਵਰਤੀ ਨਾ ਜਾਂਦੀ ਹੋਵੇ, ਬਹੁਤ ਕਠਿਨ ਹੁੰਦਾ ਹੈ ਅਤੇ ਸ਼ਾਹ ਮੁਹੰਮਦ ਇਸ ਕਿਸਮ ਦੀ ਇਕ ਉੱਤਮ ਮਿਸਾਲ ਹੈ। ਮਸਲਨ, ਬਿਲਕੁਲ ਪਹਿਲੇ ਹੀ ਬੰਦ ਵਿਚ ਉਹ ਚੌਦਾਂ ਤਬਕਾਂ (ਸੰਸਾਰ) ਦੀ ਗੱਲ ਕਰਦਾ ਹੈ। ਇਹ ਸ਼ੁੱਧ ਰੂਪ ਵਿਚ ਹਿੰਦੂ ਸੰਕਲਪ ਹੈ। ਮੁਸਲਮਾਨ ਬ੍ਰਹਿਮੰਡ ਨੂੰ 'ਦੋ ਜਹਾਨਾਂ' ਵਿਚ ਵੰਡਦੇ ਹਨ। ਅੱਗੇ ਨੌਵੇਂ ਬੰਦ ਵਿਚ ਉਸ ਲਈ ਮੌਤ ਦਾ ਦੇਵਤਾ ਧਰਮ ਰਾਜ ਹੈ, ਜੋ ਕਿਸੇ ਦੀ ਮੌਤ ਦੇ ਹੁਕਮਾਂ ਦੀ ਪਾਲਣਾ ਲਈ ਦੂਤ ਭੇਜਦਾ ਹੈ। ਇਸੇ ਤਰ੍ਹਾਂ ਉਹ ਸ਼ੇਰ ਸਿੰਘ ਦੇ ਪੁੱਤਰ ਪਰਤਾਪ ਸਿੰਘ ਦਾ ਚਿਤਰਣ ਕਰਦਾ ਹੈ ਜੋ ਹਵਨ ਵਿਚ ਬੈਠਾ ਹੈ ਅਤੇ ਜ਼ਾਲਮ ਲਹਿਣਾ ਸਿੰਘ ਉਸ ਦਾ ਸਿਰ ਕਲਮ ਕਰ ਦਿੰਦਾ ਹੈ। ਪਰ ਲਹਿਣਾ ਸਿੰਘ ਆਪ ਇਸ ਗੱਲ ਤੋਂ ਬੇਖ਼ਬਰ ਹੈ ਕਿ ਉਹ ਆਪ ਵੀ ਇਕ ਦਿਨ ਦਾ ਹੀ ਪ੍ਰਾਹੁਣਾ ਹੈ। ਇਸੇ ਤਰ੍ਹਾਂ ਸੰਧਾਵਾਲੀਆ ਸਰਦਾਰ ਰਾਜਾ ਧਿਆਨ ਸਿੰਘ ਦੇ ਸੱਜਰੇ ਲਹੂ ਨਾਲ ਬਾਲ ਰਾਜਕੁਮਾਰ

ਦਲੀਪ ਸਿੰਘ ਦਾ ਰਾਜ ਤਿਲਕ ਕਰਦੇ ਹਨ ਅਤੇ ਫਿਰ ਉਸ ਦੀ ਪਰਿਕਰਮਾ ਕਰਦੇ ਹਨ। ਇਹ ਸਾਰੀਆਂ ਹਿੰਦੂ ਰਸਮਾਂ ਹਨ। ਇਸੇ ਤਰ੍ਹਾਂ 39ਵੇਂ ਬੰਦ ਵਿਚ ਉਹ ਜੈਮਲ ਅਤੇ ਫੱਤੇ ਦੇ ਸੋਹਲੇ ਗਾਉਂਦਾ ਹੈ। ਜਿਨ੍ਹਾਂ ਨੇ ਚਿਤੌੜ ਦੀ ਰੱਖਿਆ ਕਰਦਿਆਂ ਅਕਬਰ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਆਪਣੇ ਲਈ ਹਮੇਸ਼ਾ ਜਿਉਂਦੀ ਰਹਿਣ ਵਾਲੀ ਬਹਾਦਰੀ ਦੀ ਸ਼ਾਨਾਮੱਤੀ ਗਾਥਾ ਛੱਡ ਕੇ ਗਏ। ਉਹ ਸਰਦਾਰ ਲਹਿਣਾ ਸਿੰਘ ਮਜੀਠੀਏ ਦਾ ਬਿਆਨ ਕਰਦਾ ਹੈ ਜੋ ਦਰਬਾਰ ਵਿਚ ਫ਼ੈਲੀ ਅਰਾਜਕਤਾ ਵਾਲੀਆਂ ਹਾਲਤਾਂ ਨੂੰ ਛੱਡ ਕੇ ਲੰਮੀ ਤੀਰਥ ਯਾਤਰਾ ’ਤੇ ਜਾ ਰਿਹਾ ਹੈ। ਇਥੇ ਉਸ ਦੁਆਰਾ ‘ਮੁਲਕ’ ਸ਼ਬਦ ਦੀ ਥਾਂ ‘ਦੇਸ਼’ ਸ਼ਬਦ ਦੀ ਵਰਤੋਂ ਉਸ ਦੀ ਸਥਾਨਕ ਮੁਹਾਵਰੇ ਨਾਲ ਨੇੜਤਾ ਨੂੰ ਜ਼ਾਹਰ ਕਰਦਾ ਹੈ ਭਾਵੇਂ ਕਿ ‘ਮੁਲਕ’ ਸ਼ਬਦ ਵੀ ਇਸੇ ਤਰ੍ਹਾਂ ਦੇ ਪ੍ਰਭਾਵ ਨਾਲ ਵਰਤਿਆ ਜਾਂਦਾ ਹੈ। ਸਿਰਫ਼ ਇਹੀ ਨਹੀਂ, ਸ਼ਾਹ ਮੁਹੰਮਦ ਰਾਵਣ ਦੀ ਤਬਾਹੀ ਦੀ ਗੱਲ ਕਰਦਾ ਹੈ ਜਿਸ ਦੇ ਇਕ ਲੱਖ ਪੁੱਤਰ ਅਤੇ ਸਵਾ ਲੱਖ ਦੋਹਤੇ ਸਨ, ਜੋ ਸਿਰਫ਼ ਇਸ ਕਾਰਨ ਮਾਰਿਆ ਜਾਂਦਾ ਹੈ ਕਿ ਉਸ ਦਾ ਆਪਣਾ ਅੰਦਰ ਦਾ ਬੰਦਾ ਉਸ ਦੀ ਪਿੱਠ ’ਤੇ ਵਾਰ ਕਰਦਾ ਹੈ। ਇਸ ਤਰ੍ਹਾਂ 60ਵੇਂ ਬੰਦ ਵਿਚ ਉਹ ਕਹਿੰਦੀ ਹੈ, ਇਲਾਹੀ ਬਖ਼ਸ਼ ਨੇ ਆਪਣੀਆਂ ਤੋਪਾਂ ਮਾਂਜ ਕੇ ਬਾਹਰ ਰੱਖੀਆਂ ਤੇ ਉਨ੍ਹਾਂ ਨੂੰ ਧੂਪ ਦਿੱਤੀ। ਕੀ ਕੋਈ ਹਿੰਦੂ ਤੋਪਚੀ ਕੁਝ ਹੋਰ ਕਰ ਸਕਦਾ ਸੀ। ਫੇਰ 76ਵੇਂ ਬੰਦ ਵਿਚ ਉਹ ਕਹਿੰਦਾ ਹੈ, ਕੈਰੋਂ ਪਾਂਡਵਾਂ ਦੇ ਜੈਸੇ ਬਾਣ ਛੁੱਟੇ। ਮੀਂਹ ਵਾਂਗ ਡਿੱਗਦੇ ਗੋਲਿਆਂ ਨੂੰ ਬਿਆਨ ਕਰਨ ਲਈ ਸ਼ਾਇਦ ਇਕ ਭਾਰਤੀ ਲਈ ਇਹ ਬਹੁਤ ਹੀ ਮਾਕੂਲ ਤਸ਼ਬੀਹ ਹੈ ਪਰ ਸਭ ਤੋਂ ਵੱਡੀ ਕਮਾਲ ਬੰਦ 102 ਵਿਚ ਹੁੰਦੀ ਹੈ, ਇਸ ਲਈ ਇਥੇ ਸਾਰਾ ਬੰਦ ਹੀ ਪੇਸ਼ ਕਰਨਾ ਪਵੇਗਾ :

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ
ਰਾਵਣ ਲੰਕਾ ਦੇ ਵਿਚ ਮਰਵਾਇ ਦਿੱਤਾ।
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ
ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਉਤੇ ਅਸਵਾਰ ਹੋਈਆਂ
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।

ਇਸ ਗੱਲ ਨੂੰ ਬਿਆਨ ਕਰਨ ਲਈ ਕਿ ਕਿਵੇਂ ਇਤਿਹਾਸ ਵਿਚ ਇਹ ਸਮਝਿਆ ਜਾਂਦਾ ਹੈ ਕਿ ਔਰਤਾਂ ਕਾਰਨ ਬੰਦਿਆਂ ਨੂੰ ਕਿੰਨੀਆਂ ਮੁਸੀਬਤਾਂ ਝੱਲਣੀਆਂ ਪਈਆਂ ਹਨ। ਇਹ ਸ਼ਾਇਦ ਸਭ ਤੋਂ ਵਧੀਆ ਢੰਗ ਹੈ। ਉਹ ਸਿਰਫ਼ ਰਾਮ, ਕੌਰਵਾਂ ਅਤੇ ਪਾਂਡਵਾਂ ਦਾ ਹੀ ਜ਼ਿਕਰ ਨਹੀਂ ਕਰਦਾ ਸਗੋਂ ਰਾਜਾ ਭੋਜ ਦਾ ਵੀ ਕਰਦਾ ਹੈ, ਜਿਸ ਦੀ ਸਿਆਣਪ ਦਾ ਜ਼ਿਕਰ ਕਹਾਣੀਆਂ ਵਿਚ ਅਖਾਣਾਂ ਵਾਂਗ ਆਉਂਦਾ ਹੈ। ਬੇਸ਼ੱਕ ਸ਼ਾਹ ਮੁਹੰਮਦ ਦੋ ਵਾਰ ਅਲੀ ਅਕਬਰ ਦਾ ਵੀ ਜ਼ਿਕਰ ਕਰਦਾ ਹੈ। ਇਹ ਜ਼ਿਕਰ ਕਰਨ ਦੇ ਉਸ ਦੇ ਦੋ ਕਾਰਨ ਨਜ਼ਰ ਆਉਂਦੇ ਹਨ। ਪਹਿਲਾ, ਕਿ ਅਲੀ ਅਕਬਰ ਇਕ ਅਜਿਹੇ ਆਦਰਸ਼ ਪੁੱਤਰ ਵਜੋਂ ਉਭਰਦਾ ਹੈ ਜੋ ਆਪਣੇ ਗੱਦੀਓਂ ਲਾਹੇ ਪਿਤਾ ਨੂੰ ਦੁਬਾਰਾ ਤਖ਼ਤ ’ਤੇ ਬਿਠਾਉਣ ਲਈ ਅਫ਼ਗਾਨਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਜਥੇਬੰਦ ਕਰਦਾ ਹੈ ਅਤੇ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਵਿਚੋਂ ਕੱਢ ਦਿੰਦਾ ਹੈ ਅਤੇ ਦੂਜਾ, ਭਾਰਤ ਵਿਚ ਬਰਤਾਨਵੀ ਵਿਸਥਾਰ ਦੀ ਇਕ ਸਦੀ ਵਿਚ, ਉਹ ਇਕੋ ਇਕ ਯੋਧਾ ਹੈ ਜਿਸ ਨੇ ਆਪਣੇ ਹਥਿਆਰਾਂ ਨਾਲ ਹੁਣ ਤਕ ਅਜਿੱਤ ਰਹੇ ਅੰਗਰੇਜ਼ਾਂ ਨੂੰ ਹਰਾਇਆ। ਸ਼ਾਹ ਮੁਹੰਮਦ ਇਕ ਨੇਕ ਪੰਜਾਬੀ ਦੇ ਤੌਰ ’ਤੇ ਅੰਗਰੇਜ਼ਾਂ ਨੂੰ ਨਫ਼ਰਤ ਕਰਦਾ ਹੈ, ਸ਼ਾਇਦ ਉਹ ਚਾਹੁੰਦਾ ਹੈ ਕਿ ਫਿਰੰਗੀਆਂ ਨੂੰ ਪੰਜਾਬ ਵਿਚੋਂ ਬਾਹਰ ਖਦੇੜ ਦਿੱਤਾ ਜਾਵੇ ਤਾਂ ਜੋ ਹਿੰਦੂ ਅਤੇ ਮੁਸਲਮਾਨ ਸ਼ਾਂਤੀ ਨਾਲ ਇਕੱਠੇ ਰਹਿ ਸਕਣ। ਇਸ ਲਈ ਅਲੀ ਅਕਬਰ ਉਸ ਲਈ ਇਕ ਮੁਸਲਮਾਨ ਯੋਧਾ ਹੋਣ ਕਾਰਨ ਮਹੱਤਵਪੂਰਨ ਨਹੀਂ ਸਗੋਂ ਇਸ ਲਈ ਕਿ ਉਹ ਖ਼ਾਸ ਮੁੱਲਾਂ ਦਾ ਪ੍ਰਤੀਕ ਹੈ।

ਉਹ ਪੰਜਾਬੀ ਰੌਬਿਨਹੁੱਡ ਕਹੇ ਜਾਂਦੀ ਦੁੱਲਾ ਭੱਟੀ ਦਾ ਜ਼ਿਕਰ ਵੀ ਕਰਦਾ ਹੈ, ਜੋ ਇਕ ਕਾਮੀ ਮੁਸਲਮਾਨ ਗਵਰਨਰ ਤੋਂ ਇਕ ਬ੍ਰਾਹਮਣ ਲੜਕੀ ਦੀ ਪੱਤ ਦੀ ਰੱਖਿਆ ਕਰਦਾ ਹੈ। ਸ਼ਾਇਦ ਸ਼ਾਹ ਮੁਹੰਮਦ ਮਹਿਸੂਸ ਕਰਦਾ ਹੈ ਕਿ ਦੁੱਲਾ ਭੱਟੀ ਵਰਗੇ ਬੰਦੇ ਪੰਜਾਬ ਵਿਚ ਹਿੰਦੂ-ਮੁਸਲਮਾਨ ਏਕਤਾ ਦਾ ਪ੍ਰਤੀਕ ਬਣਨੇ ਚਾਹੀਦੇ ਹਨ। ਦੁੱਲਾ ਭੱਟੀ ਪੰਜਾਬ ਦਾ ਸਭ ਤੋਂ ਵੱਧ ਜਾਣਿਆ ਪਛਾਣਿਆ ਲੋਕ ਨਾਇਕ ਹੈ ਅਤੇ ਉਸ ਦੇ ਗੀਤ ਭਾਰਤ ਅਤੇ ਪਾਕਿਸਤਾਨ ਦੋਹਾਂ ਵਿਚ ਗਾਏ ਜਾਂਦੇ ਹਨ। ਇਸ ਲਈ ਸ਼ਾਹ ਮੁਹੰਮਦ ਦੁਆਰਾ ਉਸ ਦਾ ਜ਼ਿਕਰ ਕਰਨਾ ਜਾਇਜ਼ ਹੈ। ਉਹ ਮੀਰਦਾਦ ਚੌਹਾਨ ਨੂੰ ਵੀ ਯਾਦ ਕਰਦਾ ਹੈ ਜਿਸ ਦੀਆਂ ਪਤਨੀਆਂ ਨੇ ਰਾਜਪੂਤ ਪਰੰਪਰਾ ਅਨੁਸਾਰ ਆਪਣੇ ਆਪ ਨੂੰ ਸਤੀ ਕਰ ਲਿਆ। ਇਸ ਤਰ੍ਹਾਂ ਇਹ

ਮਿਸਾਲ ਵੀ ਹਿੰਦੂ ਮੁਸਲਮਾਨ ਏਕਤਾ ਦਾ ਪ੍ਰਤੀਕ ਬਣਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਅੱਜ ਇਕ ਪੰਜਾਬੀ ਮੁਸਲਮਾਨ ਲਈ ਇਹ ਸੰਭਵ ਹੈ ਕਿ ਉਹ ਭਾਰਤੀ ਜੀਵਨ ਦੇ ਸਾਰੇ ਬਿੰਬਾਂ-ਪ੍ਰਤੀਕਾਂ ਦਾ ਇੰਨਾ ਜਾਣਕਾਰ ਹੋਵੇ ? ਇਸ ਦਾ ਜਵਾਬ ਹੋ ਸਕਦਾ ਹੈ ਨਕਾਰਾਤਮਕ ਹੋਵੇ। ਕਿਉਂ ? ਇਸ ਦਾ ਕਾਰਨ ਇਹ ਹੈ ਕਿ ਨਵਾਂ ਬਣਿਆ ਪਾਕਿਸਤਾਨ ਜਿਸ ਵਿਚ ਮੁੱਖ ਤੌਰ ’ਤੇ ਪੰਜਾਬੀ ਮੁਸਲਮਾਨ ਹੀ ਹਨ, ਉਹ ਹਿੰਦੂ ਨਫ਼ਰਤ ਉੱਤੇ ਉਸਰਿਆ ਹੈ, ਭਾਵੇਂ ਕਿ ਉਸ ਵਿਚਲੇ ਬਹੁਤੇ ਪੰਜਾਬੀ ਅੱਜ ਵੀ ਸਾਡੇ ਨਾਲੋਂ ਬਿਹਤਰ ਪੰਜਾਬੀ ਹਨ। ਜਦੋਂ ਤਕ ਪੰਜਾਬੀ ਭਾਸ਼ਾ ਦੋਵਾਂ ਪਾਸਿਆਂ ਦੇ ਪੰਜਾਬੀਆਂ ਵਿਚ ਜਿਉਂਦਾ ਪਲ ਹੈ, ਉਦੋਂ ਤਕ ਉਧਰਲੇ ਪੰਜਾਬੀਆਂ ਵਿਚ ਭਾਰਤੀ ਪੰਜਾਬੀਆਂ ਬਾਰੇ ਹੋਰ ਹੋਰ ਜਾਣਨ ਦੀ ਲਗਾਤਾਰ ਤੜਪ ਬਣੀ ਰਹੇਗੀ ਅਤੇ ਜੇ ਇਹ ਤੜਪ ਸੱਚੀ ਅਤੇ ਖਰੀ ਹੈ ਤਾਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਇਕ ਦਿਨ ਉਹ ਪੰਜਾਬ ਪੈਦਾ ਹੋਵੇਗਾ ਜਿਸ ਨੂੰ ਅਸੀਂ ਇਤਿਹਾਸਕ ਪੰਜਾਬ ਕਹਿ ਸਕਦੇ ਹਾਂ। ਸ਼ਾਹ ਮੁਹੰਮਦ ਉਸ ਮਹਾਨ ਸਭਿਅਕ ਵਿਰਾਸਤ ਦਾ ਪ੍ਰਤੀਕ ਬਣ ਸਕਦਾ ਹੈ ਜਿਸ ਨੂੰ ਅਸੀਂ ਸਹੀ ਅਰਥਾਂ ਵਿਚ ਪੰਜਾਬੀ ਕਹਿ ਰਹੇ ਹਾਂ।

—7—

ਕੁਝ ਸ਼ਬਦ ਇਸ ਜੰਗਨਾਮੇ ਦੇ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਬਾਰੇ। ਕਾਰਨ ਬਹੁਤ ਸਪੱਸ਼ਟ ਹੈ। ਮੈਂ ਆਪਣੀ ਸਾਰੀ ਉਮਰ ਇਕ ਕਸਬੀ ਅਨੁਵਾਦਕ ਰਿਹਾ ਹਾਂ। ਜਦੋਂ ਮੈਂ 1995 ਵਿਚ ਇਹ ਰਚਨਾ ਪੜ੍ਹੀ ਤਾਂ ਇਸ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਪਿੱਛੇ ਭਾਵਨਾ ਇਹ ਸੀ ਕਿ ਅੰਗਰੇਜ਼ੀ ਜਾਣਨ ਵਾਲੇ ਬਹੁਤ ਸਾਰੇ ਪੰਜਾਬੀਆਂ ਤਕ ਉਨ੍ਹਾਂ ਦੀ ਆਪਣੀ ਵਿਰਾਸਤ ਦੀ ਇਹ ਅਨੂਠੀ ਰਚਨਾ ਜ਼ਰੂਰ ਪਹੁੰਚਣੀ ਚਾਹੀਦੀ ਹੈ। ਹੁਣ ਜਦੋਂ ਮੈਂ ਇਸ ਨੂੰ ਸੋਧਣ ਲਈ ਦੁਬਾਰਾ ਦੇਖਿਆ ਤਾਂ ਮੈਨੂੰ ਲੱਗਿਆ ਕਿ ਇਸ ਰਚਨਾ ਦਾ ਥੀਮ ਸਮਾਜਿਕ ਅਤੇ ਸਾਹਿਤਕ ਦੋਵਾਂ ਪੱਖਾਂ ਤੋਂ ਬਹੁਤ ਮਹੱਤਵਸ਼ਾਲੀ ਹੈ। ਮੈਂ ਮਹਿਸੂਸ ਕੀਤਾ ਕਿ ਮੈਨੂੰ ਇਸ ਨੂੰ ਹਿੰਦੀ ਵਿਚ ਵੀ ਅਨੁਵਾਦ ਕਰਨਾ ਚਾਹੀਦਾ ਹੈ ਕਿਉਂਕਿ ਇਹ ਕਾਵਿ ਰਚਨਾ ਰਾਸ਼ਟਰੀ ਏਕੀਕਰਨ ਬਾਰੇ ਸਭ ਤੋਂ ਉੱਤਮ ਹੈ। ਇਹ ਰਚਨਾ ਇਕ ਮੁਸਲਮਾਨ ਦੀ ਕਲਮ ਤੋਂ ਨਿਕਲੀ ਹੈ ਅਤੇ ਜਿਸ ਨੂੰ ਅਜੇ ਤਕ ਕੋਈ ਹਿੰਦੂ ਪਾਰ ਨਹੀਂ ਕਰ ਸਕਿਆ।

ਪੰਜਾਬ ਦੇ ਪ੍ਰਸੰਗ ਵਿਚ ਇਸ ਦਾ ਦੋਹਰਾ ਮਹੱਤਵ ਹੈ ਕਿਉਂਕਿ ਥੋੜ੍ਹਾ ਸਮਾਂ ਪਹਿਲਾਂ ਹੀ ਮੇਰੀ ‘ਪਿਤਰ ਭੂਮੀ’, ‘ਦੋ ਰਾਸ਼ਟਰ’ ਸਿਧਾਂਤ ਦੇ ਨਾਂ ’ਤੇ ਵੰਡੀ ਗਈ ਹੈ ਅਤੇ ਇਹ ਇਕ ਅਜਿਹੀ ਸਾਹਿਤਕ ਰਚਨਾ ਹੈ ਜੋ ਇਸ ਸਿਧਾਂਤ ਨੂੰ ਜ਼ੋਰਦਾਰ ਤਰੀਕੇ ਨਾਲ ਰੱਦ ਕਰਦੀ ਹੈ। ਸ਼ਾਹ ਮੁਹੰਮਦ ਨੂੰ ਪੜ੍ਹਨ ਤੋਂ ਬਾਅਦ ਇਹ ਸਾਫ਼ ਹੋ ਜਾਂਦਾ ਹੈ ਕਿ ਪੰਜਾਬੀ ਵਿਚ ਫੈਲੀ ਫਿਰਕਾਪ੍ਰਸਤੀ ਇਕ ਤੀਜੀ ਧਿਰ ਭਾਵ ਅੰਗਰੇਜ਼ਾਂ ਦੀ ਕਰਤੂਤ ਸੀ। ਇਹ ਦ੍ਰਿਸ਼ਟੀ ਇਕ ਵੱਡੇ ਘੇਰੇ ਦੀ ਹਿੰਦੀ ਪਾਠਕਾਂ ਤਕ ਪਹੁੰਚਣੀ ਚਾਹੀਦੀ ਹੈ ਕਿਉਂਕਿ ਵੱਡੇ ਪੈਮਾਨੇ ’ਤੇ ਹਿੰਦੂ ਇਹ ਸੋਚਦੇ ਹਨ ਕਿ ਮੁਸਲਿਮ ਜਾਂ ਸਿੱਖ ਹੀ ਫਿਰਕੂ ਸਨ। ਇਸ ਨਾਲ ਉਹ ਸਮਝ ਸਕਣਗੇ ਕਿ ਅਸਲ ਦੋਸ਼ੀ ਕੌਣ ਹੈ। ਉਨ੍ਹਾਂ ਦੀ ਫ਼ਿਰਕਾਪ੍ਰਸਤੀ ਹਿੰਦੂਆਂ ਦੀ ਆਪਣੇ ਆਪ ਬਾਰੇ ਸੋਚਣੀ ਅਤੇ ਕਰਨੀ ਦਾ ਹੀ ਪ੍ਰਤਿਕਰਮ ਸੀ। ਇਸ ਲਈ ਇਸ ਦਾ ਹਿੰਦੀ ਅਨੁਵਾਦ ਕੀਤਾ ਗਿਆ ਹੈ।

ਪਰ ਇਸ ਦਾ ਇਕ ਕਾਰਨ ਹੋਰ ਵੀ ਹੈ। ਲੰਮੇ ਸਮੇਂ ਤੋਂ ਮੇਰੀ ਇੱਛਾ ਸੀ ਕਿ ਜੇ ਮੌਕਾ ਮਿਲਿਆ ਤਾਂ ਮੈਂ ਵਾਰਿਸ ਸ਼ਾਹ ਦੀ ਹੀਰ ਨੂੰ ਅਨੁਵਾਦ ਕਰਾਂ। ਮੈਨੂੰ ਨਹੀਂ ਪਤਾ ਕਿ ਮੈਂ ਇਸ ਕਠਿਨ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਆਪਣੇ ਆਪ ਨੂੰ ਕਿਵੇਂ ਯੋਗ ਬਣਾ ਸਕਾਂਗਾ। ਇਸ ਲਈ ਇਹ ਅਨੁਵਾਦ ਇਕ ਤਰ੍ਹਾਂ ਨਾਲ ਸਿਖਾਂਦਰੂ ਕਾਰਜ ਹੈ। ਜੇ ਇਹ ਅਨੁਵਾਦ ਮੁੱਲਵਾਨ ਸਾਬਿਤ ਹੁੰਦਾ ਹੈ ਤਾਂ ਮੈਂ ਅਗਲੇ ਵੱਡੇ ਕੰਮ ਨੂੰ ਕਰਨ ਲਈ ਦੁਗਣਾ ਉਤਸ਼ਾਹਿਤ ਮਹਿਸੂਸ ਕਰਾਂਗਾ।

ਇਸ ਤੋਂ ਇਲਾਵਾ ਮੈਂ ਹਿੰਦੀ ਵਾਲੇ ਅਨੁਵਾਦ ਨੂੰ ਬੈਂਤ ਛੰਦ ਵਿਚ ਹੀ ਉਲਥਾਉਣ ਦਾ ਯਤਨ ਕੀਤਾ ਹੈ। ਇਸ ਦਾ ਮਕਸਦ ਇਹ ਹੈ ਕਿ ਗ਼ੈਰ-ਪੰਜਾਬੀ ਪਾਠਕ ਵੀ ਇਸ ਨੂੰ ਗੁਣਗੁਣਾ ਸਕਣ ਜੋ ਵਾਰਿਸ ਸ਼ਾਹ ਦੀ ਹੀਰ ਵਾਂਗ ਹੀ ਰੂਹਾਨੀ ਹੈ। ਇਸ ਤੋਂ ਇਲਾਵਾ, ਅੱਜ ਦੀ ਫਿਰਕਾਪ੍ਰਸਤੀ ਨਾਲ ਲੜਨ ਲਈ ਇਹ ਸ਼ਾਹ ਮੁਹੰਮਦ ਦੀ ਆਤਮਾ ਨੂੰ ਪੁਨਰ ਜੀਵਿਤ ਕਰੇਗਾ। ਮੈਂ ਉਹ ਦਿਨ ਦੇਖਣਾ ਚਾਹੁੰਦਾ ਹਾਂ ਜਦੋਂ ਹਿੰਦੂ, ਮੁਸਲਮਾਨ ਅਤੇ ਸਿੱਖ ਭਾਵ ਸਾਰੇ ਪੰਜਾਬੀਆਂ ਨੂੰ ਆਪਣੀ ‘ਪਿਤਰ ਭੂਮੀ’ ਨੂੰ ਵੰਡਣ ਦੀ ਬੱਜਰ ਇਤਿਹਾਸਕ ਭੁੱਲ ਦਾ ਅਹਿਸਾਸ ਹੋਵੇਗਾ। ਇਕ ਦਿਨ ਇਸ ਭੁੱਲ ਦਾ ਅਹਿਸਾਸ ਤਾਂ ਹੋਣਾ ਤੈਅ ਹੈ। ਪਰ ਕੀ ਮੈਂ ਇਸ ਅਹਿਸਾਸ ਨੂੰ ਅੱਧਾ ਸਕਿੰਟ ਵੀ ਨੇੜੇ ਲੈ ਆਉਣ ਵਿਚ ਕੋਈ ਸਾਧਨ ਬਣ ਸਕਦਾ ਹਾਂ ?

*ਸ਼ਖ਼ਸੀਅਤ*

# ਯਾਦਾਂ ਕਾਮਰੇਡ ਕੁਲਵੰਤ ਸਿੰਘ ਦੀਆਂ

## ਬਲਬੀਰ ਮਾਧੋਪੁਰੀ

ਗੱਲ 1969 ਦੀ ਹੈ। ਪੰਜਾਬ ਵਿਧਾਨ ਸਭਾ ਲਈ ਚੋਣ ਪ੍ਰਚਾਰ ਜ਼ੋਰਾਂ 'ਤੇ ਸੀ। ਉਦੋਂ ਮੈਂ 14 ਕੁ ਵਰ੍ਹਿਆਂ ਦਾ ਸੀ। ਸਾਡੇ ਇਲਾਕੇ (ਆਦਮਪੁਰ ਹਲਕਾ) ਵਿਚ ਭਾਰਤੀ ਕਮਿਊਨਿਸਟ ਪਾਰਟੀ ਦੀ ਸਾਖ ਤੇ ਲੋਕਾਂ ਵਿਚਾਲੇ ਅਸਰ-ਰਸੂਖ ਆਪਣੀ ਚੜ੍ਹਤ ਵਿਚ ਸੀ। ਟੈਂਪੂ-ਟਰਾਲੀਆਂ 'ਚ ਚੜ੍ਹੇ-ਭਰੇ ਗੱਭਰੂ, ਅੱਧਖੜ ਤੇ ਵੱਡੀ ਉਮਰ ਦੇ ਬੰਦੇ ਬੜੇ ਜੋਸ਼ ਤੇ ਫ਼ੁਰਤੀ ਨਾਲ ਬਾਹਾਂ ਹਵਾ 'ਚ ਉਲਾਰ-ਉਲਾਰ ਨਾਅਰੇ ਲਾਉਂਦੇ—

> ਜਿਥੇ ਖ਼ੂਨ ਮਜ਼ਦੂਰ ਦਾ ਡੁੱਲ੍ਹੂ।
> ਉਥੇ ਲਾਲ ਹਨੇਰੀ ਝੁੱਲੂ। (ਉਪਰਲੀ ਤੁਕ ਦੇ ਜਵਾਬ 'ਚ ਸਮੂਹ ਦੀ ਆਵਾਜ਼)
>
> ਕਿਸਾਨ ਮਜ਼ਦੂਰ ਏਕਤਾ
> ਜ਼ਿੰਦਾਬਾਦ! ਜ਼ਿੰਦਾਬਾਦ! (ਉਪਰਲੇ ਬੋਲਾਂ ਦੇ ਜਵਾਬ 'ਚ ਸਮੂਹ ਆਵਾਜ਼ਾਂ)
>
> ਦੁਨੀਆ ਭਰ ਦੇ ਮਜ਼ਦੂਰੋ
> ਇਕ ਹੋ ਜਾਓ (ਉਪਰਲੇ ਬੋਲਾਂ ਦੇ ਜਵਾਬ 'ਚ ਸਮੂਹ ਆਵਾਜ਼ਾਂ)

...ਤੇ ਇਕ ਦਿਨ ਮੈਂ ਵੀ ਕਾਮਰੇਡਾਂ ਦੇ ਟੈਂਪੂ 'ਚ ਚੜ੍ਹ ਗਿਆ, ਹੋਰ ਮਢੀਰ ਨਾਲ ਝੂਟੇ ਲੈਣ ਲਈ। ਮੇਰੇ ਤਾਏ ਦਾ ਪੁੱਤ ਛੁੰਮਣ ਹੱਥ-ਸਵਾ ਹੱਥ ਲੰਮੀ ਤੂੰਬੀ ਨਾਲ ਗਾਉਂਦਾ ਨਾ ਥੱਕਦਾ। ਕਦੀ ਗਾਉਂਦਾ 'ਝੰਡੀਏ ਤਿੰਨ ਰੰਗੀਏ, ਤੈਨੂੰ ਵੋਟ ਕਿਨੇ ਨਈਂ ਪਾਉਣੀ'। ਟੈਂਪੂ ਅਗਲੇ ਤੋਂ ਅਗਲੇ ਪਿੰਡ ਸੜਕਾਂ, ਕੱਚੇ ਰਾਹਾਂ 'ਤੇ ਦੌੜਿਆ ਰਹਿੰਦਾ। ਤ੍ਰਕਾਲਾਂ ਜਾਂ ਡੂੰਘੀਆਂ ਸ਼ਾਮਾਂ ਨੂੰ ਅਸੀਂ ਤਿੰਨ-ਚਾਰ ਕਿਲੋਮੀਟਰ ਤੁਰਦੇ ਛਾਲਾਂ ਮਾਰਦੇ ਘਰ ਪਹੁੰਚਦੇ।

ਕਿਸੇ-ਕਿਸੇ ਦਿਨ ਕਿਸੇ ਟੈਂਪੂ-ਕਾਰ 'ਚੋਂ ਉਤਰ ਕੇ ਇਕ ਫ਼ੁਰਤੀਲਾ, ਛੋਹਲਾ ਤੇ ਭਰਵੇਂ ਜੁੱਸੇ ਵਾਲਾ ਅੱਧਖੜ ਉਮਰ ਦਾ ਬੰਦਾ ਉਤਰਦਾ, ਜਿਸ ਦੀ ਕਾਲੀ ਭਰਵੀਂ ਦਾਹੜੀ ਉਹਦੇ ਚਿਹਰੇ ਨਾਲ ਕਾਫ਼ੀ ਮੇਲ ਖਾਂਦੀ ਦਿਸਦੀ। ਕਤਰੀ ਦਾਹੜੀ ਵਿਚਲੇ ਠੋਡੀ ਉੱਤੇ ਟਾਵੇਂ-ਟਾਵੇਂ ਚਿੱਟੇ ਵਾਲ ਉਹਦੀ ਚਿੱਟੀ ਪੱਗ ਦਾ ਸਾਥ ਦਿੰਦੇ ਲੱਗਦੇ, ਜਿਵੇਂ ਕਿਸੇ ਸੈਲੂਨ ਵਾਲੇ ਜਾਂ ਪੇਂਟਰ ਦੀ ਸਲਾਹ ਨਾਲ ਉਨ੍ਹਾਂ ਨੂੰ ਸ਼ਿੰਗਾਰਿਆ ਹੋਵੇ। ਪਤਾ ਲੱਗਦਾ ਕਿ ਇਹ ਕਾਮਰੇਡ ਕੁਲਵੰਤ ਸਿੰਘ ਹਨ। ਕੋਈ ਜਣਾ ਹੈਰਾਨ ਹੋ ਕੇ ਦੱਸਦਾ ਕਿ ਇਨ੍ਹਾਂ ਬੇਸ਼ੁਮਾਰ ਕਿਤਾਬਾਂ ਪੜ੍ਹੀਆਂ ਹੋਈਆਂ। ਇਸੇ ਦੌਰਾਨ ਕੋਈ ਉੱਚੀ ਦੇਣੀ ਨਾਅਰਾ ਚੁੱਕਦਾ—

> ਗਲੀ ਗਲੀ 'ਚੋਂ ਆਈ ਆਵਾਜ਼
> ਦਾਤੀ ਸਿੱਟਾ ਕਾਮਯਾਬ (ਅਸੀਂ ਸਾਰੇ ਜਣੇ ਮੋੜਵਾਂ ਨਾਅਰਾ ਲਾਉਂਦੇ)
>
> ਜਿੱਤੂਗਾ ਬਈ ਜਿੱਤੂਗਾ
> ਕਾਮਰੇਡ ਕੁਲਵੰਤ ਜਿੱਤੂਗਾ (ਅਸੀਂ ਅੱਗੋਂ ਉੱਚੀ-ਉੱਚੀ ਬੋਲਦੇ)

ਇਕ ਦਿਨ ਦੁੱਧ-ਚਿੱਟੀ ਦਾਹੜੀ ਵਾਲਾ ਬੰਦਾ ਸਾਈਕਲ ਉੱਤੇ ਧੁੱਤੂ ਵਿਚ ਮੁਨਿਆਦੀ ਕਰਦਾ ਬੋਲਿਆ, 'ਸਾਥੀਓ, ਤੁਹਾਡੇ ਇਲਾਕੇ ਦੇ, ਤੁਹਾਡੇ ਲੋਕਾਂ ਵਿਚੋਂ ਹੀ ਕਾਮਰੇਡ ਕੁਲਵੰਤ ਸਿੰਘ ਚੋਣ ਜਿੱਤ ਗਏ ਨੇ, ਤੁਹਾਡੀਆਂ ਵੋਟਾਂ ਨਾਲ ਐੱਮ.ਐੱਲ.ਏ. ਬਣ ਗਏ ਨੇ। ਉਹ ਪਰਸੋਂ ਨੂੰ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਨ ਆਉਣਗੇ।' ਮੇਰੇ ਭਾਈਏ ਨੇ ਸਾਨੂੰ ਦੱਸਿਆ ਕਿ ਆਹ ਜਿਹੜਾ ਬੋਲਦਾ ਇਹ ਕਾਮਰੇਡ ਮਹਿੰਦਰ ਸਿੰਘ ਬਾਗੀ ਆ, ਭੋਗਪੁਰ 'ਕਸਬੇ ਵਾਲਿਆਂ ਦੀ

ਹੱਟੀ' ਦਾ ਮਾਲਕ ਤੇ ਨਾਲ ਵਾਲਾ ਕਾਮਰੇਡ ਰਾਮ ਕਿਸ਼ਨ, ਨਾਈ ਦਾ ਕੰਮ ਕਰਦਾ। ਔਹ ਬੀਰੂ ਰਾਮ ਜੁੱਤੀਆਂ ਗੰਢਦਾ ਭੋਗਪੁਰ ਜੀ.ਟੀ. ਰੋਡ 'ਤੇ। ਫਿਰ ਆਪੇ ਹੀ ਹੋਰ ਦੱਸਣ ਲੱਗ ਪਿਆ—ਬਈ ਪਤਾ ਨਹੀਂ ਇਨ੍ਹਾਂ ਕਾਮਰੇਡਾਂ ਨੂੰ ਕਿੱਥੋਂ ਗੱਲਾਂ ਫੁਰਦੀਆਂ, ਮਜਾਲ ਆ ਪਈ ਕਿਸੇ ਨੂੰ ਵੀ ਇਕ ਗਿਣਨ ਦੇਣ। ਜਿੱਦਾਂ ਇਹ ਕਾਮਰੇਡ ਦੱਸਦਾ ਆ, ਜੇ ਏਦਾਂ ਦਾ ਰਾਜ ਆ ਜਾਏ ਤਾਂ ਲੋਕਾਂ ਨੂੰ ਹੋਰ ਕੀ ਚਾਹੀਦਾ। ਨਾਲੇ ਆਪਣੇ ਗੁਰੂ ਰਵਿਦਾਸ ਨੇ ਵੀ ਤਾਂ ਲਿਖਿਆ ਦੱਸਦੇ ਆ :

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੋ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।

ਖ਼ੈਰ, 1972 ਵਿਚ ਦਸਵੀਂ ਪਾਸ ਕਰਨ ਮਗਰੋਂ ਮੈਂ ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਵਿਚ ਦਾਖ਼ਲਾ ਲੈ ਲਿਆ। ਉਦੋਂ ਕਾਮਰੇਡ ਕੁਲਵੰਤ ਸਿੰਘ ਸਾਡੇ ਪਿੰਡ ਦੇ ਸਾਥੀਆਂ ਕੋਲ ਆਉਂਦੇ। ਸਾਡੇ ਵਿਹੜੇ ਮੁਹੱਲੇ ਥਾਣੀਂ ਲੰਘਦੇ-ਵੜਦੇ ਕਾਮਰੇਡ ਖ਼ਾਸ ਤੌਰ 'ਤੇ ਅਜੈਬ ਸਿੰਘ, ਮਲਕੀਅਤ ਸਿੰਘ ਤੇ ਸੁਰੈਣ ਸਿੰਘ ਗੱਲੀਂ ਜੁਟ ਜਾਂਦੇ। ਬਹੁਤਾ ਤਾਂ ਮੁਣਸ਼ਾ ਸਿੰਘ, ਦੌਲਤੀ ਤੇ ਈਸਰ ਦਾਸ ਹੁਰਾਂ ਕੋਲ ਹੀ ਜਾ ਕੇ ਬਹਿੰਦੇ। ਉਹ ਲਗਾਤਾਰ ਤੇ ਨਿਰਵਿਘਟਨ ਸੋਵੀਅਤ ਯੂਨੀਅਨ ਦੀਆਂ ਸਿਫ਼ਤਾਂ ਕਰਦੇ ਕਿ ਉਥੇ ਮਜ਼ਦੂਰਾਂ ਦਾ ਰਾਜ ਹੈ, ਖੇਤੀਬਾੜੀ ਸਹਿਕਾਰੀ, ਨਿਆਣਿਆਂ-ਸਿਆਣਿਆਂ ਦੀ ਸਿਹਤ ਸੰਭਾਲ, ਬੱਚਾ-ਜੱਚਾ ਦੀ ਦੇਖਭਾਲ, ਪੜ੍ਹਾਈ-ਲਿਖਾਈ ਸਭ ਮੁਫ਼ਤ। ਰਹਿਣ ਲਈ ਘਰ, ਰੁਜ਼ਗਾਰ ਦੀ ਪੱਕੀ ਗਰੰਟੀ, ਖਾਣ-ਪੀਣ ਤੇ ਪਹਿਨਣ ਦੀ ਕੋਈ ਚਿੰਤਾ ਨਹੀਂ। ਇਸ ਦੇ ਨਾਲ-ਨਾਲ ਅਮਰੀਕਾ ਨੂੰ ਨੌਲਦੇ ਕਿ ਉਹ ਏਸ਼ੀਆ 'ਚ ਹਥਿਆਰ ਦੌੜ ਵਧਾ ਰਿਹਾ ਹੈ। ਸੰਸਾਰ ਅਮਨ ਦੀ ਸਲਾਮਤੀ ਨੂੰ ਖ਼ਤਰਾ ਖੜ੍ਹਾ ਕਰ ਰਿਹਾ ਹੈ। ਉਹ ਅਮਰੀਕੀ-ਜੁੰਡੀ ਨੂੰ ਭੰਡਦੇ ਜਿਵੇਂ ਉਹ ਸੱਚਮੁੱਚ ਵੱਡੇ ਵਿਚਾਰਵਾਨ ਤੇ ਜੰਗਾਂ-ਯੁੱਧਾਂ ਦੇ ਵਿਸ਼ੇਸ਼ਗ ਹੋਣ। ਕੋਲ ਖੜ੍ਹੇ ਹੋਰ ਬੰਦੇ ਉਨ੍ਹਾਂ ਦੀ ਗਿਆਨ-ਗੋਸ਼ਟੀ ਸੁਣ ਕੇ ਹੱਕੇ-ਬੱਕੇ ਰਹਿ ਜਾਂਦੇ। ਭਾਵੇਂ ਉਹ ਖ਼ਾਸ ਪੜ੍ਹੇ-ਲਿਖੇ ਨਹੀਂ ਸਨ ਪਰ ਉਹ ਆਪਣੀਆਂ ਗੱਲਾਂ-ਬਾਤਾਂ ਨਾਲ ਬਾਕੀਆਂ ਨੂੰ ਕਾਇਲ ਕਰ ਲੈਂਦੇ। ਇਸ ਸਾਰੇ ਕਿੱਸੇ-ਕੋਤੇ ਦਾ ਅਸਰ ਇਹ ਹੁੰਦਾ ਕਿ ਮੈਂ 'ਨਵਾਂ ਜ਼ਮਾਨਾ' ਸਮੇਤ ਪੰਜਾਬ ਬੁੱਕ ਸੈਂਟਰ, ਜਲੰਧਰ ਦੀ ਕਾਲਜ ਆਉਂਦੀ ਚਲਦੀ-ਫਿਰਦੀ ਦੁਕਾਨ ਤੋਂ ਕਿਤਾਬਾਂ ਖ਼ਰੀਦ ਲੈਂਦਾ ਜੋ 25 ਪੈਸੇ, 50 ਪੈਸੇ, 75 ਪੈਸੇ, ਰੁਪਏ, ਸਵਾ ਰੁਪਏ ਜਾਂ ਫਿਰ ਡੇਢ ਰੁਪਏ ਦੇ ਮੁੱਲ ਦੀਆਂ ਹੁੰਦੀਆਂ। ਇਹ 'ਰਕਮ' ਮੈਂ ਦਿਹਾੜੀਆਂ ਕਰਕੇ ਜੋੜੀ ਹੁੰਦੀ ਤੇ ਅੱਧੀ ਦਿਹਾੜੀ ਦਾ ਉਦੋਂ ਮੈਨੂੰ ਡੇਢ ਰੁਪਿਆ ਮਿਲਦਾ ਹੁੰਦਾ ਸੀ। ਪਰ ਛਣ ਚੁੱਕੀ ਕਮੀਜ਼ ਹੇਠਾਂ ਪਾਈ ਬਨੈਣ ਤੇ ਟੁੱਟ ਜੁੱਤੀ-ਜੋੜੇ ਦੀ ਪਰਵਾਹ ਨਾ ਕਰਦਾ। ਖਰੀਦੀਆਂ ਹੋਈਆਂ ਸੋਵੀਅਤ ਕਿਤਾਬਾ ਪੜ੍ਹਦਾ ਸੋਚਦਾ ਕਿ ਸਾਡੇ ਭਾਰਤ ਵਿਚੋਂ ਗ਼ਰੀਬੀ, ਭੁੱਖਮਰੀ, ਛੂਤਛਾਤ, ਜਾਤਪਾਤ ਤੇ ਧਰਮ ਕਾਰਨ ਗ਼ੁਲਾਮ ਬਣਾਏ ਗਏ ਲੋਕਾਂ ਦਾ ਵਿਗਿਆਨਕ ਨਜ਼ਰੀਏ ਨਾਲ ਸੰਕਟ ਮੋਚਨ ਹੋ ਜਾਵੇ। ਇਸ ਲਾਹਣਤ ਭਰੀ ਹਾਲਤ ਦਾ ਸਦਾ ਲਈ ਭੋਗ ਪੈ ਜਾਵੇ। ਸਾਲ 1974-75 ਵਿਚ ਮੈਂ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਮੈਂਬਰ ਬਣ ਗਿਆ ਤੇ ਮੇਰਾ ਨਾਂ 'ਪੰਜਾਬ ਸਿੰਘ' ਰੱਖਿਆ ਗਿਆ। ਕੁਝ ਚਿਰ ਮਗਰੋਂ ਮੈਨੂੰ ਆਪਣੇ ਪਿੰਡ ਮਾਧੋਪੁਰ ਦੀ ਬ੍ਰਾਂਚ ਦਾ ਸਕੱਤਰ ਬਣਾਇਆ ਗਿਆ। ਦੋ-ਤਿੰਨ ਕਾਮਰੇਡ ਪਾਰਟੀ 'ਚੋਂ ਖ਼ੁਦ ਹੀ ਖਾਰਜ ਹੋ ਗਏ। ਉਨ੍ਹਾਂ ਵਿਚੋਂ ਇਕ ਨੇ ਪੰਥਕ ਸਾਂਝ ਵਧਾਉਂਦਿਆਂ ਦਿੱਖ ਸਿੱਖੀ ਸਰੂਪ ਵਾਲੀ ਹੋਰ ਗੂੜ੍ਹੀ ਕਰ ਲਈ ਤੇ ਗਾਤਰਾ ਆਪਣੇ ਲੰਮੇ-ਝੱਮੇ ਕੁੜਤੇ ਦੇ ਉੱਤੋਂ ਦੀ ਪਹਿਨ ਲਿਆ। ਉਨ੍ਹਾਂ ਦੇ ਪਾਰਟੀ ਛੱਡ ਜਾਣ ਦਾ ਅਫ਼ਸੋਸ ਕਾਮਰੇਡ ਕੁਲਵੰਤ ਨੂੰ ਓਨਾ ਨਾ ਹੋਇਆ ਜਿੰਨਾ ਮੇਰੇ ਦਲਿਤ ਹੋਣ ਕਰਕੇ ਉਨ੍ਹਾਂ ਪਰੰਪਰਕ ਕਮਿਊਨਿਸਟਾਂ ਵੱਲੋਂ ਪਾਰਟੀ ਛੱਡਣ ਦਾ ਹੋਇਆ।

ਫ਼ੁਰਸਤ ਦੇ ਪਲਾਂ ਵਿਚ ਕਾਮਰੇਡ ਕੁਲਵੰਤ ਮੇਰੇ ਵਰਗੇ ਘੱਟ ਉਮਰ ਦੇ ਸਾਥੀਆਂ ਹਰਜਿੰਦਰ ਸਿੰਘ ਮੌਜੀ ਤੇ ਸੁਰਜੀਤ (ਭੋਗਪੁਰ, ਕਬਸੇ ਵਾਲਿਆਂ ਦੀ ਹੱਟੀ) ਨਾਲ ਗੱਲਾਂ ਕਰਦੇ। ਉਨ੍ਹਾਂ ਦੇ ਵਿਚਾਰ ਮੈਨੂੰ ਟੁੰਬਦੇ। ਵਿਚ-ਵਿਚਾਲੇ ਮੇਰੇ ਭਾਈਏ ਦਾ ਆਖਿਆ ਚੇਤੇ ਆਉਂਦਾ, ਬਾਪ ਪੱਕਾ ਅਕਾਲੀ, ਭਰਾ ਕਾਂਗਰਸ 'ਚ ਤੇ ਕੁਲਵੰਤ ਆਪ ਕਮਿਊਨਿਸਟਾਂ ਨਾਲ। ਕਦੀ ਉਹ ਮੈਨੂੰ ਤਾਹਨੇ ਮਾਰਦਾ—ਜਿਹੜਾ ਖ਼ੁਦ ਈ ਜਗੀਰਦਾਰ ਆ, ਲੋਕੀਂ ਉਨ੍ਹਾਂ ਤੋਂ ਇਨਕਲਾਬ ਦੀ ਉਮੀਦ ਰੱਖੀ ਬੈਠੇ ਆ। ਪਰ ਇਸ ਸਭ ਕਾਸੇ ਦੇ ਨਾਲ-ਨਾਲ ਕਾਮਰੇਡ ਕੁਲਵੰਤ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਪਹਿਲੀ ਵਾਰ ਐੱਮ.ਐੱਲ.ਏ. (1969) ਬਣਨ ਵੇਲੇ ਦੀ ਕਨਸੋਅ ਮੇਰੇ ਕੰਨੀਂ ਪਈ ਤੇ ਚੇਤੇ ਆਇਆ ਕਿ ਉਨ੍ਹਾਂ ਪੰਜਾਬ ਅੰਦਰ ਫ਼ਾਲਤੂ ਪਈ ਜ਼ਮੀਨ ਹਲਵਾਹਕਾਂ/ਮੁਜ਼ਾਰਿਆਂ 'ਚ ਵੰਡਣ ਲਈ ਬਿੱਲ ਪੇਸ਼ ਕੀਤਾ ਸੀ। ਅਕਾਲੀ ਮੁੱਖ ਮੰਤਰੀ ਨੇ ਮਜ਼ਾਕੀਆ ਲਹਿਜ਼ੇ 'ਚ ਟਿੱਪਣੀ ਕੀਤੀ ਸੀ ਕਿ ਕਾਮਰੇਡ ਜੀ ਪਹਿਲਾਂ ਆਪਣੀ ਸਰਪਲਸ ਜ਼ਮੀਨ ਬੇਜ਼ਮੀਨਿਆਂ 'ਚ ਵੰਡੋ। ਕਾਮਰੇਡ ਕੁਲਵੰਤ ਹੁਰਾਂ ਦਾ ਮੋੜਵਾਂ ਜਵਾਬ ਸੀ ਕਿ ਕਾਨੂੰਨ ਬਣਾਉਣ ਲਈ ਬਿੱਲ ਪੇਸ਼ ਕੀਤਾ ਹੈ ਤੇ ਮੈਂ ਚਾਹੁੰਦਾ ਹਾਂ ਜ਼ਮੀਨ ਵੰਡਣ ਦੇ ਸਿਲਸਿਲੇ ਦੀ ਸ਼ੁਰੂਆਤ ਮੇਰੇ ਤੋਂ ਹੋਵੇ। ਇਹ ਸਾਰੀਆਂ ਗੱਲਾਂ ਜਦੋਂ ਆਪਣੇ ਭਾਈਏ ਨੂੰ ਦੱਸਦਾ ਤਾਂ ਉਹ ਢਿੱਲਾ ਪੈ ਜਾਂਦਾ ਤੇ ਸਹਿਵਨ ਕਹਿੰਦਾ, 'ਕਾਮਰੇਟ ਨਰ ਬੰਦਾ, ਸ਼ੂਗਰ ਮਿੱਲ (ਭੋਗਪੁਰ, ਪੰਜਾਬ ਦੀ ਸਭ ਤੋਂ ਪਹਿਲੀ ਦਿ ਕੋਆਪਰੇਟਿਵ

ਸ਼ੂਗਲ ਮਿਲ, 1960 'ਚ ਚਾਲੂ ਹੋਈ ਸੀ) ਵੀ ਉਹਦੇ ਯਤਨਾਂ ਨਾਲ ਬਚੀ ਹੋਈ ਆ, ਨਹੀਂ ਤਾਂ ਪਤਾ ਨਹੀਂ ਏਹਦਾ ਕੀ ਬਣਦਾ...।' ਮੇਰਾ ਭਾਈਆ ਵੀ ਉਥੇ ਹੀ ਗੰਨੇ ਦੀ ਪਿੜਾਈ ਵੇਲੇ ਸਿਆਲਾਂ 'ਚ ਆਰਜ਼ੀ ਮਜ਼ਦੂਰੀ ਕਰਦਾ ਸੀ।

ਕਾਮਰੇਡ ਕੁਲਵੰਤ ਹੁਰਾਂ ਨਾਲ ਹੋਰ ਨੇੜਤਾ ਦਾ ਸਬੱਬ ਬਣੀ ਭਾਰਤੀ ਕਮਿਊਨਿਸਟ ਪਾਰਟੀ ਦੀ 11ਵੀਂ ਕਾਂਗਰਸ ਜੋ 31 ਮਾਰਚ ਤੋਂ 7 ਅਪ੍ਰੈਲ 1978 ਨੂੰ ਭਕਨਾ ਨਗਰ, ਬਠਿੰਡਾ 'ਚ ਹੋਈ ਸੀ। ਕਾਮਰੇਡ ਨੇ ਪਿੰਡ ਬ੍ਰਾਂਚ ਦੇ ਹੋਰ ਸਾਥੀਆਂ ਨਾਲ ਪਾਰਟੀ 'ਹਮਦਰਦਾਂ' ਦਾ ਟਰੱਕ ਭਰ ਲਿਜਾਉਣ ਨੂੰ ਕਿਹਾ ਸੀ। ਅਸੀਂ ਕਈ ਦਿਨ ਲੋਕਾਂ ਨੂੰ ਬਠਿੰਡਾ ਜਾਣ ਲਈ ਕਹਿੰਦੇ-ਸੁਣਦੇ ਤੇ ਪ੍ਰੇਰਦੇ ਰਹੇ। ਜਦੋਂ ਅਸੀਂ ਪਿੰਡ ਤੋਂ ਟਰੱਕ ਤੋਰਿਆ ਤੇ ਫਿਰ ਕੁਝ ਸਾਥੀਆਂ ਨੂੰ ਭੋਗਪੁਰ ਤੋਂ ਲਿਆ ਤਾਂ ਫੱਟਿਆਂ ਨਾਲ ਬਣਾਈ ਉਹਦੀ ਦੂਜੀ ਛੱਤ ਉੱਤੇ ਵੀ ਜਗ੍ਹਾ ਨਹੀਂ ਮਿਲ ਰਹੀ ਸੀ। ਸਾਡੇ ਨਾਲ ਕਿਸਾਨ, ਮਜ਼ਦੂਰ, ਕਾਰੀਗਰ ਤੇ ਦਸਤਕਾਰ ਸਨ। ਸਾਡੇ ਅੰਦਰ ਸਿਖਰਾਂ ਦਾ ਜੋਸ਼ ਸੀ। ਸੰਘ ਪਾੜ-ਪਾੜ ਤੇ ਲਗਾਤਾਰ ਉੱਚੀ-ਉੱਚੀ ਨਾਅਰੇ ਲਾਉਂਦਿਆਂ ਦੇ ਸਾਡੇ ਗਲੇ ਬੈਠ ਗਏ। ਲੱਖਾਂ ਲੋਕਾਂ ਦਾ ਜਲੂਸ ਤੇ ਚੁਫ਼ੇਰੇ ਲਾਲੋ-ਲਾਲ ਝੰਡੇ-ਡੰਡੇ ਸਾਡੇ ਅੰਦਰ ਨਵੀਂ ਊਰਜਾ ਭਰਦੇ ਜਾ ਰਹੇ ਸਨ। ਕਾਮਰੇਡ ਕੁਲਵੰਤ ਸਾਡੇ ਜਥੇ ਦੀ ਅਗਵਾਈ ਕਰ ਰਹੇ ਸਨ। ਉਹ ਸਾਨੂੰ ਲਗਾਤਾਰ ਨਾਅਰੇ ਲਾਉਣ ਲਈ ਕਹਿੰਦੇ।

ਅੱਗੇ ਦੇਖਿਆ ਕਿ ਪਾਰਟੀ ਦਾ ਪੰਡਾਲ ਹਜ਼ਾਰਾਂ ਏਕੜ ਜ਼ਮੀਨ 'ਚ ਫੈਲਿਆ ਹੋਇਆ ਸੀ। ਅਥਾਹ ਤੇ ਅਣਗਿਣਤ ਲੋਕ ਉਤਸ਼ਾਹ ਤੇ ਹੌਸਲੇ ਨਾਲ ਆਪਣੇ ਆਗੂਆਂ ਨੂੰ ਸੁਣਨ ਲਈ ਉਤਾਵਲੇ ਸਨ। ਏਨਾ ਵੱਡਾ ਲੋਕ-ਸਮੁੰਦਰ ਮੈਂ ਪਹਿਲੀ ਵਾਰ ਠਾਠਾਂ ਮਾਰਦਾ ਦੇਖਿਆ ਸੀ। ਲਾਲ ਫਰੇਰਾ ਸਾਰੇ ਸੰਸਾਰ ਵਿਚ ਲਹਿਰਾਏ ਜਾਣ ਦੀ ਸੰਭਾਵਨਾ ਦੀ ਉਮੀਦ ਬਨ੍ਹਾ ਰਿਹਾ ਸੀ। ਕਿਰਤੀ-ਕਿਸਾਨ, ਨੌਜਵਾਨ ਕੁੜੀਆਂ-ਮੁੰਡੇ, ਬਜ਼ੁਰਗ, ਪੜ੍ਹੇ-ਲਿਖੇ, ਅਨਪੜ੍ਹ ਸਭ ਨੂੰ ਜਿਵੇਂ ਅੰਦਰੋ-ਅੰਦਰ ਅਹਿਸਾਸ ਹੋ ਰਿਹਾ ਸੀ ਕਿ ਇਨਕਲਾਬ ਸੱਚਮੁੱਚ ਉਨ੍ਹਾਂ ਦੀਆਂ ਬਰੂਹਾਂ 'ਤੇ ਹੈ ਤੇ ਸਭ ਵਰਗਾਂ ਦੇ ਦਿਨ ਫਿਰਨ ਵਾਲੇ ਹਨ। ਛੇਤੀ ਹੀ ਲੋਕਾਂ ਦੀ ਕੰਗਾਲੀ ਖ਼ੁਸ਼ਹਾਲੀ ਵਿਚ ਬਦਲ ਜਾਵੇਗੀ। ਬੁਰਜ਼ੂਆ ਸਰਕਾਰਾਂ ਤੇ ਜਗੀਰਦਾਰਾਂ ਨੂੰ ਮੂਧੇ ਮੂੰਹ ਸੁੱਟ ਲਿਆ ਜਾਵੇਗਾ, ਲੋਟੂ ਤੇ ਪੱਖਪਾਤੀ ਰਾਜ ਪ੍ਰਬੰਧ ਦੀ ਥਾਂ ਨਵਾਂ ਲੋਕ-ਪੱਖੀ ਸਮਾਜਵਾਦੀ ਸਮਾਜ ਸਿਰਜ ਲਿਆ ਜਾਵੇਗਾ, ਹਥਿਆਰਾਂ ਦੀ ਦੌੜ ਖ਼ਤਮ ਕੀਤੀ ਜਾਵੇਗੀ, ਸੰਸਾਰ ਅਮਨ ਦੀ ਸਲਾਮਤੀ ਨਾਲ ਹੀ ਦੁਨੀਆ ਤਰੱਕੀ ਕਰ ਸਕਦੀ ਹੈ—ਅਜਿਹੇ ਉੱਚੇ ਦਾਅਵੇ ਅਸੀਂ ਉਥੇ ਕਾਮਰੇਡਾਂ ਦੇ ਮੂੰਹ ਚੜ੍ਹੇ ਸੁਣਦੇ।

ਇਥੇ ਹੀ ਮੈਂ ਕਾਮਰੇਡ ਜਗਜੀਦ ਸਿੰਘ ਅਨੰਦ, ਕਾਮਰੇਡ ਅਵਤਾਰ ਸਿੰਘ ਮਲਹੋਤਰਾ, ਸੋਵੀਅਤ ਡੈਲੀਗੇਟਾਂ ਤੇ ਸਮਾਜਵਾਦੀ ਦੇਸ਼ਾਂ ਦੇ ਬਲਾਕ ਦੇ ਸਿਰਕੱਢ ਆਗੂਆਂ ਨੂੰ ਪਹਿਲੀ ਵਾਰ ਦੇਖਿਆ ਤੇ ਉਨ੍ਹਾਂ ਦੀਆਂ ਜੋਸ਼ ਭਰੀਆਂ ਤਕਰੀਰਾਂ ਸੁਣੀਆਂ। ਕਾਮਰੇਡ ਅਨੰਦ ਵੱਲੋਂ ਤਕਰੀਰਾਂ ਦੇ ਤਰਜਮੇ ਕਰਦਿਆਂ ਤੇ ਲੋਕਾਂ ਵੱਲੋਂ ਉਨ੍ਹਾਂ ਦਾ ਤਾੜੀਆਂ ਨਾਲ ਲਗਾਤਾਰ ਸਵਾਗਤ ਹੁੰਦਾ ਦੇਖਿਆ। ਉਦੋਂ ਉਹ ਪੂਰੀ ਚੜ੍ਹਤ 'ਚ ਸਨ। ਉਨ੍ਹਾਂ ਦਾ ਜਲੌਅ ਨਿਰਾਲਾ ਸੀ। ਇਸ ਪੰਡਾਲ ਵਿਚ ਮੈਂ ਪਹਿਲੀ ਵਾਰ ਰਾਤ ਦੇ ਸਭਿਆਚਾਰਕ ਪ੍ਰੋਗਰਾਮ ਵਿਚ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ ਤੇ ਹੋਰ ਕਈ ਗਾਇਕਾਂ ਨੂੰ ਦੇਖਿਆ-ਸੁਣਿਆ। ਤੇ ਫਿਰ ਅਸੀਂ ਦੋ ਦਿਨ ਬਾਅਦ ਘਰਾਂ ਨੂੰ ਮੁੜਦੇ ਵੇਲੇ ਸੋਵੀਅਤ ਯੂਨੀਅਨ ਦੇ ਮਾਡਲ ਤੇ ਆਰਥਿਕ ਕਾਣੀ-ਵੰਡ ਨੂੰ ਖ਼ਤਮ ਕਰਨ ਦੇ ਬੁਲੰਦ ਇਰਾਦੇ ਤੇ ਹੇਠਲੀ ਉੱਤੇ ਕਰਨ ਦੇ ਦਾਈਏ ਬੰਨ੍ਹਦੇ ਪਰਤੇ।

...ਤੇ ਫਿਰ ਮੈਂ ਮਨ ਹੀ ਮਨ 'ਆਪਣੇ ਘਰ' (ਬਿਰਾਦਰੀ ਦੇ ਹਰੀ ਰਾਮ ਬਾਂਸਲ ਤੋਂ ਮੇਰੇ ਭਾਈਏ ਵੱਲੋਂ ਬੇਨਤੀ-ਤਰਲਾ ਕਰਨ ਮਗਰੋਂ ਮੈਨੂੰ ਪੜ੍ਹਨ ਲਈ ਕਿਰਾਏ-ਰਹਿਤ ਮਿਲੀ ਬੈਠਕ) ਲੈਨਿਨ, ਮਾਰਕਸ, ਮੈਕਸਿਮ ਗੋਰਕੀ, ਭਗਤ ਸਿੰਘ ਸ਼ਹੀਦ ਦੇ ਵਿਚਾਰਾਂ ਨੂੰ ਮੁੜ-ਮੁੜ ਚੇਤੇ ਕਰਦਾ। ਦਰਅਸਲ ਉਨ੍ਹਾਂ ਦੇ ਖ਼ਿਆਲਾਂ ਦਾ ਪ੍ਰਵਾਹ ਮੇਰੇ ਸਾਹਾਂ ਵਾਂਗ ਆਪ-ਮੁਹਾਰੇ ਆਉਂਦਾ ਰਹਿੰਦਾ। ਕਦੇ ਵਿਚਾਰ ਆਉਂਦਾ ਕਿ ਮੈਂ ਲੇਖਕ ਬਣ ਜਾਵਾਂ। ਗੋਰਕੀ ਵਰਗਾ ਲਿਖਾਂ। ਸ਼ਾਇਦ ਇਹ ਖ਼ਿਆਲ ਮਨ ਦੇ ਤਲ 'ਤੇ ਵਾਰ-ਵਾਰ ਇਸ ਲਈ ਲਿਸ਼ਕਾਰੇ ਮਾਰਦਾ ਸੀ ਕਿ ਉਦੋਂ ਮੈਂ ਗੋਰਕੀ ਦੀ ਸ੍ਵੈ-ਜੀਵਨੀ ਦੇ ਤਿੰਨੋਂ ਭਾਗ, ਕਹਾਣੀਆਂ ਤੇ ਹੋਰ ਸੋਵੀਅਤ ਸਾਹਿਤ ਪੜ੍ਹਦਾ ਰਹਿੰਦਾ ਸੀ।

ਕਾਮਰੇਡ ਕੁਲਵੰਤ ਸਿੰਘ ਤੇ ਹੋਰ ਸਾਥੀਆਂ ਤੇ ਆਪਣੇ ਤੋਂ ਵੱਡਿਆਂ ਨਾਲ ਅਜਿਹੇ ਸਾਹਿਤ ਦੀ ਗੱਲ ਤੋਰਦਾ ਤਾਂ ਉਨ੍ਹਾਂ ਵੱਲੋਂ ਇਹ ਕਿਤਾਬਾਂ ਦੇ ਪੜ੍ਹੇ ਹੋਣ ਦਾ 'ਹਾਂ' 'ਚ ਸਿਰ ਹਿਲਾਉਣ ਤੋਂ ਪਤਾ ਲੱਗ ਜਾਂਦਾ। ਨਾਲ ਹੀ ਮੈਨੂੰ ਆਪਣੇ ਤੁੱਛ, ਅਲਪ ਗਿਆਨ ਤੇ ਨਿਆਣ-ਮੱਤ ਦਾ ਅਹਿਸਾਸ ਹੁੰਦਾ। ਕਾਮਰੇਡ ਕੁਲਵੰਤ ਆਪਣੀ ਜ਼ਿੰਦਗੀ ਵਿਚ ਮਨੁੱਖਵਾਦੀ ਬਦਲਾਅ, ਜ਼ਿੰਦਗੀ ਨਾਲ ਪਿਆਰ, ਸਰੀਰ ਦੀ ਸਾਂਭ-ਸੰਭਾਲ ਲਈ 'ਪ੍ਰੀਤਲੜੀ', ਸ. ਗੁਰਬਖ਼ਸ਼ ਸਿੰਘ ਤੇ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਚਰਚਾ ਕਰਦੇ। ਉਹ ਆਪਣੀ ਜ਼ਿੰਦਗੀ ਵਿਚਲੀ ਸਾਦਗੀ ਤੇ ਚੰਗੇ ਸਦਾਚਾਰ ਦਾ ਸਬਕ ਆਪਣੇ ਸਮਕਾਲੀ ਤੇ ਸਾਥੀ ਰਤਨ ਸਿੰਘ ਦੌਲੀਕੇ ਤੋਂ ਸਿੱਖਿਆ ਦੱਸਦੇ।

ਕਾਮਰੇਡ ਕੁਲਵੰਤ ਸਿੰਘ ਹੁਰੀਂ ਕਾਮਰੇਡ ਮਹਿੰਦਰ ਸਿੰਘ ਬਾਗੀ ਦੇ ਚੁਬਾਰੇ (ਜੀ.ਟੀ. ਰੋਡ, ਭੋਗਪੁਰ, ਜ਼ਿਲ੍ਹਾ ਜਲੰਧਰ) 'ਚ ਮੀਟਿੰਗਾਂ ਬੁਲਾਉਂਦੇ, ਜੋ ਮਹਿੰਗਾਈ ਵਿਰੁੱਧ ਅਕਸਰ ਹੱਥ 'ਚ ਫੜੇ ਧੁੱਤਰੂ ਵਿਚੀਂ ਜੀ.ਟੀ. ਰੋਡ 'ਤੇ ਦੁਹਾਈਆਂ ਪਾਉਂਦੇ ਨਾ ਅੱਕਦੇ, ਨਾ ਥੱਕਦੇ। ਅਸੀਂ ਨਵੇਂ-ਪੁਰਾਣੇ ਸਾਰੇ ਸਾਥੀ ਕਿਸਾਨਾਂ-ਮਜ਼ਦੂਰਾਂ ਦੀਆਂ ਸਮੱਸਿਆਵਾਂ, ਮਹਿੰਗਾਈ, ਐਮਰਜੈਂਸੀ ਦੇ ਚੰਗੇ-ਮਾੜੇ ਨਤੀਜਿਆਂ, ਅਮਰੀਕਾ ਵੱਲੋਂ ਏਸ਼ੀਆ ਵਿਚ ਪਾਕਿਸਤਾਨ ਨੂੰ ਆਪਣਾ ਅੱਡਾ ਬਣਾਉਣਾ, ਡੀਗੋਗਾਰਸ਼ੀਆ ਵਿਚ ਹਥਿਆਰਾਂ ਦੀ ਜ਼ਖ਼ੀਰੇਬਾਜ਼ੀ, ਬੀ.ਬੀ.ਸੀ. ਦੀਆਂ ਖ਼ਬਰਾਂ ਦੇ ਹਵਾਲੇ ਤੇ ਨਾਲ ਹੀ ਨਾਲ ਪੰਜਾਬੀ ਯੂਨੀਵਰਸਿਟੀ ਦੀਆਂ ਨਵੀਆਂ ਖੋਜਾਂ, ਸੋਧੇ ਬੀਜਾਂ, ਕੰਪੋਸਟ ਖਾਦਾਂ ਬਾਰੇ ਬੜੇ ਠਰ੍ਹੰਮੇ ਨਾਲ ਸੁਣਦੇ। ਕਾਮਰੇਡ ਕੁਲਵੰਤ ਹੁਰੀਂ ਪਾਰਟੀ ਨੂੰ ਮਜਬੂਤ ਕਰਨ ਦਾ ਰਾਹ ਲੋਕ ਸੰਘਰਸ਼ 'ਚੋਂ ਲੱਭਦੇ ਪ੍ਰਤੀਤ ਹੁੰਦੇ।

...ਤੇ ਫਿਰ 1980 ਵਿਚ ਪੰਜਾਬ ਵਿਧਾਨ ਸਭਾਵਾਂ ਦੀਆਂ ਚੋਣਾਂ ਆ ਗਈਆਂ। ਉਹ ਆਪਣੀਆਂ ਤਕਰੀਰਾਂ 'ਚ ਕਹਿੰਦੇ, 'ਮੈਂ ਤੁਹਾਡੀਆਂ ਸਮੱਸਿਆਵਾਂ ਸਰਕਾਰਾਂ ਤਕ ਪਹੁੰਚਾਵਾਂਗਾ। ਗੁੰਗਾ ਪਹਿਲਵਾਨ ਬਣ ਕੇ ਅਸੰਬਲੀ 'ਚ ਨਹੀਂ ਬੈਠਾਂਗਾ।' ਲੋਕਾਂ ਨੂੰ ਰਾਜਸੀ ਘੋਲਾਂ 'ਚ ਪਾਉਣ ਲਈ ਪਿੰਡਾਂ 'ਚ ਡਰਾਮੇ ਹੁੰਦੇ, ਸ਼ਹੀਦ ਭਗਤ ਸਿੰਘ ਦੇ। ਇਹ ਸਾਡੇ ਪਿੰਡ ਮਾਧੋਪੁਰ ਵੀ ਹੁੰਦੇ। ਚੋਣ ਪ੍ਰਚਾਰ ਵੇਲੇ ਮੈਂ ਕਈ ਵਾਰ ਕਾਮਰੇਡ ਕੁਲਵੰਤ ਨਾਲ ਕਾਰ 'ਚ ਪਿਛਲੀ ਸੀਟ 'ਤੇ ਬੈਠ ਕੇ ਆਪਣੇ ਪਿੰਡ ਨੂੰ ਜਾਂਦਾ। ਉਨ੍ਹਾਂ ਦੀਆਂ ਨਿੱਤ ਦੀਆਂ ਤਕਰੀਰਾਂ, ਭੱਜ-ਨੱਠ ਤੇ ਰਾਜਨੀਤਕ ਦਾਅ-ਪੇਚ ਬਣਾਉਂਦਿਆਂ ਉਨ੍ਹਾਂ ਨੂੰ ਰੋਟੀ ਖਾਣ ਦਾ ਵਕਤ ਵੀ ਨਾ ਮਿਲਦਾ। ਗਲਾ ਕਾਫ਼ੀ ਖੁਸ਼ਕ ਹੋ ਜਾਂਦਾ। ਉਹ ਕਾਰ ਅੰਦਰ ਬੈਠੇ ਸਾਥੀਆਂ ਨਾਲ ਗੱਲਾਂ ਕਰਦੇ-ਕਰਦੇ ਸੌਂ ਜਾਂਦੇ। ਏਨੇ 'ਚ ਸਾਡਾ ਪਿੰਡ ਆ ਜਾਂਦਾ। ਉਹ ਆਪਣੀ ਚਿੱਟੀ ਕਮੀਜ਼ ਦੇ ਖੀਸੇ ਵਿਚੋਂ ਚਿੱਟਾ ਰੁਮਾਲ ਕੱਢਦੇ, ਮੂੰਹ-ਦਾਹੜੀ 'ਤੇ ਫੇਰਦੇ, ਸਕਿੰਟਾਂ 'ਚ ਤਰੋਤਾਜ਼ਾ ਹੋ ਕੇ ਫੁਰਤੀ ਨਾਲ ਦੋ ਗੱਡਿਆਂ ਨੂੰ ਜੋੜ ਕੇ ਬਣਾਈ ਸਟੇਜ ਉੱਤੇ ਚੜ੍ਹ ਜਾਂਦੇ। ਏਨੇ ਜੋਸ਼ ਵਿਚ ਕਿਸਾਨਾਂ, ਮਜ਼ਦੂਰਾਂ ਦੇ ਪੱਖ ਵਿਚ ਬੋਲਦੇ ਤੇ ਉਨ੍ਹਾਂ ਦੀ ਆਰਥਿਕ ਮੰਦਹਾਲੀ ਦਾ ਅਹਿਸਾਸ ਕਰਾਉਂਦੇ। ਉਹ ਕਾਂਗਰਸ ਦੀਆਂ ਨੀਤੀਆਂ ਨੂੰ ਸਰਮਾਏਦਾਰੀ ਪੱਖੀ ਤੇ ਅਕਾਲੀਆਂ ਦੀਆਂ ਨੀਤੀਆਂ ਨੂੰ ਧਨਾਢ ਜ਼ਿਮੀਂਦਾਰਾਂ ਦੇ ਹੱਕ ਦੀਆਂ ਦੱਸਦੇ। ਇਹ ਸੁਣਦਿਆਂ ਵੱਡੀ ਗਿਣਤੀ 'ਚ ਜੁੜੇ ਲੋਕ ਜ਼ਿੰਦਾਬਾਦ ਜਾਂ ਮੁਰਦਾਬਾਦ ਦੇ ਨਾਅਰੇ ਬਾਹਾਂ ਉਲਾਰ ਕੇ ਲਾਉਣ ਲੱਗ ਪੈਂਦੇ। ਵਿਚ-ਵਿਚਾਲੇ ਉਹ ਮਾਰਕਸ ਦੇ ਫ਼ਲਸਫ਼ੇ ਦੀ ਗੱਲ ਤੋਰ ਲੈਂਦੇ ਕਿ ਲੋਕੋ ਤੁਹਾਡੀ ਗ਼ਰੀਬੀ ਦੀ ਵਜ੍ਹਾ ਕੋਈ ਰੱਬ ਨਹੀਂ, ਪੈਦਾਵਾਰ ਦੇ ਸੋਮੇ ਕਿਸੇ ਦੀ ਜਗੀਰ ਨਹੀਂ; ਸਾਰੇ ਇਨਸਾਨ ਚਾਹੇ ਔਰਤ ਹੈ ਤੇ ਭਾਵੇਂ ਆਦਮੀ—ਬਰਾਬਰ ਹੈ। ਕਿਸੇ ਬੰਦੇ ਨਾਲ ਸਮਾਜਿਕ ਭੇਦਭਾਵ, ਸਮਾਜਿਕ-ਆਰਥਿਕ ਲੁੱਟ-ਖਸੁੱਟ ਸ਼ੈਤਾਨ ਆਦਮੀ ਦੇ ਦਿਮਾਗ਼ ਦੀ ਕਾਢ ਹੈ। ਇਸ ਤਰ੍ਹਾਂ ਦੀ ਲਾਹਣਤ ਵਾਲੀ ਜ਼ਿੰਦਗੀ 'ਚੋਂ ਨਿਕਲਣ ਲਈ ਸਾਰੇ ਇਕਮੁੱਠ ਹੋ ਜਾਉ।

ਕਾਮਰੇਡ ਕੁਲਵੰਤ ਸਿੰਘ ਦਸ-ਬਾਰਾਂ ਵਾਰ ਜੇਲ੍ਹ ਗਏ। ਗੰਨਾ ਉਤਪਾਦਕਾਂ ਦੇ ਸੰਘਰਸ਼ ਨੂੰ ਲੈ ਕੇ ਕਈ ਵਾਰ ਪੁਲਿਸ ਤਸ਼ੱਦਦ ਦਾ ਸ਼ਿਕਾਰ ਵੀ ਹੋਏ। ਉਹ ਦਿ ਕੋਆਪਰੇਟਿਵ ਸ਼ੂਗਰ ਮਿੱਲ, ਭੋਗਪੁਰ ਦੇ ਕਈ ਸਾਲਾਂ ਤਕ ਡਾਇਰੈਕਟਰ ਤੇ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਰਹੇ। ਮੈਨੂੰ ਚੇਤੇ ਆਉਂਦਾ ਹੈ ਕਿ ਜਦੋਂ ਗੰਨੇ ਦਾ ਰੇਟ ਇਕ ਰੁਪਿਆ ਕੁਇੰਟਲ ਵਧਾਉਣਾ ਸੀ ਤਾਂ ਕਾਮਰੇਡ ਕੁਲਵੰਤ ਨੇ ਆਪਣੇ ਦ੍ਰਿੜ੍ਹ ਫ਼ੈਸਲੇ ਤੋਂ ਪਿਛਾਂਹ ਨਾ ਹਟਣ ਲਈ ਪ੍ਰਬੰਧਕੀ ਕਮੇਟੀ ਨੂੰ ਦੱਸਿਆ। ਮਿੱਲ ਵੱਲੋਂ ਪੰਜਾਬ ਪੁਲਿਸ ਦੀ ਥਾਂ ਸੀ.ਆਰ.ਪੀ. ਨੂੰ ਤਾਇਨਾਤ ਕੀਤਾ ਗਿਆ। ਕੁੱਟਮਾਰ ਹੋਈ ਤੇ ਕਾਮਰੇਡ ਹੁਰਾਂ ਦੀ ਅਗਵਾਈ ਹੇਠ ਕਿਸਾਨ ਕੰਧਾਂ ਟੱਪ ਕੇ ਮਿੱਲ ਅੰਦਰ ਜਾ ਵੜੇ। ਉਥੋਂ ਇਹ ਜੱਥਾ ਮਾਡਰਨ ਜੇਲ੍ਹ ਲੁਧਿਆਣਾ ਲਿਜਾਇਆ ਗਿਆ। 8-10 ਦਿਨ ਮਗਰੋਂ ਮੈਂ ਕਾਮਰੇਡ ਹੁਰਾਂ ਨੂੰ ਜੇਲ੍ਹ 'ਚ ਮਿਲਣ ਗਿਆ। ਕਿਸਾਨ-ਮਜ਼ਦੂਰ ਜੇਲ੍ਹ ਦੇ ਵੱਡੇ ਸਾਰੇ ਕਮਰਿਆਂ ਦੇ ਫਰਸ਼ ਉੱਤੇ ਲੰਮੇ ਪਏ ਹੋਏ ਜਾਂ ਫਿਰ ਬੈਠੇ ਹੋਏ ਸਨ। ਕੋਈ ਸੌਂ ਰਿਹਾ ਸੀ ਜਾਂ ਕਿਤਾਬ ਪੜ੍ਹ ਰਿਹਾ ਸੀ। ਕਾਮਰੇਡ ਕੁਲਵੰਤ ਨੇ ਮੇਰਾ ਬੜਾ ਚਾਅ ਕੀਤਾ। ਉਨ੍ਹਾਂ ਨਾਲ ਇਲਾਕੇ ਦੇ ਵਰਕਰਾਂ ਵਿਚ ਹਰਜਿੰਦਰ ਸਿੰਘ ਮੌਜੀ ਤੇ ਸਾਡੇ ਪਿੰਡ ਦੇ ਸਾਥੀ ਸਨ। ਤੁਰਨ ਲੱਗੇ ਨੂੰ ਕਾਮਰੇਡ ਹੁਰੀਂ ਮੈਨੂੰ ਕਹਿਣ ਲੱਗੇ—ਕਿਸਾਨਾਂ ਦੀ ਜਿੱਤ ਦੇ ਝੰਡੇ ਝੁਲਾ ਕੇ ਹੀ ਏਥੋਂ ਰਿਹਾਅ ਹੋਵਾਂਗੇ। ਉਨ੍ਹਾਂ ਦੇ ਬੋਲ ਪੁੱਗੇ—ਖ਼ੁਸ਼ੀ 'ਚ ਨਾਅਰੇ ਲੱਗੇ।

ਕਾਮਰੇਡ ਕੁਲਵੰਤ ਨਾਲ ਮੇਰੀ ਜਾਤਪਾਤ, ਧਰਮ ਤੇ ਦਲਿਤਾਂ ਦੀ ਘੋਰ ਗ਼ਰੀਬੀ, ਅਨਪੜ੍ਹਤਾ ਤੇ ਸਿਹਤ ਦੇ ਮਸਲਿਆਂ ਨੂੰ ਲੈ ਕੇ ਵਿਚਾਰ-ਚਰਚਾ ਹੁੰਦੀ। ਉਹ ਹਰੇਕ ਮੁੱਦੇ ਦਾ ਆਪਣੇ ਵੱਲੋਂ ਨਿਤਾਰਾ ਕਰਨ ਦੀ ਕੋਸ਼ਿਸ਼ ਇਉਂ ਕਰਦੇ ਜਿਵੇਂ ਪਾਰਟੀ ਵੱਲੋਂ ਸਪੱਸ਼ਟੀਕਰਨ 'ਤੇ ਕੀਤੇ ਕੰਮਾਂ ਦਾ ਲੇਖਾ-ਜੋਖਾ ਦੱਸ ਰਹੇ ਹੋਣ।

...ਤੇ ਜਦੋਂ ਪੰਜਾਬ ਵਿਚ ਅੱਤਵਾਦ, ਵੱਖਵਾਦ ਦੀ ਨ੍ਹੇਰੀ ਵਗਣ ਲੱਗੀ ਤਾਂ ਮੈਂ ਉਦੋਂ ਪ੍ਰੈੱਸ ਇਨਫਰਮੇਸ਼ਨ ਬਿਊਰੋ, ਜਲੰਧਰ, ਸੂਚਨਾ ਤੇ ਪ੍ਰਸਾਰਨ ਮੰਤਰਾਲਾ ਭਾਰਤ ਸਰਕਾਰ ਵਿਚ ਸੀ। ਮੇਰਾ ਇਹ ਦਫ਼ਤਰ ਐਨ ਕਮਿਊਨਿਸਟ ਪਾਰਟੀ ਦੇ





ਪਰਸ਼ੋਤਮ ਸ਼ਰਮਾ, ਕਾਮਰੇਡ ਕੁਲਵੰਤ ਸਿੰਘ, ਬਲਬੀਰ ਮਾਧੋਪੁਰੀ ਅਤੇ ਗੁਰਬਿੰਦਰ ਮਾਣਕ



ਕਾਮਰੇਡ ਜਗਜੀਤ ਸਿੰਘ ਅਨੰਦ ਨਾਲ ਬਲਬੀਰ ਮਾਧੋਪੁਰੀ (1994)





ਕਾਮਰੇਡ ਕੁਲਵੰਤ ਸਿੰਘ, ਬਲਬੀਰ ਮਾਧੋਪੁਰੀ ਦੇ ਵਿਆਹ ਵੇਲੇ (ਜਨਵਰੀ 1988)

ਸਾਹਮਣੇ ਸੜਕ ਦੇ ਦੂਜੇ ਪਾਸੇ। ਕਾਮਰੇਡ ਕੁਲਵੰਤ, ਚੰਦ ਫਤਿਹਪੁਰੀ, ਹਵਾਲਦਾਰ ਦਰਸ਼ਨ ਸਿੰਘ ਤੇ ਕਾਮਰੇਡ ਜੁਗਿੰਦਰ ਤਿਆਲ ਨਾਲ ਨਿੱਤ ਮੁਲਾਕਾਤਾਂ ਹੁੰਦੀਆਂ। ਹਵਾਲਦਾਰ ਹੁਰਾਂ ਹੀ ਪੰਜਾਬ ਵਿਚ ਪਹਿਲੀ ਵਾਰ ਪੁਲਿਸ ਮੁਲਾਜ਼ਮਾਂ ਦੀ ਹੜਤਾਲ ਕਰਾਈ ਸੀ। ਉਨ੍ਹਾਂ ਹੀ ਮੈਨੂੰ ਵਿਆਹ ਕਰਾਉਣ ਲਈ ਜ਼ੋਰ ਪਾਇਆ ਸੀ। ਉਨ੍ਹਾਂ ਲੈਨਿਨ ਦੀਆਂ ਉਨ੍ਹਾਂ ਮੁੰਡਿਆਂ ਨੂੰ ਹਿਦਾਇਤਾਂ ਦੇ ਹਵਾਲੇ ਦਿੱਤੇ ਸਨ ਜੋ ਇਨਕਲਾਬ ਲਿਆਉਣ ਲਈ ਕਾਹਲੇ ਸਨ ਪਰ ਵਿਆਹ ਲਈ ਨਹੀਂ। ਹਵਾਲਦਾਰ ਦੇ ਸਖ਼ਤ ਸ਼ਬਦਾਂ 'ਚ ਕਿਹਾ-ਸਮਝਾਇਆ ਸੀ ਕਿ ਇਨਕਲਾਬ ਦੀ ਅਜੇ ਕੋਈ ਸੰਭਾਵਨਾ ਨਹੀਂ, ਚੁੱਪ ਕਰਕੇ ਵਿਆਹ ਕਰ ਲੈ। ਪਾਰਟੀ ਦਫ਼ਤਰ 'ਚ ਖੇਤ ਮਜ਼ਦੂਰ ਸਭਾ ਦੇ ਆਗੂ ਮਲਕੀਤ ਚੰਦ ਮੇਹਲੀ, ਸਵਰਨ ਅਕਲਪੁਰੀ, ਅਜੀਤ ਸਿੰਘ ਗਦਰਾ ਤੇ ਅਕਾਲੀ ਲੀਡਰ ਜੀਵਨ ਸਿੰਘ ਉਮਰਾਨੰਗਲ ਆਉਂਦੇ ਰਹਿੰਦੇ। ਦੇਸ਼ ਅੰਦਰ ਫ਼ਿਰਕੂ ਸਦਭਾਵਨਾ ਨੂੰ ਬਣਾਈ ਰੱਖਣ ਦੇ ਚਰਚੇ ਕਾਮਰੇਡਾਂ ਦੇ ਭਾਸ਼ਣਾਂ ਵਾਂਗ ਲੰਮੇ ਹੁੰਦੇ। ਏਸੇ ਦੌਰਾਨ ਕਾਮਰੇਡ ਕੁਲਵੰਤ ਸ਼ਾਮ ਨੂੰ ਮੈਨੂੰ ਰੁਕਣ ਲਈ ਕਹਿੰਦੇ। ਅਸੀਂ ਰਾਹ ਬਦਲ-ਬਦਲ ਕੇ ਮਾਧੋਪੁਰ ਨੂੰ ਜਾਂਦੇ। ਉਹ ਮੈਨੂੰ ਗਿਆਰਾਂ-ਸਾਢੇ ਗਿਆਰਾਂ ਵਜੇ ਬਾਹਰਲੀ ਫਿਰਨੀ 'ਤੇ ਉਤਾਰ ਕੇ ਮੁੜ ਜਾਂਦੇ। ਪਹਿਲਾਂ ਅਸੀਂ ਸਕੂਟਰ 'ਤੇ ਤੇ ਫਿਰ ਉਨ੍ਹਾਂ ਵੱਲੋਂ ਖ਼ਰੀਦੇ ਨਵੇਂ ਮੋਟਰਸਾਈਕਲ 'ਤੇ ਜਾਣ ਲੱਗ ਪਏ। ਮੈਂ ਉਨ੍ਹਾਂ ਦੇ ਠੀਕ-ਠਾਕ ਆਪਣੇ ਘਰ ਪਹੁੰਚ ਜਾਣ ਬਾਰੇ ਸੋਚਦਾ ਰਹਿੰਦਾ, ਜਦੋਂ ਤਕ ਮੈਨੂੰ ਨੀਂਦ ਨਾ ਘੇਰ ਲੈਂਦੀ।

ਪੰਜਾਬ ਦੇ ਦੁਖਾਂਤ ਭਰੇ ਸੰਕਟ ਸੰਬੰਧੀ ਸਮੁੱਚੇ ਰਾਜ ਵਿਚ ਅਮਨ ਕਾਨਫ਼ਰੰਸਾਂ ਤੇ ਰੈਲੀਆਂ ਬਹੁਤੀ ਵਾਰ ਜਲੰਧਰ ਦੇ ਕੰਪਨੀ ਬਾਗ ਵਿਚ ਹੋਈਆਂ। ਕਾਮਰੇਡ ਜਗਜੀਤ ਸਿੰਘ ਅਨੰਦ, ਅਵਤਾਰ ਸਿੰਘ ਮਲਹੋਤਰਾ, ਪਿਆਰਾ ਸਿੰਘ ਦਿਓਸੀ, ਕੁਲਵੰਤ ਸਿੰਘ ਤੇ ਜੁਗਿੰਦਰ ਦਿਆਲ ਹੋਰ ਆਗੂ ਤਕਰੀਰਾਂ ਕਰਦੇ। ਉੱਚੀ ਉੱਚੀ ਨਾਅਰੇ ਗੂੰਜਦੇ

ਹਿੰਦੂ ਸਿੱਖ ਨੂੰ ਜੋ ਲੜਾਵੇ
ਉਹ ਦੇਸ਼ ਦਾ ਵੈਰੀ ਹੈ।

ਹਿੰਦੂ ਰਾਜ ਨਾ ਖਾਲਿਸਤਾਨ
ਜੁੱਗ ਜੁੱਗ ਜੀਵੇ ਹਿੰਦੋਸਤਾਨ।

ਅੱਤਵਾਦ-ਵੱਖਵਾਦ
ਮੁਰਦਾਬਾਦ ਮੁਰਦਾਬਾਦ

ਕਾਮਰੇਡ ਕੁਲਵੰਤ ਅਕਸਰ ਕਹਿੰਦੇ—ਇਹ ਕਾਲੀ ਨ੍ਹੇਰੀ ਥੋੜ੍ਹੇ ਦਿਨਾਂ ਦੀ ਹੈ, ਲੋਕ ਇਸ ਜ਼ੁਲਮ ਦੇ ਖ਼ਿਲਾਫ਼ ਹੋਰ ਪੱਕੀ ਦੀਵਾਰ ਬਣ ਕੇ ਖੜ੍ਹੇ ਹੋਣਗੇ ਤੇ ਦੇਸ਼ ਦੋਖੀ ਤਾਕਤਾਂ ਆਪਣੀ ਮੌਤੇ ਆਪੇ ਮਰ ਜਾਣਗੀਆਂ। ਪਰ ਜਦੋਂ ਕਾਮਰੇਡ ਅਜੀਤ ਸਿੰਘ ਗਦਰਾ, ਕਾਮਰੇਡ ਮਲਕੀਤ ਚੰਦ ਮੇਹਲੀ, ਕਾਮਰੇਡ ਤਰਲੋਚਨ ਸਿੰਘ ਤੇ ਰਾਮਲਾਲ (ਪਿੰਡ ਭੱਠਾ) ਅੱਤਵਾਦ ਦੀ ਬਲੀ ਚੜ੍ਹੇ ਤਾਂ ਉਹ ਬਹੁਤ ਪਰੇਸ਼ਾਨ ਰਹਿਣ ਲੱਗ ਪਏ। ਉਹ ਇਸ ਘੋਰ ਅਨਿਆਂ ਦੇ ਵਿਰੁੱਧ ਹਰ ਹਾਲਾਤ ਵਿਚ ਆਪ ਮੋਹਰੇ ਹੋ ਕੇ ਸਾਨੂੰ ਹੌਸਲਾ ਦਿੰਦੇ। ਜਦੋਂ ਕਦੇ-ਕਿਤੇ ਇਲਾਕੇ 'ਚ ਮੰਦਭਾਗੀ ਵਾਰਦਾਤ ਹੋ ਜਾਂਦੀ ਤਾਂ ਕਾਮਰੇਡ ਕੁਲਵੰਤ, ਕਾਮਰੇਡ ਪ੍ਰਸ਼ੋਤਮ ਜਾਂ ਆਪਣੇ ਪਿੰਡ ਦੇ ਦਲਿਤ ਸਰਪੰਚ ਤੇ ਆਪਣੇ ਜੋਟੀਦਾਰ ਕਾਮਰੇਡ ਸਰਵਣ ਰਾਮ ਜਾਂ ਕਾਮਰੇਡ ਅਵਤਾਰ ਸਿੰਘ ਚਾੜ੍ਹਕੇ ਨੂੰ ਨਾਲ ਲੈ ਕੇ ਮਾਰੇ ਗਏ ਬੰਦੇ ਦੇ ਪਰਿਵਾਰ ਕੋਲ ਪਹੁੰਚ ਜਾਂਦੇ। ਅੱਗਿਉਂ ਉਸ ਪਰਿਵਾਰ ਦੇ ਜੀਅ ਕਹਿੰਦੇ, 'ਕਾਮਰੇਡ ਜੀ, ਸਾਡੇ ਘਰ ਪਾਠ ਕਰਨ ਤੇ ਅਰਦਾਸ ਕਰਨ ਲਈ ਭਾਈ ਵੀ ਨਹੀਂ ਮੰਨਿਆ, ਤੁਸੀਂ ਆਏ ਹੋ ਤੁਹਾਡਾ ਬਹੁਤ-ਬਹੁਤ ਧੰਨਵਾਦ।' ਜਦੋਂ ਮਈ 1988 ਵਿਚ ਮੇਰੇ 'ਤੇ ਏ.ਕੇ. 47 ਦਾ ਹਮਲਾ ਹੋਇਆ ਪਰ ਬਚਾਅ ਹੋ ਗਿਆ ਤਾਂ ਕਾਮਰੇਡ ਕੁਲਵੰਤ ਸਿੰਘ ਨੇ ਖ਼ੁਸ਼ੀ ਭਰੀ ਰਾਹਤ ਮਹਿਸੂਸ ਕੀਤੀ।

ਇਸ ਕਾਲੀ ਨ੍ਹੇਰੀ ਦੇ ਨਿੱਤ ਝੂਲਦੇ ਝੱਖੜਾਂ ਦੌਰਾਨ ਕਾਮਰੇਡ ਕੁਲਵੰਤ ਸਿੰਘ ਨੇ ਨਾ ਲਾਲ ਬੱਤੀ ਵਾਲੀ ਗੱਡੀ ਲਈ ਤੇ ਨਾ ਹੀ ਗਾਰਦ। ਉਹ ਪੂਰੇ ਭਰੋਸੇ ਨਾਲ ਕਹਿੰਦੇ, 'ਇਹ ਨ੍ਹੇਰਗਰਦੀ ਤੇ ਬੁਰਸ਼ਾਗਰਦੀ ਥੋੜ੍ਹੇ ਦਿਨਾਂ 'ਚ ਮੁੱਕ ਜਾਣੀ ਏ, ਲੋਕਾਂ ਨੇ ਇਨ੍ਹਾਂ ਦੇ ਖ਼ਿਲਾਫ਼ ਆਪ ਹੀ ਉੱਠ ਖੜ੍ਹੇ ਹੋਣਾ ਏ ਤੇ ਅਮਨ-ਕਾਨੂੰਨ ਦਾ ਰਖਵਾਲੇ ਇਨ੍ਹਾਂ ਦੇਸ਼-ਦੋਖੀ ਤਾਕਤਾਂ ਨੂੰ ਠੱਲ੍ਹ ਪਾਉਣਗੇ, ਖ਼ਤਮ ਕਰ ਦੇਣਗੇ। ਇਨ੍ਹਾਂ ਖਰੂਦੀਆਂ ਦਾ ਰੌਲਾ ਹੁਣ ਹੋਰ ਨਹੀਂ ਚੱਲਣਾ, ਹੌਸਲਾ ਰੱਖੋ। ਜਦੋਂ ਦੇਸ਼ ਦੀ ਸਮਾਜਿਕ-ਆਰਥਿਕ ਹਾਲਤ ਦਾ ਜ਼ਿਕਰ ਹੁੰਦਾ ਤਾਂ ਉਹ ਦੋ-ਟੁੱਕ ਸ਼ਬਦਾਂ ਵਿਚ ਦਲੀਲ ਦਿੰਦੇ, 'ਦੇਸ਼ ਨੇ ਰਾਜਸੀ ਆਜ਼ਾਦੀ ਤਾਂ ਹਾਸਿਲ ਕਰ ਲਈ ਏ ਪਰ ਆਰਥਿਕ ਆਜ਼ਾਦੀ ਲੋਕਾਂ ਦੇ ਆਪਣੇ ਸੰਘਰਸ਼ ਨਾਲ ਸਾਮਰਾਜ ਤੇ ਜਾਗੀਰਦਾਰੀ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਕੇ ਪ੍ਰਾਪਤ ਕਰਨੀ ਏ।'

ਤਕਰੀਬਨ 38-39 ਸਾਲ ਤਕ ਮੈਂ ਕਾਮਰੇਡ ਕੁਲਵੰਤ ਸਿੰਘ ਨੂੰ ਚਿੱਟੀ ਕਮੀਜ਼ ਤੇ ਪਜਾਮੇ ਵਿਚ ਦੇਖਿਆ। ਘਰੋਂ ਬਾਹਰ ਜਾਣ ਵੇਲੇ ਇਕ ਜੋੜੀ ਅਜਿਹੇ ਕੱਪੜੇ ਹੁੰਦੇ। ਇਕ ਕਮੀਜ਼ ਪਜਾਮਾ ਧੋ ਲੈਂਦੇ ਤੇ ਦੂਜਾ ਪਾ ਲੈਂਦੇ। ਉਹ ਆਪਣੇ ਕੱਪੜੇ ਆਪ ਹੀ ਧੋਂਦੇ। ਦੋ ਵਾਰ ਐੱਮ.ਐੱਲ.ਏ. (1969 ਤੇ 1980) ਬਣਨ ਸਮੇਂ ਵੀ ਆਪਣੇ ਸਾਰੇ ਕੰਮ ਆਪ ਕਰਦੇ। ਉਹ ਮੇਰੇ ਵਰਗੇ ਛੋਟੀ ਉਮਰ ਦਿਆਂ ਨੂੰ ਦੂਰੋਂ ਵੇਖ ਕੇ ਬੁਲਾਉਣ ਤੇ ਹਾਲਚਾਲ ਪੁੱਛਣ ਦੀ ਪਹਿਲ ਕਰ ਜਾਂਦੇ। ਅਸੀਂ ਉਨ੍ਹਾਂ ਦੇ ਆਦਰ-ਮਾਣ ਵਿਚ ਖੜ੍ਹੇ ਹੋ ਜਾਂਦੇ ਪਰ ਉਹ ਸਾਡਾ ਕਲਾਵਾ ਭਰ ਲੈਂਦੇ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦੀ ਚੁੰਬਕੀ ਖਿੱਚ ਸੀ ਕਿ ਮੈਂ ਕੇਂਦਰ ਸਰਕਾਰ ਦੇ ਮਹਿਕਮੇ ਵਿਚ ਹੁੰਦਿਆਂ ਵੀ ਤਿੰਨ ਹਫ਼ਤੇ ਦੀ ਛੁੱਟੀ ਲੈ ਕੇ ਪਾਰਟੀ ਪ੍ਰਚਾਰ ਵਿਚ ਜੁਟਿਆ ਰਿਹਾ।

ਕਾਮਰੇਡ ਹੁਰੀਂ ਆਪਣੀ ਐੱਮ.ਐੱਲ.ਏ. ਪੈਨਸ਼ਨ ਸਦਕਾ ਆਰਥਿਕ ਪੱਖੋਂ ਕਮਜ਼ੋਰ ਆਪਣੇ ਸਾਥੀਆਂ ਦੇ ਬੱਚਿਆਂ ਦੀਆਂ ਵੱਡੀਆਂ-ਵੱਡੀਆਂ ਫ਼ੀਸਾਂ ਦੀਆਂ ਰਕਮਾਂ ਤਾਰ ਦਿੰਦੇ। ਜਿਨ੍ਹਾਂ ਦੇ ਇਹ ਬੱਚੇ ਹੁੰਦੇ ਉਨ੍ਹਾਂ ਨੂੰ ਪਤਾ ਲੱਗਦਾ ਕਿ ਇਹ ਫ਼ੀਸ ਕਿਸ ਨੇ ਭਰੀ ਹੈ। ਦਰਅਸਲ, ਇਸ ਤਰ੍ਹਾਂ ਦੇ ਗੁਪਤ ਕਾਰਜ ਸਾਡੇ ਸਾਂਝੇ ਮਿੱਤਰ ਕਾਮਰੇਡ ਪ੍ਰਸ਼ੋਤਮ ਸ਼ਰਮਾ (ਜੋ ਮੇਰੇ ਨਾਲ ਰਹਿੰਦਿਆਂ ਪਾਰਟੀ ਵੱਲ ਖਿੱਚਿਆ ਗਿਆ) ਦੇ ਜ਼ਰੀਏ ਕਰਦੇ ਤੇ ਧੂੰਆਂ ਨਾ ਨਿਕਲਣ ਦਿੰਦੇ। ਉਹ ਇਲਾਕੇ ਦੇ ਸਕੂਲਾਂ, ਕਾਲਜਾਂ ਜਾਂ ਹੋਰ ਜਨਤਕ ਸੰਸਥਾਵਾਂ ਵੱਲੋਂ ਪੇਸ਼ ਹੁੰਦੇ ਮਾਣ-ਸਨਮਾਨ ਨੂੰ ਸ਼ਾਬਦਿਕ ਤੌਰ 'ਤੇ ਸਵੀਕਾਰ ਕਰ ਲੈਂਦੇ ਪਰ ਕਿਸੇ ਵਸਤੂ ਦੇ ਰੂਪ ਵਿਚ ਨਹੀਂ। ਸਗੋਂ ਸਮਾਜ ਤੇ ਲੋਕਾਂ ਪ੍ਰਤਿ ਆਪਣੇ ਫ਼ਰਜ਼ ਗਿਣਾ ਕੇ ਖ਼ੁਸ਼ੀ ਮਹਿਸੂਸ ਕਰਦੇ। ਉਹ ਗ਼ੁੱਸੇ 'ਚ ਘੱਟ ਹੀ ਆਉਂਦੇ ਤੇ ਉਨ੍ਹਾਂ ਦੀ ਗੱਲਬਾਤ ਵਿਚੋਂ ਕਈ ਵਾਰ ਵਿਅੰਗ ਦੀਆਂ ਸੁਰਾਂ ਸਹਿਜ ਹੀ ਨਿਕਲ ਜਾਂਦੀਆਂ। ਅਸੀਂ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਟਿੱਪਣੀਆਂ 'ਤੇ ਹੱਸ-ਹੱਸ ਦੋਹਰੇ ਹੋ ਜਾਂਦੇ ਪਰ ਉਹ ਆਪਣੇ ਚਿਹਰੇ 'ਤੇ ਭੋਰਾ ਵੀ ਮੁਸਕਾਨ ਨਾ ਲਿਆਉਂਦੇ। ਉਨ੍ਹਾਂ ਦੀ ਇਸ ਸਾਦਗੀ ਤੇ ਵਡੱਤਣ ਦੇ ਅਸੀਂ ਬਲਿਹਾਰੇ ਜਾਂਦੇ ਕਿ ਏਹੋ ਜਿਹੇ ਗੁਣ ਤੇ ਸਮਾਜ ਦੀ ਨਬਜ਼ ਦੀ ਸੋਝੀ ਸਾਡੇ ਦਿਲਾਂ ਵਿਚ ਸਮਾ ਜਾਵੇ।

ਮੈਂ ਕਈ ਵਾਰ ਕਾਮਰੇਡ ਕੁਲਵੰਤ ਨਾਲ ਉਨ੍ਹਾਂ ਵੱਲੋਂ ਇਲਾਕੇ ਵਿਚ ਕੀਤੇ ਕੰਮਾਂ ਬਾਰੇ ਮੁਲਾਕਾਤ ਕਰਕੇ ਛਪਵਾਉਣ ਦੀ ਖ਼ਾਹਿਸ਼ ਦੱਸੀ ਪਰ ਉਹ ਸਹਿਜ ਸੁਭਾਅ ਹੀ ਮਨ੍ਹਾ ਕਰ ਦਿੰਦੇ। ਕਦੀ-ਕਦੀ ਮੈਂ ਜਾਂ ਪ੍ਰਸ਼ੋਤਮ ਸ਼ਰਮਾ ਤੇ ਗੁਰਬਿੰਦਰ ਮਾਣਕ ਉਨ੍ਹਾਂ ਨਾਲ ਪਾਕਿਸਤਾਨ ਬਣਨ ਵੇਲੇ ਦੀਆਂ ਗੱਲਾਂ ਛੇੜਦੇ। ਉਹ ਅਕਸਰ ਗੱਲ ਟਾਲ ਜਾਂਦੇ ਤੇ ਉਨ੍ਹਾਂ ਅੰਦਰਲੀ ਖਿੱਚੋਤਾਣ ਨੂੰ ਅਸੀਂ ਮਹਿਸੂਸ ਕਰਦੇ। ਉਨ੍ਹਾਂ ਮਾਰ-ਵੱਢ, ਕਾਫ਼ਲਿਆਂ ਉੱਤੇ ਹਮਲੇ ਤੇ ਮਾਸੂਮਾਂ ਉੱਤੇ ਅੱਤਿਆਚਾਰਾਂ ਦਾ ਪ੍ਰਸੰਗ ਸੁਣਾਉਂਦਿਆਂ ਦੱਸਿਆ ਕਿ ਕਿਵੇਂ ਉਹ ਗੱਡੇ ਉੱਤੇ ਪਰਿਵਾਰ ਤੇ ਸਾਮਾਨ ਨਾਲ ਇਧਰ ਆਏ। ਹਮਲਿਆਂ ਵੇਲੇ ਉਹ ਸਤਾਰਾਂ ਸਾਲ ਦੇ ਸਨ ਪਰ ਆਪਣਾ ਮੂੰਹ-ਸਿਰ ਬੰਨ੍ਹ ਕੇ ਗੱਡੇ ਉੱਤੇ ਮੰਜੀ ਉੱਤੇ ਆਪਣੀ ਦੋ-ਨਾਲੀ ਤਾਣ ਕੇ ਖੜ੍ਹੇ ਰਹੇ। ਸ਼ਰਾਰਤੀ ਅਨਸਰਾਂ ਦੇ ਉਨ੍ਹਾਂ ਤੋਂ ਦੂਰ ਰਹਿਣ ਲਈ ਏਨਾ ਡਰ ਹੀ ਕਾਫ਼ੀ ਸੀ। ਉਨ੍ਹਾਂ ਦੱਸਿਆ, 'ਉਸ ਦੋਨਾਲੀ ਵਿਚ ਗੋਲੀ ਸਿੱਕਾ ਜਾਂ ਸਾਡੇ ਕੋਲ ਕੋਈ ਕਾਰਤੂਸ ਨਹੀਂ ਸੀ ਸਗੋਂ ਉਹਨੂੰ ਅੰਦਰੋਂ ਬਾਹਰੋਂ ਜੰਗ ਲੱਗਾ ਹੋਇਆ ਸੀ।' ਇਹ ਕਹਿ ਕੇ ਉਹ ਮੁਸਕਰਾ ਪਏ।

ਕਾਮਰੇਡ ਕੁਲਵੰਤ ਸਿੰਘ ਜਾਤਾਂ, ਧਰਮਾਂ, ਗ਼ਰੀਬਾਂ, ਅਮੀਰਾਂ, ਜਗੀਰਦਾਰਾਂ ਤੇ ਕਿਸਾਨਾਂ ਵਿਚਾਲੇ ਕੋਈ ਫ਼ਰਕ ਨਹੀਂ ਸਨ ਕਰਦੇ ਤੇ ਨਾ ਹੀ ਉਨ੍ਹਾਂ ਲਈ ਇਸ ਦਾ ਕੋਈ ਅਰਥ ਸੀ। ਮਿਸਾਲ ਦੇ ਤੌਰ 'ਤੇ ਉਹ ਸੌ ਕੰਮ ਛੱਡ ਕੇ ਮੇਰੇ ਪਰਿਵਾਰ ਦੀਆਂ ਖ਼ੁਸ਼ੀਆਂ-ਗ਼ਮੀਆਂ ਵਿਚ ਸ਼ਾਮਿਲ ਹੁੰਦੇ। ਜਦੋਂ ਅੱਤਵਾਦ ਦੀ ਨ੍ਹੇਰੀ ਦੌਰਾਨ ਮੇਰਾ ਵਿਆਹ ਹੋਇਆ ਤਾਂ ਸਾਡੇ ਘਰ ਦੇ ਮੂਹਰੇ ਦੋ ਦਿਨ ਤੇ ਇਕ ਰਾਤ ਕਾਮਰੇਡ ਹਥਿਆਰਬੰਦ ਹੋ ਕੇ ਬੈਠੇ ਰਹੇ। ਕਾਮਰੇਡ ਕੁਲਵੰਤ ਨੇ ਮੇਰੀਆਂ ਲਾਮਾਂ ਵੇਲੇ ਸਾਦਾ ਤੇ ਦਾਜ ਰਹਿਤ ਵਿਆਹ ਲਈ ਲੋਕਾਂ ਨੂੰ ਚੇਤਨ ਕੀਤਾ। ਜਦੋਂ ਮੇਰੀ ਵੱਡੀ ਧੀ ਦਾ ਅਪ੍ਰੈਲ 2011 ਵਿਚ ਦਿੱਲੀ 'ਚ ਵਿਆਹ ਹੋਇਆ ਤਾਂ ਉਹ ਪ੍ਰਸ਼ੋਤਮ ਸ਼ਰਮਾ ਤੇ ਗੁਰਬਿੰਦਰ ਮਾਣਕ ਦੇ ਪਰਿਵਾਰਾਂ ਨਾਲ ਬਹੁਤ ਚਾਅ ਨਾਲ ਆਏ।...ਤੇ ਜਦੋਂ ਮੇਰਾ ਭਾਈਆ 2007 ਵਿਚ ਪੂਰਾ ਹੋਇਆ ਤਾਂ ਕਾਮਰੇਡ ਕੁਲਵੰਤ ਸਿੰਘ ਸਾਡੇ ਆਦਿ-ਧਰਮੀਆਂ ਦੇ ਗੁਰਦੁਆਰੇ ਵਿਚ ਸ਼ਰਧਾਂਜਲੀ ਦੇਣ ਵਾਲੇ ਪਹਿਲੇ ਸ਼ਖ਼ਸ ਸਨ। ਉਨ੍ਹਾਂ ਦੇ ਸ਼ਬਦ ਮੈਨੂੰ ਅੱਜ ਵੀ ਮੇਰੇ ਕੰਨਾਂ 'ਚ ਮੁੜ-ਮੁੜ ਸੁਣਦੇ ਹਨ—ਚੌਧਰੀ ਠਾਕਰ ਦਾਸ ਨੇ ਸਖ਼ਤ ਮਿਹਨਤ-ਮਜ਼ਦੂਰੀ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਤੇ ਅੱਗੋਂ ਉਨ੍ਹਾਂ ਦਾ ਸਪੁੱਤਰ ਬਲਬੀਰ ਮਾਧੋਪੁਰੀ ਲੋਕਾਂ ਦੇ ਲਿਖਾਰੀ ਵਜੋਂ ਲਗਾਤਾਰ ਚੇਤਨਾ ਫੈਲਾਉਣ ਦਾ ਕੰਮ ਕਰ ਰਿਹੈ।

ਕਾਮਰੇਡ ਕੁਲਵੰਤ ਸਿੰਘ ਹੁਰਾਂ ਦਾ ਸੁਫ਼ਨਾ ਸੀ ਕਿ ਪਲਾਟ ਖ਼ਰੀਦ ਕੇ ਭੋਗਪੁਰ 'ਚ ਕਮਿਊਨਿਸਟ ਪਾਰਟੀ ਦਾ ਦਫ਼ਤਰ ਬਣਾਇਆ ਜਾਵੇ ਤੇ ਫਿਰ ਉਹ ਉਸਾਰੀ ਦੀ ਨਿਗਰਾਨੀ ਕਰਦੇ ਰਹੇ। ਵਿਚ-ਵਿਚਾਲੇ ਪਿੰਡ ਨੂੰ ਜਾਂਦਾ ਆਉਂਦਾ ਮੈਂ ਵੀ ਗੇੜਾ ਮਾਰ ਆਉਂਦਾ। ਮੈਂ ਕਾਮਰੇਡ ਕੁਲਵੰਤ ਸਿੰਘ ਹੁਰਾਂ ਨੂੰ ਮਿਲਣ ਦੀ ਆਪਣੀ ਤਾਂਘ ਦੱਸਦਾ ਰਹਿੰਦਾ। ਉਹ ਝੱਟ ਹਾਂ

ਕਰ ਦਿੰਦੇ ਤੇ ਭੋਗਪੁਰ ਆ ਜਾਂਦੇ। ਅਸੀਂ 6 ਅਪ੍ਰੈਲ 2012 ਨੂੰ ਪਾਰਟੀ ਦਫ਼ਤਰ 'ਚ ਮਿਲਣ ਦਾ ਪ੍ਰੋਗਰਾਮ ਬਣਾਇਆ। ਅਸੀਂ ਯਾਨਿ ਕਾਮਰੇਡ ਸਰਵਣ ਰਾਮ, ਸਰਪੰਚ, ਪਿੰਡ ਸਲਾਲਾ, ਪ੍ਰਸ਼ੋਤਮ ਸ਼ਰਮਾ, ਗੁਰਬਿੰਦਰ ਮਾਣਕ ਤੇ ਮੈਂ ਕਾਮਰੇਡ ਨਾਲ ਕਹਿ ਕੇ ਯਾਦਗਾਰੀ ਫੋਟੋ ਖਿਚਵਾਈਆਂ। ਮਗਰੋਂ ਮਿਲਦੇ ਤਾਂ ਅਸੀਂ ਅਕਸਰ ਰਹੇ ਪਰ ਫੋਟੋ ਸੈਸ਼ਨ ਨਾਂ ਕਰ ਸਕੇ, ਜਿਸ ਦਾ ਮੈਨੂੰ ਅਫ਼ਸੋਸ ਰਹੇਗਾ।

ਕਾਮਰੇਡ ਕੁਲਵੰਤ ਸਿੰਘ ਨੂੰ ਬਰੇਨ ਹੈਮਰਿਜ ਹੋਇਆ ਤੇ ਬਸ ਚਾਰ ਕੁ ਦਿਨਾਂ ਦੇ ਜੀਵਨ ਸੰਘਰਸ਼ ਮਗਰੋਂ 5 ਮਈ 2013 ਨੂੰ ਸਾਨੂੰ ਸਭਨਾਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸੁਹਿਰਦਤਾ, ਸਾਦਗੀ, ਸਨਿਮਰਤਾ ਤੇ ਉੱਚੇ-ਸੁੱਚੇ ਸਦਾਚਾਰ ਨਾਲ ਭਰਪੂਰ ਸਾਡੀ ਰਹਿਨੁਮਾਈ ਕਰਦੀ ਰਹੀ ਸ਼ਖ਼ਸੀਅਤ ਮੇਰੇ ਰੋਮਾਂ ਵਿਚ ਵਸੀ ਹੋਈ ਹੈ। ਉਨ੍ਹਾਂ ਦੇ ਮਾਨਵੀ ਗੁਣ ਮੇਰੇ ਸਮੇਤ ਲੋਕਾਂ ਨੂੰ ਲੋਕਾਂ ਲਈ ਕੰਮ ਕਰਦੇ ਰਹਿਣ ਦੀ ਪ੍ਰੇਰਨਾ ਦਿੰਦੇ ਰਹਿਣਗੇ।

*ਪੋਸਟ ਸਕ੍ਰਿਪਟ*

- ਕਾਮਰੇਡ ਕੁਲਵੰਤ ਸਿੰਘ (ਸੰਖੇਪ ਜੀਵਨ ਵੇਰਵਾ)
- ਜਨਮ : 25 ਦਸੰਬਰ 1930
- ਮਾਤਾ : ਬੀਬੀ ਇਕਬਾਲ ਕੌਰ
- ਪਿਤਾ : ਸ. ਗੁਰਦੀਪ ਸਿੰਘ
- ਭਰਾ : ਜਸਵੰਤ ਸਿੰਘ, ਜਗਤਾਰ ਸਿੰਘ, ਜਸਬੀਰ ਸਿੰਘ
- ਪਿੰਡ ਤੇ ਡਾਕ : ਸਿਆਲਵਾਲਾ, ਤਹਿਸੀਲ ਜੜ੍ਹਵਾਲਾ, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ)
- ਹਿੰਦੁਸਤਾਨ ਦੀ 1947 'ਚ ਭਾਰਤ-ਪਾਕਿ ਵੰਡ ਮਗਰੋਂ ਰਿਹਾਇਸ਼ ਤੇ ਪਤਾ : ਪਿੰਡ ਨੰਗਲ ਫੀਦਾ (ਬਾਅਦ 'ਚ ਬਸੰਤ ਨਗਰ) ਜ਼ਿਲ੍ਹਾ ਜਲੰਧਰ।
- ਐੱਫ਼.ਏ. : ਖਾਲਸਾ ਕਾਲਜ (ਹੋਸਟਲ 'ਚ ਰਹਿ ਕੇ), ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ।
- ਬੀ.ਏ. : ਡੀ.ਏ.ਵੀ. ਕਾਲਜ, ਜਲੰਧਰ।
- ਪਤਨੀ : ਬੀਬੀ ਸਵਰਨ ਕੌਰ (ਪਿੰਡ ਚੋਮੋ, ਆਦਮਪੁਰ, ਜਲੰਧਰ।
- ਸੇਵਾ ਕਾਰਜ ਖੇਤਰ : ਆਦਮਪੁਰ, ਚੋਣ ਹਲਕਾ ਵਿਧਾਨ ਸਭਾ।
- ਪਾਰਟੀ : ਭਾਰਤੀ ਕਮਿਊਨਿਸਟ ਪਾਰਟੀ।
- ਚੋਣ ਲੜੇ : 1969 'ਚ। ਕਾਂਗਰਸ ਉਮੀਦਵਾਰ ਕਰਮ ਸਿੰਘ ਤੋਂ 4843 ਵੋਟਾਂ ਨਾਲ ਜਿੱਤੇ। 1972 'ਚ ਆਜ਼ਾਦ ਉਮੀਦਵਾਰ ਹਰਭਜਨ ਸਿੰਘ ਤੋਂ 3709 ਵੋਟਾਂ ਨਾਲ ਹਾਰੇ। 1977 'ਚ ਜੇ.ਐੱਨ. ਪਾਰਟੀ ਦੇ ਉਮੀਦਵਾਰ ਸਰੂਪ ਸਿੰਘ ਤੋਂ 4098 ਵੋਟਾਂ ਨਾਲ ਹਾਰੇ। 1980 'ਚ ਕਾਂਗਰਸ ਉਮੀਦਵਾਰ ਇਕਬਾਲ ਸਿੰਘ ਤੋਂ 5400 ਵੋਟਾਂ ਦੇ ਫ਼ਰਕ ਨਾਲ ਜਿੱਤੇ।
- ਭਾਰਤ ਸਰਕਾਰ ਦੇ ਐਗਰੀਕਲਚਰ ਕਮਿਸ਼ਨ ਦੇ ਮੈਂਬਰ ਰਹੇ।
- ਭੋਗਪੁਰ ਖੰਡ ਮਿਲ ਦੇ ਡਾਇਰੈਕਟਰ ਰਹੇ
- ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਰਹੇ।
- 'ਨਵਾਂ ਜ਼ਮਾਨਾ' ਲਈ ਗੜਗੱਜ ਫਾਊਂਡੇਸ਼ਨ ਦੇ ਮੈਂਬਰ ਰਹੇ।
- ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਨਾਲ ਗੂੜ੍ਹਾ ਸੰਪਰਕ ਰਿਹਾ।

ਮੋਬਾ : 9350548100

ਈ-ਮੇਲ : bmadhopuri@yahoo.in

# ਸਭ ਤੋਂ ਵੱਡਾ ਇਨਾਮ ਤਾਂ ਮੇਰੇ ਪਾਠਕ ਹਨ : ਬਲਬੀਰ ਸਿੰਘ ਕੰਵਲ

ਪੰਜਾਬੀ ਵਿਰਸੇ ਦੀ ਸਾਂਭ-ਸੰਭਾਲ ਦੀ ਕੋਸ਼ਿਸ਼ ਵਿਚ ਜ਼ਿੰਦਗੀ ਲਗਾ ਦੇਣ ਵਾਲੇ, ਪੰਜਾਬ ਦੇ ਹੋਣਹਾਰ ਸਪੂਤ ਸਰਦਾਰ ਬਲਬੀਰ ਸਿੰਘ ਕੰਵਲ ਹੋਰਾਂ ਦੀ ਜ਼ਿੰਦਗੀ ਦੇ ਤਜੁਰਬਿਆਂ ਨੂੰ ਆਉਣ ਵਾਲੀਆਂ ਨਸਲਾਂ ਲਈ ਲਿਖਤੀ ਰੂਪ ਵਿਚ ਸੰਭਾਲਣ ਅਤੇ ਅਜੋਕੇ ਪਾਠਕਾਂ ਨਾਲ ਸਾਂਝਿਆਂ ਕਰਨ ਦੇ ਮਕਸਦ ਨਾਲ ਉਨ੍ਹਾ ਨਾਲ ਇਹ ਲੰਬੀ ਵਾਰਤਾ ਕੀਤੀ ਗਈ।

ਇਸ ਮੁਲਾਕਾਤ ਨੂੰ ਸਿਰੇ ਚੜ੍ਹਾਉਣ ਦਾ ਸੇਹਰਾ ਅਸਲ ਵਿਚ ਤਾਂ ਜਨਾਬ ਸੁਖਦੇਵ ਸਰਸਾ ਜੀ ਦੇ ਸਿਰ ਜਾਂਦਾ ਹੈ। ਬਲਬੀਰ ਜੀ ਨਾਲ ਮੇਰੀ ਪਛਾਣ ਭਾਵੇਂ ਪਹਿਲਾਂ ਤੋਂ ਵੀ ਸੀ ਪਰ ਸਰਸਾ ਜੀ ਦੀ ਨੇ ਆਪਣੀ 2015 ਵਾਲੀ ਲੰਡਨ ਫੇਰੀ ਸਮੇ ਮੈਨੂੰ ਬਲਬੀਰ ਕੰਵਲ ਜੀ ਦੀ ਪੰਜਾਬੀ ਸਭਿਆਚਾਰ ਪ੍ਰਤੀ ਕੀਤੀ ਸੇਵਾ ਪੱਖੋਂ ਜਾਣੂ ਕਰਵਾਇਆ ਤੇ ਉਨ੍ਹਾਂ ਦੇ ਅਨੁਭਵ ਲਿਖਤੀ ਰੂਪ ਵਿਚ ਸੰਭਾਲ ਲੈਣ ਦੀ ਤਾਕੀਦ ਕੀਤੀ। ਮੈਂ ਇਹ ਕੰਮ ਛੇਤੀ ਹੀ ਅਰੰਭ ਕਰ ਦਿਤਾ ਤੇ ਲਗਾਤਾਰ ਕਈ ਵਾਰ ਬਲਬੀਰ ਕੰਵਲ ਜੀ ਨਾਲ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨਾਲ ਗੱਲਾਂ-ਬਾਤਾਂ ਕੀਤੀਆਂ। ਇਹ ਸਿਲਸਿਲਾ ਚਲਦਿਆਂ ਸਰਸਾ ਜੀ ਦੀ 2016 ਵਿਚਲੀ ਫੇਰੀ ਦੌਰਾਨ ਫਿਰ ਅਸੀਂ ਇਕੱਠਿਆਂ ਮੁਲਾਕਾਤ ਕੀਤੀ ਤੇ ਮੇਰੇ ਵੱਲੋਂ ਬਲਬੀਰ ਜੀ ਨੂੰ ਪੁਛਣੋਂ ਰਹਿ ਗਏ ਕੁਝ ਪਹਿਲੂਆਂ ਬਾਰੇ ਸਰਸਾ ਜੀ ਨੇ ਸਵਾਲ ਕੀਤੇ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੌੜਾ ਦੇ ਜੰਮਪਲ ਬਲਬੀਰ ਸਿੰਘ ਕੰਵਲ ਜੀ ਦਾ ਜਨਮ 1934 ਵਿਚ ਹੋਇਆ। ਪੰਜਾਬ ਚੋਂ ਐਮ.ਏ, ਬੀ.ਟੀ. ਦੀ ਡਿਗਰੀ ਹਾਸਲ ਕਰਕੇ ਕੰਵਲ ਜੀ 1965 ਵਿਚ ਵਦੇਸ਼ ਪ੍ਰਵਾਸ ਕਰਨ ਤੋਂ ਬਾਅਦ ਹੁਣ ਤੱਕ ਬਰਤਾਨਵੀ ਸ਼ਹਿਰੀ ਹਨ। ਕਈ ਕਿਤਾਬਾਂ ਦੇ ਕਰਤਾ ਬਲਬੀਰ ਕੰਵਲ ਜੀ ਦੇ 50 ਤੋਂ ਉਪਰ ਆਲੋਚਨਾਤਮਕ ਲੇਖ ਅਲੱਗ ਅਲੱਗ ਅਖਬਾਰਾਂ ਅਤੇ ਰਸਾਲਿਆਂ ਵਿਚ ਛਪ ਚੁੱਕੇ ਹਨ। 'World Wrestling' ਰਸਾਲੇ ਵਿਚ ਭਾਰਤੀ ਉਪ-ਮਹਾਂਦੀਪ ਤੋਂ ਇਹ ਲਾਗਾਤਰ ਯੋਗਦਾਨ ਪਾਉਂਦੇ ਰਹਿਣ ਵਾਲੇ ਲੇਖਕ ਹਨ। 1975 ਵਿਚ ਬਲਬੀਰ ਕੰਵਲ ਜੀ ਨੂੰ ਹਿੰਦੁਸਤਾਨੀ ਕੁਸ਼ਤੀ ਦੇ ਵਿਸ਼ੇ ਉਪਰ ਦੁਨੀਆ ਦਾ ਚੋਣਵਾਂ ਮਾਹਿਰ ਮੰਨਆ ਗਿਆ ਸੀ। ਲੰਡਨ ਤੋਂ ਪ੍ਰਕਾਸ਼ਤ ਹੁੰਦੇ ਰਸਾਲੇ 'ਦੇਸ-ਪ੍ਰਦੇਸ' ਦੇ ਸਹਿ-ਸੰਪਾਦਕ ਵੱਜੋਂ ਵੀ ਇਨ੍ਹਾਂ ਨੇ ਜ਼ਿੰਮੇਵਾਰੀ ਨਿਭਾਈ। 1965 ਵਿਚ ਹੀ ਇਨ੍ਹਾ ਨੇ ਆਪਣੀ ਭਲਵਾਨਾਂ ਬਾਰੇ ਕਿਤਾਬ ਲਈ UNESCO ਦਾ ਇਨਾਮ ਹਾਸਲ ਕੀਤਾ। 1985 ਵਿਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਇਨ੍ਹਾ ਨੂੰ 'ਸ਼੍ਰੋਮਣੀ ਸਾਹਿਤਕਾਰ' ਦੇ ਇਨਾਮ ਨਾਲ ਨਵਾਜ਼ਿਆ ਗਿਆ। 1988 ਵਿਚ ਮੋਹਨ ਸਿੰਘ ਵੈਦ ਪੁਰਸਕਾਰ ਪ੍ਰਾਪਤ ਕੀਤਾ ਤੇ ਇਸੇ ਸਾਲ ਹੀ 'ਕਲਾ ਸੰਗਮ' ਸੰਸਥਾ ਵੱਲੋਂ ਸਨਮਾਨਤ ਕੀਤਾ ਗਿਆ। ਬਲਬੀਰ ਸਿੰਘ ਕੰਵਲ ਜੀ ਨੇ ਪੰਜਾਬੀ ਗਾਇਕੀ ਦੇ ਲਗਭਗ 2000 ਦੁਰਲੱਭ ਤਵਿਆਂ ਦਾ ਸੰਗ੍ਰਹਿ ਕੀਤਾ।

ਉਸਤਾਦ ਸਲਾਮਤ ਅਲੀ ਖਾਨ ਸਾਹਬ ਨੇ ਆਪ ਜੀ ਵੱਲੋਂ ਕੀਤੀ ਜਾ ਰਹੀ ਸੰਗੀਤ ਦੀ ਸੇਵਾ ਦਾ ਆਦਰ ਕਰਦਿਆਂ 'ਕੰਵਲ ਭੈਰੋਂ' ਨਾਮ ਦੇ ਨਵੇਂ ਰਾਗ ਦੀ ਰਚਨਾ ਕੀਤੀ। 1979 ਵਿਚ ਬਲਬੀਰ ਕੰਵਲ ਜੀ ਨੇ ਇੰਗਲੈਂਡ ਦੀ ਕਬੱਡੀ ਟੀਮ ਦੇ ਮਨੈਜਰ ਦੀ ਹੈਸੀਅਤ ਵੱਜੋਂ ਕਨੈਡਾ ਦਾ ਦੌਰਾ ਕੀਤਾ।ਬਲਬੀਰ ਜੀ ਲੰਡਨ ਵਿਚ ਸਥਾਪਤ ਪੰਜਾਬੀ ਸਾਹਿਤ ਸਭਾ 'ਅੰਤਰਾਸ਼ਟਰੀ ਪੰਜਾਬੀ ਸਾਹਿਤ ਸਭਾ ਯੂ.ਕੇ' ਦੇ ਸੰਸਥਾਪਕ-ਪ੍ਰਧਾਨ ਵੀ ਹਨ। ਹਾਲ ਹੀ ਵਿਚ ਕਨੇਡਾ ਦੇ ਸ਼ਹਿਰ ਵੈਨਕੂਵਰ ਵਿਖੇ ਸਥਾਪਤ 'ਵਿਰਾਸਤ ਫਾਊਂਡੇਸ਼ਨ' ਨਾਮ ਦੀ ਸੰਸਥਾ ਵੱਲੋਂ ਬਲਬੀਰ ਜੀ ਨੂੰ ਸੰਗੀਤ ਪ੍ਰਤੀ ਉਨ੍ਹਾਂ ਦੀ ਦੇਣ ਲਈ, ਸੋਨੇ ਦਾ ਤਗਮਾ ਦੇ ਕੇ ਸਨਾਮਨਤ ਕੀਤਾ ਗਿਆ ਹੈ।

? ਬਲਬੀਰ ਕੰਵਲ ਜੀ ਸਭ ਤੋਂ ਪਹਿਲਾਂ ਸਾਨੂੰ ਉਹ ਥਾਂ ਤੇ ਉਸ ਮਹੌਲ ਤੋਂ ਜਾਣੂ ਕਰਵਾਓ ਜਿਸ ਵਿਚ ਤੁਸਾਂ ਆਪਣੀ ਸੁਰਤ ਸੰਭਾਲੀ।

• ਮੇਰਾ ਪਿੰਡ ਜੌੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦਾ ਹੈ, ਉਂਜ ਜੌੜੇ ਪਿੰਡ ਕਈ ਹਨ,ਇਕ ਤਰਨਤਾਰਨ ਲਾਗੇ ਵੀ ਹੈ..ਤਾਂ ਸਾਡੇ ਬਜ਼ੁਰਗ ਇਸ ਤਰ੍ਹਾਂ ਦਸਦੇ ਸੀ ਜੀ ਕਿ ਸਾਡੇ ਪੁਰਖੇ ਤਰਨਤਾਰਨ ਵਾਲੇ ਜੌੜੇ ਤੋਂ ਹੀ ਉਠ ਕੇ ਇਥੇ ਆਏ ਸਨ।

? ਤਾਂ ਤੁਸੀਂ ਸ਼ੁਰੂ ਤੋਂ ਹੀ ਇਥੇ ਰਹੇ?

• ਹਾਂ ਜੀ ਸਾਡੇ ਪੁਰਖ-ਪੁਰਾਣੇ ਜਿਹੜੇ ਸੀ-ਦਾਦੇ ਪੜਦਾਦੇ ਇਥੇ ਹੀ ਸਨ। ਇਹ ਹੁਸ਼ਿਆਰਪੁਰ ਤੇ ਜਲੰਧਰ ਦੀ ਹੱਦ ਤੇ ਪੈਂਦਾ ਹੈ ਸਾਡਾ ਪਿੰਡ। ਚੋਲਾਂਗ ਸਾਨੂੰ ਸਟੇਸ਼ਨ ਪੈਂਦਾ ਸੀ ਹੁਣ ਤਾਂ ਸਥਿਤੀ ਖੈਰ ਕੁਝ ਹੋਰ ਹੈ, ਜੁਗਰਾਫੀਆਈ ਹਿਸਾਬ ਨਾਲ ਇਹ ਟਾਂਡਾ ਤੇ ਭੋਗਪੁਰ ਦੇ ਗੱਭੇ ਜਹੇ ਪੈਂਦਾ ਤੇ ਬਚਪਨ ਬਾਰੇ ਇਸ ਤਰਾਂ, ਉਹ ਜਿਹੜਾ ਸਾਡਾ ਮਹੌਲ ਸੀਗਾ ਨਾ ਜੀ, ਸਾਡੀ ਹਵੇਲੀ ਇਕ ਅਖਾੜਾ ਚਲਦਾ ਹੁੰਦਾ ਸੀ ਤੇ ਮੇਰਾ ਜਾਣੀ ਜਨਮ ਹੈਗਾ 1934 ਦਾ। ਅਖਾੜਾ ਚਲਦਾ ਹੁੰਦਾ ਸੀ ਤਾਂ ਉਥੇ ਇਕ ਪਿੱਪਲ ਹੁੰਦਾ ਸੀਗਾ ਵੱਡਾ ਤੇ ਮੁਸਲਮਾਨਾਂ ਦੇ ਘੁਮਿਆਰ ਪਰਿਵਾਰ ਜ਼ੋਰ ਕਰਦੇ ਹੁੰਦੇ ਸਨ, ਸਾਡੇ ਦੋ ਚਾਚੇ ਸੀਗੇ ਉਹ ਵੀ ਜ਼ੋਰ ਕਰਦੇ ਸੀ, ਘੁਲਦੇ ਸੀ- ਉਹ ਇਤਨੇ ਨਾਮਵਰ ਤਾਂ ਨਹੀਂ ਹੋਏ...। ਸਾਡਾ ਇਕ ਚਾਚਾ ਮੂੰਗਲੀਆਂ ਫੇਰਦਾ ਹੁੰਦਾ ਸੀ ਤੇ ਭਾਰੀਆ ਤੋਂ ਭਾਰੀਆਂ ਮੂੰਗਲੀਆਂ ਫੇਰ ਲੈਂਦਾ ਸੀ। ਤੇ ਜਿਹੜਾ ਦੂਸਰਾ ਸੀ ਉਸ ਨੇ ਤਿੰਨ-ਚਾਰ ਕਿਸਮ ਦੀਆਂ ਮੂੰਗਲੀਆਂ ਰੱਖੀਆਂ ਸਨ, ਤੇ ਜਦੋਂ ਉਹਨੇ ਮੂੰਗਲੀ ਨੂੰ ਬੜੇ ਜ਼ੋਰ ਨਾਲ ਚੱਕ ਕੇ ਹਵਾ 'ਚ ਉਤਾਂਹ ਮਾਰਨਾ, ਭਾਰੀ ਮੂੰਗਲੀ ਨੂੰ It was astonishing !{ਇਹ ਹੈਰਾਨੀਜਨਕ ਸੀ} ਸਾਨੂੰ ਇਹ ਲੱਗਣਾ ਦਰਸ਼ਕਾਂ 'ਚੋਂ ਕਿਸੇ ਦੇ ਲੱਗੂ ਹੁਣ, ਉਨ੍ਹੇ ਜੀ ਫਿਰ ਬੋਚਣਾ ਮੂੰਗਲੀ ਨੂੰ। ਤਾਂ ਉਹ ਫਿਰ ਕਾਫੀ ਮਸ਼ਹੂਰ ਹੋਇਆ ਇਲਾਕੇ ’ਚ। ਇਸ ਤੋਂ ਇਲਾਵਾ ਜੁਗਰਾਫੀਏ ਦੀ ਨਜ਼ਰ ਤੋਂ, ਜਿਹੜੀ ਗੱਲ ਮੇਰੇ ਵਿਸ਼ਿਆਂ ਨਾਲ ਸੰਬੰਧਤ ਹੈ, ਜੋ ਮੈਂ ਦਸਣੀ ਜ਼ਰੂਰੀ ਸਮਝਦਾਂ ਕਿ ਜਿਹੜੇ ਸਾਰੇ ਪੰਜਾਬ ਦੇ ਜਿਹੜੇ ਛੇ-ਸੱਤ ਸ਼ਾਸਤਰੀ ਸੰਗੀਤ ਦੇ ਘਰਾਣੇ ਸੀਗੇ, ਉਨ੍ਹਾਂ ਵਿਚੋਂ ਸਾਡੇ ਜ਼ਿਲ੍ਹੇ ਹੋਸ਼ਿਆਰਪੁਰ ਨੂੰ ਇਸ ਗੱਲ ਦਾ ਸ਼ਰਫ ਹਾਸਲ ਸੀਗਾ ਪਈ ਦੋ ਘਰਾਣੇ ਇਥੇ ਹੋਏ ਬੜੇ ਵੱਡੇ। ਤੁਹਾਡਾ ਤੁਅੱਲਕ ਮਾਲਵੇ ਨਾਲ ਹੈ, ਤੁਹਾਡਾ ਜਿਹੜਾ ਘਰਾਣਾ ਹੈ- ਤਲਵੰਡੀ ਘਰਾਣਾ, ਸਾਰਿਆਂ ਨਾਲੋਂ ਪੁਰਾਣਾ ਹੈ।

? ਇਹ ਪਟਿਆਲੇ ਘਰਾਣੇ ਨਾਲ ਸੰਬੰਧਤ ਹੋਊ?

• ਨਹੀਂ, ਇਸਦਾ ਪਟਿਆਲੇ ਨਾਲ ਕੋਈ ਸੰਬੰਧ ਨਹੀਂ.. ਇਹ ਨਾਂ ਸਮਝਣਾ ਮੈਂ ਕੋਈ ਸ਼ੇਖੀ ਮਾਰ ਰਿਹਾਂ, ਇਸ ਦਾ ਕੋਈ ਮਤਲਬ ਨਹੀ ਹੁੰਦਾ।ਉਂਜ ਹੈ ਸਭ ਕੁਦਰਤੀ, ਕਈ ਵੇਰੀ ਪਤਾ ਨਹੀਂ ਕਿਹੜਾ ਫੁੱਲ-ਬੂਟਾ ਕਿੱਥੇ ਉਗ ਪੈਣੈਂ, ਭਾਵੇਂ ਕੋਈ ਦੇਖਦਾ ਜਾਂ ਨਹੀਂ...ਤਾਂ ਉਹ ਨਹੀਂ ਕੋਈ ਗੱਲ। ਕੁਦਰਤੀ ਹੈ ਨਾ, ਹੋ ਸਕਦਾ ਮੇਰਾ ਜਨਮ ਪਰਮਾਤਮਾ ਕਿਤੇ ਹੋਰ ਕਰ ਦਿੰਦਾ ਤਾਂ....ਪਰ ਮੇਰੇ ਲਈ ਇਹ important{ਮਹੱਤਵਪੂਰਣ} ਸੀ ਕਿ ਇਹ ਜਿਹੜੇ ਸਾਡੇ ਬਾਬੇ ਸੀ ਨਾ ਜੀ...ਇਕ ਹੈਗਾ ਹਰਿਆਣਾ-ਭੁੰਗਾ ਜਿਥੋਂ ਦਾ ਸੀ ਸਵਾਮੀ ਹਰੀਦਾਸ...ਹਰੀਦਾਸ ਦੀ ਪਛਾਣ ਇਹ ਆ ਪਈ ਸਾਰੇ ਹਿੰਦੁਸਤਾਨ ਦੇ ਲੋਕ-ਬੱਚੇ ਬੁਢੇ ਸਭ ਨੇ, ਜੇ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਨਾਮ ਸੁਣਿਆਂ ਹੋਊਗਾ- ਤਾਨਸੈਨ ਤੇ ਬੈਜੂਬਾਵਰੇ ਦਾ। ਇਹ ਜਿਹੜਾ ਸੀਗਾ ਨਾ ਜੀ ਹਰਿਆਣਾ ਭੁੰਗਾ..ਇਹ ਸਵਾਮੀ ਹਰੀਦਾਸ ਹੋਣੀ ਸੰਤ ਬੰਦੇ ਸੀਗੇ ਤੇ ਆਹ ਫਿਰ ਜੁੱਗ ਆਇਆ ਜਦੋਂ ਧਾੜਵੀ ਆ ਗਏ...ਸਾਧੂ-ਸੰਤ ਫਿਰ ਇਥੋਂ ਨੱਠ ਗਏ, ਜੰਗਲਾਂ-ਜੁੰਗਲਾਂ ਵਿਚ ਤੇ ਫਿਰ ਵਰਿੰਦਾਵਨ...ਤੇ ਇਨ੍ਹਾ ਨੇ ਤਿਆਰ ਕੀਤੇ ਵੇਖ ਲਓ ਆ ਬੈਜੂ ਬਾਵਰਾ ਬਗੈਰਾ। ਤੇ ਇਹ ਜਿਹੜਾ ਬੈਜੂ ਬਾਵਰਾ ਹੈ ਉਹ ਵੀ ਸਾਡਾ ਹੁਸ਼ਿਆਰਪੁਰ ਦੇ ਮੁੱਢ ਜੋ ਬਿਜਵਾੜਾ ਹੈ ਨਾ ਜੀ... ਇਹ ਲਫਜ਼ ਹੌਲੀ ਹੌਲੀ ਤਬਦੀਲ ਹੁੰਦੇ ਰਹਿੰਦੇ ਆ,ਇਸ ਦਾ ਜੋ origin ਹੈ ਨਾ.. ਪਹਿਲਾ ਅਸਲੀ ਨਾਮ 'ਬੈਜੂਬਾਵਰਾ'ਸ਼ਬਦ ਸੀ। ਇਹ ਗੱਲ ਇਸ ਤਰਾਂ ਹੈ ਜਿਸ ਤਰਾਂ ਹੁਣ ਜਿਵੇਂ ਆ ਮੰਜਾ ਐ, ਆਪਾਂ ਇਹਨੂੰ 'ਮੰਜਾ' ਕਹਿੰਦੇ ਆਂ ਪਰ ਅਸਲੀ “ਅਮਨ ਜਾ” ਹੈ, ‘ਅਮਨ ਮਾਅਨੇ ਆਰਾਮ ਤੇ ਜਾ ਮਾਅਨੇ ਜਗਹ’। ਪਰ ਚਲੋ ਹੁਣ ਤੁਸੀਂ ਕਹਿਣਾ “ਅਮਨ ਜਾ” – ਇਹ ਤਾਂ ਪੁੱਠੀ ਬੋਲੀ ਬੋਲਦਾ ਪਰ ਨਹੀਂ....। ਸੋ ਸਮਾ ਬਦਲਣ ਨਾਲ, evolution{ਕ੍ਰਮਵਾਰ ਤਰੱਕੀ} ਕਹਿ ਲਓ ਜਾਂ ਕੁਝ ਹੋਰ ਜੋ ਹੁਣ ਤੱਕ ਸਾਡੇ ਤੱਕ ਪਹੁੰਚਾ,ਉਂਜ ਬਿਜਵਾੜੇ ਦਾ origin {ਮੂਲ} ਇਹੀ ਹੈ। ਇਹਦੇ ਪਿਛੋਕੜ ਬਾਰੇ ਮੈਂ ਆਪਣੇ ਮਜ਼ਮੂਨ – “Punjab That Was: Some Glimpses of a Glorious Heritage” ਵਿਚ ਵੀ ਲਿਖਿਆ ਹੈ।ਇਹਦੇ ਵਿਚ ਤਿੰਨ-ਚਾਰ ਸੌ ਸਾਲ ਦੀ ਸੰਗੀਤਕ ਵਿਰਾਸਤ ਲਈ ਆ- ਕੀ ਕੀ ਰਾਗ ਦਿੱਤੇ ਪੰਜਾਬ ਨੇ, ਕਿਹੜੇ ਕਿਹੜੇ ਘਰਾਣੇਂ ਆ, ਕਿਹੜੇ ਕਿਹੜੇ ਵੱਡੇ ਉਸਤਾਦ ਹੋਏ, ਤੇ ਹੋਰ ਬਾਈਆਂ, ਤਬਲੀਏ, ਸਾਰੰਗੀਏ ਆਦਿ...।

? ਤੁਸੀਂ ਦੱਸਿਆ ਕਿ ਤੁਹਾਡਾ ਜਨਮ 1934 ਹੈ ਦਾ ਹੈ, ਇਹਦਾ ਮਤਲਬ ਫਿਰ ਜਦੋਂ ਪਾਕਿਸਤਾਨ ਦਾ ਰੌਲ਼ਾ ਪਿਆ ਉਦੋਂ ਤੁਸੀਂ ਸੁਰਤ ਸਿਰ ਹੋਵੋਗੇ। ਉਸ ਬਾਰੇ ਕੋਈ ਯਾਦਾਂ ਸਾਂਝੀਆਂ ਕਰੋਗੇ?

• ਉਹੋ..ਹੋ..ਹੋ...horrible...{ਹੌਲਨਾਕ} ਹਾਂ ਜੀ ਮੈਂ ਵੇਖਿਆ ਬਹੁਤ ਕੁਝ ! ਉਹ ਜੀ ਇਸ ਤਰਾਂ ਪਈ (ਵਕਫਾ)...ਕੰਬਦਾ ਹੈ ਜੀ ਸਰੀਰ...ਜਾਣੀ ਸਾਡਾ ਜਿਹੜਾ ਪਿੰਡ ਸੀਗਾ ਇਹ ਘਿਰਿਆ ਹੋਇਆ ਸੀ ਮੁਸਲਮਾਨਾਂ ਦੀ ਵੱਸੋਂ ਨਾਲ। ਹਰ ਵੇਲੇ ਡਰ ਰਹਿੰਦਾ ਸੀ ਤਾਂ ਸਾਡੇ ਬਜ਼ੁਰਗਾਂ ਨੇ ਆਹ ਬਰਛੀਆਂ ਟਕੂਏ ਤੇ ਕਈ ਤਰਾਂ ਦੇ ਹਥਿਆਰ-ਹਥਿਊਰ...ਸਾਡਾ ਸੰਬੰਧ ਜੀ ਰਾਮਗੜੀਆ ਪਰਵਾਰ ਨਾਲ ਐ..ਤਾਂ ਮਤਲਬ ਕੀ ਪਈ ਕੁਝ ਇਸ ਤਰਾਂ ਦੇ scene ਵੀ ਦੇਖੇ ਪਈ ਮਾਂ ਮਰੀ ਪਈ ਆ...(ਸਾਡੇ ਨਾਲ ਦੇ ਪਿੰਡ ਅਸੀਂ ਬਚਪਨ ਵਿਚ ਜਾਂਦੇ ਰਹੈ ਆਂ ਕਵਾਲੀ ਸੁਨਣ, ਬੜੀ ਜਗਹ ਐ ਉਹਨੂੰ ਮੰਨਦੇ, ਸ਼ਾਇਦ ਹੁਣ ਵੀ ਉੱਥੇ ਕਵਾਲੀ ਹੁੰਦੀ ਹੋਵੇ..) ਤੇ ਉੱਹ...ਮਾਂ ਮਰੀ ਪਈ ਆ ਤੇ ਛੋਟਾ ਜਿਹਾ ਬੱਚਾ ਉਹਦਾ ਦੁੱਧ ਚੁੰਗ ਰਿਹੈ! ਤਾਂ ਫਿਰ ਮੈਨੂੰ ਵੀ ਐਦਾਂ ਲਾਸ਼ਾਂ ਦੇ ਉਤੋਂ ਦੀ ਲੰਘਣਾ ਪਿਆ ਸੀ..ਜਦ ਜਗਹ ਹੀ ਨਹੀਂ ਸੀ ਤਾਂ...ਇਹ ਤਾਂ ਕੁਦਰਤ ਵੱਲੋਂ ਮੀਂਹ-ਮੀਂਹ ਬਹੁਤ ਪਏ ਤੇ ਸੀ "ਸਫਾਈ" ਹੋ ਗਈ...ਤੇ ਉਹ ਲਾਸ਼ਾਂ-ਲੁਸ਼ਾਂ...ਉਹ ਤਾਂ ਜੀ ਬਹੁਤ ਹੀ horrible ਸਾਕਾ ਸੀ ਸੰਨ ਸੰਤਾਲੀ ਆਲ਼ਾ! ਹੁਣ ਵੀ ਜਦੋਂ ਯਾਦ ਅਉਂਦਾ ਹੈ ਤਾਂ ਬੜੀ ਦੇਰ ਤੱਕ ਇਹ ਕੈਫੀਅਤ ਮੇਰੇ ਉਪਰ ਤਾਰੀ ਰਹਿੰਦੀ ਆ ਤੇ ਮੈਂ ਉਦਾਸ ਜਿਹਾ ਰਹਿੰਨਾ...।

? ਤੁਸੀਂ ਅੱਖੀਂਵੀ ਕੋਈ crime {ਜੁਰਮ} ਹੁੰਦੇ ਵੇਖੇ ਜੋ ਲੋਕਾਂ ਨੇ ਕੀਤੇ?

• crime ਜੀ ਇਸ ਤਰਾਂ ਸੀ ਪਈ ਜਿਹੜੀਆਂ ਫ਼ਸਲਾਂ ਬਾੜੀਆਂ ਸੀ ਤੇ ਉਹ ਮੁਸਲਮਾਨ ਵਿਚਾਰੇ...ਇਹ ਹੁਣ ਕੁਦਰਤੀ ਹੀ ਜਾਣਿਓਂ ਕਿ ਸਾਡੇ ਪਿੰਡ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ, ਨਹੀਂ ਤਾਂ ਉਦਾਂ ਹੀ ਸਾਨੂੰ ਪੀਹ ਸੁਟਣਾ ਸੀ...ਲੋਕ ਲੁਕ ਜਾਂਦੇ ਸੀ, ਕੋਈ ਛੱਤਾਂ ਤੇ, ਕੋਈ ਉਤੇ ਕੋਈ ਥੱਲੇ, ਕੋਈ ਕੁੱਪਾਂ 'ਚ, ਕੋਈ ਫ਼ਸਲਾਂ 'ਚ...ਤਾਂ ਉਹ ਫਿਰ ਮੁਸਲਮਾਨ ਜਿਹੜੇ ਨਾ.. ਜਦੋਂ ਫਿਰ ਵਾਪਸ ਆਉਂਦੇ ਸੀ ਸਾਡੇ ਪਿੰਡ ਦੇ ਲੋਕੀਂ..ਤਾਂ ਉਹ ਪਿੱਛਿਓਂ ਫ਼ਸਲ ਚੋਂ ਨਿਕਲ਼ ਕੇ ਛੁਰਾ-ਛਰਾ ਮਾਰ ਦਿੰਦੇ ਸੀ! But it was so horrible...{ਪਰ ਇਹ ਸੀ ਬਹੁਤ ਹੌਲਨਾਕ}ਮੈਂ ਸਮਝਦਾਂ ਪਈ ਤਾਰੀਖ ਨੇ ਉਨੂੰ ਇੰਨੀ importance{ਮਹੱਤਤਾ} ਨਹੀਂ ਦਿੱਤੀ, ਉਦਾਂ ਮੇਰਾ ਖ਼ਿਆਲ ਆ 'ਪੰਜਾਬੀ ਸੱਥ' ਵਾਲਿਆਂ ਨੇ ਕੁਝ ਕੱਢਿਆ, ਚੰਗਾ ਕੰਮ ਵੀ ਕੀਤਾ। ਇਕ 'ਡਾਕਟਰ' ਮਿਲੀ ਸੀ ਪਟਿਆਲੇ, ਉਸਨੇ partition {ਵੰਡ} ਬਾਰੇ ਕੰਮ ਕੀਤਾ ਤਾਂ ਮੈਂ ਦੇਖ-ਸੁਣ ਕੇ ਹੈਰਾਨ ਰਹਿ ਗਿਆ ਉਹ ਸਾਰਿਆ ਨਾਲੋਂ ਪਹਿਲੀ ਕਿਤਾਬ ਸੀ। ਇਕ ਸਰਦਾਰ ਬਲਵੰਤ ਸਿੰਘ ਜੀ ਆਨੰਦ ਹੋਏ ਆ, ਜਦੋਂ ਪਾਕਿਸਤਾਨ ਤੋਂ ਬਾਅਦ ਇਥੇ ਖਾਲਸਾ ਕਾਲਜ ਬਣਿਆਂ ਤਾਂ ਉਹਦੇ ਪਹਿਲੇ principal {ਮੁਖੀ} ਉਹ ਸੀ, ਉਨ੍ਹਾਂ ਨੇ ਕਿਤਾਬ ਲਿਖੀ ਸੀ 'The Great Holocaust', ਇਹ ਪੜ੍ਹ ਤਾਂ ਮੈਂ ਵੀ ਨਾ ਸਕਿਆ ਕਿਉਂਕਿ ਕਿਤੋਂ ਮਿਲੀ ਨਹੀਂ ਪਰ ਉਹ ਬਹੁਤ ਵਿਦਵਾਨ ਬੰਦਾ ਸੀ। ਪਰ eye witness ਦੇ ਅਧਾਰ ਤੇ ਹੋਵੇ ਤਾਂ ਕੁਦਰਤੀ ਹੈ ਉਸ ਵਿਚ ਕੋਈ ਗੱਲ ਤਾਂ ਹੋਵੇਗੀ। Anyway it was horrible. ਮੈਂ ਸਮਝਦਾਂ ਇੰਨੀ ਵੱਡੀ tragedy ਏਸ਼ੀਆ ਵਿਚ ਹੋਰ ਕੋਈ ਨਹੀਂ ਹੋਈ ਹੋਵੇਗੀ। ਹੋਰ ਵੀ ਹੁੰਦੀਆਂ ਰਹੀਆਂ ..ਕਦੇ ਇਹ ਹੋ ਗਿਆ ਕਦੇ ਉਹ ਹੋ ਗਿਆ ਪਰ ਉਨਾਂ ਜ਼ਿਆਦਾ ਹੋਰ ਕੀ ਘਾਣ ਹੋਣੈ...!

? ਇਸ ਘੱਲੂ-ਘਾਰੇ ਵਿਚ ਹੋਰ ਵੀ ਬਹੁਤ ਕੁਝ ਵੇਖਿਆ-ਸੁਣਿਆ ਹੋਵੇਗਾ ?

• @47 ਸਮੇਂ ਦੀ ਨਾਲ ਲਗਦੇ ਪਿੰਡ ਦੀ ਗੱਲ ਆ- ਸਾਡੇ ਪਿੰਡ ਜੌੜੇ ਦੇ ਬਿਲਕੁਲ ਨਾਲ਼ ਲਗਦਾ ਪਿੰਡ ਹੈ-ਬਘਿਆੜੀ, ਜਿਥੇ ਇਕ ਪੀਰ ਦੀ ਦਰਗਾਹ ਹੈ ਤੇ ਹਰ ਸਾਲ ਬੜਾ ਭਾਰੀ ਮੇਲਾ ਲਗਦਾ ਸੀ। ਸਾਡੇ ਬਜ਼ੁਰਗ ਉਥੇ ਕੱਵਾਲੀ ਸੁਣਨ ਜਾਂਦੇ ਤਾਂ ਬਚਪਨ ਤੋਂ ਹੀ ਸਾਨੂੰ ਵੀ ਆਪਣੇ ਨਾਲ ਲੈ ਜਾਂਦੇ ਸਨ। ਕੁਦਰਤ-ਵੱਸ ਪੂਰੇ ਦਾ ਪੂਰਾ ਉਹ ਪਿੰਡ ਮੁਸਲਮਾਨਾਂ ਦਾ ਪਿੰਡ ਸੀ, ਜਿਹਦਾ ਆਲਾ-ਦੁਆਲਾ ਵੀ ਮੁਸਲਮਾਨਾਂ ਦੀ ਵੱਸੋਂ ਨਾਲ ਤੂੜਿਆ ਪਿਆ ਸੀ। ਉਨ੍ਹੀਂ ਕਾਲ਼ੇ ਦਿਨੀਂ ਬਘਿਆੜੀ ਵਾਲੇ ਆਏ ਦਿਨ ਸਾਡੇ ਪਿੰਡ ਨੂੰ ਬੜਾ ਮਾੜਚੂ ਜਿਹਾ ਸਮਝ ਕੇ ਪੁੱਠੀਆਂ-ਸਿੱਧੀਆਂ ਅਫਵਾਹਾਂ ਫੈਲਾ ਕੇ ਕਈ ਤਰ੍ਹਾਂ ਦੇ ਸੁਨੇਹੇਂ ਵੀ ਭੇਜਦੇ ਕਿ ਅਸੀਂ ਤੁਹਾਨੂੰ ਬਘਿਆੜ ਵਾਂਗੂ ਪਾੜ ਕੇ ਕੱਚਿਆਂ ਖਾ ਜਾਵਾਂਗੇ, ਤਿਆਰ ਰਹੋ। ਉਨ੍ਹਾਂ ਡਰਾਵਿਆਂ ਕਾਰਨ ਸਾਡੇ ਪਿੰਡ ਵਾਸੀਆ ਦਾ ਹਰ ਵੇਲੇ ਸਾਹ ਸੁੱਕਾ ਰਹਿੰਦਾ ਸੀ, ਜਿਉਣਾ ਦੁੱਭਰ ਹੋਇਆ ਪਿਆ ਸੀ। ਸਾਰੀ ਸਥਿਤੀ ਨੂੰ ਮੁੱਖ ਰਖਦਿਆਂ ਹਾਰ ਕੇ ਇਕ ਦਿਨ ਸਾਰਾ ਪਿੰਡ ਗੁਰਦਵਾਰੇ ਇਕੱਠਾ ਹੋਇਆ, ਸੋਚਾਂ-ਵਿਚਾਰਾਂ ਬਾਅਦ ਆਖਰ ਇਹੋ ਫੈਸਲਾ ਹੋਇਆ ਕਿ ਇਸ ਜੀਣੇ ਨਾਲ਼ੋਂ ਤਾਂ ਮਰ ਜਾਣਾ ਹੀ ਚੰਗਾ- ਏਦਾਂ ਘੁਟ-ਘੁਟ ਕੇ ਡਰ-ਡਰ ਕੇ ਮਰਨ ਨਾਲੋਂ ਕਿਉਂ ਨਾ ਸ਼ਹੀਦ ਹੋਈਏ? ਲਾਗਲੇ ਪਿੰਡ ਦੇ ਕੁਝ ਸਿੱਖਾਂ ਨਾਲ ਰਲ਼ ਕੇ, ਇਕ ਦਿਨ ਗਿੱਦੜ-ਭਬਕੀਆਂ ਦੇਣ ਵਾਲੇ ਬਘਿਆੜੀ ਦੇ 'ਬਘਿਆੜਾਂ' 'ਤੇ ਹਮਲਾ ਕਰਨ ਦੀ ਵਿਓਂਤ ਬਣਾ ਲਈ। ਸਾਡੇ ਪਰਿਵਾਰ ਦੇ ਕੁਝ ਜੀਆਂ ਅਤੇ ਕੁਝ ਹੋਰ ਮਿਸਤਰੀਆਂ ਨੇ ਨੇਜ਼ੇ-ਤਲਵਾਰਾਂ ਤੋਂ ਛੁੱਟ ਕੁਝ ਦੇਸੀ ਬੰਬ ਵੀ ਬਣਾ ਲਏ। ਅਗਾਊਂ ਬੰਬਾਂ ਦੇ ਤਜਰਬੇ ਕਰਦਿਆਂ ਸਾਡੇ ਇਕ ਚਾਚੇ ਸਰਦਾਰ ਠਾਕਰ

ਸਿੰਘ 'ਇਲੜ' (ਇਲੜ ਉਸਨੂੰ ਇਸ ਲਈ ਕਿਹਾ ਜਾਂਦਾ ਸੀ ਕਿ ਉਸਦੀਆਂ ਅੱਖਾਂ ਹਰ ਵੇਲੇ ਲਾਲ ਸੁਰਖ ਰਹਿੰਦੀਆਂ ਸਨ, ਜਿਨ੍ਹਾਂ ਵਿਚ ਵੇਖਿਆ ਨਹੀਂ ਸੀ ਜਾਂਦਾ- ਐਨਾ ਜਾਂਬਾਜ਼ ਅਤੇ ਖੁਰਾਂਟ ਬੰਦਾ ਸੀ ਕਿ ਕੀ ਕਹਿਣੇ!) ਦੀ ਬੰਬ ਫਟਣ ਕਾਰਨ ਇਕ ਬਾਂਹ ਵੀ ਉੱਡ ਗਈ ਪਰ ਉਹਨੇ 'ਸੀ' ਤੱਕ ਨਾ ਕੀਤੀ। ਆਪਣੀ ਲਟਕਦੀ ਅੱਧੀ ਬਾਂਹ ਨੂੰ ਦੂਜੇ ਹੱਥ ਨਾਲ਼ ਫੜਦਿਆਂ, ਗੱਡੇ ਤੇ ਲੱਦ ਕੇ ਉਹਨੂੰ ਛੇ-ਸੱਤ ਮੀਲ ਦੂਰ ਟਾਂਡੇ ਦੇ ਹਸਪਤਾਲ ਖੜਿਆ ਗਿਆ, ਜਿੱਥੇ ਉਹਦੀ ਮੱਲ੍ਹਮ-ਪੱਟੀ ਹੋਈ। ਉਹ ਬਚ ਤਾਂ ਗਿਆ ਪਰ ਉਸਨੇ ਰਹਿੰਦੀ ਉਮਰ ਫਿਰ ਆਪਣੀ ਇਕੋ ਬਾਂਹ ਨਾਲ ਹੀ ਗੁਜ਼ਾਰੀ। 94/95 ਦੀ ਉਮਰ ਭੋਗ ਕੇ ਕੁਝ ਸਾਲ ਹੋਏ ਉਹ ਪਿੰਡ ਵਿਚ ਹੀ ਚੜ੍ਹਾਈ ਕਰ ਗਿਆ। ਐਨਾ ਦਬੰਗ-ਦਲੇਰ ਬੰਦਾ ਕਿ ਕੋਈ ਅੰਤ ਨਾ- ਆਪਣੀ ਇਕ ਬਾਂਹ ਉਡ ਜਾਣ ਦਾ ਜ਼ਿੰਦਗੀ ਭਰ ਉਸਨੇ ਕੋਈ ਮਲਾਲ ਨਾ ਕੀਤਾ, ਬਲਕਿ ਇਕੋ ਬਾਂਹ ਨਾਲ ਉਸ ਨੇ ਆਪਣੀ ਖੇਤੀ-ਬਾੜੀ ਦਾ ਕੰਮ ਐਨਾ ਠੋਕ-ਵਜਾ ਕੇ ਕੀਤਾ ਕਿ ਚਹੁੰ-ਬਾਹਾਂ ਵਾਲਿਆਂ ਨੇ ਵੀ ਕੀ ਕਰਨਾ! ਪਿੰਡ ਦੇ ਪੁਰਾਣੇ ਬੰਦੇ ਤਾਂ ਉਸਦਾ ਸਤਿਕਾਰ ਹੀ ਕਰਦੇ, ਈਨ ਮੰਨਣੀ ਤਾਂ ਦੂਰ ਦੀ ਗੱਲ, ਵੱਡੇ ਤੋਂ ਵੱਡੇ ਨਾਢੂ ਖਾਂ ਤੋਂ ਵੀ ਖ਼ਮ ਨਹੀਂ ਸੀ ਖਾਂਦਾ। ਇਸ ਲਈ ਕੁਝ ਬੰਦੇ ਉਸ ਨੂੰ ਪਸੰਦ ਨਹੀਂ ਵੀ ਸੀ ਕਰਦੇ! ਖੈਰ, ਸਾਡੇ ਪਿੰਡ ਨੇ ਅਰਦਾਸੇ ਸੋਧ ਕੇ ਬਘਿਆੜੀ 'ਤੇ ਹਮਲਾ ਕਰ ਦਿੱਤਾ ਤੇ ਐਨੀ ਵੱਢ-ਟੱਕ ਹੋਈ ਕਿ ਰਹੇ ਰੱਬ ਦਾ ਨਾਂ। ਪਿੰਡ ਦਾ ਸ਼ਾਇਦ ਹੀ ਕੋਈ ਬੰਦਾ ਲੁਕ-ਛਿਪ ਕੇ ਬਚਿਆ ਹੋਊ! ਉਸ ਹਮਲੇ ਦਾ ਇਹ ਅਸਰ ਹੋਇਆ ਕਿ ਸਾਰਾ ਇਲਾਕਾ ਹੀ ਐਨਾ ਭੈ-ਭੀਤ ਹੋ ਗਿਆ ਕਿ ਉਸ ਤੋਂ ਦੂਜੇ-ਤੀਜੇ ਦਿਨ ਹੀ ਨਾਲ ਲਗਦੇ ਬਹੁਤੇ ਮੁਸਲਕੇ ਪਿੰਡਾਂ ਦੇ ਲੋਕਾਂ ਨੂੰ ਭਾਜੜਾਂ ਪੈ ਗਈਆਂ ਅਤੇ ਉਹ ਵੱਡੇ ਵੱਡੇ ਕਾਫਲੇ ਬਣਾ ਕੇ ਏਧਰੋਂ ਉੱਧਰ ਹਿਜਰਤ ਕਰਨ ਲੱਗੇ।

? ਅੱਛਾ ਫਿਰ ਤੁਹਡੀ ਸਕੂਲੀ ਪੜਾਈ-ਲਿਖਾਈ ਤੇ ਹੋਰ ਬਚਪਨ ਦੀਆਂ ਗੱਲਾਂ...?

• ਸਾਡਾ ਜੀ ਪਿੰਡ ਤਾਂ ਸਕੂਲ ਚੌਥੀ ਤੱਕ ਸੀ ਤੇ ਜਿਹੜੇ ਹਾਈ ਸਕੂਲ ਸੀ ਉਹ ਟਾਂਡਾ ਤੇ ਭੋਗਪੁਰ ਸੀ...ਮੇਰਾ ਖ਼ਿਆਲ ਭੋਗਪੁਰ ਹਾਲੇ ਨਹੀਂ ਸੀ ਬਣਿਆ, ਟਾਂਡਾ ਤੇ ਭੋਗਪੁਰ ਇਕੋ ਕੁ ਜਿੰਨਾ ਪੈਂਦਾ...ਟਾਂਡੇ ਵਾਲੇ ਗੋਰਮਿੰਟ ਹਾਈ ਸਕੂਲ ਦੀ reputation{ਵਕਾਰ}ਵੀ ਅੱਛੀ ਸੀ,ਤਾਂ ਦੇਖ ਲਓ ਛੇ ਸੱਤ ਮੀਲ ਹੋਣਾ ਘੱਟੋ-ਘੱਟ ਤੇ ਸਵੇਰ ਨੂੰ ਤੜਕੇ ਉਠਕੇ ਉਥੇ ਪੜ੍ਹਨ ਜਾਣਾ ਤੇ ਸ਼ਾਮ ਨੂੰ ਵਾਪਸ ਆਉਣਾ..ਤੇ ਉਨ੍ਹਾਂ ਸਮਿਆ ਚ' ਕੋਈ ਫੈਸ਼ਨਪ੍ਰਸਤੀ ਨਹੀਂ ਸੀ ਤੇ ਪੇਂਡੂ ਅਸੀਂ ਲੋਕ...ਕਈ ਵਾਰ ਨੰਗੇ ਪੈਰੀਂ ਵੀ ਸਕੂਲ ਜਾਂਦੇ ਰਹੇ। ਪਹਿਲੀ ਵਾਰੀ ਮੈਨੂੰ ਜਦੋਂ shoe{ਜੁੱਤੀ} ਨਵੇਂ ਲਿਆ ਕੇ ਦਿਤੇ ਉਹ ਛੇਤੀ ਟੁੱਟ ਗਏ...ਆਰਥਿਕਤਾ ਐਦਾਂ ਦੀ ਹੀ ਸੀ ਨਾ ਜੀ..ਫਿਰ train{ਰੇਲ ਗੱਡੀ} ਜਾਂਦੀ ਹੁੰਦੀ ਸੀ ਤੇ ਜਦੋਂ ਗੱਡੀ ਤੁਰ ਪੈਣੀ ਤਾਂ ਫਟਾ-ਫਟ ਵਿਦਿਆਰਥੀਆਂ ਨੇ ਚੜ੍ਹਨਾ ਬਗ਼ੈਰ ਟਿਕਟ..ਤਾਂ ਕਿਸੇ ਨੇ ਡਿੱਗ ਪੈਣਾ..ਡਰੀ ਦਾ ਵੀ ਸੀ ਕਿ ਜੇ ਫੜ ਹੋ ਗਏ ਤਾਂ ਜੇਲ੍ਹ ’ਚ ਲੈ ਜਾਣਗੇ ਜਾਂ ਪਤਾ ਨੀ ਕਿੱਥੇ ਰੱਖਣਗੇ.. ਤੇ ਇਹ ਸਾਡੀ schooling{ਸਕੂਲੀ ਪੜ੍ਹਾਈ}ਸੀ, ਸਕੂਲ ਉਨ੍ਹਾਂ ਦਿਨਾਂ ਵਿਚ ਲਾਗੇ ਨਾ ਹੋਣ ਕਰਕੇ। ਹਾਲਾਂਕਿ ਹੋਸ਼ਿਆਰਪੁਰ ਜਿਲਾ education{ਪੜ੍ਹਾਈ}ਵਿਚ advance{ਅਗਾਂਹਵਧੂ}ਮੰਨਿਆਂ ਜਾਂਦਾ ਸੀ ਪਰ ਫਿਰ ਵੀ..,ਉਨ੍ਹਾਂ ਦਿਨਾਂ ਵਿਚ ਹਾਲਤ ਜ਼ਿਆਦਾ ਹੀ ਖਰਾਬ ਸੀ ਕੁਸ਼...।

? ਅੱਛਾ ਸਕੂਲ ਤੋਂ ਬਾਅਦ ਫਿਰ?

• ਫਿਰ ਜੀ ਅਸੀਂ ਪਾਕਿਸਤਾਨ ਬਣਨ ਤੋਂ ਬਾਅਦ ਆ ਗਏ ਸੀ ਜਲੰਧਰ।

? ਪਾਕਿਸਤਾਨ ਬਣਨ ਦਾ ਇਸ ਗੱਲ ਨਾਲ ਕੀ ਸੰਬੰਧ ਸੀ ਕਿ ਤੁਹਾਨੂੰ ਪਿੰਡ ਚੋਂ ਜਲੰਧਰ ਆਉਣਾ ਪਿਆ?

• ਉਹ ਇਸ ਤਰ੍ਹਾਂ ਸੀ ਜੀ ਕਿ ਬਜ਼ੁਰਗਾਂ ਸਾਡਿਆ ਨੇ ਮੰਡੀ ਬੂਰੇਵਾਲ ਆ (ਹੁਣ ਤਾਂ ਸ਼ਾਇਦ ਜ਼ਿਲਾ ਵੀ ਬਣ ਗਿਆ ਹੋਵੇ), ਉਥੇ ਕੁਝ ਜ਼ਮੀਨ ਲਈ ਸੀ, ਕੁਸ਼ ਇਨ੍ਹਾਂ ਨੇ ਆਰੇ-ਊਰੇ ਲਾਏ...ਛੋਟਾ-ਮੋਟਾ ਇਕ ਜਾਂ ਦੋ...ਤਾਂ ਫਿਰ ਜਦੋਂ ਪਾਕਿਸਤਾਨ ਬਣਿਆ ਉਹ ਫਿਰ ਨੱਠ-ਭੱਜ ਕੇ ਇਧਰ ਆਏ। ਇਕ ਅਸੀਂ ਕੋਈ ਕਲੇਮ-ਕਲੂਮ ਵੀ ਕੋਈ ਨਹੀਂ ਕੀਤਾ..ਤਾਂ ਉਦੋਂ ਫਿਰ ਜਲੰਧਰ ਆ ਕੇ ਰਹਿਣ ਲੱਗ ਪਏ ਇਕ ਛੋਟੇ ਜਹੇ ਮਕਾਨ ਵਿਚ ਤੇ ਉਨ੍ਹਾਂ ਦਿਨਾਂ ਵਿਚ ਹੀ ਜਦੋਂ ਬੰਬੇ ਤੋਂ ਸਮੁੰਦਰੀ ਜਹਾਜ਼ ਚਲਦੇ ਹੁੰਦੇ ਸੀ ਸਾਡੇ ਬਜ਼ੁਰਗ ਅਫ਼ਰੀਕਾ ਵੱਲ ਚਲੇ ਗਏ। ਤਾਂ ਐਦਾਂ ਹੋਈ ਜੀ। ਦਸਵੀਂ ਫਿਰ ਜਲੰਧਰ ਤੋਂ ਕੀਤੀ ਤੇ ਲਾਇਲਪੁਰ ਖਾਲਸਾ ਕਾਲਜ ਤੋਂ ਬੀ.ਏ ਕੀਤੀ, ਫਿਰ ਹੋਸ਼ਿਆਰਪੁਰ ਗੌਰਮਿੰਟ ਕਾਲਜ ਤੋਂ ਐਮ.ਏ, ਇਨੂੰ ਉਦੋਂ ਯੂਨੀਵਰਸਿਟੀ ਕਾਲਜ ਕਹਿੰਦੇ ਹੁੰਦੇ ਸੀ...।

? ਤੁਹਾਨੂੰ ਇਹ ਕਦੋਂ ਲੱਗਿਆ ਕਿ ਤੁਸੀਂ ਲਿਖ ਸਕਦੇ ਹੋ ਜਾਂ ਲਿਖਣਾ ਚਾਹੁੰਦੇ ਹੋ?

• ਇਹ ਬੜਾ interesting question {ਦਿਲਚਸਪ ਸੁਆਲ} ਹੈ ਜੀ, ਵੈਸੇ ਮੇਰੇ ਪਾਠਕ ਮੈਨੂੰ prose writer {ਗਲਪ ਲੇਖਕ} ਮੰਨਦੇ ਆ (ਜੇ ਨਹੀਂ ਵੀ ਮੰਨਦੇ ਤਾਂ ਮੈਨੂੰ ਕੀ ਫ਼ਰਕ ਆ!) ਪਰ ਬੁਨਿਆਦੀ ਤੋਰ ਤੇ I am a poet.

{ਮੈਂ ਕਵੀ ਹਾਂ}। ਉਹ ਕਿਤਾਬ ਵੀ ਇੱਕ ਛਪੀ ਸੀ ਬੜੀ ਪੁਰਾਣੀ ਗੱਲ ਆ, @**ਗੀਤ ਮੇਰੇ ਸਾਜ਼ ਤੇਰੇ**@, ਪਰ ਚਲੋ ਜਿੱਦਾਂ ਵੀ ਸੀ ਪਰ ਉਦਾਂ ਜਿਹੜੀ ਮੇਰੀ ਪਛਾਣ ਆ ਨਾ ਜੀ India (ਭਾਰਤ) 'ਚ, ਪਾਕਿਸਤਾਨ ਵਿਚ, ਤੇ ਆਹ ਹੁਣ ਅਮਰੀਕਾ ਵਿਚ ਵੀ...ਗੱਲ ਇਹ ਆ ਕਿ ਮੈਂ ਪਹੁੰਚ ਹੀ ਨਹੀਂ ਸਕਿਆ ਲੋਕਾਂ ਕੋਲੇ..ਹੁਣ ਜਿਹੜੀ ਮੇਰੀ ਕਿਤਾਬ ਹੈ, ਇਹ ਮਕਬੂਲ ਤਰੀਨ ਕਿਤਾਬ ਹੈ ਭਲਵਾਨਾਂ ਬਾਰੇ, ਇਹ ਛਾਪੀ ਸੀ ਆਪ ਹੀ ਬੜੇ ਔਖੇ ਹੋ ਕੇ, publishers {ਪ੍ਰਕਾਸ਼ਕ} ਤਾਂ ਹਸਦੇ ਰਹਿੰਦੇ ਆ ਪਈ ਭਲਵਾਨਾਂ ਬਾਰੇ ਵੀ ਕੋਈ ਕਿਤਾਬ ਹੋ ਸਕਦੀ ਹੈ ! ਤੇ ਮੈਂ ਮੇਹਨਤ ਇੰਨੀ ਕੀਤੀ ਹੋਈ ਸੀ ਬਈ ਚਲ ਸੋ ਚਲ, ਹੈਂ ਜੀ...! ਤੇ ਐਨ ਛੁਰਿਆਂ ਦੀ ਛਾਂ ਥੱਲੇ ਪਾਕਿਸਤਾਨ ਜਾ ਜਾ ਕੇ ਕਿ ਚਲੋ ਐਹ ਭਲਵਾਨ ਨੂੰ ਮਿਲ ਲਓ ਇਨਹੂੰ ਮਿਲ ਲਓ ਉਹਨੂੰ ਮਿਲ। ਤਾਂ risk {ਖਤਰਾ} ਲੈ ਕੇ। ਦੋ ਵਾਰ ਮੈਂ ਮਰਨ ਤੋਂ ਵੀ ਬਚਿਆ..ਇਕ ਵੇਰੀ ਅਜਮੇਰ ਇਸ ਤਰਾਂ ਹੋਇਆ ਇਕ ਵਾਰ ਕਰਾਚੀ। ਮੇਰਾ ਮਤਲਬ ਆ ਪਈ ਇਹ ਆਪਣੇ ਆਪ 'ਚ ਬੜੀ ਲੰਬੀ ਚੌੜੀ {history} ਇਤਿਹਾਸ ਆ। ਤਾਂ ਉਹ ਸੀ ਨਾ ਜਿਹੜੀ ਸ਼ਾਇਰੀ ਵਾਲੀ ਗੱਲ, ਉਹ actually (ਅਸਲ ਵਿਚ) ਇਕ ਸਾਡੇ ਨਾ ਕਪਲਾ ਗਾਂ ਰੱਖੀ ਸੀ ਬਜ਼ੁਰਗਾਂ ਨੇ, ਚੌਥੀ 'ਚ ਮੈਂ ਪੜਦਾ ਸੀਗਾ, ਸਾਡੇ ਬਜ਼ੁਰਗਾਂ ਦਾ ਵਿਸ਼ਵਾਸ ਸੀ ਇਸ ਗਾਂ ਦਾ ਘੇ-ਦੁੱਧ ਦਿਮਾਗ ਲਈ ਬੜਾ ਅੱਛਾ ਹੈ ਤਾਂ ਕੁਦਰਤੀ ਉਹ ਟਹਿਲ-ਸੇਵਾ ਵੀ ਕਰਦੇ ਸੀ, ਮਤਲਬ ਕਿ ਬੜੇ ਸ਼ੌਕ ਨਾਲ ਦੁੱਧ ਜਿੰਨਾ ਮੇਰੇ ਹਿੱਸੇ ਆਉਣਾ, ਮੈਨੂੰ ਦੇਣਾ ਆਪ ਵੀ ਪੀਣਾ...। ਤੇ ਜਦੋਂ ਉਨ੍ਹਾ ਗਾਂ ਵੇਚ ਦਿੱਤੀ ਤਾਂ ਮੇਰੇ ਲਈ ਬੜਾ shocking{ਸਦਮਾ} ਸੀ ਕਿ ਇੰਨਾਂ ਲਾਡ-ਪਿਆਰ ਕਰਦੇ ਸੀ ਤਾਂ ਵੇਚ ਕਿਵੇਂ ਦਿੱਤੀ! ਤੇ ਉਹ ਵੱਛਾ ਕਿਸੇ ਪਾਸੇ ਨੂੰ ਖਿੱਚੇ ਤੇ ਗਾਂ ਕਿਸੇ ਪਾਸੇ ਨੂੰ ਖਿੱਚੇ ! ਤੇ ਉਹ ਨਾ ਜੋ ਵੀ ਸੀ ਮੇਰੇ ਅੰਤਰਮਨ ਵਿਚ ਕੁੱਝ ਵੱਢਿਆ ਕੱਟਿਆ ਗਿਆ...! I was in tears{ਮੇਰੇ ਹੰਝੂ ਆ ਗਏ ਸਨ}! ਸਾਡੇ ਪਿੰਡ ਦੀ ਇਕ ਲੜਕੀ ਸੀ ਤੇ ਉਹਦਾ ਨਾਮ ਵੀ ਬਲਬੀਰ ਸੀ, ਬਲਬੀਰ ਕੌਰ, ਤੇ ਉਸ ਬਾਲੜੀ ਬਲਬੀਰ ਕੌਰ ਨੇ ਮੈਨੂੰ ਘੁੱਟ ਕੇ ਜੱਫੀ ਪਾਈ, ਤੇ ਕਹਿੰਦੀ ਕੀ ਗੱਲ ਆ, ਗਾਂ ਤੁਹਾਡੀ ਲੈ ਗਏ?! ਮੈਂ ਕਿਹਾ ਹਾਂ। ਤਾਂ ਫਿਰ ਉਹ ਤੁੱਕਬੰਦੀ ਜਿਹੀ- "ਇਹ ਗਾਂ ਬੜੀ ਪਿਆਰੀ ਏ, ਇਹ ਫੰਡਰ ਨਹੀਂ ਦੁਧਾਰੂ ਏ"...ਕੋਸ਼ਿਸ਼ ਜਿਹੀ ਕੀਤੀ ਜਿਵੇਂ ਕੁਝ ਅੜ ਜਿਹਾ ਗਿਆ ਹੋਵੇ ਦਿਲ-ਦਿਮਾਗ ਵਿਚ, ਮੈਂ ਕਹਾਂ ਇਹ ਤਾਂ ਕੰਮ ਬਹੁਤ ਖਰਾਬ ਆ! ਤੇ ਇਨ੍ਹਾਂ ਨੇ ਦੱਸਿਆ ਪੁੱਛਿਆ ਵੀ ਨਹੀਂ, ਪਰ ਹੁਣ ਮੈਨੂੰ ਬੱਚੇ ਨੂੰ ਕੌਣ ਪੁਛਦਾ ਇਹੋ ਜਿਹੇ ਦੁਨਿਆਵੀ ਕੰਮਾਂ ਬਾਰੇ, ਇਹ ਕੋਈ ਜ਼ਰੂਰੀ ਨਹੀਂ ਸੀ ਕਿ ਉਹ ਬੱਚਿਆਂ ਨੂੰ ਦੱਸਣ ਜਾਂ ਉਨਾਂ ਦੀ permission{ਇਜਾਜ਼ਤ} ਲੈਣ ! ਬਲਕਿ ਉਹ ਸਮੇ ਤਾਂ ਜੀ ਅਸੀਂ ਇਦਾਂ ਦੇਖੇ ਕਿ (ਪਤਾ ਨਹੀਂ ਚੰਗੀ ਗੱਲ ਆ ਜਾਂ ਮਾੜੀ, ਉਹ ਤਾਂ ਪਰਮਾਤਮਾ ਜਾਣੇ), ਆਪਣੇ ਬਜ਼ੁਰਗਾਂ ਸਾਹਮਣੇ ਬੋਲਣ ਦੀ ਸਾਡੀ ਤਾਕਤ ਨਹੀਂ ਹੁੰਦੀ ਸੀ। ਬਲਕਿ ਇਥੋਂ ਤੱਕ ਦੇਖ ਲਓ ਪਈ, ਸਰਦੀਆਂ ਨੂੰ ਸਾਗ-ਸੂਗ ਬਨਾਉਣਾ ਤਾਂ ਛੋਟੀ ਜਿਹੀ ਰਸੋਈ ਵਿਚ ਮਾਂ ਸਾਡੀ ਨੇ ਕਹਿਣਾ ਬਲਬੀਰ ਨੂੰ ਸੱਦੋ। ਮੇਰਾ ਤਾਂ ਸਾਹ ਤਾਹਾਂ ਨੂੰ ਚੜ੍ਹੀ ਜਾਣਾ, ਮਤਲਬ uncomfortable {ਵਿਚਲਤ} ਮਹਿਸੂਸ ਕਰਨਾ! ਕਿਉਂਕਿ ਪੁਰਾਣੇ ਬਜ਼ੁਰਗ ਧੌੜੀ ਵੀ ਕਈ ਵਾਰੀ ਚੰਗੀ ਲਾਹੁੰਦੇ ਸੀ! ਤਾਂ ਆਇਦਾਂ ਦਾ ਸਮਾਂ ਸੀਗਾ ਜੀ। ਚਲੋ ਉਹ ਬੱਚਿਆਂ ਲਈ ਚੰਗਾ ਈ ਕਰਦੇ ਸੀ, ਹੁਣ ਤਾਂ ਛੋਟੇ-ਛੋਟੇ ਬੱਚੇ argue {ਬਹਿਸ} ਕਰਦੇ ਆ ਤੁਹਾਡੇ ਨਾਲ ਤੇ ਕਈ ਵਾਰ ਜਵਾਬ ਨਹੀਂ ਤੁਹਾਨੂੰ ਆਉਂਦਾ। ਮਤਲਬ ਸਮੇਂ ਵਿਚ ਬਹੁਤ ਜ਼ਿਆਦਾ ਪਰਿਵਰਤਨ ਹੈ।

? ਇਹ ਸ਼ਾਇਰੀ ਵਾਲ਼ੀ ਕਿਤਾਬ ਕਦੋਂ ਛਪੀ ਸੀ, ਪ੍ਰਕਾਸ਼ਕ ਕੌਣ ਸੀ ਤੇ ਕੀ ਅਜੇ ਵੀ ਸ਼ਾਇਰੀ ਕਰਦੇ ਹੋ?

• ਮੇਰੀ ਸ਼ਾਇਰੀ ਦੀ ਕਿਤਾਬ 1971 ਵਿਚ ਛਪੀ ਸੀ, ਪ੍ਰਕਾਸ਼ਕ ਮੈਂ ਆਪ ਸਾਂ। ਹਾਂ ਅਜੇ ਵੀ ਲਿਖਦਾ ਹਾਂ ਪਰ ਕਦੇ ਕਦੇ- ਆਵੇਸ਼ ਆਉਣ 'ਤੇ ਨਿਰਭਰ ਹੈ! ਏਥੇ ਇਹ ਗੱਲ ਮੈਂ ਸਪਸ਼ਟ ਕਰ ਦਿਆਂ ਕਿ ਬੁਨਿਆਦੀ ਤੌਰ 'ਤੇ ਮੈਂ ਸ਼ਾਇਰ ਹਾਂ। ਮੈਨੂੰ ਆਪਣੇ ਉਸਤਾਦ ਪ੍ਰੋ. ਮੋਹਨ ਸਿੰਘ ਮਾਹਿਰ ਜੀ ਨੂੰ ਪੜ੍ਹ ਕੇ, ਤਦੇ ਹੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਇਸ ਪਾਏ ਦੀ ਸ਼ਾਇਰੀ ਹੋਣੀ ਮੁਸ਼ਕਿਲ ਹੈ, ਇਸ ਲਈ ਮੇਰੀ ਤਾਂ ਝੱਖ ਮਾਰਨ ਵਾਲੀ ਗੱਲ ਹੈ। ਸਾਹਿਤ ਦੀ ਕਿਸੇ ਵੀ ਸਿਨਫ ਵਿਚ ਜੇਕਰ ਤੁਸੀਂ ਕਿਸੇ ਤਰਾਂ ਦਾ ਕੋਈ ਵਾਧਾ ਨਹੀਂ ਕਰ ਸਕਦੇ, ਗੱਲ ਨੂੰ ਅੱਗੇ ਨਹੀਂ ਤੋਰਦੇ ਤਾਂ ਤੁਹਾਡਾ ਲਿਖਣਾ ਨਿਰਮੂਲ ਹੈ, 'ਮੱਖੀ 'ਤੇ ਮੱਖੀ' ਮਾਰਨ ਵਾਲੀ ਗੱਲ ਹੈ। ਪੰਜਾਬ ਦੀ ਬੇਹੱਦ ਅਮੀਰ ਵਿਰਾਸਤ ਨੇ, ਇਸ ਦੀ ਹੁੱਬ ਨੇ, ਤਲਬ-ਤਹਿਕੀਕ ਨੇ ਮੇਰੇ ਤੇ ਗਲਬਾ ਹੀ ਅਜੇਹਾ ਕੀਤਾ ਕਿ ਮੈਂ ਵੱਖ-ਵੱਖ ਵਿਸ਼ਿਆਂ ਦੀਆਂ ਦੁਰਲੱਭ ਵਸਤਾਂ, ਦਸਤਾਵੇਜ਼ਾਂ, ਤਸਵੀਰਾਂ, ਰੇਖਾ-ਚਿਤ੍ਰਾਂ ਆਦਿ ਇਕੱਠੇ ਕਰਨ ਵਿਚ ਖਚਤ ਐਨਾ ਹੋ ਗਿਆ ਕਿ ਸ਼ਿਅਰੋ-ਸ਼ਾਇਰੀ ਥੱਲੇ ਦੱਬੀ ਗਈ। ਹਰ ਵੇਲੇ ਕੁਝ ਨਾ ਕੁਝ ਸ਼ਾਸਤ੍ਰੀ ਸੰਗੀਤ ਸੁਣਨ, ਪੜ੍ਹਨ-ਲਿਖਣ ਦੀ ਗੱਲ ਚੱਤੋ ਪਹਿਰ, ਇਹੋ ਧੁੰਨ ਸਿਰ 'ਤੇ ਸਵਾਰ...!

? ਆਪਣੀ ਉਸ ਕਿਤਾਬ ਬਾਰੇ ਕੁਝ ਕਹਿਣਾ ਚਾਹੋਗੇ?

• ਉਸ ਕਿਤਾਬ ਵਿਚ ਸਾਰੀਆਂ ਕਵਿਤਾਵਾਂ ਨੂੰ ਉੱਚੇ ਦਰਜੇ ਦਾ ਨਾਂ ਵੀ ਮੰਨਦਾ ਹੋਇਆ, ਇਹ ਗੱਲ ਦਾਅਵੇ ਨਾਲ

ਆਖ ਸਕਦਾ ਹਾਂ ਕਿ ਉਸ ਵਿਚ ਕੁਝ ਨਜ਼ਮਾਂ ਬਹੁਤ ਵਧੀਆ ਵੀ ਹਨ, ਜਿਵੇਂ-

ਸਿਤਾਰ ਤੇਰੀ ਹਾਣੀਆਂ ਵਜਦੀ ਰਹੀ,
ਦੇਹ ਅਸਾਡੀ ਟੁਟਦੀ ਭਜਦੀ ਰਹੀ।
ਵਾਰੇ ਜਾਈਏ ਤੇਰੇ ਅਨੋਖੇ ਵਾਜ ਦੇ,
ਜਿੰਦ ਅਸਾਡੀ ਸੱਮ ਹੀ ਲਭਦੀ ਰਹੀ!

ਅਤੇ ਦੁਨੀਆਂ ਭਰ ਦੇ ਪ੍ਰਸਿਧ ਸਾਹਿਤਕਾਰ ਤੋਲਸਤੋਇ ਦੀ ਮੌਤ ਦਾ ਦ੍ਰਿਸ਼-ਵਰਨਣ, ਜਿਸਨੂੰ ਉਹਦੀ ਹੈਂਕੜਬਾਜ਼ ਤੀਵੀਂ ਨੇ ਉਹਦੀ ਹਰ ਵੇਲੇ ਦੀ ਲਿਖਣ-ਪੜ੍ਹਨ ਦੀ ਆਦਤ ਤੋਂ ਤੰਗ ਆ ਕੇ, ਸਤ ਕੇ ਬੁਢਾਪੇ 'ਚ ਉਹਨੂੰ ਵਰ੍ਹਦੀ ਬਰਫ 'ਚ ਆਪਣੇ ਘਰੋਂ ਬਾਹਰ ਕੱਢ ਦਿਤਾ ਸੀ, ਜਿਥੇ ਠੁਰ-ਠੁਰ ਕੇ ਉਸਦੀ ਮੌਤ ਹੋ ਗਈ ਸੀ:

ਅੱਜ ਕੋਈ ਮਸੀਹਾ ਮਰ ਰਿਹਾ
ਅੰਬਰ ਵੀ ਰੋ ਰੋ ਵਰ੍ਹ ਰਿਹਾ
ਚਿਤਾ ਬਣ ਗਈ ਧਰਤ ਦੀ
ਕਣੀਆਂ ਦਾ ਕਫਣ ਓਸ ਤੇ
ਜੱਗ ਦਾ ਵੱਡਾ ਲਿਖਾਰੀ,
ਅੱਜ ਬਰਫ ਵਿਚ ਵੀ ਸੜ ਰਿਹਾ।

ਅਸਲ ਵਿਚ ਇਹ ਕਵਿਤਾ ਬਹੁਤੇ ਸਾਰੇ ਕਲਾ-ਪੁਜਾਰੀਆਂ, ਕ੍ਰਿਆਤਮਕ ਬੰਦਿਆਂ ਤੇ ਢੁਕਦੀ ਹੈ ਕਿਉਂਕਿ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਐਨੀ ਸੁਖਾਲੀ ਨਹੀਂ ਹੁੰਦੀ। ਆਮ ਬੰਦੇ ਕਲਾ ਕਿਰਤਾਂ ਮਾਨਣ ਤੱਕ ਹੀ ਸੀਮਿਤ ਹੁੰਦੇ ਹਨ ਪਰ ਉਸ ਪਿਛੇ ਕਲਾਕਾਰ ਨੇ ਕਿੰਨੀ ਕੁ ਮਿਹਨਤ ਕੀਤੀ ਹੁੰਦੀ ਹੈ, ਉਸ ਨਾਲ ਉਨ੍ਹਾ ਨੂੰ ਕੋਈ ਬਹੁਤਾ ਸਰੋਕਾਰ ਨਹੀਂ ਹੁੰਦਾ। ਸਾਹਿਰ ਲੁਧਿਆਣਵੀ ਨੇ ਖਬਰੇ ਏਸੇ ਕਰਕੇ ਇਹ ਸ਼ਿਅਰ ਕਿਹਾ ਸੀ:

ਜੋ ਸਾਜ਼ ਸੇ ਨਿਕਲੀ ਹੈ ਵੋਹ ਧੁੰਨ ਸਭ ਨੇ ਸੁਨੀ ਹੈ,
ਜੋ ਤਾਰ ਪੇ ਗ਼ੁਜ਼ਰੀ ਹੈ ਵੋਹ ਕਿਸ ਕੋ ਪਤਾ ਹੈ।

ਮੈਂ ਕਦੇ ਕਦੇ ਹੁਣ ਵੀ ਲਿਖਦਾ ਹਾਂ ਪਰ ਸਿਰਫ ਉਦੋਂ, ਜਦੋਂ ਵੇਗ ਬਿਲਕੁਲ ਭਾਰੂ ਹੋ ਜਾਏ, ਸਿਰ ਚੜ੍ਹ ਜਾਏ। ਸੋਚ ਰਿਹਾਂ ਕਿ ਹੁਣ ਤੱਕ ਲਿਖੀਆਂ ਕਵਿਤਾਵਾਂ ਵਿਚੋਂ ਕਰੜੀ ਚੋਣ ਕਰਕੇ ਇਜ ਕਿਤਾਬ ਛਾਪ ਲਈਏ!

? ਇਸ ਤੋਂ ਇਲਾਵਾ ਬਚਪਨ ਦੀ ਕੋਈ ਹੋਰ ਖਾਸ ਯਾਦ ਸਾਂਝੀ ਕਰਨਾ ਚਾਹੋਗੇ?

• ਬਚਪਨ ਜੀ ਇਸ ਤਰਾਂ ਪਈ ...ਸਾਡੇ ਜਿਹੜੇ ਮਾਮੇ ਸੀ ਤੇ ਨਾਲੇ ਨਾਨਾ ਜੀ, ਉਹ ਭੋਗਪੁਰ ਰਹਿੰਦੇ ਸੀ; ਤਾਂ ਉਹ ਪਿੰਡਾਂ-ਪੁੰਡਾਂ 'ਚ ਹੁੰਦੀ ਹੋਣੀ ਕਿਤੇ but I have never seen{ਮੈਂ ਨਹੀਂ ਕਦੇ ਦੇਖੀ ਸੀ},ਹੈਂ ਜੀ ਆਹ ਬੰਦ, ਜਿਹਨੂੰ ਡਬਲ-ਰੋਟੀ ਕਹਿੰਦੇ ਸੀ ! ਤਾਂ ਸਵੇਰ ਵੇਲੇ ਚਾਹ ਜਾਂ ਦੁੱਧ ਨਾਲ ਉਨ੍ਹਾਂ ਡਬਲ-ਰੋਟੀ ਦੇਣੀ ਤਾਂ ਸਵਾਦ ਬੜੀ ਲਗਣੀ (ਹੱਸ ਕੇ) ਕਿਉਂਕਿ ਅਸੀਂ ਤਾਂ ਦਾਲ-ਰੋਟੀ ਆਲੇ ਬੰਦੇ ਆਂ ਜੀ। ਇਕ ਸਾਡਾ ਮਾਸੜ ਹੁੰਦਾ ਸੀ ਹੋਸ਼ਿਆਰਪੁਰ ਦੇ ਲਾਗੇ ਬੱਸੀਆਂ ਨੇ ਬਾਰਾਂ, ਤੇ ਇਕ ਉਹ ਬੱਸੀਂ ਰਹਿੰਦੇ ਸੀ। ਜਿਵੇਂ ਹੁੰਦਾ ਈ ਆ ਉਨ੍ਹਾਂ ਨੇ ਜਦੋਂ ਆਉਣਾਂ ਸ਼ਹਿਰੋਂ, ਤਾਂ ਮਠਿਆਈ ਲੈ ਕੇ ਆਉਣੀ ਜਾਂ ਕੇਲੇ-ਕੂਲੇ...ਫਿਰ ਇਹ ਦੇਖ ਲਓ ਬਈ ਭੱਠੀਆਂ ਹੁੰਦੀਆਂ ਸੀਗੀਆਂ, ਬਲਕਿ ਉਹ ਬੜੀ ਪੁਰਾਣੀ ਗੱਲ ਹੈ - "ਝੀਰਾ ਕੱਢ ਦੇ ਕੜ੍ਹਾਈਓਂ ਦਾਣੇ, ਚੰਨ ਮਾਹੀ ਲੰਘ ਚੱਲਿਆ", ਮਤਲਬ ਕਿ ਆ ਜਿਹੜੇ ਪਿਆਰ-ਮੁਹੱਬਤ ਕਰਨ ਵਾਲੇ ਲੋਕ ਨਾਂ, ਨਹੀਂ ਤਾਂ ਡਾਂਗਾਂ ਖਾਣੀਆਂ ਸੀ?!, ਉਦੋਂ ਪਿਆਰ-ਮੁਹੱਬਤ ਵੀ ਐਦਾਂ ਈ ਸੀ ਕਿ ਮਾੜਾ ਜਿਹਾ ਦੇਖ ਕੇ ਖੁਸ਼ ਹੋ ਜਾਣਾ, ਉਹ ਬਸ ਖੂਹ ਹੋਇਆ ਜਾਂ ਤ੍ਰਿੰਝਣ, ਜਣੀ ਇਹ ਤਕਰੀਬਨ ਮਿਲਣ ਦੇ ਅੱਡੇ ਕਹਿ ਸਕਦੇ ਆਂ..ਸੀਗੇ। ਜਣੀ ਹਿਸਾਬ-ਕਿਤਾਬ ਸੀ ਬਈ ਐਨੇ ਕੁ ਵਜੇ ਉਥੋਂ ਦੀ ਲੰਘਣਾਂ 'ਤੂੰ ਦਾਣੇ ਲੈਣ ਆ ਜੀਂ ਮੈਂ ਪਾਣੀ ਭਰਨ ਆਜੂੰਗੀ!' ਪੇਂਡੂ ਜ਼ਿੰਦਗੀ ਦੀਆਂ ਉਹ ਕਿਆ ਬਾਤਾਂ ਜੀ! ਸ਼ਹਿਰ ਵੀ ਠੀਕ ਰਹੇ ਪਰ ਪਿੰਡ ਦੀਆਂ ਯਾਦਾਂ ਨਾ ਜੀ...ਸਭਿਆਚਾਰਕ ਸਾਂਝਾਂ ਇਕ-ਦੂਜੇ ਨਾਲ਼, ਦੁਖ-ਸੁਖ, ਕੋਠਿਆਂ ਤੇ ਸੌਣਾ, ਉਦੋਂ ਗਰਮੀ ਬੜੀ ਪੈਂਦੀ ਹੁੰਦੀ ਸੀ, ਦੀਂਹਦੀ ਹੁੰਦੀ ਸੀ, ਹੁਣ ਤਾਂ ਟਿਊਬਵੈਲ ਲੱਗ ਗਏ ਜਾਂ ਹੋਰ ਤਬਦੀਲੀਆਂ ਆ ਗਈਆਂ...ਹੋਰ ਸਭ ਤੋਂ ਜ਼ਿਆਦਾ ਜਿਹੜੀ ਚੀਜ਼- ਬਾਜ਼ੀਗਰ ਆਉਣੇ ਪਿੰਡਾਂ ਵਿਚ, ਫਿਰ ਖੁਸਰੇ ਆਉਣੇ ਬੱਚੇ ਦੇ ਜਨਮ ਤੇ, ਝੀਰਾਂ ਲਾਗੀਆਂ ਦਾ ਆਪਣਾ ਇਕ ਹੁੰਦਾ ਸੀ ਕਿ ਉਹ ਰਿਸ਼ਤੇ ਕਰਵਾਉਣ ਵਿਚ they were very

much instrumental, {ਰਿਸ਼ਤੇ ਕਰਵਾਉਣ ਵਿਚ ਉਨ੍ਹਾ ਦਾ ਖ਼ਾਸ ਕਿਰਦਾਰ ਹੁੰਦਾ ਸੀ} ਉਨ੍ਹਾਂ ਉਪਰ ਵਿਸ਼ਵਾਸ ਬਹੁਤ ਹੁੰਦਾ ਸੀ ਅਜੇਹੀ ਪਿੰਡ ਦੀ ਰਹਿਤਲ ਸੀ। ਫੇਰ ਪਿੰਡ self-sufficient {ਆਪਾ-ਨਿਰਭਰ}ਵਰਗੇ ਸੀ ਤਕਰੀਬਨ। ਅਦਲਾ-ਬਦਲੀ ਵਾਲਾ ਸਿਸਟਮ- ਲਿਆ ਬਈ ਤੂੰ ਮੈਨੂੰ ਗੁੜ ਦੇਦੇ, ਮੈਂ ਤੈਨੂੰ ਕਣਕ ਦੇ ਦਿੰਨਾ..। ਬਲਕਿ ਕਈ ਵਾਰ ਆਹ ਫਲ-ਫੁਲ, ਮਠਿਆਈ ਵੇਚਣ ਵਾਲੇ ਆਉਂਦੇ ਰਹੇ ਤੇ ਆਹ ਮਰੂੰਡਾ ਵਗੈਰਹ ਵੀ, ਤੇ ਦਾਣੇ ਥੋੜੇ ਜਹੇ ਭੜੋਲੀ ਚੋਂ ਕੱਢ ਕੇ ਦੇਣੇ ਤੇ ਉਹਨੇ ਉਹਦੇ ਵੱਟੇ ਜੀ ਕਿ ਚਲ ਬਈ ਐਨਾਂ ਕੁ, ਹੈਂ ਜੀ ! ਤੇ ਮੈਂ ਸਮਝਨਾ ਪਈ ਸਾਦਗੀ ਜ਼ਿਆਦਾ ਸੀ ਤੇ ਸਾਦਗੀ 'ਚ ਸੁਖ-ਸ਼ਾਂਤੀ ਬੰਦੇ ਲਈ, ਜਿਹਨੂੰ ਆਪਾਂ ਸਕੂਨ ਕਹਿ ਸਕਦੇ ਆਂ-trenquality, ਹੁਣ ਤਾਂ ਨੱਠ-ਭੱਜ-ਦੌੜ, ਯੇ ਨਹੀਂ ਹੋਇਆ-ਵੋਹ ਨਹੀਂ ਹੋਇਆ, ਚਲੋ ਉਂਝ ਤਾਂ ਜ਼ਿੰਦਗੀ static {ਖੜੋਤੀ} ਨਹੀਂ ਰਹਿੰਦੀ, ਰਹਿ ਵੀ ਨਹੀਂ ਸਕਦੀ, ਉਥੇ India 'ਚ ਵੀ ਹੁਣ ਚਲ ਸੋ ਚਲ ਹੈ, ਬਹੁਤ ਬਦਲਾਅ ਹੈ, ਪਛਾਣ ਹੀ ਨਹੀਂ ਹੁੰਦੇ- ਇਲਾਕੇ, ਬੋਲੀਆਂ, ਰਸਮ-ਰਵਾਜ਼, ਆਹ ਹੁਣ ਵਿਸ਼ਵਾਸ ਵਾਲੀ ਗੱਲ ਹੀ ਨਹੀਂ ਰਹੀ। ਹੁਣ ਕਿਹੜਾ ਬੰਦਾ ਜਿਸ ਤੇ ਤੁਸੀਂ ਵਿਸ਼ਵਾਸ ਕਰੋ, ਅੱਗੇ ਤਾਂ ਅੰਨ੍ਹੇਵਾਹ ਵਿਸ਼ਵਾਸ ਕਰ ਲੈਂਦੇ ਸੀ…very hard, very hard {ਬਹੁਤ ਮੁਸ਼ਕਿਲ} ! ਉਥੇ ਤਾਂ ਹੁਣ ਉਨ੍ਹਾ ਦੇ ਰਹਿਮ-ਕਰਮ ਤੇ ਰਹਿਣਾ ਪੈਂਦਾ, ਉਹ ਜੇ ਚਾਹੁਣ ਤਾਂ ਤੁਹਾਡਾ maximum (ਵੱਧ ਤੋਂ ਵੱਧ) ਬੁਰਾ ਕਰ ਸਕਦੇ ਆ, ਜੇ ਹੋਰ ਨਹੀਂ ਤਾਂ ਪਾਸਪੋਰਟ ਹੀ ਇਧਰ-ਉਧਰ ਕਰਕੇ…ਨਹੀਂ ਜੀ you are in a very big trouble {ਤੁਸੀਂ ਬਹੁਤ ਵੱਢੀ ਮੁਸੀਬਤ ਵਿਚ ਪੈ ਸਕਦੇ ਹੋ}, ਸਾਡੇ ਨਾਲ ਹੋ ਚੁਕਾ ਨਾ। ਮੇਰਾ ਮਤਲਬ ਆ ਪਈ ਡਰ ਆਉਂਦਾ ਜਿਹੜਾ ਹੁਣ ਦਾ culture {ਸਭਿਆਚਾਰ} ਹੈ ! ਮਤਲਬਪ੍ਰਸਤੀ ਹੈ। ਅੱਗੇ ਸੀਗਾ…ਠੀਕ ਆ ਛੋਟਾ-ਮੋਟਾ ਪਿਆਰ-ਮੁਹੱਬਤ ਤਾਂ ਉਦੋਂ ਵੀ ਨੌਜਵਾਨ ਬੱਚੇ-ਬੱਚੀਆਂ ਕਰਦੇ ਹੋਣਗੇ, ਪਰ respect{ਆਦਰ} ਜ਼ਿਆਦਾ ਸੀ। ਰਿਸ਼ਤਿਆਂ ਦਾ ਆਦਰ-ਮਾਣ ਸੀ। ਹੁਣ ਤਾਂ ਸਿਧਾ ਸੜਕਾਂ ਉਪਰ ਈ…ਵੱਡਿਆਂ ਸ਼ਹਿਰਾਂ 'ਚ ਵੀ ਛੋਟਿਆਂ 'ਚ ਵੀ..ਮਤਲਬ ਬੜੀ ਸ਼ਰਮ ਵਾਲੀ ਗੱਲ, ਪਤਾ ਨਹੀਂ ਜੀ ਦੁਨੀਆ ਕਿਧਰ ਨੂੰ ਜਾ ਰਹੀ ! ਉਹ ਜਿਹੜੇ ਸਮੇਂ ਸੀਗੇ ਨਾ ਜੀ, ਮੈਂ ਸਮਝਨਾ ਪਈ ਇਸ ਹਿਸਾਬ ਦੇ ਨਾਲ ਚੰਗੇ ਸੀ ਜਿਵੇਂ ਇਕ ਦੂਸਰੇ ਦੀ ਮਦਦ, ਬਸ ਚੁਪ-ਚਪੀਤੇ ਚਾਰ ਪੈਸੇ ਫੜ ਲੈਣੇ,ਓਸੇ ਤਰਾਂ ਈ ਦੇ ਜਾਣੇ। ਹੁਣ ਤਾਂ ਲੁੱਟ ਕੇ ਵੀ ਕੋਈ ਲੈ ਜਾਵੇ…ਜਿਹੜੇ ਸਮੇਂ ਅਸੀਂ ਦੇਖੇ ਆ ਜੀ, ਉਹਦੇ ਹਿਸਾਬ-ਕਤਾਬ ਨਾਲ ਬਹੁਤ ਹੀ ਘਿਣਾਉਣੇ ਤੇ ਭਿਆਨਕ ਹਾਲਾਤ ਆ ਹੁਣ।

? ਤੁਸਾਂ ਗਭਰੂ-ਮੁਟਿਆਰਾਂ ਦੇ ਆਪਸੀ ਰਿਸ਼ਤਿਆਂ ਦੀ ਗੱਲ ਕੀਤੀ ਹੈ, ਤਾਂ ਕੁਝ ਆਪਣੀ ਇਸ਼ਕ-ਮੁਹੱਬਤ ਦੀ ਗੱਲ ਵੀ ਦੱਸੋ !

• (ਮੁਸਕ੍ਰਾਉਂਦਿਆਂ) ਸਿਧੂ ਸਾਹਿਬ ਤੁਸੀਂ ਬੜੇ ਖਰਾਬ ਹੋ, ਸਾਨੂੰ ਬੁਢੇ-ਵਾਰੇ ਏਹੋ ਜਿਹੀਆਂ ਗੱਲਾਂ ਪੁਛਦੇ ਹੋ। ਸਾਊਥਾਲ ਵਿਚ ਹੋਏ ਮੁਸ਼ਾਇਰੇ 'ਚ ਉਸ ਦਿਨ ਆਪਣੀ ਇਕ ਗ਼ਜ਼ਲ ਸੁਣਾਈ ਤਾਂ ਸੀ-

ਹਮੇਂ ਭੀ ਮਿਲਾ ਤੋ ਥਾ ਕੰਦੀਲ-ਮੁਹੱਬਤ ਜਗਾਨੇ ਵਾਲਾ,
ਮਗਰ ਅਪਨੇ ਹੀ ਹਾਥੋਂ ਸੇ ਫਿਰ ਬੁਝਾਨੇ ਵਾਲਾ।
ਹਮ ਨੇ ਤੋ ਕਰ ਦੀ ਥੀ ਨਾਮ ਉਸਨੇ ਜ਼ਿੰਦਗੀ ਅਪਨੀ,
ਮਗਰ ਉਸਕਾ ਤੌਰ ਥਾ ਕਿ ਯਾਰੋ ਜ਼ਮਾਨੇ ਵਾਲਾ।
ਤੇਰੇ ਬਲੌਰੀ ਬਦਨ ਕੀ ਖੁਸ਼ਬੂ ਹੀ ਕੁਛ ਐਸੀ ਥੀ,
ਕਿ ਬਾਅਬ ਮੇ ਮਿਲਾ ਨਾ ਕੋਈ ਕੰਵਲ ਮਹਿਕਾਨੇ ਵਾਲਾ।

…ਤੁਸੀਂ ਇਸ ਨੂੰ ਜ਼ਮਾਨੇ ਦਾ ਦਸਤੂਰ ਕਹਿ ਲਓ ਜਾਂ ਅਸਲੀਅਤ:

ਕਿਸੀ ਕੋ ਭੀ ਜ਼ਿੰਦਗੀ ਮੇ ਹਸਬਿ-ਮਾਮੂਲ ਨਾ ਮਿਲਾ,
ਕਿਸੀ ਕੋ ਹਮ ਨਾ ਮਿਲੇ, ਔਰ ਕਿਸੀ ਕੋ ਤੂ ਨਾ ਮਿਲਾ।

…ਸੋ ਇਹ ਕਰਮਾਂ ਦੀਆਂ ਗੱਲਾਂ ਹੁੰਦੀਆਂ ਨੇ। ਨਾਲੇ ਲਿੱਸਿਆਂ-ਮਾੜਿਆਂ ਦੇ ਕਾਹਦੇ ਇਸ਼ਕ ! ਸੋ ਇਹ ਸਾਡੇ ਇਸ਼ਕ ਦੀ ਇਕ ਛੋਟੀ ਜਿਹੀ ਦਾਸਤਾਨ !

? ਤੁਸੀਂ ਬਹੁਤਾ ਲਿਖਿਆ ਹੈ ਭਲਵਾਨੀ ਬਾਰੇ ਤੇ ਸੰਗੀਤ ਬਾਰੇ। ਇਸ ਦੀ ਖੋਜ ਵਾਸਤੇ ਤੁਹਾਨੂੰ ਜਿਹੜੀ ਸਮੱਗਰੀ ਤੇ ਸਰੋਤਾਂ ਦੀ ਲੋੜ ਪਈ ਹੋਵੇਗੀ, ਉਸ ਲਈ ਤੁਸੀਂ ਜੋ ਜੱਦੋ-ਜਹਿਦ ਕੀਤੀ ਉਸ ਬਾਰੇ ਖੁੱਲ੍ਹ ਕੇ ਦੱਸੋ।

• ਇਹ ਜੀ ਬਹੁਤ ਲੰਬੀ ਯਾਤਰਾ ਸੀ। ਖੋਜ ਕਿਥੇ ਤੱਕ ਪਹੁੰਚੀ ਇਹ ਨੀ ਮੈਨੂੰ ਪਤਾ ਪਰ ਇਹ ਸਾਰੀ ਉਮਰ ਦਾ ਹੀ

ਤਕਾਜ਼ਾ ਆ, ਸਾਰੀ ਉਮਰ ਈ ਲੱਗ ਗਈ। ਬਹੁਤ ਕਠਿਨਾਈਆਂ ਦੇ ਵਿਚ ਦੀ ਨੰਘਣਾ ਪਿਆ। ਪੈਸੇ-ਪੂਸੇ ਨਹੀਂ ਸੀ ਹੁੰਦੇ। ਫਿਰ ਇਹ ਦੇਖ ਲਓ ਬਈ ਜਲੰਧਰ ਬੈਠੇ ਸੀ, ਛੋਟਾ ਜਿਹਾ ਸਾਡਾ ਮਕਾਨ, ਗਵਈਏ ਆਉਣੇ ਹਰਿਵਲਭ 'ਚ, ਤਾਂ ਉਨ੍ਹਾਂ ਨਾਲ ਗੱਲਾਂ-ਬਾਤਾਂ ਕਰਨੀਆਂ, ਰੋਟੀ-ਪਾਣੀ ਖਲ਼ਾ ਕੇ, ਨੇੜੇ ਹੀ ਸੀ ਸਾਡੇ ਘਰ ਤੋਂ ਮੀਲ ਕੁ ਹੋਣਾ। ਫਿਰ ਭਾਰਤ-ਪਾਕਿਸਤਾਨ ਦੇ ਹਾਲਾਤ ਠੀਕ ਨਹੀਂ ਰਹੇ। ਆਉਂਦੇ ਸੀ ਭਲਵਾਨ ਵੀ, ਗਵਈਏ ਵੀ, ਪਰ ਮੇਰੀ ਚਿੱਠੀ-ਪੱਤਰ ਇਹ (ਸਰਕਾਰ) ਰੋਕ ਲੈਂਦੇ ਰਹੇ, ਪੂਰੀਆਂ ਫਾਈਲਾਂ ਬਣੀਆਂ ਹੋਈਆਂ ਸਨ ਤੇ ਸੀ.ਆਈ.ਡੀ ਮੇਰੇ ਮਗਰ ਲੱਗੀ ਹੁੰਦੀ ਸੀ। ਉਹ ਸੋਚਦੇ ਸੀ ਕਿ ਮੈਂ ਖਰੇ ਸਮਗਲਿੰਗ ਕਰਦਾਂ! ਮੈਂ ਫਕੀਰ ਬੰਦਾ। ਪੁਲਸ ਨੇ ਮੈਨੂੰ ਬੜੇ ਪੁੱਠੇ-ਸਿਧੇ ਸਵਾਲ ਕਰਨੇ ਪਈ ਹੋਰ ਲੋਕਾਂ ਦੇ ਘਰ ਤਾਂ ਨਹੀਂ ਆਉਂਦੇ ਤੇਰੇ ਘਰ ਈ ਕਿਓਂ ਆਉਂਦੇ ਆ ਪਾਕਿਸਤਾਨੀ ਬੰਦੇ, ਜਾਂ ਤੂੰ ਇਨ੍ਹਾਂ ਨੂੰ ਕਿਓਂ ਮਿਲਦਾਂ, ਆਹ ਚਿੱਠੀ ਫਲਾਨੇ ਨੇ ਪਾਈ ਆ, ਆਹ ਤੂੰ gift (ਤੋਹਫਾ) ਦਿਤਾ, ਕਿਥੋਂ ਤੈਨੂੰ ਪੈਸੇ ਆਉਂਦੇ ਆ...। ਮੈਂ ਕਿਹਾ ਬਈ ਅਸੀਂ ਪੰਜਾਬੀ ਆਂ ਹੁਣ ਪ੍ਰਾਹੁਣਚਾਰੀ ਲਈ ਕੁਝ ਕਰਨਾ ਪੈਂਦਾ, ਕੋਈ ਬਹੁਤਾ ਵੀ ਨਹੀਂ, ਕਿਸੇ ਨੂੰ ਕੋਈ ਕਪੜਾ ਲੈ ਤਾ ਵਗੈਰਹ...ਕਿਸੇ ਦੀ ਧੀ ਭੈਣ ਲਈ। ਫਿਰ ਪੁਲਸ ਨੇ ਆਉਣ ਲੱਗ ਜਾਣਾ ਤਾਂ ਮਾਂ ਸਾਡੀ ਨੇ ਫ਼ਿਕਰ ਕਰਨਾ। ਸ਼ਰੀਫ ਆਦਮੀਆਂ ਦੇ ਘਰ ਪੁਲਸ ਆਵੇ ਤਾਂ ਲੋਕਾਂ ਨੇ ਕਹਿਣਾ ਖਰੇ ਕੀ ਕਰਦਾ, ਕੋਈ ਚੋਰ-ਉਚੱਕਾ ਆ! ਫਿਰ ਪ੍ਰਕਾਸ਼ ਸਿੰਘ ਸੀ – I.G. (ਆਈ.ਜੀ), ਪਹਿਲੇ ਆਈ.ਜੀ ਪੰਜਾਬ ਦੇ, ਹੁਣ ਤਾਂ ਖਰੇ ਕਿੰਨੇ ਪੈਰ-ਪੈਰ ਤੇ ਆਈ.ਜੀ ਤੁਰੇ ਫਿਰਦੇ ਆ...ਤੇ ਉਹ ਫਿਰ ਬਸਰਾਲ ਸਾਹਬ ਦਾ ਦਫਤਰ ਸੀ ਜਿਥੇ ਆਹ ਵੱਡਾ ਟਾਵਰ ਬਣਿਆਂ ਨਕੋਦਰ ਰੋਡ ਤੇ ਟੈਲੀਵਿਯਨ ਦਾ ਉਹ ਸੈਂਟਰ ਜਿਹਾ, ਤੇ ਮੈਂ ਬਸਰਾਲ ਸਾਹਬ ਨਾਲ ਗੱਲ ਕੀਤੀ ਬਈ ਯਾਰ ਬੜੇ ਦੁਖੀ ਕੀਤੇ ਆਂ ਕੁੜੀ ਚੋਦਾਂ ਨੇ, ਪੁਲਸੀਆਂ ਨੇ। ਤੇ ਉਹ ਬੜਾ ਗਹਿਰਦਾਰ ਅਫਸਰ ਸੀ, ਕਹਿੰਦਾ ਤੁਹਾਡੀ ਭੈਣ ਨੂੰ ਸਾਰਿਆਂ ਨੂੰ ਮੁਅੱਤਲ ਕਰਦੂੰ....ਉਹਨੇ ਫਿਰ ਡਰਾਇਆ ਧਮਕਾਇਆ ਤਾਂ .... ਫਿਰ ਵੀ ਇਹ ਜ਼ਰੂਰੀ ਨਹੀਂ ਸੀ ਪਈ ਮੈਨੂੰ ਸਾਰੀਆਂ ਚਿੱਠੀਆਂ ਮਿਲਦੀਆ ਰਹੀਆਂ। ਕੋਈ ਦੇ ਦੇਣੀ, ਕੋਈ ਨਾ ਦੇਣੀ...ਪਰੇਸ਼ਾਨ ਕਰਦੇ ਰਹੇ ਕਾਫੀ।

ਫਿਰ ਇਹ ਸੀ ਕਿ ਜੇ ਮੈਨੂੰ ਕਿਸੇ ਚੀਜ਼ ਦਾ ਪਤਾ ਲੱਗ ਜਾਏ ਤਾਂ ਮੈਂ ਜਾਂਦਾ ਸੀ। ਕਿਰਸ਼ੀਨੇ ਦਾ ਬਹੁਤ ਵੱਡਾ ਭਲਵਾਨ ਹੋਇਆ, ਕਿਰਸ਼ੀਨਾ ਪੈਂਦਾ ਮੇਰਠ ਤੋਂ ਅਗਾਂਹ ਜਿਹੇ, ਇਕ ਵਾਰ ਕਰੀਮਬਾਗ ਵਿਚ ਭਲਵਾਨਾ ਦੇ ਇੱਕ ਅਖਾੜੇ ਵਿਚ ਮੈਨੂੰ ਇਕ ਬੰਦਾ ਮਿਲਿਆ ਤੇ ਕਹਿੰਦਾ ਉਸ ਕੋਲ ਫੋਟੋ ਹੈਗੀ ਕਰਸ਼ੀਨੇ ਦੀ, ਪਰ ਮੈਂ ਸੋਚਿਆ ਕਿ ਚਲੋ ਮੇਰੇ ਕੋਲ ਹੋਰ ਭਲਵਾਨਾਂ ਦੀਆਂ ਫੋਟੋਆਂ ਹੈਗੀਆਂ ਇਹ ਵੀ ਹੋਜੂਗੀ, ਤਾਂ ਉਹ ਵੀ ਲਿਆਵਾਂ। ਉਹ ਕਹਿੰਦਾ ਮੇਰੇ ਕੋਲ ਹੈਗੀ। ਬਰਸਾਤਾਂ ਦੇ ਦਿਨ ਸੀ, ਰਾਹ 'ਚ ਕੁੱਤੇ ਵੀ ਮੈਨੂੰ ਵੱਢਣ ਪੈ ਗਏ ਤੇ ਮੈਂ ਨੱਠਾ, ਕਰਾਇਆ ਵੀ ਪਤਾ ਨਹੀਂ ਕਿਥੋਂ ਲਿਆ ਸੀ, ਕੰਮ ਮੱਠਾ ਈ ਸੀ..ਪਰ ਮੈਂ ਆਪਣੀ ਧੁੰਨ ਦਾ ਪੱਕਾ ਸਾਂ। ਉਸ ਨੇ ਗੱਪ ਮਾਰੀ ਸੀ !ਇਦਾਂ ਦੇ ਕਈ ਡਰਾਮੇ ਮੇਰੇ ਨਾਲ ਹੋਏ। ਇੱਥੇ ਦੇਖ ਲਓ...ਸਰਿਆਂ ਨਾਲੋਂ ਪਹਿਲਾਂ ਮੈਨੂੰ ਇਥੇ post office (ਡਾਕ ਖਾਨਾ) ਦੀ ਨੌਕਰੀ ਮਿਲੀ ਤਾਂ ਉਹ Sorting (ਛਾਂਟਣ) ਦੀ ਸੀ ਤੇ ਮੈਂ ਬੁਨਿਆਦੀ ਤੌਰ ਤੇ ਲੇਖਕ ਸਾਂ ਤੇ ਮੈਂ ਥੱਕ-ਥੁੱਕ ਜਾਂਦਾ ਸੀ ਤੇ ਮੈਂ ਉਹ ਕੰਮ ਛੱਡ ਤਾ। ਜਦੋਂ ਮੈਨੇਜਰ ਨੂੰ ਚਿੱਠੀ ਲਿੱਖ ਕੇ ਦਿੱਤੀ ਤਾਂ ਉਹ ਕਹਿੰਦਾ "Mr. Singh, What's the matter?, You have a good handwriting, why are you leaving?". {ਸਿੰਘ ਸਾਹਿਬ, ਕੀ ਗੱਲ ਹੈ,, ਤੁਹਾਡਾ ਖੁਸ਼ਖੱਤ ਬਹੁਤ ਸੁਹਣਾ ਹੈ, ਕਿਓਂ ਜਾ ਰਹੇ ਹੋ?} ਮੈ ਕਿਹਾ ਮੈਂ ਇਹ ਨੌਕਰੀ ਪਸੰਦ ਨਹੀਂ ਕਰਦਾ। ਉਹ ਕਹਿੰਦਾ ਦੇਖ ਲਾ ਤੇਰੀ ਮਰਜ਼ੀ ਇਹ ਜੌਬ ਤਾਂ ਤੇਰੇ ਲਈ privilege{ਸਨਮਾਨਤ ਮੌਕਾ} ਹੈ। ਇਹ ਨੌਕਰੀ ਉਦੋਂ ਘੱਟ ਹੀ ਦਿੰਦੇ ਸੀ ਆਪਣੇ ਬੰਦਿਆ ਨੂੰ, ਸੀਗੇ ਭਾਵੇਂ ਕੁਝ ਹੋਰ...। ਮੈਂ ਉਥੇ ਟਾਈਮ ਕੀ ਲਾਉਣਾ ਸੀ ਮੈਂ ਤਾਂ ਨੱਠ ਜਾਂਦਾ ਸੀ ਉਥੇ British Museum {ਬ੍ਰਿਟਿਸ਼ ਮਿਊਜ਼ੀਅਮ}, ਜੇ ਰੋਜ਼ ਨਹੀਂ ਤਾਂ ਮੈਂ ਕੋਸ਼ਿਸ਼ ਕਰਨੀ ਛੁੱਟੀਆਂ-ਛੱਟੀਆਂ ਨੂੰ ਜਾਵਾਂ। ਫਿਰ ਦੇਖ ਲਓ ਬਈ ਪਾਕਿਸਤਾਨ, ਅਮਰੀਕਾ ਵੀ ਜਾਂਦੇ ਰਹੇ ਕਿ ਯਾਰ ਆ ਚੀਜ਼ ਕਿਤੋਂ ਮਿਲੇ, ਲਾਇਬਰੇਰੀਆਂ ਬੜੀਆਂ ਘੁੰਮੀਆਂ, ਤਾਂ ਇੱਦਾਂ ਥੋੜਾ ਥੋੜਾ ਕਰ ਕੇ। ਜਿਸ ਗੱਲ ਨੂੰ ਮੈਂ ਜ਼ਿਆਦਾ ਜ਼ਰੂਰੀ ਸਮਝਦਾਂ, ਹੁਣ ਤਾਂ ਭਾਵੇਂ ਇੰਟਰਨੈਟ ਤੇ ਬੜਾ ਕੁਝ ਆ ਗਿਆ, ਮੈਂ ਆਪਣਾ ਸਭ ਤੋਂ ਪਲੱਸ-ਪੁਆਇੰਟ ਇਹ ਸੋਚਦਾਂ ਤੇ ਮੈਨੂੰ ਇਸ ਗੱਲ ਦਾ ਮਾਣ ਵੀ ਆ ਪਈ ਇਹ ਜਿਹੜੀਆਂ ਅਗਲੀਆਂ ਪੁਸ਼ਤਾਂ ਸਨ ਨਾ, ਇਹ ਜੱਦ-ਪੁਸ਼ਤ ਵਾਲੇ ਅਗਾਂਹ- ਦੀ ਅਗਾਂਹ ਵਾਲੀਆਂ ਪੁਸ਼ਤਾਂ, ਇਨ੍ਹਾ ਨਾਲ ਮੇਰੇ ਸੰਬੰਧ ਬੜੇ ਨਜ਼ਦੀਕੀ ਰਹੇ। ਆ ਹੁਣ ਵੀ ਆਹ ਲਾਹੌਰ ਦੇ ਮਰਾਸੀ ਆ, ਉਹ ਜੀ ਵਿਆਹ ਕਰਾਉਣਾ, ਅਪ੍ਰੇਸ਼ਨ ਕਰਾਉਣਾ, ਫਲਾਨਾ ਕਰਾਉਣਾ, ਕੋਈ ਨਿਆਣਾ ਬਿਮਾਰ ਹੋ ਗਿਆ, ਤਾਂ ਚਾਰ ਹਜ਼ਾਰ, ਪੰਜ ਹਜ਼ਾਰ, ਦਸ ਹਜ਼ਾਰ ਰੁਪਈਆ...। ਆਹ ਹੁਣ ਵੀ ਜਿਹੜੀ ਉਹ ਨਵਾਬ ਬੇਗਮ ਵਾਲੀ ਗੱਲ ਸੀ, ਉਸ ਬੰਦੇ ਕੋਲ ਤਵੇ ਕਲੰਡਰ ਆ ਤੇ ਇਹ ਵੀ ਨਹੀਂ ਕਿ ਉਹਨੇ ਤੁਹਾਨੂੰ ਅਸਲੀ ਤਵਾ ਦੇਣਾ, ਬਿਲਕੁਲ ਨਹੀਂ, ਉਹਨੇ ਆਹ ਟੇਪ ਜਿਹੀ ਕਰਕੇ ਦੇ ਦੇਣੀ..ਇਹ ਫਿਰ ਲੱਗਾ ਦਾਅ ਹੈ ਨਾ, ਉਹਨੂੰ ਪਤਾ ਕਿ ਪੈਸੇ ਹੈਗੇ ਤੁਹਾਡੇ ਕੋਲ, ਲੋਕਾਂ ਨੂੰ ਆਪਣੇ ਬਿਜ਼ਨਸ ਦਾ...। ਤਾਂ ਮੇਰਾ ਮਤਲਬ ਆ ਪਈ ਇਕ ਦੋ

ਵਾਰੀ ਉਹ ਸਟੇਜ ਵੀ ਆਈ ਪਈ, ਨਹੀਂ!, ..ਹੋਇਆ ਤਾਂ ਵੀ ਠੀਕ ਆ ਨਹੀਂ ਹੋਇਆ ਤਾਂ ਖੱਡੇ 'ਚ ਜਾਵੇ ਮੈਂ ਹੁਣ ਕਿੰਨਾ ਕੁ ਕਰਾਂ...। ਪਰ ਨਾ ਸਵਾਦ ਨਹੀਂ ਆਉਂਦਾ ਜਿੰਨਾ ਚਿਰ ਕੋਈ ਪੁਰਾਣਾ ਤਵਾ, ਕੋਈ ਰਿਕਾਰਡਿੰਗ ਨਾ ਮਿਲੇ।

? ਤੁਸੀਂ ਆਪਣੇ ਸਰੋਤ ਲੱਭਣ ਲਈ ਪੱਛਮੀ ਪੰਜਾਬ ਤੇ ਹੀ ਜ਼ਿਆਦਾ ਨਿਰਭਰ ਕੀਤਾ। ਆਪਣੇ ਇੱਧਰ ਨਹੀਂ ਸੀ ਤੁਹਾਨੂੰ ਇੰਨਾ ਕੁੱਝ ਮਿਲਿਆ?

• ਬਿਲਕੁਲ ਨਹੀਂ। ਉਹ ਇਦਾਂ ਹੋਇਆ ਨਾ ਕਿ ਚਲੋ ਬੜੇ ਗ਼ੁਲਾਮ ਅਲੀ ਤਾਂ ਚਲੇ ਹੀ ਗਏ ਸੀ, ਇਹ ਸ਼ਾਮ ਚੁਰਾਸੀ ਵਾਲੇ ਵੀ ਪਾਕਿਸਤਾਨ ਚਲੇ ਗਏ, ਹਰਿਆਣੇ ਵਾਲੇ, ਪਟਿਆਲੇ ਵਾਲੇ ਵੀ ਉਥੇ ਚਲੇ ਗਏ, ਇੱਧਰ ਤਾਂ ਬਹੁਤ ਥੋੜੇ ਬਚੇ ਸੀ। ਹੈਗੇ ਸੀ ਇਕ ਦੋ, ਬੜੇ ਗ਼ੁਲਾਮ ਅਲੀ ਦੁਬਾਰਾ ਆ ਗਏ ਸਨ ਜਾਂ ਕਿੱਦਾਂ ਵੀ...। ਤੇ ਭਲਵਾਨ ਜਿਹੜੇ ਸੀ, ਮੁਆਫ ਕਰਨਾ ਹਿੰਦੂਆਂ 'ਚ ਤਾਂ ਹੋਏ ਈ ਛੇ-ਚਾਰ ਕੋਈ...very few,very few {ਬਹੁਤ ਹੀ ਘੱਟ}. ਸਿੱਖਾਂ 'ਚ ਵੀ ਜਿਹੜੇ ਹੋਏ ਆ...ਮੇਰਾ ਇਹ ਤਰੀਕਾ ਰਿਹਾ ਕਿ ਸੁਣਦਾ ਮੈਂ ਸਾਰਿਆਂ ਦੀ ਗੱਲ ਰਿਹਾਂ, ਨੋਟਸ ਵੀ ਬਣਾਉਣੇ, ਟੇਪ ਵੀ ਕਰ ਲੈਣਾ ਪਰ ਇੱਦਾਂ ਨਹੀਂ ਕਿ ਉਦੋਂ ਹੀ ਕਾਗ਼ਜ਼ 'ਤੇ ਚਾੜ੍ਹ ਦਿਓ! ਜਿੰਨਾਂ ਚਿਰ ਦਸਾਂ ਹੋਰ ਸਰੋਤਾਂ ਤੋਂ ਪਤਾ ਨਾ ਲੱਗੇ, confirm {ਪੱਕਾ} ਨਾ ਹੋਵੇ..., ਬਲਕਿ ਇਥੇ ਜਿਹੜਾ ਬੰਗੇ ਦਾ ਉਸਤਾਦ ਪੰਡਤ ਚੁੰਨੀ ਲਾਲ ਸੀ, ਉਧਰ ਸਿਆਲਕੋਟ ਦੇ ਸਨ ਤੇ surgical {ਨਸ਼ਤਰ}ਔਜ਼ਾਰ ਬਣਾਉਂਦੇ ਸੀ।ਇਨ੍ਹਾਂ ਨੂੰ ਮੈਂ ਮਿਲਦਾ ਰਿਹਾਂ, ਇਹ ਸਾਡੇ ਘਰਾਂ ਦੇ ਲਾਗੇ ਵੱਸ ਗਿਆ ਸੀ ਇਨ੍ਹਾ ਦਾ ਟੱਬਰ। ਚੁੰਨੀ ਲਾਲ ਵੱਡਾ ਭਲਵਾਨ ਹੋਇਆ। ਤਾਂ ਉਹ ਗੱਲ ਸੁਣਾਉਣ ਲੱਗ ਪਏ। ਉਹ ਚਾਰ ਭਰਾ ਸੀ।ਇਧਰ ਆ ਕੇ ਇਨ੍ਹਾਂ ਦਾ ਕੈਂਚੀਆਂ ਬਣਾਉਣ ਦਾ ਬੜਾ ਕੰਮ ਚਲਿਆ। ਜਦੋਂ ਹਿਮਾਚਲ ਪ੍ਰਦੇਸ ਕੱਟਿਆ, ਉਦੋਂ ਉਨ੍ਹਾਂ ਨੇ ਕੋਈ ਜ਼ਮੀਨ-ਜ਼ਮੂਨ ਦੇ ਦਿੱਤੀ ਕਿ ਆਪਣੀ ਇੰਡਸਟਰੀ ਇਧਰ ਲਗਾਓ ਤੇ ਇਹ ਚਲੋ ਉਹ ਉਧਰ ਨੂੰ ਚਲੇ ਗਏ। ਇਸ ਨੂੰ ਮੈਂ ਇੰਟਰਵਿਊ ਕਰ ਰਿਹਾ ਸੀ, ਵੱਡਾ ਬੀ.ਏ ਸੀ ਪੁਰਾਣੇ ਸਮਿਆਂ ਦਾ। ਤਾਂ ਮੈਂ ਜਾਣਨਾ ਚਾਹੁੰਦਾ ਸਾਂ ਕਿ ਇਨ੍ਹਾਂ ਦੀ ਗੱਲ ਵਿਚ ਸੱਚ ਆ ਜਾਂ ਝੂਠ ਆ ...ਮੈਂ ਕਿਹਾ ਸਰਦਾਰ ਕਿੱਕਰ ਸਿੰਘ ਜੀ ਜੰਮੂ ਜਿਹੜੀ ਕੁਸ਼ਤੀ ਹੋਈ ਉਹਦੀ ਗੱਲ ਸੁਣਾਓ। ਕਹਿੰਦਾ " ਜੀ ਉਸ ਕੀ?", ਉਨ੍ਹੇ ਬਨਾਰਸ ਕੋਲ ਕੋਈ ਰਿਆਸਤ ਹੈ ਸ਼ਾਇਦ ਰਾਮ ਗੜ੍ਹ, ਉਹਦਾ ਨਾਮ ਲਿਆ ਤੇ ਕਹਿੰਦਾ, "ਸਾਲ ਦੋ ਸਾਲ ਉਹਨੂੰ ਪਾਲਿਆ ਤੇ ਫਿਰ ਕਹਿੰਦਾ ਤੇਰੀ ਤਾਕਤ ਟੈਸਟ ਕਰਨੀ ਆਂ, ਤੇ ਕਹਿੰਦਾ ਇੱਕ ਝੋਟਾ ਛੱਡ ਦਿਤਾ ਤੇ ਕਿਹਾ ਇਹਨੂੰ ਚੱਕ! ਕਹਿੰਦਾ ਉਹਨੇ ਮੋਢਾ ਦਿਤਾ ਤੇ ਚੱਕ ਕੇ ਸੁੱਟ ਦਿਤਾ! ਚਲੋ ਮੈਂ ਕਿਹਾ - ਅੱਛਾ। ਫਿਰ ਕਹਿੰਦਾ ਕਿ ਕੁਸ਼ਤੀ ਰਾਜੇ ਦੇ ਮਹੱਲ 'ਚ ਹੋਈ ਸੀ - ਆਹ ਗੌਰ ਫਰਮਾਉਣਾ ਜੀ: ਕਹਿੰਦਾ "ਇਤਨੀ ਤੇਜ਼-ਤਰਾਰ ਕੁਸ਼ਤੀ ਹੁਈ, ਤਾਂ ਜਿਹੜੇ ਵੱਟੇ ਸੀ ਨਾ ਜ਼ਮੀਨ ਤੇ ਪਏ (ਉਹ ਉਰਦੂ ਤੇ ਪੰਜਾਬੀ ਰਲਾ ਕੇ ਬੋਲਦਾ ਸੀ)..ਤਾਂ ਕਹਿੰਦਾ ਜਿਹੜੇ ਵੱਟੇ ਸੀ ਨਾ ਉਹ ਕਾਨਿਆਂ ਤੇ ਡਿੱਗ ਕੇ ਅੱਗ ਲੱਗ ਗਈ ਉਥੇ! ਉਹਦਾ ਜਿਹੜਾ ਵੱਡਾ ਚੇਲਾ ਸੀ, ਬੜਾ ਦੈਂਤ ਦਾ ਦੈਂਤ, ਉਂਜ ਉਮਰ ਵਿਚ ਛੋਟਾ ਸੀ ਪਰ ਭਲਵਾਨੀ ਜ਼ਿਆਦਾ ਕੀਤੀ ਉਹਨੇ, ਹੁਣ ਮੈਨੂੰ ਨਾ ਭੁੱਲ ਗਿਆ, ਕਹਿੰਦਾ "ਭਾਈ ਸਾਹਬ ਮਹੱਲ 'ਚ ਕਾਨੇ ਬੀਜੇ ਸੀ?" ਉਹਦਾ ਮਤਲਬ ਸੀ ਕਿ ਮਹੱਲ ਵਿਚ ਫੁਲ ਬੂਟੇ ਕਹੋ ਦਰਖਤ ਕਹੋ ਸੁਹਣੇ ਸੁਹਣੇ!...ਉਹ ਕਹਿੰਦਾ "ਚੁੱਪ ਕਰ ਓਏ! ਤੈਨੂੰ ਬੋਲਣੇ ਦੀ ਤਮੀਜ਼ ਨਹੀਂ!" ਮੈਂ ਵਿੱਚੇ ਹੱਸਾਂ ਤੇ ਵਿੱਚੇ ਰੋਵਾਂ! ਮੇਰਾ ਮਤਲਬ ਆ ਕਿ ਸੱਚ ਕਹਿਣ, ਝੂਠ ਕਹਿਣ...ਕਈ ਵਾਰ ਫਿਰ ਕਹਾਣੀਆ ਉਸਤਾਦਾਂ-ਸ਼ਾਗਿਰਦਾਂ ਦੀਆਂ ਹੁੰਦੀਆਂ - 'ਆਹ ਜੀ ਸਾਡੇ ਉਸਤਾਦ ਕਾ ਕਿਆ ਮੁਕਾਬਲਾ!, ਉਸਨੇ ਐਸੇ ਕੁੰਡਾ ਡਾਲਾ, ਐਸੇ ਡਾਲਾ, (ਹੱਥਾਂ ਦੇ ਇਸ਼ਾਰਿਆਂ ਨਾਲ) ਉਹ ਨਕਸ਼ੇ ਬਣਾਉਂਦੇ ਆਪਣੀ ਬੋਲੀ ਵਿਚ। ਮੇਰਾ ਮਤਲਬ ਇਹ ਪਈ ਇਹ ਬੜਾ ਔਖਾ ਕੰਮ ਸੀ। ਸਾਰਿਆਂ ਤੋਂ ਜ਼ਿਆਦਾ ਜਿਹੜੀ ਮੁਸ਼ਕਲ ਪੇਸ਼ ਆਈ ਉਹ ਸੀ ਇਨ੍ਹਾਂ ਭਲਵਾਨਾਂ ਦੇ ਜਨਮ-ਸਾਲਾਂ ਬਾਰੇ, ਫਿਰ ਕੁਸ਼ਤੀਆਂ ਦਾ ਵੀ ਕੋਈ ਰਿਕਾਰਡ ਨਹੀਂ ਸੀ ਪਰ ਇਹ ਜਿਹੜੇ ਇਸ਼ਤਹਾਰ ਸੀ ਨਾ ਜੀ, ਇਹ ਮੇਰੇ ਕੰਮ ਆਏ। ਜਿਵੇਂ ਕੋਈ ਅਠਾਰਾਂ ਸੌ...ਵਗੈਰਹ, ਤੁਸੀਂ ਬਾਅਦ ਵਿਚ verify {ਤਸਦੀਕ}ਕਰ ਸਕਦੇ ਹੋ । ਕਈਆਂ ਤੇ ਇਹ ਲਿਖਿਆ ਹੁੰਦਾ ਸੀ "ਇਹ ਉਹ ਪਹਿਲਵਾਨ ਹੈ ਜਿਸ ਨੇ ਛੇ ਮਹੀਨੇ ਪਹਿਲਾਂ..." ਇਦਾਂ ਵੀ ਇਬਰਤਾਂ ਹੈਗੀਆਂ ਉਰਦੂ 'ਚ। ਤਾਂ ਕਿਹਾ ਜਾ ਸਕਦਾ ਹੈ ਕਿ ਜਿਹੜੀ ਇਸ਼ਤਹਾਰ 'ਚ ਛਪ ਗਈ ਗੱਲ ਉਹਦੀ authenticity {ਪ੍ਰਮਾਣਿਕਤਾ}ਹੈਗੀ ਆ। ਤਾਂ ਇਹ ਜਿਹੜੇ ਇਸ਼ਤਾਹਾਰ ਸੀ ਨਾ ਇਨ੍ਹਾਂ ਨੇ ਮੈਨੂੰ ਸਾਰਿਆਂ ਤੋਂ ਵੱਧ ਮਦਦ ਕੀਤੀ। ਦੇਖੋ ਨਾ ਜੇ ਹੁਣ ਇਤਹਾਸ ਲਿਖਣਾ ਤਾਂ ਉਹਦੇ ਵਿਚ accuracy {ਸ਼ੁਧਤਾ} ਜ਼ਰੂਰੀ ਆ। ਹੋਰ ਗਲਤੀਆਂ ਚੱਲ ਜਾਂਦੀਆਂ..।

? ਇਸ ਤੋਂ ਇਲਾਵਾ ਇਕ ਜ਼ਰੂਰੀ ਗੱਲ ਇਹ ਕਿ ਜਿਹੜੀਆਂ ਇਹ ਮਹਾਨ ਸ਼ਖਸੀਅਤਾਂ ਨੇ, ਵੱਡੇ ਭਲਵਾਨ ਜਾਂ ਗਉਣ ਵਾਲੀਆਂ ਵਗੈਰਹ, ਇਨ੍ਹਾਂ ਨਾਲ ਤੁਹਾਡੀਆਂ ਜਿਹੜੀਆਂ ਨਿੱਜੀ ਮੁਲਾਕਾਤਾਂ ਹੋ ਸਕੀਆਂ ਹੋਣ, ਉਸ ਬਾਰੇ

ਤੁਹਾਡੇ ਕੀ ਤਜੁਰਬੇ ਹਨ?

- ਇਹ ਜੀ ਜਿਹੜੀਆਂ ਗਾਉਣ ਵਾਲੀਆਂ ਬਾਈਆਂ ਹਨ ਇਹ ਸੁਭਾਅ ਦੀਆਂ ਬੜੀਆਂ ਖੁੱਲ੍ਹੀਆਂ! ਇਨ੍ਹਾਂ ਦੀ parapsychology {ਮਨੋਵਿਗਿਆਨ} ਬਹੁਤ ਤੇਜ਼ ਹੁੰਦੀ ਆ। ਇਨ੍ਹਾਂ ਨੂੰ ਦੂਰੋਂ ਪਤਾ ਲੱਗ ਜਾਦਾ ਪਈ ਇਹ ਬੰਦਾ ਮੈਨੂੰ ਪੈਸੇ-ਪੂਸੇ ਵੀ ਖਟੌਣ ਅਇਆ ਜਾਂ ਮੁਫਤ ਦੇ ਮਾਲ ਵਾਲਾ ਆ, ਇਨ੍ਹਾਂ ਨੂੰ ਪਤਾ ਲੱਗ ਜਾਂਦਾ...ਇਹ ਫਿਰ ਕਹਿ ਦਿੰਦੀਆਂ ਤਬੀਅਤ ਨਾਸਾਜ਼ ਹੈ ਜਾਂ ਤਬਲੀਆ ਠੀਕ ਨਹੀਂ ਵਗੈਰਹ....ਤਾਂ ਇਦਾਂ ਇਹ Sharp witted (ਤੇਜ਼ ਦਿਮਾਗ਼} ਹੁੰਦੀਆਂ, ਉਦਾਂ ਕੁਝ ਕੁ ਇਨ੍ਹਾਂ 'ਚੋਂ highly refined{ਉਚ-ਪੱਧਰੀਆਂ} ਸਨ...ਖਾਸ ਤੌਰ ਤੇ ਜਿਥੇ ਆ ਨਵਾਬ ਵਗੈਰਹ ਜਾਂਦੇ ਸੀ। ਹੁਣ ਆਮ ਤਾਂ ਇਹ ਧਾਰਨਾ ਹੈ ਕਿ ਜਿਹੜਾ ਵੀ ਉਥੇ ਜਾਂਦਾ ਉਹ ਆਹ ਸਿਰਫ 'ਦੂਜੇ-ਤੀਜੇ' ਕੰਮ ਨੂੰ ਈ ਜਾਂਦੇ ਆ, ਪਰ ਇਹ ਜ਼ਰੂਰੀ ਗੱਲ ਨਹੀਂ ਸਾਰੀਆਂ ਅਜੇਹੀਆਂ ਨਹੀਂ, ਹੈਗੀਆਂ ਕੁਝ ਆਹ ਹੀਰਾ ਮੰਡੀ ਦੇ ਆਸ-ਪਾਸ!

? ਤੁਹਡੀ ਨਿੱਜੀ ਮੁਲਾਕਾਤ ਹੋਈ ਕਿਸੇ ਨਾਲ, ਕੋਈ ਆਪਣਾ ਤਜੁਰਬਾ, ਕੋਈ ਇੰਟਰਵਿਊ ਕੀਤੀ ਹੋਵੇ ਕਿਸੇ ਨਾਲ?

- ਵੇਖੋ ਜੀ, ਜਿਹੜੀ ਸਭ ਤੋਂ ਪਹਿਲੀ ਫਿਲਮ ਸੀ ਆਸ਼ਾ ਪੋਸਲੇ ਦੀ (ਆਸ਼ਾ ਭੌਂਸਲੇ ਨਾ ਸਮਝ ਲਿਓ), ਉਸਦੀ ਗੱਲ ਦੱਸਦਾਂ ਮੈਂ ਫਸਿਆ ਕਿੱਦਾਂ! ਉਹ ਸੀਗੀ ਰਬਾਬਣਾਂ 'ਚੋਂ ! ਆਪਣੇ-ਆਪਣੇ ਸੌਂਕ ਜਾਂ ਠਰਕ ਹਨ ਨਾ। ਕਿਹੜੀ ਵੀ ਬਾਈ ਦਾ ਨਾਮ ਲੈ ਕੇ ਵੇਖ ਲਓ ਉਹ ਪੋਤੜੇ ਫਰੋਲ ਦਿੰਦੀ ਸੀ । ਉਹਨੂੰ ਮੈਂ ਇਥੇ ਸੱਦਿਆ ਸੀ ਜਦੋਂ ਪ੍ਰੋਫੈਸਰ ਮੋਹਨ ਸਿੰਘ ਹੁਰਾਂ ਨੂੰ ਬੁਲਾਇਆ ਸੀ। ਚਲੋ... ਮੈਂ ਇਸ ਲਾਲਚ 'ਚ ਸੀ ਕਿ ਉਹ ਕਹਿੰਦੀ ਕਿ ਸਾਡੇ ਘਰ 'ਚ ਇਕ ਰਬਾਬ ਪਈ ਆ ਉਹ ਆਪਣੇ ਦੌਰ ’ਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਵਜਦੀ ਰਹੀ ਆ ਤੇ ਇਥੇ ਅਪਣਾ ਇੱਕ ਸੱਜਣ ਸੀ ਜੋ ਅਮੀਰ ਘਰ ਦਾ ਸੀ, ਉਸ ਨਾਲ ਮੈਂ ਗੱਲ ਕੀਤੀ ਕਿ ਯਾਰ ਉਹ ਰਬਾਬ ਨਹੀਂ ਛੱਡਣੇ ਆਲੀ! ਕਹਿੰਦਾ ਫਿਰ ਕਿਵੇਂ ਕਰੀਏ। ਮੈਂ ਕਿਹਾ ਉਹ ਸ਼ਰਤ ਇਹ ਰਖਦੀ ਆ ਪਈ ਮੈਨੂੰ ਇਥੇ ਸੱਦੋ! ਤੇ ਇੱਥੇ ਅਸੀਂ ਸੱਦ ਲਈ।

? ਕਿਥੋਂ ਆਉਣਾ ਸੀ ਉਹਨੇ ?

- ਲਾਹੌਰ ਤੋਂ। ਉਹ ਫਿਰ ਸੱਦ ਲਿਆ ਤਾਂ ਹੋਇਆ ਕੀ ਪਈ। ਪ੍ਰੋਫੈਸਰ ਮੋਹਨ ਸਿੰਘ ਦੀ ਕਿਤਾਬ ਛਪੀ ਸੀ ਕਰਾਚੀ ਤੋਂ ਸ਼ਾਹਮੁਖੀ 'ਚ ਲਿੱਪੀਅੰਤਰ ਕਰਕੇ। ਉਹਨੇ ਉਹ ਕਿਤਾਬ ਲੈ ਲਈ ਤੇ ਉਹਦੇਂ ਚੋਂ ਕੁਝ ਨਜ਼ਮਾਂ ਤਿਆਰ ਕਰ ਕੇ ਲੈ ਆਈ। ਕਈ ਵਾਰ ਬੰਦੇ ਨੂੰ ਪਤਾ ਨਹੀਂ ਹੁੰਦਾ, ਮੈਂ ਦੇਖਾਂ...ਮੈਂ ਕਿਹਾ ਪਈ –ਰਬਾਬ? ਮੈਂ ਕਿਹਾ “ਆਸ਼ਾ, ਉਹ ਰਬਾਬ ਕਿਥੇ ਆ?” ਕਹਿੰਦੀ “ਹਵਾਈ ਜਹਾਜ਼ 'ਚ ਜਦੋਂ ਮੈਂ ਚੜ੍ਹਨ ਲੱਗੀ ਉਹ ਤਾਂ ਉਥੇ ਈ..”, ਉਹਦੇ ਆਹ ਅਲਫਾਜ਼ ਸਨ “ਫੀਤਾ-ਫੀਤਾ ਹੋ ਗਈ”! ਉਹਦੇ ਭਰਾ ਦਾ ਨਾਮ ਸ਼ਮਸ਼ੇਰ ਸੀ। ਕਹਿੰਦੀ “ਉਹ ਤਾਂ ਮੈਂ ਸ਼ਮਸ਼ੇਰ ਨੂੰ ਕਿਹਾ ਲੈ ਜਾ ਵਾਪਸ”।ਮੈਂ ਕਿਹਾ ਉਹ ਹੀ ਲੈ ਆਉਂਦੀ ਫੀਤਾ-ਫੀਤਾ ਜਿੱਦਾਂ ਵੀ ਸੀ, ਲੈ ਆਉਂਦੀ। ਉਦਾਂ ਹਿਸਾਬ ਮੈਂ ਲਾ ਲਿਆ ਸੀ ਕਿ ਉਹਨੇ ਗੱਪ ਮਾਰੀ ਸੀ। ਹੁਣ ਇੱਥੇ ਆਉਣ ਦੀਆਂ ਸ਼ਰਤਾਂ ਰੱਖੀਆ ਸੀ। ਹੁਣ ਪੰਜਾਬੀ ਬੰਦੇ ਆਂ ਜੀ, ਖਾਤਰ ਵੀ ਕਰਨੀ ਪੈਂਦੀ, ਪਰ ਉਹਦਾ ਦਿਲ ਇਹ ਸੀ ਪਈ ਮੇਰੇ ਨਾਲ਼ ਖੇਹ-ਖਰਾਬਾ ਵੀ ਕਰੇ! ਮੈਂ ਕਿਹਾ ਮੈਂ ਐਹੋ ਜਿਆ ਬੰਦਾ ਨਹੀਂ, ਇਥੇ ਮੈਂ ਰੱਖਿਆ ਸੀ ਉਹਨੂੰ ਆਪਣੇ ਘਰ। ਮੈਂ ਕਿਹਾ ਮੈਂ ਵਿਆਹਿਆ-ਵਰਿਆਂ, ਮੇਰਾ ਆਪਣਾ ਟੱਬਰ ਆ ਮੈਨੂੰ ਕੀ ਲੋੜ ਆ..। ਉਹਨੇ ਇਸ ਗੱਲ ਦੀ ਵੀ ਬੜੀ ਕੌੜ ਖਾਧੀ। ਉਹਨੇ ਕੋਈ ਢਾਈ ਤਿੰਨ ਸੌ ਫਿਲਮਾਂ 'ਚ ਕੰਮ ਕੀਤਾ ਆ, ਪਾਕਿਸਤਾਨੀ ਲੋਕ ਉਹਨੂੰ ਭਲੀ ਭਾਂਤ ਜਾਣਦੇ ਹਨ।

? ਆਸ਼ਾ ਪੋਸਲੇ ਬਾਰੇ ਕੁਝ ਹੋਰ?

- ਉਸਦਾ ਸੰਬੰਧ ਢਾਡੀਆਂ ਦੇ ਇਕ ਵੱਡੇ ਘਰਾਣੇ ਨਾਲ਼ ਸੀ, ਜਿਨ੍ਹਾਂ ਦੇ ਬੰਸ ਵਿਚੋਂ ਜੱਸ ਦਰਿਆ, ਲੱਖ ਦਰਿਆ ਮਾਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਵੀ ਢਾਡੀ ਰਹੇ ਸਨ। ਉਹ ਗਾਉਂਦੀ ਚੰਗਾ ਸੀ ਤੇ ਅਭਿਨਯ ਵਿਚ ਵੀ ਅੱਛੀ ਸੀ। ਉਸਨੇ ਪਾਕਿਸਤਾਨ ਵਿਚ ਬਣੀਆਂ ਕਈ ਫਿਲਮਾਂ ਵਿਚ ਕੰਮ ਕੀਤਾ ਬਲਕਿ ਉਥੇ ਸਭ ਤੋਂ ਪਹਿਲੀ ਬਣਨ ਵਾਲੀ ਫਿਲਮ ਦੀ heroine {ਨਾਇਕਾ} ਵੀ ਸੀ। ਉਹਦੀ ਛੋਟੀ ਭੈਣ ਕੌਸਰ ਪ੍ਰਵੀਨ ਨੂੰ ਕੁਝ ਲੋਕ ਪਾਕਿਸਤਾਨ ਦੀ ਲਤਾ ਇਸ ਲਈ ਕਹਿੰਦੇ ਸਨ ਕਿਉਂਕਿ ਉਹ ਐਨ੍ਹ ਉਹਦੇ ਵਾਂਗ ਗਾਉਂਦੀ ਸੀ। ਉਸਦੀ ਗਾਈ ਇਕ ਲੋਰੀ 'ਸੋ ਜਾ ਮੇਰੇ ਰਾਜ ਦੁਲਾਰੇ ਸੋ ਜਾ' ਬੇਹੱਦ ਮਕਬੂਲ ਹੋਈ ਸੀ। ਪਰ ਅਫਸੋਸ ! ਉਹ ਛੋਟੀ ਉਮਰ ਵਿਚ ਹੀ ਮਰ ਗਈ ਸੀ।

? ਆਪਣੀ ਖੋਜ ਲਈ ਸਮੱਗਰੀ ਇਕੱਠੀ ਕਰਨ ਦੇ ਸੰਬੰਧ ਵਿਚ ਤੁਸੀਂ ਭਾਰਤ ਵਿਚ ਪੇਸ਼ ਆਈਆਂ ਮੁਸ਼ਕਿਲਾਂ ਦਾ

ਜ਼ਿਕਰ ਕੀਤਾ ਸੀ ਪਰ ਪਾਕਿਸਤਾਨ ਵਿਚ ਵੀ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ?

• ਮੁਸ਼ਕਿਲ ਇਹ ਸੀ ਕਿ ਕੁਝ ਲੋਕ ਉਥੇ ਗਿਆ ਤੋਂ ਵੀ ਨਾ, ਜਿਨ੍ਹਾਂ ਕੋਲ ਪੁਰਾਣੀਆਂ ਨਵੇਕਲੀਆਂ ਚੀਜ਼ਾਂ ਹਨ, ਉਹ ਦੇਣੀਆਂ ਤਾਂ ਇੱਕ ਪਾਸੇ, ਦਖਾਲਣ ਨੂੰ ਵੀ ਤਿਆਰ ਨਹੀਂ। ਜਾਣਾ ਅਸੀਂ ਇਸ ਹਿਸਾਬ ਨਾਲ, ਚਿੱਠੀ ਪੱਤਰ ਕਰਨ ਤੋਂ ਬਾਅਦ- ਬਈ ਆ ਜਾਓ, ਲੈ ਜੋ, ਤੇ ਉਥੇ ਜਾ ਕੇ...!

ਮੇਰਾ ਇੱਕ ਬੜਾ ਗ਼ਲਤ ਤਜੁਰਬਾ ਹੋਇਆ, ਉਹ ਵੀ ਸੁਣ ਪਓ ਪਈ ਇਹ ਹੁਣ 'ਮੁਸ਼ਕਿਲ' 'ਚ ਆਉਂਦਾ ਕਿ ਉਸ ਨਾਲੋਂ ਵੀ ਪਰ੍ਹੇ ਦੀ ਗੱਲ ਆ। ਇਕ ਜਲਾਲਪੁਰ-ਜੱਟਾਂ ਦਾ ਕਾਲਾ ਭਲਵਾਨ ਹੋਇਆ, ਐਧਰ ਆ ਕੇ ਵੀ ਉਸਨੇ 1911 'ਚ ਕੁੱਟ-ਕੁੱਟ ਕੇ ਗੋਰੇ ਢਾਏ, ਬਹੁਤ ਵੱਡਾ ਭਲਵਾਨ ਹੋਇਆ। ਗਾਮਾ ਤਾਂ ਬਹੁਤ ਵੱਡਾ ਨਾਮ ਆਂ ਪਰ ਰਹੀਮ ਨਾਲ ਚਾਰ ਕੁਸ਼ਤੀਆਂ ਬਰਾਬਰ ਰਹਿ ਗਿਆ ਸੀ। ਢਾਈ-ਢਾਈ ਘੰਟੇ ਕੁਸ਼ਤੀ ਚਲਦੀ ਹੁੰਦੀ ਸੀ। ਉਹ ਇਹਨੂੰ ਗਾਮੇ ਨੂੰ ਕਹਿੰਦਾ ਹੁੰਦਾ ਸੀ ਕਾਲਾ ਜਲਾਲਪੁਰ ਬਈ "ਗਾਮਾ ਪਹਿਲਵਾਨ ਰਹੀਮ ਆਪ ਕੇ ਬੱਸ ਕਾ ਰੋਗ ਨਹੀਂ ਹੈ ਜਬ ਮੈਂ ਲੜੂੰਗਾ, ਉਸ ਕੋ ਗਿਰਾਊਂਗਾ! ਉਹ ਕੁੜੀ ਚੋ..ਇਕ ਵਾਰੀ ਘੁਲ਼ਿਆ ਤੇ ਉਹਨੇ ਢਾਹ ਵੀ ਲਿਆ, ਵਜ਼ੀਰਾਬਾਦ ਕੁਸ਼ਤੀ ਹੋਈ ਸੀ, ਮੇਰੇ ਕੋਲ ਇਸ਼ਤਹਾਰ ਵੀ ਹੈਗਾ। ਤਾਂ ਮੈਨੂੰ ਬੜੀ ਤਾਂਘ ਸੀ ਕਿ ਇਸ ਬਾਰੇ ਜਾਣਕਾਰੀ ਲਵਾਂ।ਇਕ ਵਾਰ ਪਤਾ ਲੱਗਾ ਪਈ ਉਹਦਾ ਭਰਾ ਰਹੀਮ ਕਰਾਚੀ ਰਹਿੰਦਾ ਹੈ ਜੋ ਕਿ ਫੌਜ ਵਿਚ ਕੋਈ ਵੱਡਾ ਅਫ਼ਸਰ ਹੈ। ਮੈਂ ਕਰਾਚੀ ਚਲਾ ਗਿਆ। ਮੇਰੇ ਨਾਲ ਦੋਸਤ ਸਨ। ਲਓ ਜੀ ਇਹ ਘਟਨਾ ਬੜੀ ਸੁਣਨ ਵਾਲੀ ਆ..ਇਕ ਬੰਦਾ ਭੱਜਾ ਅਇਆ ਮੇਰੇ ਵੱਲ ਜਿਦੇ ਹੱਥ 'ਚ ਕੋਈ ਤਿੱਖਾ ਹਥਿਆਰ ਸੀ। ਮੈਂ ਸੋਚਿਆ ਪਈ ਵੇਖੀ ਜਾਊ ਹੁਣ ਤਾਂ... । ਉਹ ਮੇਰੇ ਵੱਲ ਆਇਆ ਹਮਲਾ ਕਰਕੇ ਪਰ ਨਾਲ ਦਿਆਂ ਨੇ ਬਚਾ ਲਿਆ।ਪਰ ਉਨ੍ਹਾਂ ਦੱਸਿਆ ਕਿ ਇਹ ਭਾਈ ਤਾਂ ਕਮਲਾ ਹੈ। 47 ਦੇ ਘੱਲੂਘਾਰੇ ਵਿਚ ਉਸ ਦਾ ਸਾਰਾ ਪਰਵਾਰ ਉਸਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਸੀ ਸਿੱਖਾਂ ਨੇ! ਤੇ ਉਹ ਹੁਣ ਜਦੋਂ ਵੀ ਕਸੇ ਸਿੱਖ ਨੂੰ ਵੇਖਦਾ ਹੈ ਤਾਂ ਮਾਰਨ ਪੈਂਦਾ....! ਇਸ ਤਰਾਂ ਐ ਜੀ ਗੱਲ!

? ਇਸ ਤੋਂ ਇਲਾਵਾ ਪੁਰਾਣੇ ਤਵੇ ਲੱਭਣ ਬਾਰੇ ਕੋਈ ਦਿਲਚਸਪ ਘਟਨਾ?

• ਇਹ ਬੜੀ ਲੰਬੀ ਦਾਸਤਾਨ ਹੈ! ਪੰਜਾਬ ਦੀ ਧਰਤੀ ਨੇ ਮਾਸਟਰ ਮਦਨ ਨਾਂ ਦੇ ਇਕ ਬੱਚੇ ਨੂੰ ਜਨਮ ਦਿੱਤਾ, ਜਿਸਨੇ ਸੰਗੀਤ ਦੀ ਦੁਨੀਆਂ 'ਚ ਨਵੇਂ ਕਿਸਮ ਦੇ ਘਾਰੇ ਪਾਏ, ਝੰਡੇ ਗੱਡੇ; ਕਿਸੇ ਸਮੇ ਉਸਦੀ ਗਾਈਆਂ ਗ਼ਜ਼ਲਾਂ ਨੇ ਸਾਰੇ ਹਿੰਦੁਸਤਾਨ ਵਿਚ ਥਲਕਾ ਮਚਾ ਦਿੱਤਾ ਸੀ -'ਹੈਰਤ ਸੇ ਤੱਕ ਰਹਾ ਹੈ..."/ "ਯੂੰ ਨਾ ਰਹਿ ਰਹਿ ਕਰ ਹਮੇ ਤੜਪਾਈਏ.."। ਪਤਾ ਲੱਗਾ ਕਿ ਉਸਨੇ ਪ੍ਰਾਈਵੇਟ ਤੌਰ ਤੇ ਆਪਣੇ ਇਕ-ਦੋ ਤਵੇ ਸ਼ਬਦ-ਕੀਰਤਨ ਦੇ ਵੀ ਭਰਵਾਏ ਸਨ, ਜਿਵੇਂ- 'ਚੇਤਨਾ ਹੈ ਤਉ ਚੇਤ ਲੈ, ਨਿਸ ਨਿਸ ਮੇ ਪ੍ਰਾਣੀ..."। ਮੈਂ ਆਪਣੇ ਇਕ ਦੋਸਤ ਦੀ ਡਿਊਟੀ ਲਾਈ ਕਿ ਉਹ ਉਨ੍ਹਾਂ ਦੀ ਇਕ ਰਿਸ਼ਤੇਦਾਰ ਤੋਂ ਉਹ ਨਾਦਰ ਤਵਾ ਲੈ ਆਏ। ਉਹ ਨੱਠਾ ਨੱਠਾ ਗਿਆ ਤੇ ਲੈ ਕੇ ਉਹ ਗਿਆ, ਉਹ ਗਿਆ! ਸਿਰਫ ਐਨਾ ਹੀ ਨਹੀਂ, ਅਸੀਂ ਉਹਨੂੰ ਆਪਣਾ ਸੱਚਾ ਦੋਸਤ ਸਮਝਦੇ ਸਾਂ, ਥੋੜਾ-ਬਹੁਤ ਉਹ ਸੀ ਵੀ ਪਰ ਜਿਹੜਾ ਵਿਸ਼ਵਾਸਘਾਤ ਕਰ ਜਾਏ, ਉਹ ਕਾਹਦਾ ਦੋਸਤ! ਕਰੀਬਨ ਦੋ ਹਜ਼ਾਰ ਤਵਿਆਂ ਦਾ ਸੰਗ੍ਰਹਿ ਜਿਹੜਾ ਮੈਂ ਉਮਰ ਦਾ ਬਹੁਤਾ ਹਿੱਸਾ ਲਾ ਕੇ ਇਕੱਠਾ ਕੀਤਾ ਸੀ, ਭਰੋਸੇਵੱਸ ਉਹ ਵੀ ਮੈਂ ਉਹਨੂੰ ਸੌਂਪ ਚੁੱਕਾ ਸਾਂ। ਉਨ੍ਹਾ ਦੇ ਗ੍ਰਾਂਈਂ ਇਕ ਪਤ੍ਰਕਾਰ ਨੇ ਉਸ ਸੰਗ੍ਰਹਿ ਬਾਰੇ ਇਕ ਲੇਖ ਲਿਖ ਦਿੱਤਾ, ਜਿਸ ਨਾਲ਼ ਉਸਦੀ ਮਹਿਮਾਂ ਦੂਰ ਦੂਰ ਤੱਕ ਫੈਲ ਗਈ। ਉਹ ਲੇਖ ਪੜ੍ਹਨ ਉਪਰੰਤ ਦੂਰ-ਦੂਰ ਤੋਂ ਵੇਖਣ-ਸੁਣਨ ਲਈ ਕਈ ਪ੍ਰੇਮੀ, ਦੂਰਦਰਸ਼ਨ ਟੈਲੀਵਿਯਨ ਅਧਿਕਾਰੀ, ਸਮੇਤ ਭਾਈ ਸਮੁੰਦ ਸਿੰਘ ਦੇ ਸ਼ਾਗਿਰਦ ਪ੍ਰੋ. ਪਰਮਜੋਤ ਸਿੰਘ ਉਨ੍ਹਾਂ ਦੇ ਘਰ ਆਉਣ-ਜਾਣ ਲੱਗ ਪਏ ਜਿਸ ਨਾਲ ਉਹਦੀ ਤੀਵੀਂ ਦਾ ਸਿਰ ਫੁੱਲ ਗਿਆ! ਪਤੀ ਮਰਨ ਉਪਰਾਂਤ ਤਵਿਆਂ 'ਤੇ ਉਹ ਅਜੇਹਾ ਨਾਗਵਲ਼ ਪਾ ਕੇ ਬੈਠੀ ਕਿ ਕਿਸੇ ਨੂੰ ਇਕ-ਅੱਧ ਤਵੇ ਦੀ recording ਕਰਨ ਦੇਣੀ ਤਾਂ ਰਹੀ ਇਕ ਪਾਸੇ, ਦਿਖਾਲਦੀ ਤੱਕ ਵੀ ਨਹੀਂ ਸੀ। ਪਾਸਲੇ ਪਿੰਡ ਦੇ ਪਹਿਲਵਾਨ ਸੁੱਚੇ ਦਾ ਪਰਿਵਾਰ ਲੰਮੇ ਸਮੇਂ ਤੋਂ ਮੇਰਾ ਜਾਣੂ ਹੈ ਤੇ ਮੇਰਾ ਪ੍ਰੇਮੀ ਹੈ। ਉਸਦੇ ਪਿਤਾ ਜੀ ਠਾਕਰ ਭਲਵਾਨ ਨਵਾਬ ਬੇਗਮ ਨਾਂ ਦੀ ਇਕ ਬਾਈ ਦੀ ਬੜੀ ਤਾਰੀਫ਼ ਕਰਦੇ ਹੁੰਦੇ ਸਨ, ਅਖੇ ਉਹ ਠੁਮਰੀ ਬੜੀ ਉਮਦਾ ਗਾਉਂਦੀ ਸੀ। ਟੱਕਰਾਂ ਮਾਰ ਮਾਰ ਕੇ ਲਾਹੌਰ ਇਕ ਬੰਦੇ ਤੋਂ ਉਹਦੇ ਗਾਏ ਇਕ ਪੰਜਾਬੀ ਗਾਣੇ ਦੀ ਟੇਪ ਦਸ ਹਜ਼ਾਰ ਰੁਪਏ 'ਚ ਮਿਲੀ- 'ਤੈਨੂੰ ਯਾਦ ਕਰਾਂ ਨਾਲੇ ਰੋਵਾਂ..' ਸੁਣ ਕੇ ਸੁਆਦ ਆ ਗਿਆ। ਸੋ, ਮੇਰਾ ਇਹ ਸਫਰ ਬੜਾ ਲੰਮਾ ਸੀ, ਮੁਸੀਬਤਾਂ ਭਰਿਆ, ਅਜਾਂਈਂ ਜਾਣ ਤੇ ਵੀ ਦਿਲ ਨਾਂ ਛਡਦਿਆਂ, ਭਕ-ਭਕਾਈ ਟੋਲ਼-ਟਲਾਈ ਜਾਰੀ ਰੱਖੀ। ਰੱਬ ਦਾ ਸ਼ੁਕਰ ਹੈ ਕਿ ਨਵੇਂ ਸਿਰਿਓਂ ਸ਼ੁਰੂ ਕਰਨ ਦੇ ਬਾਵਜੂਦ, ਸੰਗੀਤ ਦਾ ਹਾਲੇ ਵੀ ਮੇਰੇ ਕੋਲ ਬੜਾ ਵੱਡਾ ਦੁਰਲੱਭ ਖਜ਼ਾਨਾ ਹੈ!

? ਬਰਤਾਨੀਆ ਆਉਣ ਬਾਰੇ ਦੱਸੋ, ਕਿਵੇਂ ਤੇ ਕਦੋਂ ਆਏ?

- 1964 ਦੀ ਗੱਲ ਹੈ ਜੀ।ਉਦੋਂ Vaucher{ਵੌਚਰ} ਮਿਲਦੇ ਹੁੰਦੇ ਸੀ। ਹਾਲਾਤ ਐਦਾਂ ਦੇ ਹੋਗੇ ਸੀ ਕਿ ਆਉਣਾ ਪਿਆ। ਦਰਅਸਲ ਮੇਰੇ ਮਾਂ-ਬਾਪ ਚਾਹੁੰਦੇ ਸੀ ਮੈਨੂੰ ਅਫਰੀਕਾ ਭੇਜਣਾ, ਗਿਆ ਵੀ ਸੀ। ਉਥੇ ਚੰਗਾ ਨਾ ਲੱਗਾ। ਨਾ ਪੰਜਾਬ ਵਰਗੇ ਖੇਤ ਨਾ ਫੁੱਲ-ਬੂਟੇ, ਹਾਲਾਂਕਿ ਮੇਰੇ ਪਿਤਾ ਜੀ ਦੇ ਮਾਮੇ ਦੇ ਪੁੱਤ-ਭਰਾ ਸੀ , ਉਹ The are known as the builders of Nairobi {ਉਹ ਨੈਰੋਬੀ ਦੇ ਉਸਾਰੂ ਮੰਨੇ ਜਾਂਦੇ ਹਨ} ਉਹ ਇਧਰੋਂ ਹੀ Engineering ਕਰ ਕੇ ਗਏ ਸਨ। ਬੜਾ ਸੁਹਣਾ ਬਿਜ਼ਨਸ ਸੀ। ਉਹ ਚਾਹੁੰਦੇ ਸੀ ਪਈ ਇਹ ਪੜ੍ਹਿਆ ਲਿਖਿਆ ਬੰਦਾ ਇਹ ਨੂੰ ਵੀ ਸੈਟ-ਸੁਟ ਕਰੀਏ। ਪਰ ਮੇਰਾ ਉਥੇ ਦਿਲ ਹੀ ਨਾ ਲੱਗਾ ਤਾਂ ਮੈਂ ਵਾਪਸ ਆ ਗਿਆ ਸੀ।ਫਿਰ ਘਰ ਦੇ ਹਾਲਾਤ ਵੀ ਕਾਫ਼ੀ ਮਾੜੇ ਸੀ ਜਿਵੇਂ ਕਿਵੇਂ ਗੁਜ਼ਾਰਾ ਕਰਦੇ ਸੀ- ਘਰ ਦਿਆਂ ਨੇ ਬਹੁਤ ਬੁਰਾ ਮਨਾਇਆ ਕਿ ਇਹਨੂੰ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ!, ਹੁਣ ਲੋੜ ਸੀ, ਇਹਨੂੰ ਪੜ੍ਹਾਇਆ ਲਿਖਾਇਆ, ਕੋਈ ਨੌਕਰੀ ਵੀ ਨਹੀਂ, ਰਿਸ਼ਤੇਦਾਰਾਂ ਕੋਲ ਵੀ ਨਹੀਂ ਰੁਕਿਆ। ਆਂਢ-ਗੁਆਂਢ ਵਾਲੇ ਵੀ ਬੋਲਣੋਂ ਹਟ ਗਏ, ਪਈ ਲੋਕ ਤਾਂ ਇਧਰੋਂ ਵੇਚ-ਵੱਟ ਕੇ ਜਾਂਦੇ ਆ ਤੇ ਤੂੰ ਮੁੜ ਕੇ ਆ ਗਿਆ। ਮੈਂ ਇਧਰ ਵੀ ਅਉਣਾ ਨਾ ਸੀ ਪਰ ਕੁਝ ਵੀ ਕਹਿ ਲਓ ਹਾਲਾਤ ਜਿਹੜੇ ਆ...ਉਥੇ ਕੋਈ ਨੌਕਰੀ ਨਹੀਂ ਮਿਲਦੀ ਸੀ, ਜਿਹੜੀਆਂ ਮਿਲਦੀਆਂ ਸੀ ਉਨ੍ਹਾਂ ਲਈ ਮਨ ਮੰਨਣ ਲਈ ਤਿਆਰ ਨਹੀਂ ਸੀ।ਉਥੇ ਮੈਂ post graduation{ਸੋਲ਼ਾਂ ਜਮਾਤਾਂ}ਕੀਤੀ ਸੀ।

? ਉਨ੍ਹਾਂ ਦਿਨਾਂ 'ਚ ਤਾਂ ਐਮ.ਏ ਕਰਕੇ ਤਾਂ ਨੌਕਰੀ ਦੀ ਮੁਸ਼ਕਿਲ ਨਹੀਂ ਆਉਣੀ ਚਾਹੀਦੀ ਸੀ ?

- ਬਸ ਕੁੱਝ ਵੀ ਕਹਿ ਲਓ, ਹੈਦਾਂ ਈ ਨਾ ਜੀ,ਇਥੋਂ ਦਾ ਵੀਜ਼ਾ ਮਿਲ ਗਿਆ ਤਾਂ ਇਥੇ ਆ ਗਏ।

? ਇਥੇ ਬਰਤਾਨੀਆਂ ਆਉਣ ਤੋਂ ਬਾਅਦ ਦੇ ਹਾਲਾਤ ਬਾਰੇ ਦੱਸੋ।ਇਥੇ ਸਥਾਪਤ ਕਿਵੇਂ ਹੋਏ ?

- ਇਥੇ ਜੀ ਮੈਂ ਇਕ ਕਿਸਮ ਨਾਲ ਖੁਸ਼ਕਿਸਮਤ ਸਾਂ ਕਿ ਮੈਨੂੰ ਡਾਕਖਾਕੇ 'ਚ ਨੌਕਰੀ ਮਿਲ ਗਈ ਸੀ। ਆਪਣੇ ਲੋਕਾਂ ਨੂੰ ਉਨ੍ਹਾਂ ਦਿਨਾਂ 'ਚ ਘੱਟ ਹੀ ਮਿਲਦੀ ਸੀ। ਪੜ੍ਹਿਆਂ ਲਿਖਿਆਂ ਦੇ ਅਨੁਸਾਰ ਉਹ ਚੰਗੀ ਨੌਕਰੀ ਸਮਝੀ ਜਾਂਦੀ ਸੀ। ਅਸੀਂ ਏਸ਼ੀਆਈ ਲੋਕ ਬੁਨਿਆਦੀ ਤੌਰ ਤਾਂ ਪੈਸਾ ਕਮਾਉਣ ਹੀ ਆਏ ਸਾਂ ਤਾਂ ਉਸ ਵਿਚ chances{ਮੌਕੇ} ਬਥੇਰੇ ਸੀ ਜਿੰਨਾ ਮਰਜ਼ੀ ਟਾਈਮ ਲਗਾ ਲਓ !ਪਰ ਮੈਨੂੰ ਉਹ ਛਾਂਟਣ ਦਾ ਕੰਮ ਪਸੰਦ ਨਹੀਂ ਸੀ ਫਲਾਣੀ ਚਿੱਠੀ ਫਲਾਣੇ ਥਾਂ ਜਾਣੀ ਵਗੈਰਹ। ਜਦੋਂ ਮੈਂ ਨੌਕਰੀ ਛੱਡੀ ਤਾਂ ਮੈਨੇਜਰ ਕਹਿੰਦਾ ਤੂੰ ਪਛਤਾਵੇਂਗਾ। ਮੈਂ ਕਿਹਾ ਮੈਂ ਲਿਖਾਰੀ ਬੰਦਾ....। ਪਰ ਮੈਨੂੰ ਇਸ ਗੱਲ ਦਾ ਨਹੀਂ ਸੀ ਪਤਾ ਪਈ ਇਸ ਮੁਲਕ ਵਿਚ ਪਿਛਲੀ ਨੌਕਰੀ ਦੇ refrence {ਹਵਾਲਾ} ਦੀ ਬੜੀ ਅਹਿਮੀਅਤ ਆ, ਹੈਂ ਜੀ ਤੇ ਫਿਰ ਮੈਨੂੰ ਨੌਕਰੀ ਨਾ ਮਿਲੇ! ਪਰ ਕਿਵੇ ਨਾ ਕਿਵੇਂ ਮਿਲ ਗਈ ਨੌਕਰੀ ਮਜ਼ਦੂਰੀ ਦੀ! ਮਜ਼ਦੂਰੀ ਵੀ ਕੀਤੀ। ਹਾਲਾਤ ਕਹਿ ਲਓ, ਮੇਰਾ ਦਿਲ ਨਹੀਂ ਸੀ ਲਗਦਾ ਹੁੰਦਾ ਇਥੇ ਆ ਕੇ ਵੀ। ਉਸ ਫੈਕਟਰੀ 'ਚ ਅਜੇਹੇ ਹਾਲਾਤ ਸਨ ਮੈਂ ਸੋਚਦਾ ਹੁੰਦਾ ਸਾਂ ਕਿ ਸਾਡੀ ਮਾਂ ਇਥੇ ਆ ਕੇ ਵੇਖ ਲਵੇ ਸਾਡਾ ਕੀ ਹਾਲ ਆ ਤਾਂ ਉਹਨੇ ਕਹਿਣਾ 'ਅੱਗ ਲਾ ਕਮਾਈਆਂ ਚੱਲ ਮੁੜ ਚੱਲੀਏ' ! ਉਥੇ ਇੰਨਾ ਘੱਟਾ ਉਡਦਾ ਹੁੰਦਾ ਸੀ ਕਿ ਜੇ ਭਾਰਤ ਤੋਂ ਖੋਤਾ ਵੀ ਆਇਆ ਹੁੰਦਾ ਤਾਂ ਨੱਠ ਜਾਂਦਾ! ਤੇ ਅਸੀਂ ਕੰਮ ਵੀ ਕਰਨਾ, ਥੋੜਾ-ਬਹੁਤਾ Overtime {ਓਵਰ-ਟਾਈਮ} ਵੀ ਲਾਉਣਾ।

? ਕੀ ਬਣਦਾ ਸੀ ਫੈਕਟਰੀ ਵਿਚ ?

- ਉਹ ਕੋਈ ਰਬੜ ਦਾ ਕਾਰਖਾਨਾ ਸੀ।ਪਾਈਪਾਂ ਵਗੈਰਹ ਬਣਾਉਂਦੇ ਸੀ ਮੇਰਾ ਮਤਲਬ ਆ ਪਈ ਬਹੁਤ ਜ਼ਿਆਦਾ ਧੱਕੇ ਖਾਧੇ! ਬਹੁਤ ਸਾਲਾਂ ਬਾਅਦ ਮੈਂ ਸੋਚਿਆ ਕਿ ਉਥੋਂ ਛੱਡਣਾ ਚਾਹੀਦਾ ਸੀ ਪਰ ਉਥੇ ਉਹ ਪਾਲੀ ਹੁੰਦਾ ਸੀ ਤੇ ਮੇਜ੍ਹੀ- ਮਨਜੀਤ, ਇਹ ਭਲਵਾਨਾਂ ਦੇ ਪਰਵਾਰ ਚੋਂ ਸਨ ਤੇ ਉਨ੍ਹਾਂ ਨਾਲ ਮੇਰਾ ਦਿਲ ਬੜਾ ਲਗਦਾ ਸੀ। ਮੈਂ ਸੋਚਿਆ ਮੈਂ ਕਿਤੇ ਹੋਰ ਜਾਊਂਗਾ ਤਾਂ ਮੇਰਾ ਦਿਲ ਨਹੀਂ ਲੱਗਣਾ, ਦਿਲ ਲੱਗੇ ਦੀ ਦੁਨੀਆ ਸੀ, ਜਿਨ੍ਹੇ ਤੰਗ ਵੀ ਬੜਾ ਕੀਤਾ...ਨਹੀਂ ਤਾਂ ਕੋਈ ਛੋਟਾ-ਮੋਟਾ ਕੋਰਸ ਕਰਕੇ ਮੈਂ ਕਿਸੇ ਚੰਗੀ ਨੌਕਰੀ 'ਚ ਜਾ ਸਕਦਾ ਸੀ। ਪਰ ਬਸ Bill {ਬਿੱਲ} ਤੁਰੀ ਜਾਂਦੇ ਸੀ। ਉਦੋਂ ਕਰਾਏ ਤੇ ਰਹਿੰਦੇ ਸੀ, ਫਿਰ ਮਕਾਨ ਲੈ ਲਿਆ, ਬੱਚੇ ਮੰਗਵਾ ਲਏ। ਫਿਰ ਮੈਂ Ford 'ਚ ਲੱਗ ਗਿਆ। ਉਹ ਤੋਂ ਬਾਅਦ ਸੋਚਿਆ ਚਲੋ ਛੱਡੋ ਹੁਣ ਪੈਸੇ ਕਮਾਏ ਨਾ ਕਮਾਏ ਤੇ ਮੈਂ ਪਰਚਾ ਕਢਿਆ Sports ਦਾ "ਰੁਸਤਮ", ਛੇ ਸਾਲ ਕੱਢਆ।ਪੰਜਾਬੀ ਵਿਚ। ਬਲਕਿ ਇਥੇ ਆਉਣ ਤੋ ਪਹਿਲਾਂ ਵੀ ਇਕ ਪਰਚਾ ਕੱਢਿਆ ਸੀ - 'Sportman', ਉਦੋਂ ਭਾਰਤ ਦਾ vice president{ਉਪ-ਰਾਸ਼ਟਰਪਤੀ} ਮੇਰਾ ਖ਼ਿਆਲ ਜ਼ਾਕਿਰ ਹੁਸੈਨ ਸੀ। ਉਹਨੂੰ ਕਈ ਅੰਕ ਭੇਜੇ, ਉਹਨੇ ਵੀ ਮੁਬਾਰਕਾਂ ਭੇਜੀਆਂ। ਉਦੋਂ IG ਅਸ਼ਵਨੀ ਕੁਮਾਰ ਹੁੰਦਾ ਸੀ। ਉਹ ਸਾਡੇ ਘਰ ਪੰਜ-ਸੱਤ ਗੱਡੀਆਂ ਲੈ ਕੇ ਆਇਆ ਵਧਾਈ ਦੇਣ ਲਈ, ਸਾਡੇ ਘਰ ਦੇ ਡਰ ਗਏ ਕਿ ਮੈਨੂੰ ਫੜਨ-ਫੁੜਨ ਤਾਂ ਨਹੀ ਆਏ! ਤਾਂ ਇਹ ਫਿਰ ਸਾਂਝਾ ਕਢਦੇ ਸੀ- ਸਾਂਝੀ ਸੀ...ਚਲੋ ਕੀ ਨਾਮ ਲੈਣਾ ਉਹ ਆਪ ਵੀ ਚੈਂਪੀਅਨ ਸੀ, ਉਹ ਫਿਰ ਨਾ ਪੈਸੇ ਚੰਗੇ ਕੱਠੇ ਕੀਤੇ, ਚਾਰ-ਪੰਜ ਅੰਕ ਅਸੀਂ ਕੱਢੇ ਤੇ ਉਹ ਫਿਰ ਭੱਜ ਗਿਆ ਤੇ ਪੈਸੇ

ਦਾ ਉਹਨੇ ਕੋਈ ਲੱਕੜਾਂ-ਲੁੱਕੜਾਂ ਦਾ ਵਪਾਰ ਖੋਲ੍ਹ ਲਿਆ ਤੇ ਮੈਨੂੰ ਪਰਚਾ ਬੰਦ ਕਰਨਾ ਪਿਆ।

? Sportsman ਦਾ ਸਾਂਝੀਦਾਰ ਕੌਣ ਸੀ?

• ਉਹ ਜੀ ਸੀ ਕਿ 'ਏਸ਼ੀਆ ਜੇਤੂ', ਗੋਲ਼ਾ ਸੁੱਟਣ ਵਾਲਾ।

? ਇਹ ਪਰਚਾ ਤੁਸੀਂ ਇਥੇ ਕੱਢਿਆ ਸੀ?

• ਨਹੀਂ, ਉਥੇ! ਇਹ ਪਰਚਾ ਅੰਗਰੇਜ਼ੀ ਦਾ ਸੀ। ਇਹ ਮੈਂ ਉਥੋਂ ਬੰਦ-ਬੰਦ ਕਰਕੇ ਆ ਗਿਆ ਸੀ ਤੇ ਇਥੇ ਆ ਕੇ ਫਿਰ ਪੰਜਾਬੀ ਦਾ 'ਰੁਸਤਮ' ਕੱਢਿਆ! 1976/77 ਸ਼ਾਇਦ! ਇਕ ਹੁੰਦਾ ਸੀ ਬਲਬੀਰ ਸਿੰਘ ਐਮ.ਪੀ, ਸਿਹਤ ਮੰਤਰੀ ਹੁੰਦਾ ਸੀ। ਉਹ ਸਾਡਾ ਜਮਾਤੀ ਸੀ, ਸਵਰਨ ਸਿੰਘ ਦਾ ਭਤੀਜਾ, ਜਿਹੜੇ ਮਨਿਸਟਰ ਰਹੇ ਆ। ਮੇਰੇ ਸਿਆਸੀ ਸੰਪਰਕ ਠੀਕ-ਠਾਕ ਸੀ। ਪ੍ਰਚਲਿਤ ਬਹੁਤ ਹੋਇਆ ਸੀ- ਦੋ ਮਾਸਾ ਪਰਚਾ ਸੀ। ਉਥੇ ਪੈਸੇ-ਪੂਸੇ ਭੇਜਣੇ, ਬਸ ਅਇਦਾਂ ਈ ਪੰਜ-ਛੇ ਸਾਲ ਚੱਲਿਆ। ਉਸ ਪਿੱਛੋਂ ਉਹ ਪਰਚਾ ਮੈਂ ਹਰਮਿੰਦਰ ਭੁੱਲਰ ਨੂੰ ਸੌਂਪ ਦਿੱਤਾ- ਇਸ ਤੋਂ ਬਾਅਦ ਉਹ ਵੀ ਦੋ-ਤਿੰਨ ਸਾਲ ਕਢਦਾ ਰਿਹਾ।

? ਇਸ ਪਰਚੇ ਦੇ ਖਰੀਦਦਾਰ ਕੌਣ ਸਨ ?

• ਪੰਜਾਬ ਸਰਕਾਰ ਦਾ Sports Wing{ਖੇਡ ਵਿਭਾਗ} ਬਣ ਗਿਆ ਸੀ। ਸਕੂਲਾਂ,ਕਾਲਜਾਂ ਆਦਿ ਵਿਚ ਜਾਂਦਾ ਸੀ। ਇਹ ਸਭਿਆਚਰਕ ਪਰਚਾ ਵੀ ਸੀ। ਇਸ ਵਿਚ ਪੰਜਾਬ ਦੇ ਸਭਿਆਚਾਰ ਬਾਰੇ ਲੇਖ ਵੀ ਹੁੰਦੇ ਸਨ।

? ਇਹ ਸਾਰੇ ਪੰਜਾਬ 'ਚ ਜਾਂਦਾ ਸੀ?

• ਇਸ ਦੀ circulation{ਵਿਤਰਣ} ਬਹੁਤੀ ਨਹੀਂ ਸੀ ਪਰ ਉਦਾਂ ਸਾਰੇ ਪੰਜਾਬ ਵਿਚ ਜਾਂਦਾ ਸੀ। ਪਰ ਕੰਮ ਕਾਰ ਦੂਜਿਆ ਦੇ ਹੱਥ ਸੀ, ਉਹ ਬਹੁਤੇ ਭਰੋਸੇਯੋਗ ਬੰਦੇ ਨਹੀਂ ਨਿਕਲੇ! ਹੁਣ ਕੀਹਦਾ-ਕੀਹਦਾ ਨਾ ਲਈਏ, ਚੰਗਾ ਨਹੀਂ ਲਗਦਾ। ਪਰਚਾ self supporting {ਆਪ-ਸਹਾਰੇ} ਵਰਗਾ ਹੋ ਗਿਆ ਸੀਗਾ..ਇਥੇ ਉਨ੍ਹਾਂ ਭੇਜਣਾ, ਕਦੇ ਥੋੜੇ ਭੇਜਣੇ ਕਦੇ ਲੇਟ-ਲੂਟ ਕਰਕੇ ਭੇਜਣੇ, ਤਾਂ ਇਥੇ ਵੀ ਜਿਹੜੇ ਥੋੜ੍ਹੇ ਬਹੁਤ ਗਾਹਕ ਸੀ ਉਹ ਵੀ ਗਏ। ਫਿਰ ਲੋਕੀ ਚੰਦਾ-ਚੁੰਦਾ ਵੀ ਭੇਜਣੋਂ ਹਟ ਗਏ ਤੇ ਮੈਂ ਕਿਹਾ ਪਈ ਚਲੋ ਛੱਡੋ।

? ਇਨ੍ਹਾਂ ਗਤੀਵਿਧੀਆਂ ਦੇ ਨਾਲ ਨਾਲ ਘਰੇਲੂ ਜ਼ਿੰਦਗੀ ਬਾਰੇ ਕੁਝ ਦੱਸਣਾ ਚਾਹੋ ਤਾਂ?

• ਘਰੇਲੂ ਜ਼ਿੰਦਗੀ ਜੀ ਇਸ ਤਰ੍ਹਾਂ ਬਈ ਆਪਣੇ ਮਕਾਨ ਆਪਣੇ ਬੰਦਿਆ ਕੋਲ ਬਹੁੱਤ ਘੱਟ ਹੁੰਦੇ ਸੀ। ਬਹੁਤ ਮੁਸ਼ਕਿਲਾਂ ਵਿਚੋਂ ਦੀ ਲੰਘੇ ਆਂ, ਕਰਾਇਆਂ ਤੇ ਰਹਿਣਾ। ਫਿਰ ਗੁਸਲਖਾਨੇ ਨਹੀਂ ਸੀ ਹੁੰਦੇ ਸਾਡੇ ਕੋਲ। Central heating {ਘਰ ਗਰਮ ਰੱਖਣ ਦਾ ਤਰੀਕਾ} ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਗੋਰਿਆਂ ਦੇ ਘਰਾਂ ਵਿਚ ਰਹਿਣਾ, ਉਹ ਘਰ ਦਿੰਦੇ ਵੀ ਨਹੀਂ ਸੀ ਤੇ ਅਸੀਂ ਕੋਸ਼ਿਸ਼ ਵੀ ਘੱਟ ਈ ਕਰਦੇ ਸਾਂ, ਇਕ ਇਕ ਕਮਰੇ ਚ' ਕੁਕੜਾਂ ਵਾਂਗ ਤਾੜੇ ਹੁੰਦੇ ਸਾਂ, ਟੱਟੀ ਇਕ-ਅੱਧੀ ਹੋਣੀ, ਸਾਨੂੰ privacy{ਓਹਲੇ} ਵੱਲੋਂ ਔਖ ਸੀ। ਕਈ ਵਾਰ ਭੁੱਖੇ ਵੀ ਸੌਂ ਜਾਂਦੇ ਸੀ! ਉਦੋਂ ਐਦਾਂ ਗੁਰਦਵਾਰਾ ਸਾਹਬ ਨਹੀਂ ਹੁੰਦੇ ਸੀ ਜਿਵੇਂ ਹੁਣ ਪੈਰ ਪੈਰ ਤੇ ਖੁੱਲ੍ਹੇ ਆ ਰੈਸਟੋਰੈਂਟਾਂ ਵਾਂਗ! ਬਰੈਡ-ਬਿਸਕੁਟ ਹੁੰਦੇ ਸੀ ਤੇ ਅਸੀਂ ਦਾਲ-ਸਬਜੀ ਵਾਲੇ ਬੰਦੇ! ਜਿਨਾਂ ਚਿਰ ਉਹ ਚੀਜ਼ ਨਾ ਮਿਲੇ...! ਉਦੋਂ ਸਾਡੇ ਲੋਕਾਂ ਨੂੰ ਖਾਣ-ਪੀਣ ਲਈ ਬਹੁਤਾ ਕੁਝ ਹੈ ਈ ਨਹੀਂ ਸੀ। ਕੁਝ ਦੁਕਾਨਾਂ, ਜਿਵੇਂ ਸਾਊਥਹਾਲ ਵਿਚ, ਤਾਂ ਸੀਗੀਆਂ ਪਰ ਇੰਨੀ ਰੁਝੇਵੇਂ ਵਾਲੀ ਜ਼ਿੰਦਗੀ ਵਿਚ ਉਤਨੀ ਦੂਰ ਕਿਵੇਂ ਜਾਂਦੇ? ਫਿਰ ਕੇਸਾਧਾਰੀ ਹੋਣ ਦੇ ਨਾਤੇ ਨਹਾਉਣ-ਧੋਣ ਦੀ ਦਿੱਕਤ। ਫਿਰ ਆਹ skin-head ( ਨਸਲਵਾਦੀ ਗੁੰਡੇ) ਹੁੰਦੇ ਸੀ! ਮਤਲਬ ਇਹ ਕਿ ਸਾਨੂੰ ਹਮੇਸ਼ਾ ਨੀਵਾਂ ਹੀ ਵੇਖਿਆ ਜਾਂਦਾ ਸੀ, ਨਫ਼ਰਤ ਕੀਤੀ ਜਾਂਦੀ ਸੀ।ਇਸ ਤਰਾਂ ਨਸਲਵਾਦ ਨੌਕਰੀਆਂ ਵਿਚ ਵੀ ਹੁੰਦਾ ਸੀ। ਫਿਰ ਅਸੀਂ ਮਾਲੀ ਪੱਖੋਂ ਵੀ ਕਮਜ਼ੋਰ ਸੀ, ਕੁਝ ਕਮਾਉਣਾ ਤਾਂ ਪਿੱਛੋਂ ਚਿੱਠੀ ਆ ਜਾਣੀ ਪੈਸੇ ਭੇਜਣ ਦੀ! ਇਸ ਤਰਾਂ ਅਸੀਂ ਬੁਰੀ ਤਰ੍ਹਾਂ ਟੁੱਟੇ-ਭੱਜੇ ਸਾਂ।ਡਾਕਖਾਨੇ ਆਦਿ ਦੀਆਂ ਪਹਿਲੀਆਂ ਨੌਕਰੀਆਂ ਵਿਚ ਵੀ ਬਹੁਤ ਦੁੱਖ ਹੰਢਾਏ। ਚਲੋ ਕੁਦਰਤ ਆ ਪਈ ਫਿਰ teaching ਦੀ ਨੌਕਰੀ ਦੀ ਕੋਸ਼ਿਸ਼ ਕੀਤੀ ਤੇ ਮੈਨੂੰ ਨੌਕਰੀ ਮਿਲ ਗਈ। ਨੌਕਰੀ ਹੀ ਨਹੀਂ ਬਲਕਿ ਇੱਕ ਅਧਿਆਪਕ ਦੇ ਤੌਰ ਤੇ ਮੇਰੀ reputation ਬੜੀ ਅੱਛੀ ਬਣੀ। ਦੂਸਰੇ ਸਕੂਲਾਂ ਤੋਂ ਵੀ ਫ਼ੋਨ ਆਉਣੇ ਜੋ ਮੈਂ leson-plan {ਪਾਠ-ਕ੍ਰਮ} ਬਣਾਉਣੇ, ਕਿ ਸਾਨੂੰ ਨਕਲ ਚਾਹੀਦੀ ਹੈ ਵਗੈਰਹ! ਸਾਡੀ ਹੈਡ ਬੜੀ ਖੁਸ਼ ਸੀ ਕਿ ਇਹ ਬੰਦਾ ਤਾਂ extraordinary {ਨਵੇਕਲਾ} ਆ !

? ਕਿਸ ਤਰ੍ਹਾਂ ਦਾ ਸਕੂਲ ਸੀ ਤੇ ਤੁਸੀਂ ਕੋਈ teaching degree (ਅਧਿਆਪਨ ਯੋਗਤਾ) ਵੀ ਕੀਤੀ?

• ਇਹ ਜੀ ਪ੍ਰਾਈਮਰੀ ਸਕੂਲ ਸੀ ਇਥੇ Newham {ਨਿਊਹੈਮ} ਦਾ ! ਛੋਟਾ-ਮੋਟਾ ਕੋਰਸ ਜਿਹਾ ਕੀਤਾ ਸੀ।

? ਇਹ ਨੌਕਰੀ ਕਿੰਨੀ ਦੇਰ ਕੀਤੀ?

• ਅੱਠ ਕੁ ਸਾਲ ਕੀਤੀ ਜੀ ! ਮੈਂ ਅਪਣੀ ਰੁਚੀ ਦੇ ਕੰਮ ਸਮੇਟਣ ਲਈ, collection ਦੇ, ਲਿਖਣ-ਪੜ੍ਹਨ ਦੇ, Early retrirement ਲੈ ਲਈ ਸੀ।ਆਖਰੀ ਪੈਸਾ ਵੀ ਥੋੜਾ ਹੀ ਮਿਲਿਆ ਤੇ ਪੈਨਸ਼ਨ 'ਤੇ ਵੀ ਬੜਾ ਫ਼ਰਕ ਪਿਆ। ਮੈਂ ਕਿਹਾ ਚਲੋ ਛੱਡੋ, ਕਿਸ਼ਤਾਂ-ਕੁਸ਼ਤਾਂ ਚੱਲੀ ਜਾਂਦੀਆਂ.. ਅੱਛਾ ਦੋ ਸਾਲ ਕਿਰਾਇਦਾਰੀ 'ਤੇ ਰਹੇ, ਫੇਰ ਮੈਂ ਅਪਣੇ ਬੱਚਿਆਂ ਨੂੰ ਇਥੇ ਸੱਦ ਲਿਆ ਸੀ। ਉਦੋਂ ਮੇਰੇ ਇਕ ਲੜਕਾ ਸੀ, ਇਕ ਲੜਕੀ ਸੀ। ਮੇਰੀ ਸ਼ਾਦੀ ਸ਼ਾਇਦ 1959 'ਚ ਹੋਈ ਸੀ।

? ਕਬੀਲਦਾਰੀ ਦੇ ਸਾਧਨ ਜਟਾਉਣ ਦੇ ਨਾਲ-ਨਾਲ ਸਾਹਿਤਕ ਤੌਰ ਤੇ ਸਰਗਰਮ ਰਹਿਣ ਦਾ ਤਜਰਬਾ ਕਿਹੋ ਜਿਹਾ ਰਿਹਾ?

• ਇਹ ਤਜਰਬਾ ਜੀ ਇਦਾਂ ਸੀ ਜਿਵੇਂ ਪਹਿਲਾਂ ਵੀ ਗੱਲ ਕੀਤੀ, ਪਈ ਜਿਹੜੀਆਂ ਇਥੇ ਜੱਥੇਬੰਦੀਆਂ ਸਨ, ਸਾਹਿਤਕ ਸਭਾਵਾਂ ਅਦਿ, ਉਨ੍ਹਾਂ ਨਾਲ ਮੇਰਾ ਤਜਰਬਾ ਖੁਸ਼ਗਵਾਰ ਨਹੀਂ ਸੀ। ਪਰ ਆਜ਼ਾਦਾਨਾ ਤੌਰ ਤੇ ਮੈਂ ਜਿੰਨੇ ਜੋਗਾ ਵੀ ਸੀ...ਮੈਂ ਹਮੇਸ਼ਾ ਅਪਣੇ ਆਪ ਨੂੰ ਹਾਂ-ਪੱਖੀ ਅਤੇ ਮਜ਼ਬੂਤ ਰੱਖਿਆ। ਇਥੇ ਜਿਹੜਾ ਮੈਨੂੰ ਸਾਰਿਆਂ ਨਾਲੋਂ ਜ਼ਿਆਦਾ ਫ਼ਾਇਦਾ ਹੋਇਆ, ਉਹ ਸੀ ਪੰਜਾਬ ਦੀ ਸਭਿਆਚਾਰਕ ਵਿਰਾਸਤ ਦੀ ਖੋਜ ਦੇ ਸੰਬੰਧ ਵਿਚ ਸਮੱਗਰੀ ਦੀ ਪ੍ਰਾਪਤੀ ਲਈ ਇਥੋਂ ਦੀ ਬ੍ਰਿਟਿਸ਼ ਲਾਇਬਰੇਰੀ। ਇਥੇ ਦੁਨੀਆ ਦਾ ਸਭ ਤੋਂ ਅਮੀਰ ਭੰਡਾਰ ਹੈ, ਕਲਾ, ਸਾਹਿਤ, ਇਤਹਾਸ, ਕਿਸੇ ਵੀ ਚੀਜ਼ ਦਾ ਨਾਮ ਲਓ...। ਇਨ੍ਹਾਂ ਦੀ ਸਾਂਭ-ਸੰਭਾਲ ਬੜੀ ਆ। ਬਲਕਿ ਦਸਮ ਗ੍ਰੰਥ ਦੇ ਸਰੂਪ ਵੀ ਇਥੇ ਪਏ ਆ। ਚੱਲ ਸੋ ਚਾਲ ਆ, ਕੀ ਖਰੜੇ ਕੀ ਲਿਖਤਾਂ....! ਇਹ ਮੇਰੇ ਲਈ ਬੜੇ ਮਦਦਗਾਰ ਸਾਬਤ ਹੋਏ।ਤਾਂ ਮੈਂ ਨੌਕਰੀ ਦੇ ਦੌਰਾਨ ਵੀ ਕਈ ਵਾਰ ਉਥੇ ਚਲੇ ਜਾਣਾ ਨਹੀਂ ਤਾਂ ਛੁੱਟੀਆਂ 'ਚ, ਸ਼ਨਿਚਰ-ਐਤਵਾਰ ਨੂੰ ਤਾਂ ਮੈਂ ਵੱਧ ਤੋਂ ਵੱਧ ਸਮਾਂ ਉਥੇ ਲਾਉਣਾ ਈ ਲਾਉਣਾ! ਇਹ ਮੇਰੇ ਲਈ ਇਕ ਕਿਸਮ ਦਾ ਵਰਦਾਨ ਸਾਬਤ ਹੋਇਆ। ਇਥੇ ਇਕ ਮੁਸਲਮਾਨ scholar{ਵਿਦਵਾਨ} ਅਮਰੀਕਾ ਤੋਂ ਆਇਆ ਤਾਂ ਉਹ ਮੈਨੂੰ ਕਹਿੰਦਾ 'ਸਰਦਾਰ ਜੀ ਤੁਸੀਂ ਕੀ ਕਰਨ ਆਉਨੇ ਆਂ ਇੱਥੇ?' ਮੈਂ ਦੱਸਿਆ ਪਈ ਐਦਾਂ। ਉਹ ਕਹਿੰਦਾ "ਅੱਛਾ, ਤੁਸੀਂ ਸ਼ਾਦੀ-ਸ਼ੁਦਾ ਓ?" ਮੈਂ ਕਿਹਾ ਹਾਂ ਜੀ। ਕਹਿੰਦਾ "ਕਿੰਨੇ ਬੱਚੇ ਆ?" ਮੈਂ ਕਿਹਾ ਦੋ। ਕਹਿੰਦਾ ਤੁਸੀਂ ਇਥੇ ਜਿਹੜੇ ਮਿਊਜ਼ੀਅਮ 'ਚ ਆਉਂਦੇ ਓ ਨਾ, ਇਥੇ ਕੁਰਬਾਨੀ ਬੜੀ ਦੇਣੀ ਪੈਂਦੀ ਆ। ਇਹ ਆ ਪਈ ਵੀਹ ਕੁ ਸਾਲ ਵੀ ਲੱਗ ਜਾਂਦੇ ਆ ਤੇ ਤੁਸੀਂ ਮੰਜ਼ਲ ਤੇ ਨਹੀਂ ਪਹੁੰਚਦੇ! "ਜੇ ਤਾਂ ਤੁਹਾਡੇ ਵਿਚ ਕੁਰਬਾਨੀ ਦਾ ਮਾਦਾ ਹੈ ਪਈ ਤੁਸੀਂ ਉਨ੍ਹਾਂ (ਪਰਿਵਾਰ) ਦੇ ਗਲੇ ਤੇ ਛੁਰੀ ਫੇਰ ਦਿਓ।" ਉਹਦਾ ਮਤਲਬ ਇਹ ਸੀ, ਭਾਵੇਂ ਉਹਨੇ ਸਿੱਧਾ ਨਹੀਂ ਕਿਹਾ ਸੀ। ਉਹ ਜਿਹੜੀ ਗੱਲ ਸਮਝਾਉਣੀ ਚਾਹੁੰਦਾ ਸੀ ਪਈ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਤਿਆਗਣਾ ਪੈ ਸਕਦਾ ਆ!

? ਤੁਹਾਡੇ ਪਤਨੀ ਤੇ ਬੱਚਿਆਂ ਦਾ ਤੁਹਾਡੀਆਂ ਰੁਚੀਆਂ ਪ੍ਰਤੀ ਰਵੱਈਆ ਕੀ ਸੀ ?

• ਕੋਈ ਬਹੁਤਾ ਸਾਰਥਕ ਨਹੀਂ ਸੀ। ਮੇਰੀ ਘਰ ਵਾਲੀ ਚੰਗੀ ਔਰਤ ਸੀ ਪਰ ਸ਼ੁਰੂ ਵਿਚ ਉਹਨੇ ਵੀ ਇਹੋ ਕਹਿਣਾ ਪਈ ਆਹ ਕੀ ਲਿਖਣ-ਲੁਖਣ ਤੇ ਸਮਾਂ ਖਰਾਬ ਕਰਦੇ ਓ...ਪਰ ਬਾਅਦ ਵਿਚ ਜ਼ਰੂਰ ਉਹਨੇ ਮੇਰਾ ਕੁਝ ਸਾਥ ਦਿੱਤਾ।

? ਤੁਸੀਂ ਉਸ ਸਮੱਗਰੀ ਬਾਰੇ ਕੁਝ ਦੱਸਣਾ ਚਾਹੁੰਦੇ ਸੀ ਜਿਸ ਨੂੰ ਆਪਣੀ ਖੋਜ ਵਾਸਤੇ ਇਕੱਠਾ ਕਰਨ ਲਈ ਤੁਸੀਂ ਬਹੁਤ ਜੱਦੋ ਜਹਿਦ ਕੀਤੀ।

• ਹਾਂ ਜੀ, ਉਮਰ ਦਾ ਕਾਫੀ ਸਾਰਾ ਸਮਾ ਉਥੇ ਗੁਜ਼ਾਰਿਆ, ਬ੍ਰਿਟਿਸ਼ ਮਿਊਜ਼ੀਅਮ ਵਿਚ ਲਾਇਬ੍ਰੇਰੀ ਕਹਿ ਲਓ, ਇਕੱਲਾ ਉਥੇ ਹੀ ਨਹੀਂ ਹੋਰ ਵੀ ਬਹੁਤ ਅਜਾਇਬ ਘਰ ਵੇਖੇ, ਅਮਰੀਕਾ ਕੀ, ਕਨੇਡਾ ਕੀ, ਐਥੇ ਕੀ, ਪਾਕਿਸਤਾਨ ਕੀ....ਪੰਜਾਬ ਦੀ ਜੋ ਰਹਿਤਲ ਸੀ, ਵਸੇਬ ਸੀ ਜਾਂ ਸਭਿਆਚਾਰ ਸੀ, ਉਸ ਬਾਰੇ। ਉਂਜ ਭਲਵਾਨਾ ਬਾਰੇ ਲਿਖਿਆ ਹੋਣ ਕਾਰਨ ਉਹਨਾਂ ਤਾਂ ਇਹੀ ਕਹਿਣਾ "ਭਲਵਾਨਾ ਵਾਲਾ" ਪਰ ਇਸ ਤੋਂ ਇਲਾਵਾ, ਰਾਗੀ ਆ, ਰਬਾਬੀ ਆ, ਪੀਰ-ਫਕੀਰ ਆ, ਲੇਖਕ-ਚਿਤਰਕਾਰ ਆ..., ਫਿਰ ਵੱਡੇ ਵੱਡੇ ਕਿਸਾਨ ਆ, ਜਿਵੇਂ ਮੇਰਾ ਵਿਦਿਅਰਥੀ ਰਿਹਾ ਸੁਰਜੀਤ ਟੁੱਟ, ਉਹ 57 ਹਜ਼ਾਰ ਏਕੜ ਦਾ ਮਾਲਕ ਆ ਅਮਰੀਕਾ ਵਿਚ, ਉਨ੍ਹਾ ਦੇ ਆਪਣੇ ਨਿੱਜੀ ਜਹਾਜ਼ ਰੱਖੇ ਆ, ਉਨ੍ਹਾਂ ਨੇ ਅੰਮ੍ਰਿਤਸਰ ਦਰਬਾਰ ਸਾਹਬ ਦੀ ਸਫਾਈ ਕਰਵਾਈ, ਸੋ ਇਸ ਵਿਚ ਕਿਸਾਨੀ ਵੀ ਆਉਂਦੀ ਆ, ਖੈਰ ਕਹਿਣਾ ਮੈਂ ਇਹ ਚਾਹੁਨਾ ਪਈ ਇਹ ਸਾਰਾ ਕੁਝ ਸਭਿਆਚਾਰ ਦਾ ਹਿੱਸਾ ਆ। ਕੁਝ ਰਹਿ ਵੀ ਗਿਆ ਹੋਣਾ ਪਰ ਮੈਂ ਕੋਸ਼ਿਸ਼ ਕੀਤੀ ਕਿ ਸਾਰਾ ਕੁਝ ਆ ਜਾਵੇ, ਤਕਰੀਬਨ ਸਾਰੇ ਕਿੱਤਿਆਂ ਦਾ ਨਾਮ ਲਏ ਆ। ਮਤਲਬ ਪੰਜਾਬ ਦੀ ਦੇਣ, ਜਿਵੇਂ ਵੱਡੇ ਵੱਡੇ ਸੂਰਮੇ ਸਿਪਾਹੀ, ਜਿਨ੍ਹਾ ਨੇ ਪਹਿਲੀ ਅਤੇ ਦੂਜੀ ਸੰਸਾਰ ਜੰਗ 'ਚ ਹਿੱਸਾ ਪਾਇਆ, ਉਨਾਂ

ਦੀ ਵਿਲੱਖਣ ਦੇਣ ਆ। ਤਾਂ ਮੈਂ ਕੋਸ਼ਿਸ਼ ਕੀਤੀ ਆ ਪਈ ਕਿ ਦੁਨੀਆ ਨੂੰ ਜਾਂ ਹਿੰਦੁਸਤਾਨ ਨੂੰ ਪੰਜਾਬ ਦੇ ਸਭਿਆਚਾਰ ਨੇ ਕੀ ਕੁਝ ਦਿੱਤਾ। ਮੇਰੇ ਅਧਿਐਨ, ਖੋਜ ਦੇ ਇਹ ਪਹਿਲੂ ਆ।

? ਤੇ ਤੁਹਾਡੀ ਇਕੱਠੀ ਕੀਤੀ ਇਹ ਸਮੱਗਰੀ ਹੁਣ ਕਿਸ ਰੂਪ ਵਿਚ ਹੈ? ਕੀ ਤੁਸਾਂ ਲਿਖ ਕੇ ਇਸ ਨੂੰ ਕਲਮਬੱਧ ਕੀਤਾ? ਜਾ ਕਿਸੇ ਹੋਰ ਸ਼ਕਲ ਵਿਚ?

• ਇਹ ਜੀ ਬੜਾ ਅਫ਼ਸੋਸਨਾਕ ਪਹਿਲੂ ਆ। ਮੈਨੂੰ ਯਾਦ ਕਰਵਾਉਣਾ ਮੈਂ ਤੁਹਾਨੂੰ ਪੁਰਾਣੇ ਸਿੱਕੇ ਵਿਖਾਵਾਂਗਾ। ਗਉਣ ਵਾਲੀਆਂ ਬਾਈਆਂ ਈ ਨਹੀਂ ਬਲਕਿ ਸਾਰੀ ਦੁਨੀਆਂ ਦੇ ਭਲਵਾਨਾਂ ਦੇ ਜੋ ਪੋਸਟ ਕਾਰਡ ਛਪੇ ਆ, ਇਕੱਠੇ ਕੀਤੇ, ਕੁਝ ਰਹਿ ਵੀ ਗਏ ਹੋਣਗੇ। ਇਸੇ ਤਰਾਂ ਲਿਖਾਰੀਆਂ ਦੇ ਫੋਟੋ ਵੀ ਮੇਰੇ ਕੋਲ ਬਹੁਤ ਆ, ਬਹੁਤ ਅਮੀਰ ਭੰਡਾਰ ਆ ਪਰ ਚਲੋ ਹੁਣ ਤੁਹਾਨੂੰ ਕਿਹੜੀ ਕਿਹੜੀ ਗੱਲ ਦੱਸਾਂ, ਕਿਹੜੀ ਨਹੀਂ…ਬਹੁਤ ਚੀਜ਼ਾਂ ਅਸਲ ਵੀ ਹਨ ਸਿਰਫ਼ ਫੋਟੋਕਾਪੀਆਂ ਨਹੀਂ, ਮੇਰਾ ਜੋ ਅਜਾਇਬਘਰ ਬਨਾਉਣ ਦਾ ਖਿਆਲ ਸੀ, ਇਹ ਉਸ ਲਈ ਸੀ। ਹਾਂ ਲਿਖਤੀ ਰੂਪ ਵਿਚ ਕਲਮਬੱਧ ਕਰਨ ਬਾਰੇ ਇਹ ਆ ਪਈ ਇਹ ਬਹੁਤ ਹੀ ਅਫਸੋਸਨਾਕ ਪਹਿਲੂ ਆ…ਗੱਲ ਇਹ ਆ ਪਈ ਜੋ ਕੁਝ ਮੈਂ ਇਕੱਠਾ ਕੀਤਾ ਉਹ ਬਹੁਤ ਜ਼ਿਆਦਾ ਹੈ..ਤੇ ਮੇਰੇ ਹਿਸਾਬ-ਕਤਾਬ 'ਚ ਨਹੀਂ ਆਉਂਦਾ! ਜਿਵੇਂ FirstDay Cover{ਪਲੇਠਾ ਸਰਵਰਕ}ਆ ਜਾਂ Postcard{ਪੋਸਟਕਾਰਡ} ਆ, ਦੁਨੀਆਂ ਭਰ ਦੇ ਆ ਮੇਰੇ ਕੋਲ, ਉਨ੍ਹਾਂ ਦੀ categorywise{ਵਰਗੀਕਰਣ} ਫੈਰਿਸਤ ਬਣਨੀ ਬਹੁਤ ਜ਼ਰੂਰੀ ਸੀ..ਤਾਂ ਮੈਥੋਂ ਇਹ ਸੰਭਲਦਾ ਨਹੀਂ, ਮੇਰੇ ਲਈ ਬਹੁਤ ਔਖਾ ਆ। ਫਿਰ ਇਹ ਵੀ ਆ ਪਈ ਇਹ ਨਹੀਂ ਕਿ ਐਵੇਂ ਇਧਰੋਂ-ਉਧਰੋਂ ਲਿਖ ਲਿਆ ਜਾਵੇ, ਇਹ ਖੋਜ ਕਿਸ ਬਾਰੇ ਹੈ ਇਹ ਵੀ ਜ਼ਿਕਰ ਕੀਤਾ ਜਾਣਾ ਜ਼ਰੂਰੀ ਆ…

? ਤੁਸੀਂ ਜੋ ਇਕੱਠਾ ਕੀਤਾ, ਉਸ ਬਾਰੇ ਆਪਣੀਆਂ ਕਿਤਾਬਾਂ ਜਾਂ ਲੇਖਾਂ ਵਿਚ ਹਵਾਲਾ ਕਿਸ ਤਰ੍ਹਾਂ ਦਿੱਤਾ, ਕਿਥੋਂ ਕੁ ਤੱਕ ਇਸ ਸਮੱਗਰੀ ਦਾ ਇਸਤੇਮਾਲ ਕਰ ਸਕੇ?

• ਲਿਖਿਆ ਤਾਂ ਮੈਂ ਬਹੁਤ, ਅੰਗਰਜ਼ੀ ਰਸਾਲਿਆਂ ਵਿਚ, ਪਾਕਿਸਤਾਨ ਵਿਚ ਵੀ, ਅਜੀਤ ਅਖਬਾਰ ਵਿਚ, ਬਲਕਿ ਖੇਡਾਂ ਵਾਲਾ ਵਰਕਾ ਮੇਰੇ ਤੋਂ ਸ਼ੁਰੂ ਕੀਤਾ ਗਿਆ ਸੀ। ਹੁਣ ਤਾਂ ਉਹ ਕਿਸੇ ਦਿਨ ਪੂਰਾ Sports Supliment {ਖੇਡ ਅੰਕ}ਈ ਕਢਦੇ ਆ। ਕਈ ਪਰਚੇ ਹੋਰ ਵੀ ਆ। ਖੇਡਾਂ ਬਾਰੇ ਲਿਖਣ ਵਾਲੇ ਲੇਖਕ ਦੇ ਤੌਰ 'ਤੇ ਮੈਨੂੰ ਮੋਹਰੀ ਮੰਨਦੇ ਹਨ ਕਿ ਉਹ ਬੰਦਾ ਹੈ ਸ਼ੁਰੂ ਕਰਨ ਵਾਲਾ। ਨਾਲ ਫਿਰ (ਤਸਵੀਰਾਂ) ਹਵਾਲੇ ਦੇ ਤੌਰ 'ਤੇ ਭੇਜਦਾ ਰਿਹਾ ਹਾਂ ਪਰ ਕੁਝ ਕੁ ਲੋਕਾਂ ਨੇ ਇਦਾਂ ਵੀ ਵਰਤਿਆ ਜਿਵੇਂ ਆਹ ਨੂਰਉਦੀਨ ਸੀ ਜਿਨ੍ਹੇ ਕੁਸ਼ਤੀ ਦੇ ਦਾਅ-ਪੇਚ ਸਥਾਪਤ ਕੀਤੇ, ਉਹਨੂੰ ਕੁਸ਼ਤੀ ਦਾ ਬਾਨੀ ਵੀ ਮੰਨਦੇ ਆ। ਮੈਂ ਚਾਹੁਨਾਂ ਕਿ ਜਦੋਂ ਕੋਈ ਚੀਜ਼ ਛਪਣ ਵਿਚ ਜਾਵੇ ਉਸ ਤੋਂ ਪਹਿਲਾਂ ਉਹ ਕਿਸੇ ਅਜਾਇਬਘਰ ਅਦਿ ਵਿਚ ਸਾਂਭੀ ਗਈ ਹੋਵੇ ਤਾਂ ਇਸ ਕਰਕੇ ਮੈਂ ਉਹਦੀ ਤਸਵੀਰ ਨਹੀਂ ਵੀ ਭੇਜੀ। ਉਹ ਫਿਰ ਮੈਂ ਤਾਂ ਨਹੀਂ ਵਰਤੀ ਪਰ "ਅਜੀਤ" ਕਿਸੇ ਨੇ (ਮੈਂ ਨਾਂ ਤਾਂ ਨਹੀਂ ਉਹਦਾ ਲਵਾਂਗਾ), ਬੜੇ ਕਹਿੰਦੇ-ਕਹਾਉਂਦੇ ਲੇਖਕ ਨੇ ਆਪਣਾ ਗੁੱਡਾ ਬੰਨ੍ਹਣ ਲਈ ਉਹ ਛਾਪ ਦਿੱਤੀ ਤਾਂ ਮੈਨੂੰ ਬਹੁਤ ਬੁਰਾ ਲੱਗਿਆ ਤੇ ਮੈਂ ਬਰਜਿੰਦਰ ਨੂੰ ਹੁਰਾਂ ਨੂੰ ਲਿਖਿਆ ਕਿ ਯਾਰ ਐਦਾਂ ਤਾਂ ਦੇਖੋ ਪਈ ਮੈਂ ਵੀ ਭੇਜ ਹੀ ਸਕਦਾ ਸੀ। ਉਹਨੂੰ ਪਤਾ ਸੀ ਕਿ ਮੇਰਾ ਸੰਕਲਪ ਅਜਾਇਬ ਘਰ ਬਣਾਉਣ ਦਾ ਹੈ, ਬਣ ਨਹੀਂ ਸਕਿਆ ਉਹ ਜੁਦੀ ਗੱਲ ਆ…। ਕੁਝ ਛਪੇ ਵੀ ਆ ਪਰ ਬਹੁਤ ਥੋੜ੍ਹੇ ਅਸਲ ਦੇ ਮੁਕਾਬਲਤਨ ਬਹੁਤ ਥੋੜੇ।

? ਮਤਲਬ ਕਿ ਤੁਹਾਡੇ ਵੱਲੋਂ ਇਕੱਤਰਤ ਸਮਗਰੀ ਦਾ ਪੂਰਾ ਇਸਤੇਮਾਲ ਅਜੇ ਨਹੀਂ ਹੋਇਆ?

• ਬਿਲਕੁਲ ਨਹੀਂ ਜੀ, ਬਿਲਕੁਲ ਨਹੀਂ, ਇਹ ਤਾਂ ਬਹੁਤ ਵੱਡਾ ਖਜ਼ਾਨਾ ਹੈ, ਬਹੁਤ ਲੰਬਾ ਸਫਰ ਸੀ।

? **ਫਿਰ ਤੁਸੀਂ ਕੁਝ ਸੋਚਿਆ ਹੋਵੇਗਾ ਇਸ ਦਾ ਇਸਤੇਮਾਲ ਕਿਵੇਂ ਹੋ ਸਕਦਾ ਹੈ ਤੇ ਕੌਣ ਕਰ ਸਕਦਾ ਹੈ?**

• ਇਹ ਪਰੇਸ਼ਾਨੀ ਵਾਲਾ ਹੀ ਪਹਿਲੂ ਆ। ਕਈ ਸਾਲ ਹੋ ਗਏ ਜਿਹੜਾ ਆਪਣਾ ਸਾਊਥਹਾਲ ਵਾਲਾ ਗੁਰਦੁਆਰਾ ਹੈ ਬੜਾ, ਉਦੋਂ ਹਿੰਮਤ ਸਿੰਘ ਸੋਹੀ ਹੁਣੀਂ ਸੀਗੇ ਪ੍ਰਧਾਨ, ਮੈਂ ਸ਼ੁਕਰਗੁਜ਼ਾਰ ਆ ਪਈ ਇਨ੍ਹਾਂ ਨੇ ਸੱਦਾ ਦਿੱਤਾ, ਜਿਹੜਾਂ Wood Green {ਵੁੱਡ ਗਰੀਨ} ਹੈ ਨਾਂ ਉਥੇ ਇਨ੍ਹਾਂ ਨੇ ਨਵੀਂ ਬਿਲਡਿੰਗ ਖਰੀਦੀ ਸੀ, ਕਹਿੰਦੇ ਸਾਡੇ ਵੱਲੋਂ ਖੁੱਲੀ ਛੁੱਟੀ ਆ ਤੇ ਆਪਣੀ ਸਮੱਗਰੀ ਸਾਂਭੋ, ਦੋ ਵੱਡੇ ਕਮਰੇ ਦਖਾਲੇ ਪਈ ਇਥੇ ਬਣਾ ਲਓ। ਪਰ ਇੱਕ ਤਾਂ ਮੇਰੀ ਸਿਹਤ ਠੀਕ ਨਹੀਂ ਸੀ ਤੇ ਥੋੜਾ ਜਿਹਾ ਮੈਂ ਡਰ ਵੀ ਗਿਆ – ਮੈਂ ਕਿਹਾ ਯਾਰ ਹੁਣ ਇਹ ਮਾਣ ਸਤਿਕਾਰ ਨਾਲ ਮੈਨੂੰ ਸਦਦੇ ਆ ਤੇ ਕੱਲ੍ਹ ਨੂੰ ਕਮੇਟੀ ਬਦਲ ਗਈ ਤਾਂ ਫਿਰ? ਚਲੋ ਕੁਝ ਕਹਿ ਲਓ, ਅਸਲੀ ਗੱਲ ਇਹ ਸੀ ਕਿ ਮੇਰੇ ਲਈ ਔਖਾ ਸੀ ਉਥੇ ਜਾਣਾ-ਆਉਣਾ…ਇਹ ਸੁਨਿਹਰੀ ਮੌਕਾ ਸੀ ਜੋ ਗੁਆਇਆ ਸਿਹਤ ਕਰਕੇ। ਹੁਣ ਇਹ ਫਿਕਰ ਆਲੀ ਗੱਲ ਆ ਪਈ ਜੇ ਨਾਂ ਸਾਂਭੀ ਗਈ ਤਾਂ..ਕਈ ਤਸਵੀਰਾਂ ਆ ਜਿੰਨ੍ਹਾਂ ਨੂੰ ਮੈਂ ਤਾਂ ਪਛਾਣ ਲੈਨਾਂ ਭਾਵੇਂ ਮੈਨੂੰ ਤੁਸੀਂ ਦੂਰੋਂ

ਦਖਾਲੋ, ਤੇ ਹਾਲਤ ਇਥੋਂ ਤੱਕ ਮਾੜੀ ਆ ਪਈ ਉਨ੍ਹਾਂ ਪਰ ਨਾ-ਨੂੰ ਵੀ ਨਹੀਂ ਲਿਖੇ, ਪਈ ਇਹ ਸੰਗੀਤਕਾਰ ਆ, ਕੋਈ ਸਾਧੂ-ਸੰਤ ਆ ਜਾਂ ਕੋਈ ਹੋਰ...। ਇਹ ਬਹੁਤ ਈ ਜ਼ਰੂਰੀ ਆ। ਆਹ ਪਿਛਲੇ ਸਾਲ ਕੁਝ ਬੰਦੇ ਮੇਰੇ ਕੋਲ ਆਏ ਸੀ। ਉਨ੍ਹਾ ਨੇ ਗੁਰਾਇਆਂ ਦੇ ਲਾਗੇ ਕੋਈ ਅਕੈਡਮੀ ਖੋਲੀ ਆ। ਉਹ ਕਹਿੰਦੇ ਸੀ ਪਈ "ਅਸੀਂ ਜਿਹੜੀ ਤੁਹਾਡੀ ਭਲਵਾਨਾ ਵਾਲੀ collection {ਸਮੱਗਰੀ} ਆ ਨਾ ਉਹ ਸਾਨੂੰ ਦੇ ਦਿਓ, ਅਸੀਂ ਪੂਰੇ ਸਤਿਕਾਰ ਨਾਲ ਰੱਖਾਂਗੇ।ਜੇ ਤੁਹਾਨੂੰ ਹਾਲ ਚਾਹੀਦਾ ਉਹ ਤੁਸੀਂ ਆ ਕੇ ਦੇਖ ਜੋ, ਅਸੀਂ ਸੰਸਾਰ ਪੱਧਰ ਦਾ ਮਿਆਰ ਬਣਾਵਾਂਗੇ"। ਉਥੇ ਹਾਲੀ ਜਾ ਨਹੀਂ ਹੋਇਆ। ਚਲੋ ਉਨ੍ਹਾਂ ਨੂੰ ਪਹਿਲਵਾਨੀ ਦਾ ਸ਼ੌਕ ਆ। ਉਹ ਪਹਿਲਵਾਨੀ ਵਾਲਾ ਸਾਂਭ ਲੈਣਗੇ। ਤੇ ਆ ਪਿਛੇ ਜਿਹੇ ਸੁਖਦੇਵ ਜੀ ਜਦੋਂ ਤੁਸੀਂ ਆਏ ਸੀ, ਤੁਹਾਡਾ ਮੈਂ ਸ਼ੁਕਰਗੁਜ਼ਾਰ ਆਂ ਤੁਸਾਂ ਨੇ ਵੀ ਪੇਸ਼ਕਸ਼ ਕੀਤੀ ਸੀ ਪਈ ਦੇਖ ਲਓ ਜੇ ਤੁਸੀਂ ਵਾਜਬ ਸਮਝੋਂ ਕਿ ਜੇ ਹੋਰ ਨਹੀਂ ਕੋਈ ਨਹੀਂ ਝਲਦਾ, ਸਾਂਭਦਾ ਤਾਂ ਅਸੀਂ ਉਥੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣੇ ਹੀ ਪੂਰੇ ਸਤਿਕਾਰ ਨਾਲ ਇਸ ਨੂੰ ਸਾਂਭਣ ਦਾ ਯਤਨ ਕਰਾਂਗੇ। ਇਹ ਬੜਾ ਜ਼ਰੂਰੀ ਹੈ ਜੀ, ਮੈਂ ਤਾਂ ਇੱਕਲਾ ਬੰਦਾ ਜਿੰਨੇ ਜੋਗਾ ਸੀ, ਐਥੇ ਤੱਕ ਕੌਮ ਲਈ ਕਰ ਦਿੱਤਾ। ਹੁਣ ਨੌਜਵਾਨ ਦੇਖ-ਸੁਣ ਕੇ ਅੱਗੇ ਤੋਰਨ...।

? ਤੇ ਤੁਹਾਨੂੰ ਇਹ ਜਿਹੜੀਆਂ ਪੇਸ਼ਕਸ਼ਾਂ ਹੋਈਆਂ, ਇਨ੍ਹਾਂ ਬਾਰੇ ਤੁਸੀਂ ਕੋਈ ਫ਼ੈਸਲਾ ਲਿਆ?

• ਫ਼ੈਸਲਾ ਜੀ, ਮੇਰੇ ਮਨ ਦੀ ਗੱਲ ਤੁਹਾਡੇ ਨਾਲ ਸਾਂਝੀ ਕਰਨਾ ਚਾਹੁਨਾਂ....ਦੇਖੋ ਜੀ ਭਾਰਤ ਵਿਚ ਜਿੰਨਾਂ ਵੀ ਪਿਆਰ-ਸਤਿਕਾਰ ਨਾਲ ਕਹਿੰਦੇ ਆ ਪਰ ਉਥੇ ਸਾਂਭ-ਸੰਭਾਲ ਦੇ ਤਰੀਕੇ ਵਿਕਸਤ ਨਹੀਂ ਹੋਏ। ਆਹ ਹੁਣ ਦਰਬਾਰ ਸਾਹਬ ਦਾ ਕੁਝ ਛੱਡਿਆ ਉਨ੍ਹਾਂ ਨੇ ਹਾਲਾਂਕਿ ਪਾਕ-ਪਵਿੱਤਰ ਜਗਹ... ਅਮੀਰ-ਤਰੀਨ ਭੰਡਾਰ ਸੀ।

? ਪਰ ਚੰਡੀਗੜ ਦੇ ਅਜਾਇਬ-ਘਰ ਵਰਗੀਆਂ ਅੱਛੀਆਂ ਸੰਸਥਾਵਾਂ ਨੇ?

• ਇਹ ਤਾਂ ਜੀ ਰੰਧਾਵਾ ਸਾਹਬ ਵੇਲੇ ਸੀ। ਬੜੀ ਆਦਮਕੱਦ ਸ਼ਕਸੀਅਤ ਸਨ ਜੀ ਮੇਰੀ ਤਾਂ ਕੀ ਔਕਾਤ ਐ! ਤੇ ਉਹ ਮੈਨੂੰ ਕਹਿੰਦੇ ਸਨ ਕਿ "ਆ ਜਿਹੜੀ ਭਲਵਾਨਾ ਵਾਲੀ ਆ ਇਸ ਨੂੰ ਮੈਂ recommend {ਸਫਾਰਸ਼} ਕਰਦਾਂ ਪਈ ਨੇਤਾ ਜੀ ਸੁਭਾਸ਼ ਚੰਦਰ ਇਨਸਟੀਚਿਊਟ ਹੈ, ਉਥੇ ਦੇ ਦਿਓ, ਪਟਿਆਲੇ। ਪਰ ਉਨ੍ਹਾਂ ਨਾਲ ਵੀ ਮੇਰੇ ਤਜੁਰਬੇ ਕੁੱਝ ਗਲਤ ਜਿਹੇ ਸੀ। ਫਿਰ ਪੰਜਾਬੀ ਯੂਨਵਿਰਸਿਟੀ ਵਾਲੇ ਵੀ ਚਾਹੁੰਦੇ ਸੀਗੇ ਕਿ ਅਸੀਂ ਤੁਹਾਡੇ ਨਾਮ ਦੀ ਜਗਹ ਵੀ ਤੇ ਜੇ ਕੋਈ ਕੀਮਤ-ਕਾਮਤ ਵੀ ....." ਪਰ ਇਨ੍ਹਾ ਨਾਲ ਵੀ ਮੇਰਾ ਗਲਤ ਜਿਹਾ ਤਜੁਰਬਾ ਸੀ। ਤਾਂ ਮੈਂ ਨਹੀਂ ਕਰ ਸਕਿਆ। ਅਇਦਾਂ ਹੋਇਆ ਜੀ..ਕਿਓਂਕਿ ਮੈਨੂੰ ਪਤਾ ਪਈ ਮੈਂ ਇਹ ਚੀਜ਼ਾਂ ਕਿਥੋਂ ਕਿਥੋਂ ਕਿੰਨੇ-ਕਿੰਨੇ ਸਾਲਾਂ ਤੋਂ, ਕਿੰਨਾ ਪੈਸਾ..ਜੋ ਕੁਝ ਵੀ ਆ..., ਤਾਂ ਇਹ ਤਾਂ ਨਾ ਮੇਰੀ ਜਾਨ ਦਾ ਹਿੱਸਾ ਆ! ਉਦਾਂ ਚਲੋ ਅੱਜ ਚਲੇ ਜਾਈਏ ਜਾਂ ਕੱਲ੍ਹ! ਪਰ ਇਹ ਜਿਹੜਾ ਸਾਂਭ-ਸੰਭਾਲ ਬਾਰੇ ਜੋ ਤੁਸੀਂ ਬਹੁਤ ਖ਼ੂਬਸੂਰਤ ਤੇ ਬਹੁਤ ਜ਼ਰੂਰੀ ਸਵਾਲ ਪੁਛਿਆ, ਇਦ੍ਹਾ ਤਾਂ ਹੁਣ ਇਹੀ ਆ ਪਈ...ਇਥੇ ਆ ਕੇ ਰੁਕਾਵਟ ਜਿਹੀ ਆ ਗਈ ਹੈ, ਰੁਕ ਜਿਹਾ ਗਿਆ ਕੰਮ...ਕਿ ਕੀਤਾ ਕੀ ਜਾਵੇ।

? ਤੁਸੀਂ ਆਪ ਵੀ ਸਹਿਮਤ ਹੋਵੋਂਗੇ ਕਿ ਪਹਿਲਾਂ ਤਾਂ ਚੀਜ਼ਾਂ ਦੀ cataloguing (ਵਰਗੀਕਰਣ)ਹੀ ਬਹੁਤ ਜ਼ਰੁਰੀ ਹੈ।

• ਬਹੁਤ ਹੀ ਜ਼ਰੂਰੀ। ਜਿੱਦਾਂ ਹੁਣ ਮੈਂ ਤੁਹਾਨੂੰ ਉਹ ਪੁਰਾਣੇ ਇਸ਼ਤਹਾਰ ਵਖਾਏ ਸੀ, ਕੋਈ 1904 ਦਾ ਕੋਈ 1910 ਵਾਲੇ, ਇਦਾਂ ਦੇ ਮੇਰੇ ਕੋਲ ਡੇਡ੍ਹ-ਦੋ ਸੌ ਹੋਣਾ। ਹੁਣ ਉਹ ਕਿਥੋਂ ਕਿਥੋਂ ਮਿਲੇ ਆ ਕਿਦਾਂ ਮਿਲੇ ਆ ਕਿਦਾਂ ਨਹੀਂ..ਇਹ ਚੀਜ਼ਾਂ ਇਕੱਠੀਆਂ ਕਰਨ ਵਾਲਾ ਕੰਮ ਬਹੁਤ ਮੁਸ਼ਕਿਲ ਹੈ ਜੀ ਜਦੋਂ ਲੋਕ ਤੁਹਾਨੂੰ ਦੇਣ ਨੂੰ ਤਾਂ ਕੀ ਦਖਾਲਣ ਨੂੰ ਤਿਆਰ ਨਹੀਂ। ਕਈਆਂ ਦਾ ਹੁੰਦਾ ਨਾ ਸੌੜਾ ਸੁਭਾਅ ਪਈ ਮਰਦਿਆਂ ਮਰ ਜਾਣਾ ਪਰ ਚੀਜ਼ ਨਹੀਂ ਦੇਣੀ।ਬਹੁਤ ਮੁਸ਼ਕਿਲ ਕੰਮ ਸੀ ਪਰ ਚਲੋ....। ਆਹ ਬਾਲੋ-ਮਾਹੀਆ ਦੀ ਫੋਟੋ ਦੁਰਲੱਭ ਆ...! ਇਹ ਦੋ ਜਣੇ ਸੀ- ਆਦਮੀ ਤੇ ਤੀਵੀਂ, ਪੰਜਾਬ ਵੰਡ ਤੋਂ ਪਹਿਲਾਂ ਦੀ ਗੱਲ ਆ। ਇਨ੍ਹਾਂ ਦੇ ਅਸਲੀ ਨਾਮ ਤਾਂ ਸੀ ਇਕਬਾਲ ਬੇਗਮ ਤੇ ਮੁਹੱਮਦ ਅਲੀ ਘੜਵੰਜ। ਇਹ ਦੋਨੋ ਗਾਉਣ ਵਾਲੇ ਸੀ। ਇਨ੍ਹਾ ਦੇ ਗਾਏ ਬਾਲੋ ਤੇ ਮਾਹੀਆ ਦੇ ਟੱਪੇ ਇੰਨੇ ਮਸ਼ਹੂਰ ਹੋਏ ਕਿ ਲੋਕ ਇਨ੍ਹਾਂ ਨੂੰ ਹੀ ਬਾਲੋ-ਮਾਹੀਆ ਕਹਿਣ ਲੱਗ ਪਏ। ਉਂਜ ਇਨ੍ਹਾਂ ਵਿਚ ਮੁਹੱਬਤ ਵੀ ਉਤਨੀ ਹੀ ਗਹਿਰੀ ਸੀ। ਜਦੋਂ ਇਕ ਵਾਰ ਮੁਹੰਮਦ ਅਲੀ ਇਕਬਾਲ ਬੇਗਮ ਨੂੰ ਆਪਣੇ ਨਾਲ ਰੱਖਣ ਲਈ ਲੈ ਆਇਆ ਤਾਂ ਇਕਬਾਲ ਬੇਗਮ ਦੇ ਘਰਦਿਆਂ ਨੇ ਉਸ ਉਪਰ ਇਕਬਾਲ ਬੇਗਮ ਨੂੰ ਵਰਗਲਾਉਣ ਦਾ ਇਲਜ਼ਾਮ ਲਗਾ ਕੇ ਉਸ ਦੀ ਸ਼ਿਕਾਇਤ ਪੁਲਸ ਵਿਚ ਕਰਤੀ। ਪੁਲਸ ਨੇ ਦੋਹਾਂ ਨੂੰ ਫੜ ਲਿਆ। ਪਰ ਕਿਹਾ ਜਾਂਦਾ ਕਿ ਲੋਕਾਂ ਨੇ ਕਿਹਾ ਕਿ ਇਹ ਤਾਂ 'ਰੱਬੀ' ਪਿਆਰ ਕਰਦੇ ਆ ਇਕ ਦੂਜੇ ਨੂੰ ਨਾਲੇ ਜਦੋਂ ਠਾਣੇਦਾਰ ਨੇ ਵੇਖਿਆ ਕਿ ਉਹ ਤਾਂ ਇਕ ਦੂਜੇ ਨਾਲ, ਜਿੱਥੇ ਤਾੜੇ ਸੀ ਅਲੱਗ ਅਲੱਗ ਕੋਠੜੀਆ ਵਿਚ, ਦੂਰੋਂ ਗੱਲਬਾਤ ਵੀ ਟੱਪਿਆਂ ਵਿਚ ਗਾ ਕੇ ਕਰਦੇ ਸੀ, ਤਾਂ ਉਸ ਨੇ ਵੀ ਉਨ੍ਹਾਂ ਨੂੰ

ਹਵਾਲਾਤ ਵਿਚ ਰੱਖਣਾ ਠੀਕ ਨਹੀਂ ਸਮਝਿਆ ਤੇ ਛੱਡ ਦਿਤਾ...!

? ਉਹ ਸ਼ਖਸੀਅਤਾਂ ਜਿਨ੍ਹਾਂ ਨੇ ਤੁਹਾਨੂੰ ਪ੍ਰਭਾਵਤ ਕੀਤਾ, ਲੇਖਕ ਹੋਣ ਜਾਂ ਭਲਵਾਨ ਜਾਂਗਾਉਣ ਵਾਲੇ ਜਾਂ ਕੋਈ ਹੋਰ, ਉਨ੍ਹਾਂ ਬਾਰੇ ਦੱਸੋ।

• ਜੇ ਭਲਵਾਨਾਂ ਦੀ ਗੱਲ ਕਰੀਏ ਤਾਂ ਸਾਰਿਆਂ ਨਾਲੋਂ ਪਹਿਲਾਂ ਤਾਂ ਸਾਡੇ ਬਾਬਾ ਜੀ ਬੂੜ ਸਿੰਘ ਜੀ। ਜਦੋਂ ਅਜੇ ਮੈਂ ਬਹੁਤ ਛੋਟਾ ਜਿਹਾ ਸੀ, ਸਾਡੇ ਘਰ ਦੇ ਵਿਚ ਪਿੱਪਲ ਦੇ ਥੱਲੇ ਮੰਜੇ-ਪੀਹੜੇ ਡੱਠੇ ਰਹਿੰਦੇ ਸੀ, ਉਥੇ ਉਹੋ ਜਿਹੇ ਬੰਦੇ ਹੀ ਜ਼ਿਆਦਾ ਕੱਠੇ ਹੁੰਦੇ ਸੀ, ਹੋਰ ਵੀ ਆ ਜਾਂਦੇ ਸੀ, ਪਰ ਉਨ੍ਹਾ ਦੇ ਵਿਸ਼ੇ- ਬਸ ਭਲਵਾਨੀ, ਆ ਕਿਦਾਂ ਜੀ, ਆ ਕਿੱਦਾਂ। ਫਿਰ ਜਿਦਾਂ ਮੈਂ ਦੱਸਿਆ ਗਾਮੇ ਭਲਵਾਨ ਹੁਣੀਂ, ਮੇਹਰਦੀਨ ਹੁਣੀਂ। ਹੋਰ ਆ ਕਰਤਾਰ ਜਿਨ੍ਹੇਂ ਹੁਣ ਵੀਹਵੀਂ ਵਾਰੀ ਸੰਸਾਰ ਪੱਧਰ ਦਾ ਮੁਕਾਬਲਾ ਜਿਤਿਆ। ਫੇਰ ਇਹ ਜਿਹੜੇ ਪਕਿਸਤਾਨ ਚਲੇ ਗਏ ਸੀ, ਗਾਮੇ ਤੋਂ ਇਲਾਵਾ, ਗ਼ੁਲਾਮ ਖ਼ਾਨਦਾਨ, ਕੱਲੂ ਪਹਿਲਵਾਨ ਔਲੀਆ, ਇਨ੍ਹਾਂ ਸਾਰਿਆਂ ਨਾਲ ਮੇਰਾ ਰਾਬਤਾ ਰਿਹਾ। ਬਲਕਿ ਹੁਣ ਦਾ ਜਿਹੜਾ ਪ੍ਰਧਾਨ ਮੰਤਰੀ ਆ – ਨਵਾਜ਼ ਸ਼ਰੀਫ, ਇਹਦੀ ਜਿਹੜੀ ਘਰ ਵਾਲੀ ਆ ਕਲਸੂਮ, ਗਾਮਾ ਪਹਿਲਵਾਨ ਉਹਦਾ ਨਾਨਾ ਸੀਗਾ, ਸਕਾ ਨਾਨਾ।

ਮੈਂ ਕੋਸ਼ਿਸ਼ ਇਹ ਕੀਤੀ ਕਿ ਪੂਰੇ ਹਿੰਦੂਸਤਾਨ ਵਿਚ ਪ੍ਰਸਿੱਧੀ ਵਾਲਾ ਭਲਵਾਨ ਹੋਵੇ। ਉਸ ਹਿਸਾਬ ਨਾਲ ਆਹ ਰੁਸਤਮੇ-ਹਿੰਦ ਹੋਇਆ ਜਾਂ ਹਿੰਦ ਕੇਸਰੀ। ਇਕ ਗੱਲ ਸਾਫ ਕਰ ਦਿਆਂ, ਆ ਜਿਹੜੀ ਵੰਡ ਹੋ ਗਈ ਪਾਕਿਸਤਾਨ ਬਣਨ ਨਾਲ, ਮੈਂ ਵੰਡ 'ਚ ਯਕੀਨ ਨਹੀਂ ਰਖਦਾ, ਕਲਾਵਾਂ ਤਾਂ ਜੋੜਨ ਦਾ ਸਾਧਨ ਆ। ਪਰ ਚਲੋ। ਮੈਂ ਐਦਾਂ ਨਹੀਂ ਕਦੇ ਸੋਚਿਆ ਪਈ ਮੈਂ ਸਿਰਫ ਸਿੱਖਾਂ ਬਾਰੇ ਲਿਖਾਂ ਜਾਂ ਹਿੰਦੂਆਂ ਬਾਰੇ, ਬਿਲਕੁਲ ਨਹੀਂ, ਇਹ ਮੇਰੀ ਸੋਚ ਦਾ ਹਿੱਸਾ ਈ ਨਹੀਂ। ਜਿਦਾਂ ਹੁਣ ਰਹੀਮ ਸੁਲਤਾਨੀ ਵਾਲਾ ਰੁਸਤਮੇ ਹਿੰਦ ਹੋਇਆ, ਇਨ੍ਹਾਂ ਦੇ ਪਰਿਵਾਰ ਨਾਲ ਮੈਂ ਬਹੁਤ ਜ਼ਿਆਦਾ ਮਿਲਦਾ ਵਰਤਦਾ ਰਿਹਾ। ਉਨ੍ਹਾਂ ਨੇ ਆਹ ਅਜਾਇਬ ਘਰ ਲਈ ਕੁਝ ਭਾਂਡੇ-ਟੀਂਡੇ ਵੀ ਦਿੱਤੇ ਆ। ਗਾਮਾ ਹੋ ਗਿਆ, ਕੱਲੂ ਪਹਿਲਵਾਨ ਹੋ ਗਿਆ, ਗੁਲਾਮ ਦੇ ਲੜਕੇ ਨੂੰ ਮਿਲਦਾ ਰਿਹਾਂ। ਫਿਰ ਕਾਲਾ ਪਹਿਲਵਾਨ ਦੇ ਲੜਕੇ ਨੂੰ। ਫਿਰ ਇਕ ਭੋਲੂ ਪਹਿਲਵਾਨ ਹੋਰੀਂ ਆਂ, ਇਹ ਇਥੇ ਸਾਡੇ ਘਰ ਵੀ ਆਏ ਆ। ਫਿਰ ਆਹ ਵੱਡਾ ਦਾਰਾ ਤਾਂ ਨਹੀਂ ਆਇਆ ਪਰ ਛੋਟੇ ਨੂੰ ਅਸੀਂ ਮਿਲਣ ਗਏ, ਆਹ ਜਿਹੜਾ ਫ਼ਿਲਮੀ ਦਾਰਾ ਕਾਫੀ ਚਰਚਤ ਰਹਿ ਚੁੱਕਾ।

? ਵੱਡਾ ਦਾਰਾ ਕੌਣ ਸੀ?

• ਉਹ ਵੀ ਮਾਝੇ ਦਾ ਈ ਸੀ ਜੀ। He was much taller {ਉਹ ਕੱਦ ਦਾ ਵਧੇਰੇ ਉਚਾ ਸੀ}ਦੋ ਇੰਚ ਘੱਟ ਸੱਤ ਫੁੱਟ ਕੱਦ ਸੀ। ਕਿੱਤਾ ਐਦਾਂ ਦਾ ਐ ਪਈ ਸਿਰ-ਸੁਰ ਮੁਨਾਉਣਾ ਪੈਂਦਾ ਪਰ ਮੇਰੇ ਕੋਲ ਇਹਦਾ ਇਕ ਪੋਸਟਰ ਆ, ਮੈਨੂੰ ਬੜਾ ਮਹਿੰਗਾ ਮਿਲਿਆ ਸੀ, ਜਿੱਥੇ ਜੂੜਾ ਬੰਨਿਆਂ ਤੇ ਉਸ ਉਪਰ ਉਸਦਾ ਕੱਦ ਆਦਿ ਵੀ ਲਿਖਿਆ, ਬੜਾ ਜ਼ਬਰਦਸਤ ਲੱਗ ਰਿਹਾ। ਨਵੇਂ ਵੀ ਮਿਲਦੇ ਰਹੇ ਕਦੇ ਕਦਾਈਂ ਪਰ ਬਹੁਤੇ ਜਿਹੜੇ ਨਾਮਵਰ ਸੀ ਨਾਂ, ਜਦੋਂ ਜਿਉਂਦੇ ਸੀ ਉਨ੍ਹਾ ਨੂੰ ਮਿਲਿਆ ਨਹੀ ਤਾਂ ਘੱਟੋ ਘੱਟ ਉਨ੍ਹਾਂ ਦੇ ਪਰਵਾਰ ਵਾਲਿਆਂ ਨੂੰ, ਸ਼ਾਗਿਰਦਾਂ ਨੂੰ ਤਾਂ ਕਿ ਵੱਧ ਤੋਂ ਵੱਧ ਜਾਣਕਾਰੀ ਲਈ ਜਾਵੇ ਕਿ ਕੋਈ ਗੱਲ ਕਿਨੀਂ ਕੁ ਸੱਚ ਆ ਤੇ ਕਿੰਨੀ ਕੁ ਝੂਠ ਆ। ਦੁਨੀਆਂ 'ਚ ਸਭ ਤਰਾਂ ਦੇ ਬੰਦੇ ਆ, ਵਿਚੇ ਗੱਪ ਤੋਂ ਵੀ ਕੰਮ ਲੈਂਦੇ ਆ।

? ਕਿੱਕਰ ਸਿੰਘ, ਗ਼ੁਲਾਮ, ਗਾਮਾ, ਇਮਾਮ ਬਖਸ਼ ਅਤੇ ਗੁੰਗੇ ਬਾਰੇ ਥੋੜ੍ਹਾ ਵਿਸਥਾਰ ਨਾਲ ਦੱਸੋ ਤੇ ਇਨ੍ਹਾਂ ਦੀ ਭਲਵਾਨੀ ਦੇ ਕੋਈ ਦਿਲਚਸਪ ਪਹਿਲੂ?

• ਇਹ ਸਾਰੇ ਹੀ ਬੜੇ ਵੱਡੇ ਭਲਵਾਨ ਸਨ, ਜਿਨ੍ਹਾਂ ਵਿਚੋਂ ਕੁਝਨਾਂ ਦੀਆਂ ਕੁਝ ਚੀਜ਼ਾਂ-ਵਸਤਾਂ ਜਿਵੇਂ ਲੰਗੋਟ, ਜਾਂਘੀਏ, ਭਾਂਡੇ-ਟੀਡੇ ਅਦਿ ਮੇਰੇ 'ਅਜਾਇਬ ਘਰ' 'ਚ ਸਾਂਭੇ ਪਏ ਹਨ। ਉਨ੍ਹਾਂ ਦੇ ਸਮੇ ਗੋਰਿਆਂ ਦਾ ਰਾਜ ਸੀ ਜਿਹੜੇ ਕਹਿੰਦੇ ਹੁੰਦੇ ਸੀ 'ਸਾਡੇ ਰਾਜ ਵਿਚ ਕਦੇ ਸੂਰਜ ਨਹੀਂ ਡੁਬਦਾ ਤੇ ਸ਼ੇਰ-ਬੱਕਰੀ ਇਕੋ ਥਾਂ ਪਾਣੀ ਪੀਂਦੇ ਹਨ'। ਕਿੱਕਰ ਸਿੰਘ ਅਤੇ ਗ਼ੁਲਾਮ ਦੀ ਲਾਹੌਰ ਵਿਚ 27 ਅਕਤੂਬਰ 1895 ਨੂੰ ਜਦੋਂ ਪਹਿਲੀ ਕੁਸ਼ਤੀ ਹੋਈ ਤਾਂ ਡੀ.ਸੀ. ਲਾਹੌਰ ਨੇ ਸ਼ਹਿਰ ਵਿਚ ਹਿੰਦੂ-ਸਿੱਖ-ਮੁਸਲਮਾਨ ਤਣਾਅ ਭਰਿਆ ਮਹੌਲ ਵੇਖ ਕੇ ਦੰਗਲ ਦੇ ਆਲੇ-ਦੁਆਲੇ ਸੈਂਕੜਿਆਂ ਦੀ ਗਿਣਤੀ ਵਿਚ ਪੁਲਸ ਤੇ ਮਿਲਟਰੀ ਤਾਇਨਾਤ ਕੀਤੀ। ਸ਼ਾਹ ਜਹਾਨ ਦੇ ਮਕਬਰੇ ਅੰਦਰ ਵੱਡੇ ਵੱਡੇ ਸ਼ਤੀਰ ਸੁੱਟ ਕੇ ਉਚਾ ਜਿਹਾ ਥੜਾ-ਨੁਮਾ ਅਖਾੜਾ ਤਿਆਰ ਕੀਤਾ ਗਿਆ ਸੀ ਤਾਂ ਜੋ ਦਰਸ਼ਕ ਕੁਸ਼ਤੀ ਆਨੰਦ ਪੂਰੀ ਤਰਾਂ ਮਾਣ ਸਕਣ। ਗ਼ੁਲਾਮ ਪਹਿਲਾਂ ਹੀ ਚੜ੍ਹ ਗਿਆ। ਛਾਲ਼ ਮਾਰ ਕੇ ਜਦੋਂ ਕਿੱਕਰ ਸਿੰਘ ਉਪਰ ਚੜ੍ਹਨ ਲੱਗਾ ਤਾਂ ਉਹ (ਗ਼ੁਲਾਮ) ਹੁੜਦੰਗ ਮਚਾਉਂਦਾ, ਧੌਲ਼ਾਂ ਮਾਰ ਮਾਰ ਉਹਨੂੰ ਚੜ੍ਹਨ ਨਾ ਦੇਵੇ। ਉਪਰ ਚੜ੍ਹਦਿਆ ਕਿੱਕਰ ਸਿੰਘ ਨੇ ਪਲਟਵਾਰ ਕਰਦਿਆਂ ਗ਼ੁਲਾਮ ਦੇ ਅਜੇਹੀ ਠੂਸ ਮਾਰੀ ਕਿ ਉਹ ਭੁਆਂਟਣੀਆਂ ਖਾਂਦਾ ਥੱਲੇ ਡਿੱਗ ਪਿਆ ਤੇ ਉਹਦੀ

ਘੰਡੀ ਟੁੱਟ ਗਈ। ਫੈਸਲਾ ਹੋਇਆ ਤੇ ਗੁਰਜ ਕਿੱਕਰ ਨੂੰ ਸਿੰਘ ਨੂੰ ਦੇ ਦਿੱਤੀ ਗਈ। ਜਿਸ ਤੇ ਮੁਸਲਮਾਨਾਂ ਦੇ ਟੋਲਿਆਂ ਦੇ ਟੋਲੇ ਪਿੜ ਤੋੜ ਕੇ ਚਾਕੂ-ਛੁਰੇ ਲਾਠੀਆਂ ਲੈ ਕੇ ਅੰਦਰ ਧੁੱਸ ਕੇ ਝਗੜਾ-ਫਸਾਦ ਕਰਨ ਲੱਗ ਪਏ। ਮੁਨਸਫਾਂ, ਪੁਲਸ ਤੇ ਮਿਲਟਰੀ ਅਫਸਰਾਂ ਨੇ ਸਮੇਂ ਦੀ ਨਜ਼ਾਕਤ ਤਾੜਦਿਆਂ ਪਬਲਿਕ ਨੂੰ ਠੰਡਾ ਕਰਨ ਲਈ ਤੁਰੰਤ ਆਪਣਾ ਫੈਸਲਾ ਬਦਲਦਿਆਂ ਗੁਰਜ ਕਿੱਕਰ ਸਿੰਘ ਤੋਂ ਲੈ ਕੇ ਗ਼ੁਲਾਮ ਨੂੰ ਦੇ ਦਿੱਤੀ ਜਿਸ ਨਾਲ ਭੜਕੀ ਹੋਈ ਭੀੜ ਕਾਬੂ 'ਚ ਆ ਗਈ। ਹਿੰਦੁਸਤਾਨੀ ਕੁਸ਼ਤੀ ਦੀ ਤਾਰੀਖ ਦਾ ਇਹ ਪਹਿਲਾ ਮੌਕਾ ਸੀ ਕਿ ਕੁਸ਼ਤੀ ਦਾ ਫੈਸਲਾ ਰੱਦ ਕਰਕੇ ਗੁਰਜ ਦੂਜੇ ਭਲਵਾਨ ਨੂੰ ਦਿੱਤੀ ਗਈ। ਸੋ ਇਹ ਹੈ ਗੋਰਿਆਂ ਦੇ ਰਾਜ ਵਿਚ ਸੂਰਜ ਕਦੇ ਨਾ ਡੁੱਬਣ ਦੀ ਇਕ ਅਨੋਖੀ ਦਾਤਸਾਨ!

ਇਨ੍ਹਾਂ ਤੋਂ ਛੁੱਟ ਗਾਮਾ ਅਤੇ ਰਹੀਮ ਬਖਸ਼ ਵੀ ਬੜੇ ਵੱਡੇ ਭਲਵਾਨ ਸਨ।ਆਪਸ ਵਿਚ ਦੋਵੇਂ ਬੜੀਆਂ ਫਸਵੀਆਂ ਕਾਂਟੇਦਾਰ ਚਾਰ ਕੁਸ਼ਤੀਆਂ ਬਰਾਬਰ ਭਿੜੇ ਸਨ।ਰਹੀਮ ਦਸਦੇ ਹੁੰਦੇ ਸਨ ਕਿ 'ਦੂਜੀ ਕੁਸ਼ਤੀ ਸਮੇਂ ਉਨ੍ਹਾਂ ਦੋਹਾਂ ਦੇ ਐਨੇ ਜ਼ੋਰ ਲੱਗ ਗਏ ਸਨ ਕਿ ਖਾਤਮੇ 'ਤੇ ਗਾਮੇ ਨੇ ਤਾਂ ਆਪਣੇ ਕੰਬਦੇ ਹੱਥਾਂ ਨਾਲ ਪੱਗੜੀ ਵਲ੍ਹੇਟ ਲਈ ਸੀ, ਪਰ ਮੇਰੀਆਂ ਉੱਗਲਾਂ 'ਚ ਐਨੀ ਅਕੜਾਨ ਆ ਗਈ ਸੀ ਕਿਮੈਂ ਮਸਾਂ ਤਿੰਨ-ਚਾਰ ਵਲ੍ਹੇਟੇ ਹੀ ਮਾਰ ਸਕਿਆ ਸਾਂ!' ਗਾਮਾ ਤਾਂ 'ਰੁਸਤਮ-ਏ-ਜਹਾਨ' ਬਣ ਗਿਆ ਪਰ ਰਹੀਮ ਵੀ ਕਿਸੇ ਤਰ੍ਹਾਂ ਘੱਟ ਨਹੀਂ ਸੀ। ਗੁਜਰਾਂਵਾਲੇ ਦਾ ਉਹ ਮਹਾਨ ਪਹਿਲਵਾਨ ਅੰਮ੍ਰਿਤਸਰ ਆ ਕੇ ਗ਼ੁਲਾਮ ਦਾ ਸ਼ਾਗਿਰਦ ਪੈ ਗਿਆ ਸੀ। 62 ਸਾਲਾਂ ਦੀ ਉਮਰ ਵਿਚ ਤਾਕਤ ਦੇ ਪਹਾੜ ਗੁੰਗੇ ਸਿਆਲਕੋਟੀ ਨੂੰ ਉਲਟ ਕੇ ਪਰ੍ਹਾਂ ਮਾਰਿਆ, ਏਸੇ ਤਰਾਂ ਬੁੜ੍ਹਾਪੇ ਵਿਚ ਹੀ ਕਨੈਡਾ ਦਾ ਇਕ ਪ੍ਰਸਿੱਧ ਭਲਵਾਨ ਜਿਹੜਾ ਦਾਅਵਾ ਕਰਦਾ ਸੀ ਕਿ 'ਮੈਂ ਦੁਨੀਆਂ ਦਾ ਹਰਕੁਲੀਜ਼ ਹਾਂ', ਉਹਨੂੰ ਵੀ ਮਿੰਟਾਂ 'ਚ ਪਰ੍ਹੇ ਮਾਰਿਆ। ਉਹ ਅੰਮ੍ਰਿਤਸਰ 'ਚ ਪ੍ਰਵਾਨ ਚੜ੍ਹਿਆ ਸੀ ਇਸ ਲਈ 'ਗੁਰੂ ਕੀ ਨਗਰੀ' ਪ੍ਰਤੀ ਸ਼ਰਧਾ ਵੀ ਐਨੀ ਕਿ ਰਹੇ ਰੱਬ ਦਾ ਨਾਂ! ਕੀ ਮਜਾਲ ਕਿ ਕਦੇ ਇਸ ਵੱਲ ਪੈਰ ਕਰਕੇ ਸੌਂਵੇ, ਭਾਵੇਂ ਆਪਣੇ ਸ਼ਹਿਰ ਗੁਜਰਾਂਵਾਲੇ ਹੀ ਕਿਓਂ ਨਾ ਸੁਤਾ ਪਿਆ ਹਵੇ।

ਗਾਮੇ ਦਾ ਛੋਟਾ ਭਰਾ ਇਮਾਮ ਬਖਸ਼ ਵੀ ਬਹੁਤ ਵੱਡਾ ਮੱਲ ਸੀ। ਕੁਝਨਾ ਦੇ ਖਿਆਲ ਅਨੁਸਾਰ, ਖਾਸ ਕਰਕੇ ਹਰਬੰਸ ਸਿੰਘ ਰਾਏਪੁਰ-ਡੱਬਾ (ਪਿੰਡ ਦਾ ਨਾਮ)ਮੁਤਾਬਕ, ਉਹ ਅਪਣੇ ਭਰਾ ਤੋਂ ਵੀ ਤਕੜਾ ਸੀ।ਉਸਨੇ ਆਪਣੇ ਸਮੇ ਦੇ ਕਈ ਰੁਸਤਮਾ ਨੂੰ ਢਾਇਆ । ਗੁੰਗੇ ਨਾਲ ਹੋਈਆਂ ਉਸ ਦੀਆਂ ਸਭ ਕੁਸ਼ਤੀਆਂ ਸਾਡੇ ਇਤਿਹਾਸ ਦਾ ਸੁਨਿਹਰੀ ਹਿੱਸਾ ਹਨ। ਸਾਰੀ ਉਮਰ ਵਿਚ ਉਸ ਨੂੰ ਸਿਰਫ ਗੁੰਗਾ ਹੀ ਢਾਅ ਸਕਿਆ। ਪਹਿਲੀ ਕੁਸ਼ਤੀ ਜਦੋਂ ਉਹ ਗੁੰਗੇ ਤੋਂ ਢੱਠਾ ਤਾਂ ਐਨੀ ਨਾਮੋਸ਼ੀ ਮਹਿਸੂਸ ਕੀਤੀ ਕਿ ਮਰਨੇ ਨੂੰ ਥਾਂ ਟੋਲ੍ਹੇ। ਜਿਤਦਿਆਂ ਅੱਗੇ ਤਾਂ ਉਹਦੇ ਨਾਲ ਹਜੂਮਾਂ ਦੇ ਹਜੂਮ ਹੋਇਆ ਕਰਦੇ ਸਨ, ਪਰ ਕੁਦਰਤ ਦਾ ਇਤਫ਼ਾਕ ਵੇਖੋ, ਉਸ ਦਿਨ ਸਿਰਫ ਉਹਦਾ ਇਕੋ ਸ਼ਾਗਿਰਦ ਅੱਲਾ ਬਖਸ਼ ਹੀ ਉਸ ਨਾਲ ਸੀ। ਦੋਵੇਂ ਜਦੋਂ ਆਪਣਾ ਮੂੰਹ ਲਕੋਂਦੇ ਪਤਾ ਨਹੀਂ ਕਿਵੇਂ ਘਰ ਪੁੱਜੇ। ਦੋਵੇਂ ਟਾਂਗੇ ਵਿਚ ਬੈਠੇ ਹੋਏ ਸਨ-ਅੱਲਾ ਬਖਸ਼ ਉਹਨੂੰ ਢਾਰਸ ਦੇਣ ਦੀ ਕੋਸ਼ਿਸ਼ ਵਿਚ ਸੀ- ਉਧਰ ਇਮਾਮ ਬਖਸ਼ ਟਾਂਗੇ ਵਾਲੇ ਨੂੰ ਆਪਣੇ ਹੱਥਾਂ ਦੇ ਇਸ਼ਾਰਿਆਂ ਨਾਲ ਲੁਕਵੇਂ ਰਾਹਾਂ ਥਾਣੀ ਜਾਣ ਦਾ ਸੰਕੇਤ ਕਰੀ ਜਾ ਰਿਹਾ ਸੀ। ਅੱਲਾ ਬਖਸ਼ ਸੋਚ ਰਿਹਾ ਸੀ ਕਿ ਉਸਤਾਦ ਜੀ ਖਬਰੇ ਬੌਂਦਲ ਕੇ ਆਪਣੇ ਘਰ ਦਾ ਰਾਹ ਭੁੱਲ ਗਏ ਹਨ! ਜਦ ਹੀ ਉਸਨੇ ਇਸ਼ਾਰਾਤਨ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ 'ਉਸਤਾਦ ਜੀ ਘਰ ਦੀ ਬਜਾਇ ਅੱਜ ਕਿਧਰੇ ਹੋਰ ਜਾਣਾ ਹੈ?' ਤਾਂ ਅੱਗੋਂ ਇਮਾਮ ਬਖਸ਼, ਮੀਲ ਕੁ ਲੰਮਾ ਹਉਕਾ ਭਰਦਿਆਂ ਗ਼ਮ ਦੀ ਰੰਧੀ ਹੋਈ ਆਵਾਜ਼ 'ਚ ਕਹਿਣ ਲੱਗਾ- "ਨਹੀਂ ਅੱਲਾ ਬਖਸ਼ੇ, ਹਾਰਨ ਵਾਲਿਆਂ ਦੇ ਰਾਹ ਵੀ ਹੋਰ ਹੁੰਦੇ ਨੇ!" ਵੱਡੇ ਭਲਵਾਨ ਨੇ ਆਪਣੇ ਛੁਟਕਾ ਜਿਹਾ ਫਿਕਰਾ ਅਜੇ ਮਸਾਂ ਪੂਰਾ ਵੀ ਨਹੀਂ ਸੀ ਕੀਤਾ ਕਿ ਅੱਲਾ ਬਖਸ਼ ਦੀਆਂ ਭੁੱਬਾਂ ਨਿਕਲ ਗਈਆਂ। ਐਡੇ ਵੱਡੇ ਗ਼ਮ ਦੇ ਗੋਲੇ ਨੇ ਫਟ ਕੇ ਬਾਹਰ ਤਾਂ ਅਉਣਾ ਹੀ ਸੀ।

ਗਾਮਾ ਤੇ ਇਮਾਮ ਬਖਸ਼ ਭਾਵੇਂ ਅੰਮ੍ਰਿਤਸਰ ਦੇ ਸਨ, ਪਰ ਵੱਡਿਆਂ ਬੰਦਿਆ ਨਾਲ ਜਿਵੇਂ ਅਕਸਰ ਹੁੰਦਾ ਹੈ, ਹਰ ਕੋਈ ਉਨ੍ਹਾਂ ਨੂੰ ਆਪਣਾ ਸਮਝਦਾ ਹੈ, ਲਾਹੌਰ ਵਾਲੇ ਵੀ ਉਨ੍ਹਾਂ ਨੂੰ ਆਪਣਾ ਹੀ ਸਮਝਦੇ ਸਨ। ਇਮਾਮ ਬਖਸ਼ ਦੇ ਢਹਿ ਜਾਣ ਦੀ ਖਬਰ ਸਾਰੇ ਸ਼ਹਿਰ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ। ਦਸਦੇ ਹਨ ਕਿ ਲਾਹੌਰ ਵਾਲ਼ਿਆਂ ਨੇ ਉਹਦੀ ਹਾਰ ਦਾ ਐਨਾ ਸੋਗ ਮਨਾਇਆ ਸੀ ਕਿ ਉਸ ਰਾਤ ਬਹੁਤੇ ਚੁੱਲ੍ਹਿਆਂ 'ਚ ਅੱਗ ਨਹੀਂ ਸੀ ਬਲ਼ੀ ਤੇ ਲੋਕੀਂ ਭੁੱਖੇ ਸੁਤੇ ਸਨ!

ਪਰ ਉਸ ਕੁਸ਼ਤੀ ਪਿੱਛੋਂ ਇਮਾਮ ਦੀਆ ਗੁੰਗੇ ਨਾਲ ਜਿੰਨੀਆਂ ਵੀ ਕੁਸ਼ਤੀਆਂ ਹੋਈਆਂ, ਉਸਨੇ ਉਹਨੂੰ ਸਦਾ ਅਜੇਹਾ ਸਜਾ ਸਜਾ ਕੇ ਢਾਇਆ ਕਿ ਦੁਨੀਆਂ ਦੰਗ ਰਹਿ ਗਈ। ਲੋਕੀਂ ਐਵੇਂ ਕਹੀ ਜਾਂਦੇ ਨੇ ਪਰ ਸ਼ਾਹਜ਼ੋਰੀ ਦੀਆਂ ਜਿਹੜੀਆਂ ਸ਼ਿਰਾਂ ਨੂੰ ਇਮਾਮ ਬਖਸ਼ ਛੋਹ ਗਿਆ, ਗੁੰਗਾ ਉਥੇ ਤੱਕ ਨਹੀਂ ਪਹੁੰਚ ਸਕਿਆ।

? ਵਾਹ ਜੀ ਵਾਹ! ਹੁਣ ਸੰਗੀਤ ਦੀਆ ਸ਼ਖਸੀਅਤਾਂ ਬਾਰੇ।

• ਚਲੋ ਮੁਕਾਈਏ ਪਹਿਲਵਾਨਾਂ ਵਾਲੀ ਗੱਲ ਤੇ ਸੰਗੀਤ ਦੀ ਗੱਲ ਕਰੀਏ। ਸੰਗੀਤ ਦਾ ਜੀ ਇਸ ਤਰਾਂ ਪਈ ਜਿਵੇਂ ਮੈਂ ਤੁਹਾਨੂੰ ਦੱਸਿਆ ਸੀਗਾ ਉਹ ਜਿਹੜੇ ਸੀ ਸਰਦਾਰ ਸਲਾਮਤ ਅਲੀ ਖਾਨ, ਸ਼ਾਮ-ਚੁਰਾਸੀ ਘਰਾਣੇ ਵਾਲੇ ਇਨ੍ਹਾਂ ਨੇ ਮੈਨੂੰ ਬਹੁਤ ਮੁਤਾਸਰ ਕੀਤਾ ਜੀ। ਵੱਧ ਤੋਂ ਵੱਧ! ਬਲਕਿ ਮੈਂ ਸਮਝਦਾਂ ਪਈ ਉਦਾਂ ਠੀਕ ਆ ਕਿ ਬੜੇ ਗੁਲਾਮ ਅਲੀ ਨੂੰ ਤੁਸੀਂ ਕਿਸੇ ਤਰ੍ਹਾਂ ਵੀ ਨੀਵਾਂ ਨਹੀਂ ਵੇਖ ਸਕਦੇ, ਪਰ ਮੇਰੇ ਹਿਸਾਬ ਦੇ ਨਾਲ਼ ਜਿੰਨੀਆਂ ਕੁ ਭੁੱਖਾਂ-ਨੰਗਾਂ ਇਨ੍ਹਾਂ ਨੇ ਝੱਲੀਆਂ, ਕਿੰਨਾ ਸੰਘਰਸ਼ ਕੀਤਾ...ਦੁੱਖ 'ਚੋਂ ਬੜਾ ਕੁਝ ਨਿਕਲਦਾ...! ਫਿਰ ਹੋਰ ਵੀ ਕਈ ਵੱਡੇ ਗਾਇਕਾਂ ਨੂੰ ਮਿਲਣ- ਸੁਨਣ ਦਾ ਮੌਕਾ ਮਿਲਦਾ ਰਿਹਾ..ਐਥੇ ਆ ਹੁਣ ਜਿਵੇਂ ਗੁਲਾਮ ਮੁਹੰਮਦ ਸਰੰਗੀਆ, ਨੱਥੂ ਖਾਂ ਹੋਰੀਂ, ਇਨ੍ਹਾਂ ਨੂੰ ਮਿਲਦੇ-ਮੁਲਦੇ ਰਹੇ। ਨੱਥੂ ਖਾਂ- ਇਹ ਬੰਦਾ ਸਰੰਗੀ ਵਜਾਉਂਦਾ ਹੋਵੇ ਤਾਂ ਐਦਾਂ ਲਗਦਾ ਜਿਵੇਂ ਛੇ ਬੰਦੇ ਸਰੰਗੀ ਵਜਾ ਰਹੇ ਹੋਣ! ਕਮਾਲ ਹੈ! ਬਾਕੀ ਅੱਲਾ ਰੱਖਾ ਜੀ ਨਾਲ ਮੇਰਾ ਬਹੁਤ ਪਿਆਰ-ਮੁਹੱਬਤ ਵਾਲਾ ਰਿਸ਼ਤਾ ਰਿਹਾ। ਉਨ੍ਹਾਂ ਨੇ ਹਮੇਸ਼ਾ ਮੇਰੀ ਇਜ਼ਤ ਕੀਤੀ। ਆ ਮੇਰੀ collection ਦੇਖ ਕੇ ਹਮੇਸ਼ਾ ਮੇਰੇ ਹੌਂਸਲੇ ਬੁਲੰਦ ਕੀਤੇ।ਬਲਕਿ ਜਦ ਵੀ ਇਥੇ ਆਉਂਦੇ ਰਹੇ ਜਾਂ ਉਨ੍ਹਾਂ ਨੇ ਆ ਜਾਣਾ ਜਾਂ ਮੈਂ ਟੈਲੀਫੋਨ ਕਰਨਾ ਤੇ ਮਿਲ ਆਉਣਾ। ਉਹ ਫਿਰ ਦੇਖ ਲਓ ਤਬਲਾ ਨਿਵਾਜ਼ ਸੀ ਸਾਰੀ ਦੁਨੀਆਂ ਦੇ ਬੇਹਤਰੀਨ ਤੇ ਸਾਰੀ ਉਮਰ ਪੰਡਤ ਰਵੀ ਸ਼ੰਕਰ ਜੀ ਨਾਲ ਰਹੇ। ਇਹ ਦੇਖ ਲਓ ਬਈ ਇਨ੍ਹਾ ਨੇ ਉਹ ਦਿਨ ਦੇਖੇ ਸਨ ਕਿ ਸਿਰ ਤੇ ਬੰਨ-ਬੁੰਨ ਕੇ ਕਈ ਕਈ ਮੀਲ ਜਣਾ...ਵੇਖੋ ਪੇਟ ਲਈ...ਇਹ ਵੱਡੇ ਲੋਕ ਤਾਂ ਮਗਰੋਂ ਜਾ ਕੇ ਬਣੇ ਪਰ ਬਹੁਤ ਤਪ-ਸਾਧਨਾ ਹੈ ਇਨ੍ਹਾ ਦੀ, ਐਵੇਂ ਨਹੀਂ ਕਹਿ ਲਓ ਕਿ ਐਥੇ ਪਹੁੰਚ ਗਿਆ...! ਲੋਕਾਂ ਦਾ ਖੜੋ ਕੇ ਤਾੜੀਆਂ ਮਾਰਨਾ...ਕਿੰਨੀ ਕਿੰਨੀ ਦੇਰ ਲਗਾਤਰ ਇਕੱਲੇ ਤਬਲਾ ਵਜਾਉਣਾ...ਤੇ ਲੋਕਾਂ ਨੇ ਖੜ-ਖੜ ਕੇ ਤਾੜੀਆਂ ਮਾਰਨਾ ਕਿੰਨੇ ਕਿੰਨੇ ਮਿੰਟ, ਆਪਣੇ ਲੋਕ ਤਾਂ ਜਾਂਦੇ ਹੀ ਘੱਟ ਰਹੇ ਆ ਸ਼ਾਸਤਰੀ ਸੰਗੀਤ ਲਈ..। ਬਹੁਤ ਕਮਾਲ ਸੀ। ਹੁਣ ਮੈਂ ਸਮਝਦਾਂ ਕਿ ਸਿਰਫ ਸੰਗੀਤ ਹੀ ਨਹੀਂ ਹੋਰ ਵੀ ਬਹੁਤ ਸਾਰਾ ਕੁਝ ਹੈ ਪੰਜਾਬ ਦੇ ਸਭਿਆਚਾਰ ਸੰਬੰਧੀ ਜੋ ਅਸੀਂ ਨਹੀਂ ਵਿਚਾਰਿਆ..! ਫਿਰ ਸੁਲਤਾਨ ਖਾਂ ਸੁਰੰਗੀਆ ਸੀ, ਅਲੀ ਅਕਬਰ ਖਾਂ ਨੂੰ ਮਿਲਿਆ...। ਮਤਲਬ ਕੀ ਪਈ ਇਹ ਸਾਰੇ ਹੀ ਵੱਡੇ ਗਾਇਕ-ਵਜਾਇਕ ਆ ਇਨ੍ਹਾਂ ਨੂੰ ਥੋੜਾ ਮਿਲਿਆਂ ਜਾਂ ਜ਼ਿਆਦਾ ਮਿਲਿਆਂ..ਪਰ ਉਹ ਸਾਧਨ ਤਾਂ ਇਥੇ ਹੈਗੇ ਈ ਸੀ ਕਿ ਚਲੋ ਟੇਪ ਸੁਣ ਲਓ, ਤਵਾ ਸੁਣ ਲਓ..ਫਿਰ ਕੋਸ਼ਿਸ਼ ਕਰਨੀ ਕਿ ਕੋਈ ਸੰਮੇਲਨ ਆ ਤਾਂ ਉਹ ਨਹੀਂ ਛੱਡਿਆ..ਪਰ ਜਿਨ੍ਹਾਂ ਤੋਂ ਮੈਂ ਜ਼ਿਆਦਾ ਮੁਤਾਸਰ ਸੀ, ਮੈਨੂੰ ਠੰਡ ਨਹੀਂ ਸੀ ਪੈਂਦੀ ਦੋ-ਤਿੰਨ ਮਿੰਟ ਦੇ ਰਕਾਰਡ ਨਾਲ...। ਉਨ੍ਹਾਂ ਨੂੰ ਫਿਰ...ਮੇਰਾ ਭਾਵੇਂ ਦੋ-ਸੌ ਪੌਂਡ ਲੱਗ ਜਾਏ, ਹਜ਼ਾਰ ਜਾਂ ਦੋ ਹਜ਼ਾਰ ਵੀ ਲੱਗ ਜਾਏ..ਉਹ ਤੁਹਾਡੇ ਘਰ ਸਿਰਫ ਕਹਿ ਦੇਣ ਨਾਲ ਹੀ ਨਹੀਂ ਆਉਣਗੇ! ਉਨ੍ਹਾਂ ਦਾ ਮੂੜ-ਮਹੌਲ ਹੁੰਦਾ, ਅਗਲਾ ਕਹਿੰਦਾ ਅਸੀਂ ਕੀ ਕਰਨ ਜਾਣਾ। ਤਾਂ ਕੁਦਰਤੀ ਹੈ ਕਿ ਕੁਝ ਪ੍ਰਾਪਤ ਕਰਨ ਲਈ ਕੋਈ ਕੁਰਬਾਨੀ ਕਰਨੀ ਪੈਂਦੀ ਆ। ਮੇਰਾ ਮਤਲਬ ਆ ਕਿ ਇਨ੍ਹਾਂ ਨਾਲ ਸਾਂਝ ਦਾ ਮਹੌਲ ਪੈਦਾ ਕਰਕੇ ਤੁਸੀਂ ਉਨ੍ਹਾਂ ਤੋਂ ਕੁਝ ਲੈ ਸਕਦੇ ਹੋ। ਹੁਣ ਆ ਜਿਹੜੇ ਸਲਾਮਤ ਅਲੀ ਖਾਂ ਸ਼ਾਮ ਚੁਰਾਸੀ ਘਰਾਣੇ ਵਾਲੇ, ਉਨ੍ਹਾ ਦੀ ਅਜ਼ਮਤ ਆ ਮੈਂ ਤਾਂ ਕੁਝ ਵੀ ਨਹੀਂ, ਉਨ੍ਹਾਂ ਨੇ ਮੇਰੇ ਉਪਰ "ਕੰਵਲ ਭੈਰੋਂ" ਰਾਗ ਈਜਾਦ ਕੀਤਾ। ਇਸ ਤੋਂ ਵੱਡਾ ਹੁਣ ਦੁਨੀਆ 'ਚ ਮੇਰੇ ਲਈ ਕਿਹੜਾ ਸਰਟੀਫਿਕੇਟ ਹੋਊ?..ਕਿਆ ਬਾਤ ਐ! ਤਾਂ ਇਹ ਬਹੁਤ ਵੱਡੀਆ ਰੂਹਾਂ ਹੋਈਆਂ। ਇਨ੍ਹਾਂ ਸਾਰੇ ਲੋਕਾਂ ਤੋਂ ਪ੍ਰਭਾਵਤ ਵੀ ਰਿਹਾਂ, ਇਨ੍ਹਾ ਨਾਲ ਘਮੁੰਦੇ ਫਿਰਦੇ ਵੀ ਰਹੇ ਆਂ, ਇਨ੍ਹਾਂ ਦਾ ਸੰਗੀਤ ਵੀ ਵੱਧ ਤੋਂ ਵੱਧ ਸੁਣਿਆ...। ਅੱਲਾ ਰੱਖਾ ਜੀ ਹੋ ਗਏ, ਸੁਤਲਾਨ ਖਾਂ ਹੁਣੀਂ, ਸਲਾਮਤ ਹੁਣੀਂ ਹੋ ਗਏ.... ਅਮਰ ਸ਼ਖਸੀਅਤਾਂ ਨੇ ਜੀ ਇਹ। ਬਲਕਿ 1941 'ਚ ਜਦੋਂ ਇਨ੍ਹਾਂ ਦੀ ਛੇ ਸਾਲ ਦੀ ਉਮਰ ਸੀ, ਲਾਹੌਰ ਰੇਡੀਓ ਸਟੇਸ਼ਨ ਤੇ ਔਡੀਸ਼ਨ (ਸੰਗੀਤ ਦਾ ਇਮਤਹਾਨ) ਦੇਣ ਲਈ ਚਲੇ ਗਏ! ਕਿੱਥੇ ਸ਼ਾਸਤਰੀ ਸੰਗੀਤ ਕਿਥੇ ਛੇ ਸਾਲ ਦੀ ਉਮਰ! ਤੇ ਮੈਂ ਇਨ੍ਹਾਂ ਨੂੰ ਪੇਸ਼ ਕੀਤੀ ਸੀ ਉਹ ਡਿਸਕ (ਤਵਾ) ਬਲਕਿ ਇਹਦੇ ਵੱਡੇ ਭਰਾ ਨਜ਼ਾਕਤ ਦੀ ਤਸਵੀਰ ਵੀ ਸੀ, ਉਦੋਂ ਉਹਦੀ ਉਮਰ ਅੱਠ ਸਾਲ ਦੀ ਸੀ। ਲਾਹੌਰ ਰੇਡੀਓ ਸਟੇਸ਼ਨ ਦਾ ਕਿ ਪਰਚਾ ਹੁੰਦਾ ਸੀ, ਉਸ ਵਿਚ ਪਹਿਲੇ ਸਫੇ ਤੇ ਇਹ ਤਸਵੀਰ ਛਪੀ ਸੀ। ਉਹ ਮੈਂ ਅਸਲੀ ਭੇਂਟ ਕੀਤੀ ਤਾਂ ਉਨ੍ਹਾਂ ਦੇ ਹੰਝੂ ਆ ਗਏ ਸਨ। ਏਸੇ ਤਰਾਂ ਉਹ ਪਟਿਆਲੀਆਂ ਦੀ ਵੀ ਆ। ਇਹ ਤਾਂ ਅੱਠ ਸਾਲ ਦੇ ਸੀ ਉਹ ਦਸ ਕੁ ਸਾਲ ਦੇ ਆ। ਇਨ੍ਹਾਂ 'ਚੋਂ ਬਹੁਤੇ ਅਨਪੜ੍ਹ ਹੀ ਰਹੇ ਉਹ ਜੁਦੀ ਗੱਲ ਆ ਕਿ ਇਨ੍ਹਾਂ ਉਪਰ ਲੋਕਾਂ ਨੇ ਪੀ.ਐਚ.ਡੀਆਂ ਕੀਤੀਆਂ। ਆਪਣੇ ਖੇਤਰ ਵਿਚ ਤਾਂ ਉਹ ਰਾਜਿਆ ਤੋਂ ਵੀ ਵੱਧ ਸੀ ਸਿਰਫ ਅਕਾਦਮਿਕ ਤੌਰ ਤੇ ਹੀ ਅਨਪੜ੍ਹ ਸੀ, ਪਰ ਸਾਰੇ ਤਾਂ ਨਹੀਂ ਆ ਹੁਣ ਪੰਡਤ ਰਵੀ ਸ਼ੰਕਰ ਜੀ ਹੁਣ ਨਾਲ ਗੱਲ ਕਰਕੇ ਵੇਖੋ ਫੇਰ ਪਤਾ ਲਗਦਾ ਕੀ ਆਦਮੀ ਕੀ ਚੀਜ਼ ਹੈ!

? ਇਨ੍ਹਾਂ ਤੋਂ ਇਲਾਵਾ ਤੁਸੀਂ ਬਾਈਆਂ ਬਾਰੇ ਵੀ ਲਿਖਿਆ ਹੈ।

• ਹਾਂ ਜੀ, ਇਸ ਤਰਾਂ ਪਈ ਆ ਜਿਵੇਂ ਰਸੂਲਨ ਬਾਈ ਟੱਪਾ ਗਾਇਕ, ਉਂਜ ਟੱਪਾ ਪੰਜਾਬ ਦੀ ਦੇਣ ਆ, ਫੇਰ ਆਹ

ਆਸ਼ਾ ਪੋਸਲੇ, ਜਿਹਨੂੰ ਮੈਂ ਇਥੇ ਸੱਦਿਆ ਸੀ ਬੜੀ ਪੁਰਾਣੀ ਗੱਲ ਆ ਜਿਹੜੀ ਕਹਿੰਦੀ ਸੀ ਉਸ ਕੋਲ ਸਿੱਖ ਰਾਜ ਦੀ ਰਬਾਬ ਹੈ, ਮੈਨੂੰ ਅਸਲ 'ਚ ਖਬਤ ਸੀ ਅਜੇਹੀਆਂ ਚੀਜ਼ਾਂ ਕੱਠੀਆਂ ਕਰਨ ਦਾ- ਬਾਈਆਂ ਦੇ ਸਾਜ਼, ਕਪੜੇ, ਭਲਵਾਨਾ ਦਾ ਭਾਂਡੇ-ਟੀਂਡੇ...! ਫਿਰ ਨੂਰ ਜਹਾਂ ਨੂੰ ਵੀ ਮਿਲਿਆ। ਮੁਨੱਵਰ ਸੁਲਤਾਨਾ ਇਕ ਬੜੀ ਗਾਇਕ, ਅਹਿਮਦ ਰਾਹੀ ਵੱਡਾ ਸ਼ਾਇਰ ਪੰਜਾਬ ਦਾ ਤੁਸੀਂ ਸੁਣਿਆਂ ਹੋਣਾ, ਫੇਰ ਇਨਾਇਤ ਹੁਸੈਨ ਭੱਟੀ- ਕਮਾਲ ਦਾ ਬੰਦਾ! ਫਿਰ ਸੁਰਿੰਦਰ ਕੌਰ ਪ੍ਰਕਾਸ਼ ਕੌਰ ਜੀ ਨੂੰ ਵੀ ਮਿਲਦੇ ਰਹੇ ਆਂ ਤੇ ਆਸਾ ਸਿੰਘ ਮਸਤਾਨਾ ਨੂੰ ਵੀ। ਇਹ ਠੀਕ ਹੈ ਕਿ ਇਨ੍ਹਾਂ ਹਲਕਾ-ਫੁਲਕਾ ਗਉਣ ਵਾਲਿਆਂ ਨੂੰ ਅਣਗੌਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਵੀ ਵੱਡਾ ਯੋਗਦਾਨ ਹੈ ਜਿਵੇਂ ਮੁਨੱਵਰ ਸੁਲਤਾਨਾ ਨੂੰ ਸੁਣ ਕੇ ਵੇਖੋ ਫੇਰ ਪਤਾ ਲਗਦਾ ਦੁਨੀਆਂ ਵਸਦੀ ਕਿਥੇ ਆ। ਰੇਸ਼ਮਾ ਨੂੰ ਬਹੁਤਾ ਨਹੀਂ ਮਿਲ ਸਕਿਆ। ਉਸ ਵਿਚ ਕਲਾ ਸੁਭਾਵਕ ਹੈ- ਜਿਵੇਂ ਰੇਗਿਸਤਾਨ ਦੇ ਝਲਕਾਰੇ ਉਹਦੀ ਆਵਾਜ਼ 'ਚ ਹਨ। ਕਹਿ ਸਕਣਾ ਬਹੁਤ ਹੀ ਮੁਸ਼ਕਿਲ ਹੈ। ਜਿਵੇਂ ਮਹਿਦੀ ਹਸਨ ਨੇ ਛੋਟੀ ਆਵਾਜ਼ ਨਾਲ ਵੀ ਦੁਨੀਆ ਹਿਲਾ ਦਿਤੀ। ਹੁਣ ਆਹ ਉਸਤਾਦ ਆਸ਼ਕ ਅਲੀ ਖਾਂ ਹੈ, ਐਨਾ ਰੁੱਖਾ, ਕੋਈ ਆਵਾਜ਼ ਨਹੀਂ, ਪਰ ਉਨ੍ਹੇਂ ਦੁਨੀਆ ਹਿਲਾ ਕੇ ਰੱਖ ਦਿਤੀ ਖਾਸ ਕਰ ਬੰਗਾਲ ਵਿਚ...! ਇਨ੍ਹਾਂ ਨੇ ਮਿਹਨਤ ਰਿਆਜ਼ ਈ ਇੰਨਾ ਕਰ ਲਿਆ ਸੀ, ਭਾਈ ਲਾਲ ਦਾ ਵੀ ਇਹੋ ਹਾਲ ਆਵਾਜ਼ 'ਚ ਮਿਠਾਸ ਨਹੀਂ ਹੈ, ਰਬਾਬੀ ਆ। ਮੇਰਾ ਮਤਲਬ ਆ ਪਈ ਤਪ ਸਾਧਨਾ ਇੰਨੀ ਕੁ ਕਰ ਲਈ ਆ ਪਈ ਸਾਰੇ ਵਲ਼-ਵਿੰਗ ਕੱਢ ਕੇ ਰਿਕਾਰਡਿੰਗ ਕਰਵਾਈ...!ਕੋਈ ਛੋਟੀ ਗੱਲ ਆ..? ਕਿਆ ਬਾਤ ਐ ਜੀ!

? ਤੁਸੀ ਪੰਜਾਬ ਦੇ ਸੰਗੀਤ ਘਰਾਣਿਆਂ ਬਾਰੇ ਬੜੀ ਥੋੜ੍ਹੀ ਗੱਲ ਕੀਤੀ ਹੈ, ਜ਼ਰਾ ਵਿਸਥਾਰ ਨਾਲ ਦੱਸੋ।

• ਤਲਵੰਡੀ ਘਰਾਣਾ ਪੰਜਾਬ ਦਾ ਸਭ ਤੋਂ ਪੁਰਾਤਨ ਘਰਾਣਾ ਮੰਨਿਆ ਜਾਂਦਾ ਹੈ। ਇਸ ਘਰਾਣੇ ਦੇ ਉਸਤਾਦ ਹਮੇਸ਼ਾ ਇਸ ਗੱਲ ਦਾ ਦਾਅਵਾ ਕਰਦੇ ਰਹੇ ਹਨ ਕਿ "ਸਮੂਹ ਹਿੰਦੁਸਤਾਨ ਨੇ ਜੇਕਰ 14 ਨਾਇਕ (ਸੰਗੀਤ ਦੀ ਦੁਨੀਆ ਵਿਚ ਸਰਵੋਤਮ ਉਪਾਧੀ) ਪੈਦਾ ਕੀਤੇ ਹਨ ਤਾਂ ਉਨ੍ਹਾਂ ਵਿਚੋਂ 7 ਸਾਡੇ ਹਨ।" ਜਿਨ੍ਹਾ ਦੇ ਨਾਂ ਇਸ ਪ੍ਰਕਾਰ ਹਨ: ਨਾਇਕ ਮਹਾਂਗਤ, ਨਾਇਕ ਖੰਡੇਰ, ਨਾਇਕ ਬਖਸ਼ੂ (ਜਿਸ ਦੇ ਇਕ ਹਜ਼ਾਰ ਧਰੁਪਦਾਂ ਦਾ ਖਰੜਾ ਯੂ.ਕੇ. ਦੀ ਇਕ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ), ਨਾਇਕ ਬੈਜੂ ਬਾਵਰਾ, ਨਾਇਕ ਸੂਰਜ ਖਾਂ- ਚਾਂਦ ਖਾਂ, ਨਾਇਕ ਮਲਿਕ ਨੱਥਟ ਖਾਂ (ਅਕਬਰ ਦੇ ਦੌਰ ਵਿਚ)। ਬ੍ਰਿਟਿਸ਼ ਲਾਇਬ੍ਰੇਰੀ ਵਿਚ ਸਾਂਭੇ ਪਏ ਇਕ ਦਸਤਾਵੇਜ਼ ਅਨੁਸਾਰ ਕੋਟ ਰਾਇ 1639 ਈ. ਵਿਚ ਆਬਾਦ ਹੋਇਆ ਸੀ। ਇਕ ਹੋਰ ਰਵਾਇਤ ਅਨੁਸਾਰ ਇਹ ਪਿੰਡ ਅਕਬਰ ਬਾਦਸ਼ਾਹ ਨੇ ਨਾਇਕ ਮਲਿਕ ਨੱਥਟ ਖਾਂ ਨੂੰ ਇਨਾਮ ਵੱਜੋਂ ਜਾਗੀਰ ਵਿਚ ਦਿੱਤਾ ਸੀ। ਇਸ ਘਰਾਣੇ ਬਾਰੇ ਹੋਰ ਤੱਥ ਵੀ ਦਿਲਕਸ਼ ਹਨ। ਜਿਵੇਂ ਕਿ ਆਈਨਾ-ਏ-ਅਕਬਰੀ ਵਿਚ ਚਾਂਦ ਖਾਂ ਦਾ ਜਿੱਥੇ ਅਕਬਰ ਦਾ ਦਰਬਾਰੀ ਗਾਇਕ ਹੋਣ ਦਾ ਜ਼ਿਕਰ ਆਉਂਦਾ ਹੈ, ਉਥੇ ਮੱਧ ਕਾਲ ਦੀਆਂ ਦੋ ਹੋਰ ਪੁਸਤਕਾਂ ਜਿਵੇਂ- ਕਿਤੋਜ਼ਕ ਅਤੇ ਇਕਬਾਲ-ਨਾਮਾ ਵਿਚ ਜਹਾਂਗੀਰ ਦੇ ਦਰਬਾਰੀ ਗਾਇਕਾਂ ਜਹਾਂਗੀਰ ਦਾਦ, ਚਤਰ ਖਾਂ, ਪਰਵੇਜ਼ ਦਾਦ, ਖੁਰਮ ਦਾਦ, ਮਖੂ ਅਤੇ ਹਮਜ਼ਾ ਦਾ ਜ਼ਿਕਰ ਵੀ ਮਿਲਦਾ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਹ ਸਾਰੇ ਦੇ ਸਾਰੇ ਛੇ ਕਲਾਕਾਰ ਸਕੇ ਭਰਾ ਸਨ ਅਤੇ ਮਲਿਕ ਨੱਥਟ ਖਾਂ ਦੇ ਬੇਟੇ ਸਨ। ਇਕ ਰਵਾਇਤ ਅਨੁਸਾਰ ਇਨ੍ਹਾਂ ਸਭਨਾਂ ਨੇ ਮਰਦਾਨਾ ਜੀ ਦੇ ਵੰਸ਼ਜਾਂ ਤੋਂ ਵੀ ਤਾਲੀਮ ਹਾਸਿਲ ਕੀਤੀ ਸੀ।

ਏਸੇ ਤਰਾਂ ਸ਼ਾਮ ਚੁਰਾਸੀ ਘਰਾਣਾ ਵੀ ਪੰਜਾਬ ਦਾ ਬੜਾ ਵਿਰਾਟ ਘਰਾਣਾ ਹੈ ਜਿਸ ਨੇ ਸਮੇਂ ਸਮੇਂ ਵੱਡੇ ਵੱਡੇ ਫ਼ਨਕਾਰ ਪੈਦਾ ਕੀਤੇ ਹਨ। ਇਸ ਘਰਾਣੇ ਦੇ ਵਾਰਸਾਂ ਦਾ ਕਹਿਣਾ ਹੈ ਕਿ 'ਸਾਡੇ ਘਰਾਣੇ ਦੀ ਨੀਂਹ ਦੋ ਭਰਾਵਾਂ-ਸੂਰਜ ਖਾਂ ਚਾਂਦ ਖਾਂ ਨੇ ਰੱਖੀ ਸੀ, ਜਿਹੜੇ ਮੀਆਂ ਤਾਨਸੈਨ ਦੇ ਹਮ-ਪੱਲਾ ਗਾਇਕ ਸਨ' ਤੇ ਉਨ੍ਹਾਂ ਦੇ ਹੀ ਦਾਅਵੇ ਅਨੁਸਾਰ ਆਈਨ-ਏ-ਅਕਬਰੀ ਵਿਚ ਜਿਹੜੇ ਚਾਂਦ ਖਾਂ ਦਾ ਜ਼ਿਕਰ ਮਿਲਦਾ ਹੈ, ਉਹ ਉਨ੍ਹਾਂ ਦੇ ਵਡੇਰਿਆਂ 'ਚੋਂ ਹੀ ਸੀ'। ਉਨ੍ਹਾਂ ਦਾ ਮੰਨਣਾ ਹੈ ਕਿ 'ਸਾਡੇ ਪੂਰਬ ਪਹਿਲਾਂ ਹਿੰਦੂ ਸਨ ਜਿੰਨ੍ਹਾਂ ਦੇ ਹਿੰਦੂ ਨਾਮ ਸਨ: ਸੁਧਾਕਰ ਅਤੇ ਦਿਵਾਕਰ, ਪਰ ਇਸਲਾਮ ਕਬੂਲ ਕਰਨ ਉਪਰਾਂਤ ਉਹ ਸੂਰਜ ਖਾਂ ਚਾਂਦ ਖਾਂ ਬਣ ਗਏ ਸਨ'। ਤਲਵੰਡੀ ਵਾਂਗ ਪਹਿਲਾਂ ਇਹ ਘਰਾਣਾ ਵੀ ਧਰੂਪਦੀਆਂ ਦਾ ਸੀ। ਤਲਵੰਡੀ ਵਾਲੇ ਮਰਨੋ ਮਰ ਗਏ ਪਰ ਆਪਣਾ ਰਵਾਇਤੀ ਧਰੁਪਦੀ ਅੰਗ ਨਾ ਛੱਡਿਆ, ਜਦਕਿ ਨਜ਼ਾਕਤ-ਸਲਾਤਮ ਹੁਰਾਂ ਨੇ ਵਕਤ ਦੀ ਨਜ਼ਾਕਤ ਨੂੰ ਤਾੜਦਿਆਂ, ਸਮੇਂ ਦੇ ਹਾਣੀ ਹੋਣ ਖਾਤਰ, 'ਖ਼ਿਆਲ ਗਾਇਕੀ' ਕਰਨ ਲੱਗ ਪਏ ਤੇ ਆਪਣੇ ਰਿਆਜ਼ ਸਦਕਾ ਸੰਗੀਤ ਦੀ ਦੁਨੀਆ 'ਚ ਉਹ ਮੁਕਾਮ ਪੈਦਾ ਕੀਤਾ ਜਿਹੜਾ ਕਿ ਜੱਗ-ਜ਼ਾਹਰ ਹੈ।

ਬਾਕੀ, ਤੁਸੀਂ ਕਸੂਰ ਘਰਾਣੇ ਬਾਰੇ ਵੀ ਪੁੱਛਿਆ ਸੀ- ਉਸ ਬਾਰੇ ਇਹ ਹੈ ਕਿ ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਇਹਨੇ ਵੀ ਕੁਝ ਤਕੜੇ ਗਵੰਤਰੀ-ਵਜੰਤਰੀ ਪੈਦਾ ਕੀਤੇ ਹਨ। ਜੇਕਰ ਤਲਵੰਡੀ ਘਰਾਣੇ ਵਾਲੇ ਵਾਲਿਆਂ 'ਚੋਂ ਬਾਬਾ ਅਤਰ ਖਾਂ ਮਾਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਸੀ ਤਾਂ ਕਸੂਰੀਆਂ 'ਚੋਂ ਬੜੇ ਗ਼ੁਲਾਮ ਅਲੀ ਖਾਂ ਦਾ ਪੁਰਖਾ

ਈਦੇ ਖਾਂ ਵੀ ਉਹਦੇ ਦਰਬਾਰ ਵਿਚ ਸੀ। 1901-02 ਵਿਚ ਜਦੋਂ ਤਵਿਆਂ ਵਾਲਾ ਵਾਜਾ ਈਜਾਦ ਹੋਇਆ ਤਾਂ ਦੇਸ਼ ਦੇ ਬਹੁਤੇ ਵੱਡੇ ਗਾਇਕ ਆਪਣੇ ਤਵੇ ਨਹੀਂ ਸਨ ਭਰਵਾਉਂਦੇ, ਅਖੇ 'ਅਜੇਹਾ ਕਰਨ ਨਾਲ ਆਵਾਜ਼ ਖਰਾਬ ਹੋ ਜਾਏਗੀ!' ਤਾਂ ਵੀ ਕੁਝ Gramophone {ਤਵਾ ਮਸ਼ੀਨ} ਕੰਪਨੀਆਂ ਨੇ ਉਨ੍ਹਾਂ ਨੂੰ ਮੁੜ-ਮੁੜ ਪ੍ਰੇਰ ਕੇ ਉਨਹਾਂ ਵਿਚੋਂ ਕੁਝ ਦੇ ਤਵੇ ਭਰਵਾ ਲਏ ਸਨ। ਜਿਵੇਂ ਕਿ 1904 ਵਿਚ ਉਸਤਾਦ ਕਾਲੇ ਖਾਂ ਦਾ ਤਵਾ ਤੇ ਕੁਝ ਸਮੇਂ ਬਾਅਦ ਅਹਿਮਦ ਬਖਸ਼ ਫਿਲੌਰ ਵਾਲੇ ਅਤੇ ਮੀਰਾਂ ਬਖਸ਼ ਦਾ, ਜਿਹੜੇ ਦੋਵੇਂ ਹੀ ਸ਼ਾਮ ਚੁਰਾਸੀ ਘਰਾਣੇ ਦੇ ਪ੍ਰਸਿੱਧ ਉਸਤਾਦ ਸਨ। ਉਨ੍ਹਾਂ ਦੇ ਤਵੇ 1908 ਵਿਚ ਭਰੇ ਗਏ ਸਨ।

ਬਾਕੀ ਰਿਹਾ ਪਟਿਆਲੇ ਘਰਾਣੇ ਬਾਰੇ- ਜਿਵੇਂ ਕਿ ਸਭ ਨੂੰ ਪਤਾ ਹੈ ਅੱਜ ਕੱਲ੍ਹ ਧਰੁਪਦ-ਧਮਾਰ ਦਾ ਤਾਂ ਸਮਾਂ ਨਹੀਂ ਰਿਹਾ, ਇਸ ਲਈ ਹੁਣ ਪੰਜਾਬ ਦੇ ਬਹੁਤੇ ਘਰਾਣੇ ਵੱਡੇ ਸਮੁੰਦਰ, ਭਾਵ ਪਟਿਆਲਾ ਘਰਾਣੇ 'ਚ ਆਣ ਸਮੋਏ ਹਨ- ਕੋਈ ਇਨ੍ਹਾਂ ਦੀ ਬਾਕਾਇਦਾ ਸ਼ਾਗਿਰਦੀ ਕਰਕੇ ਜਾਂ ਘੱਟੋ-ਘੱਟ ਉਨ੍ਹਾਂ ਦੀ ਨਕਲ ਕਰਦਿਆਂ ਉਨ੍ਹਾਂ ਦਾ ਅੰਗ ਅਪਣਾ ਕੇ!-ਸ਼ਬੋ ਰੋਜ਼ ਮਿਲਤੇ ਹੈਂ ਸਮੰਦਰ ਮੇਂ ਦਰਿਆ ਮਗਰ, ਸਮੰਦਰ ਕਭੀ ਦਰਿਆ ਮੇਂ ਨਹੀਂ ਮਿਲਤਾ! ਇਸ ਹਿਸਾਬ ਨਾਲ਼ ਇਹ ਗੱਲ ਆਖੀ ਜਾ ਸਕਦੀ ਹੈ ਕਿ ਅੱਜ ਕੱਲ੍ਹ ਸਾਰਾ ਜਹਾਨ ਹੀ ਕਰੀਬਨ 'ਪਟਿਆਲਾ' ਗਾ ਰਿਹਾ ਹੈ। ਉਸਤਾਦ ਕਾਲੇ ਖਾਂ ਜਾਂ ਬੜੇ ਗ਼ੁਲਾਮ ਅਲੀ ਖਾਂ ਕਹਿਣ ਨੂੰ ਤਾਂ ਭਾਵੇਂ ਕਸੂਰੀਏ ਹਨ ਪਰ ਪਟਿਆਲੀਆਂ ਦੇ ਸ਼ਾਗਿਰਦ ਹੋਣ ਕਾਰਕੇ, ਉਨ੍ਹਾਂ ਦਾ ਅੰਗ ਗਾਉਣ ਕਾਰਨ, ਹੁਣ ਉਨ੍ਹਾਂ ਦੀ ਗਿਣਤੀ ਪਟਿਆਲਾ ਘਰਾਣੇ ਵਿਚ ਹੀ ਕੀਤੀ ਜਾਂਦੀ ਹੈ।

? ਇਨ੍ਹਾਂ ਤੋਂ ਇਲਾਵਾ ਲੇਖਕ ਭਾਈਚਾਰੇ ਨਾਲ ਤੁਹਾਡੇ ਤੁਆਲਕ ?

• ਉਹ ਜੀ ਇਸ ਤਰ੍ਹਾਂ ਪਈ, ਸ਼ੁਰੂ ਵਿਚ ਤਾਂ ਜਿਹੜੇ ਅਵਤਾਰ ਸਿੰਘ ਜੀ 'ਆਜ਼ਾਦ' ਹੋਏ ਨਾ, ਉਹ ਸਾਡੇ ਘਰਾਂ ਤੋਂ ਤਿੰਨ ਫਰਲਾਂਗ ਦੀ ਦੂਰੀ ਤੇ ਰਹਿੰਦੇ ਸੀ।ਤੇ ਸ਼ਾਮ ਕੁ ਜੇ ਨੂੰ ਸੈਰ ਕਰਨ ਨਿਕਲਦੇ ਹੁੰਦੇ ਸੀ। ਤੇ ਮੈਨੂੰ ਵੀ ਛੋਟੀ-ਮੋਟੀ ਕਵਿਤਾ-ਕੁਵਤਾ ਦਾ ਸ਼ੌਕ ਸੀ, ਉਦਾਂ ਇਹ ਇਹ ਜ਼ਰੂਰ ਸੀਗਾ ਪਈ ਇਹ ਜਿਹੜਾ ਲੇਖਕ ਹੈ ਨਾ, ਉਨ੍ਹਾ ਨੂੰ ਮਿਲਿਆ ਜਾਵੇ ਬੈਠਿਆ ਜਾਵੇ, ਜੇ ਕਰ ਲੈਣ ਤਾਂ ਗੱਲਬਾਤ ਵੀ ਕੀਤੀ ਜਾਵੇ।ਸਭ ਤੋਂ ਪਹਿਲਾ ਨਾਮ ਉਨ੍ਹਾਂ ਦਾ ਹੀ ਹੈ। ਉਹ ਉਦੋਂ 'ਪ੍ਰਭਾਤ' ਅਖ਼ਬਾਰ ਵਿਚ ਸੰਪਾਦਕ ਵੀ ਰਹੇ। ਬਲਕਿ ਉਹ ਤਾਂ ਜ਼ਬਤ ਵੀ ਹੋਇਆ- ਉਹ ਸਿਰ ਕੱਢਵੇਂ ਆਜ਼ਾਦੀ ਘੁਲਾਟੀਏ ਸਨ। ਮੈਂ ਕਿਹਾ ਮੇਰਾ ਇਨ੍ਹਾਂ ਦੇ ਦਰਸ਼ਨ ਕਰਨੇ ਨੂੰ ਦਿਲ ਕਰਦਾ ਤੇ ਇਹ ਗੱਲ 1952 ਦੀ ਆ, ਇਨ੍ਹਾਂ ਨਾਲ ਗੱਲਬਾਤ ਹੋਈ ਤਾਂ ਮੈਂ ਕਿਹਾ ਆਜ਼ਾਦ ਸਾਹਬ, (ਇਨ੍ਹਾਂ ਕੋਲ ਆਉਂਦੇ ਹੁੰਦੇ ਸੀ ਉਹ ਡਾਕਟਰ ਜੀਤ ਸਿੰਘ ਸੀਤਲ, ਉਹ ਦੂਜੇ ਮਾਵਾ-ਮੂਵਾ,....ਭੰਗ-ਭੁੰਗ...! ਚਲੋ ਛੋਟਾ-ਮੋਟਾ ਚਲਦਾ ਇਹੋ ਜਿਹਾ...!) ਤੇ ਹੋਰ ਵੀ ਇਨ੍ਹਾਂ ਕੋਲ, ਆਉਂਦੇ ਜਾਂਦੇ ਸੀ, ਤੇ ਮੈਂ ਕਿਹਾ "ਜੀ ਇਦਾਂ ਨੀ ਹੋ ਸਕਦਾ ਹੈ ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਵੀ ਦਰਸ਼ਨ-ਦੁਰਸ਼ਨ ਕਰ ਲਿਆ ਕਰਾਂ..." ਉਨ੍ਹਾਂ ਕਿਹਾ ਕੋਈ ਨੀ। ਖ਼ੈਰ ਉਹ ਜਾਂ ਵੇਲੇ ਕੁਵੇਲੇ ਆਉਂਦੇ ਹੋਣਗੇ ਜਾਂ ਨਾ ਵੀ ਆਉਂਦੇ ਹੋਣਗੇ ਪਰ ਇਹ ਗੱਲ ਅੱਗੇ ਨਾ ਵਧੀ। ਪਰ ਮੇਰੇ ਮਨ ਵਿਚ ਸੀ ਕਿ ਦਰਸ਼ਨ ਇਨ੍ਹਾਂ ਸਾਰੇ ਲੋਕਾਂ ਦੇ ਕਰਾਂ- ਨਾਨਕ ਸਿੰਘ ਹੋਇਆ, ਮੋਹਨ ਸਿੰਘ ਹੋਇਆ...ਨਾ-ਨੂੰ ਤਾਂ ਪਤਾ ਸੀ, ਥੋੜਾ ਬਹੁਤਾ ਪੜ੍ਹਦੇ ਵੀ ਸੀ..।ਚਲੋ ਜਦੋਂ ਉਨ੍ਹਾਂ ਨਾਲ ਗੱਲ ਕੀਤੀ ਤਾਂ ਉਹਨੂੰ ਬੜੀ ਅੱਛੀ ਲੱਗੀ ਗੱਲ। ਇਹਨੇ ਫਿਰ ਸਾਡੇ ਕਾਲਜ ਦੇ ਪ੍ਰਿੰਸੀਪਲ ਤਾਲਿਬ ਨਾਲ ਗੱਲ ਕੀਤੀ ਪਈ ਅਇਦਾਂ ਇਹ ਤੁਹਾਡਾ ਵਿਦਿਆਰਥੀ ਗੱਲ ਕਰਦਾ, (ਇਨ੍ਹਾਂ ਨੂੰ ਲੋੜ ਆਪਣੀ ਹੁੰਦੀ ਆ ਪਈ ਸਾਡੀ ਕੋਈ ਖਬਰ-ਖੁਬਰ ਲੱਗ ਜੂ), ਤਾਂ ਜਦੋਂ ਉਹਨੇ ਗੱਲ ਕੀਤੀ ਮੋਹਨ ਸਿੰਘ ਤਾਂ ਉਦੋਂ ਅਜੇ ਅੰਬਰਸਰ ਈ ਸੀ, 'ਪੰਜ ਦਰਿਆ' ਕਢਦੇ ਸੀ। ਮੈਂ ਤਾਂ ਉਦੋਂ ਬੱਚਾ ਜਿਹਾ ਸੀ ਤੇ ਉਹ ਅੱਗੇ ਈ ਬੜਾ ਵੱਡਾ ਬੰਦਾ ਸੀ, ਉਨ੍ਹੇਂ ਗੁਰੂ ਗ੍ਰੰਥ ਸਹਿਬ ਦਾ ਤਰਜਮਾ ਕੀਤਾ, ਤੁਹਾਨੂੰ ਪਤਾ ਲਗਦਾ ਕਿ ਕੀ ਚੀਜ਼ ਆ, 1934/35 'ਚ ਸਾਂਝੇ ਪੰਜਾਬ ਵਿਚ ਇਹ ਪਹਿਲੇ ਦਰਜੇ ਤੇ ਆਇਆ ਸੀ ਅੰਗਰੇਜ਼ੀ 'ਚ, ਗੁਰਬਚਨ ਸਿੰਘ ਤਾਲਿਬ। ਤਾਂ ਉਹਨੇ ਮੇਰੀ ਪੇਸ਼ੀ ਕਰ ਲਈ। ਮੈਂ ਡਰ ਗਿਆ, ਮੈਂ ਕਿਹਾ ਪਤਾ ਨਹੀਂ ਭੈਂ...ਚੋ ਕੀ ਸਿਆਪਾ ਪੈ ਗਿਆ! ਤੇ ਚਲੋ, ਗਿਆ ਤਾਂ ਕਹਿੰਦੇ "ਕੀ ਤੂੰ ਕਰਦਾ-ਕੁਰਦਾ ਹੁੰਦੈਂ...!" ਮੈਂ ਕਿਹਾ ਜੀ ਮੈਂ ਤੁਹਾਡੇ ਕਾਲਜ ਵਿਚ ਪੜ੍ਹਦਾਂ..ਤੇ ਆਹ ਗੱਲ ਆ...। ਉਨ੍ਹੂੰ ਵੀ ਬੜਾ ਅੱਛਾ ਲੱਗਾ। ਉਹ ਬੜਾ ਆਲਮ ਬੰਦਾ ਸੀ। ਇਹ 1952-53 ਦੀ ਗੱਲ ਹੈ ਤੇ ਉਹਨੇ ਫਿਰ ਸਾਰੇ ਲੇਖਕ ਸੱਦੇ ਸੀ, ਕੋਈ ਭਾਵੇਂ ਰਹਿ ਗਿਆ ਹੋਵੇ।

? ਕਿਥੇ ਸੱਦੇ ਸੀ?

• ਜਲੰਧਰ ਖਾਲਸਾ ਕਾਲਜ ਵਿਚ। ਗੁਰਨਾਮ ਸਿੰਘ ਤੀਰ ਦੇ ਮੈਂ ਕਾਫੀ ਨੇੜੇ ਰਿਹਾਂ। ਇਹ 'ਚਾਚਾ ਚੰਡੀਗੜ੍ਹੀਆ' ਨਾਮ ਥੱਲੇ ਵੀ ਛੱਪਦੇ ਸੀ। ਅਸਲ ਵਿਚ ਇਨ੍ਹਾਂ ਨੇ ਮੈਨੂੰ ਸੱਦਿਆ ਪਈ ਇਹ ਬੰਦਾ ਅੰਗਰੇਜ਼ੀ ਚੰਗੀ ਲਿਖ ਲੈਂਦਾ। ਇਨ੍ਹਾਂ ਕਾਂਗਰਸੀਆਂ ਦੇ ਮਨ 'ਚ ਸੀ ਪਈ 'ਹਰੀਜਨ' ਰਸਾਲਾ ਕੱਢੀਏ।ਸੱਦਿਆ ਤਾਂ ਮੈਨੂੰ ਇਸ ਕਰਕੇ ਸੀ। ਇਕ

ਮੋਹਣੀ ਕਪੂਰ ਸੀ, ਕਨ੍ਹਈਆ ਲਾਲ ਕਪੂਰ ਦਾ ਲੜਕਾ। ਇਹ ਪਹਿਲਾਂ ਤਾਂ ਲਾਹੌਰ ਸਨ ਤੇ ਫਿਰ ਤੁਹਾਡੇ ਉਥੇ ਮੋਗੇ। ਇਹ ਪੰਜਾਬ ਦੇ ਉਚ ਕੋਟੀ ਦੇ ਹਾਸ-ਰਸ ਲੇਖਕਾਂ ਚੋਂ ਹੋਇਆ। ਤਾਂ ਇਕ ਤਾਂ ਮੋਹਣੀ ਕਪੂਰ ਸੀ ਇਨ੍ਹਾ ਨੇ ਪਹਿਲਾਂ ਈ ਸੱਦਿਆ ਹੋਇਆ ਸੀ, ਬੜਾ ਸਿਆਣਾ ਬੰਦਾ ਸੀ, ਤੇ ਨਾਲ ਮੈਨੂੰ ਸੱਦਿਆ ਪਈ ਤੁਸੀਂ ਇਕੱਠੇ ਰਲ਼ ਕੇ "ਹਰੀਜਨ" ਕਢਣਾ। ਪਰ ਮੈਂ ਸੋਚਿਆ ਯਾਰ "ਹਰੀਜਨ" ਕੀ ਕਢਣਾ, ਸਾਰਿਆਂ ਨੇ ਸੋਚਣਾ ਮੈਂ ਵੀ ਖਰੇ "ਇਨ੍ਹਾਂ" 'ਚੋਂ ਈ ਆਂ! ਇਹ ਘਟੀਆ ਗੱਲ ਸੀ। ਜਾਣੀ ਸੋਚ ਤਾਂ ਮੇਰੀ ਨਹੀਂ ਸੀ ਚੰਗੀ...! ਫਿਰ ਸਰਦੂਲ ਸਿੰਘ ਕਵੀਸ਼ਰ ਜੋ ਪਹਿਲਾਂ ਦਿੱਲੀ ਰਹਿੰਦੇ ਸੀ, ਪ੍ਰਧਾਨ ਵੀ ਰਹੇ, ਬੜੇ ਵੱਡੇ ਆਲਮ ਸਨ, ਇਹਨਾਂ ਦੀਆਂ ਸੰਪਾਦਕੀਆਂ ਪੜ੍ਹਕੇ ਦੇਖੋ, ਬੜੀ ਜ਼ੋਰਦਾਰ ਅੰਗਰੇਜ਼ੀ, ਇਨ੍ਹਾਂ ਦੀਆਂ ਕਿਤਾਬਾਂ ਵੀ ਅੰਗਰੇਜ਼ੀ 'ਚ ਛਪੀਆਂ। ਇਨ੍ਹਾਂ ਨੇ ਫਿਰ ਕਢਿਆ ਸੀ "ਸੁਭਾਸ਼ ਚੰਦਰ ਬੋਸ" ਫਾਰਵਰਡ ਬਲਾਕ ਬਣਨ 'ਤੇ। ਕਾਂਗਰਸ ਦੇ ਵੀ ਸੀ ਤੇ ਹਰ ਤਰ੍ਹਾਂ ਦੇ ਬੰਦੇ ਸੀ। ਉਨ੍ਹਾਂ ਦੀ ਪ੍ਰਤਿਭਾ ਤੋਂ ਮੈਂ ਬਹੁਤ ਪ੍ਰਭਾਵਤ ਸੀ। ਸਰਦੂਲ ਸਿੰਘ ਕਵੀਸ਼ਰ ਤੋਂ। ਬਹੁਤ ਵੱਡਾ scholor {ਵਿਦਵਾਨ} ਹੋਇਆ। ਉਨ੍ਹਾਂ ਨੂੰ ਮੈਂ ਬੜ੍ਹਾਪੇ ਦੇ ਆਲਮ 'ਚ ਵੀ ਕਦੇ ਆਰਾਮ ਕਰਦੇ ਨਹੀਂ ਦੇਖਿਆ। ਉਹ ਲਿਖਦੇ ਪੜ੍ਹਦੇ ਰਹਿੰਦੇ ਸੀ। ਉਨ੍ਹਾਂ ਨੇ ਇਕ ਟਾਈਪਸਿਟ ਰੱਖਿਆ ਸੀ- ਚੰਦਰ ਕਿ ਕੀ ਨਾਮ ਸੀ, ਉਹਨੂੰ ਕਾਗਜ਼ਾਂ ਦੇ ਕਾਗਜ਼ ਦੇਈ ਜਣੇ, ਉਹਨੇ ਟਾਈਪ ਕਰੀ ਜਾਣਾ..ਬੜਾ ਵੱਡਾ ਘਰ ਸੀ, ਬਹੁਤ ਤਸਵੀਰਾਂ ਸਨ ਉਨ੍ਹਾ ਕੋਲ।ਉਨ੍ਹਾ ਦੀ scholarship{ਵਿਦਵਤਾ}ਤੋਂ ਬਹੁਤ ਮੁਤਾਸਰ ਹੋਇਆ ਤੇ ਪ੍ਰੋਫੈਸਰ ਮੋਹਨ ਸਿੰਘ ਦੀ ਸ਼ਾਇਰੀ ਤੋਂ ਬਹੁਤ ਜ਼ਿਆਦਾ ਮੁਤਾਸਰ ਹੋਇਆ। ਫਿਰ ਤੇਜਾ ਸਿੰਘ ਪ੍ਰਿੰਸੀਪਲ ਜੀ ਨੂੰ ਗਲਪ ਲੇਖਕਾਂ ਵਿਚ ਬਹੁਤ ਮੰਨਦਾਂ। ਉਨਾਂ ਦੀਆਂ ਗੱਲਾਂ-ਬਾਤਾਂ ਤੋਂ ਵੀ ਤੇ ਉਨ੍ਹਾਂ ਨੂੰ ਪੜ੍ਹਿਆ ਵੀ। ਫਿਰ ਤੁਸੀਂ ਉਹ ਗੰਡਾ ਸਿੰਘ ਹੁਰਾਂ ਦੀ ਪੜ੍ਹ ਕੇ ਵੇਖੋ ਜਿਹੜੀ 'Histroy of the Sikhs' ਕਿਤਾਬ ਲਿਖੀ। ਬਾਕੀ ਉਹ ਅੰਮ੍ਰਿਤਾ ਹੋਣੀਂ ਵੀ ...ਪਰ ਮੈਂ ਕੋਈ ਟਿੱਪਣੀ ਨਹੀਂ ਕਰਾਂਗਾ। ਪਰ ਇਨ੍ਹਾਂ ਸਾਰਿਆਂ ਚੋਂ ਪ੍ਰੋਫੈਸਰ ਮੋਹਨ ਸਿੰਘ ਨੂੰ ਕਿਤੇ ਵੱਡੀ ਸ਼ਖਸੀਅਤ ਮੰਨਦਾਂ। ਬਾਕੀ ਕੁਝ ਮੇਰੇ ਜਮਾਤੀ ਵੀ ਅੱਛੇ ਜ਼ੋਰਦਾਰ ਲੇਖਕ ਹੋਏ ਆ।

? ਜਮਾਤੀ ਕੌਣ?

• ਇਹ ਤਾਂ ਚਲੋ ਮੇਰੇ ਸੀਨੀਅਰ ਆ- ਸੁਰਜੀਤ ਹਾਂਸ, ਨਵੇਕਲਾ ਵਿਦਵਾਨ! ਫਿਰ ਮੀਸ਼ਾ ਹੋ ਗਿਆ। ਅਜਾਇਬ ਕਮਲ ਮੈਨੂੰ ਮਿਲਣ ਆਉਂਦੇ ਰਹੇ, ਉਥੇ ਮਹਿਲਪੁਰ ਕਾਲਜ ਵਿਚ ਹੁੰਦੇ ਸੀ। ਪ੍ਰੋਫੈਸਰ ਪਰਮਿੰਦਰ ਸਿੰਘ ਦੀ ਆਲੋਚਨਾ ਤੋਂ ਮੁਤਾਸਰ ਸੀ। ਉਹ ਮੇਰੇ ਤੋਂ ਬੜੇ ਮੁਤਾਸਰ ਸੀ ਹਾਲਾਂਕਿ ਕਿਤਾਬ ਤਾਂ ਉਦੋਂ ਇਕ-ਅੱਧੀ ਲਿਖੀ ਸੀ, ਜਿਦਾਂ ਡਾਕਟਰ ਰੰਧਾਵਾ ਸੀ। ਉਸਨੂੰ ਰੰਧਾਵੇ ਨੂੰ ਤਾਂ ਇਹ ਸੀ ਪਈ ਇਹ ਪੰਜਾਬ ਦੀ ਗੱਲ ਬੜੀ ਸੋਚਦਾ..। ਮਤਲਬ ਉਸ ਉਪਰ ਇਸ ਤਰਾਂ ਦਾ ਪ੍ਰਭਾਵ ਪੈ ਗਿਆ ਸੀ। ਅਈਦਾਂ ਆ ਜੀ..ਫਿਰ ਸੁਰਜੀਤ ਸਿੰਘ ਸੇਠੀ ਹੁੰਦਾ ਸੀ, ਰੇਡੀਓ ਸਟੇਸ਼ਨ ਤੇ। ਫਿਰ ਡਾਕਟਰ ਹਰਨਾਮ ਸਿੰਘ ਸ਼ਾਨ..ਹੁਣ ਤਾਂ ਮੈਨੂੰ ਨਾਮ ਵੀ ਯਾਦ ਨਹੀਂ ਰਹੇ..! ਇਕ ਬਲਬੀਰ ਸਿੰਘ ਦਿਲ ਹੁੰਦਾ ਸੀ..., ਫਿਰ ਗੁਲਵੰਤ ਸਿੰਘ ਫਾਰਿਗ ਕਿ ਕੀ...ਜਾਂ ਤਾਂ ਇਹ ਖਾਲਸਾ ਕਾਲਜ ਜਲੰਧਰ ਨਾਲ ਸੰਬੰਧਤ ਹੁੰਦੇ ਸਨ ਜਾਂ ਫਿਰ ਬਿਊਰੋ ਨਾਲ..ਇਹ ਇਕ ਸੰਸਥਾ ਸੀ...ਫਿਰ ਉਹ ਵੀ ਇਥੇ ਰਹੇ ਰੇਡੀਓ ਸਟੇਸ਼ਨ ਤੇ ਜਿਹੜੇ ਦਿੱਲੀ 'ਚ ਐਮ. ਪੀ. ਵੀ ਬਣੇ ਸੀ, ਕੀ ਨਾਮ – ਦੁੱਗਲ ਸਾਹਬ, ਕਰਤਾਰ ਸਿੰਘ ਦੁੱਗਲ। ਦੁੱਗਲ ਸਾਹਬ ਨਾਲ ਮੈਂ ਬਹੁਤਾ ਰਾਬਤੇ 'ਚ ਨਹੀਂ ਸੀ। ਜਸਵੰਤ ਸਿੰਘ ਕੰਵਲ ਤੇ ਉਨ੍ਹਾਂ ਦੇ ਨਾਵਲਾਂ ਤੋਂ ਵੀ ਮੈਂ ਕਾਫ਼ੀ ਪ੍ਰਭਾਵਤ ਰਿਹਾਂ, ਉਨ੍ਹਾਂ ਨਾਲ ਵੀ ਮੇਰਾ ਠੀਕ-ਠਾਕ ਰਿਹਾ ਪਰ ਦੂਰ ਹੋਣ ਕਰਕੇ ਬਹੁਤਾ ਨਹੀਂ ਸੀ ਜਾ ਹੁੰਦਾ। ਉਦਾਂ ਕਦੇ ਸਬੱਬ ਬਣ ਜਾਣਾ, ਨਹੀਂ ਤਾਂ ਨਹੀਂ...ਬਸ ਅਇਦਾਂ ਈ ਆ ਜੀ ਸਿਲਸਿਲਾ....! ਫਿਰ ਇਕ ਹੀਰਾ ਸਿੰਘ ਦਰਦ ਹੁੰਦੇ ਸੀ ਬੜੇ ਆਜ਼ਾਦੀ ਘੁਲਾਟੀਏ...ਤੇ ਇਕ ਆ ਜਿਹੜੇ ਮਰ ਗਏ ਸੀ, ਨੰਦ ਲਾਲ ਨੂਰਪੁਰੀ ਜੀ, ਇਹ ਸਾਡੇ ਘਰਾਂ ਦੇ ਲਾਗੇ ਈ ਸੀ...!

? ਤੁਹਡੀਆਂ ਮੁੱਖ ਲਿਖਤਾਂ ਬਾਰੇ ਦੱਸੋ। ਕਿਹੜੀ-ਕਿਹੜੀ ਕਿਤਾਬ ਛਪੀ ਹੈ ਤੇ ਕਿਹੜੀ ਅਜੇ ਛਪਣੀ ਹੈ?

• ਮੇਰੀ ਜੀ ਕਿਤਾਬ "ਭਾਰਤ ਦੇ ਪਹਿਲਵਾਨ" ਇਹ ਸਾਰਿਆਂ ਨਾਲੋਂ ਪਹਿਲਾਂ ਛਪੀ। ਬਹੁਤ ਮਕਬੂਲ ਤਰੀਨ ਕਿਤਾਬ ਆ, ਇਹ ਜੇ ਮੈਂ ਭੁਲਦਾ ਨਹੀਂ ਤਾਂ 1964 'ਚ ਛਪੀ ਸੀ। ਫਿਰ "ਗੀਤ ਮੇਰੇ ਸਾਜ਼ ਤੇਰੇ" ਇਹ ਸ਼ਾਇਰੀ ਆ...। "ਪੰਜਾਬ ਦੇ ਸ਼ਹਿਰ" – ਇਹ ਕਸਬਿਆ ਬਾਰੇ ਆ..ਇਨ੍ਹਾਂ ਦੇ ਨਾਮ ਕਿਵੇਂ ਪਏ, ਕਿਵੇਂ ਉਸਾਰੀ ਹੋਈ, ਕੋਈ ਪੀਰਾਂ-ਫਕੀਰਾਂ ਦਾ ਸਰਸਰੀ ਇਤਹਾਸਕ ਜ਼ਿਕਰ ਕੋਈ ਹੋਵੇ...। ਆਪਣੇ ਆਪ ਵਿਚ ਇਹ ਕਿਤਾਬ ਸੁਹਣੀ ਠੀਕ-ਠਾਕ ਮਕਬੂਲ ਹੋਈ। ਤਾਂ ਫੇਰ "ਪੰਜਾਬ ਕਬੱਡੀ ਦਾ ਇਤਹਾਸ" ਛਪ ਗਈ।ਕਬੱਡੀ ਨਾਲ ਮੈਂ ਬਹੁਤ ਸੰਬੰਧਤ ਰਿਹਾ। ਜਦੋਂ ਪਹਿਲੇ ਅੰਤਰ ਰਾਸ਼ਟਰੀ ਕਬੱਡੀ ਮੁਕਾਬਲੇ ਹੋਏ ਅਮਰੀਕਾ-ਕਨੇਡਾ ਵਿਚ ਤਾਂ ਮੈਂ ਬਤੌਰ ਮਨੈਜਰ ਨਾਲ ਗਿਆ ਸੀ।

? ਹੋਰ ਕਿਤਾਬਾਂ?

• "ਆਲਮੀ ਕਬੱਡੀ ਦਾ ਇਤਿਹਾਸ"- ਫਿਰ ਇਕ ਉਹ ਕਿਤਾਬਚਾ ਜਿਹਾ ਸੀਗਾ – "Sikhs Over the Years". ਹੋਰ ਆਹ ਇਕ ਕਿਤਾਬ ਸੰਪਾਦਨ ਕੀਤੀ ਸੀ- "ਅੰਤਰਾਸ਼ਟਰੀ ਪੰਜਾਬੀ ਸਾਹਿਤ"- ਇਥੋਂ ਦੀਆਂ ਸਾਹਿਤ ਸਭਾਵਾਂ ਦੇ ਮੈਂਬਰਾਂ ਦੀਆਂ ਲਿਖਤਾਂ ਸੀ- ਕਿਸੇ ਦੀ ਕਹਾਣੀ, ਕਿਸੇ ਦੀ ਕਵਿਤਾ...। ਬਸ ਐਦਾਂ ਦਾ ਜੀ ਜੋ ਛਪਿਆ...।

? ਭਵਿੱਖ ਲਈ ਕੋਈ ਕਿਤਾਬ ਤਿਆਰ ਕਰਕੇ ਰੱਖੀ ਹੋਵੇ ਜਾਂ ਕੁਝ ਛਪਣ ਵਾਲਾ ਹੋਵੇ, ਉਸ ਬਾਰੇ ਦੱਸੋ।

• ਉਹ ਜੀ ਪੰਜਾਬ ਦੇ ਸੰਗੀਤ ਦੀ ਪਿਛਲੇ ਤਿੰਨ ਚਾਰ ਸਦੀਆਂ ਦੀ ਜੋ ਵਿਰਾਸਤ ਆ, ਉਹਨੂੰ ਮੈਂ ਇਕੱਠਾ ਕੀਤਾ। ਵੱਧ ਤੋਂ ਵੱਧ ਫੋਟਗ੍ਰਾਫ, ਤਸਵੀਰਾਂ, ਖਾਕੇ, ਕਾਰਟੂਨ...ਉਹ ਕੱਠੇ ਕੀਤੇ। ਇਸ ਕਿਤਾਬ ਦਾ ਖਰੜਾ ਤਿਆਰ ਹੋ ਚੁੱਕਾ ਹੈ। ਉਹ ਹੁਣ ਇਕ ਕਿਤਾਬ ਵਿਚ ਛਪਦੀ ਆ ਜਾਂ ਦੋ-ਤਿੰਨ ਛਪਦੀਆਂ...ਜਿਵੇਂ ਮੈਂ ਸੋਚਦਾ ਸੀ ਉਹ ਬਾਈਆਂ ਵਾਲਾ ਹਿੱਸਾ ਇਕ ਪਾਸੇ ਕਰ ਦਈਏ...। ਫਿਰ ਇਕ ਮੇਰੀ ਹੋਰ ਕਿਤਾਬ ਉਹ ਛਾਪੇ 'ਚ ਜਾਣ ਨੂੰ ਤਿਆਰ ਆ – "Gama, The Lion of the Ganges". ਕਦੋਂ ਦੀ ਮੁਕੰਮਲ ਹੋਈ ਪਈ ਆ। ਇਹ ਅੰਗਰੇਜ਼ੀ ਵਿਚ ਆ ਤੇ ਇਹਦੇ ਕੁਸ਼ ਕੁ ਹਿਸੇ ਛਪੇ ਵੀ ਬਾਹਰ-ਅੰਦਰ। ਇਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਬਹੁਤ ਸਲਾਹੁਤਾ ਮਿਲੀ ਬਲਕਿ ਕੁਝ ਤਾਂ ਮੇਰੇ ਮਗਰ ਪਏ ਪਈ ਤੂੰ ਐਨਾ ਕੰਮ ਕੀਤਾ, ਛਾਪਦਾ ਕਿਓਂ ਨਹੀਂ! ਤੇ ਫਿਰ ਇਕ ਹੈਗੀ ਜੀ "Kings of the Indian Wrestling", ਉਹ ਵੀ ਅੰਗਰੇਜ਼ੀ 'ਚ ਈ ਆ। ਮੇਰਾ ਨਜ਼ਰੀਆ ਇਹ ਆ ਪਈ ਪੰਜਾਬੀ ਵਿਚ ਤਾਂ ਚਲੋ ਜਿੰਨਾਂ ਵੀ ਕੰਮ ਹੋਇਆ, ਉਹ ਤਾਂ ਹੋਇਆ, ਹੁਣ ਮੈਂ ਇਨ੍ਹਾਂ ਦੀ (ਦੁਨੀਆ ਨਾਲ) ਜਾਣ-ਪਛਾਣ ਕਰਾਵਾਂ ਜੋ ਵੀ ਪੰਜਾਬ ਦੀ ਦੇਣ ਆ, ਇਕ ਤਰੀਕੇ ਨਾਲ। ਤਾਂ..ਇਹ ਵੀ ਛਪਣ ਹਿਤ ਹੈਗੀ ਆ। ਬਾਕੀ ਪੀਰਾਂ-ਫਕੀਰਾਂ ਬਾਰੇ ਵੀ ਲਿਖਣਾ ਮੇਰੇ ਮਨ ਜੀ ਸੀਗਾ ਜਿਸ ਨੂੰ ਹਲੇ ਮੈਂ ਪਾਸੇ ਕੀਤਾ ਹੋਇਆ.ਇਕ ..ਤਰਾਂ ਦਾ ਵਿਸ਼ਵਕੋਸ਼ ਜਣੀ..ਤੇ ਉਹ ਖਰੇ ਮੇਰੇ ਤੋਂ ਨਾਂ ਵੀ ਹੋਵੇ! ਕਿਉਂਕਿ ਮੇਰੇ ਹਿਸਾਬ ਨਾਲ ਜੋ ਉਸ ਗੱਲ ਦਾ ਸੁਹੱਪਣ ਸੀ ਉਹ ਅੱਜ-ਕਲ੍ਹ ਦੇ "ਸੰਤਾਂ" ਨੇ ਥੋੜਾ ਗੰਧਲਾ ਕਰਤਾ...ਮੇਰੇ ਮਨ ਤੇ ਵੀ ਅਸਰ ਪਿਆ। ਆਹ ਹੁਣ ਦੇ ਡੇਰੇ-ਡੂਰੇ – ਇਹ ਦੁਕਾਨਦਾਰੀਆਂ ਆ! ਚਲੋ ਜ਼ਰੂਰੀ ਵੀ ਨਹੀਂ, ਵਿਚ-ਵਿਚ ਸੱਚੇ-ਸੁਚੇ ਬੰਦੇ ਵੀ ਹੋਏ, ਮੁਸਲਮਾਨ ਵੀ ਤੇ ਹਿੰਦੂ-ਸਿਖ ਵੀ..। ਤੇ ਉਹ ਨਾਂ ਸਾਰਿਆਂ ਬਾਰੇ, ਜਿਹੜੀ ਵੀ ਜਾਣਕਾਰੀ ਇਕੱਠੀ ਕੀਤੀ ਆ ਲੋਕਾਂ ਨੇ, ਮੈਂ ਤਾਂ ਹਮੇਸ਼ਾਂ 'ਲੋਕਾਇਣ' ਨੂੰ ਬਹੁਤ ਮੰਨਦਾਂ, ਜਿਵੇਂ ਆ ਡਾਕਟਰ ਥਿੰਦ ਸਾਹਬ (ਕਰਨੈਲ ਸਿੰਘ ਥਿੰਦ) ਨੇ ਤਾਂ 'ਲੋਕਯਾਨ' ਲਿਖਿਆ, ਚਲੋ ਉਹ ਤਾਂ ਵੱਡੇ ਬਹੁਤ ਵਿਦਵਾਨ..। ਇਹ ਅਸਲੀ ਤਾਂ "ਲੋਕਾਇਣ" ਆ, ਜਿਵੇਂ ਰਾਮ ਦੀ ਕਥਾ ਤੋਂ "ਰਾਮਾਇਣ" ! ਇਸ ਤਰਾਂ ਦਾ ਕੋਈ ਸਿੱਧਾ ਸ਼ਬਦ, ਪੰਜਾਬੀ ਵਿਚ ਸਰਲ ਵੀ..ਪਰ ਚਲੋ ਉਹ ਆਪਣੇ ਥਾਂ ਵਿਦਵਾਨ ਆ, ਦੁਨੀਆ ਮੰਨਦੀ ਉਨ੍ਹਾਂ ਨੂੰ। ਪਰ ਮੇਰੇ ਖਿਆਲ ਕਈ ਵਾਰੀ ਜੁਦਾ ਵੀ ਹੁੰਦੇ ਆ...।ਚਲੋ ਕੋਸ਼ਿਸ਼ ਮੇਰੀ ਰਹੀ ਪਈ ਯਾਰ ਉਨਾਂ ਬਾਰੇ ਕੋਈ ਬੋਲੀ, ਕੋਈ ਪ੍ਰਚੱਲਤ ਲੋਕ ਗੀਤ ਵੀ ਹੈਗਾ? ਮਤਲਬ ਹੋਰ ਤਾਂ ਛੱਡੋ ਪਈ ਕਿਥੋਂ ਤੱਥ ਕੱਠੇ ਕੀਤੇ...। ਗੱਲ ਥੋੜ੍ਹੀ ਲੰਬੀ ਹੋ ਜਾਂਦੀ ਆ ਪਰ ਜ਼ਰੂਰੀ ਵੀ ਆ, ਆਹ ਜਿਹੜੇ ਸੰਤ ਹੀਰਾ ਦਾਸ ਜੀ ਆ... ਹੀਰਾ ਦਾਸ ਇਕੱਲਾ ਸੰਤ-ਮਹਾਤਮਾ ਨਹੀਂ ਸੀ ਉਹ ਬਹੁਤ ਵੱਡਾ freedom fighter{ਅਜ਼ਾਦੀ ਘੁਲਾਟੀਆ}ਵੀ ਸੀ, ਐਵੇਂ ਮਾਮੂਲੀ ਜਿਹਾ ਨਹੀਂ। ਪਹਿਲਾਂ ਤਾਂ ਤੁਰਦਾ ਈ ਐਥੋਂ ਆ ਪਈ ਅ ਜਿਹੜੇ ਹੈਗੇ ਆ "ਸਖੀ-ਸਰਵਰੀਏ", ਆਹ ਜਿਹੜੇ ਚਲਣੇ ਜਲੂਸਾਂ ਵਿਚ- ਆ ਸਾਰਾ ਦੁਆਬਾ-ਮਾਲਵਾ-ਮਾਝਾ ਵੀ...ਵਿਚੇ ਸਿਗਰਟਾਂ..ਮੁਆਫ ਕਰਨੇ ਆਪਣੇ ਆਹ ਸਿੱਖ ਵੀ ਆਮ ਨਸ਼ਾ-ਨੁਸ਼ਾ ਪੀਂਦੇ ਸੀ, ਸਿਗਟਾਂ ਪੀਂਦੇ ਸੀ, ਉਹਨੂੰ ਸਖੀ ਸਰਵਰ ਨੂੰ ਮੰਨਦੇ ਸੀ। ਹੁਣ ਵੀ ਤੁਸੀਂ ਅਧਿਐਨ ਕਰਕੇ ਵੇਖੋ, ਜਿਹੜੀਆਂ ਪੰਜਾਬ ਦੀਆਂ ਬਹੁਤੀਆਂ ਛਿੰਜਾਂ ਨਾ, ਉਹ ਸਖੀ-ਸਰਵਰ ਦੇ ਨਾਂ ਤੇ ਈ...ਕੋਈ 'ਲੱਖਦਾਤਾ' ਨਾਮ ਲੈਂਦਾ ਕੋਈ ਕੁਸ਼...ਗੱਲ ਇਹ ਆ ਪਈ ਮੁਸਲਮਾਨ ਸੀ ਉਹ...ਬੜਾ ਵੱਡਾ ਫਕੀਰ ਹੋਇਆ...ਹਾਲੇ ਵੀ ਉਹ ਚਲੀ ਜਾਂਦਾ ਕੰਮ...! ਉਹ ਹੀਰਾ ਦਾਸ ਦਾ ਦੇਖੋ ਯੋਗਦਾਨ- ਉਹ ਫਿਰ ਜਿਹੜੇ ਚਲਦੇ ਹੁੰਦੇ ਸੀ ਨਾ (ਜਲੂਸ) ਮਾਰ...ਰੋਟ-ਰਾਟ ਪਕਾ ਲੈਣੇ, ਢੋਲ-ਢਮੱਕੇ ਲੈ ਲੈਣੇ...ਇਹ ਕਾਫਲਾ ਚੱਲ ਕੇ ਡੇਰਾ ਗਾਜ਼ੀ ਖਾਨ ਤੋਂ..ਧਬੱਕਲ..,ਇਕ ਹੋਰ ਧਬੱਕਲ ਗੁਜਰਾਂਵਾਲੇ ਲਾਗੇ ਵੀ ਆ, ਉਥੇ ਵੀ ਜਗਹ ਬਣੀ ਆ। ਉਂਜ ਤਾਂ ਜਗਹ ਪਿੰਡ-ਪਿੰਡ ਆ। ਆ ਐਧਰ ਆਲੇ ਪੰਜਾਬ 'ਚ ਵੀ ਆ। ਛਿੰਝਾ ਪੈਂਦੀਆਂ ਉਹਦੇ ਨਾਮ 'ਤੇ। ਜੇ ਇਸ ਗੱਲ ਵੱਲ ਥੋੜ੍ਹਾ ਧਿਆਨ ਦਿਓ ਫੇਰ ਪਤਾ ਲੱਗੂ ਵਾਕਿਆ ਈ...! ਇਕ ਤਾਂ ਉਹ ਲੀਕ ਜਿਹੜੀ ਪਾਈ ਕਿ ਤੁਸੀਂ ਆਪਣਾ "ਘਰ" ਛੱਡ ਕੇ ਬਾਹਰ ਇਤਨੀ ਦੂਰ ਜਾਨੇ ਆਂ...ਰੋਟ-ਰਾਟ ਪਕਾ ਕੇ! ਤੇ ਉਹ ਸੰਤ ਹੀਰਾ ਦਾਸ ਕੱਲਾ ਨਹੀਂ...। ਉਸ ਤੋਂ ਪਹਿਲਾਂ ਆਹ ਜਿਹੜੇ ਵੱਡੇ ਹੈਗੇ ਆ ਮਲੇਰ ਕੋਟਲੇ, ਬਲਕਿ ਉਸ ਤੋਂ ਪਹਿਲਾਂ 1862 ਵਿਚ ਕਿਧਰੇ- ਉਹ ਵੱਢਿਆ, ਬਲਕਿ ਉਹ ਬੰਦਾ ਸੰਤ ਈ ਬਣਿਆਂ ਤਾਂ ਸੀ । ਹੱਲੇ ਵੀ

ਕਾਲਾ-ਸੰਘਿਆਂ ਇਕ, ਉਹ ਸਾਡੀ ਬਰਾਦਰੀ ਚੋਂ ਆ..ਬਰਾਦਰੀ ਕੀ ਸਾਡੇ ਪੇਂਡੂ ਸੀ ਉਹ। ਉਹਦਾ ਜਿਹੜਾ ਚੇਲਾ ਸੀ ਸਾਧ...ਉਹ ਜਿਹੜਾ "ਚਿੱਟੀ ਆਲਾ ਸੰਤ" ਆ ਨਾ ਜੀ, ਉਹਨੂੰ ਤੁਸੀਂ ਕੱਲਾ ਸੰਤ 'ਮਾਲਾ ਵਾਲਾ' ਨਾ ਲਓ, ਉਹ ਢਾਲ ਵਾਲਾ ਬੰਦਾ ਵੀ ਹੋਇਆ। ਉਹਦੀਆਂ ਇਕ-ਦੋ ਨਵੇਕਲੀਆਂ ਤਸਵੀਰਾਂ ਹਾਸਲ ਕੀਤੀਆਂ।

? ਤੁਹਾਡਾ ਮਤਲਬ ਹਾਲੇ ਸਭ ਕੁਝ ਕਰਨਾ ਹੈ ਇਸ ਬਾਰੇ?

• ਨਹੀਂ ਮੈਂ ਨੋਟਸ ਬਣਾਏ ਹੋਏ ਆ, ਬਹੁਤ ਕੁਸ਼ ਕੱਠਾ-ਕੁੱਠਾ ਕੀਤਾ ਪਰ ਯਾਰ ਮੇਰੇ ਹੋਰ ਵਿਸ਼ੇ ਬਹੁਤ ਰਹਿ ਜਾਂਦੇ ਆ। ਆ ਹੀ ਗੱਲ ਆ। ਕਿਥੇ ਕਿਥੇ ਜਾਵਾਂ। ਨਹੀਂ ਤਾਂ ਹੁਣ ਆਹ ਫੋਟੋਆ ਤੇ ਨਾਮ ਹੀ ਲਿਖਣਾਂ, ਕਿੰਨਾ ਕੁ ਚਿਰ ਲਗਦਾ? ਜੇ ਟਾਈਪ ਨੀ ਕਰ ਸਕਦੇ ਤਾਂ ਘੱਟੋ ਘੱਟ ਹੱਥ ਨਾਲ ਈ ਲਿਖ ਦਿਓ...ਸਮਾ ਬਰੇਕਟ 'ਚ ਪਾ ਦਿਓ ਪਈ ਐਨੇ ਸੰਨ ਤੋਂ ਐਨੇ ਸੰਨ ਤੱਕ...ਆਹ ਬੰਦਾ ਅਇਦਾਂ...ਫੂਕ ਨਿਕਲਣ ਮਗਰੋਂ ਜੇ ਕੋਈ ਬੰਦਾ ਫੋਲਾ-ਫਾਲੀ ਵੀ ਕਰਦਾ ਤਾਂ ਉਹਨੂੰ ਘੱਟੋ-ਘੱਟ ਵਰਤਣ ਜੋਗਾ ਤਾਂ ਹੋਵੇ ਨਾ। ਹੁਣ ਇਹ ਚਾਹੁੰਦਿਆ ਹੋਇਆਂ ਵੀ ਨਾ ਮੇਰੇ ਬਹੁਤ ਕੰਮ ਰਹਿ ਜਾਂਦੇ ਆ, ਇਹ ਗੱਲ ਆ! ਬੇ-ਬਸੀ ਆ ਜਣੀ।

? ਤੇ ਫਿਰ ਉਹ ਕਿਤਾਬਾਂ ਜੋ ਛਪਣ ਵਾਲੀਆ ਨੇ ਜਾਂ ਛਪਣ ਲਈ ਤਿਆਰ ਨੇ, ਉਹ ਕਦੋਂ ਤੱਕ ਆ ਸਕਦੀਆਂ ਨੇ?

• ਇਹ ਜੀ ਹੁਣ, ਅੱਜ ਵੀ ਗੱਲ ਹੋਈ ਆ। ਮੇਰਾ ਖਿਆਲ ਕੰਪੋਜ਼ ਤਾਂ ਸਾਰਾ ਹੋ ਗਿਆ ਹੋਣਾ।ਹੁਣ ਦੇਖੋਂ, ਮੁਆਫ ਕਰਨਾ ਇਹ India ਆਲੇ ਬੰਦੇ ਜਿਹੜੇ ਆ ਨਾ, ਮੈਂ ਜਿਹੜਾ ਤਜਰਬਾ ਦੇਖਿਆ, ਇਨ੍ਹਾਂ ਦੀ ਵਿਚਲੀ ਗੱਲ ਕੋਈ ਹੋਰ ਹੁੰਦੀ ਆ...ਅੱਗੇ ਮੈਂ ਕਿਸੇ ਦੀ ਡਿਊਟੀ ਲਾਈ ਸੀ ਪਈ ਤੂੰ ਇਹ ਮੋਟਾ ਜਿਹਾ ਦੱਸ ਇਕ ਜਿਲਦ ਕਰੀਏ, ਦੋ ਕਰੀਏ...ਕੁਝ ਨਾ ਕੁਝ ਸਲਾਹ-ਮਸ਼ਵਰਾ...! ਤਾਂ ਦੋ-ਤਿੰਨ ਮਹੀਨੇ ਹੋਗੇ, ਗੱਲ ਉਥੇ ਦੀ ਉਥੇ। ਨਾ ਉਹ ਉਥੇ ਗਈ ਤੇ ਨਾ ਕੁਝ ਹੋਇਆ। ਫਿਰ ਕਹਿੰਦੀ ਮੈਂ ਗਈ ਸੀ ਤਾਂ ਤੁਹਾਡਾ ਬੰਦਾ ਉਥੇ ਬੈਠਾ ਨੀ ਸੀ...ਹੁਣ ਅਇਦਾਂ ਜੀ ਪਈ proof reading(ਖਰੜਾ ਦੁਹਰਾਈ) ਤੇ ਕੰਮ ਅੜਿਆ ਆ। ਪਰ ਇਹ ਹੁਣ ਕਿੱਡੀ ਕੁ ਗੱਲ ਆ? ਮੈਂ ਚਾਹੁਨਾ ਕੁਝ ਕਰਾਂ, ਜਾਂ ਸੁਖਦੇਵ (ਸਰਸਾ) ਨੂੰ ਪੁੱਛਾਂ ਯਾਰ ਕੋਈ ਚੇਲਾ-ਪੱਠਾ ਭੇਜ ਦੇ, ਮੈਂ ਕੀਮਤ ਦਿਆਂਗਾ,ਮੁਫਤਖੋਰੀ ਮਾੜੀ ਆ ਇਲਮ ਦੇ ਕੰਮ ਵਿਚ। ਹੁਣ ਇਕ ਬੰਦਾ ਮੇਰੇ ਮਨ 'ਚ ਆ, ਫਿਲਮਾਂ 'ਚ ਉਹਨੇ ਬੜਾ ਝੱਗਾ ਫੂਕਿਆ ਆਪਣਾ- ਗੀਤ-ਗੂਤ, ਤਵੇ-ਤੁਵੇ। ਤੇ ਮੇਰਾ ਵੀ ਫ਼ਿਲਮਾਂ 'ਚ ਊਂ ਬਸ ਚਲਾਵਾਂ ਜਿਹਾ...ਗਾਉਣ ਵਾਲੀਆਂ ਬਾਰੇ ਲਿਖਣ ਕਰਕੇ, ਤੱਥ ਇਕੱਠੇ ਕਰਨ ਲਈ ਤਵੇ ਕੱਠੇ ਕੀਤੇ...। ਤਾਂ ਉਹ ਫਿਰ ਮੈਂ ਹੁਣ ਕਹਿਨਾ ਪਈ ਇਹ ਗੁਰਨਾਮਾ ਜਿਹੜਾ, ਚਲੋ ਖੈਰ refind language {ਸਭਿਅਕ ਭਾਸ਼ਾ} ਰੱਖੀਏ ਤਾਂ ਚੰਗਾ!, ਉਹ ਵਿਚਾਰਾ ਮੇਰੀ ਇੱਜ਼ਤ ਕਰਦਾ। ਉਹਨੇ "ਹੁਣ" 'ਚ ਮੇਰੇ ਕੋਈ ਲੇਖ ਪੜ੍ਹੇ ਹੋਣਗੇ। ਉਹ ਕਹਿੰਦਾ ਹੁੰਦਾ "ਤੌਬਾ-ਤੌਬਾ"! ਮੈਂ ਕਿਹਾ ਯਾਰ ਕੁਸ਼ ਨਹੀਂ ਬਸ ਮਾੜਾ ਮੋਟਾ ਲਿਖ ਲਈਦਾ। ਹੁਣ ਜਾਂ ਤੇ ਇਹ ਹੈਗਾ ਪਈ ਮੈਂ ਉਹ ਦੀ ਡਿਊਟੀ ਲਾਵਾਂ ਪਈ ਯਾਰ ਇਹ ਕਿਤਾਬ ਤਾਂ ਘੱਟੋ-ਘੱਟ ਨਾ....। ਉਦਾਂ ਮੇਰੀ ਹਾਂ ਤੋਂ ਬਾਅਦ ਭਾਵੇਂ ਕਿਤਾਬ 'ਚ ਹਜ਼ਾਰ ਗਲਤੀਆਂ ਕੱਢ ਦਿਓ ਪਰ ਉਦਾਂ ਜਿਹੜੀ ਗਲਤੀ ਜਾਣ ਕੇ ਆ ਨਾ ਉਹਦੇ ਨਾਲ ਕਿਤਾਬ 'ਚ ਕੁਝ ਰਹਿੰਦਾ ਨੀ। ਐਥੇ ਆ ਗੱਲ ਅੜੀ ਵੀ।ਹੁਣ ਕੁਸ਼ ਸੋਚਣਾ ਈ ਪੈਣਾ। ਮੈਂ ਅਸਲ 'ਚ ਜਾ ਕੇ ਨਾ ਸਿਰ ਤੇ ਬੈਠ ਕੇ ਕਰਨਾ ਚਾਹੁੰਦਾ ਸੀ। ਪਰ ਹੁਣ ਸੱਤਿਆ ਹੈਨੀ ਗੀ ਤੇ ਦਿਲ ਜਿਹਾ ਨਹੀਂ ਕਰਦਾ, ਰੂਹ ਨਹੀਂ ਮੰਨਦੀ। ਤਿੰਨ-ਚਾਰ ਕਿਤਾਬਾਂ ਆ, ਉਹ ਭਲਵਾਨਾਂ ਵਾਲੀ ਕਿਤਾਬ ਦੀ ਵੀ ਸੋਧ ਕਰਨ ਵਾਲੀ ਹੈ, ਉਹ ਵੀ ਸਾਰੀ compose (ਕਲਮਬੰਦ) ਹੋ ਚੁੱਕੀ, ਉਹਦੇ 'ਚ ਵੀ ਕੋਈ ਦੋ-ਚਾਰ ਬੰਦੇ (ਚਰਿਤਰ) ਨਵੇਂ ਪਾਏ।

? ਜਿੱਥੋਂ ਤੱਕ ਤੁਹਾਨੂੰ ਯਾਦ ਹੈ, ਤੁਹਾਡਾ ਹੁਣ ਤੱਕ ਜਿਹੜਾ ਸਾਹਿਤਕ ਸਫਰ ਹੈਗਾ, ਇਹਦੇ ਵਿਚ ਹੁਣ ਤੱਕ ਐਸੀਆ ਸੰਸਥਾਵਾਂ ਜਿਨ੍ਹਾਂ ਨੇ ਤੁਹਾਨੂੰ recognize(ਮਾਨਤਾ) ਕੀਤਾ, ਸਨਮਾਮਤ ਕੀਤਾ, ਜਿਹਦੇ 'ਚ ਤੁਸੀਂ ਸਮਝਦੇ ਆਂ ਬਈ ਤੁਹਾਡੀ ਹੌਂਸਲਾ ਅਫਜ਼ਾਈ ਹੋਈ, ਉਹਦੇ ਬਾਰੇ ਜੇ ਕੋਈ ਜ਼ਿਕਰ ਜੇ ਤੁਸੀਂ ਕਰਨਾ ਚਾਹੋ?

• ਸਭ ਤੋਂ ਵੱਡਾ ਇਨਾਮ ਤਾਂ ਮੈਂ ਜੋ ਸਮਝਦਾਂ ਨਾ ਜੀ, ਉਹ ਮੇਰੇ ਹੈਗੇ ਆ ਪਾਠਕ! ਕੁਝ ਕੁ ਵਰਗ ਜਿਹੜਾ ਮੈਨੂੰ ਟੋਲ ਕੇ ਪੜ੍ਹਦਾ, ਪੰਜਾਬੀ 'ਚ ਲਿਖਾਂ, ਉਰਦੂ 'ਚ ਲਿਖਾਂ ਜਾਂ ਅੰਗਰੇਜ਼ੀ 'ਚ, ਇਹ ਬਹੁਤ ਵੱਡਾ ਇਨਾਮ ਆ। ਚਲੋ ਜੇ ਤੁਸੀਂ ਬਜ਼ਿਦ ਆਂ..ਤਾਂ ਬਹੁਤ ਸਾਰੀਆਂ ਸੰਸਥਾਵਾਂ ਨੇ ਮੈਨੂੰ ਸਨਮਾਨਿਆਂ...ਜਿਵੇਂ 'ਪੰਜਾਬ ਕਬੱਡੀ ਐਸੋਸੀਏਸ਼ਨ, Wrestling Fedration, ਜਾਂ ਪਾਕਿਸਤਾਨ ਦੀ Wrestling Fedration, ਇਨ੍ਹਾਂ ਨੇ ਦੋ ਵਾਰੀ ਸਨਮਾਨਤ ਕੀਤਾ, ਇਕ ਵਾਰੀ ਗੁਰਜ ਨਾਲ ਤੇ ਕਿ ਵਾਰੀ ਜਦੋਂ ਮੈਂ 65 ਸਾਲ ਦਾ ਹੋਇਆ ਸੀ ਉਦੋਂ ਉਨੇ ਕੁ ਹਜ਼ਾਰ ਰੁਪੱਈਆ ਦੇਣਾ ਚਾਹੁੰਦੇ ਸੀ। ਮੈਂ ਕਿਹਾ ਕਿ ਪੈਸੇ-ਪੂਸੇ ਦੀ ਨਹੀਂ ਲੋੜ ਕੋਈ ਪਰ ਜੇ ਤੁਸੀਂ ਸੱਚੀਂ ਮੈਨੂੰ ਸਨਮਾਨਤ ਕਰਨਾ ਤਾਂ ਕਿਸੇ ਭਲਵਾਨ ਦਾ ਕੋਈ ਭਾਂਡਾ-ਟੀਡਾ ਦਿਓ, ਕੋਈ ਲੰਗੋਟਾ ਦਿਓ।ਉਦੋਂ ਫੇਰ ਪਹਿਲ਼ੀ ਵਾਰ ਇਨ੍ਹਾਂ ਨੇ ਮੈਨੂੰ ਜੋ ਦਿਤਾ ਉਹ ਜੱਗ ਸੀ ਸੁਲਤਾਨੀ ਵਾਲੇ ਦਾ ਤੇ ਇਕ ਕਉਲਾ ਸੀ ਆਪਣੇ ਗਾਮੇ ਦਾ। ਇਹ ਦੋ ਚੀਜ਼ਾਂ ਮੈਨੂੰ ਦਿੱਤੀਆਂ। ਫੇਰ

ਨਾ ਚਹੁੰਦਿਆਂ ਵੀ ਥੋੜੀ ਬਹੁਤ ਮਾਇਆ...। ਕਹਿੰਦੇ ਕੰਵਲ ਸਾਹਬ ਤੁਹਾਡੀ ਬਹੁਤ ਵੱਡੀ ਦੇਣ ਆ, ਭਾਰਤ ਲਈ ਕੀ ਤੇ ਪਾਕਿਸਤਾਨ ਲਈ ਕੀ, ਤੇ ਇਨ੍ਹਾਂ ਨੇ ਫੇਰ...ਜਨਰਲ ਸੈਕਟਰੀ ਕਹਿੰਦਾ ਪਈ ਇਸ ਵੇਰਾਂ ਤੁਹਾਨੂੰ ਗੁਰਜ ਅਸੀਂ ਦੇਣੀ ਆ। ਮੈਂ ਕਿਹਾ ਯਾਰ ਹੁਣ ਤਾਂ ਮੈਨੂੰ ਨਾ ਚੱਕਣ-ਚੁਕਣ ਦਾ ਆ ਸਮਾਨ, ਹੋਰ ਕਿਤਾਬਾਂ-ਕਤੂਬਾਂ ਵੀ ਆ..। ਤੇ ਮੈਂ ਕਿਹਾ ਕੋਈ ਛੋਟੀ ਜਿਹੀ..ਤੁਸੀਂ ਹੱਸੋਗੇ ਵੀ...ਪਰ ਉਹ ਸਤਿਕਾਰ ਜਿਹੜਾ ਸੀਗਾ ਨਾ ਪਹਿਲਵਾਨਾ ਦੇ ਕੰਮ ਕਾਰਨ ਸੀ। ਫੇਰ ਆਹ ਭਾਸ਼ਾ ਵਿਭਾਗ ਨੇ ਮੈਨੂੰ ਸਨਮਾਨਤ ਕੀਤਾ। ਫੇਰ UNESCO award ਮਿਲਿਆ। ਹੈਂ ਜੀ, ਫੇਰ ਉਹ ਲਾਹੌਰ 'ਅਦਬੀ ਤਰੰਜਣ' ਵਾਲਿਆਂ ਨੇ, ਤੇ ਆਹ 'ਪੰਜਾਬੀ ਸੱਥ' ਜਿਹੜੀ ਲਾਂਬੜੇ ਵਾਲੀ ਇਨ੍ਹਾਂ ਨੇ ਵੀ... ਹੋ ਗਏ ਹੋਣੇ ਪੰਜ ਸੱਤ ਸਾਲ, ਫਿਰ ਉਹ ਡਾਕਟਰ ਗੁਰਦਿਆਲ ਸਿੰਘ ਫੁੱਲ ਜੀ ਹੋਣਾ ਨੇ ਬਹੁਤ ਵੱਡਾ ਫੰਕਸ਼ਨ ਕੀਤਾ ਸੀ ਅੰਬਰਸਰ ਯੂਨੀਵਰਸਿਟੀ 'ਸਚ..ਇਹ ਵੀ ਬੜੀ ਪੁਰਾਣੀ ਗੱਲ ਹੋ ਗਈ।ਚਲੋ ਇਹ ਸਾਰੇ ਮਾਨ ਸਨਮਾਨ ਦੇਣ ਵਾਲੇ ਆ ਇਨ੍ਹਾਂ ਦਾ ਮੈਂ ਨਿਹਾਇਤ ਸ਼ੁਕਰਗੁਜ਼ਾਰ ਆਂ। ਇਹ ਜਿਹੜੇ ਇਨਾਮ-ਕਰਾਮ ਆ ਨਾਂ ਜੀ, ਕੋਈ ਬਹਾਨਾ ਜਿਹਾ ਤਾਂ ਬਣ ਜਾਂਦਾ... ਪਰ ਮੈਂ ਇਨ੍ਹਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦਾ। ਇਹ ਨਹੀਂ ਕਿ ਮੇਰੇ ਦਿਲ 'ਚ ਕੋਈ ਕਦਰ ਨਹੀਂ। ਹੁਣ ਮਿਸਾਲ ਦੇ ਤੌਰ ਤੇ ਪੰਜਾਬ 'ਚ ਕਿਹੜੀ ਵੱਡੀ ਤੋਂ ਵੱਡੀ ਛਿੰਝ ਆ ਜਾਂ ਦੰਗਲ ਐ ਜਿਥੇ ਮੈਨੂੰ ਸਨਮਾਨਤ ਨਹੀਂ ਕੀਤਾ ਜਾਂਦਾ। ਇਕ-ਅੱਧੀ ਵਾਰੀ ਨਹੀਂ ਕਈ ਵਾਰ, ਦੇਖ ਲਓ ਉਹ ਪੰਜਾਹ ਹਜ਼ਾਰ- ਲੱਖ ਰੁਪਈਆ ਖਰਚ ਕਰਦੇ ਆ ਹਕੀਮ ਪੁਰ ਵਾਲੇ, ਉਹ ਆਪਣੇ ਬਾਪ ਦੀ ਬਰਸੀ ਮਨਾਉਂਦੇ ਆ ਮੇਲੇ ਤੇ, ਉਥੇ ਉਨ੍ਹਾਂ ਨੇ ਮੈਨੂੰ 'The Greatest Sports and Cultural Writer of the Century' ਦਾ ਇਨਾਮ ਤੇ ਗੁਰਜ ਨਾਲ ਸਨਾਮਨਤ ਕੀਤਾ। ਸਨਮਾਨ ਤਾਂ ਇਹੀ ਆ ਨਾ ਸਭ ਤੋਂ ਵੱਡਾ! ਏਸੇ ਤਰਾਂ ਉਹ ਮੰਨਣਵਾਨ ਵਾਲੇ, ਉਨ੍ਹਾਂ ਨੇ ਸਨਮਾਨਤ ਕੀਤਾ।ਤੇ ਇਹ ਦੇਖ ਲਓ ਪਈ ਪਿੰਡਾਂ 'ਚ ਮੁਕਾਬਲੇ ਹੋਣ ਤੇ ਮੈਂ ਜਾਵਾਂ ਕਿਸੇ ਖਾਸ ਖਾਸ ਥਾਂ ਉਪਰ, ਲੋਕ ਮੈਨੂੰ ਪਸੰਦ ਕਰਦੇ ਆ, ਪਿਆਰ - ਇਜ਼ਤ ਕਰਦੇ ਨੇ, ਤੇ ਫਿਰ ਉਹ ਕੋਈ ਟਰੌਫੀ ਵਗੈਰਹ...ਉਨ੍ਹਾਂ ਨੂੰ ਇਹ ਕਰਨਾ ਚੰਗਾ ਲਗਦਾ..। ਇਕ ਜਿਹੜਾ ਖਾਂ ਸਾਹਬ, ਸਲਾਮਤ ਅਲੀ ਖਾਂ ਹੁਰੀਂ ਇਕ ਜਿਹੜੀ ਰਾਗ ਭੈਰੋਂ ਦੀ ਨਵੀਂ ਕਾਢ ਕੱਢੀ (ਕੰਵਲ ਭੈਰੋਂ) ਮੈਂ ਸਮਝਦਾਂ ਮੈਂ ਮਮੂਲੀ ਬੰਦਾ ਆ ਪਰ....

? ਇਸ ਬਾਰੇ ਦੱਸੋ ਕਿ ਉਨ੍ਹਾਂ ਨੇ ਇਹ ਕਦੋਂ ਤੇ ਕਿਵੇਂ ਕੀਤਾ ?

• ਇਹ ਜੀ ਬੜੀ ਪੁਰਾਣੀ ਗੱਲ ਹੋ ਗਈ। ਉਨ੍ਹਾਂ ਨੇ ਅਸਲ 'ਚ ਜਾਣਾ ਸੀ ਇਥੇ ਐਡੰਬਰੋਹ ਫੈਸਟੀਵਲ 'ਤੇ, ਉਦੋਂ ਉਨ੍ਹਾਂ ਦੇ ਦੋ ਲੜਕੇ ਵੀ ਨਾਲ ਆਏ ਸੀ। ਇਹਨਾਂ ਦੀ ਮਨਸ਼ਾ ਸੀ ਪਈ ਮੈਂ ਵੀ ਜ਼ਰੂਰ ਨਾਲ ਚੱਲਾਂ। ਮੈਨੂੰ ਡਾਕਖਾਨੇ ਦੇ ਕੰਮ-ਕਾਰ ਤੋਂ ਛੁੱਟੀ-ਛੱਟੀ ਨਾ ਮਿਲੀ ਤਾਂ ਭਜਨ ਬਾਸੀ ਹੋਣੀ ਗਏ ਸੀ ਨਾਲ, ਮੇਰਾ ਦੋਸਤ ਸੀ ਬੜਾ ਪਿਆਰਾ। ਤੇ ਇਹ ਫਿਰ ਇਹਨਾਂ ਮੈਨੂੰ ਦੱਸਿਆ ਤਾਂ ਨਾ ਪਰ ਕਹਿੰਦੇ ਰਹੇ ਕਿ ਨਾਲ ਜ਼ਰੂਰ ਜਾਣਾ।ਉਹ ਗੱਲਾਂ ਬਾਤਾਂ 'ਚ ਕਹਿੰਦੇ ਹੁੰਦੇ ਸੀ " ਰਾਗ ਸੁਨੇ ਨਹੀਂ ਜਾਤੇ ਸੁਨਾਏ ਜਾਤੇ ਹੈਂ"! ਪਈ ਰਾਗ ਦੀ ਤਾਂ ਰੂਹ ਜੰਮਦੀ ਜੇ ਮੂਹਰੇ ਬੰਦਾ ਹੋਵੇ..ਤਾਂ ਚਲੋ ਮੈਨੂੰ ਪਛਤਾਵਾ ਨਹੀਂ, ਉਥੇ ਸਾਰਿਆਂ ਨਾਲੋਂ ਪਹਿਲਾਂ ਉਨ੍ਹਾਂ ਨੇ ਰਾਗ ਕੰਵਲ ਭੈਰੋਂ ਗਾਇਆ। ਤੇ ਜੋ ਛੋਟਾ ਮੋਟਾ ਮੈਂ ਖਬਰਾਂ 'ਚ ਸੁਣਿਆਂ, ਬਾਸੀ ਸਾਹਬ ਨੇ ਵੀ ਦੱਸਿਆ...ਕਹਿੰਦੇ ਬਈ ਕਿਆ ਬਾਤ ਐ! ਮੇਰੇ ਕੋਲ ਹੈਗੀ ਆ ਜੇ ਸੁਣਨੀ ਚਾਹੋਗੇ। ਇਕ ਕਲੈਰਨਟ ਵੀ ਆ, ਉਹ ਮਾਂਡੋ ਸਾਹਬ ਹੋਏ ਆ ਬੜੇ ਵੱਡੇ, ਉਨ੍ਹਾਂ ਪਤਾ ਨਹੀਂ ਕਿਵੇਂ ਵਜਾਇਆ ਉਹੀ ਰਾਗ, ਇਹ ਮੇਰੇ ਲਈ ਬਹੁਤ ਵੱਡਾ ਇਨਾਮ ਆਂ...ਬਹੁਤ ਵੱਡਾ ਇਨਾਮ ਆਂ।ਸਭ ਤੋਂ ਵੱਧ ਤਾਂ ਜੀ, ਆਹ ਮੇਰੇ ਜਿਹੜੇ ਆਹ ਮਨ ਭਾਉਂਦੇ ਵਿਸ਼ੇ ਆ- ਪੰਜਾਬ ਦੇ ਸੰਗੀਤ ਘਰਾਣੇ, ਪਹਿਲਵਾਨੀ ਵਗੈਰਹ, ਕੁਝ ਕੁ ਮੇਰੇ ਪਾਠਕ ਮੈਨੂੰ ਟੋਲ ਕੇ ਪੜ੍ਹਦੇ ਆ, ਕਿ ਬਈ ਕੰਵਲ ਦਾ ਇਹਦੇ ਬਾਰੇ ਕੀ ਵਿਚਾਰ ਆ- ਕੋਈ ਫਲਾਨਾ ਉਸਤਾਦ ਆ, ਗਵੱਈਆ ਆ,ਸਰੰਗੀਆ ਆ, ਸਰੋਦੀਆ ਆ, ਤਬਲੀਆ ਆ, ਸਿਤਾਰ ਨਵਾਜ਼ ਆ ਜਾਂ ਹੋਰ ਕੋਈ... ਕਿ "ਉਹ ਉਸਦਾ ਕੀ ਮਿਆਰ ਮੰਨਦਾ ਆ"! ਇਹੋ ਜਿਹਿਆਂ ਛੋਟੀਆਂ ਛੋਟੀਆਂ ਚੀਜ਼ਾਂ ਤੋਂ ਉਤਸ਼ਾਹ ਤਾਂ ਮਿਲਦਾ ਈ ਆ ਨਾਂ ਜੀ।

? ਪੰਜਾਬ ਦੇ ਜਿਹੜੇ ਵਿਦਿਅਕ ਅਦਾਰੇ ਆ ਜਿਵੇਂ ਯੂਨੀਵਰਸਟੀਆਂ ਆਦਿ..ਜਾਂ ਕੋਈ ਹੋਰ ਚੰਗੇ ਅਦਾਰੇ, ਉਨ੍ਹਾਂ ਦੇ ਵੱਲੋਂ ਤੁਹਾਨੂੰ ਕੋਈ ਮਾਨਤਾ ਮਿਲੀ ਜਾ ਉਨ੍ਹਾਂ ਨੇ ਕਦੇ ਤੁਹਾਨੂੰ ਯਾਦ ਕੀਤਾ ਕਿਸੇ ਤਰੀਕੇ ਨਾਲ?

• (ਹਸਦੇ ਹੋਏ) ਉਨਾਂ ਨੇ ਮੈਨੂੰ ਇਸ ਤਰਾਂ ਸਨਮਾਨਤ ਕੀਤਾ ਜੀ ਪਈ...Out of trust {ਵਿਸ਼ਵਾਸਪਾਤਰ ਬਣ ਕੇ} ਉਨ੍ਹਾਂ ਨੇ ਮੇਰੇ ਕੋਲੋਂ ਕਿਸੇ ਵੀ ਤਰਾਂ ਜੋ ਸੰਗੀਤ 'ਤੇ ਕੰਮ ਕਰਵਾਇਆ...assigements{ਕਾਰਜ} ਦਿੱਤੀਆਂ...ਤਾਂ ਉਨ੍ਹਾਂ ਨੇ ਦੇਖ ਲਓ ਪਈ ਉਨ੍ਹਾਂ ਦੇ ਜਿਹੜੇ ਮਹਾਂਰਥੀਏ ਵਿਦਵਾਨ ਸੀ...ਉਨ੍ਹਾ ਨੇ ਛਾਪਣੀਆਂ ਤਾਂ ਕੀ ਸੀ, ਸਨਮਾਨਤ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਵਿੱਚੋਂ ਵੱਧ ਤੋ ਵੱਧ ਖੰਬ-ਖੁੰਬ ਖੋਹ ਕੇ....ਉਨ੍ਹਾ ਦਾ ਇਸਤੇਮਾਲ ਕੀਤਾ। ਕੁਝ ਕੁ ਤਾਂ (ਖਿੜ-ਖਿੜਾ ਕੇ ਹੱਸਦੇ ਹੋਏ) ਮੇਰੇ ਨਾਮ ਤੋਂ ਵੀ ਖਾਰ ਖਾਂਦੇ ਆ...ਇਨਾਮ-ਉਨੂਮ ਤਾਂ ਕੀ ਦੇਣਾ ਸੀ!

ਹੈਂ ਜੀ..ਇਹ ਮੇਰੀ ਸਮਝ ਤੋਂ ਬਾਹਰ ਆ ਜੀ, ਉਹ ਮੈਨੂੰ ਪਿਆਰ ਇੰਨਾ ਕੁ ਕਰਦੇ ਆ! ਫਿਰ ਵੀ ਜਿਓਨੇ ਆਂ !

? ਇਸ ਗੱਲ 'ਚ ਮਸ਼ਹੂਰ ਨੇ ਉਥੇ ਲੋਕ, ਚੋਰੀ ਕਰਨ 'ਚ!

• ਬੜੀ ਪਰਾਣੀ ਗੱਲ ਹੋ ਗਈ, ਇਕ ਬਹੁਤ ਵੱਡੇ journalist {ਨਾਮਾਨਿਗਾਰ} ਹੁੰਦੇ ਸੀ, ਮੁਆਫ ਕਰਨਾ ਮੈਨੂੰ ਉਨ੍ਹਾਂ ਦਾ ਨਾਮ ਨਹੀਂ ਸੀ ਭੁਲਣਾ ਚਾਹੀਦਾ, ਉਨ੍ਹਾ ਦੀ ਬਹੁਤ ਦੇਣ ਆਂ ਕਾਫੀ ਬਿਰਧ ਹੋਕੇ ਮਰਗ ਹੋਈ ਤੇ ਉਦਾਂ ਅਮਲ 'ਚ ਵੀ ਆ ਪਰ ਸ਼ੁਗਲ 'ਚ ਉਨ੍ਹਾਂ ਨੇ ਗੱਲ ਸੁਣਾਈ...ਕਹਿੰਦਾ ਯਾਰ ਪੰਜਾਬੀ ਲੋਕ ਅਇਦਾਂ ਹੁੰਦੇ ਸੀ ਪਈ ਪੀ.ਐਚ.ਡੀ ਕਰਨੀ ਆ ਤੇ ਕੀ ਕਰੀਏ- ਉਧਰ ਕਲਕੱਤੇ ਕੰਨੀਂ ਜਾਓ ਉਥੋਂ ਕੀਤਾ-ਕਤਾਇਆ ਲੈ ਆਓ ਕੰਮ (ਹਸਦੇ ਹੋਏ) ਕਹਿੰਦਾ ਸਾਡੀ ਪੀ.ਐਚ.ਡੀ ਦਾ ਤਾਂ ਆਹ ਮਿਆਰ ਆ ਪਹਿਲੀਆਂ 'ਚ ਈ! ਬੜੇ ਬੜੇ ਸਾਡੇ ਵਿਦਵਾਨ ਬੈਠੇ ਆ ਜੀ, ਭੜੇ ਮਹਾਂ ਬਲੀ, ਬੜੀ ਦੁਨੀਆ ਪਈ ਆ..ਆਪਾਂ ਉਨ੍ਹਾਂ ਸਾਹਮਣੇ ਕੀ ਆਂ ਜੀ! ...ਸੋ ਅਇਦਾਂ ਦੇ ਬੜੇ ਇਨਾਮ ਮਿਲ ਚੁੱਕੇ ਆ !

? ਤੇ ਜਿਹੜਾ ਪੱਛਮੀ ਪੰਜਾਬ ਐ.., ਲਹਿੰਦੇ ਪੰਜਾਬ ਦੇ ਵਿਚੋਂ ਕਿਸੇ ਵਿਦਿਅਕ ਅਦਾਰੇ ਵੱਲੋਂ ਖਿਆਲ ਕੀਤਾ ਗਿਆ ਹੋਵੇ ਤੁਹਾਡੇ ਕੰਮ ਦਾ?

• ਹਾਂ, ਕੀਤਾ ਐ ਜੀ। ਜਿਹੜਾ ਇਨ੍ਹਾਂ ਦਾ 'Pakistan Music Reaserch Cell' ਆ, ਇਨ੍ਹਾਂ ਨਾਲ ਸਾਡਾ ਰਾਬਤਾ ਅੱਧੀ ਸੱਦੀ ਰਿਹਾ ਜੀ। ਉਨ੍ਹਾ ਦੇ ਜਿਹੜੇ...ਫੈਜ਼ ਸਾਹਬ ਦੇ ਬੜੇ ਦੋਸਤ ਸੀ, ਮੇਰੀ ਮੁਰਾਦ ਸ਼ੇਖ ਸਾਹਬ ਤੋਂ ਆਂ...ਅੰਗਰੇਜ਼ੀ 'ਚ ਜਿੰਨਾਂ ਕੁ ਮੈਂ ਪੜਿਆ ਸੁਣਿਆਂ, ਜਿੰਨਾ ਕੁ ਮੇਰਾ ਅਧਿਐਨ ਆ, ਮੇਰਾ ਨਹੀਂ ਖਿਆਲ ਪਈ ਸੰਗੀਤ ਬਾਰੇ ਸ਼ੇਖ ਸਾਹਬ ਨਾਲੋਂ ਖੂਬਸੂਰਤ ਕਿਤਾਬ ਅੱਜ ਤੱਕ ਲਿਖੀ ਗਈ ਹੋਵੇ। ਮੇਰੀ ਮੁਰਾਦ ਹੈਗੀ ਜੀ "Great Masters Great Music". ਉਨ੍ਹਾਂ ਨੇ ਮੈਨੂੰ ਮਾਣ ਦਿਤਾ ਸੀ ਪਈ ਕਿਤਾਬ ਦੀ ਭੂਮਿਕਾ ਤੂੰ ਲਿਖ। ਇਹ ਮੇਰੇ ਲਈ ਆਪਣੇ ਆਪ 'ਚ ਵੱਡੀ ਗੱਲ ਸੀ , ਹਲਾਂਕਿ ਫੈਜ਼ ਸਾਹਬ ਉਨ੍ਹਾ ਦੇ ਲੰਗੋਟੀਏ ਤੇ ਕੀ ਕੀ...ਬਲਕਿ chief adviser {ਮੁੱਖ-ਸਲਾਹਕਾਰ} ਵੀ ਜਦੋਂ ਇਹ ਅਦਾਰਾ ਖੁਲ੍ਹਿਆਮੇਰੀ collection ਦੇਖਦੇ ਰਹੇ ...ਇਥੇ ਆ ਸਲਾਮਤ ਖਾਂ ਸਾਹਬ, ਨੱਥੂ ਖਾਂ ਸਾਹਬ..ਕਹਿੰਦੇ ਯਾਰ ਇੰਨਾ ਕੁਸ਼ ਇਕੋ ਬੰਦੇ ਨੇ ਕੀਤੀ ਤੇ ਤੁਸੀਂ ਸੰਗੀਤ ਦਾ ਖੋਜ ਕੇਂਦਰ ਖੋਲ੍ਹੋ। ਚਲੋ ਪਹਿਲਾਂ ਤਾਂ ਉਨ੍ਹਾਂ ਦਾ ਹੱਥ ਪੈਂਦਾ ਸੀ, ਤੁਹਾਨੂੰ ਪਤਾ ਗੌਰਮੈਂਟਾਂ ਮਗਰ ਈ ਪਈਆ ਰਹੀਆਂ..ਸਾਰੇ ਡਿਕਟੇਟਰ! ਉਦੋਂ ਉਹਦੀ ਚਲਦੀ ਸੀ। ਉਦੋਂ ਇਹ ਸੰਗੀਤ ਖੋਜ ਕੇਂਦਰ ਖੁੱਲ੍ਹਿਆ ਸੀ। ਤਾਂ ਇਨ੍ਹਾਂ ਨੇ ਮੇਰੇ ਕੋਲੋਂ ਕੁਝ ਕੁ ਲੇਖ ਲਿਖਵਾਏ ਸੀ। ਜਿਦਾਂ ਇਨਹਾਂ ਦੇ ਚਾਚਾ ਜੀ ਸੀ, ਬੜੇ ਗੁਲਾਮ ਅਲੀ ਖਾਂ ਸਾਹਬ ਦੇ, ਕਾਲੇ ਖਾਂ, ਬਹੁਤ ਬਹੁਤ ਵੱਡਾ ਗਵੱਈਆ ਹੋਇਆ। ਬਲਕਿ ਉਨ੍ਹਾਂ ਦੀ 1904/05 ਦੀ recording ਪਹਿਲੀਆਂ recordings 'ਚੋਂ ਆ। ਪਹਿਲਾਂ ਤਾਂ ਕਈ ਗਾਇਕ ਸੋਚਦੇ ਸੀ ਕਿ (ਰਿਕਾਰਡਿੰਗ ਨਾਲ) ਆਵਾਜ਼ ਖਰਾਬ ਹੋ ਜਾਂਦੀ ਆ, ਖੁਸ਼ਕ ਹੋ ਜਾਂਦੀ ਆ...ਲੋਕੀ ਗਲੀਆ ਬਾਜ਼ਾਰਾਂ 'ਚ ਸੁਣਨਗੇ! ਅਇਦਾਂ ਕਈ ਤਰ੍ਹਾਂ ਦੇ ਇਨ੍ਹਾਂ ਦੇ ਸ਼ੰਕੇ ਸੀਗੇ। ਤਾਂ ਉਹ ਆਵਾਜ਼ਾਂ ਆਪਣੀਆਂ ਭੁਰਾਉਂਦੇ ਨਹੀਂ ਸੀ ਹੁੰਦੇ। ਮੇਰੇ ਕੋਲ recording ਵੀ ਹੈਗੀ ਖਾਂ ਸਾਹਬ ਦੀ। ਇਨ੍ਹਾਂ ਨੇ ਇਕ ਲੇਖ ਲਿਖਵਾਇਆ ਸੀ ਜੋ ਫਿਰ ਇਨ੍ਹਾਂ ਨੇ 'ਕੱਲ੍ਹਾ ਸਾਂਭਿਆ ਨਹੀਂ ਤੇ ਉਨ੍ਹਾ ਨੇ ਇਕ ਕਸੂਰ ਘਰਾਣੇ ਤੇ ਇਕ ਕਿਤਾਬ ਛਾਪੀ, ਉਹ ਹੈਗੇ ਆਪਣੇ ਸੁਖੂ ਰਾਮ ਹੈਦਰ, ਇਹ ਪੀੜ੍ਹੀ ਦਰ ਪੀੜ੍ਹੀ ਫਨਕਾਰ ਆ ਕਸੂਰ ਘਰਾਣੇ ਦੇ...ਤਾਂ ਉਹ ਲਿਖਵਾਇਆ ਸੀ ਤੇ ਉਹਦੀ ਬਹੁਤ ਸਲਾਹੁਤਾ ਹੋਈ। ਤਾਂ ਚਲੋ ਮੈਂ ਸਮਝਦਾਂ ਪਈ ਇਹ ਇਨਾਮ ਈ ਆ। ਜਦੋਂ 2005 'ਚ ਮੈਂ ਗਿਆ ਤਾਂ ਉਹ ਡਾਕਟਰ ਸਾਹਬ ਦੇ ਸਾਥੀ ਗੁਲਾਮ ਅਸਿਫ ਚਾਹੁੰਦੇ ਸੀ ਪਈ ਮੇਰੇ ਜਿਹੜੇ ਤਾਸੁਰਾਤ ਆ ਪੰਜਾਬ ਦੇ ਸੰਗੀਤ ਬਾਰੇ - ਕੀ ਕੁਝ ਗਾਇਆ ਜਾ ਰਿਹਾ..ਜੋ ਵੀ ਚੰਗਾ-ਮਾੜਾ। ਤੇ ਉਹ ਫਿਰ ਰੇਡੀਓ ਸਟੇਸ਼ਨ ਤੇ ਰਿਕਾਰਡ ਕਰਨਾ ਚਾਹੁੰਦੇ ਸੀ। ਤੇ ਉਹ ਮੇਰੀ ਬੇਬਸੀ ਕਹਿ ਲਓ...ਪਈ ਉਹ ਭਲਵਾਨ ਇਕ ਪਾਸੇ ਮੇਰੇ ਜਿੱਦਾਂ ਕਹਿ ਲਓ ਤੇ ਰਾਗੀ-ਰਬਾਬੀ ਦੂਸਰੇ ਪਾਸੇ..। ਤੇ ਮੈਂ ਜਾ ਨਹੀਂ ਸਕਿਆ। ਤਿੰਨ ਕੁ ਦਿਨ ਮੈਂ ਠਹਿਰਿਆਂ। ਕੁਝ ਲੇਖਕ-ਲੂਖਕ ਤੇ ਕੁਝ ਪਾਰਟੀਆਂ-ਪੂਰਟੀਆਂ...। ਤੇ ਦਿਲੋਂ ਨਾ ਮਾਣ ਸੀ, ਮੇਰੇ ਲਈ ਤਾਂ ਮਾਨ-ਸਨਮਾਨ ਤੋਂ ਵੀ ਗੱਲ ਜ਼ਿਆਦਾ ਸੀ। ਬਲਕਿ ਜਿਹੜਾ ਕਾਲੇ ਖਾਂ ਬਾਰੇ ਲੇਖ ਲਿਖਿਆ ਸੀ, ਇਕ ਮੁਖ਼ਤਾਰ ਬੇਗਮ ਬਾਰੇ ਜਿਹੜੀ ਫਰੀਦਾ ਖਾਨਮ ਦੀ ਬੜੀ ਭੈਣ, ਉਹ ਇਕ ਉਥੇ ਉਰਦੂ ਵਿਭਾਗ ਦਾ ਮੁਖੀ ਆ ਜੀ ਪ੍ਰੋਫੈਸਰ ਸ਼ਾਹਬਾਜ਼, ਗੌਰਮਿੰਟ ਕਾਲਜ ਰਾਵਲ ਪਿੰਡੀ, ਉਹਦਾ ਕਹਿਣਾ ਆ ਜੀ ਪਈ "ਸਾਡੇ ਇਥੇ ਪਾਕਿਸਤਾਨ ਵਿਚ ਜੇ ਤੁਸੀਂ ਦਸ ਆਲਮ ਵੀ ਇਕੱਠੇ ਕਰ ਲਓ ਤਾਂ ਇਦਾਂ ਦਾ ਮਜ਼ਮੂਨ ਨਹੀਂ ਲਿਖਿਆਂ ਜਾ ਸਕਦਾ, ਜਿਦਾਂ ਦਾ ਤੁਸੀਂ ਆਹ ਲਿਖਤਾ"। ਤੇ ਉਹ ਮਿਸਾਲ ਦਿੰਦਾ ਹੁੰਦਾ ਕਾਲੇ ਖਾਂ ਜਾਂ ਮੁਖ਼ਤਾਰ ਬੇਗਮ ਦੀ। ਚਲੋ ਇਹ ਛੋਟੀਆਂ ਛੋਟੀਆਂ ਗੱਲਾਂ ਇਨਾਮਾਂ 'ਚ ਤਾਂ ਨਹੀਂ ਪਰ ਮੈਂ ਕਹਿਨਾਂ ਜੇ ਤੁਹਾਨੂੰ ਕੋਈ ਖੁਸ਼ ਕਰਨ ਲਈ, ਚਲੋ ਸੱਚੇ ਜਾਂ ਝੂਠੇ ਦਿਲ ਨਾਲ ਇਹ ਤਾਂ ਉਨ੍ਹਾਂ ਦੀਆਂ ਉਹ ਜਾਣਨ, ਪਰ ਯਾਰ ਮੈਂ ਸਮਝਦਾਂ ਮੇਰੀ credibility {ਮਾਣ-ਤਾਣ} ਜਿਹੜੀ ਮਾੜੀ

ਮੋਟੀ ਹੈਗੀ ਆ, ਉਹ ਕੁਸ਼ ਕੁ ਹਲਕੇ 'ਚ, ਭਵਾਂ ਹਲਕਾ ਬੜਾ ਥੋੜ੍ਹਾ ਆ, ਪਰ ਇੱਥੇ ਤੱਕ distinction{ਖਾਸੀਅਾਤ} ਆ ਪਈ ਨਹੀਂ ਯਾਰ... !

? ਮੈਂ ਅਕਸਰ ਵੇਖਿਆ ਕਿ ਤੁਹਾਡਾ ਜ਼ਿਕਰ ਜਦੋਂ ਆਉਂਦਾ ਤਾਂ ਲੋਕ "ਭਲਵਾਨਾ ਵਾਲਾ" ਕਹਿਕੇ ਯਾਦ ਕਰਦੇ ਹਨ। ਕਿਓਂ?

• ਇਹ ਜੀ ਲੋਕ ਵੀ ਸੱਚੇ ਆ, ਮੇਰੇ ਨਾਲੋਂ ਵੀ। ਹੁਣ ਜਦੋਂ ਸੰਗੀਤ ਬਾਰੇ, ਛੁੱਟ ਕੁਝ ਲੇਖਾਂ ਦੇ, ਜਿਹੜੇ ਆ ਪਟਿਆਲੇ ਵਾਲੀ ਯੂਨੀਵਰਸਟੀ ਨੇ ਛਾਪੇ, ਬੜੇ ਮਾਣ ਨਾਲ ਛਪਵਾਏ, ਹੋਰ ਕੁਝ ਨਹੀਂ ਛਪਿਆ। ਬਾਕੀ ਫਿਰ ਆਪਣੇ ਪੰਜਾਬੀ ਪੜ੍ਹਦੇ ਵੀ ਕਿੰਨਾਂ ਕੁ ਆ? ਇਹਦੇ ਵਿਚ ਮੈਂ ਈ ਕਸੂਰਵਾਰ ਆ ਪਈ ਅਈਨਾ ਕੰਮ, ਅਈਨੀ ਦਿਨ ਰਾਤ ਦੀ ਮੇਹਨਤ ਕਾਵਸ਼ ਕਰਕੇ ਜੇ ਛਪਿਆ ਨਹੀਂ ਜਾਂ ਪਾਠਕਾਂ ਤੱਕ ਪਹੁੰਚਾ ਨਹੀਂ ਤਾਂ ਉਨਾਂ ਨੇ 'ਬਲਬੀਰ ਭਲਾਵਾਨਾ ਆਲਾ' ਈ ਕਹਿਣਾ ! People can have any type of comment on me. {ਮੇਰੇ ਉਪਰ ਲੋਕ ਕੋਈ ਵੀ ਟਿੱਪਣੀ ਕਰ ਸਕਦੇ ਹਨ}. ਮੈਨੂੰ ਕੋਈ ਫਰਕ ਵੀ ਨੀਂ ਪੈਂਦਾ। ਜੇ ਮੈਨੂੰ 'ਭਲਵਾਨਾ ਆਲਾ' ਵੀ ਨਾ ਕਹਿਣ ਤਾਂ ਵੀ ਠੀਕ ਆ! ਆਪਾਂ ਆਪਣੀ ਮਸਤੀ ਨਾਲ ਲੱਗੇ ਰਹੀਦਾ ਪਈ ਯਾਰ ਨਹੀਂ..go ahead {ਅਗੇ ਤੁਰੀ ਚੱਲੋ} !

? ਵੈਸੇ ਜਿਹੜੇ ਸਾਹਿਤ ਪੜ੍ਹਨ ਵਾਲੇ ਲੋਕ ਨੇ ਉਨ੍ਹਾਂ ਨੂੰ ਤੁਹਾਡੇ ਬਾਰੇ ਜਾਣਕਾਰੀ ਹੈਗੀ ਐ।

• ਚਲੋ ਜੀ ਸ਼ੁਕਰੀਆ, ਮੇਰੇ ਲਈ ਤਾਂ ਮਾਣ ਵਾਲੀ ਗੱਲ ਆ। ਮੈਂ ਜੀ ਕੁਸ਼ ਹੋਰ ਤਰਾਂ ਵੀ ਸੋਚਦਾਂ। ਅਸੀਂ ਕਹਿਨੇ ਆਂ ਹੁਣ ਤੁਹਾਡੀ ਗੱਲ ਵੀ ਠੀਕ ਆ, ਪੰਜਾਬੀ ਦੀ readership (ਪਾਠਕ) ਬਹੁਤ ਘੱਟ ਆ। ਕਿਤਾਬ ਪੜ੍ਹੀ ਨਹੀਂ ਜਾਂਦੀ। ਪਹਿਲ਼ਾਂ 500 ਛਪਦੀ ਸੀ ਤੇ ਹੁਣ 200 ਤੇ ਆ ਗਈ। ਇਹ ਸੱਚਾਈ ਹੈਗੀ ਆ ਪਰ ਇਹ ਮੈਂ ਆਪਣੇ 'ਤੇ ਲਾਗੂ ਕਿਦਾਂ ਕਰ ਲਵਾਂ, ਮੈਂ ਆਪਣੀ ਕਿਤਾਬ ਜਿਹੜੀ ਉਹ ਦਸ-ਸਾਢ੍ਹੇ ਦਸ ਰੁਪਏ ਵਾਲੇ ਕਾਗਜ਼ 'ਤੇ ਛਾਪੀ, ਆਪਣੇ ਹਾਲਾਤ ਮੂਜਬ, ਆਪਣੇ ਕੋਲੋਂ ਪੈਸੇ ਲਾ ਕੇ, ਸੌ-ਡੇਢ ਸੌ ਰੁਪਏ ਕੀਮਤ ਰੱਖੀ ਤਾਂ ਪੰਜ-ਪੰਜ ਹਜ਼ਾਰ ਦੀ ਵੀ ਵਿਕੀ ਆ, ਟੋਲ ਕੇ ਲੋਕਾਂ ਲਈ, ਠੀਕ ਆ ਬਹੁਤੇ ਨਹੀਂ ਉਹੋ ਜਿਹੇ, ਪਹਿਲਵਾਨ ਟਾਈਪ, ਖ਼ਲੀਫੇ ਟਾਈਪ। ਉਥੋਂ ਬੰਗਿਆ ਤੋਂ ਉਸ ਬੰਦੇ ਨੇ ਕੀ ਕਰਨਾ, ਮੇਰੀ ਮੁਰਾਦ ਸੁਹੇਲੇ ਤੋਂ ਆ, ਪਈ ਉਹਨੇ ਲਾਬਿਰੇਰੀਆ 'ਚੋਂ ਕਿਤਾਬ ਲਿਆ ਕੇ, ਜਿਲਦ-ਜੁਲਦ ਬਨ੍ਹਾਂ ਕੇ ਥੋੜਾ ਜਿਹਾ ਕਾਗਜ਼-ਕੂਗਜ਼ ਚੜ੍ਹਾ ਕੇ ਜਾਂ ਸ਼ਰਾਬ-ਸ਼ਰੂਬ ਉਨ੍ਹਾਂ ਨੂੰ ਪਿਆ ਦੇਣੀ, ਮੇਰੇ ਦੋਸਤਾਂ ਦੀ ਲਿਸਟ ਬਣਾਉਣੀ ਪਈ ਕੰਵਲ ਦੀ ਕਿਤਾਬ ਆ। ਉਨ੍ਹਾਂ ਹੱਥ ਤੇ ਹੱਥ ਮਾਰ ਕੇ ਲੈ ਜਾਣੀ। ਫਿਰ ਇਦਾਂ ਨਹੀਂ ਕਿ ਮੈਨੂੰ ਉਹਦੇ 'ਚ ਦਸ-ਵੀਹ ਰੁਪਈਏ ਮੈਨੂੰ ਵੀ ਦੇਣੇ, ਉਹ ਭੁੱਲ ਜਾਓ। ਕਦੇ ਨਹੀਂ ! ਤਾਂ ਯਾਰ ਮੈਂ ਕਿਦਾਂ ਕਹਾਂ? it's a much sought after book! {ਇਹ ਬੜੀ ਚਹੇਤੀ ਕਿਤਾਬ ਹੈ} ਉਹ ਤਾਂ ਮੇਰੇ ਤੋਂ ਹੀ ਨਹੀਂ follow up {ਪੁੱਛ-ਗਿੱਛ}ਹੋਇਆ। ਬਲਕਿ ਮੈਂ ਨਾਮ ਨਹੀਂ ਲਵਾਂਗਾ ਤੁਸੀਂ ਸਮਝ ਜਾਓਗੇ, ਅੰਬਰਸਰ ਦੇ ਇਕ ਪ੍ਰਕਾਸ਼ਕ ਨੇ ਉਹਦਾ pirated edition {ਚੋਰੀ ਦਾ} ਛਾਪ ਕੇ..ਵੱਢੀ ਗਿਣਤੀ ਵਿਚ, ਉਥੇ ਡੀ.ਪੀ.ਆਈ ਨੂੰ ਮਿਲ-ਮਿਲਾ ਕੇ, ਪਤਾ ਨਹੀਂ ਕਿੰਨੇ ਲੱਖ ਰੁਪਈਆ, ਆਹ ਭਲਵਾਨਾ ਆਲੀ ਕਿਤਾਬ ਦੀ ਗੱਲ ਕਰਦਾਂ, ਉਹ ਆਪਣੀ ਜੇਬ 'ਚ ਪਾਇਆ ! ਬਿਲਕੁਲ ਜਿਦਾਂ ਸੀਗੀ ਨਾ ਅਸਲੀ, ਮੇਰਾ ਨਾਮ ਵਗੈਰਹ ਸਭ ਕੁਝ ਦੁਬਾਰਾ ਛਾਪ ਕੇ ਔਹ ਗਿਆ.. !

? ਤੁਹਾਨੂੰ ਦੱਸੇ ਬਿਨਾ ਹੀ ਛਾਪ ਦਿੱਤੀ?

• ਉਹ ਹੁਣ ਜੀ ਦੱਸਿਆ ਕਿ ਆਪਣੇ ਉਥੇ ਉਹ ਕੰਗ ਕੋਚ ਸ੍ਹੀਗੇ ਗੌਰਮਿੰਟ ਕਾਲਜ ਵਿਚ ਚੰਡੀਗੜ, ਉਹ ਕੇਸਰ ਭਲਵਾਨ, ਜਿਹੜਾ ਰੁਸਤਮੇ-ਹਿੰਦ ਹੋਇਆ, ਉਹਦੇ ਸ਼ਾਗਿਰਦ ਸੀ, ਤਾਂ ਉਹ ਆਪਣੇ ਕਰਨਲ ਗੁਰਨਾਮ ਦਾ ਬੜਾ ਕਰੀਬੀ ਸੀ ਜੋ ਸਾਡਾ ਕਰੀਬੀ ਅਜ਼ੀਜ਼ ਆ, ਬਲਕਿ ਇਹ ਕਿਤਾਬ ਛਪਵਾਉਣ ਵਿਚ ਵੀ ਬਹੁਤ ਵੱਡਾ ਰੋਲ ਆ। ਉਹ ਕਹਿੰਦੇ ਹੁੰਦੇ ਸੀ, ਤੇ ਇਕ ਆਹ ਗੁਰਦਿਆਲ ਲਾਲੀ, ਪਈ ਐਨੀ ਮਿਹਨਤ ਕੀਤੀ, ਐਨੀ collection ਕੀਤੀ, ਛੁਰਿਆਂ ਦੀ ਛਾਂ ਥੱਲੇ ਮਰਨ ਦੇ ਵੀ ਰਿਸਕ ਲੈ ਕੇ -ਇਹ ਹੁਣ ਛਪਣ ਖੁਣੋਂ ਨਹੀਂ ਰਹਿਣ ਦੇਣੀ ! ਗੱਲਾਂ ਚੱਲ ਪਈਆਂ ਉਥੇ ਸ਼ਾਮ ਨੂੰ ਮਹਿਫਲ ਲਗਦੀ ਹੁੰਦੀ ਸੀ- I.A.S.ਕੀ ਤੇ I.P.S. ਕੀ..ਉਥੇ ਸਾਰੇ ਇਕੱਠੇ ਹੁੰਦੇ ਸੀ ਫਾਰਮ ਜਿਹੜਾ ਲਿਆ ਜ਼ੀਰਕਪੁਰ...। ਤਾਂ ਉਹ ਕਹਿੰਦੇ ਜੀ- ਕਿਤਾਬ? ਮੈਂ ਕਿਹਾ ਕਿਤਾਬ ਤਾਂ ਹੈ ਨੀ। ਉਹ ਕੰਗ ਬੋਲ ਪਿਆ, ਉਹ ਮੀਟ ਬੜਾ ਵਧੀਆ ਬਣਾਉਂਦਾ ਸੀ ਤੇ ਉਹ ਇਨ੍ਹਾਂ ਨੇ ਪੱਕਾ ਈ ਰੱਖਿਆ ਸੀ ਆਪਣੇ ਵਿਚ...। ਉਹ ਕਹਿੰਦਾ – ਕੀ? ਮਿਲਦੀ ਨੀਂ? ਕਹਿੰਦਾ ਜੀ ਕਿੰਨਿਆਂ ਚਾਹੀਦੀਆਂ ਗੱਲ ਕਰੋ। ਕਹਿੰਦਾ ਮੈਂ ਤੁਹਾਨੂੰ ਇਕ ਪੇਟੀ ਦੇ

# ਗੁਰੂ ਨਾਨਕ ਦੇਵ ਜੀ ਦੀ ਬਾਣੀ ਸਮਾਜਿਕ ਸੰਘਰਸ਼ ਦੀ ਸਾਖੀ

ਸਵਰਾਜਬੀਰ

ਦੁਨੀਆਂ 'ਚ ਸਮਾਜ ਦੇ ਸੰਘਰਸ਼ਾਂ ਬਾਰੇ, ਸੰਘਰਸ਼ਸ਼ੀਲ ਲੋਕਾਂ ਬਾਰੇ ਵਾਕਫ਼ੀ ਤੇ ਹਮਦਰਦੀ ਰੱਖਣੀ ਸਵਰਾਜਬੀਰ ਦੇ ਸੁਭਾਅ ਦਾ ਇਕ ਹਿੱਸਾ ਹੈ। ਸਵਰਾਜਬੀਰ ਪਿਛਲੇ ਕਈ ਸਾਲਾਂ ਤੋਂ ਗੁਰਬਾਣੀ ਦੇ 'ਸਮਾਜਕ ਸੰਘਰਸ਼' 'ਚ ਪਾਏ ਸੀਰ ਬਾਰੇ ਚਿੰਤਨ-ਮਨਨ ਕਰ ਰਿਹਾ ਹੈ। ਉਹ ਗੁਰੂ ਨਾਨਕ ਦੀ ਬਾਣੀ ਨੂੰ 'ਸਮਾਜਕ ਸੰਘਰਸ਼ ਦੀ ਸਾਖੀ' ਆਂਹਦਾ ਹੈ। ਉਸ ਨੇ ਆਪਣੇ ਇਸ ਵਡ-ਆਕਾਰੀ ਲੇਖ ਦਾ ਇਕ ਹਿੱਸਾ 2009 'ਚ ਆਪਣੇ ਦੋਸਤਾਂ ਨਾਲ ਸਾਂਝਾ ਕੀਤਾ। ਫਿਰ 2014 'ਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 'ਸਥਾਪਨਾ ਦਿਵਸ' ਮੌਕੇ ਵਿਸ਼ੇਸ਼ ਭਾਸ਼ਣ ਦਿੱਤਾ। ਗੁਰਬਾਣੀ ਬਾਰੇ ਵਿਵੇਕ ਤੇ ਅਭਿਆਸ ਕਰਦਿਆਂ ਉਸਨੇ 23 ਸਤੰਬਰ 2017 ਨੂੰ ਪੰਜਾਬੀ ਭਵਨ ਦੇ ਵਿਹੜੇ 'ਚ ਪੜ੍ਹਿਆ। 'ਵਾਹਗਾ' ਦੇ ਪਾਠਕਾਂ ਲਈ ਅਸੀਂ ਇਹ ਲੇਖ ਦਾ ਸੋਧਿਆ ਰੂਪ ਪੇਸ਼ ਕਰ ਰਹੇ ਹਾਂ।

ਸੰਪਾਦਕ

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ, ਕੰਮ ਅਤੇ ਦੇਣ ਬਾਰੇ ਬੋਲਣਾ ਬਹੁਤ ਮੁਸ਼ਕਿਲ ਕੰਮ ਹੈ। ਮੇਰੇ ਕੋਲ ਸੀਮਤ ਗਿਆਨ ਹੈ ਤੇ ਮੈਂ ਉਸ ਸੀਮਤ ਗਿਆਨ ਅਨੁਸਾਰ ਹੀ ਉਸ ਅਜ਼ੀਮ ਸ਼ਖ਼ਸੀਅਤ, ਉਨ੍ਹਾਂ ਦੀ ਬਾਣੀ ਤੇ ਉਨ੍ਹਾਂ ਦੇ ਚਿੰਤਨ ਬਾਰੇ ਕੁਝ ਕਹਿਣ ਦਾ ਯਤਨ ਕਰਾਂਗਾ।

ਅਸੀਂ ਗੁਰੂ ਨਾਨਕ ਦੇਵ ਜੀ ਨੂੰ ਕਿਸ ਤਰ੍ਹਾਂ ਵੇਖਦੇ ਹਾਂ ? ਜ਼ਾਹਿਰ ਹੈ ਕਿ ਅਸੀਂ ਉਨ੍ਹਾਂ ਨੂੰ ਗੁਰੂ, ਪੀਰ, ਪੈਗੰਬਰ ਤੇ ਰਹਿਬਰ ਵਜੋਂ ਵੇਖਦੇ ਹਾਂ। ਅਸੀਂ ਉਨ੍ਹਾਂ ਨੂੰ ਪੰਜਾਬੀ ਦੇ ਮਹਾਨ ਕਵੀ ਤੇ ਬਾਣੀਕਾਰ ਵਜੋਂ ਵੇਖਦੇ ਹਾਂ। ਉਨ੍ਹਾਂ ਨੇ ਰਾਗ ਧਨਾਸਰੀ ਵਿਚ ਆਪਣੇ ਆਪ ਨੂੰ 'ਨਾਨਕ ਸਾਇਰ' ਕਿਹਾ ਹੈ ("ਨਾਨਕੁ ਸਾਇਰੁ ਏਵ ਕਹਤੁ ਹੈ")। ਨਾਨਕ-ਬਾਣੀ ਨੂੰ ਬਹੁਤ ਪੱਖਾਂ ਤੋਂ ਪੜ੍ਹਿਆ ਤੇ ਸਮਝਿਆ ਜਾਂਦਾ ਹੈ, ਜਿਵੇਂ ਅਧਿਆਤਮਕ, ਰਹੱਸਵਾਦੀ, ਸਮਾਜਿਕ ਆਦਿ। ਮੈਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਮਾਜਿਕ ਸੰਘਰਸ਼ ਦੀ ਵਾਣੀ ਵਜੋਂ ਪੜ੍ਹਨ ਤੇ ਸਮਝਣ ਦਾ ਯਤਨ ਕੀਤਾ ਹੈ। ਏਥੇ ਪ੍ਰਸ਼ਨ ਇਹ ਹੈ ਕਿ ਗੁਰੂ ਨਾਨਕ-ਬਾਣੀ ਸਮਾਜਿਕ ਸੰਘਰਸ਼ ਦੀ ਵਾਣੀ ਕਿਵੇਂ ਹੈ ? ਮੈਂ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕਰਾਂਗਾ।

ਸਿੱਖ ਧਰਮ, ਹਿੰਦੋਸਤਾਨੀ ਬਰੇ-ਸਗੀਰ ਵਿਚ, ਵਰਣ-ਆਸ਼ਰਮ ਤੇ ਜਾਤ-ਪਾਤ ਦੇ ਨਾਂ 'ਤੇ ਹੋਣ ਵਾਲੇ ਭਿੰਨ-ਭਾਵ ਅਤੇ ਵਿਤਕਰੇ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਅਤੇ ਸਮਾਜਿਕ ਏਕਤਾ ਦੀ ਸਮੱਸਿਆ ਨਾਲ ਜੂਝਣ ਵਾਲੇ ਧਰਮਾਂ ਅਤੇ ਪੰਥਾਂ ਵਿਚੋਂ ਪ੍ਰਮੁੱਖ ਹੈ। ਇਸ ਦਾ ਸਭ ਤੋਂ ਪ੍ਰਥਮ ਅਤੇ ਪ੍ਰਮੁੱਖ ਸੰਕੇਤ ਗੁਰੂ ਨਾਨਕ ਦੇਵ ਜੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਦੇ ਮੂਲ ਮੰਤਰ ਵਿਚ ਮਿਲਦਾ ਹੈ ਜਿੱਥੇ ਕਰਤਾ ਪੁਰਖ ਦੀ ਹਸਤੀ ਦਾ ਬਿਆਨ ਕੀਤਾ ਗਿਆ ਹੈ ਅਤੇ ਉਸ ਦੀ ਨਿਰਗੁਣਤਾ ਦੇ ਗੁਣ ਦੱਸੇ ਗਏ ਹਨ। ਕਰਤਾ ਪੁਰਖ ਦੀ ਜੋ ਵਿਚਾਰਧਾਰਕ ਬਣਤਰ ਮੂਲ ਮੰਤਰ ਰਾਹੀਂ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਉਹ ਕੇਵਲ ਇਕ ਹੈ, ਉਹ ਸਦੀਵੀ ਹੈ ਅਤੇ ਉਸ ਦਾ ਨਾਮ ਸਦੀਵੀ ਹੈ, ਉਹ ਸਭ ਚੀਜ਼ਾਂ ਦੀ ਰਚਨਾ ਕਰਨ ਵਾਲਾ ਪੁਰਖ ਭਾਵ ਸਿਰਜਣਹਾਰ ਹੈ, ਉਹ ਕਿਸੇ ਤੋਂ ਭੈਅ ਨਹੀਂ ਮੰਨਦਾ ਭਾਵ ਨਿਡਰ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ, ਉਹਦੀ ਹਸਤੀ ਅਮਰ ਹੈ, ਉਹ ਕਿਸੇ ਜੂਨ ਵਿਚ ਜਨਮ ਨਹੀਂ ਲੈਂਦਾ, ਭਾਵ ਜਨਮ-ਮਰਨ ਤੋਂ ਪਰ੍ਹੇ ਜਾਂ ਅਜਨਮਾ ਹੈ, ਉਹ ਸ੍ਵੈ-ਪ੍ਰਕਾਸ਼ਮਾਨ ਹੈ ਅਤੇ ਗੁਰੂ ਦੀ ਦਇਆ ਅਤੇ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ।

ਇਹ ਜਪੁਜੀ ਸਾਹਿਬ ਦਾ ਮੂਲ ਮੰਤਰ ਵੀ ਹੈ ਅਤੇ ਸਿੱਖ ਧਰਮ ਦਾ ਮੂਲ ਮੰਤਰ ਵੀ। ਇਹ ਉਹ ਬੁਨਿਆਦੀ ਸੂਤਰ ਹੈ ਜਿਸ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਿਚਾਰਧਾਰਕ ਉਸਾਰ ਉਸਰਿਆ ਹੋਇਆ ਹੈ। ਇਹ ਮੂਲ ਮੰਤਰ ਉਸ ਸਮੇਂ ਦੇ ਸਮਾਜ ਵਿਚਲੀਆਂ ਮੁੱਖ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਉਸ ਸਮੇਂ ਦਾ ਸਮਾਜ ਵੇਦਾਂ, ਉਪਨਿਸ਼ਦਾਂ, ਵੇਦਾਂਤ ਆਦਿ ਤੋਂ ਬ੍ਰਹਮ, ਪਾਰਬ੍ਰਹਮ, ਆਤਮਾ, ਪਰਮਾਤਮਾ, ਭਗਵਾਨ ਅਤੇ ਈਸ਼ਵਰ ਜਿਹੇ ਸੰਕਲਪ ਪ੍ਰਾਪਤ ਕਰਨ ਦੇ ਬਾਵਜੂਦ ਵੀ ਸਮਾਜਿਕ ਏਕਤਾ ਬਨਾਉਣ ਵਿਚ ਅਸਫ਼ਲ ਰਿਹਾ ਹੈ। ਵਰਣ-ਆਸ਼ਰਮ ਅਤੇ ਜਾਤ-ਪਾਤ ਨੇ ਸਮਾਜ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ ਅਤੇ ਇਸ ਵੰਡ ਨੇ ਸਮਾਜ ਦੀ ਸਾਰੀ ਸ਼ਕਤੀ, ਸਾਰੀ ਊਰਜਾ ਡੀਕ ਲਈ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਿੰਦੋਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਇਸ ਸਮਾਜਿਕ ਸਮੱਸਿਆ ਬਾਰੇ ਸੰਘਰਸ਼ ਨਹੀਂ ਹੋਇਆ। ਭਿੰਨ ਭਿੰਨ ਪਰੰਪਰਾਵਾਂ, ਦਰਸ਼ਨ, ਸੋਚ-ਪ੍ਰਣਾਲੀਆਂ ਅਤੇ ਸਮਾਜਿਕ ਤੇ ਧਾਰਮਿਕ ਲਹਿਰਾਂ ਇਸ ਸਮੱਸਿਆ ਨਾਲ ਜੂਝਦੀਆਂ ਰਹੀਆਂ ਹਨ। ਬੁੱਧ ਅਤੇ ਜੈਨ ਧਰਮ, ਸਾਂਖ ਦਰਸ਼ਨ, ਅਜੀਵਕ, ਚਾਰਵਾਕ, ਵੇਦਾਂਤ, ਸ਼ੈਵ ਅਤੇ ਵੈਸ਼ਨਵ ਧਰਮ ਇਸ ਸਮੱਸਿਆ ਨਾਲ ਵੱਖ ਵੱਖ ਤਰੀਕਿਆਂ ਨਾਲ ਜੂਝਦੇ ਰਹੇ। ਉਦਾਹਰਣ ਦੇ ਤੌਰ ਤੇ ਬੁੱਧ ਧਰਮ ਅਤੇ ਸਾਂਖ ਦਰਸ਼ਨ ਦੇ ਪੈਰੋਕਾਰਾਂ ਅਤੇ ਸ਼ੰਕਰਾਚਾਰਯ ਦੇ ਉਪਾਸ਼ਕਾਂ ਵਿਚ ਭਾਰੀ ਵਿਚਾਰਧਾਰਕ ਸੰਘਰਸ਼ ਹੁੰਦਾ ਹੈ। ਏਸੇ ਤਰ੍ਹਾਂ ਰਾਮਾਨੁਜ (ਵਸ਼ਿਸ਼ਠ- ਅਦ੍ਵੈਤਵਾਦ), ਨਿੰਬਾਰਕਰ (ਦ੍ਵੈਤ-ਅਦ੍ਵੈਤਵਾਦ), ਮਾਧਵ (ਦ੍ਵੈਤਵਾਦ), ਚੈਤੰਨਯ (ਅਚੇਤਨ-ਭੇਦ-ਅਭੇਦਵਾਦ) ਤੇ ਹੋਰ ਵੈਸ਼ਨਵ-ਪੰਥੀ ਬ੍ਰਾਹਮਣਵਾਦ ਦੇ ਵਿਰੁੱਧ ਲੜਦੇ ਹਨ ਪਰ ਉਹ ਇਕ-ਈਸ਼ਵਰਵਾਦ ਦਾ ਏਨਾ ਨਿਸ਼ਚਤ ਅਤੇ ਪੱਕਾ ਸੰਕਲਪ ਨਹੀਂ ਬਣਾ ਪਾਉਂਦੇ ਜਿਸ ਦਾ ਮੂਲ ਰੂਪ ਮੂਲ ਮੰਤਰ ਵਿਚ ਚਿਤਰਿਆ ਗਿਆ ਹੈ। ਇਸ ਤਰ੍ਹਾਂ ਬਹੁਤ ਸਾਰੇ ਪੰਥ ਇਕ-ਈਸ਼ਵਰਵਾਦ ਤੋਂ ਪੈਦਾ ਹੋਣ ਵਾਲੇ ਸਮਾਜਿਕ ਸਰੋਕਾਰਾਂ ਬਾਰੇ ਪਰਪੱਕ ਵਿਚਾਰਧਾਰਾ ਸਿਰਜਣ ਤੋਂ ਵਾਂਝੇ ਰਹਿ ਜਾਂਦੇ ਹਨ। ਕਿਸ ਤਰ੍ਹਾਂ ਦੀ ਵਿਚਾਰਧਾਰਾ ? ਉਸ ਤਰ੍ਹਾਂ ਦੀ ਵਿਚਾਰਧਾਰਾ ਜੋ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਵਿਚ ਬਣਦੀ ਹੈ ਅਤੇ ਬਾਅਦ ਵਿਚ ਆਦਿ-ਗ੍ਰੰਥ ਵਿਚ ਦ੍ਰਿੜ੍ਹ ਹੁੰਦੀ ਹੈ। ਏਥੇ ਇਹ ਵਿਚਾਰ ਕਰਨਾ ਜ਼ਰੂਰੀ ਹੈ ਇਕ-ਈਸ਼ਵਰਵਾਦ ਦੇ ਸਮਾਜਿਕ ਸਰੋਕਾਰ ਕੀ ਹਨ ?

ਪੁਰਾਣੇ ਸਮਿਆਂ ਵਿਚ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿਚ, ਸਮਾਜਿਕ ਏਕਤਾ ਅਤੇ ਸਮਾਜਿਕ ਬਰਾਬਰੀ ਕਾਇਮ ਕਰਨ ਦੇ ਜੋ ਯਤਨ ਹੋਏ ਹਨ, ਉਹ ਇਕ-ਈਸ਼ਵਰਵਾਦ ਦੇ ਸਕੰਲਪ ਦੁਆਰਾ ਹੀ ਹੋਏ ਹਨ। ਧਰਮ ਮਨੁੱਖੀ ਇਤਿਹਾਸ ਵਿਚ ਕਈ ਤਰ੍ਹਾਂ ਦੇ ਕਾਰਜ ਨਿਭਾਉਂਦਾ ਰਿਹਾ ਹੈ। ਉਨ੍ਹਾਂ ਕਾਰਜਾਂ ਵਿਚੋਂ ਮੁੱਖ ਕਾਰਜ ਹੈ ਮਨੁੱਖ ਨੂੰ ਸੰਸਾਰ ਬਾਰੇ ਇਕ ਖਾਸ ਤਰ੍ਹਾਂ ਦੀ ਸਮਝ ਪ੍ਰਦਾਨ ਕਰਨੀ। ਉਸ ਸਮਝ ਦੇ ਵਿਚਾਰਧਾਰਕ ਖਾਸੇ ਬਾਰੇ ਬਹਿਸ ਇਕ ਵੱਖਰੀ ਗੱਲ ਹੈ, ਪਰ ਬੁਨਿਆਦੀ ਗੱਲ ਹੈ ਕਿ ਧਰਮ, ਮਨੁੱਖ ਨੂੰ, ਉਸ ਦੇ ਆਲੇ-ਦੁਆਲੇ ਦੇ ਸਮਾਜ ਬਾਰੇ ਸਮਝ ਪ੍ਰਦਾਨ ਕਰਦਾ ਹੈ, ਅਤੇ ਮਨੁੱਖ ਬਹੁਤ ਵੱਡੀ ਹੱਦ ਤੱਕ (ਪੂਰੀ ਤਰ੍ਹਾਂ ਨਹੀਂ) ਉਸ ਸਮਝ ਅਨੁਸਾਰ ਜਿਉਂਦਾ ਹੈ। ਇਕ-ਈਸ਼ਵਰਵਾਦ ਦੀ ਪ੍ਰਮੁੱਖ ਸਮਾਜਿਕ ਸਾਰਥਿਕਤਾ ਏਸ ਗੱਲ ਵਿਚ ਹੈ ਕਿ ਜੇ ਈਸ਼ਵਰ ਇਕ ਹੈ ਤਾਂ ਉਸ ਦੀ ਬਣਾਈ ਹੋਈ ਲੋਕਾਈ ਵੀ ਇਕ ਹੈ, ਇਕ ਸਮਾਨ ਹੈ, ਬਰਾਬਰ ਹੈ। ਨਿਰਗੁਣਵਾਦ ਦਾ ਗੁਣ ਇਕ-ਈਸ਼ਵਰਵਾਦ ਦੇ ਸਮਾਜਿਕ ਏਕਤਾ ਅਤੇ ਸਮਾਜਿਕ ਬਰਾਬਰੀ ਦੇ ਸਰੋਕਾਰ ਨੂੰ ਹੋਰ ਸ਼ਕਤੀ ਦਿੰਦਾ ਹੈ ਤੇ ਦ੍ਰਿੜ੍ਹ ਕਰਦਾ ਹੈ।

ਸਰਗੁਣ ਈਸ਼ਵਰ ਦੀ ਸ਼ਨਾਖ਼ਤ ਆਮ ਕਰਕੇ ਕਿਸੇ ਨਸਲ ਜਾਂ ਜਾਤ ਨਾਲ ਜੋੜ ਕੇ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਂਦੀ ਰਹੀ ਹੈ। ਏਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਨਿਰਗੁਣ ਜਾਂ ਨਿਰਗੁਣਤਾ ਤੋਂ ਭਾਵ ਉਹ ਈਸ਼ਵਰ ਹੈ ਜੋ ਅਜਨਮਾ ਹੈ, ਜਿਸ ਦਾ ਆਕਾਰ ਜਾਂ ਸ਼ਕਲ ਨਹੀਂ ਹੈ, ਜੋ ਅਵਤਾਰ ਨਹੀਂ ਧਾਰਦਾ, ਮਨੁੱਖੀ ਰੂਪ ਵਿਚ ਨਹੀਂ ਆਉਂਦਾ। ਸਰਗੁਣ ਦੇ ਪ੍ਰਾਥਮਿਕ ਅਰਥ ਹਨ ਉਹ ਈਸ਼ਵਰ ਜੋ ਮਨੁੱਖੀ ਰੂਪ ਧਾਰਦਾ ਹੈ, ਅਵਤਾਰ ਲੈਂਦਾ ਹੈ, ਮਨੁੱਖੀ ਜਾਮੇ ਵਿਚ ਧਰਤੀ 'ਤੇ ਆਉਂਦਾ ਹੈ। ਸਰਗੁਣ ਦੇ ਅਰਥ ਗੁਰਬਾਣੀ ਵਿਚ ਵੱਖਰੇ ਹਨ, ਕਰਤਾ ਪੁਰਖ ਆਪਣੀ ਸ੍ਰਿਸ਼ਟੀ ਰਾਹੀਂ, ਆਪਣੀ ਰਚਨਾ ਰਾਹੀਂ, ਆਪਣੇ ਬਣਾਏ ਜੀਵ-ਜੰਤੂਆਂ ਤੇ ਪ੍ਰਕਿਰਤੀ ਰਾਹੀਂ ਪ੍ਰਕਾਸ਼ਮਾਨ ਹੁੰਦਾ ਹੈ।

ਇਕ-ਈਸ਼ਵਰਵਾਦ ਦੇ ਨਾਲ ਨਾਲ ਈਸ਼ਵਰ ਦੇ ਉਹ ਗੁਣ ਜੋ ਲੋਕਾਂ ਨੂੰ ਸਮਾਜਿਕ ਏਕਤਾ ਅਤੇ ਬਰਾਬਰੀ ਵੱਲ ਖਿੱਚਦੇ ਹਨ, ਉਹ ਹਨ, ਈਸ਼ਵਰ ਦੀ ਦਿਆਲਤਾ ਤੇ ਉਸ ਦਾ ਸਰਵ-ਸ਼ਕਤੀਮਾਨ ਹੋਣਾ। ਦਿਆਲਤਾ ਤੇ ਕਿਰਪਾ ਰਾਹੀਂ ਈਸ਼ਵਰ ਦਾ ਆਪਣੀ ਲੋਕਾਈ ਨਾਲ ਸਿੱਧਾ ਰਿਸ਼ਤਾ ਦ੍ਰਿੜ੍ਹ ਹੁੰਦਾ ਹੈ। ਸਰਵ-ਸ਼ਕਤੀਮਾਨਤਾ ਇਹ ਦੱਸਦੀ ਹੈ

ਕਿ ਸਿਰਫ ਪ੍ਰਭੂ ਹੀ ਸਰਵ-ਸ਼ਕਤੀਮਾਨ ਹੈ ਅਤੇ ਦੁਨੀਆਂ ਵਿਚ, ਆਪਣੇ ਆਪ ਨੂੰ ਪ੍ਰਭੂ ਅਖਵਾਉਣ ਵਾਲੇ ਬੰਦੇ, ਝੂਠੇ ਹਨ। ਇਸ ਤਰ੍ਹਾਂ ਦਿਆਲੂ, ਸਰਵ-ਸ਼ਕਤੀਮਾਨ ਤੇ ਨਿਰਗੁਣ ਇਕ-ਈਸ਼ਵਰਵਾਦ ਸਮਾਜਿਕ ਬਰਾਬਰੀ ਦਾ ਸੁਨੇਹਾ ਅਧਿਆਤਮਕ ਰੂਪ ਵਿਚ ਦਿੰਦਾ ਹੈ। ਇਕ-ਈਸ਼ਵਰਵਾਦ ਨੇ ਸਮਾਜਿਕ ਏਕਤਾ ਅਤੇ ਸਾਂਝੀਵਾਲਤਾ ਲਈ ਹੋਏ ਯਤਨਾਂ ਵਿਚ ਵੱਡੀ ਭੂਮਿਕਾ ਨਿਭਾਈ ਹੈ। ਈਸਾਈ ਧਰਮ ਅਤੇ ਇਸਲਾਮ ਇਸ ਦੇ ਵੱਡੇ ਉਦਾਹਰਣ ਅਤੇ ਜੀਉਂਦੀਆਂ-ਜਾਗਦੀਆਂ ਮਿਸਾਲਾਂ ਹਨ। ਆਪਣੇ ਜਨਮ ਦੇ ਹਾਲਾਤਾਂ ਵੇਲੇ ਇਹ ਦੋਵੇਂ ਧਰਮ ਦੱਬੇ-ਕੁਚਲੇ ਅਤੇ ਦਮਿਤ ਲੋਕਾਂ ਦੇ ਧਰਮ ਵਜੋਂ ਉਦੈ ਹੋਏ। ਦੋਵਾਂ ਧਰਮਾਂ ਨੇ ਈਸ਼ਵਰ ਦੇ ਇਕ ਹੋਣ ਅਤੇ ਈਸ਼ਵਰ ਦੀ ਕਿਰਪਾਲਤਾ, ਬਖਸ਼ਿੰਦਗੀ ਅਤੇ ਉਸ ਦੇ ਗਰੀਬਨਿਵਾਜ਼ ਹੋਣ ਦਾ ਭਰਪੂਰ ਵਰਣਨ ਕੀਤਾ, ਸਮਾਜਿਕ ਏਕਤਾ ਤੇ ਬਰਾਬਰੀ ’ਤੇ ਜ਼ੋਰ ਦਿੱਤਾ ਅਤੇ ਏਹੋ ਕਾਰਨ ਸੀ ਕਿ ਲੋਕ ਭਾਰੀ ਗਿਣਤੀ ਵਿਚ ਇਨ੍ਹਾਂ ਧਰਮਾਂ ਵੱਲ ਖਿੱਚੇ ਗਏ।

ਇਸ ਤੋਂ ਉਲਟ, ਹਿੰਦੋਸਤਾਨੀ ਬਰੇ-ਸਗੀਰ ਦੀਆਂ ਵੱਖ ਵੱਖ ਪਰੰਪਰਾਵਾਂ ਅਤੇ ਗ੍ਰੰਥਾਂ ਵਿਚ ਨਿਰਗੁਣ ਇਕ-ਈਸ਼ਵਰਵਾਦ ਬਾਰੇ ਸੰਘਰਸ਼ ਤਾਂ ਹੁੰਦਾ ਹੈ ਪਰ ਉਹ ਸੰਕਲਪ ਅੰਦਰੂਨੀ ਇਕਸਾਰਤਾ ਪ੍ਰਾਪਤ ਨਹੀਂ ਕਰ ਪਾਉਂਦਾ। ਉਦਾਹਰਣ ਦੇ ਤੌਰ ਤੇ ਇਕ ਬਹੁਤ ਹੀ ਪੁਰਾਤਨ ਗ੍ਰੰਥ ਕਥਾ ਉਪਨਿਸ਼ਦ ਵਿਚ ਬ੍ਰਹਮ ਜਾਂ ਪਾਰਬ੍ਰਹਮ ਦੀ ਕਲਪਨਾ ਅਸ਼ਬਦਮ, ਅਸਪਰਸ਼ਮ, ਅਰੂਪਮ, ਅਸਰੀਰਮ, ਅਰਸਮ, ਨਿਤਯਮ (ਸਦੀਵੀ), ਅਨਾਦਿ ਅਤੇ ਪਰਮ ਰੂਪ ਵਿਚ ਕੀਤੀ ਗਈ ਹੈ ਪਰ ਨਾਲ ਹੀ ਉਹੀ ਗ੍ਰੰਥ ਬ੍ਰਾਹਮਣਾਂ ਅਤੇ ਕਸ਼ਤਰੀਆਂ ਦੀ ਪ੍ਰਮੁੱਖਤਾ ਦੀ ਗੱਲ ਕਰਦਾ ਹੈ। ਜਦ ਇਕ ਨਿਰਗੁਣ ਅਤੇ ਅਰੂਪਮ ਪਰਮਾਤਮਾ ਦੀ ਵਿਚਾਰਧਾਰਕ ਬਣਤਰ ਘੜੀ ਜਾਂਦੀ ਹੈ ਤਾਂ ਉਸ ਪਰਮਾਤਮਾ ਤੋਂ ਆਸ ਬੱਝਦੀ ਹੈ ਕਿ ਉਸ ਸਾਰੇ ਸਮਾਜ ਨੂੰ ਇਕ ਅੱਖ ਨਾਲ ਵੇਖੇ, ਉਹਦੇ ਸਾਹਮਣੇ ਸਾਰੇ ਲੋਕ ਸਮਾਨ ਹੋਣ। ਪਰ ਸਾਡੇ ਪੁਰਾਣੇ ਗ੍ਰੰਥਕਾਰ ਬ੍ਰਹਮ ਦੇ ਸੰਕਲਪ ਨੂੰ ਇਹ ਸਮਾਜਿਕ ਸਾਰਥਿਕਤਾ ਨਹੀਂ ਦੇ ਪਾਉਂਦੇ। ਇਕ ਹੋਰ ਬਹੁਤ ਹੀ ਪੁਰਾਣਾ ਸਨਮਾਨਤ ਗ੍ਰੰਥ ਛੰਦੋਗਯ ਉਪਨਿਸ਼ਦ ਬ੍ਰਹਮ ਜਾਂ ਪਾਰਬ੍ਰਹਮ ਦੀ ਧਾਰਨਾ ਤਾਂ ਪੇਸ਼ ਕਰਦਾ ਹੈ, ਪਰ ਪੂਰਾ ਜ਼ੋਰ ਵੈਦਿਕ ਕਰਮਕਾਂਡ ’ਤੇ ਲਗਾ ਦਿੰਦਾ ਹੈ ਜਿਸ ਨੂੰ ਬ੍ਰਾਹਮਣਾਂ ਨੇ ਹੀ ਪੂਰਨ ਕਰਨਾ ਹੈ। ਏਹੀ ਗ੍ਰੰਥ ਬ੍ਰਾਹਮਣ, ਕਸ਼ਤਰੀ ਅਤੇ ਵੈਸ਼ ਯੋਗੀਆਂ ਨੂੰ ਰਮਣੀਯ ਭਾਵ ਵਸ਼ਿਸ਼ਠ ਜਾਂ ਚੰਗੀਆਂ ਯੋਨੀਆਂ ਕਹਿ ਕੇ ਬਿਆਨ ਕਰਦਾ ਹੈ ਜਦੋਂ ਕਿ ਚੰਡਾਲ ਯੋਨੀ ਨੂੰ ਕੁੱਤੇ ਜਾਂ ਸੂਰ ਦੀ ਯੋਨੀ ਦੇ ਬਰਾਬਰ ਤੁਲਨਾ ਦਿੰਦਾ ਹੈ। ਇਸ ਤਰ੍ਹਾਂ ਉਸ ਗ੍ਰੰਥ ਵਿਚ ਉਸ ਈਸ਼ਵਰ ਦੀ ਕਲਪਨਾ ਕੀਤੀ ਜਾਂਦੀ ਹੈ ਜੋ ਬ੍ਰਾਹਮਣਾਂ ਅਤੇ ਕਸ਼ਤਰੀਆਂ ਨੂੰ ਤਾਂ ਆਦਰਯੋਗ ਸਥਾਨ ਦਿੰਦਾ ਹੈ, ਪਰ ਜਿਸ ਦੇ ਕਲਾਵੇ ਵਿਚ ਚੰਡਾਲਾਂ ਤੇ ਸ਼ੂਦਰਾਂ ਲਈ ਕੋਈ ਥਾਂ ਨਹੀਂ ਹੈ। ਇਸ ਤਰ੍ਹਾਂ ਹਿੰਦੋਸਤਾਨੀ ਬਰੇ- ਸਗੀਰ ਦੇ ਪੁਰਾਤਨ ਗ੍ਰੰਥਾਂ ਵਿਚ ਪਾਰਬ੍ਰਹਮ ਦੀ ਜੋ ਕਲਪਨਾ ਕੀਤੀ ਗਈ ਹੈ, ਉਹ ਇਕ-ਪਾਸੜ ਹੈ। ਇਸ ਦੇ ਨਾਲ ਪਾਰਬ੍ਰਹਮ ਨੂੰ ਕਿਤੇ ਵੀ ਬਖ਼ਸ਼ਣਹਾਰ ਜਾਂ ਗਰੀਬ-ਨਿਵਾਜ਼ ਨਹੀਂ ਦਿਖਾਇਆ ਗਿਆ।

ਹੁਣ ਅਸੀਂ ਉਨ੍ਹਾਂ ਸਮਿਆਂ ਵੱਲ ਪਰਤਦੇ ਹਾਂ ਜਦ ਗੁਰੂ ਨਾਨਕ ਦੇਵ ਜੀ ਜਨਮ ਲੈਂਦੇ ਹਨ। ਓਸ ਵੇਲੇ ਦੇ ਹਿੰਦੋਸਤਾਨ ਵਿਚ ਸੰਤਾਂ, ਭਗਤਾਂ ਤੇ ਸੂਫੀਆਂ ਦੀ ਵਾਣੀ ਗੂੰਜ ਰਹੀ ਸੀ। ਉੱਤਰੀ ਹਿੰਦੋਸਤਾਨ ਵਿਚ ਕਬੀਰ ਜੀ, ਰਵਿਦਾਸ ਜੀ, ਸ਼ੇਖ਼ ਫ਼ਰੀਦ ਜੀ ਅਤੇ ਹੋਰ ਸੂਫ਼ੀ ਅਤੇ ਨਾਥ- ਯੋਗੀਆਂ ਦੀ ਵਾਣੀ ਗੂੰਜ ਰਹੀ ਹੈ। ਕਬੀਰ ਜੀ ਨਿਰਗੁਣ-ਇਕ ਈਸ਼ਵਰਵਾਦ ਦਾ ਝੰਡਾ ਬੁਲੰਦ ਕਰਦੇ ਹਨ ਅਤੇ ਆਪਣੇ ਤਿੱਖੇ ਅਤੇ ਪ੍ਰਚੰਡ ਤੇਵਰਾਂ ਨਾਲ ਬ੍ਰਾਹਮਣਵਾਦ ਨਾਲ ਲੋਹਾ ਲੈਂਦੇ ਹਨ। ਨਾਥ-ਯੋਗੀਆਂ ਦੇ ਸਿਧਾਂਤ ਯੋਗ, ਸਾਂਖ, ਬੁੱਧ ਧਰਮ ਅਤੇ ਤਾਂਤ੍ਰਿਕ ਪ੍ਰਣਾਲੀਆਂ ਵਿਚਲੇ ਸਿਧਾਂਤਾਂ ਦਾ ਮਿਸ਼ਰਣ ਹਨ। ਨਾਥ-ਜੋਗੀ ਯੋਗ ਨੂੰ ਅਧਿਆਤਮਕ ਰੰਗ ਦੇ ਕੇ ਆਪਣੇ ਆਪ ਨੂੰ ਬ੍ਰਾਹਮਣਾਂ ਤੋਂ ਉੱਚਾ ਸਿੱਧ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦਾ ਵਿਰੋਧ ਸਮਾਜ ਵਿਚ ਸੀਮਿਤ ਰੂਪ ਵਿਚ ਸਵੀਕਾਰਿਆ ਜਾਂਦਾ ਹੈ। ਫਿਰ ਵੀ ਉਨ੍ਹਾਂ ਦੀ ਲੋਕ-ਮਾਨਸ ਉਤੇ ਡੂੰਘੀ ਛਾਪ ਹੈ। ਘੱਟੋ-ਘੱਟ ਪੰਜਾਬ ਦੇ ਲੋਕ ਜਾਣਦੇ ਹਨ ਕਿ ਜੇ ਬ੍ਰਾਹਮਣ ਤੇ ਬ੍ਰਾਹਮਣਵਾਦ ਦਾ ਵਿਰੋਧ ਕਰਨਾ ਹੈ ਤਾਂ ਕਿੱਥੇ ਜਾਣਾ ਹੈ...ਜਾਣਾ ਹੈ ਨਾਥ ਜੋਗੀ ਕੋਲ, ਜੇ ਕਾਜ਼ੀਆਂ ਤੇ ਮੌਲਾਣਿਆਂ ਦੀ ਕੱਟੜਤਾ ਦਾ ਵਿਰੋਧ ਕਰਨਾ ਹੈ ਤਾਂ ਕਿੱਥੇ ਜਾਣਾ ਹੈ...ਜਾਣਾ ਹੈ ਨਾਥ ਦੇ ਟਿੱਲੇ ’ਤੇ। ਏਸੇ ਲਈ ਗੁਰੂ ਨਾਨਕ ਦੇਵ ਜੀ ਸਿੱਧਾਂ ਤੇ ਜੋਗੀਆਂ ਨਾਲ ਸੰਵਾਦ ਰਚਾਉਂਦੇ ਹਨ।

ਇਕ ਹੋਰ ਸਮੱਸਿਆ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਹੋਰ ਭਗਤਾਂ ਤੇ ਨਾਥ ਜੋਗੀਆਂ ਦੁਆਰਾ ਸਥਾਪਿਤ ਪੰਥਾਂ ਵਿਚ ਇਹ ਆਉਂਦੀ ਹੈ ਕਿ ਉਹ ਸੰਗਠਿਤ ਧਰਮ ਨਹੀਂ ਬਣ ਪਾਉਂਦੇ। ਇਸ ਲਈ ਇਹ ਭਾਵੀ ਨਾਨਕ-ਪ੍ਰਸਤਾਂ

ਦੇ ਹਿੱਸੇ ਆਉਂਦੀ ਹੈ। ਭਾਰਤੀ ਮੂਲ ਦੇ ਪੰਥਾਂ ਵਿਚੋਂ ਸਿੱਖ ਧਰਮ ਉਹ ਪਹਿਲਾ ਸੰਗਠਿਤ ਧਰਮ ਬਣ ਕੇ ਉੱਭਰਦਾ ਹੈ, ਜੋ ਇਕ-ਈਸ਼ਵਰਵਾਦ ਨਾਲ ਜੁੜੇ ਸਮਾਜਿਕ ਸੰਕਲਪਾਂ ਭਾਵ ਸਮਾਜਿਕ ਏਕਤਾ, ਸਮਾਜਿਕ ਬਰਾਬਰੀ ਅਤੇ ਸਾਂਝੀਵਾਲਤਾ ਦਾ ਝੰਡਾ-ਬਰਦਾਰ ਬਣਦਾ ਹੈ।

ਇਕ-ਈਸ਼ਵਰਵਾਦ ਗੁਰੂ ਨਾਨਕ-ਬਾਣੀ ਵਿਚ ਬਾਰ ਬਾਰ ਦ੍ਰਿੜ੍ਹ ਕੀਤਾ ਜਾਂਦਾ ਹੈ। ਉਸ ਦੀ ਪ੍ਰਾਥਮਿਕਤਾ ਨੂੰ ਦੁਹਰਾਇਆ ਜਾਂਦਾ ਹੈ। ਉਦਾਹਰਣ ਵਜੋਂ, ਜਪੁਜੀ ਸਾਹਿਬ ਵਿਚ ਗੁਰੂ ਜੀ ਕਹਿੰਦੇ ਹਨ, "ਥਾਪਿਆ ਨਾ ਜਾਇ, ਕੀਤਾ ਨਾ ਹੋਇ, ਆਪੇ ਆਪਿ ਨਿਰੰਜਨੁ ਸੋਇ॥" ਜਪੁਜੀ ਸਾਹਿਬ ਵਿਚ ਇਕ ਹੋਰ ਥਾਂ 'ਤੇ "ਹੈ ਭੀ ਹੋਸੀ ਜਾਇ ਨ ਜਾਸੀ॥" ਏਸ ਤਰ੍ਹਾਂ ਈਸ਼ਵਰ ਨੂੰ "ਆਦਿ ਅਨੀਲੁ ਅਨਾਦਿ ਅਨਾਹਤਿ" ਦੱਸਿਆ ਗਿਆ ਹੈ। ਨਾਨਕ ਬਾਣੀ ਵਿਚ ਇਹੋ ਜਿਹੇ ਵਰਣਨ ਮਿਲਦੇ ਹਨ, ਜਿਵੇਂ "ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥" ਅਤੇ "ਤੂ ਅਲਖ ਅਗੋਚਰੁ ਅਗਮੁ ਹੈ॥" ਰਾਗ ਮਾਰੂ ਵਿਚ ਕਿਹਾ ਹੈ "ਤੂ ਏਕੰਕਾਰ ਨਿਰਾਲਮ ਰਾਜਾ॥" ਰਾਗ ਆਸਾ ਵਿਚ ਲਿਖੀ ਪੱਟੀ ਵਿਚ ਕਹਿੰਦੇ ਹਨ "ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ॥" ਰਾਗ ਬਿਲਾਵਲ ਵਿਚ ਕਿਹਾ ਹੈ "ਅਵਰ ਨਾ ਦੂਜਾ ਸਿਰਜਣਹਾਰਾ॥" ਤੇ "ਆਦਿ ਜੁਗਾਦੀ ਹੈ ਭੀ ਹੋਗੁ॥ "

ਗੁਰੂ ਨਾਨਕ ਦੇਵ ਜੀ ਜਦ ਇਕ ਈਸ਼ਵਰ ਦੀ ਹਸਤੀ ਦਾ ਵਰਣਨ ਕਰਦੇ ਹਨ ਤਾਂ ਉਸ ਨੂੰ ਕਿਰਪਾਲੂ, ਦਿਆਲੂ, ਦਾਤਾ, ਗਰੀਬਾਂ ਤੇ ਨਜ਼ਰ ਕਰਨ ਵਾਲਾ, ਬਖ਼ਸ਼ਣਹਾਰ ਤੇ ਗਰੀਬਨਿਵਾਜ਼ ਕਹਿ ਕੇ ਬਿਆਨ ਕਰਦੇ ਹਨ। ਜਿਵੇਂ ਜਪੁਜੀ ਸਾਹਿਬ ਵਿਚ ਕਹਿੰਦੇ ਹਨ :

ਬਹੁਤਾ ਕਰਮੁ ਲਿਖਿਆ ਨਾ ਜਾਇ॥
ਵਡਾ ਦਾਤਾ ਤਿਲੁ ਨ ਤਮਾਇ॥

ਜਪੁਜੀ ਸਾਹਿਬ ਵਿਚ ਨਜ਼ਰ, ਨਦਰਿ ਜਾਂ ਮਿਹਰ ਵਾਲੀ ਦ੍ਰਿਸ਼ਟੀ ਦਾ ਬਿਆਨ ਕੀਤਾ ਗਿਆ ਹੈ :

- ਨਾਨਕ ਨਦਰੀ ਕਰਮੀ ਦਾਤਿ॥
- ਕਰਮੀ ਆਵੈ ਕਪੜਾ
  ਨਦਰੀ ਮੋਖੁ ਦੁਆਰੁ॥
- ਨਾਨਕ ਨਦਰੀ ਨਦਰਿ ਨਿਹਾਲ॥

ਉਹ ਦਾਤਾ ਹੈ, ਦੇਵਣਹਾਰ ਹੈ :

ਦੇਦਾ ਦੇ ਲੈਦੇ ਥਕਿ ਪਾਹਿ॥

ਇਹ ਮਿਸਾਲਾਂ ਜਪੁਜੀ ਸਾਹਿਬ ਵਿਚੋਂ ਹਨ। ਇਸ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਗੁਰੂ ਨਾਨਕ ਦੇਵ ਜੀ ਦੀਆਂ ਬਾਕੀ ਬਾਣੀਆਂ ਵਿਚੋਂ ਮਿਲਦੀਆਂ ਹਨ। ਜਿਵੇਂ ਰਾਗ ਆਸਾ ਵਿਚ ਕਹਿੰਦੇ ਹਨ "ਆਪੇ ਵੇਖੈ ਆਪੈ ਵਿਗਸੈ ਆਪੇ ਨਦਰਿ ਕਰੇ॥" ਰਾਗ ਵਡਹੰਸ ਵਿਚ ਕਿਹਾ ਹੈ "ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ॥" ਇਹ ਪ੍ਰਕਿਰਿਆ ਆਉਣ ਵਾਲੇ ਗੁਰੂ ਸਾਹਿਬਾਨ ਦੀ ਲਿਖਤ ਵਿਚ ਨਿਰੰਤਰ ਚਲਦੀ ਰਹਿੰਦੀ ਹੈ। ਇਸ ਦਾ ਸਿਖਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਮਿਲਦਾ ਹੈ, ਜਿੱਥੇ ਜਾਪ ਸਾਹਿਬ ਤੇ ਅਕਾਲ ਉਸਤਤਿ, ਨਿਰਗੁਣ ਤੇ ਨਾ ਬਿਆਨ ਕੀਤੇ ਜਾਣ ਵਾਲੇ ਕਰਤਾ ਪੁਰਖ ਦੀ ਵਡਿਆਈ ਦੇ ਮਹਾਂਕਾਵਿਕ ਗੀਤ ਬਣ ਜਾਂਦੇ ਹਨ। ਜਾਪ ਸਾਹਿਬ ਵਿਚ ਕਰਤਾ ਪੁਰਖ ਨੂੰ ਬਿਨਾਂ ਕਿਸੇ ਚਕ੍ਰ, ਚਿਹਨ, ਵਰਣ, ਜਾਤੀ ਤੋਂ ਉਪਰ, ਅਲੇਖ, ਅਚਲ, ਅਟਲ, ਅਕਾਲ, ਅਰੂਪ, ਅਭੇਖ, ਅਕਾਏ (ਕਾਇਆ ਰਹਿਤ), ਅਗੰਜ (ਅਜਿੱਤ), ਅਭੇਜ (ਮਾਸ ਰਹਿਤ), ਅਨਾਮ, ਅਠਾਮ (ਥਾਂ ਰਹਿਤ), ਅਕਰਮੰ, ਅਧਰਮੰ, ਅਨਾਮੰ, ਅਮਿਤੋਜ, ਅਜੀਤ, ਅਭੀਤ, ਅਬਾਹ, ਅਢਾਹ ਆਦਿ ਦਰਸਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦ੍ਰਿੜ੍ਹ ਕਰਵਾਉਂਦੇ ਹਨ ਕਿ ਅਕਾਲ ਪੁਰਖ ਦੀ ਕੋਈ ਜਾਤ ਜਾਂ ਵਰਣ ਨਹੀਂ ਹੈ :

ਚਕ੍ਰ ਚਿਹਨ ਅਰੁ ਬਰਨ ਜਾਤਿ,
ਅਰੁ ਪਾਤਿ, ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ

ਕਹਿ ਨ ਸਕਤ ਕਿਹ ॥ (ਜਾਪੁ ਸਾਹਿਬ)

ਨਾਮ ਠਾਮ ਨ ਜਾਤਿ ਜਾਕਰ
ਰੂਪ ਰੰਗ ਨ ਭੇਖ ॥ (ਜਾਪੁ ਸਾਹਿਬ)

ਇਹ ਉਦਾਹਰਣਾਂ ਜਾਪ ਸਾਹਿਬ ਵਿਚੋਂ ਹਨ। 'ਅਕਾਲ ਉਸਤਤਿ' ਵਿਚ ਕਹਿੰਦੇ ਹਨ :

ਬਰਨ ਚਿਹਨ ਜਾਤ ਨਾ ਪਾਤਾ ॥

ਤੇ ਫਿਰ :

ਜਾਤ ਪਾਤ ਜਿਹ ਚਿਹਨ ਨ ਬਰਨ ॥

'ਚਉਬੀਸ ਅਵਤਾਰ' ਵਿਚ ਕਹਿੰਦੇ ਹਨ :

ਅਲਖ ਰੂਪ ਕਿਨਹੂੰ ਨਹਿ ਜਾਨਾ ॥

ਏਸੇ ਤਰ੍ਹਾਂ ਜਿਸ ਪਰਮਾਤਮਾ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਵਰਣਨ ਕੀਤਾ ਹੈ, ਉਹ ਕਰੁਣਾ ਦਾ ਸਾਗਰ ਹੈ।

ਕਰੁਣਾਲਯ ਹੈਂ ॥ ਅਰਿਘਾਲਯ ਹੈਂ ॥
ਪਰ ਤੇ ਪਰ ਹੈਂ ॥ ਕਰੁਣਾਕੁਰ ਹੈਂ ॥
ਅੰਮ੍ਰਿਤਾ ਮ੍ਰਿਤ ਹੈਂ ॥ ਕਰੁਣਾਕ੍ਰਿਤ ਹੈਂ ॥

ਕਰਤਾ ਪੁਰਖ ਉਦਾਰ, ਸਰਬ ਦਿਆਲ, ਦਿਆਲੂ, ਕਰੀਮ, ਰਫੀਕ, ਰੰਗ ਹਰਤਾ, ਮਹਾਂਦਾਨੀ, ਸਿੱਧੀ ਤੇ ਬੁੱਧੀ ਦੇਣ ਵਾਲਾ, ਪ੍ਰੀਤਵਾਨ, ਸਰਬ-ਪਾਲਕ, ਪਾਲਣਹਾਰ ਤੇ ਮੁਕਤੀਦਾਤਾ ਹੈ। ਰੋਜ਼ੀ ਦੇਣ ਵਾਲਾ ਹੈ "ਰੋਜ਼ੀ ਰਜ਼ਾਕੈ, ਰੋਜ਼ੀ ਦਿਹੰਦ, ਰਜਾਇਕ ਯਕੀਨੈ, ਰਾਜਕ ਰਹੀਮ।"

ਪਾਪਾਂ ਨੂੰ ਬਖ਼ਸ਼ਣ ਵਾਲਾ "ਅਫਵੁਲ ਗੁਨਾਹ" ਹੈ। ਸਭ ਬਖ਼ਸ਼ਿਸ਼ਾਂ ਕਰਨ ਵਾਲਾ ਕਰੰਮ ਕਰੀਮੰ ਹੈ, ਕਰੀਮੁਲ ਰਹੀਮ ਹੈ।

ਗਰੀਬਾਂ ਦੀ ਪਾਲਣਾ ਕਰਨਾ ਕਰਨ ਵਾਲਾ ਗਰੀਬੁਲ ਪਰਸਤੈ ਹੈ।

ਪਿਆਰਿਆਂ ਨੂੰ ਨਿਵਾਜਣ ਵਾਲਾ ਅਜ਼ੀਜ਼ੁਲ ਨਿਵਾਜ ਹੈ।

ਤੇ ਸਭ ਤੋਂ ਉੱਤੇ, ਉਹ ਮਿੱਤਰ ਪਿਆਰਾ ਹੈ।

ਇਸ ਤਰ੍ਹਾਂ ਇਕ-ਈਸ਼ਵਰਵਾਦ ਤੇ ਉਸ ਦੀ ਦਿਆਲਤਾ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਹਜ਼ਾਰਾਂ ਵਾਰ ਦੁਹਰਾਇਆ ਜਾਂਦਾ ਹੈ। ਏਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਇਹ ਗੱਲ ਇਕ ਵਾਰ ਹੀ ਕਹੀ ਜਾਣੀ ਕਾਫੀ ਨਹੀਂ ? ਕੀ ਏਨੇ ਦੁਹਰਾਓ ਦੀ ਜ਼ਰੂਰਤ ਹੈ ? ਤਾਂ ਉੱਤਰ ਇਹ ਹੈ ਕਿ ਇਸ ਦੁਹਰਾਉ ਦੀ ਬਹੁਤ ਜ਼ਰੂਰਤ ਹੈ। ਕਿਉਂ ? ਉਹ ਇਸ ਲਈ ਕਿ ਦੇਵਤਾਵਾਦ, ਅਵਤਾਰਵਾਦ, ਕਰਮਕਾਂਡ, ਵਰਣ-ਆਸ਼ਰਮ ਤੇ ਜਾਤ-ਪਾਤ ਦੀਆਂ ਧਾਰਨਾਵਾਂ ਹਿੰਦੋਸਤਾਨੀ ਬਰੇ-ਸਗੀਰ ਦੇ ਲੋਕਾਂ ਦੇ ਮਨਾਂ ਵਿਚ ਏਨਾ ਡੂੰਘਾ ਘਰ ਕਰ ਚੁੱਕੀਆਂ ਹਨ ਕਿ ਉਨ੍ਹਾਂ ਨਾਲ ਲੜਨ ਲਈ, ਉਨ੍ਹਾਂ ਨਾਲ ਸੰਘਰਸ਼ ਕਰਨ ਲਈ ਏਸ ਦੁਹਰਾਓ ਦੀ ਬਹੁਤ ਜ਼ਰੂਰਤ ਪੈਂਦੀ ਹੈ।

ਸਮਾਜਿਕ ਸਾਰਥਿਕਤਾ ਦੀ ਜਦੋਂ ਗੱਲ ਕਰਦੇ ਹਾਂ ਤਾਂ ਨਾਨਕ-ਬਾਣੀ ਵਿਚ ਇਹ ਸਾਰਥਿਕਤਾ ਇਕ ਨਵੀ ਤਰ੍ਹਾਂ ਨਾਲ ਸਾਹਮਣੇ ਆਉਂਦੀ ਹੈ। ਪਰੰਪਰਕ ਹਿੰਦੋਸਤਾਨੀ ਧਰਮਾਂ ਅਨੁਸਾਰ ਪਰਮਾਤਮਾ ਨੂੰ ਗਿਆਨ ਮਾਰਗ, ਇਕੱਲੇ ਬਹਿ ਕੇ ਭਗਤੀ ਕਰਨ, ਧਿਆਨ ਲਾਉਣ, ਯੋਗ ਤੇ ਹੋਰ ਅਜਿਹੀਆਂ ਵਿਧੀਆਂ ਰਾਹੀਂ ਪਾਇਆ ਜਾ ਸਕਦਾ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਪਰਮਾਤਮਾ ਦੀ ਕਹਾਣੀ ਜਾਂ ਕਹਾਣੀਆਂ ਕਿਵੇਂ ਕਹੀਆਂ ਜਾ ਸਕਦੀਆਂ ਹਨ ? ਸਿਰੀ ਰਾਗ ਵਿਚ ਗੁਰੂ ਸਾਹਿਬ ਕਹਿੰਦੇ ਹਨ :

ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹਿਲੇੜੀਆਹ ॥
ਮਿਲ ਕੈ ਕਰਹਿ ਕਹਾਣੀਆ ਸੰਮ੍ਰਥ ਕੰਤ ਕੀਆਹ ॥

ਕਿ ਆਓ ਅਸੀਂ ਇਕੱਠੇ ਹੋ ਕੇ ਸਮਰਥ ਕੰਤ ਭਾਵ ਕਰਤਾ ਪੁਰਖ ਦੀਆਂ ਬਾਤਾਂ ਪਾਈਏ।

ਇਸ ਤੋਂ ਭਾਵ ਇਹ ਨਿਕਲਦਾ ਹੈ ਕਿ ਸਤਿਸੰਗ ਕਰਕੇ, ਸਮਾਜ ਵਿਚ ਮਿਲ ਕੇ ਹੀ ਪ੍ਰਭੂ ਦੀ ਬਾਤ ਪਾਈ ਜਾ ਸਕਦੀ ਹੈ। ਸ੍ਰੀ ਰਾਗ ਵਿਚ ਫਿਰ ਦੱਸਦੇ ਹਨ "ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥" ਤੇ ਫਿਰ ਸ੍ਰੀ ਰਾਗ ਵਿਚ ਹੀ ਕਹਿੰਦੇ ਹਨ "ਮਿਲਿ ਸਤ ਸੰਗਤਿ ਹਰਿ ਪਾਈਐ॥"

ਇਸ ਤਰ੍ਹਾਂ ਸੰਗਤ ਵਿਚ ਬਹਿ ਕੇ ਪਰਮਾਤਮਾ ਦਾ ਨਾਮ ਲੈਣ ਨੂੰ ਸਰਾਹਿਆ ਗਿਆ ਹੈ। ਏਹ ਸੰਕਲਪ ਹੀ ਕੀਰਤਨ ਕਰਨ ਤੇ ਇਕੱਠੇ ਬਹਿ ਕੇ ਲੰਗਰ ਛਕਣ ਦੀਆਂ ਪਰੰਪਰਾਵਾਂ ਦਾ ਆਧਾਰ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਕ ਹੋਰ ਸਿਧਾਂਤ ਵੀ ਦ੍ਰਿੜ੍ਹ ਕਰਵਾਇਆ ਹੈ। ਉਹ ਹੈ ਗੋਸ਼ਟਿ ਕਰਨ ਦਾ ਸਿਧਾਂਤ। ਆਪਸ ਵਿਚ ਗੱਲਬਾਤ ਕਰਨ ਤੇ ਫਿਰ ਠੀਕ ਨਤੀਜਿਆਂ ਤੇ ਪਹੁੰਚਣ ਦਾ ਅਮਲ।

ਰਾਗ ਰਾਮਕਲੀ ਵਿਚ ਲਿਖੀ ਗਈ ਸਿੱਧ-ਗੋਸ਼ਟ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਗੋਸ਼ਟ ਕਰਨ, ਬਹਿਸ ਕਰਨ, ਵਿਚਾਰ-ਵਟਾਂਦਰਾ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਦ ਗੁਰੂ ਸਾਹਿਬ ਸਿੱਧਾਂ ਕੋਲ ਜਾਂਦੇ ਹਨ ਤਾਂ ਉਨ੍ਹਾਂ ਦਾ ਆਸ਼ਾ ਇਹ ਨਹੀਂ ਹੋ ਸਕਦਾ ਕਿ ਕੋਈ ਰੂਹਾਨੀ ਜਿੱਤ ਹਾਸਲ ਕਰਨੀ ਹੈ, ਕਿਸੇ ਨੂੰ ਹਰਾਉਣਾ ਹੈ। ਗੁਰੂ ਸਾਹਿਬ ਜਾਣਦੇ ਹਨ ਕਿ ਸਿੱਧ ਵਿਦਵਾਨ ਹਨ। ਉਹ ਉਨ੍ਹਾਂ ਨਾਲ ਤਰਕ-ਵਿਤਰਕ ਕਰਨਾ ਚਾਹੁੰਦੇ ਹਨ ਤੇ ਇਹ ਕਹਿਣਾ ਚਾਹੁੰਦੇ ਹਨ ਕਿ ਸੰਸਾਰ ਤੋਂ ਪਿੱਠ ਮੋੜ ਕੇ ਕਿਸੇ ਅਧਿਆਤਮਕ ਮਨੋਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਸਮਾਜਿਕ ਸੰਘਰਸ਼ ਨੂੰ ਓਥੇ ਵੱਡੇ ਤੇ ਬਹੁਮੁੱਲੇ ਬੋਲ ਮਿਲਦੇ ਹਨ ਜਦ ਗੁਰੂ ਸਾਹਿਬ ਦਮਿਤ ਤੇ ਦਲਿਤ ਲੋਕਾਂ ਨਾਲ ਖਲੋਂਦੇ ਹਨ, ਉਨ੍ਹਾਂ ਨਾਲ ਆਈਡੈਂਟੀਫਾਈ ਕਰਦੇ ਹਨ। ਅਸੀਂ ਸਾਰੇ ਉਨ੍ਹਾਂ ਬੋਲਾਂ ਨੂੰ ਜਾਣਦੇ ਹਾਂ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਜਪੁਜੀ ਸਾਹਿਬ ਵਿਚ ਆਪ ਕਹਿੰਦੇ ਹਨ :

ਆਈ ਪੰਥੀ ਸਗਲ ਜਮਾਤੀ

ਸਿਰੀ ਰਾਗ ਵਿਚ ਗੁਰੂ-ਬੋਲ ਹਨ :

ਸਭੁ ਕੋ ਊਚਾ ਆਖੀਐ
ਨੀਚੁ ਨ ਦੀਸੈ ਕੋਇ॥
ਇਕਨੈ ਭਾਂਡ ਸਾਜਿਐ
ਇਕੁ ਚਾਨਣੁ ਤਿਹੁ ਲੋਇ॥

ਏਸੇ ਤਰ੍ਹਾਂ ਰਾਗ ਆਸਾ ਦੇ ਸਲੋਕਾਂ ਵਿਚ ਕਹਿੰਦੇ ਹਨ :

ਹਉ ਢਾਢੀ ਕਾ ਨੀਚਿ ਜਾਤਿ
ਹੋਰਿ ਉਤਮ ਜਾਤਿ ਸਦਾਇਦੇ॥

ਭਾਵ ਮੈਂ ਨੀਚੀ ਜਾਤ ਦਾ ਢਾਡੀ ਹਾਂ, ਬਾਕੀ ਆਪਣੇ ਆਪ ਨੂੰ ਉੱਚੀਆਂ ਜਾਤਾਂ ਵਾਲੇ ਕਹਿਲਾਉਂਦੇ ਹਨ। ਇਨ੍ਹਾਂ ਸ਼ਬਦਾਂ ਤੋਂ ਪ੍ਰਤੱਖ ਹੈ ਕਿ ਸਮਾਜਿਕ ਸੰਘਰਸ਼ ਵਿਚ ਗੁਰੂ ਜੀ ਕਿਹੜੇ ਲੋਕਾਂ ਨਾਲ ਖਲੋਤੇ ਹਨ।

ਗੁਰੂ ਜੀ ਨੇ ਆਪਣਾ ਸੰਦੇਸ਼ ਦੇਣ ਲਈ ਜੋ ਪ੍ਰਤੀਕ, ਰੂਪਕ, ਬਿੰਬ ਤੇ ਅਲੰਕਾਰ ਵਰਤੇ ਹਨ ਉਹ ਸਮਾਜ ਨਾਲ ਸੰਬੰਧਿਤ ਹਨ। ਸਾਡੀ ਅਮਲੀ ਜ਼ਿੰਦਗੀ, ਰੋਜ਼ਮੱਰਾ ਦੀ ਜ਼ਿੰਦਗੀ ਨਾਲ ਸੰਬੰਧਿਤ ਹਨ। ਸਭ ਤੋਂ ਪਹਿਲੀ ਸਾਫ ਤੇ ਸਪੱਸ਼ਟ ਗੱਲ ਇਹ ਹੈ ਕਿ ਗੁਰੂ ਸਾਹਿਬ ਪੰਡਤਾਈ ਦੀ ਬੋਲੀ ਜਾਂ ਤਥਾਕਥਿਤ ਉੱਚੀਆਂ ਸ਼੍ਰੇਣੀਆਂ ਦੀ ਬੋਲੀ ਵਿਚ ਸਾਡੇ ਨਾਲ ਗੱਲ ਨਹੀਂ ਕਰਦੇ। ਉਹ ਸਾਡੇ ਨਾਲ ਲੋਕਾਂ ਦੀ ਬੋਲੀ, ਸਾਡੀ ਆਪਣੀ ਬੋਲੀ ਪੰਜਾਬੀ ਵਿਚ ਗੱਲ ਕਰਦੇ ਹਨ। ਉਨ੍ਹਾਂ ਦੀ ਬਾਣੀ ਪੰਜਾਬ ਤੋਂ ਬਾਹਰ ਵੀ ਸਮਝੀ ਜਾਵੇ ਇਸ ਲਈ ਉਹ ਨਜ਼ਦੀਕ ਦੀਆਂ ਭਾਸ਼ਾਵਾਂ ਦੇ ਸ਼ਬਦ ਵੀ ਵਰਤਦੇ ਹਨ। ਉਹ ਲੋਕ-ਕਾਵਿ ਰੂਪਾਂ ਨੂੰ ਵਰਤਦੇ ਹਨ। ਜਿਵੇਂ ਸੀਹਰਫ਼ੀ ਤੇ ਬਾਵਨ-ਅੱਖਰੀ ਲਿਖੀ ਜਾਂਦੀ ਸੀ ਉਵੇਂ ਪੱਟੀ

ਲਿਖੀ ਜਾਂਦੀ ਹੈ। ਰਾਗ ਤੁਖਾਰੀ ਵਿਚ ਬਾਰਹਮਾਹ ਲਿਖਿਆ ਜਾਂਦਾ ਹੈ। ਗੁਰੂ ਸਾਹਿਬ ਵਾਰਾਂ ਲਿਖਦੇ ਹਨ। ਅਲਾਹੁਣੀਆਂ ਲਿਖਦੇ ਹਨ। ਲੋਕ-ਸੰਗੀਤ ਵਰਤਦੇ ਹਨ। ਰਾਗ ਮਾਝ ਮਾਝੇ ਦੀਆਂ ਲੋਕ-ਧੁਨਾਂ 'ਤੇ ਆਧਾਰਿਤ ਹੈ। ਏਸੇ ਤਰ੍ਹਾਂ ਗੁਰੂ ਸਾਹਿਬ ਸਮਾਜਿਕ ਤੇ ਘਰੋਗੀ ਜੀਵਨ ਨਾਲ ਜੁੜੇ ਪ੍ਰਤੀਕਾਂ ਦੀ ਵਰਤੋਂ ਕਰਦੇ ਹਨ। "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥" ਦਇਆ ਦੀ ਕਪਾਹ ਹੋਵੇ, ਸੰਤੋਖ ਦਾ ਸੂਤ ਹੋਵੇ, ਪ੍ਰਹੇਜ਼ਗਾਰੀ ਦੀ ਗੰਢ ਤੇ ਸੱਚ ਦਾ ਮਰੋੜਾ ਹੋਵੇ, ਹੇ ਬ੍ਰਾਹਮਣ ਇਹ ਹਨ ਤਾਂ ਮੈਨੂੰ ਇਨ੍ਹਾਂ ਦਾ ਬਣਿਆ ਜਨੇਊ ਪਾ। ਇਹ ਸਾਰੇ ਸ਼ਬਦ ਤੇ ਬਿੰਬ ਸਾਡੇ ਸਮਾਜਿਕ ਤੇ ਘਰੋਗੀ ਜੀਵਨ ਵਿਚੋਂ ਲਏ ਗਏ ਹਨ। ਰਾਗ ਆਸਾ ਵਿਚ ਦੀਵੇ ਦਾ ਪ੍ਰਤੀਕ ਵਰਤਦੇ ਹਨ "ਦੀਵਾ ਮੇਰਾ ਏਕ ਨਾਮੁ ਦੁਖੁ ਵਿਚ ਪਾਇਆ ਤੇਲੁ॥" ਕੱਲਰ ਦਾ ਬਿੰਬ ਵਰਤਿਆ ਹੈ। ਰਾਗ ਆਸਾ ਵਿਚ ਕਿਹਾ ਹੈ "ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥" ਦੁਨੀਆ ਨੂੰ ਕੱਲਰੀ ਕੰਧ ਵੀ ਕਿਹਾ ਗਿਆ ਹੈ। ਮਨ ਤੇ ਸੰਸਾਰ ਦਾ ਸੰਬੰਧ ਢੋਲਕੀ ਦੇ ਬਿੰਬ ਰਾਹੀਂ ਬਿਆਨ ਕੀਤਾ ਗਿਆ ਹੈ "ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ॥" ਮਨ ਦੀਆਂ ਖਾਹਿਸ਼ਾਂ ਛੈਣੇ ਤੇ ਘੁੰਗਰੂਆਂ ਵਾਂਗ ਹਨ। ਉਨ੍ਹਾਂ ਨਾਲ ਸੰਸਾਰ ਦਾ ਢੋਲ ਵੱਜ ਰਿਹਾ ਹੈ। ਮਿੱਠਾ ਬੋਲਣ ਤੇ ਨਿਮਰਤਾ ਨਾਲ ਬੋਲਣ ਦੇ ਸੰਦੇਸ਼ ਲਈ ਸਿੰਮਲ ਦੇ ਰੁੱਖ ਦਾ ਬਿੰਬ ਵਰਤਿਆ ਹੈ "ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥" ਭਾਂਡੇ ਤੇ ਦੁੱਧ ਨੂੰ ਵੇਖੋ ਕਿੱਦਾਂ ਵਰਤਿਆ ਹੈ "ਭਾਂਡਿ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੇ ਕਉ ਜਾਵਹੁ॥"

ਸਿਰੀ ਰਾਗ ਵਿਚ ਖੇਤੀ ਤੇ ਕਿਰਸਾਨੀ ਨਾਲ ਜੁੜੇ ਕੰਮਾਂ-ਕਾਰਾਂ ਤੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। "ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥" ਭਾਵ ਨੇਕ ਕਰਮਾਂ ਨੂੰ ਆਪਣਾ ਖੇਤ ਬਣਾ, ਸ਼ਬਦ ਦਾ ਬੀਜ ਪਾ, ਸੱਚ ਦੇ ਪਾਣੀ ਨਾਲ ਇਹਨੂੰ ਸਿੰਜ, "ਹੋਇ ਕਿਰਸਾਣੁ ਈਮਾਨੁ ਜੰਮਾਇ॥" ਹੇ ਬੰਦੇ, ਜੇ ਤੂੰ ਏਦਾਂ ਦਾ ਕਿਰਸਾਨ ਬਣੇ ਤਾਂ ਈਮਾਨ ਦੀ ਖੇਤੀ ਉੱਗੇਗੀ। ਸਿਰੀ ਰਾਗ ਵਿਚ ਹੀ ਕਿਹਾ ਹੈ, "ਇਹ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥"

ਸਮਾਜਿਕ ਜੀਵਨ ਨਾਲ ਜੁੜੇ ਬਿੰਬ ਤੇ ਪ੍ਰਤੀਕ ਕਿਉਂ ਵਰਤੇ ਗਏ ਹਨ ? ਕਿਉਂ ? ਕਿਉਂਕਿ ਗੁਰੂ ਸਾਹਿਬ ਸਮਾਜ ਨੂੰ ਬਦਲਣਾ ਚਾਹੁੰਦੇ ਸਨ, ਸਮਾਜਿਕ ਏਕਤਾ ਚਾਹੁੰਦੇ ਸਨ, ਸਮਾਜਿਕ ਬਰਾਬਰੀ ਚਾਹੁੰਦੇ ਸਨ, ਆਪਣੇ ਲੋਕਾਂ ਨਾਲ ਖਲੋਣਾ ਚਾਹੁੰਦੇ ਸਨ ਤੇ ਖਲੋਤੇ ਵੀ। ਏਸੇ ਰਵਾਇਤ ਵਿਚ ਲੋਕਾਂ ਨਾਲ, ਲੋਕ-ਮਾਨਸ ਨਾਲ ਜੁੜਣ ਅਤੇ ਲੋਕ-ਧਾਰਾ ਨਾਲ ਖਲੋਣ ਦੀ ਵੱਡੀ ਗਵਾਹੀ ਸਾਨੂੰ ਫਿਰ ਓਥੇ ਮਿਲਦੀ ਹੈ ਜਦ ਆਦਿ-ਗ੍ਰੰਥ ਦੀ ਸੰਪਾਦਨਾ ਹੁੰਦੀ ਹੈ ਤੇ ਦੱਸਿਆ ਜਾਂਦਾ ਹੈ ਕਿ ਆਸਾ ਦੀ ਵਾਰ ਟੁੰਡੇ ਅਸਰਾਜੇ ਦੀ ਧੁਨੀ ਪਰ ਗਾਉਣੀ ਹੈ। ਹੋਰ ਵਾਰਾਂ ਲਈ ਲੋਕ-ਧੁਨੀਆਂ ਦੱਸੀਆਂ ਜਾਂਦੀਆਂ ਹਨ। ਇਹ ਲੋਕਾਂ ਨਾਲ ਖਲੋਣ ਦੇ ਵੱਡੇ ਤੇ ਮਹਾਨ ਉਪਰਾਲੇ ਹਨ। ਸਥਾਪਤੀ ਦੇ ਵਿਰੁੱਧ ਸੰਘਰਸ਼ ਦੇ ਲਖਾਇਕ ਹਨ। ਸਥਾਪਤੀ ਦੇ ਵਿਰੁੱਧ ਸੰਘਰਸ਼ ਕੇਵਲ ਨਾਹਰੇ ਮਾਰ ਕੇ ਨਹੀਂ ਹੁੰਦਾ, ਸਥਾਪਤੀ ਦੀ ਬੋਲੀ, ਸਥਾਪਤੀ ਦੇ ਗੀਤ-ਸੰਗੀਤ, ਸਥਾਪਤੀ ਦੀ ਸ਼ੈਲੀ, ਸਥਾਪਤੀ ਦੀ ਭਾਸ਼ਾ, ਸਥਾਪਤੀ ਕਿਹੋ ਜੇਹੇ ਰੂਪਾਂ ਰਾਹੀਂ ਪ੍ਰਗਟ ਹੁੰਦੀ ਹੈ, ਉਸ ਸਭ ਨਾਲੋਂ ਟੁੱਟਣਾ ਪੈਂਦਾ ਹੈ। ਪ੍ਰਤਿ-ਭਾਸ਼ਾ ਸਿਰਜਣੀ ਪੈਂਦੀ ਹੈ। ਪ੍ਰਤਿ-ਸ਼ੈਲੀ ਸਿਰਜਣੀ ਪੈਂਦੀ ਹੈ। ਤੇ ਇਹ ਮਹਾਨ ਕਾਰਜ ਗੁਰੂ ਨਾਨਕ ਦੇਵ ਜੀ ਤੇ ਸਾਡੇ ਹੋਰ ਗੁਰੂਆਂ ਨੇ ਕੀਤਾ ਹੈ।

ਗੁਰੂ ਨਾਨਕ-ਬਾਣੀ ਦਾ ਇਕ ਹੋਰ ਸਮਾਜਿਕ ਤੇ ਸਾਡੀ ਹੋਂਦ ਦੇ ਪ੍ਰਸ਼ਨ ਨਾਲ ਜੁੜਿਆ ਪੱਖ ਇਹ ਹੈ ਕਿ ਗੁਰੂ ਸਾਹਿਬ ਦੀ ਬਾਣੀ ਪ੍ਰਸ਼ਨ ਪੁੱਛਦੀ ਹੋਈ ਵਾਣੀ ਹੈ। ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਮਨੁੱਖੀ ਹਸਤੀ ਤੇ ਹੋਂਦ ਬਾਰੇ ਬਹੁਤ ਵੱਡਾ ਪ੍ਰਸ਼ਨ ਪੁੱਛਿਆ ਗਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਸਿਧ ਗੋਸ਼ਟਿ ਜਿਸ ਵੱਲ ਮੈਂ ਪਹਿਲਾਂ ਸੰਕੇਤ ਕੀਤਾ ਹੈ, ਹੈ ਹੀ ਪ੍ਰਸ਼ਨ ਪੁੱਛਦੀ ਹੋਈ ਬਾਣੀ। ਪਰ ਇਸ ਵਿਚ ਪ੍ਰਸ਼ਨ ਜੋਗੀ ਤੇ ਸਿੱਧ ਕਰਦੇ ਹਨ ਤੇ ਉੱਤਰ ਗੁਰੂ ਨਾਨਕ ਦੇਵ ਜੀ ਦਿੰਦੇ ਹਨ। ਮੈਂ ਸਿਧ ਗੋਸ਼ਟਿ 'ਚੋਂ ਸਿਰਫ ਇਕ ਉਦਾਹਰਣ ਦੇਵਾਂਗਾ। ਏਥੇ ਵੀ ਇਕ- ਈਸ਼ਵਰਵਾਦ ਬਾਰੇ ਬਹਿਸ ਹੁੰਦੀ ਹੈ। ਜੋਗੀ ਪੁੱਛਦੇ ਹਨ, "ਕਿਉ ਕਰਿ ਅਲਖੁ ਲਖਾਏ॥" ਉਸ ਅਦ੍ਰਿਸ਼ਟ ਨੂੰ ਕਿਸ ਤਰ੍ਹਾਂ ਦੇਖਿਆ ਜਾ ਸਕਦਾ ਹੈ ? ਗੁਰੂ ਸਾਹਿਬ ਉੱਤਰ ਦਿੰਦੇ ਹਨ : "ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥" ਉਹ ਅਦ੍ਰਿਸ਼ਟ ਸ਼ਬਦ ਭਾਵ ਕਰਤਾ-ਪੁਰਖ ਸਾਰਿਆਂ ਜੀਵਾਂ ਅੰਦਰ ਵੱਸਦਾ ਹੈ।

ਜਿੱਥੇ ਕਿਤੇ ਵੀ ਮੈਂ ਵੇਖਦਾ ਹਾਂ, ਉਥੇ ਮੈਂ ਉਸ ਨੂੰ ਵੇਖਦਾ ਹਾਂ।

ਸਿਰੀ ਰਾਗ ਵਿਚ ਗੁਰੂ ਸਾਹਿਬ ਪ੍ਰਸ਼ਨ ਪੁੱਛਦੇ ਹਨ :

ਮੁਖ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥

ਰਾਗ ਗਉੜੀ ਵਿਚ ਪੁੱਛਦੇ ਹਨ :

ਤੂੰ ਕਾਇਆ ਰਹੀਅਹਿ ਸੁਪਨੰਤਰਿ,
ਤੁਧੁ ਕਿਆ ਕਰਮ ਕਮਾਇਆ॥

ਰਾਗ ਤੁਖਾਰੀ ਵਿਚ ਪੁੱਛਦੇ ਹਨ :

"ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ॥"

ਮਨੁੱਖ ਦੀ ਮੂਲ ਹੋਂਦ ਬਾਰੇ ਪ੍ਰਸ਼ਨ ਕਰਦੇ ਹਨ :

ਭਾਡਾ ਧੋਵੈ ਕਉਣੁ ਜਿ ਕਚਾ ਸਾਜਿਆ॥ (ਸਲੋਕ ਵਾਰਾਂ ਤੇ ਵਧੀਕ)

ਇਨ੍ਹਾਂ ਸਲੋਕਾਂ ਵਿਚ ਹੀ ਆਪਣੇ ਆਪ 'ਤੇ ਸਵਾਲ ਕਰਦੇ ਹਨ, ਦੁਨੀਆਂ ਦੀ ਬਣਤਰ 'ਤੇ ਸਵਾਲ ਕਰਦੇ ਹਨ :

ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ॥

ਇਸ ਤਰ੍ਹਾਂ ਉਹ ਆਪਣੇ ਆਪ ਨੂੰ ਪ੍ਰਸ਼ਨ ਪੁੱਛ ਰਹੇ ਹਨ, ਆਪਣੇ ਸਾਥੀਆਂ ਤੇ ਸੰਸਾਰ ਦੇ ਜੀਵਾਂ ਤੋਂ ਪ੍ਰਸ਼ਨ ਪੁੱਛ ਰਹੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਪ੍ਰਸ਼ਨ ਪੁੱਛਣ ਤੇ ਗੋਸ਼ਟਿ ਕਰਨ ਦੀ ਪਰੰਪਰਾ ਨੂੰ ਦ੍ਰਿੜ੍ਹ ਕਰਦੇ ਹਨ। ਵੱਖ ਵੱਖ ਸਮਿਆਂ ਵਿਚ, ਮਨੁੱਖ ਸਾਹਮਣੇ ਵੱਖ ਵੱਖ ਪ੍ਰਸ਼ਨ ਪੇਸ਼ ਹੁੰਦੇ ਹਨ ਤੇ ਮਨੁੱਖਾਂ ਤੇ ਮਨੁੱਖਤਾ ਨੂੰ ਉਨ੍ਹਾਂ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖ ਦੀ ਹੋਂਦ ਬਾਰੇ ਦੁਨੀਆਂ ਦੇ ਵਰਤਾਰੇ ਬਾਰੇ, ਉਸ ਸਮੇਂ ਦੀ ਸਮਾਜਿਕ ਬਣਤਰ ਬਾਰੇ, ਸਮਾਜਕ ਹਾਲਾਤਾਂ ਬਾਰੇ ਪ੍ਰਸ਼ਨ ਪੁੱਛਦੀ ਹੋਈ ਵਾਣੀ ਹੈ। ਇਹ ਬਾਣੀ ਪ੍ਰਸ਼ਨ ਪੁੱਛਦੀ ਹੈ ਤੇ ਫਿਰ ਉੱਤਰ ਤਲਾਸ਼ ਕਰਦੀ ਹੈ। ਪ੍ਰਸ਼ਨ ਪੁੱਛਣ ਦਾ ਮਤਲਬ ਹੈ ਉਸ ਵੇਲੇ ਦੀ ਸਮਾਜਕ ਬਣਤਰ ਬਾਰੇ ਸੰਦੇਹ ਪ੍ਰਗਟ ਕਰਨਾ ਤੇ ਉਨ੍ਹਾਂ ਹਾਲਾਤਾਂ ਨਾਲ ਸੰਘਰਸ਼ ਕਰਨਾ ਜੋ ਲੋਕਾਈ ਵਾਸਤੇ ਚੰਗੇ ਨਹੀਂ। ਇਸ ਦਾ ਮਤਲਬ ਹੈ ਹਾਲਾਤਾਂ ਸਾਹਮਣੇ ਗੋਡੇ ਨਹੀਂ ਟੇਕਣੇ, ਸਵਾਲ ਕਰਨੇ ਹਨ ਤੇ ਉਨ੍ਹਾਂ ਦੇ ਜਵਾਬ ਲੱਭਣੇ ਹਨ।

ਸਮਾਜਿਕ ਸੰਘਰਸ਼ ਕਿਰਤ ਤੇ ਕਿਰਤ ਤੋਂ ਪੈਦਾ ਹੋਣ ਵਾਲੀਆਂ ਵਸਤੂਆਂ ਦੀ ਸਮਾਜ ਵਿਚ ਨਿਆਂਪੂਰਕ ਵੰਡ ਨਾਲ ਜੁੜਿਆ ਹੋਇਆ ਹੈ। ਇਸ ਸੰਬੰਧ ਵਿਚ ਰਾਗ ਸਾਰੰਗ ਵਿਚ ਗੁਰੂ ਸਾਹਿਬ ਨੇ ਕਿਹਾ ਹੈ, "ਘਾਲ ਖਾਇ ਕਿਛੁ ਹਥਹੁ ਦੇਹਿ॥ ਨਾਨਕ ਰਾਹੁ ਪਛਾਣਹਿ ਸੇਇ॥" ਕਿਰਤ ਕਰੋ ਤੇ ਵੰਡ ਛਕੋ ਦਾ ਸਿਧਾਂਤ ਇਸ ਤਰ੍ਹਾਂ ਦੇ ਗੁਰੂ-ਵਾਕਾਂ ਦੀ ਦੇਣ ਹੈ। ਇਸ ਤਰਜ਼ ਤੇ ਗੁਰੂ-ਵਾਕਾਂ ਦੀ ਸਮਾਜਿਕ ਦੇਣ ਅਦੁੱਤੀ ਹੈ। ਉਸ ਵੇਲੇ ਦੀ ਸਮਾਜਿਕ ਬਣਤਰ ਦੇ ਬ੍ਰਾਹਮਣਵਾਦੀ ਅਤੇ ਜਾਗੀਰਦਾਰੀ ਸੰਕਲਪਾਂ ਵਿਚ ਕਿਰਤ ਨੂੰ ਹਿਕਾਰਤ ਨਾਲ ਵੇਖਿਆ ਗਿਆ ਹੈ। ਹੱਥੀਂ ਕੰਮ ਕਰਨ ਵਾਲਿਆਂ ਨੂੰ ਸਮਾਜਿਕ ਤੌਰ ਤੇ ਨੀਵੇਂ ਦਰਜੇ ਦਿੱਤੇ ਗਏ ਹਨ। ਗੁਰੂ ਸਾਹਿਬ ਕਿਰਤ ਨੂੰ ਬੁਨਿਆਦੀ ਮਨੁੱਖੀ ਗੁਣ ਵਜੋਂ ਪਛਾਣਦੇ ਹਨ ਤੇ ਏਸੇ ਲਈ ਗੁਰੂ ਨਾਨਕ ਦੇਵ ਜੀ ਦੇ ਦੌਰ ਤੋਂ ਕਿਰਤੀਆਂ ਤੇ ਸਮਰੱਥ ਹੋਣ ਦਾ ਦੌਰ ਸ਼ੁਰੂ ਹੁੰਦਾ ਹੈ। ਕਿਰਤੀਆਂ ਨੂੰ ਨਵੀਂ ਪਛਾਣ ਤੇ ਇੱਜ਼ਤ ਮਿਲਦੀ ਹੈ। ਪੰਜਾਬੀ ਸਮਾਜ ਵਿਚ ਜਮਹੂਰੀਅਤ ਦੇ ਬੀਜ ਪਣਪਦੇ ਹਨ। ਜੇ ਪੰਜਾਬੀ ਸਮਾਜ ਹਿੰਦੋਸਤਾਨੀ ਬਰੇ-ਸਗੀਰ ਦੇ ਦੂਸਰੇ ਸਮਾਜਾਂ ਨਾਲੋਂ ਜ਼ਿਆਦਾ ਜਮਹੂਰੀ ਹੈ ਤਾਂ ਇਸ ਵਿਚ ਗੁਰੂ ਸਾਹਿਬਾਨ, ਭਗਤੀ ਲਹਿਰ ਦੇ ਹੋਰ ਰਹਿਬਰਾਂ, ਸੂਫ਼ੀਆਂ ਤੇ ਇਨ੍ਹਾਂ ਦੇ ਨਾਲ ਨਾਲ ਪਣਪੇ ਸੰਘਰਸ਼ਾਂ ਦੀ ਦੇਣ ਬੁਨਿਆਦੀ ਹੈ। ਦੂਸਰੇ ਦੇ ਹੱਕ ਨੂੰ ਮਾਰਨਾ, ਉਨ੍ਹਾਂ ਨੇ ਹਰਾਮ ਦੱਸਿਆ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" ਜਿਹੜੇ ਲੋਕ ਜ਼ੁਲਮ ਕਰਦੇ ਹਨ, ਦੂਸਰਿਆਂ ਦਾ ਹੱਕ ਮਾਰਦੇ ਹਨ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਲਹੂ-ਪੀਣੇ ਆਖਿਆ "ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥" ਇਨਸਾਫ਼ ਕਰਨ ਵਾਲੇ ਕਾਜ਼ੀਆਂ ਲਈ ਕਹਿੰਦੇ ਹਨ "ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੇ ਹਕ ਗਵਾਇ॥" ਤੇ ਫਿਰ ਵੇਲੇ ਦੇ ਹਾਕਮਾਂ ਬਾਰੇ ਕਿਹਾ ਹੈ "ਰਾਜੇ

ਸੀਹਿ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥" ਰਾਜੇ ਦੀ ਨੌਕਰਸ਼ਾਹੀ ਤੇ ਉਸ ਦੇ ਚਾਕਰਾਂ ਬਾਰੇ ਕਿਹਾ "ਚਾਕਰ ਨਹਦਾ ਪਾਇਨਿ ਘਾਉ॥ ਰਤ ਪਿਤੁ ਕੁਤਿਹੋ ਚਟਿ ਜਾਹੁ॥" ਇਹ ਨੌਕਰਸ਼ਾਹ ਲੋਕਾਂ ਤੇ ਨਹੁੰਦਰਾਂ ਨਾਲ ਜ਼ਖ਼ਮ ਕਰਦੇ ਹਨ। ਕੁੱਤਿਆਂ ਵਾਂਗ ਪਰਜਾ ਦਾ ਲਹੂ ਪੀਂਦੇ ਹਨ। ਇਹ ਹੈ ਗੁਰੂ ਸਾਹਿਬ ਦੀ ਸੰਗਰਾਮ- ਮਈ ਭਾਸ਼ਾ। ਸਮਾਜ ਵਿਚ ਹੁੰਦੀ ਗਲ-ਕਾਟਵੀਂ ਧਿੰਗਾਜ਼ੋਰੀ ਤੇ ਦੂਸਰਿਆਂ ਦੇ ਹੱਕ ਨੂੰ ਖੋਹਣ ਦੇ ਵਿਰੁੱਧ, ਇਹ ਬੋਲ ਸਾਡੇ ਸਾਥੀ ਹਨ ਤੇ ਸਾਡੇ ਲਈ ਸਭ ਤੋਂ ਵੱਡੀ ਗਵਾਹੀ ਇਹ ਹੈ ਕਿ ਜਦ ਉਦਾਸੀਆਂ ਕਰਕੇ, ਜੰਗਲ, ਪਹਾੜ, ਦੇਸ-ਬਦੇਸ ਗਾਹੁੰਦੇ ਗੁਰੂ ਸਾਹਿਬ ਜੀ ਪੰਜਾਬ ਵਾਪਸ ਆਉਂਦੇ ਹਨ ਤੇ ਰਾਵੀ ਦੇ ਕੰਢੇ ਵਸ ਜਾਂਦੇ ਹਨ ਤਾਂ ਕਿਰਤ ਕਰਦੇ ਹਨ। ਕਿਰਤੀ ਬਣਦੇ ਹਨ। ਹਾਲੀ ਬਣਦੇ ਹਨ। ਦੋਦੇ ਪਿੰਡ ਤੋਂ ਮੀਲ ਕੁ ਦੂਰ ਕਰਤਾਰਪੁਰ ਵਿਚ ਨਿਵਾਸ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਸਾਡੇ ਸਾਹਮਣੇ ਉਹ ਫਲਸਫਾ ਨਹੀਂ ਰੱਖਦੇ ਜੋ ਰਹੱਸਮਈ ਹੋਵੇ, ਸ਼ਬਦਾਂ ਦੀ ਧੁੰਦ ਵਿਚ ਗਵਾਚਾ ਹੋਵੇ। ਉਹ ਆਪਣੇ ਸਮੇ ਦੇ ਸਮਾਜ ਦੀ ਤਸ਼ਖ਼ੀਸ ਕਰਦੇ ਹਨ। ਉਸ ਸਮਾਜ ਦਾ ਸਿਆਸੀ ਤੇ ਸਮਾਜਿਕ ਅਕਸ ਸਾਡੇ ਸਾਮ੍ਹਣੇ ਰੱਖਦੇ ਹਨ। ਉਸ ਸਮਾਜ ਦੀਆਂ ਪ੍ਰੇਰਕ ਸ਼ਕਤੀਆਂ ਕੀ ਹਨ, ਉਨ੍ਹਾਂ ਤੇ ਉਂਗਲ ਰੱਖਦੇ ਹਨ। ਰਾਗ ਆਸਾ ਵਿਚ ਦੱਸਦੇ ਹਨ "ਲਬੁ ਪਾਪ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ॥" ਲਬੁ ਮਤਲਬ ਲੋਭ ਤੇ ਪਾਪ ਰਾਜਨ ਹਨ, ਕੂੜ ਮਹਿਤਾ ਹੈ ਭਾਵ ਸਰਕਾਰੀ ਟਕਸਾਲ ਦਾ ਸਰਦਾਰ ਹੈ। ਪਰਜਾ ਅੰਨ੍ਹੀ ਤੇ ਗਿਆਨ ਤੋਂ ਸੱਖਣੀ ਹੈ। ਹਾਕਮ ਲਾਲਚ ਦੀ ਅੱਗ ਨਾਲ ਭਰੇ ਹੋਏ ਹਨ, ਪਰਜਾ ਉਨ੍ਹਾਂ ਨੂੰ ਵੱਢੀ ਦੇ ਕੇ ਸ਼ਾਂਤ ਕਰਦੀ ਹੈ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" (ਰਾਗ ਆਸਾ) ਵੱਢੀ ਦੇਣ ਦਾ ਜ਼ਿਕਰ ਬਾਰ ਬਾਰ ਕਰਦੇ ਹਨ "ਰਾਜਾ ਨਿਆਉ ਕਰੇ ਹਥਿ ਹੋਇ॥" ਭਾਵ ਹਾਕਮ ਦੇ ਹੱਥ 'ਤੇ ਪੈਸਾ ਰੱਖੋ, ਵੱਢੀ ਦਿਉ ਤਾਂ ਉਹ ਨਿਆਂ ਕਰਦਾ ਹੈ। ਇਸ ਤਰ੍ਹਾਂ ਨਾਨਕ-ਬਾਣੀ ਸਮਾਜ ਦਾ ਅਕਸ ਪੇਸ਼ ਕਰਦੀ ਹੋਈ ਬਾਣੀ ਹੈ। ਕਈ ਵਾਰ ਉਸ ਵੇਲੇ ਦੇ ਸਮਾਜ ਦੇ ਹਨੇਰੇ ਪੱਖਾਂ ਦਾ ਚਿਤਰਣ ਏਨੇ ਡਰਾਉਣੇ ਤਰੀਕੇ ਨਾਲ ਪੇਸ਼ ਹੁੰਦਾ ਹੈ ਕਿ ਉਸ ਨੂੰ ਪੜ੍ਹਿਆਂ ਕਾਂਬਾ ਛਿੜਦਾ ਹੈ ਤੇ ਇਹ ਦ੍ਰਿਸ਼ ਕਈ ਵਾਰ ਅਤਿ-ਯਥਾਰਥਵਾਦੀ ਹੋ ਨਿੱਬੜਦਾ ਹੈ। ਉਦਾਹਰਣ ਦੇ ਤੌਰ ਤੇ 'ਬਿਹਾਗੜੇ ਕੀ ਵਾਰ' ਵਿਚ ਕਹਿੰਦੇ ਹਨ "ਕਲੀ ਅੰਦਰ ਨਾਨਕਾ ਜਿੰਨਾਂ ਦਾ ਅਉਤਾਰੁ॥ ਪੁਤ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰ॥" ਭਾਵ ਕਲਿਯੁਗ ਵਿਚ ਭੂਤਨੇ ਪੈਦਾ ਹੁੰਦੇ ਹਨ। ਪੁੱਤ ਭੂਤਨਾ ਹੈ, ਧੀ ਭੂਤਨੀ ਹੈ ਤੇ ਪਤਨੀ ਉਨ੍ਹਾਂ ਭੂਤਨਿਆਂ ਦੀ ਸਰਦਾਰ ਹੈ। ਇਹ ਕਲਿਯੁਗ ਕੀ ਹੈ ? ਇਹ ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਸਮਾਜ ਹੈ ਜਿਸ ਨੂੰ ਉਹ ਆਪਣੇ ਸਾਮ੍ਹਣੇ ਵੇਖ ਰਹੇ ਹਨ। ਗੁਰੂ ਸਾਹਿਬ ਦੀ ਵਾਣੀ ਵਿਚ ਆਪਣੇ ਵੇਲੇ ਦੇ ਸਮਾਜ ਦੇ ਉਹ ਚਿਤਰ ਸਾਮ੍ਹਣੇ ਆਉਂਦੇ ਹਨ ਜਿਨ੍ਹਾਂ ਵਿਚ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ ਤੇ ਉਸ ਤੋਂ ਪੈਦਾ ਹੁੰਦੇ ਨਤੀਜਿਆਂ ਦੇ ਲੱਛਣ, ਸਮਾਜਿਕ ਵੰਡ ਤੇ ਨਾ-ਬਰਾਬਰੀ ਦੇ ਅਕਸ ਪ੍ਰਤੱਖ ਤੇ ਗੂੜ੍ਹੇ ਰੰਗਾਂ ਵਿਚ ਦਿਸਦੇ ਹਨ। ਰਾਗ ਸਾਰੰਗ ਵਿਚ ਕਹਿੰਦੇ ਹਨ "ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥" ਇਸ ਵਾਕ ਦੇ ਅਰਥ ਦੋ ਤਰ੍ਹਾਂ ਵੇਖੇ ਜਾ ਸਕਦੇ ਹਨ। ਪਹਿਲਾ ਕਲਿਯੁਗ ਭਾਵ ਵੇਲੇ ਦੇ ਸਮਾਜ ਦਾ ਮੂੰਹ ਕੁੱਤੇ ਵਰਗਾ ਹੈ ਤੇ ਮੁਰਦਾਰ ਇਹਦਾ ਭੋਜਨ ਹੈ। ਦੂਸਰਾ ਕਲਿਯੁਗ (ਭਾਵ ਉਸ ਵੇਲੇ ਦੇ ਸਮਾਜ) ਵਿਚ ਬੰਦਿਆਂ ਦੇ ਮੂੰਹ ਕੁੱਤਿਆਂ ਵਰਗੇ ਹਨ ਤੇ ਮੁਰਦਾਰ ਉਨ੍ਹਾਂ ਦੀ ਖੁਰਾਕ ਹੈ। ਰਾਗ ਗਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਲੋਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਦੀਆਂ ਰੂਹਾਂ ਨੂੰ ਅੱਗ ਲੱਗੀ ਹੋਈ ਹੈ, ਉਨ੍ਹਾਂ ਦੇ ਅੰਦਰਾਂ ਨੂੰ ਕੈਂਚੀਆਂ ਨਾਲ ਕੁਤਰਿਆ ਜਾ ਰਿਹਾ ਹੈ। ਕਹਿੰਦੇ ਹਨ "ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥" ਪਰ ਗੁਰੂ ਸਾਹਿਬ ਨੂੰ ਲੋਕਾਈ ਦੀ ਜਿੱਤ ਵਿਚ ਯਕੀਨ ਹੈ ਤੇ ਉਹ ਦੱਸਦੇ ਹਨ ਕਿ ਜੇ ਦੁਨੀਆਂ ਵਿਚ ਅੱਗ ਹੈ ਤਾਂ ਏਥੇ ਹਰੀਆਂ ਕਰੂੰਬਲਾਂ ਵੀ ਹਨ "ਆਗੇ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥" (ਸਿਰੀ ਰਾਗ)

ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸੰਘਰਸ਼ ਦਾ ਇਕ ਪਹਿਲੂ ਇਹ ਵੀ ਹੈ ਕਿ ਉਹ ਬ੍ਰਾਹਮਣਵਾਦ ਤੋਂ ਨਾਤਾ ਤੋੜਦੇ ਹਨ। ਇਹ ਤੋੜ-ਵਿਛੋੜਾ ਬਹੁ-ਦੇਵਤਾਵਾਦ ਤੇ ਅਵਤਾਰਵਾਦ ਨੂੰ ਨਕਾਰਣ ਵਿਚ ਵੀ ਹੈ ਤੇ ਕਰਮਕਾਂਡ, ਮੂਰਤੀ-ਪੂਜਾ ਤੇ ਤੀਰਥਵਾਦ ਨੂੰ ਨਕਾਰਣ ਵਿਚ ਵੀ। ਤੀਰਥ-ਯਾਤਰਾ ਤੇ ਤੀਰਥਾਂ ਦੇ ਸੰਕਲਪ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਸੂਹੀ ਰਾਗ ਵਿਚ ਲਿਖਦੇ ਹਨ "ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰੁ॥" ਭਾਵ ਖੋਟੇ ਮਨਾਂ ਤੇ ਚੋਰਟੇ ਤਨਾਂ ਵਾਲੇ ਬੰਦੇ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ। ਰਾਗ ਬਸੰਤ ਵਿਚ ਲਿਖਦੇ ਹਨ "ਤੀਰਥਿ ਭਰਮੈ ਰੋਗੁ ਨ ਛੂਟਸਿ॥" ਸੂਹੀ ਰਾਗ ਵਿਚ ਅੱਗੇ ਲਿਖਦੇ ਹਨ "ਬਾਂਗਾ ਬੁਰਗੂ ਸਿੰਙੀਆ ਨਾਲ ਮਿਲੀ ਕਲਾਣ॥" ਕਿ ਬਾਂਗਾਂ ਦੇਣ ਵਾਲੇ, ਸਿੰਙੀਆਂ

ਵਜਾਉਣ ਵਾਲੇ, ਕਲਾਣ ਕਰਨ ਵਾਲੇ ਲੋਕਾਂ ਤੋਂ ਮਿਲੀ ਭਿੱਖਿਆ ਤੇ ਪੇਟ ਪਾਲਣਾ ਕਰਦੇ ਹਨ। ਰਾਗ ਭੈਰਉ ਵਿਚ ਯੱਗ, ਹਵਨ, ਦੇਹ ਨੂੰ ਦੁੱਖ ਦੇਣ ਵਾਲੀ ਤਪੱਸਿਆ ਕਰਨ ਤੇ ਹੋਰ ਕਰਮਕਾਂਡਾਂ ਨੂੰ ਨਕਾਰਦੇ ਹਨ "ਜਗ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥ ਰਾਮ ਨਾਮ ਬਿਨ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖ ਲਹੈ॥" ਰਾਗ ਬਿਲਾਵਲ ਵਿਚ ਸਪਸ਼ਟ ਕਰਦੇ ਹਨ "ਪਾਖੰਡਿ ਕੀਨੈ ਮੁਕਤਿ ਨ ਹੋਇ॥" ਮੂਰਤੀ-ਪੂਜਾ ਵਿਰੁੱਧ ਲਿਖਿਆ ਹੈ ਕਿ ਮੂਰਤੀ-ਪੂਜਾ ਕਰਨ ਵਾਲੇ ਗੁੰਗੇ, ਅੰਨ੍ਹੇ, ਮਹਾਂ-ਅੰਨ੍ਹੇ ਹਨ "ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੈ ਪੂਜਹਿ ਮੁਗਧ ਗਵਾਰ॥" ਰਾਗ ਆਸਾ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੋਹਾਂ ਦੇ ਆਗੂਆਂ ਨੂੰ ਸਪਸ਼ਟ ਤੇ ਪ੍ਰਚੰਡ ਸ਼ਬਦਾਂ ਵਿਚ ਕਹਿੰਦੇ ਹਨ "ਛੋਡੀ ਲੇ ਪਾਖੰਡਾ॥" (364) ਇਹ ਪਾਖੰਡ ਕਰਨ ਛੱਡ ਦਿਉ। ਇਸ ਸਭ ਕੁਝ ਦੇ ਨਾਲ ਨਾਨਕ-ਚਿੰਤਨ ਵਿਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਇਸ ਦੁਨੀਆਂ ਤੇ ਸਮਾਜ ਦੀ ਅਸਲੀਅਤ ਤੇ ਭੌਤਿਕਤਾ ਨੂੰ ਸਵੀਕਾਰ ਕਰਦਾ ਹੈ, ਸਮਾਜਿਕ ਵਖਰੇਵਿਆਂ ਤੇ ਅਸੰਗਤੀਆਂ ਨੂੰ ਸਵੀਕਾਰ ਕਰਦਾ ਹੈ। ਅਦਵੈਤ-ਵੇਦਾਂਤ ਦੇ ਸਿਧਾਂਤਕਾਰਾਂ ਦੇ ਉਲਟ ਜੋ ਇਹ ਮੰਨਦੇ ਹਨ ਕਿ ਇਹ ਸੰਸਾਰ ਅਸਲੀ ਨਹੀਂ ਹੈ, ਸੁਪਨਾ ਹੈ, ਛਲਾਵਾ ਹੈ, ਮਿਥਿਆ ਹੈ, ਮਾਇਆ ਹੈ। ਨਾਨਕ-ਬਾਣੀ ਵਿਚ ਮਾਇਆ ਦਾ ਸਿਧਾਂਤ ਅਦਵੈਤ-ਵੇਦਾਂਤ ਦੇ ਸਿਧਾਂਤਕਾਰਾਂ ਤੋਂ ਬਿਲਕੁਲ ਵੱਖਰਾ ਹੈ।

ਗੁਰੂ ਸਾਹਿਬ ਪੰਜਾਬ ਦੇ ਰਹਿਣ ਵਾਲੇ ਹਨ। ਜਦ ਪੰਜਾਬ 'ਤੇ ਮੁਸੀਬਤ ਆਉਂਦੀ ਹੈ, ਬਾਬਰ ਹਮਲਾ ਕਰਦਾ ਹੈ ਤਾਂ ਉਸ ਦੇ ਵਿਰੋਧ ਵਿਚ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਪਰ ਉਹ ਸਿਰਫ ਪੰਜਾਬ ਦੇ ਲੋਕਾਂ ਦੇ ਹੱਕਾਂ ਦੇ ਵਾਹਕ ਨਹੀਂ ਬਣਦੇ ਸਗੋਂ ਇਕ ਵੱਡੇ ਭੂਗੋਲਿਕ ਖਿੱਤੇ ਦੇ ਹੱਕਾਂ ਦੇ ਵਾਹੁਕ ਬਣਦੇ ਹਨ ਜਿਸ ਨੂੰ ਉਹ ਆਪਣੀ ਵਾਣੀ ਵਿਚ ਹਿੰਦੋਸਤਾਨ ਕਹਿੰਦੇ ਹਨ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥"

ਇਸ ਤਰ੍ਹਾਂ ਉਹ ਪੰਜਾਬ ਦੇਸ ਲੋਕਾਂ ਦੀ ਭਾਵੀ ਨੂੰ ਨਾਲ ਦੇ ਖੇਤਰਾਂ ਨਾਲ ਜੋੜਦੇ ਹਨ, ਸਾਨੂੰ ਸੌੜੀਆਂ ਵਲਗਣਾਂ 'ਚੋਂ ਕੱਢਦੇ ਹਨ। ਪੰਜਾਬੀ ਲੋਕ-ਸਮਝ ਤੇ ਪੰਜਾਬੀ ਸਾਹਿਤ ਵਿਚ ਹਿੰਦੋਸਤਾਨ ਦੇ ਇਸ ਸੰਕਲਪ ਦੇ ਅਸਰ ਦੂਰਗਾਮੀ ਹੋਣੇ ਹਨ। ਵਾਰਿਸ ਸ਼ਾਹ, ਸ਼ਾਹ ਮੁਹੰਮਦ ਤੇ ਹੋਰ ਪੰਜਾਬੀ ਸ਼ਾਇਰਾਂ ਤੇ ਚਿੰਤਕਾਂ ਨੇ ਇਸ ਸੰਕਲਪ ਨਾਲ ਸੰਘਰਸ਼ ਕਰਨਾ ਹੈ। ਗਦਰੀ ਕਵੀਆਂ ਨੇ ਇਸ ਸੰਕਲਪ ਨੂੰ ਅਪਨਾਉਣਾ ਹੈ। ਏਦਾਂ ਇਹ ਕਹਿਣਾ ਵੀ ਬਣਦਾ ਹੈ ਕਿ ਹਿੰਦੋਸਤਾਨ ਦੇ ਸੰਤਾਂ, ਗੁਰੂਆਂ, ਪੀਰਾਂ, ਫਕੀਰਾਂ ਵਿਚੋਂ ਗੁਰੂ ਨਾਨਕ ਦੇਵ ਜੀ ਪਹਿਲੇ ਹਨ ਜੋ ਹਿੰਦੋਸਤਾਨ ਸ਼ਬਦ ਵਰਤ ਕੇ ਹਿੰਦੋਸਤਾਨ ਦੇ ਲੋਕਾਂ ਵਲੋਂ ਬੋਲਦੇ ਹਨ। ਹਿੰਦੋਸਤਾਨ ਦੀ ਬਣਤਰ ਦਾ ਇਕ ਹੋਰ ਦ੍ਰਿਸ਼ਟੀਕੋਣ ਸਾਨੂੰ ਆਦਿ-ਗ੍ਰੰਥ ਦੀ ਸੰਪਾਦਨਾ ਵੇਲੇ ਮਿਲਦਾ ਹੈ ਜਦੋਂ ਗੁਰੂ ਅਰਜਨ ਦੇਵ ਜੀ ਦੂਰ-ਦੁਰਾਡ ਦੇ ਭਗਤਾਂ ਦੀ ਬਾਣੀ ਆਦਿ-ਗ੍ਰੰਥ ਵਿਚ ਸ਼ਾਮਿਲ ਕਰਦੇ ਹਨ। ਗੁਰੂ ਸਾਹਿਬਾਨ ਦੇ ਇਹ ਵਚਨ ਤੇ ਕੰਮ ਸਾਨੂੰ ਦੱਸਦੇ ਹਨ ਕਿ ਜਦੋਂ ਅਸੀਂ ਪੰਜਾਬੀ ਪੰਜਾਬ ਬਾਰੇ ਸੋਚੀਏ ਤਾਂ ਸਾਨੂੰ ਇਸ ਭੂਗੋਲਿਕ ਖਿੱਤੇ ਤਕ ਹੀ ਸੀਮਤ ਨਹੀਂ ਹੋ ਜਾਣਾ ਚਾਹੀਦਾ। ਨਾਲ ਰਹਿੰਦੇ ਤੇ ਦੂਰ-ਦੁਰੇਡੇ ਵਸਦੇ ਲੋਕਾਂ ਨਾਲ ਵੀ ਸਾਂਝ ਪਾਉਣੀ ਚਾਹੀਦੀ ਹੈ।

ਇਸ ਤਰ੍ਹਾਂ ਨਾਨਕ-ਬਾਣੀ ਸਮਾਜਿਕ ਏਕਤਾ ਤੇ ਸਮਾਜਿਕ ਬਰਾਬਰੀ ਦੇ ਸੰਘਰਸ਼ ਦੀ ਬਾਣੀ ਹੋ ਨਿੱਬੜਦੀ ਹੈ ਜਿਸ ਰਾਹੀਂ ਪੰਜਾਬ ਦੀਆਂ ਕਿਰਸਾਨੀ ਤੇ ਕਿਰਤੀ ਜਾਤਾਂ ਅਤੇ ਜਮਾਤਾਂ ਮੁਗਲਾਂ ਅਤੇ ਬਾਹਰ ਦੇ ਹਮਲਾਵਰਾਂ ਨਾਲ ਟੱਕਰ ਲੈਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬੀਆਂ ਦਾ ਸਾਂਝਾ ਰਾਜ ਬਣਦਾ ਹੈ। ਨਾਲ ਨਾਲ ਸਾਰੇ ਹਿੰਦੋਸਤਾਨ ਵਿਚ ਇਕ-ਈਸ਼ਵਰਵਾਦ ਦਾ ਬੋਲਬਾਲਾ ਹੁੰਦਾ ਹੈ। ਗੁਰੂ ਸਾਹਿਬ ਦੀ ਵਾਣੀ ਪੂਰੇ ਹਿੰਦੋਸਤਾਨ ਵਿਚ ਗੂੰਜਦੀ ਹੈ। ਏਸੇ ਲਈ ਮੁਹੰਮਦ ਇਕਬਾਲ ਨੇ ਲਿਖਿਆ ਸੀ :

> ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।

ਇਸ ਵਿਚ ਇਸਲਾਮ ਤੇ ਸੂਫੀ ਪਰੰਪਰਾਵਾਂ ਦੀ ਖਾਸੀ ਵੱਡੀ ਦੇਣ ਹੈ। 19ਵੀਂ ਸਦੀ ਵਿਚਲੇ ਚਿੰਤਕ ਰਾਜਾ ਰਾਮਮੋਹਨ ਰਾਏ, ਸਵਾਮੀ ਵਿਵੇਕਾਨੰਦ, ਰਾਬਿੰਦਰਨਾਥ ਟੈਗੋਰ, ਕੇਸ਼ਵ ਰਾਮ ਇਸ ਸਿਧਾਂਤ ਨੂੰ ਅਪਣਾਉਂਦੇ ਹਨ। ਹਿੰਦੋਸਤਾਨ ਦੀ ਵਸੋਂ ਦਾ ਵੱਡਾ ਹਿੱਸਾ ਭਾਵੇਂ ਉਹ ਅੱਜ ਵੀ ਦੇਵੀ-ਦੇਵਤਿਆਂ ਨੂੰ ਪੂਜਦਾ ਹੈ ਪਰ ਨਾਲ ਨਾਲ ਉਹ ਇਸ ਗੱਲ ਵਿਚ ਵਿਸ਼ਵਾਸ ਕਰਨ ਲੱਗਦਾ ਹੈ ਕਿ ਪਰਮਾਤਮਾ ਇਕ ਹੈ। ਇਕ-ਈਸ਼ਵਰਵਾਦ ਦੀ ਇਹ ਭਾਵਨਾ ਉਸ ਭਾਵਨਾਤਮਕ ਏਕਤਾ ਦਾ ਆਧਾਰ ਬਣਦੀ ਹੈ ਜਿਸ ਦੇ ਸਹਾਰੇ ਅਸੀਂ ਅੰਗਰੇਜ਼ੀ ਸਾਮਰਾਜ ਵਿਰੁੱਧ ਲੜਾਈ ਲੜੀ।

ਅੰਗਰੇਜ਼ੀ ਸਾਮਰਾਜ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਉਤੇ ਅਮਲ ਕਰਦਾ ਹੈ। ਅਸੀਂ ਅੰਗਰੇਜ਼ੀ ਸਾਮਰਾਜ

ਵਿਰੁੱਧ ਲੜਦੇ ਤੇ ਜ਼ਰੂਰ ਹਾਂ ਪਰ ਆਪਸ ਵਿਚ ਵੰਡੇ ਜਾਂਦੇ ਹਾਂ। ਵੰਡੇ ਜਾਣ ਦਾ, ਸਮਾਜਿਕ ਏਕਤਾ ਦੇ ਖੇਰੂੰ ਖੇਰੂੰ ਹੋ ਜਾਣ ਦਾ ਸੰਤਾਪ ਪੰਜਾਬ ਨੂੰ ਭੋਗਣਾ ਪੈਂਦਾ ਹੈ। 1947 'ਚ ਪੰਜਾਬ ਦੀ ਵੰਡ ਹੁੰਦੀ ਹੈ। ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੀ ਇਕ ਸਾਖੀ ਸੁਣਾਉਂਦਾ ਹਾਂ। ਸਾਖੀ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਇਕ ਪਿੰਡ ਗਏ। ਪਹਿਲੇ ਘਰ ਜਾਂਦੇ ਹਨ ਤਾਂ ਉਹ ਘਰ ਹਿੰਦੂਆਂ ਦਾ ਹੈ। ਘਰ ਵਾਲੇ ਕਹਿੰਦੇ ਹਨ ਕਿ ਉਹ ਹਿੰਦੂ ਨਾਨਕ ਨੂੰ ਤਾਂ ਘਰ ਵਿਚ ਰੱਖ ਸਕਦੇ ਹਨ ਪਰ ਮਰਦਾਨੇ ਮੁਸਲਮਾਨ ਨੂੰ ਨਹੀਂ। ਕਿਸੇ ਹੋਰ ਦੇ ਘਰ ਜਾਂਦੇ ਹਨ ਤਾਂ ਉਹ ਘਰ ਮੁਸਲਮਾਨਾਂ ਦਾ ਹੈ। ਉਹ ਲੋਕ ਕਹਿੰਦੇ ਹਨ ਕਿ ਉਹ ਮੁਸਲਮਾਨ ਮਰਦਾਨੇ ਨੂੰ ਤਾਂ ਰੱਖ ਸਕਦੇ ਹਨ ਪਰ ਹਿੰਦੂ ਨਾਨਕ ਨੂੰ ਨਹੀਂ। ਬਾਬਾ ਨਾਨਕ ਤੇ ਮਰਦਾਨਾ ਪਿੰਡ ਤੋਂ ਬਾਹਰ ਰਾਤ ਗੁਜ਼ਾਰਦੇ ਹਨ। ਦੂਸਰੇ ਦਿਨ ਪਿੰਡ ਵਾਲਿਆਂ ਨਾਲ ਬਚਨ-ਬਿਲਾਸ ਹੁੰਦਾ ਹੈ, ਗੋਸ਼ਟੀ ਹੁੰਦੀ ਹੈ ਤਾਂ ਪਿੰਡ ਵਾਲਿਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਪਿੰਡ ਵਾਲੇ ਪੁੱਛਦੇ ਹਨ ਕਿ ਗੁਰੂ ਜੀ ਅਸੀਂ ਕੀ ਕਰੀਏ ? ਗੁਰੂ ਸਾਹਿਬ ਕਹਿੰਦੇ ਹਨ ਇਕ ਧਰਮਸਾਲਾ ਇਹੋ ਜਿਹੀ ਬਣਾਓ ਜਿੱਥੇ ਹਿੰਦੂ ਤੇ ਮੁਸਲਮਾਨ ਇਕੱਠੇ ਰਹਿ ਸਕਣ।

ਪਰ ਅਸੀਂ ਸਮਾਜਿਕ ਏਕਤਾ ਦੀ ਰਾਖੀ ਨਹੀਂ ਕਰ ਪਾਉਂਦੇ ਤੇ ਇਸ ਤਰ੍ਹਾਂ ਗੁਰੂ ਸਾਹਿਬ ਦਾ "ਨਾ ਕੋ ਹਿੰਦੂ ਨਾ ਮੁਸਲਮਾਨ" ਵਾਲਾ ਆਦਰਸ਼ ਭੰਗ ਹੁੰਦਾ ਹੈ। ਅਸੀਂ ਹਿੰਦੂ ਵੀ ਬਣਦੇ ਹਾਂ, ਸਿੱਖ ਵੀ ਬਣਦੇ ਹਾਂ, ਮੁਸਲਮਾਨ ਵੀ ਬਣਦੇ ਹਾਂ। ਅਸੀਂ ਖਵਾਰ ਹੁੰਦੇ ਹਾਂ। ਅਸੀਂ ਪੰਜਾਬੀਆਂ ਨੇ ਬਾਬਾ ਨਾਨਕ ਦੇ ਬੋਲਾਂ ਦੀ ਰਾਖੀ ਨਹੀਂ ਕੀਤੀ। ਪਰ ਜੋ ਹੋ ਗਿਆ ਹੈ ਜੇ ਉਸ ਨੂੰ ਅਸੀਂ ਯਾਦ ਰੱਖੀਏ ਤੇ ਗੁਰੂ ਸਾਹਿਬ ਦੀ ਸਿੱਖਿਆ ਨੂੰ ਯਾਦ ਰੱਖੀਏ ਤਾਂ ਇਹ ਕਰਨਾ ਬਣਦਾ ਹੈ ਕਿ ਬਚੀ ਹੋਈ ਸਮਾਜਿਕ ਏਕਤਾ ਦੀ ਰਾਖੀ ਕਰੀਏ ਤੇ ਸਮਾਜਿਕ ਬਰਾਬਰੀ ਲਈ ਸੰਘਰਸ਼ ਕਰੀਏ।

ਮੈਂ ਉਪਰ ਕਿਹਾ ਸੀ ਕਿ 16ਵੀਂ ਸ਼ਤਾਬਦੀ ਦੇ ਬਾਅਦ ਗੁਰੂ ਨਾਨਕ ਬਾਣੀ ਉੱਤਰੀ ਹਿੰਦੋਸਤਾਨ ਵਿਚ ਚਾਰ-ਚੁਫੇਰੇ ਗੂੰਜ ਰਹੀ ਸੀ। ਕੁਝ ਲੋਕ ਸ਼ਾਇਦ ਇਹ ਸੋਚ ਸਕਦੇ ਸਨ ਕਿ ਮੈਂ ਅਤਿਕਥਨੀ ਕਰ ਰਿਹਾ ਹਾਂ। ਮੈਂ ਦੋ ਉਦਾਹਰਣਾਂ ਦਿਆਂਗਾ : ਗੁਰੂ ਸਾਹਿਬ ਬੰਗਾਲ, ਉੜੀਸਾ, ਆਸਾਮ ਗਏ ਸਨ। ਜਨਮਸਾਖੀਆਂ ਵਿਚ ਇਨ੍ਹਾਂ ਧਰਤੀਆਂ ਨੂੰ ਕਾਮਰੂਪ ਤੇ ਕੌਰੂ ਦੇਸ ਕਿਹਾ ਗਿਆ ਹੈ। ਗੁਰੂ ਨਾਨਕ ਸਾਹਿਬ ਉੜੀਸਾ ਵਿਚ ਪੁਰੀ ਗਏ। ਉਥੋਂ ਦੇ ਲੋਕਾਂ ਨਾਲ ਗੋਸ਼ਟਿ ਕੀਤੀ। ਪੁਰੀ ਵਿਚ ਜਗਨਨਾਥ ਦੀ ਬਹੁਤ ਵੱਡੀ ਯਾਤਰਾ ਨਿਕਲਦੀ ਹੈ। ਉਸ ਵਿਚ ਇਕ ਝਾਕੀ ਹੁੰਦੀ ਹੈ ਜਿਸ ਵਿਚ ਇਹ ਬੋਲ ਹਨ :

"ਕਹਾਂ ਸੇ ਆਇਆ ਨਾਨਕ ਸਾਈਂ, ਕਹਾਂ ਤੁਮਾਰਾ ਡੇਰਾ।
ਕਹਾਂ ਤੁਮਾਰਾ ਗੁਰੂ ਕਾ ਗੱਦੀ, ਕੌਣ ਦੇਵ ਕਾ ਪਹਿਰਾ।"

ਉਨ੍ਹਾਂ ਦੇ ਸਾਹਮਣੇ ਮੈਂ 18ਵੀਂ ਸਦੀ ਦੇ ਆਗਰੇ ਦੇ ਲੋਕ-ਸ਼ਾਇਰ ਨਜ਼ੀਰ ਅਕਬਰਾਬਾਦੀ ਦੇ ਬੋਲ ਰੱਖਦਾ ਹਾਂ। ਆਓ ਵੇਖੀਏ ਕਿ ਆਗਰੇ ਦਾ ਇਹ ਮਹਾਨ ਸ਼ਾਇਰ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਯਾਦ ਕਰਦਾ ਹੈ :

ਕਹਤੇ ਹੈਂ ਨਾਨਕ ਸ਼ਾਹ ਜਿਨ੍ਹੇਂ, ਵੁਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈ, ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ ਉਮੀਦ, ਸਭੀ ਬਰ ਲਾਤੇ ਹੈਂ ਦਿਲਖਵਾਰ ਗੁਰੂ।
ਨਿਤ ਲੁਤਫ਼ੋ-ਕਰਮ ਸੇ ਕਰਤੇ ਹੈਂ, ਲੋਗੋਂ ਕਾ ਨਿਰਬਾਹ ਗੁਰੂ।
ਇਸ ਬਖ਼ਸ਼ਿਸ਼ ਕੇ, ਇਸ ਅਜ਼ਮਤ ਕੇ, ਹੈਂ ਬਾਬਾ ਨਾਨਕ ਵਾਹ ਗੁਰੂ।
ਸਬ ਸੀਸ ਝੁਕਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।

ਅੰਤ ਵਿਚ ਮੈਂ ਸਿਰਫ ਏਨਾ ਹੀ ਦੁਹਰਾਵਾਂਗਾ ਕਿ ਗੁਰੂ ਨਾਨਕ-ਬਾਣੀ ਨੇ ਆਪਣੇ ਵੇਲੇ ਤੇ ਉਸ ਤੋਂ ਬਾਅਦ ਵਿਚ ਹੋਏ ਸਮਾਜਿਕ ਸੰਘਰਸ਼ਾਂ ਵਿਚ ਵੱਡਾ ਹਿੱਸਾ ਪਾਇਆ। ਗੁਰੂ ਸਾਹਿਬ ਦੇ ਬੋਲ ਲੁੱਟ-ਖਸੁੱਟ, ਜ਼ੁਲਮ, ਬ੍ਰਾਹਮਣਵਾਦ ਤੇ ਜਾਤ-ਪਾਤ ਦੇ ਵਿਰੋਧੀ ਤੇ ਕਿਰਤੀਆਂ ਦੇ ਹੱਕਾਂ ਦੇ ਬੋਲ ਬਣੇ। ਉਨ੍ਹਾਂ ਦੇ ਸਿਰਜੇ ਨਿਰਗੁਣ ਇਕ-ਈਸ਼ਵਰਵਾਦ ਦੇ ਸੰਕਲਪ ਨੇ ਪੰਜਾਬੀ ਸਮਾਜ ਵਿਚ ਤੇ ਹੋਰ ਸਮਾਜਾਂ ਵਿਚ ਜਮਹੂਰੀ ਰੂਹ ਫੂਕੀ। ਗੁਰੂ ਸਾਹਿਬ ਦੀ ਇਹ ਸਮਾਜ ਨੂੰ ਅਦੁੱਤੀ ਅਦੁੱਤੀ ਦੇਣ ਹੈ। ੳ

*ਚਿੰਤਨ*

# ਸਭਿਆਚਾਰਕ ਅਤੇ ਸਮਾਜੀ ਪਰਿਵਰਤਨ

(ਗ਼ਦਰ ਲਹਿਰ ਦੇ ਵਿਸ਼ੇਸ਼ ਹਵਾਲੇ ਨਾਲ)

ਸਤਨਾਮ ਚਾਨਾ

"ਹਿੰਦੋਸਤਾਨ ਵਿਚ ਆਦਮੀ ਪੈਦਾ ਕਰਨੇ ਹਨ ਤਾਂ ਗ਼ੁਲਾਮੀ ਦੂਰ ਕਰੋ, ਜੇ ਗ਼ੁਲਾਮੀ ਨੂੰ ਦੂਰ ਕਰਨਾ ਹੈ ਤਾਂ ਆਦਮੀ ਪੈਦਾ ਕਰੋ" ਇਹ ਕਥਨ ਦੇਸ਼ ਭਗਤਾਂ ਦੇ ਹੈ ਜੋ ਦੋ ਮਹੱਤਵਪੂਰਨ ਪਹਿਲੂਆਂ ਵੱਲ ਧਿਆਨ ਦੁਆਉਂਦਾ ਹੈ। ਪਹਿਲਾ ਇਹ ਕਿ ਕ੍ਰਾਂਤੀਕਾਰੀ ਪਰਿਵਰਤਨ ਲਈ ਆਦਮੀਆਂ ਦੀ ਮਾਨਸਿਕਤਾ ਵੀ ਕ੍ਰਾਂਤੀਕਾਰੀ ਹੋਣੀ ਚਾਹੀਦੀ ਹੈ ਅਤੇ ਦੂਜਾ ਇਹ ਕਿ ਆਦਮੀਆਂ ਦੀ ਮਾਨਸਿਕਤਾ ਨੂੰ ਕ੍ਰਾਂਤੀ ਦੀਆਂ ਲੋੜਾਂ ਦੇ ਅਨੁਕੂਲ ਤਰਾਸ਼ਣ ਦੀਆਂ ਸੰਭਾਵਨਾਵਾਂ ਵੀ ਹੁੰਦੀਆਂ ਹਨ। ਭਾਵ ਇਹ ਕਿ ਸਮਾਜ ਜਿਸ ਤਰ੍ਹਾਂ ਦਾ ਵੀ ਸਿਰਜਣਾ ਹੋਵੇ ਉਸ ਨੂੰ ਭੌਤਿਕ ਪ੍ਰਸਥਿਤੀਆਂ ਅਤੇ ਮਾਨਸਿਕ ਅਭਿਆਸ ਦੇ ਸੁਮੇਲ ਨਾਲ ਸਿਰਜਿਆ ਜਾ ਸਕਦਾ ਹੈ। ਕਿਉਂਕਿ ਸਮਾਜੀ ਮਾਨਸਿਕਤਾ ਪ੍ਰਭਾਵਿਤ ਕਰਨ ਯੋਗ ਹੈ। ਇਸ ਨੂੰ ਮਨ ਚਾਹਿਆ ਰੂਪ ਦੇਣਾ ਸੰਭਵ ਹੈ। ਉਪਰੋਕਤ ਗ਼ਦਰੀ ਧਾਰਨਾ ਇਕ ਅਜਿਹਾ ਸੱਚ ਹੈ ਜੋ ਮੁੱਢਲੇ ਸਮਾਜੀ ਜੀਵਨ ਤੋਂ ਲੈ ਕੇ ਹੁਣ ਤੱਕ ਦੇ ਵਿਕਾਸ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਇਹ ਸੱਚ ਕੇਵਲ ਕ੍ਰਾਂਤੀਕਾਰੀ ਪਰਿਵਰਤਨ ਲਈ ਹੀ ਸੱਚ ਨਹੀਂ ਸਗੋਂ ਸਮਾਜ ਨੂੰ ਨਿਢਾਲ ਕਰਨ ਦੀ ਪ੍ਰਕਿਰਿਆ ਲਈ ਵੀ ਸੱਚ ਹੈ। ਇਸ ਅਨੁਕੂਲਣ ਕਿਰਿਆ ਦੇ ਪ੍ਰਤਾਪ ਸਦਕਾ ਹੀ ਵਿਅਕਤੀ ਬਹਾਦਰ, ਬੁਜ਼ਦਿਲ, ਇਮਾਨਦਾਰ, ਚਲਾਕੀਖੋਰ, ਅਮਨਪਸੰਦ, ਸਹਿਣਸ਼ੀਲ ਆਦਿ ਬਣਦੇ ਹਨ, ਜਮਾਂਦਰੂ ਨਹੀਂ ਹੁੰਦੇ। ਕੌਮਾਂ ਦੇ ਵਿਭਿੰਨ ਚਰਿੱਤਰ ਇਸੇ ਤਰ੍ਹਾਂ ਹੀ ਹੋਂਦ ਵਿਚ ਆਏ ਹਨ।

ਮਾਨਵੀ ਸੂਝ-ਬੂਝ ਵਿਕਸਤ ਹੋਣ ਦੇ ਦੋ ਪ੍ਰਮੁੱਖ ਕਾਰਨ ਪ੍ਰਤੀਤ ਹੁੰਦੇ ਹਨ। ਪਹਿਲਾ : ਭੌਤਿਕ ਸੰਸਾਰ ਵਿਚ ਵਿਚਰਦਿਆਂ, ਮਨੁੱਖ ਆਪਣੇ ਤਜ਼ਰਬੇ ਦੇ ਆਧਾਰ ਤੇ ਜੋ ਜਾਣਕਾਰੀ ਇਕੱਤਰ ਕਰਦਾ ਅਤੇ ਨਿਚੋੜ ਗ੍ਰਹਿਣ ਕਰਦਾ ਹੈ। ਦੂਜਾ : ਬੁੱਧੀਮਾਨ ਹਲਕਿਆਂ ਵਲੋਂ ਕੀਤਾ ਜਾਂਦਾ ਗਿਆਨ ਦਾ ਸੰਚਾਰ, ਜਿਸ ਨੂੰ ਵਿਦਿਆ ਦਾ ਨਾਮ ਦਿੱਤਾ ਗਿਆ ਹੈ। ਮਨੁੱਖਾਂ ਦੀ ਸੂਝ ਦਾ ਪੱਧਰ ਬਿਆਨ ਕਰਨ ਲਈ, ਦਾਰਸ਼ਨਿਕਾਂ ਨੇ ਵਿਦਿਆ ਅਤੇ ਅਵਿਦਿਆ ਸ਼ਬਦ ਘੜ ਲਏ ਹਨ। ਸਮਾਜ ਦੇ ਜਿਹੜੇ ਹਿੱਸੇ ਵਿਦਵਾਨਾਂ ਦੀ ਵਿਦਵਤਾ ਦੇ ਅਨੁਕੂਲ ਅਮਲ ਨਹੀਂ ਕਰਦੇ ਉਨ੍ਹਾਂ ਨੂੰ ਉਹ ਅਵਿਦਿਆ ਦੇ ਸੰਤਾਪੇ ਹੋਏ ਮੰਨਦੇ ਹਨ ਅਤੇ ਉਨ੍ਹਾਂ ਦੀ ਪੀੜਾ ਦਾ ਦੋਸ਼ ਵੀ ਉਨ੍ਹਾਂ ਦੀ ਅਵਿਦਿਆ ਨੂੰ ਹੀ ਦਿੰਦੇ ਹਨ। ਜਦੋਂ ਕਿ ਕਥਿਤ ਵਿਦਿਆ ਦੇ ਇਤਿਹਾਸ ਉੱਤੇ ਨਜ਼ਰ ਮਾਰਿਆਂ ਉਜਾਗਰ ਹੁੰਦਾ ਹੈ ਕਿ ਦਾਨਿਸ਼ਵਰ ਹਲਕਿਆਂ ਵਲੋਂ ਮਨੁੱਖਾਂ ਨੂੰ ਪ੍ਰਦਾਨ ਕੀਤੀ ਗਈ ਵਿਦਿਆ, ਸਾਰੀ ਦੀ ਸਾਰੀ, ਸਮਾਜ ਲਈ ਕਲਿਆਣਕਾਰੀ ਨਹੀਂ ਰਹੀ ਸਗੋਂ ਮਨੁੱਖਾਂ ਨੂੰ ਦੁੱਖ ਦੇਣ ਵਾਲੀ ਅਤੇ ਅਮਾਨਵੀ ਵੀ ਰਹੀ ਹੈ। ਕਿਉਂ ਨਾ ਅਜਿਹੀ, ਅਮਾਨਵੀ ਵਿਦਿਆ ਨੂੰ ਕੁਵਿਦਿਆ ਦਾ ਨਾਮ ਦੇ ਦਿੱਤਾ ਜਾਏ ? ਜਿਸ ਨੂੰ ਸਾਡੇ ਪੁਰਖੇ ਪੁੱਠੀ ਪੱਟੀ ਪੜ੍ਹਾਉਣਾ ਕਹਿੰਦੇ ਸਨ। ਗ਼ਦਰੀਆਂ ਦਾ ਉਪਰੋਕਤ ਕਥਨ ਆਦਮੀਆਂ ਨੂੰ ਉਹ ਵਿਦਿਆ ਪ੍ਰਦਾਨ ਕਰਨ ਵੱਲ ਸੰਕੇਤ ਹੈ ਜਿਹੜੀ ਸਮਾਜ ਦਾ ਕਲਿਆਣ ਕਰਨ ਵਾਲੀ ਹੋਵੇ। ਉਂਝ ਵੀ, ਅਵਿਦਿਆ ਸ਼ਬਦ ਗਿਆਨ ਤੋਂ ਕੋਰਾ ਹੋਣ ਦਾ ਪ੍ਰਭਾਵ ਸਿਰਜਦਾ ਹੈ। ਜਦੋਂ ਕਿ, ਮਨੁੱਖ ਕਦੇ ਵੀ ਗਿਆਨਹੀਣ ਨਹੀਂ ਰਿਹਾ। ਗਿਆਨ ਹੀ ਤਾਂ ਹੈ ਜਿਸ ਨੇ ਮਨੁੱਖਾਂ ਨੂੰ ਬਾਕੀ ਜੀਵਾਂ ਨਾਲੋਂ ਨਿਖੇੜਿਆ ਸੀ ਜਦੋਂ ਉਸ ਨੇ ਆਪਣੇ ਬੀਤੇ ਨੂੰ ਵਰਤਮਾਨ ਨਾਲ ਜੋੜ ਕੇ ਸਮਝਣਾ ਸ਼ੁਰੂ ਕੀਤਾ ਅਤੇ ਬੋਲੀ ਵਿਕਸਤ ਕਰ ਲਈ। ਸਗੋਂ, ਇਸ ਦਾ ਦੂਜਾ ਪਾਸਾ ਇਹ ਹੈ ਕਿ ਚਿੰਤਕਾਂ ਜਾਂ ਮਹਾਂ ਗਿਆਨੀਆਂ ਨੇ ਹੁਣ ਤੱਕ ਜਿੰਨੇ ਗਿਆਨ ਦਾ ਪਾਸਾਰ ਕੀਤਾ ਹੈ, ਉਸ ਦਾ ਚੋਖਾ ਭਾਗ ਮਨਘੜਤ ਸਾਬਤ

ਹੋਇਆ ਹੈ। ਜਿਸ ਨੂੰ ਵਿਗਿਆਨ ਨੇ ਰੱਦ ਕਰਦਿੱਤਾ ਹੈ ਪਰ ਉਹ ਸਮਾਜ ਉੱਪਰ ਪ੍ਰਭਾਵੀ ਰਿਹਾ ਸੀ। ਪ੍ਰਸ਼ਨ ਸਗੋਂ ਇਹ ਹੈ ਕਿ ਕੀ ਪੁੱਠੀ ਪੱਟੀ ਪੜ੍ਹਾਉਣ ਨੂੰ ਹੀ ਵਿਦਿਆ ਕਿਹਾ ਜਾਣਾ ਚਾਹੀਦਾ ਹੈ ? ਫਿਰ ਭੀ ਸੱਚ ਇਹ ਹੈ ਕਿ ਵਿਦਿਆ ਅਤੇ ਕੁਵਿਦਿਆ, ਗਿਆਨ ਪ੍ਰਣਾਲੀ ਦੀਆ ਚਾਲਕ ਸ਼ਕਤੀਆਂ ਰਹੀਆਂ ਹਨ ਜਿਸ ਕਾਰਨ 'ਸੱਚ' ਅਤੇ 'ਝੂਠ' ਨਾਮ ਦੇ ਦੋ ਸ਼ਬਦ ਹੋਂਦ ਵਿਚ ਆ ਗਏ ਹਨ।

ਪ੍ਰਤੀਤ ਹੁੰਦਾ ਹੈ ਕਿ ਜਿਵੇਂ ਭਾਰਤੀ ਸਮਾਜ ਬਹੁਤ ਪਰਤੀ ਸੰਕਟਾਂ ਵਿਚੋਂ ਗੁਜ਼ਰਦਾ ਹੋਇਆ ਅੰਨ੍ਹੀ ਗਲੀ 'ਚ ਜਾ ਫਸਿਆ ਹੈ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਪੁੱਠਾ ਗੇੜਾ ਆਉਣ ਦਾ ਖ਼ਤਰਾ ਬਣ ਗਿਆ ਹੈ। ਨਤੀਜੇ ਵਜੋਂ ਸਾਰਥਿਕ, ਅਸਾਰਥਿਕ ਮੁੱਦੇ ਭਖਵੀਂ ਬਹਿਸ ਦੇ ਵਿਸ਼ੇ ਬਣ ਰਹੇ ਹਨ। ਇਹ ਸਥਿਤੀ ਸੰਕੇਤ ਕਰਦੀ ਹੈ ਕਿ ਸਮਾਜਿਕ ਜੀਵਨ ਵਿਚ, ਅਮਲੀ ਤੌਰ ਤੇ ਰੱਦ ਹੋ ਚੁੱਕੀਆਂ, ਪਰ ਨਿਰੰਤਰ ਚਿਪਕੀਆਂ ਆ ਰਹੀਆਂ ਕਦਰਾਂ-ਕੀਮਤਾਂ ਅਤੇ ਧਾਰਨਾਵਾਂ ਦੇ ਦਫ਼ਨ ਹੋਣ ਦਾ ਸਮਾਂ ਚੱਲ ਰਿਹਾ ਹੈ। ਜਦੋਂ ਵੇਲਾ ਵਿਹਾਅ ਚੁੱਕੇ ਸੰਕਲਪ ਟੁੱਟਦੇ ਹਨ ਅਤੇ ਨਵਿਆਂ ਦੀ ਜੰਮਣ ਪੀੜਾ ਤਿੱਖੀ ਹੁੰਦੀ ਹੈ ਤਾਂ ਤਿਲਮਿਲਾਟ ਦਾ ਪੈਦਾ ਹੋਣਾਅਤੇ ਤਰਕਸੰਗਤਾ ਦਾ ਊਲ-ਜਲੂਲ ਵਿਚ ਤਬਦੀਲ ਹੋਣਾ ਅਸੁਭਾਵਿਕ ਨਹੀਂ ਹੁੰਦਾ, ਕਿਉਂਕਿ ਕੋਈ ਵੀ ਇਕ ਮੁੱਦਾ ਜਾਂ ਚੰਦ ਕੁ ਮੁੱਦੇ, ਸਮਾਜਿਕ ਬੇਚੈਨੀ ਦਾ ਕਾਰਨ ਨਹੀਂ ਹੁੰਦੇ ਸਗੋਂ ਮੁੱਦਿਆਂ ਦੀ ਸਮੁੱਚਤਾ ਹੁੰਦੀ ਹੈ। ਸਭਿਆਚਾਰ ਦੀ ਮਧਾਣੀ ਇਨ੍ਹਾਂ ਨੂੰ ਇਸ ਪ੍ਰਕਾਰ ਰਿੜਕ ਦਿੰਦੀ ਹੈ ਕਿ ਸਾਰਾ ਕੁਝ ਰਲਗੱਡ ਹੋਇਆ ਜਾਪਦਾ ਹੈ। ਨਤੀਜੇ ਵਜੋਂ, ਜਨ ਸਾਧਾਰਨ ਵਾਸਤੇ ਬੇਚੈਨੀ ਦਾ ਮੂਲ ਕਾਰਨ ਨਿਖੇੜ ਸਕਣਾ ਔਖਾ ਹੋ ਜਾਂਦਾ ਹੈ। ਓਪਰੀ ਨਜ਼ਰੇ ਜੋ ਦਿੱਖਦਾ ਹੈ ਉਹ, ਅਸਲ ਵਿਚ ਹੁੰਦਾ ਨਹੀਂ। ਤਾਂ ਵੀ, ਅੰਦਰਖਾਤੇ ਜੋ ਮਰ ਰਿਹਾ ਹੁੰਦਾ ਹੈ ਉਹ ਸਮਾਜੀ ਵਿਕਾਸ ਦੇ ਰਾਹ ਦਾ ਰੋੜਾ ਹੁੰਦਾ ਹੈ, ਪਰ ਉਹ ਰੋੜਾ ਭਾਰੂ ਹੋ ਰਹੀਆਂ ਨਵੀਆਂ ਕਦਰਾਂ-ਕੀਮਤਾਂ ਉੱਤੇ ਮਰਦੇ ਮਰਦੇ ਵੀ ਮਾਰੂ ਵਾਰ ਕਰਦਾ ਹੈ। ਭਾਰਤ ਇਸੇ ਹੀ ਫ਼ੈਸਲਾਕੁੰਨ ਮਹਾਂਯੁੱਧ ਦੀ ਰਣਭੂਮੀ ਬਨਿਆ ਹੋਇਆ ਹੈ। ਇਸੇ ਹੀ ਭੰਬਲਭੂਸੇ ਦਾ ਨਤੀਜਾ ਹੈ ਕਿ ਗ਼ਦਰ ਲਹਿਰ ਬਾਰੇ ਜਾਂ ਗ਼ਦਰੀ ਬਾਬਿਆਂ ਦੇ ਪ੍ਰਮੁੱਖ ਹਿੱਸੇ ਬਾਰੇ ਬੇਤੁਕੇ ਮੁੱਦੇ ਸੰਜੀਦਾ ਸਮਝੇ ਜਾਣ ਲੱਗੇ ਹਨ। ਜੇਕਰ ਬਹਿਸ ਦਾ ਵਿਸ਼ਾ ਇਹ ਬਣ ਜਾਵੇ ਕਿ ਬਾਬਾ ਸੋਹਣ ਸਿੰਘ ਭਕਨਾ, ਲਾਲ ਹਰਦਿਆਲ ਜਾਂ ਮੌਲਵੀ ਬਰਕਤਉੱਲਾ ਦਾ ਧਰਮ ਕਿਹੜਾ ਸੀ ਤਾਂ ਇਸ ਤੋਂ ਵੱਧ ਭੰਬਲਭੂਸਾ ਹੋਰ ਕੀ ਹੋ ਸਕਦਾ ਹੈ ?

ਵਿਚਾਰਧਾਰਕ ਅਤੇ ਸਭਿਆਚਾਰਕ ਨਜ਼ਰੀਏ ਤੋਂ ਗ਼ਦਰੀ ਦੇਸ਼ ਭਗਤਾਂ ਦੇ ਸਿੱਖ ਜਾਂ ਕਮਿਊਨਿਸਟ ਹੋਣ ਵਿਚ ਓਨਾਂ ਕੁ ਹੀ ਅੰਤਰ ਹੈ ਜਿੰਨਾ ਕੁ "ਸਾਂਝੀਵਾਲਤਾ" ਅਤੇ "ਸਮਾਜਵਾਦ" ਦੇ ਸੰਕਲਪਾਂ ਵਿਚ ਹੈ। ਇਹ ਅੰਤਰ ਉਸ ਸੁਰੰਗ ਵਰਗਾ ਹੈ ਜਿਸ ਨੂੰ ਪਾਰ ਕਰਕੇ, ਕੋਈ ਵੀ ਬੰਦਾ, ਜਦੋਂ ਖੁੱਲ੍ਹੇ ਵਿਸ਼ਾਲ ਦਿਸਹੱਦਿਆਂ ਵੱਲ ਦੇਖੇਗਾ ਤਾਂ ਉਸ ਨੂੰ ਸਮਾਜਵਾਦ ਅਤੇ ਸਾਂਝੀਵਾਲਤਾ ਦੀ ਸਾਂਝੀ ਧਰਾਤਲ ਨੂੰ ਵਿਚਕਾਰੋਂ ਵੰਡਦੀ ਹੋਈ, ਇਕ ਤਿਲਕਵੀਂ ਜਿਹੀ, ਨਿੱਗਰ ਪਗਡੰਡੀ ਦਿਖਾਈ ਦਿੰਦੀ ਹੈ। ਇਸ ਡੰਡੀ ਦੇ ਸਮਾਂਨਾਂਤਰ, ਦੋਹੀਂ ਪਾਸੀਂ, ਦੋ ਖੌਲ੍ਹਦੇ ਦਰਿਆ ਵਗਦੇ ਹਨ। ਸਾਂਝੀਵਾਲਤਾ ਵਾਲੇ ਪਾਸੇ ਆਸਤਿਕਤਾ ਦਾ ਅਤੇ ਸਮਾਜਵਾਦ ਵਾਲੇ ਪਾਸੇ ਨਾਸਤਿਕਤਾ ਦਾ, ਜਿਨ੍ਹਾਂ ਨੇ ਸਾਂਝੀਵਾਲਤਾ ਅਤੇ ਸਮਾਜਵਾਦ ਵਿਚਕਾਰ ਅਮਿੱਟ ਹੱਦਬੰਦੀ ਕੀਤੀ ਹੋਈ ਹੈ। ਅਸਲ ਵਿਚ ਇਹ ਮਸਲਾ ਗ਼ਦਰੀਆਂ ਦੇ ਆਦਰਸ਼ ਦਾ ਨਹੀਂ ਸਗੋਂ, ਦੋ ਪ੍ਰਕਾਰ ਦੇ ਵਿਵਹਾਰਾਂ ਜਾਂ ਦੋ ਪ੍ਰਕਾਰ ਦੀ ਜੀਵਨ ਜਾਂਚ ਦਾ ਹੈ। ਫਿਰ ਭੀ, ਗ਼ਦਰੀ ਦੇਸ਼ ਭਗਤਾਂ ਨੇ, ਇਨ੍ਹਾਂ ਸ਼ੂਕਦੇ, ਦੋ ਦਰਿਆਵਾਂ ਦੇ ਉਪਰੋਂ ਦੀ ਪੁੱਲ ਉਸਾਰਨ ਦਾ ਹੰਭਲਾ ਮਾਰਿਆ ਸੀ ਜੋ ਹੋ ਨਹੀਂ ਸਕਿਆ। ਨਤੀਜੇ ਵਜੋਂ ਸਭ ਜਿਉਂ ਦਾ ਤਿਉਂ ਚੱਲਦਾ ਰਿਹਾ। ਪਰ ਗ਼ਦਰ ਦੇ ਪਹਿਲੇ ਪੜਾਅ ਦੀਆਂ ਲਿਖਤਾਂ ਤੋਂ ਗ਼ਦਰੀਆਂ ਦਾ ਦ੍ਰਿੜ੍ਹ ਵਿਸ਼ਵਾਸ ਪ੍ਰਗਟ ਹੁੰਦਾ ਹੈ ਕਿ, "ਧਰਮ, ਸੁੱਖ, ਵਿਦਿਆ ਵਾਸਤੇ ਮੁਲਕ, ਦੁਨੀਆਂ, ਸਾਰੀ ਕੌਮ ਮਿਲ ਕੇ ਕੰਮ ਕਰ ਸਕਦੀ ਹੈ। ਇਹ ਸੱਚਾ ਅਸੂਲ ਹੈ। ਇਨ੍ਹਾਂ ਪਵਿੱਤਰ ਚੀਜ਼ਾਂ ਵਾਸਤੇ ਸਭਾ, ਸੁਸਾਇਟੀ, ਸਮਾਜ ਬਣਾ ਸਕਦੇ ਹੋ, ਅਜਿਹੀ ਪਾਰਟੀ ਦੀ ਸਭ ਨੂੰ ਲੋੜ ਹੈ। ਅਜਿਹੀ ਪਾਰਟੀ ਵਿਚ ਸਾਰੇ ਮੱਤਾਂ ਮਤਾਂਤਰਾਂ ਦੇ ਦੇਸ਼ ਭਗਤ ਮਿਲ ਸਕਦੇ ਹਨ। ਅਜਿਹੀ ਸਭਾ ਦਾ ਨਾਂਮ ਸਰਬ ਸਮਾਜਿਕ ਸੁੱਖ ਸਭਾ ਰੱਖ ਸਕਦੇ ਹੋ...ਧਰਮ, ਵਿਦਿਆ ਅਤੇ ਸੁੱਖ ਕਿਸੇ ਖ਼ਾਸ ਮੱਤ ਵਾਸਤੇ ਨਹੀਂ।" ਗ਼ਦਰੀ ਦੇਸ਼ ਭਗਤ ਧਰਮ ਅਤੇ ਮੱਤ ਨੂੰ ਵੱਖ-ਵੱਖ ਕਰਕੇ ਦੇਖਦੇ ਸਨ। ਉਹ ਧਰਮ ਨੂੰ "ਆਚਰਣ ਦੀ ਕੁੰਜੀ" ਸਮਝਦੇ ਸਨ। ਇਸ ਨੂੰ ਸੰਖਿਪਤ ਕਰਦਿਆਂ ਉਹ ਕਹਿੰਦੇ ਹਨ ਕਿ ਸੱਚ ਕੋਈ ਮੁਸ਼ੱਕਤ ਦੇ ਵਾਲ਼ ਦੀ ਖੱਲ ਉਤਾਰਨ ਦਾ ਨਾਮ ਨਹੀਂ। ਸੱਚ ਹੈ ਕਿ ਧਰਮ, ਵਿਦਿਆ ਅਤੇ ਸੁੱਖ ਵਾਸਤੇ ਯਤਨ ਕੀਤਾ ਜਾਵੇ।" ਗ਼ਦਰੀ ਧਰਮ ਵਿਦਿਆ ਅਤੇ ਸੁੱਖ ਦੇ ਸੁਮੇਲ ਨੂੰ ਸੱਚ ਮੰਨਦੇ ਸਨ ਜਿਸ ਨੂੰ ਆਧਾਰ ਬਣਾ ਕੇ ਕ੍ਰਾਂਤੀ ਦੀ ਵਿਧੀ ਬਿਆਨ ਕਰਦਿਆਂ ਉਹ ਕਹਿੰਦੇ ਹਨ ਕਿ, "ਸੱਚਾਈ ਰਾਜਨੀਤੀ ਦਾ ਗਿਆਨ ਅਤੇ ਕੁਰਬਾਨੀ ਇਹੋ ਜਿਹੇ ਬਰੂਦੀ ਗੈਸ ਹਨ ਜੋ ਬਾਦਸ਼ਾਹਾਂ ਦੇ ਕਿਲਿਆਂ ਨੂੰ ਢਾਹ ਕੇ ਮਿੱਟੀ 'ਚ ਮਿਲਾ ਦਿੰਦੇ ਹਨ। ਸੱਚਾਈ ਵਿਦਿਆ ਦੇ ਕੁਰਬਾਨੀ ਦੇ ਤੀਰ ਐਸੇ ਹਨ ਜੋ ਫੌਲਾਦ ਦੇ ਪਹਾੜਾਂ ਨੂੰ ਵੀ ਚੀਰ ਕੇ ਰੱਖ ਦਿੰਦੇ ਹਨ। ਸੱਚਾਈ ਵਿਦਿਆ ਅਤੇ ਕੁਰਬਾਨੀ ਇਹੋ ਜਿਹੀਆਂ ਖ਼ੂਬੀਆਂ ਹਨ ਕਿ ਇਨ੍ਹਾਂ ਖ਼ੂਬੀਆਂ ਦੇ ਰੱਖਣ ਵਾਲਾ ਦੁਸ਼ਮਣ ਦੀ

ਨੰਗੀ ਤਲਵਾਰ ਦੇ ਸਾਹਮਣੇ ਹਿੱਕ ਠੋਕ ਕੇ ਕਹਿੰਦਾ ਹੈ, "ਹਾਂ ਮੈਂ ਆਪਣੇ ਦੇਸ਼ ਦੀ ਅਜ਼ਾਦੀ ਦਾ ਬੀੜਾ ਚੁੱਕਿਆ ਹੈ...।" ਇਨਸਾਨ ਦੀਆਂ ਇਨ੍ਹਾਂ ਖ਼ੂਬੀਆਂ ਦੀ ਰਚਣਹਾਰ, ਉਸ ਦੀ ਆਪਣੀ ਹੀ ਜੀਵਨ ਜਾਂਚ ਹੁੰਦੀ ਹੈ, ਅਥਵਾ ਉਸ ਦਾ ਆਪਣਾ ਸਭਿਆਚਾਰ ਹੁੰਦਾ ਹੈ।

ਕਿਸੇ ਵੀ ਸਮਾਜ ਨੇ ਆਪਣਾ ਵਿਸ਼ੇਸ਼ ਸਭਿਆਚਾਰ, ਆਪਣੀ ਕੋਈ ਵਿਸ਼ੇਸ਼ ਲੋੜ ਪੂਰੀ ਕਰਨ ਲਈ ਜਾਂ ਸੰਕਟ ਸਮੇਂ ਦੀਆਂ ਔਕੜਾਂ ਤੇ ਕਾਬੂ ਪਾਉਣ ਲਈ ਹੀ ਈਜਾਦ ਨਹੀਂ ਕੀਤਾ, ਸਗੋਂ ਇਹ ਸਮਾਜ ਦੇ ਵਿਚਰਨ ਦੀ ਸੂਤਰਬੱਧ ਸਰਗਰਮੀ ਹੈ ਜਿਹੜੀ ਸਮੇਂ ਤੇ ਸਥਾਨ ਨਾਲ ਨਿਪਟਦਿਆਂ, ਨਿਰੰਤਰ ਵਿਗਸਦੀ ਰਹਿੰਦੀ ਹੈ। ਤਾਂ ਵੀ ਸਮਾਜ ਦੀਆਂ ਗਤੀਵਿਧੀਆਂ ਦੇ ਘੜਮੱਸ ਵਿਚੋਂ ਸਭਿਆਚਾਰ ਦੀ ਪਛਾਣ ਕਿਵੇਂ ਕਰੀਏ ?

ਕਈ ਸੰਸਾਰ ਪ੍ਰਸਿੱਧ ਵਿਦਵਾਨਾਂ ਨੇ ਇਸ ਦੀਆਂ ਬਹੁਤ ਹੀ ਪੇਚਦਾਰ ਵਿਆਖਿਆਵਾਂ ਕੀਤੀਆਂ ਹਨ। ਉਨ੍ਹਾਂ ਦਾ ਸਾਂਝਾ ਜਿਹਾ ਨਿਚੋੜ ਇਹ ਹੈ ਕਿ ਜੇਕਰ ਕਿਸੇ ਸਮਾਜ ਦੀਆ ਸਾਰੀਆਂ ਕਲਾਤਮਿਕ ਤੇ ਭਾਸ਼ਾਈ ਉਪਲਭਦੀਆਂ ਦੇ ਨਾਲ ਉਸ ਦਾ ਸੁਭਾਅ, ਰੀਤੀ-ਰਿਵਾਜ਼, ਰਹਿਣ-ਸਹਿਣ ਦਾ ਸਲੀਕਾ, ਸਾਂਝੀ ਸੂਝ-ਬੂਝ ਤੇ ਸੰਸਥਾਵਾਂ ਜੋੜ ਲਈਏ ਤਾਂ ਸਭਿਆਚਾਰ ਦਾ ਮੁਹਾਂਦਰਾ ਬਣ ਜਾਂਦਾ ਹੈ। ਇਹ ਵੀ ਕਿਹਾ ਗਿਆ ਹੈ ਕਿ ਸਭਿਆਚਾਰ ਸਮਾਜਿਕ ਜੀਵਨ ਦੇ ਸਾਰੇ ਪਹਿਲੂਆਂ ਨੂੰ ਆਪਸ ਵਿਚ ਜੋੜ ਕੇ ਕਿਰਿਆਸ਼ੀਲ ਕਰਦਾ ਹੈ। ਇਕ ਹੋਰ ਵਿਚਾਰ ਸਭਿਆਚਾਰ ਨੂੰ ਚੇਤਨਾ ਮੰਨਦਾ ਹੈ ਜੋ ਆਪ-ਮੁਹਾਰੇ ਪੈਦਾ ਹੁੰਦੀ ਹੈ ਅਤੇ ਇਸ ਦ ੀਆਂ ਤੰਦਾਂ ਭੌਤਿਕ ਵਸਤੂਆਂ ਵਿਚੋਂ ਗੁਜ਼ਰਕੇ, ਸਮਾਜੀ ਰਵਾਇਤਾਂ ਬਣ ਜਾਂਦੀਆਂ ਹਨ ਅਤੇ ਲੋਕਾਂ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੀਆਂ ਹਨ। ਪਰ ਜੋ ਵਿਦਵਾਨ ਇਸ ਨੂੰ ਇਤਿਹਾਸਕ ਵਰਤਾਰਾ ਮੰਨਦੇ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਜਿਉਂ ਜਿਉਂ ਸਮਾਜੀ-ਅਰਥ ਪ੍ਰਬੰਧ ਬਦਲਦਾ ਜਾਂਦਾ ਹੈ ਤਿਉਂ ਤਿਉਂ ਸਭਿਆਚਾਰ ਦੇ ਵਿਗਸਣ ਦੀ ਦਿਸ਼ਾ ਵੀ ਤੈਅ ਹੁੰਦੀ ਜਾਂਦੀ ਹੈ। ਇਸ ਨੂੰ ਪੈਗੰਬਰ ਜਾਂ ਮਹਾਂਪੁਰਖ ਪੈਦਾ ਨਹੀਂ ਕਰਦੇ ਸਗੋਂ ਜਨ ਸਮੂਹ ਪੈਦਾ ਕਰਦੇ ਹਨ। ਜਦੋਂ ਕਿ ਆਸਤਿਕ ਲੋਕ ਇਸ ਧਾਰਨਾ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਭਿਆਚਾਰ ਦੀ ਸਿਰਜਣਾ ਪੈਗੰਬਰਾਂ, ਮਹਾਂਪੁਰਸ਼ਾਂ ਜਾਂ ਅਵਤਾਰਾਂ ਦੀ ਰਹਿਨੁਮਾਈ ਵਿਚ ਕੀਤੀ ਜਾਂਦੀ ਹੈ। ਪਤਾ ਨਹੀਂ ਕਦੋਂ ਤੋਂ, ਪੂਰੀ ਮਾਨਵਤਾ ਇਸ ਤਕਰਾਰ ਵਿਚ ਉਲਝੀ ਹੋਈ ਹੈ। ਇਸ ਕਰਕੇ ਸਿੱਧਾ ਅਸਲੀ ਮੁੱਦੇ ਵੱਲ ਆਉਂਦੇ ਹਾਂ।

ਇਤਿਹਾਸ ਨੇ ਅਨੇਕਾਂ ਹੀ ਪੁਰਾਣੇ ਸਭਿਆਚਾਰ ਕੁਮਲਾ ਕੇ ਜ਼ਿਮੀਂ ਦੇ ਡਿੱਗਦੇ ਅਤੇ ਨਵੇਂ ਸਭਿਆਚਾਰ ਪੁੰਗਰਦੇ, ਵਿਗਸਦੇ ਅਤੇ ਖਿੜਦੇ ਦੇਖੇ ਹਨ। ਅਸਲ ਵਿਚ ਇਹ ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਦੀਆਂ ਤੰਦਾਂ ਦੇ ਟੁੱਟਣ-ਗੰਢਣ ਦਾ, ਅਰੁੱਕ ਚੱਕਰ ਹੈ ਜਿਹੜਾ ਸਭਿਆਚਾਰਕ ਪਰਿਵਰਤਨਾਂ ਰਾਹੀਂ ਪ੍ਰਗਟ ਹੁੰਦਾ ਹੈ। ਸਮਾਜਿਕ ਰਿਸ਼ਤੇ ਨਿਰੰਤਰ ਪਰਿਵਰਨ 'ਚ ਰਹਿੰਦੇ ਹਨ ਅਤੇ ਨਤੀਜੇ ਵਜੋਂ ਸਮਾਜਿਕ ਸੂਝ ਵੀ ਵਿਗਸਦੀ ਜਾਂਦੀ ਹੈ ਜਿਸ ਦੇ ਅੰਤਿਮ ਸਿੱਟੇ ਵਜੋਂ ਵਿਚਾਰਧਾਰਕ ਅਤੇ ਸਭਿਆਚਾਰਕ ਪਰਿਵਰਤਨ ਆਉਂਦੇ ਹਨ। ਸਭਿਆਚਾਰਕ ਪਰਿਵਰਤਨ ਕਿਸੇ ਨਾ ਕਿਸੇ ਨਵੀ ਵਿਚਾਰਧਾਰਾ ਦੇ ਪ੍ਰਭਾਵ ਕਾਰਨ ਵਾਪਰਦੇ ਹਨ ਪਰ ਹਰ ਵਿਚਾਰਧਾਰਾ ਸਭਿਆਚਾਰਕ ਪਰਿਵਰਤਨ ਲਿਆਉਣ ਦੇ ਸਮਰੱਥ ਨਹੀਂ ਹੁੰਦੀ ਜਿਸ ਕਰਕੇ ਹਰ ਦਾਰਸ਼ਨਿਕ ਜਾਂ ਗਿਆਨੀ ਨਵੇਂ ਸਭਿਆਚਾਰ ਦਾ ਸ਼ਿਲਾਨਿਆਸ ਕਰਨ ਦੇ ਯੋਗ ਨਹੀਂ ਹੁੰਦਾ। ਬੀਤੇ ਉੱਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਹਰ ਸਮਾਜ ਨੇ ਅਣਗਿਣਤ ਵਿਚਾਰਧਾਰਾਵਾਂ ਹੋਂਦ ਵਿਚ ਲਿਆਂਦੀਆਂ ਸਨ ਜਿਨ੍ਹਾਂ ਨੇ ਆਪਣੀ ਅਉਧ ਵੀ ਪੂਰੀ ਹੰਢਾਈ ਸੀ ਪਰ ਹਰ ਵਿਚਾਰਧਾਰਾ, ਨਵਾਂ ਸਭਿਆਚਾਰ ਸਿਰਜਣ 'ਚ ਸਫ਼ਲ ਨਹੀਂ ਹੋ ਗਈ। ਸਭਿਆਚਾਰ ਸਿਰਜਣ ਜਾਂ ਨਾ ਸਿਰਜਣ ਵਿਚ ਵਿਚਾਰਧਾਰਾ ਦੇ ਸਿੱਧੀ ਸਾਦੀ ਹੋਣ ਜਾਂ ਗਹਿਰ ਗੰਭੀਰ ਹੋਣ ਦੀ ਕੋਈ ਭੂਮਿਕਾ ਨਹੀਂ। ਸਿੱਧੀ ਸਾਦੀ ਵਿਚਾਰਧਾਰਾ ਅਤਿਅੰਤ ਭਾਵਪੂਰਨ ਸਭਿਆਚਾਰ ਸਿਰਜ ਸਕਦੀ ਹੈ ਜਦੋਂ ਕਿ ਗਹਿਰ ਗੰਭੀਰ ਵਿਚਾਰਧਾਰਾ, ਸਭਿਆਚਾਰ ਨਹੀਂ ਵੀ ਸਿਰਜ ਸਕਦੀ। ਜਦੋਂ ਵੀ ਕਿਸੇ ਸਭਿਆਚਾਰ ਦੀ ਚਰਚਾ ਹੁੰਦੀ ਹੈ ਤਾਂ ਅਸਲ ਵਿਚ ਉਸ ਸਭਿਆਚਾਰ ਦਾ ਨਿਰਮਾਣ ਕਰਨ ਵਾਲੀ ਵਿਚਾਰਧਾਰਾ, ਸਭਿਆਚਾਰ ਨਹੀਂ ਵੀ ਸਿਰਜ ਸਕਦੀ। ਜਦੋਂ ਵੀ ਕਿਸੇ ਸਭਿਆਚਾਰ ਦੀ ਚਰਚਾ ਹੁੰਦੀ ਹੈ ਤਾਂ ਅਸਲ ਵਿਚ ਉਸ ਸਭਿਆਚਾਰ ਦਾ ਨਿਰਮਾਣ ਕਰਨ ਵਾਲੀ ਵਿਚਾਰਧਾਰਾ ਜਾਂ ਸਮਾਜਿਕ ਸੂਝ ਦੀ ਹੀ ਚਰਚਾ ਹੋ ਰਹੀ ਹੁੰਦੀ ਹੈ।

ਸਭਿਆਚਾਰਾਂ ਦੀ ਇਤਿਹਾਸ ਰੇਖਾ ਦਰਸਾਉਂਦੀ ਹੈ ਕਿ ਸਭਿਆਚਾਰਾਂ ਦੀ ਸਿਰਜਣਾ ਅਤੇ ਉਨ੍ਹਾਂ ਦਾ ਪਸਾਰ ਕਰਨ ਵਿਚ ਧਾਰਮਿਕ ਵਿਚਾਰਧਾਰਾਵਾਂ ਨੇ ਵਧੇਰੇ ਨਿਪੁੰਨਤਾ ਦਿਖਾਈ ਹੈ। ਭਾਵੇਂ ਕਿ ਵਿਗਿਆਨਕ ਦ੍ਰਿਸ਼ਟੀਕੋਣ ਨੇ ਧਰਮ ਨੂੰ "ਪੁੱਠੀ ਸਮਾਜਿਕ ਚੇਤਨਾ" ਵੀ ਕਿਹਾ ਹੈ ਅਤੇ "ਮਨੁੱਖੀ ਹੋਂਦ ਦੀ ਖਿਆਲੀ ਅਨੁਭੂਤੀ" ਵੀ ਗਰਦਾਨਿਆ ਹੈ। ਪਰ ਸੱਚਾਈ ਇਹ ਹੈ ਕਿ ਗਰਦਾਨਗੀ ਜਾਂ ਨਿੰਦਾ ਮੁਹਿੰਮ ਨਾਲ ਜਨ-ਚੇਤਨਾ ਨੂੰ "ਛਲਾਵੇਦਾਰ ਖੁਸ਼ੀ ਦੇ ਭੁਚਲਾਵੇ ਤੋਂ "ਓਨੀ ਦੇਰ ਅਜ਼ਾਦ ਨਹੀਂ ਕਰਾਇਆ ਜਾ ਸਕਦਾ ਜਿੰਨੀ ਦੇਰ ਉਸ ਦੇ ਬਦਲ ਵਿਚ ਕੋਈ ਸਾਰਥਿਕ ਸਭਿਆਚਾਰ ਹੋਂਦ

> “ਮਨੁੱਖੀ ਮਾਨਸਿਕਤਾ ਪ੍ਰਭਾਵਿਤ ਕਰਨ ਯੋਗ ਹੈ। ਉਸ ਨੂੰ ਕਿਸੇ ਵੀ ਸੇਧ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਹ ਤਬਦੀਲੀ ਵਿਚਾਰਧਾਰਾ ਉੱਤੇ ਨਿਰਭਰ ਹੁੰਦੀ ਹੈ। ਦੇਖਣ ਵਿਚ ਆਇਆ ਹੈ ਕਿ ਵਿਨਾਸ਼ਕਾਰੀ ਵਿਚਾਰਧਾਰਾ ਇਸ ਬਾਰੇ ਵਧੇਰੇ ਸੁਚੇਤ ਰਹਿੰਦੀ ਹੈ ਕਿ ਕੋਈ ਕਲਿਆਣਕਾਰੀ ਵਿਚਾਰਧਾਰਾ ਸਮਾਜੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਕੇ ‘ਚਿੜੀਆਂ ਤੋਂ ਬਾਜ’ ਨਾ ਤੁੜਵਾ ਦੇਵੇ। ਉਸ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਅਜਿਹੀ ਆਫ਼ਤ ਆਉਣ ਤੋਂ ਪਹਿਲਾਂ ਹੀ ਰੋਕੀ ਜਾਵੇ। ਦੋਹਾਂ ਪ੍ਰਸਥਿਤੀਆਂ ਵਿਚ ਸਭਿਆਚਾਰ, ਕ੍ਰਾਂਤੀਕਾਰੀ ਹੋਵੇ ਜਾਂ ਵਿਨਾਸ਼ਕਾਰੀ, ਲਹੂ ਬਣ ਕੇ, ਸਮਾਜ ਦੀਆਂ ਨਸਾਂ ਵਿਚ ਸੰਚਾਰ ਕਰਨ ਲੱਗਦਾ ਹੈ। ਇਸੇ ਤਰ੍ਹਾਂ ਅਧੀਨਗੀ ਦਾ ਸਭਿਆਚਾਰ ਸਵੈਮਾਣ ਅਤੇ ਗੌਰਵ ਦੀ ਹੱਤਿਆ ਕਰ ਦਿੰਦਾ ਹੈ।”

ਵਿਚ ਨਹੀਂ ਆ ਜਾਂਦਾ ਹੈ ਜਨ ਸਮੂਹਾਂ ਦੀ ਉਮੰਗ ਪੂਰੀ ਕਰਨ ਵਾਲਾ ਹੋਵੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ “ਛਲਾਵੇਦਾਰ” ਵਿਚਾਰਧਾਰਾ ਜਿੰਨੀ ਮਰਜ਼ੀ ਭੁਰਭਰੀ ਤੋਂ ਬੋਦੀ ਹੋ ਜਾਵੇ, ਭਾਵੇਂ ਢੈਅ ਢੇਰੀ ਹੀ ਹੋ ਜਾਵੇ, ਜਨ ਚੇਤਨਾ ਉਸ ਤੋਂ ਕਿਨਾਰਾਕਸ਼ੀ ਕਰਕੇ ਦੂਰ ਨਹੀਂ ਬੈਠ ਜਾਂਦੀ ਅਤੇ ਨਾ ਹੀ ਕਿਸੇ ਹੋਰ ਵਿਚਾਰਧਾਰਾ ਨੂੰ ਅੱਖਾਂ ਮੀਟ ਕੇ ਆਪਣਾ ਲੈਂਦੀ ਹੈ। ਜਨ ਸਧਾਰਨ ਉਸੇ ਵਿਚਾਰਧਾਰਾ ਨੂੰ ਹੀ ਅਪਣਾਉਂਦੇ ਹਨ ਜਿਹੜੀ ਸਮਾਨਾਂਤਰ ਸਭਿਆਚਾਰ ਸਿਰਜ ਕੇ ਆਪਣੀ ਸਮਾਜਿਕ ਸਾਰਥਿਕਤਾ ਸਿੱਧ ਕਰ ਦੇਵੇ। ਸਭਿਆਚਾਰ ਮਨੁੱਖਾਂ ਨੂੰ ਇਖ਼ਲਾਕ ਬਖਸ਼ਦਾ ਹੈ ਅਤੇ ਸਮਾਜ ਨੂੰ ਯੋਗਤਾ। ਇਖ਼ਲਾਕ ਜਾਂ ਯੋਗਤਜਾ ਦਾ ਬਲਵਾਨ ਜਾਂ ਕਮਜ਼ੋਰ ਹੋਣਾ (ਉਸਦੇ) ਸਭਿਆਚਾਰ ਦੇ ਖ਼ਾਸੇ ਉੱਤੇ ਨਿਰਭਰ ਹੁੰਦਾ ਹੈ।

ਗ਼ਦਰ ਸਾਹਿਤ ਵਿਚ, ਕ੍ਰਾਂਤੀਕਾਰੀ ਸੰਘਰਸ਼ ਦੇ ਕਿਸੇ ਵੀ ਹੋਰ ਪਹਿਲੂ ਨਾਲੋਂ, ਸਮਾਜਿਕ ਯੋਗਤਾ ਉੱਪਰ ਵਧੇਰੇ ਬੱਲ ਦਿੱਤਾ ਗਿਆ ਹੈ, ਜਿਸ ਨੂੰ ਉਹ ਕੌਮੀ ਇਖ਼ਲਾਕ ਤੇ ਕੌਮੀ ਆਦਰਸ਼ ਵੀ ਕਹਿੰਦੇ ਹਨ। ਗ਼ਦਰੀ ਕਹਿੰਦੇ ਹਨ ਕਿ ਸਮਾਜ ਜਿੰਨੇ ਮਰਜ਼ੀ ਬੁਰੇ ਹਾਲਾਤ ਵਿਚ ਫਸ ਜਾਵੇ ਪਰ ਇਖ਼ਲਾਕ ਦੇ ਚੰਗਿਆੜੇ ਨੂੰ ਮੱਘਦਾ ਰੱਖਣਾ ਚਾਹੀਦਾ ਹੈ ਭਾਵੇਂ ਉਹ ਛੋਟੇ ਤੋਂ ਛੋਟਾ ਹੀ ਕਿਉਂ ਨਾ ਹੋਵੇ। ਉਹ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਜੇਕਰ ਕੋਈ ਕੌਮ ਹਾਰ ਵੀ ਜਾਵੇ ਤਾਂ ਵੀ ਉਸ ਦੇ “ਆਗੂਆਂ ਅਤੇ ਵਿਚਾਰਵਾਨਾਂ ਸਾਹਮਣੇ ਸਭ ਤੋਂ ਵੱਡਾ ਹਲ ਤਲਬ ਮੁਅਮਲ ਇਹੀ ਹੈ ਕਿ ਅਜਿਹੇ ਸਮੇਂ ਤੇ ਹਾਲਾਤ ਵਿਚ ਕੌਮੀ ਫ਼ਖਰ ਅਤੇ ਸਵੈਮਾਣ ਤੇ ਉੱਤਮ ਖ਼ਿਆਲਾਂ ਨੂੰ ਕੌਮ ਦੇ ਦਿਲ ਵਿਚ, ਜਿਸ ਤਰ੍ਹਾਂ ਵੀ ਹੋ ਸਕਦਾ ਹੋਵੇ, ਕਿਸੇ ਨਾ ਕਿਸੇ ਤਰ੍ਹਾਂ ਸੁਰਜੀਤ ਰੱਖਿਆ ਜਾਵੇ।” ਇਹ ਕੌਮਾਂ ਦੇ ਗੌਰਵਮਈ ਸਭਿਆਚਾਰ ਦੀ ਮਹਾਨਤਾ ਦਾ ਟੁੰਭਵਾਂ ਵਿਖਿਆਨ ਹੈ। ਜੇਕਰ ਕਿਸੇ ਕੌਮ ਦਾ ਰਾਜਭਾਗ ਦੁਸ਼ਮਣ ਹੱਥੋਂ ਚਕਨਾਚੂਰ ਹੋ ਜਾਂਦਾ ਹੈ ਅਤੇ ਉਹ ਕੌਮ ਕਿਸੇ ਦੂਜੀ ਕੌਮ ਦੇ ਅਧੀਨ ਵੀ ਹੋ ਜਾਂਦੀ ਹੈ, ਤਾਂ ਵੀ ਉਸ ਨੂੰ ਆਪਣਾ ਮੌਲਿਕ ਸਭਿਆਚਾਰ ਜੀਵਤ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ। ਉਸ ਦੇ ਫ਼ਖਰ ਦੀ ਇਕ ਚੰਗਿਆੜੀ ਵੀ ਇਕ ਨਾ ਇਕ ਦਿਨ ਜਗਮਗ ਕਰਦੀ ਲਾਟ ਬਣ ਜਾਵੇਗੀ। ਗ਼ਦਰੀਆਂ ਦਾ ਮੰਨਣਾ ਹੈ ਕਿ, “ਕਿਸੇ ਕੰਮ ਦੀ ਇਖ਼ਲਾਕੀ ਗਿਰਾਵਟ ਉਸ ਉੱਤੇ ਦੂਜੀ ਕੌਮ ਦੀ ਹਕੂਮਤ ਦਾ ਰਸਤਾ ਸਾਫ਼ ਕਰ ਦਿੰਦੀ ਹੈ।...(ਕਿਸੇ ਕੌਮ ਦੀ) ਰਾਜਸੀ ਜਿੱਤ ਢੋਲ ਵਜਾ ਕੇ ਸਾਰੀ ਦੁਨੀਆਂ ਨੂੰ ਦੱਸ ਦਿੰਦੀ ਹੈ ਕਿ ਜੇਤੂ ਕੌਮ ਹਾਰੀ ਹੋਈ ਨਾਲੋਂ ਵਧੇਰੇ ਕਾਬਲ ਹੈ।”

ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਦੇ ਪ੍ਰਸੰਗ ਵਿਚ ਸਮਾਜ ਦੀ ਮਾਨਸਿਕ ਅਵਸਥਾ ਦਾ ਦੁੱਖਦਾਈ ਚਿਤੱਰ ਪੇਸ਼ ਕੀਤਾ ਹੈ। ਗ਼ਦਰ ਸਾਹਿਤ ਵਿਚ ਕਿਹਾ ਗਿਆ ਹੈ ਕਿ “ਪੁਰਾਣੇ ਅਤੇ ਥੋਥੇ ਰਸਮੋ ਰਿਵਾਜ਼ ਵਿਚ ਅੜੇ ਰਹਿਣਾ ਅਤੇ ਭੇਡਚਾਰੀ ਕਰੀ ਜਾਣ ਨਾਲ ਕਦੇ ਸਾਡੀ ਤਰੱਕੀ ਨਹੀਂ ਹੋ ਸਕਦੀ...(ਪਰ) ਸਾਨੂੰ ਤਾਂ ਸਦਾ ਇਹੋ ਡਰ ਰਹਿੰਦਾ ਹੈ ਕਿ ਜੇ ਕਿਤੇ ਅਸੀਂ ਕੋਈ ਪੁਰਾਣਾ ਰਿਵਾਜ਼ ਜਿਸ ਦੀ ਕੀ ਮੌਜੂਦਾ ਜ਼ਮਾਨੇ ਨੂੰ ਲੋੜ ਨਹੀਂ ਛੱਡ ਦਿੱਤਾ ਤਾਂ ਸਾਡੇ ਉੱਤੇ ਤਾਂ ਉਸ ਰਸਮ ਦੇ ਦੇਵਤੇ ਦੀ ਕਰੋਪੀ ਹੋ ਜਾਏਗੀ। ਅਸੀਂ ਦੇਵਤਿਆਂ ਦੀਆਂ ਕਰੋਪੀਆਂ ਤੋਂ ਇਤਨੇ ਡਰੇ ਹੋਏ ਹਾਂ ਕਿ ਅਸੀਂ ਦੇਵਤੇ ਦੀ ਨਰਾਜ਼ਗੀ ਕਦੀ ਨਹੀਂ ਸਹਾਰ ਸਕਦੇ ਪਰ ਮਰਨਾ ਕਬੂਲ ਕਰ ਸਕਦੇ ਹਾਂ।...ਸਾਡੇ ਵਿਚ ਹੀਆ ਹੀ ਨਹੀਂ ਪੈਂਦਾ ਕਿ ਅਸੀਂ ਬਿਲਕੁਲ ਸਾਫ਼ ਲਫ਼ਜ਼ਾਂ ਵਿਚ ਉਸੇ ਭੈੜੇ ਰਸਮੋਂ ਰਿਵਾਜ਼ ਨੂੰ ਦੱਬੀ ਜਾਣ ਤੋਂ ਇਨਕਾਰ ਕਰ ਦੇਈਏ। ਸੱਚਮੁੱਚ ਇਨਕਾਰ ਕਰਨਾ ਤਾਂ ਦੁੱਖਾਂ ਦੇ ਪਹਾੜ ਸਹੇੜਨੇ ਹਨ ਅਤੇ ਦਰ ਬਦਰ ਦੇ ਧੱਕੇ ਖਾਣੇ ਹਨ। ਸੱਚ ਦੀ ਸੇਵਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ”...“ਕੋਈ ਧਾਰਮਿਕ ਰਹਿਤ ਮਰਿਯਾਦਾ, ਕੋਈ ਸਮਾਜਿਕ ਰਹੁ-ਰੀਤ ਜਿਹੜੀ ਕਿਸੇ ਕੌਮ ਜਾਂ ਦੇਸ਼ ਨੂੰ ਤਰੱਕੀ ਕਰਨ ਨਹੀਂ ਦਿੰਦੀ ਉਹ ਤਿਆਗ ਦੇਣੀ ਚਾਹੀਦੀ ਹੈ...।” ਅਜਿਹੇ ਤਿਆਗ ਦੀ ਇੱਛਾ ਕਰ ਲੈਣ ਜਾਂ ਸਲਾਹ ਦੇ ਦੇਣ ਨਾਲ ਹੀ

ਲੋਕ ਆਪਣੀ ਸਦੀਆ ਪੁਰਾਣੀ ਜੀਵਨ ਜਾਂਚ ਬਦਲ ਨਹੀਂ ਲੈਂਦੇ। ਜਨ ਸਧਾਰਨ ਦੀ ਮਾਨਸਿਕਤਾ ਨੂੰ ਵੇਲਾ ਵਿਹਾਅ ਚੁੱਕੀ ਮਰਿਯਾਦਾ ਖਾਰਜ ਕਰਨ ਲਈ ਤਿਆਰ ਕਰਨਾ ਕਿੰਨਾ ਕਠਿਨ ਹੈ ਉਸ ਦਾ ਸਹੀ ਅੰਦਾਜ਼ਾ ਸ਼ਾਇਦ ਗ਼ਦਰੀ ਬਾਬੇ ਹੀ ਲਗਾ ਸਕੇ ਸਨ। ਉਨ੍ਹਾਂ ਦਾ ਨਿਸ਼ਕਰਸ਼ ਸੀ ਕਿ, "ਲੋਕ ਸੇਵਾ ਬੜੀ ਉਖੀ (ਔਖੀ) ਘਾਟੀ ਹੈ, ਲੋਕਾਂ ਦੇ ਬਰਖਿਲਾਫ਼ ਜਾਣਾ ਤਾਂ ਜੋ, ਲੋਕ ਭੈੜੀਆਂ ਰੀਤਾਂ ਤੇ ਮੁਰਦਾ ਰਸਮੋ-ਰਿਵਾਜ਼ ਨੂੰ ਤਿਆਗ ਦੇਣ ਅਤੇ ਆਪ ਲੋਕ ਲੱਜਿਆ ਵਿਰੁੱਧ ਰੂਪ ਹੋਣਾ ਇਕ ਬੜੀ ਕਠਿਨ ਸੇਵਾ ਹੈ...ਇਸ ਸੇਵਾ ਵਿਚ ਆਮ ਲੋਕ, ਸੇਵਕ ਨੂੰ ਨਹੀ ਸਮਝ ਸਕਿਆ ਕਰਦੈ...ਇਹ ਬੜੀ ਔਖੀ ਹੈ, ਉਨ੍ਹਾਂ ਲੋਕਾਂ ਦਾ ਹੀ ਬਰਖਿਲਾਫ਼ ਹੋਣਾ, ਜਿਨ੍ਹਾਂ ਦੀ ਸੇਵਾ ਕੀਤੀ ਜਾਵੇ... ।" ਗ਼ਦਰੀ ਬਾਬਿਆਂ ਦੇ ਇਸ ਵਿਖਿਆਨ ਤੋਂ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਵਿਨਾਸ਼ਕਾਰੀ ਸਭਿਆਚਾਰ ਨੂੰ ਬਦਲਣ ਜਾਂ ਉਸ ਦੇ ਸਮਾਨਾਂਤਰ ਸਭਿਆਚਾਰ ਸਿਰਜਣ ਦੇ ਖਿਲਾਫ਼ ਉਹ ਲੋਕ ਹੀ ਬੇਤਰਸ ਲੜਾਈ ਕਰਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਉਸ ਸਭਿਆਚਾਰ ਨੇ ਤਰਸਯੋਗ ਅਤੇ ਦੁਖਦਾਈ ਬਣਾ ਰੱਖੀ ਹੁੰਦੀ ਹੈ। ਕੀ ਉਨ੍ਹਾਂ ਨੂੰ ਆਪਣੇ ਦੁੱਖਦਾਈ ਜੀਵਨ ਨਾਲ ਮੁਹੱਬਤ ਹੋ ਗਈ ਹੁੰਦੀ ਹੈ ? ਬੱਸ ਇਹੀ ਹੈ ਕਿ ਉਹ ਜੰਦਰਾ ਜਿਸ ਦੀ ਕੁੰਜੀ ਲੱਭਣ ਦਾ ਯਤਨ ਕਰ ਰਹੇ ਹਾਂ। ਗ਼ਦਰੀ ਸਾਹਿਤ ਦੇ ਉਪਰੋਕਤ ਹਵਾਲੇ ਅੱਖਾਂ ਖੋਲ੍ਹ ਦੇਣ ਵਾਲੇ ਦੋ ਪੱਖ ਉਭਾਰਦੇ ਹਨ। ਪਹਿਲਾਂ ਇਹ ਕਿ ਸਭਿਆਚਾਰ ਭਾਵੇਂ ਦੁਖਦਾਈ ਹੋਵੇ ਭਾਵੇਂ ਸੁੱਖਦਾਈ, ਸਮਾਜੀ ਮਾਨਸਿਕਤਾ ਉੱਪਰ ਉਸ ਦੀ ਪਕੜ ਇੰਨੀ ਪੀਡੀ ਹੁੰਦੀ ਹੈ ਕਿ ਅੱਜ ਤੱਕ ਉਸ ਦੀਆਂ ਸਾਰੀਆਂ ਗੰਢਾਂ ਕੋਈ ਨਹੀਂ ਖੋਲ੍ਹ ਸਕਿਆ। ਦੂਜਾ ਇਹ ਹੈ ਕਿ ਸਮਾਜ ਆਪਣੇ ਘਸੇ-ਪਿਟੇ ਤੇ ਨਕਾਰਾ ਹੋ ਚੁੱਕੇ ਸਭਿਆਚਾਰ ਨੂੰ ਕੇਵਲ ਇਸ ਵਹਿਮ ਕਾਰਨ ਹੀ ਨਹੀਂ ਤਿਆਗਦਾ ਕਿ ਜਿਹੜੇ ਦੁੱਖ ਉਹ ਵਰਤਮਾਨ ਸਭਿਆਚਾਰ ਵਿਚ ਭੋਗ ਰਿਹਾ ਹੈ, ਉਸ ਨਾਲੋਂ ਕਿਤੇ ਵੱਡਾ, 'ਦੁੱਖਾਂ ਦਾ ਪਹਾੜ' ਉਸ ਉੱਪਰ ਡਿੱਗ ਪੈਣਾ ਹੈ। ਇਸ ਕਰਕੇ, 'ਦੁੱਖਾਂ ਦੇ ਵੱਡੇ ਪਹਾੜ' ਸਾਹਵੇਂ, ਉਸ ਦੇ ਉਹ ਦੁੱਖ, ਉਸ ਨੂੰ ਦੁੱਖ ਲੱਗਣੋਂ ਹੱਟ ਜਾਂਦੇ ਹਨ ਜਿਹੜੇ ਉਹ ਰੋਜ਼ਾਨਾ ਜੀਵਨ 'ਚ ਭੋਗ ਰਿਹਾ ਹੁੰਦਾ ਹੈ। ਗ਼ਦਰੀ ਦੇਸ਼ ਭਗਤਾਂ ਨੇ, ਇਸ ਪ੍ਰਕਾਰ ਦੀ ਮਾਨਸਿਕਤਾ ਅਤੇ ਵਿਵਹਾਰ ਨੂੰ ਅਤਿਅੰਤ ਗਹਿਰਾਈ ਨਾਲ ਲਿਆ ਸੀ। ਉਹ ਲਿਖਦੇ ਹਨ ਕਿ, "ਬੁਜ਼ਦਿਲ ਉਹ ਹੈ ਜੋ ਆਪਣੀ ਆਜ਼ਾਦੀ ਦੀ ਖ਼ਾਤਰ ਹੱਥ ਪੈਰ ਨਾ ਹਿਲਾਏ ਅਤੇ ਬੇਵਕੂਫ਼ ਉਹ ਹੈ ਜੋ ਆਪਣੇ ਉੱਪਰ ਜ਼ੁਲਮ ਹੁੰਦੇ ਹੋਏ ਮਲੂਮ ਨਾ ਕਰੇ।" ਅਥਵਾ, ਮਨੁੱਖ ਦੇ ਦੁੱਖਾਂ ਵਿਚ 'ਬੇਵਕੂਫ਼ੀ' ਦੀ ਅਹਿਮ ਭੂਮਿਕਾ ਹੈ ਅਤੇ ਨਾਲ ਦੀ ਨਾਲ ਉਹ "ਦ੍ਰਿੜ੍ਹ ਵਿਸ਼ਵਾਸ" ਨੂੰ ਕਰਾਂਤੀਕਾਰੀ ਗਤੀਵਿਧੀਆਂ ਦਾ ਅਧਾਰ ਮੰਨਦੇ ਸਨ। ਸਮਾਜਿਕ ਪਰਿਵਰਤਨ ਲਈ ਜੂਝ ਰਹੇ ਵਿਅਕਤੀ ਦੀ ਮਾਨਸਿਕ ਬਣਤਰ ਬਾਰੇ ਉਹ ਲਿਖਦੇ ਹਨ ਕਿ, "...ਆਪ ਦੁੱਖ ਉਠਾਉਣੇ ਤਾਂ ਜੋ ਲੋਕ ਸੁਖੀ ਹੋਣ ਕੋਈ ਮਾਮੂਲੀ ਆਦਰਸ਼ ਨਹੀਂ ਹੈ ਅਤੇ ਇਸ ਆਦਰਸ਼ ਨੂੰ ਸਿਰੇ ਚਾੜ੍ਹਨ ਲਈ ਕਿਸੇ ਤਕੜੇ ਮੁੱਲ ਦੀ ਲੋੜ ਹੈ...ਆਦਮੀ ਦੀ ਜ਼ਿੰਦਗੀ ਦਾ ਅਧਾਰ ਉਸ ਦੇ ਦ੍ਰਿੜ੍ਹ ਵਿਸ਼ਵਾਸ ਉੱਤੇ ਹੀ ਨਿਰਭਰ ਹੈ...ਮਨ ਦੀ ਤਾਕਤ ਦੇ ਦ੍ਰਿੜ੍ਹ ਵਿਸ਼ਵਾਸ ਦਾ ਅਨੁਮਾਨ ਕੋਈ ਪੁਰਸ਼ ਨਹੀਂ ਲਾ ਸਕਦਾ। ਇਹ ਕੁਦਰਤੀ ਇੱਛਾ ਦਾ ਇਕ ਅੰਗ ਹੈ। ਇਸ ਦ੍ਰਿੜ੍ਹ ਵਿਸ਼ਵਾਸ ਦੀ ਮਦਦ ਨਾਲ ਆਦਮੀ ਆਪਣੇ ਵਿਚ ਇਕ ਤਰ੍ਹਾਂ ਦੀ ਸ਼ਕਤੀ ਪੈਦਾ ਕਰਦਾ ਹੈ...ਹਾਂ ਬਹੁਤ ਸਾਰੇ ਪੁਰਸ਼ ਇਸ ਲਈ ਨਹੀਂ ਕਾਮਯਾਬ ਹੁੰਦੇ ਕਿ ਉਨ੍ਹਾਂ ਦਾ ਸੁਭਾਵਿਕ ਗੁਣ ਤੇ ਆਚਰਣ ਚੰਗੇ ਨਹੀਂ ਹੁੰਦੇ।'...ਅਸਲ ਵਿਚ, ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੇ ਕਿਰਦਾਰ ਦੀ ਰਚਨਾ ਉਨ੍ਹਾਂ ਦੀ ਸਾਂਝੀ ਸੂਝ ਸਾਂਝੇ ਵਿਵਹਾਰ ਅਤੇ ਉਨ੍ਹਾਂ ਪ੍ਰਸਥਿਤੀਆਂ ਉੱਤੇ ਨਿਰਭਰ ਹੁੰਦੀ ਹੈ ਜਿਹੜੀਆਂ ਉਨ੍ਹਾਂ ਨੂੰ ਨਸੀਬ ਹੁੰਦੀਆਂ ਹਨ। ਮਨੁੱਖੀ ਮਾਨਸਿਕਤਾ ਪ੍ਰਭਾਵਿਤ ਕਰਨ ਯੋਗ ਹੈ। ਉਸ ਨੂੰ ਕਿਸੇ ਵੀ ਸੇਧ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਹ ਤਬਦੀਲੀ ਵਿਚਾਰਧਾਰਾ ਉੱਤੇ ਨਿਰਭਰ ਹੁੰਦੀ ਹੈ। ਦੇਖਣ ਵਿਚ ਆਇਆ ਹੈ ਕਿ ਵਿਨਾਸ਼ਕਾਰੀ ਵਿਚਾਰਧਾਰਾ ਇਸ ਬਾਰੇ ਵਧੇਰੇ ਸੁਚੇਤ ਰਹਿੰਦੀ ਹੈ ਕਿ ਕੋਈ ਕਲਿਆਣਕਾਰੀ ਵਿਚਾਰਧਾਰਾ ਸਮਾਜੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਕੇ 'ਚਿੜੀਆਂ ਤੋਂ ਬਾਜ' ਨਾ ਤੁੜਵਾ ਦੇਵੇ। ਉਸ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਅਜਿਹੀ ਆਫ਼ਤ ਆਉਣ ਤੋਂ ਪਹਿਲਾਂ ਹੀ ਰੋਕੀ ਜਾਵੇ। ਦੋਹਾਂ ਪ੍ਰਸਥਿਤੀਆਂ ਵਿਚ ਸਭਿਆਚਾਰ, ਕ੍ਰਾਂਤੀਕਾਰੀ ਹੋਵੇ ਜਾਂ ਵਿਨਾਸ਼ਕਾਰੀ, ਲਹੂ ਬਣ ਕੇ, ਸਮਾਜ ਦੀਆਂ ਨਸਾਂ ਵਿਚ ਸੰਚਾਰ ਕਰਨ ਲੱਗਦਾ ਹੈ। ਇਸੇ ਤਰ੍ਹਾਂ ਅਧੀਨਗੀ ਦਾ ਸਭਿਆਚਾਰ ਸਵੈਮਾਣ ਅਤੇ ਗੌਰਵ ਦੀ ਹੱਤਿਆ ਕਰ ਦਿੰਦਾ ਹੈ। ਇਥੇ ਗ਼ਦਰੀ ਦੇਸ਼ ਭਗਤ ਸਹਿਜ ਸੁਭਾਅ ਹੀ ਇਕ ਹੈਰਾਨੀਜਨਕ ਸਥਿਤੀ ਪੇਸ਼ ਕਰਦਿਆਂ ਦੱਸਦੇ ਹਨ ਕਿ, "ਬ੍ਰਾਹਮਣ ਪਾਸ ਕੋਈ ਹਥਿਆਰ ਨਹੀਂ ਹੁੰਦੈ...(ਪਰ ਫਿਰ ਵੀ) ਸੈਂਕੜੇ ਅਛੂਤ ਚੰਗੀ ਜਿਸਮਾਨੀ ਤਾਕਤ ਰੱਖਦੇ ਹੋਏ ਵੀ ਬਜ਼ਾਰ ਵਿਚ ਇਕ ਬ੍ਰਾਹਮਣ ਨੂੰ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ। ਜਦੋਂ ਕਿ ਕੋਈ ਕਨੂੰਨ ਉਨ੍ਹਾਂ ਨੂੰ ਅਜਿਹਾ ਕਰਨ ਵਾਸਤੇ ਮਜ਼ਬੂਰ ਨਹੀਂ ਕਰਦਾ।" ਬਿਨਾਂ ਸ਼ੱਕ ਇਹ ਅਧੀਨਗੀ ਦੀ ਮਾਨਸਿਕਤਾ ਹੈ ਜਿਹੜੀ ਮਜ਼ਲੂਮ ਨੂੰ ਝੁਕਾਉਣ ਵਾਸਤੇ ਉਸ ਦਾ ਲੱਕ ਮਰੋੜਦੀ ਹੈ। ਵ

**Mob : 94172-70411**

*ਵਿਅਕਤੀ ਚਿਤਰ*

# ਅਰਿਸਟੋਟਲ ਦਾ ਛੋਟਾ ਭਰਾ ਉਰਫ਼ ਮਨਿੰਦਰ ਕਾਂਗ

## ਜਿੰਦਰ

ਇਹ ਆਪਣੀ ਪਿਛਾੜੀ ਖੜਾ। ਆਹ ਹੀ ਜਿਸ ਦੀ ਆਵਾਜ਼ ਹਰ ਪਲ ਉੱਚੀ ਹੁੰਦੀ ਜਾ ਰਹੀ ਹੈ। ਚੁੱਪ। ਬਿਲਕੁਲ ਚੁੱਪ। ਤੁਸੀਂ ਬੋਲਣਾ ਨਹੀਂ। ਸਮਾਂ ਦੇਖ ਕੇ ਮੈਂ ਆਪ ਹੀ ਇਸ ਨੂੰ ਬੁਲਾਵਾਂਗਾ। ਛੇੜਾਂਗਾ। ਨਹੀਂ। ਨਹੀਂ। ਤੁਸੀਂ ਨਹੀਂ ਛੇੜਣਾ। ਤੁਹਾਡੇ ਲਈ ਇਸ ਨੂੰ ਸੰਭਾਲਣਾ ਔਖਾ ਹੋ ਜਾਣਾ। ਇਹ ਬਹੁਤ ਸਿਆਣਾ ਹੈ। ਅਰਿਸਟੋਟਲ ਜਿਹਾ। ਉੱਨਾ ਹੀ ਕਮਲਾ ਵੀ ਹੈ। ਮੁਹੰਮਦ ਤੁਗਲਕ ਜਿਹਾ। ਜਦੋਂ ਇਸ ਦੇ ਦੋਵੇਂ ਰੂਪ ਇਕੱਠੇ ਹੋ ਜਾਣ ਤਾਂ ਇਸ ਦਾ ਜਲਬਾ ਦੇਖਣ ਵਾਲਾ ਹੁੰਦਾ ਹੈ। ਐਸ ਵੇਲੇ ਇਸ ਨੂੰ ਧੁਰ ਦਰਗਾਹੋਂ ਇਲਹਾਮ ਹੁੰਦਾ ਹੈ। ਫੇਰ ਇਹ ਕਿਸੇ ਲਾਟੀ-ਖਾਣ ਦੀ ਪ੍ਰਵਾਹ ਨਹੀਂ ਕਰਦਾ। ਆਪਣੇ ਤੋਂ ਵੱਡਾ ਤੇ ਛੋਟਾ ਨਹੀਂ ਦੇਖਦਾ। ਇਸੇ ਰੌਅ 'ਚ ਆਇਆਂ ਹੋਇਆਂ ਇਕ ਵਾਰ ਇਸਨੇ ਸੰਤੋਖ ਸਿੰਘ ਧੀਰ ਨੂੰ ਵੀ ਕਹਿ ਦਿੱਤਾ ਸੀ, "ਬਸ ਕਰ ਬਾਬਾ। ਹੁਣ ਲਿਖਣੋਂ ਬਸ ਕਰ। ਸਾਹਿਤ 'ਚ ਬਹੁਤ ਗੰਦ ਪਾ ਲਿਆ।" ਚਲੋ ਛੱਡੋ। ਇਹ ਬਹੁਤ ਪੁਰਾਣੀ ਗੱਲ ਹੋ ਗਈ ਹੈ। 'ਫ਼ਿਲਹਾਲ' ਦਾ ਅੰਕ ਨੰ: 8 ਦੇਖੋ। ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਬਾਰੇ ਇਹ ਕੀ ਕਹਿੰਦਾ ਹੈ, "ਇਹ ਗੱਲ ਹੀ ਮੇਰੀ ਸਮਝ ਤੋਂ ਬਾਹਰ ਏ ਫਈ ਕਿ ਲੇਖਕ ਏਹੋ ਜਿਹੀਆਂ ਘੀਸੀਆਂ ਕਰਨ ਵਿਚ ਕਿਉਂ ਪੈਂਦੇ ਨੇ? ਫੇਰ ਮਨ ਨੂੰ ਇਹ ਸਮਝਾ ਲੈਣਾ ਪਈ ਬੰਦੇ ਅੰਦਰਲਾ 'ਅਨਕਾਂਸ਼ਿਅਸ' ਆਪਣਾ ਨਿਕਾਸ ਭਾਲਦਾ। ਲੇਖਕ ਨਾ ਤਾਂ ਫੁੱਟਬਾਲ ਖੇਡੇ, ਨਾ ਹਾਕੀ, ਨਾ ਕ੍ਰਿਕਟ, ਨਾ ਅਥਲੈਟਿਕਸ। ਉੱਤੋਂ ਟਾੱਨਿਕ ਦੀ ਸ਼ੀਸ਼ੀ ਵੀ ਖੋਲ੍ਹੀ ਫਿਰਦੈ ਹਰ ਸ਼ਾਮ। ਫੇਰ ਉਹ ਦਾ 'ਅਨਕਾਂਸ਼ਿਅਸ' ਕਿਥੇ ਕੈਥਾਰਸਿਸ ਕਰੇ। ਹਾਰ ਕੇ ਉਹ ਸਾਲ ਦੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਹਿੱਸਾ ਲੈਂਦਾ, ਪਿੰਡੇ 'ਤੇ ਸਾਂਢੇ ਦਾ ਤੇਲ ਮੱਲ ਕੇ ਮੱਲ੍ਹ ਹੋਣ ਦਾ ਭਰਮ ਪਾਲਦਾ ਹੈ।" ਇਹਦੇ ਹੀ ਪੰਨਾ ਨੰ: 26 'ਤੇ ਆਖਿਰੀ ਪੈਰਾ ਪੜ੍ਹੋ, "ਅੱਗੇ ਹਰ ਇਲੈਕਸ਼ਨ ਵਿਚ ਅੰਬਰਸਰੀਏ ਵੀਰ ਪਾਪੜ ਵੜੀਆਂ ਵਾਂਗ ਵੱਖ-ਵੱਖ ਪੈਕਟਾਂ 'ਚ ਬੱਝ ਕੇ ਪੁੱਜਦੇ ਸਨ। ਉਧਰ ਦਿੱਲੀ ਦੀਆਂ ਢੋਲਕੀਆਂ ਵੀ ਹੁੰਮ ਹੁੰਮਾ ਕੇ ਅੱਪੜਦੀਆਂ ਸਨ। ਇਸ ਵਾਰ ਦੋਹਾਂ ਦੀ ਰੜਕ ਤੇ ਆਮਦ ਨਾਂਹ ਬਰਾਬਰ ਸੀ।"

ਲੇਖਕਾਂ ਦੇ ਇਸ ਇਕੱਠ 'ਚ ਇਸ ਨੂੰ ਪਛਾਣਨਾ ਔਖਾ ਨਹੀਂ। ਸ਼ਾਇਦ ਤੁਹਾਡੇ ਲਈ ਹੋਵੇਗਾ ਕਿਉਂਜੁ ਤੁਸੀਂ ਇਸ ਨੂੰ ਪਹਿਲੀ ਵਾਰ ਦੇਖਣਾ ਹੈ। ਪਹਿਲੀ ਵਾਰ ਮਿਲਣਾ ਹੈ। ਇਹ ਅਕਾਦਮੀ ਦੀ ਚੋਣ ਹੈ। ਜਿਧਰ ਨਜ਼ਰ ਮਾਰੋ ਪ੍ਰੋਫੈਸਰਗਣ ਜਾਂ ਲੇਖਕ ਦਿੱਸਦੇ ਹਨ। ਬਹੁਤੀਆਂ ਵੋਟਾਂ ਹਨ। ਕੁਝ ਆਪਣੇ ਆਪ ਆਏ ਹਨ। ਕੁਝ ਧੱਕੇ ਨਾਲ ਲਿਆਂਦੇ ਗਏ ਹਨ। ਮੈਨੂੰ ਨਹੀਂ ਪਤਾ ਕਿ ਇਹ ਦੀ ਵੋਟ ਹੈ ਜਾਂ ਨਹੀਂ ਕਿਉਂਕਿ ਅਕਾਦਮੀ ਦੀ ਮੈਂਬਰਸ਼ਿਪ ਗਿਆਰ੍ਹਾਂ ਸੌ ਰੁ: ਹੈ। ਇਹ ਦੇ ਲਈ ਇਹ ਜ਼ਿਆਦਾ ਹਨ। ਚਲੋ, ਆਪਾਂ ਇਸ ਗੱਲ 'ਚੋਂ ਕੀ ਲੈਣਾ ਹੈ। ਮੈਂ ਇਹਨੂੰ ਆਉਂਦੇ ਨੂੰ ਦੇਖ ਲਿਆ ਸੀ। ਅਜੇ ਮੈਂ ਤੁਹਾਨੂੰ ਇਸ ਨੂੰ ਮਿਲਾਉਣਾ ਨਹੀਂ। ਦੱਸਣਾ ਨਹੀਂ ਹੈ ਕਿ ਇਹ ਪਹਿਲਾਂ ਕਿਥੇ ਖੜਾ ਸੀ। ਕੁਝ ਚਿਰ ਪਹਿਲਾਂ ਕਿਸ ਨਾਲ ਖੜਾ ਸੀ। ਕੀ-ਕੀ ਗੱਲਾਂ ਕਰ ਰਿਹਾ ਸੀ। ਕਿਹਦੇ-ਕਿਹਦੇ ਪੋਤੜੇ ਫਰੋਲ ਰਿਹਾ ਸੀ। ਮੈਨੂੰ ਇੰਨਾ ਕੁ ਪਤਾ ਲੱਗਾ ਸੀ ਕਿ ਸੁਖਪਾਲ ਥਿੰਦ ਦੇ ਨਾਲ ਉਸੇ ਦੀ ਕਾਰ 'ਚ ਆਇਆ ਸੀ।

ਦੇਖਣ ਨੂੰ ਇਹ ਲੇਖਕ ਲੱਗਦਾ ਹੀ ਨਹੀਂ। ਲੈਕਚਰਾਰ ਵੀ ਨਹੀਂ ਲੱਗਦਾ। ਰੀਸਰਚ ਫੈਲੋ ਵੀ ਨਹੀਂ ਲੱਗਦਾ। ਕੋਈ ਭਾਟੜਾ ਜਿਹਾ ਲੱਗਦਾ ਹੈ। ਕਿਸੇ ਭਾਟੜੇ ਤੇ ਇਸ 'ਚ ਐਨਾ ਕੁ ਹੀ ਫਰਕ ਹੈ ਕਿ ਇਸ ਦਾ ਸਰੀਰ ਆਮ ਨਾਲੋਂ ਜ਼ਿਆਦਾ ਭਾਰਾ ਹੈ। ਖਾਸ ਕਰਕੇ ਢਿੱਡ ਤੇ ਸਿਰ। ਪੱਗ ਦਾ ਸਟਾਈਲ ਵੀ ਆਪਣੀ ਹੀ ਕਿਸਮ ਦਾ ਹੈ। ਜਦੋਂ ਇਹ ਨਵਾਂ ਨਵਾਂ ਮੇਰੇ ਜਲੰਧਰ ਵਾਲੇ ਦਫ਼ਤਰ 'ਚ ਆਉਣ ਲੱਗਾ ਸੀ ਤਾਂ ਮੇਰੇ ਕਮਰੇ ਦੇ ਸੈਕਸ਼ਨ ਅਫ਼ਸਰ ਨੇ ਕਿਹਾ ਸੀ, "ਤੈਨੂੰ ਬੜੇ ਲੇਖਕ

ਮਿਲਣ ਆਉਂਦੇ ਆ। ਇਕ ਰਾਮਸਰੂਪ ਅਣਖੀ ਆ। ਬਹੁਤ ਹੌਲੀ ਜਿਹੇ ਗੱਲ ਕਰਦਾ। ਕਾਲੀ ਤੇ ਹੋਰ ਵੀ ਆਉਂਦੇ ਆ। ਇਕ ਬੁੜਾ ਆਉਂਦਾ-ਪ੍ਰੇਮ ਪ੍ਰਕਾਸ਼। ਉਹ ਤਾਂ ਸਾਡੇ ਸਾਹਮਣੇ ਬਹੁਤੀ ਗੱਲ ਨ੍ਹੀਂ ਕਰਦਾ। ਇਹ ਸਰਦਾਰ ਜੀ ਬੜੇ ਅਜੀਬ ਆ। ਜਦੋਂ ਗੱਲਾਂ ਕਰਦੇ ਆ ਤਾਂ ਬੰਦੇ ਤਾਂ ਸਿਆਣੇ ਲੱਗਦੇ ਆ। ਪਰ ਜਦੋਂ ਗਾਲ੍ਹਾਂ ਕੱਢਦੇ ਫੇਰ ਤਾਂ ਬਿਲਕੁਲ ਪੇਂਡੂ ਜਿਹੇ ਲੱਗਦੇ।'' ਹਰ ਗੱਲ ਨਾਲ ਗਾਲ੍ਹ ਕੱਢਣਾ ਇਸ ਦੀ ਆਦਤ ਹੈ। ਗਾਲ੍ਹ ਕੱਢਣ ਲੱਗਾ ਮੌਕਾ ਕੁ ਮੌਕਾ ਨਹੀਂ ਦੇਖਦਾ। ਉਸ ਵੇਲੇ ਇਸ ਦੀ ਇਹ ਆਦਤ ਹੁੰਦੀ ਹੈ ਕਿ ਆਪਣੀ ਰੱਖਣੀ ਨਹੀਂ, ਅਗਲੇ ਦੀ ਰਹਿਣ ਨਹੀਂ ਦੇਣੀ। ਇਕ ਵਾਰ ਇਹ ਮੈਥੋਂ ਇਲਿਆਸ ਘੁੰਮਣ ਦਾ ਕਹਾਣੀ ਸੰਗ੍ਰਹਿ 'ਇੱਲ ਕੋਕੋ' ਲੈਣ ਦਫ਼ਤਰ ਆਇਆ। ਮੈਂ ਇਹਨੂੰ ਦੱਸਿਆ ਕਿ ਇਹ ਸੰਗ੍ਰਹਿ ਕਾਲੀ ਕੋਲ ਹੈ। ਇਸ ਦਾ ਪਾਰਾ ਚੜ੍ਹ ਗਿਆ। ਇਸ ਉੱਚੀ ਆਵਾਜ਼ 'ਚ ਕਿਹਾ, ''ਜਦੋਂ ਗਿੱਦੜ ਦੇ ਗੂੰਹ ਦੀ ਲੋੜ ਪਈ ਤਾਂ ਕਹਿੰਦਾ-ਪਹਾੜਾਂ 'ਚ ਜਾ ਕੇ ਲੱਭ ਲੈ।'' ਮੈਂ ਇਸ ਦੀ ਆਦਤ ਦਾ ਵਾਕਿਫ਼ ਸੀ। ਥੋੜ੍ਹੇ ਕੁ ਮੇਰੇ ਕੁਲੀਗ ਵੀ ਵਾਕਿਫ਼ ਹੋ ਗਏ ਸਨ। ਮੈਂ ਇਸ ਦੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਪਹਿਲਾਂ ਵੀ ਐਦਾਂ ਦੀਆਂ ਚੁੰਬਵੀਆਂ ਗੱਲਾਂ ਕਹਿ ਜਾਂਦਾ ਸੀ। ਮੈਂ ਕੰਮ ਕਰਦਾ ਹੁੰਦਾ ਤਾਂ ਇਸ ਨਾਲ ਸੁਲਾਹ ਮਾਰਦਾ, ''ਬਸ ਦਸ ਕੁ ਮਿੰਟ ਠਹਿਰ। ਫੇਰ ਆਪਾਂ ਚਾਹ ਪੀਣ ਹੇਠਾਂ ਚਲਦੇ ਆਂ।'' ਇਹ ਸ਼ੁਰੂ ਹੋ ਜਾਂਦਾ, '' ....ਮਾਰ ਕੰਮ ਦੀ। ਮੈਂ ਐਡੀ ਦੂਰੋਂ ਮਿਲਣ ਆਇਆਂ। ਤੇਰ ਕੋਲ ਮੇਰੇ ਲਈ ਦਸ ਮਿੰਟ ਦਾ ਟਾਈਮ ਨ੍ਹੀਂ। ਦੱਸ ਕਦੇ ਸਰਕਾਰ ਦੇ ਕੰਮ ਤੇ ਰੰਡੀ ਦਾ ਜੈਣਖਾਣਾ ਖਤਮ ਹੋਏ ਆ।'' ਮੈਂ ਘੇਸਲ ਮਾਰ ਕੇ ਬੈਠਾ ਰਹਿੰਦਾ। ਉਸ ਦਿਨ ਵੀ ਜਦੋਂ ਇਹ ਇਲਿਆਸ ਘੁੰਮਣ ਦੀ ਕਿਤਾਬ ਲੈਣ ਆਇਆ ਸੀ ਤਾਂ ਮੈਂ ਇਸ ਦੇ ਬੋਲੇ ਨੂੰ ਅਣਸੁਣਿਆ ਕਰ ਦਿੱਤਾ ਸੀ। ਇਸ ਦਾ ਗੁੱਸਾ ਹੋਰ ਵੱਧ ਗਿਆ ਸੀ। ਇਸ ਹੋਰ ਉੱਚੀ ਦੇਣੀ ਕਿਹਾ ਸੀ, ''ਭੈਣ ਚੋਧ ਸੁਨਿਆਰੇ ਦੇ ਕਹੇ ਦਾ ਕਦੇ ਵਿਸ਼ਵਾਸ ਨ੍ਹੀਂ ਕਰਨਾ ਚਾਹੀਦਾ।'' ਮੈਂ ਪਹਿਲਾਂ ਆਪਣੇ ਕੁਲੀਗਜ਼ ਵੱਲ ਦੇਖਿਆ ਸੀ। ਉਨ੍ਹਾਂ ਦਾ ਰੀਐਕਸ਼ਨ ਜਾਣਨਾ ਚਾਹਿਆ ਸੀ। ਉਹ ਸਾਰੇ ਜਣੇ ਮੇਰੇ ਮੂੰਹ ਵੱਲ ਦੇਖ ਰਹੇ ਸਨ ਜਿਵੇਂ ਪੁੱਛ ਰਹੇ ਹੋਣ, ''ਤੇਰੇ ਯਾਰ ਐਦਾਂ ਦੇ ਆ। ਲੇਖਕ ਐਦਾਂ ਦੇ ਹੁੰਦੇ ਆ।'' ਮੈਂ ਨੀਵੀਂ ਪਾਈ ਹੀ ਕਿਹਾ ਸੀ, ''ਬਸ ਹੁਣ ਤੂੰ ਚਲੇ ਜਾ। ਮੁੜ ਕੇ ਮੇਰੇ ਦਫ਼ਤਰ ਨਾ ਆਈਂ।'' ਸ਼ਾਇਦ ਇਸਨੂੰ ਮੇਰੇ ਤੋਂ ਅਜਿਹੀ ਆਸ ਨਹੀਂ ਸੀ। ਇਹ ਇਕਦਮ ਨਰਮ ਪੈ ਗਿਆ ਸੀ। ਇਸਦੇ ਚਿਹਰੇ 'ਤੇ ਪੀਲੀ ਜਿਹੀ ਤਾਰ ਫਿਰ ਗਈ ਸੀ। ਫੇਰ ਇਸ ਨੂੰ ਕੁਝ ਹੋਇਆ ਸੀ। ਇਸ ਕਮਰੇ ਦੇ ਦਰਵਾਜ਼ੇ 'ਚ ਖੜ੍ਹ ਕੇ ਕਿਹਾ ਸੀ, '' ...ਤੇਰੇ ਵਰਗਿਆਂ ਦੀ।''

ਸਾਡੀ ਕਿੰਨੇ ਸਾਲਾਂ ਦੀ ਬੋਲ-ਚਾਲ ਇਕੋ ਝਟਕੇ 'ਚ ਟੁੱਟ ਗਈ ਸੀ। ਜਦੋਂ ਇਹ ਡੀ. ਏ. ਵੀ. ਕਾਲਜ ਜਲੰਧਰ 'ਚ ਪੜ੍ਹਾਉਂਦਾ ਹੁੰਦਾ ਸੀ ਤਾਂ ਅਕਸਰ ਘਰੇ ਆ ਜਾਂਦਾ। ਮਿਸਿਜ਼ ਰੋਟੀ ਦਾ ਪੁੱਛਦੇ ਤਾਂ ਇਹ ਕਹਿੰਦਾ, ''ਭੈਣ ਜੀ, ਤੁਸੀਂ ਬਹੁਤ ਚੰਗੇ ਹੋ। ਜਿੰਦਰ ਕੰਜੂਸ ਆ। ਕੰਜੂਸ ਮੱਖੀ ਚੂਸ। ਪੂਰਾ ਸੁਨਿਆਰਾ। ਬਾਣੀਆ ਵਰਗਾ। ਕੀ ਬਣਾਇਆ? ...ਤੇ ਮੱਕੀ ਦੀ ਰੋਟੀ। ਆ-ਆਹ...ਮੌਜਾਂ ਲੱਗ ਗਈਆਂ। ਬਸ ਹੁਣੇ ਲੈ ਆਉ।'' ਇਹ ਮੰਜੇ 'ਤੇ ਚੌਕੜੀ ਮਾਰ ਕੇ ਬੈਠ ਜਾਂਦਾ। ਨਾਲ ਦੀ ਨਾਲ ਬੋਲੀ ਜਾਂਦਾ, ''ਘਰ ਦੀ ਰੋਟੀ ਨਾਲ ਦੀ ਰੀਸ ਨ੍ਹੀਂ। ਬਾਹਰ ਦੀ ਰੋਟੀ ਖਾ-ਖਾ ਕੇ ਕਬਜ਼ ਹੋਈ ਪਈ ਆ। ਕੀਤਾ ਕੀ ਜਾਵੇ-ਢਿੱਡ ਤਾਂ ਭਰਨਾ ਪੈਂਦਾ। ਬਸ-ਇਕ ਰੋਟੀ ਹੋਰ ਦੇ ਜਾਉ। ਥੋੜ੍ਹਾ ਕੁ ਸਾਗ। ਹਾਂ-ਹਾਂ-ਮੱਖਣ ਤਾਂ ਪਾਉਣਾ ਪਊ। ਤੁਹਾਨੂੰ ਮੱਕੀ ਦੀ ਰੋਟੀ ਬਣਾਉਣੀ ਆਉਂਦੀ ਆ। ਦੀਪਕ ਸਾਹਿਬ ਆਉਂਦੇ ਹੁੰਦੇ ਆ...ਬੜਾ ਕੰਮ ਕੀਤਾ ਬਜ਼ੁਰਗਾਂ ਨੇ। ਮੈਂ ਅਗਲੇ ਹਫਤੇ ਆਉਣਾ। ਤੁਸੀਂ ਤੌੜੀ 'ਚ ਮਾਹ ਬਣਾਇਉ। ਨਾਲ ਅੰਬ ਦਾ ਆਚਾਰ। ਅੱਜ ਤਾਂ ਮੱਕੀ ਦੀ ਰੋਟੀ ਖਾ ਕੇ ਰੱਜ ਆ ਗਿਆ। ਨਹੀਂ-ਨਹੀਂ-ਹੋਰ ਰੋਟੀ ਨਹੀਂ ਲੈਣੀ.....।'' ਐਦਾਂ ਹੀ ਉਹ ਹੋਰ ਸਬਜ਼ੀਆਂ ਦੀ ਪ੍ਰਸੰਸਾ ਕਰਦਾ। ਦੋ-ਚਾਰ ਘੰਟੇ ਠਹਿਰ ਕੇ ਆਪਣੇ ਕਮਰੇ 'ਚ ਚਲੇ ਜਾਂਦਾ। ਮੈਂ ਇਸ ਨੂੰ ਰੁਕਣ ਲਈ ਕਹਿੰਦਾ ਪਰ ਇਹ ਰਾਤ ਨੂੰ ਬਹੁਤ ਹੀ ਘੱਟ ਮੇਰੇ ਕੋਲ ਰੁਕਿਆ। ਉਦੋਂ ਅਜੇ ਇਸ ਦਾ ਵਿਆਹ ਨਹੀਂ ਹੋਇਆ ਸੀ। ਇਸ ਦੇ ਸੁਭਾਅ 'ਚ ਮਲੰਗੀ ਸੀ। ਅਡਜਸਟ ਹੋਣ ਲਈ ਦੌੜਿਆ ਫਿਰਦਾ ਸੀ। ਇਹ ਚਾਹ ਪੀਣ ਦਾ ਬਹੁਤ ਸ਼ੌਕੀਨ ਸੀ। ਮੇਰੇ ਦਫ਼ਤਰ ਦੇ ਹੇਠਾਂ ਨਿੰਦੀ ਦੇ ਹੋਟਲ 'ਚ ਅਸੀਂ ਬੈਠ ਜਾਂਦੇ। ਚਾਹ ਪੀਂਦੇ। ਗੱਲਾਂ ਮਾਰਦੇ। ਮੈਂ ਦਫਤਰ 'ਚ ਜਾਣ ਲਈ ਉੱਠਦਾ ਤਾਂ ਇਹ ਹੋਰ ਚਾਹ ਪੀਣ ਦੀ ਜ਼ਿੱਦ ਹੀ ਕਰ ਬੈਠਦਾ। ਕਹਿੰਦਾ, ''ਤੂੰ ਚਾਹ ਮੰਗਵਾ। ਪੈਸੇ ਮੈਂ ਦੇਵਾਂਗਾ।'' ਮੈਂ ਹੋਰ ਦੋ ਕੱਪ ਲਿਆਉਣ ਲਈ ਇਸ਼ਾਰਾ ਕਰਦਾ। ਇਹ ਫੇਰ ਸ਼ੁਰੂ ਹੋ ਜਾਂਦਾ। ਇਹ ਆਪਣੇ ਬਾਰੇ ਘੱਟ, ਹੋਰਨਾਂ ਬਾਰੇ ਜ਼ਿਆਦਾ ਦੱਸਦਾ। ਇਸ ਨੂੰ ਲੇਖਕਾਂ ਦੀ ਜ਼ਿੰਦਗੀ ਤੇ ਹਾਲਾਤਾਂ ਬਾਰੇ ਪਤਾ ਹੁੰਦਾ। ਇਹ ਪੜ੍ਹੀਆਂ ਹੋਈਆਂ ਕਿਤਾਬਾਂ ਬਾਰੇ ਦੱਸਦਾ। ਮੈਨੂੰ ਲੱਗਦਾ ਕਿ ਗਿਆਨ ਦੇ ਮਾਮਲੇ 'ਚ ਮੈਂ ਇਸ ਅੱਗੇ ਬੌਣਾ ਹਾਂ। ਇਹ ਮੈਨੂੰ ਚੰਗਾ ਸਾਹਿਤ ਪੜ੍ਹਣ ਲਈ ਪ੍ਰੇਰਦਾ। ਮੈਂ ਹਾਂ, ਹੂੰ ਤੇ ਅੱਛਾ ਕਹੀ ਜਾਂਦਾ। ਦਰਅਸਲ ਉਨ੍ਹਾਂ ਦਿਨਾਂ 'ਚ ਮੇਰੇ ਕੋਲ ਸਾਹਿਤ ਪੜ੍ਹਣ ਦਾ ਸਮਾਂ ਨਹੀਂ ਸੀ। ਮੈਂ ਰਾਤ ਨੂੰ ਐਮ. ਬੀ. ਡੀ. ਵਾਲਿਆਂ ਦੇ ਪਰੂਫ ਪੜ੍ਹਦਾ ਸੀ। ਸਵੇਰ ਨੂੰ ਅਨੁਵਾਦ ਦਾ ਕੰਮ ਕਰਦਾ ਸੀ।

ਤੁਸੀਂ ਕਾਹਲੇ ਨਾ ਪਵੋ। ਇਹ ਇਥੇ ਹੀ ਹੈ। ਕਿਤੇ ਨਹੀਂ ਚਲਿਆ। ਜਾਣਾ ਇਸ ਸੁਖਪਾਲ ਥਿੰਦ ਨਾਲ ਹੀ ਹੈ। ਸੁਖਪਾਲ ਆਪਣੇ ਜਿਗਰੀ ਦੋਸਤ ਬਲਦੇਵ ਧਾਲੀਵਾਲ ਕੋਲ ਬੈਠਾ।...ਇਹ ਹੁਣ ਟੈਂਟ ਹੇਠ ਕੁਰਸੀ 'ਤੇ ਬੈਠਾ ਹੈ। ਕੋਲ ਹੀ ਹਰੀਸ਼ ਜੈਨ ਖੜਾ ਹੈ। ਮੈਂ ਤੁਹਾਨੂੰ ਪਹਿਲਾਂ ਹੀ ਦੱਸਿਆ ਹੈ ਕਿ ਤੁਹਾਡੇ ਕੋਲੋਂ ਇਸ ਦੀ ਪਹਿਚਾਣ ਨਹੀਂ ਹੋਣੀ। ਭਾਵੇਂ ਇਸ ਦੇ ਕੱਪੜੇ ਪਹਿਨਣ, ਪੱਗ ਬੰਨ੍ਹਣ ਦਾ ਸਟਾਇਲ ਤੇ ਤੁਰਣ ਦੀ ਅਦਾ ਦੂਜੇ ਲੇਖਕਾਂ ਨਾਲੋਂ ਵੱਖਰੀ ਹੈ। ਨਹੀਂ, ਹੁਣ ਇਹ ਪੈਂਟ ਉਪਰ ਕੁੜਤਾ ਪਾਉਂਦਾ ਹੈ। ਕੁੜਤੇ ਦੇ ਉਪਰਲੇ ਬਟਨ ਨਹੀਂ ਲਾਉਂਦਾ। ਤਲਵਿੰਦਰ ਸਿੰਘ ਹੋਰੀਂ ਡਲਹੌਜੀ ਕਹਾਣੀ ਗੋਸਟੀ ਕਰਵਾਉਂਦੇ ਸਨ। ਇਹ ਇਕ ਵਾਰ ਮੇਰੇ ਖਹਿੜੇ ਹੀ ਪੈ ਗਿਆ ਕਿ ਮੈਂ ਤਲਵਿੰਦਰ ਕੋਲ ਇਸ ਦੀ ਸਿਫਾਰਸ਼ ਕਰਾਂ। ਮੈਂ ਤਲਵਿੰਦਰ ਨੂੰ ਇਸ ਬਾਰੇ ਕਿਹਾ ਤਾਂ ਉਸ ਤੁਰੰਤ ਆਪਣੀ ਸ਼ਰਤ ਰੱਖ ਦਿੱਤੀ, "ਮੇਰੀ ਜਾਨ ਉਹ ਬੋਲਣ ਲੱਗਾ ਬੇਲਗਾਮਾ ਹੋ ਜਾਂਦਾ। ਤੈਨੂੰ ਉਸ ਨੂੰ ਸੰਭਾਲਣਾ ਪੈਣਾ। ਹੋਰ ਨਾ ਸਾਡੀ ਕੀਤੀ ਕਰਾਈ 'ਤੇ ਪਾਣੀ ਫੇਰ ਦਵੇ।" ਮੈਂ ਇਹ ਜੁੰਮੇਵਾਰੀ ਲੈ ਲਈ। ਇਹਨੂੰ ਵੀ ਸਮਝਾ ਦਿੱਤਾ। ਇਸ ਮੇਰੇ ਕਹੇ 'ਤੇ ਕੁਝ ਚਿਰ ਅਸਰ ਕੀਤਾ। ਪਰ ਦੂਜੇ ਦਿਨ ਸਵੇਰ ਦੇ ਸੈਸ਼ਨ 'ਚ ਇਸ ਦੇ ਪਾਏ ਬਾਣੇ ਨੂੰ ਦੇਖ ਕੇ ਕੋਈ ਵੀ ਅੰਦਰੋਂ ਅੰਦਰੀਂ ਹੱਸਣੋਂ ਨਾ ਰਹਿ ਸਕਿਆ। ਬਲਜੀਤ ਕੌਰ ਬਲੀ ਨੇ ਮੇਰੇ ਕੰਨ ਕੋਲ ਆਪਣਾ ਮੂੰਹ ਕਰਕੇ ਪੁੱਛਿਆ, "ਆਹ ਬਹੂਸ਼ ਕਿਥੋਂ ਫੜ ਲਿਆਂਦਾ?" ਇਕ ਕਿਤਾਬ ਬਾਰੇ ਇਹ ਐਨੀ ਉੱਚੀ ਬੋਲਿਆ ਕਿ ਸਾਰੇ ਜਣੇ ਇਸ ਦੇ ਮੂੰਹ ਵੱਲ ਦੇਖਣ ਲੱਗੇ। ਤਲਵਿੰਦਰ ਸਿੰਘ ਮੈਨੂੰ ਘੂਰਣ ਲੱਗਾ ਜਿਵੇਂ ਕਹਿ ਰਿਹਾ ਸੀ, "ਹੁਣ ਸਾਂਭ ਆਪਣੇ ਕੁਝ ਲੱਗਦੇ ਨੂੰ?"

ਛੱਡੋ-ਪਰਾਂ। ਹੁਣ ਮੈਂ ਤੁਹਾਨੂੰ ਇਸ ਸਮੇਂ ਪਾਏ ਕਪੜਿਆਂ ਬਾਰੇ ਨਹੀਂ ਦੱਸਣਾ। ਇਹ ਮੇਰਾ ਲੇਖਕ ਮਿੱਤਰ ਹੈ। ਪਰ ਇਕ ਗੱਲ ਦੱਸਣੋਂ ਮੈਥੋਂ ਰਿਹਾ ਨਹੀਂ ਜਾ ਰਿਹਾ। ਡਲਹੌਜੀ ਤੋਂ ਵਾਪਸੀ ਵੇਲੇ ਮੈਂ, ਸੁਖਪਾਲ ਥਿੰਦ ਤੇ ਜਸਵਿੰਦਰ ਸੈਣੀ, ਬੱਸ ਸਟੈਂਡ 'ਤੇ ਆਏ ਤਾਂ ਅੱਗੋਂ ਇਹ ਬੱਸ 'ਚ ਬੈਠਾ ਦਿੱਸਿਆ। ਜਸਵਿੰਦਰ ਸੈਣੀ ਪਿਛਲੀ ਤਾਕੀ ਥਾਣੀਂ ਚੜ੍ਹਿਆ ਸੀ। ਉਹ ਇਕਦਮ ਹੇਠਾਂ ਆ ਉਤਰਿਆ, ਇਹ ਕਹਿੰਦਿਆਂ, "ਬਾਬੇਉ-ਉਹ ਬੈਠਾ। ਮੈਂ ਤਾਂ ਇਸ ਬੱਸ 'ਚ ਨਹੀਂ ਜਾ ਸਕਦਾ। ਕਿਹੜਾ ਇਸ ਨਾਲ ਮੱਥਾ ਮਾਰੂ।" ਇਹ ਸੁਣਦਿਆਂ ਹੀ ਸੁਖਪਾਲ ਥਿੰਦ ਠੇਕੇ ਵੱਲ ਨੂੰ ਤੁਰ ਪਿਆ। ਉਹ ਵੀ ਇਸ ਨਾਲ ਜਾਣ ਲਈ ਤਿਆਰ ਨਹੀਂ ਸੀ। ਉਨ੍ਹਾਂ ਬੋਤਲ ਲਈ। ਦੋ-ਦੋ ਪੈੱਗ ਲਾਏ। ਘੰਟਾ ਭਰ ਬੈਠੇ ਰਹੇ। ਅਗਲੀ ਬਸ ਦਾ ਇੰਤਜ਼ਾਰ ਕੀਤਾ। ਇਸ ਦੀ ਨਿੰਦਿਆ ਚੁਗਲੀ ਕੀਤੀ। ਸੁਖਪਾਲ ਬੋਲਿਆ, "ਕੰਜਰ ਸਿਆਣਾ ਤਾਂ ਬਹੁਤ ਆ। ਬਸ ਬੋਲਣ ਲੱਗਾ ਅੱਗਾ-ਪਿੱਛਾ ਨਹੀਂ ਦੇਖਦਾ।" ਲਉ ਇਕ ਗੱਲ ਹੋਰ ਯਾਦ ਆ ਗਈ। ਇਕ ਵਾਰ ਮੱਖਣ ਮਾਨ ਦੇ ਘਰੇ ਗਿਆ। ਇਸ ਦੇ ਨਾਲ ਇਸ ਦਾ ਵੱਡਾ ਮੁੰਡਾ ਸੀ। ਮੁੰਡੇ ਦੀਆਂ ਕੁੜੀਆਂ ਵਾਂਗ ਗੁੱਤਾਂ ਕੀਤੀਆਂ ਹੋਈਆਂ ਸਨ। ਕੱਪੜੇ ਵੀ ਉਦਾਂ ਦੇ ਹੀ ਪਾਏ ਸੀ। ਪਤਾ ਹੀ ਨਹੀਂ ਲੱਗਦਾ ਸੀ ਕਿ ਮੁੰਡਾ ਸੀ ਜਾਂ ਕੁੜੀ। ਮੱਖਣ ਛੇੜਣ ਲੱਗ ਪਿਆ, "ਓਏ ਤੂੰ ਮੁੰਡਾ ਹੈਂ ਜਾਂ ਕੁੜੀ? ਲੱਗਦਾ ਤਾਂ ਕੁੜੀ ਹੈਂ। ਸੱਚੀ ਕੁੜੀ ਲੱਗਦਾਂ।" ਇਹ ਬੋਲਿਆ, "ਪੁੱਤ, ਅੰਕਲ ਨੂੰ ਇਤਬਾਰ ਨਹੀਂ ਹੋਣਾ। ਤੂੰ ਆਪਣੀ ਨੀਕਰ ਲਾਹ ਕੇ ਇਸਨੂੰ ਆਪਣੀ ਫੂਲੋ ਦਿਖਾ...।" ਐਦਾਂ ਹੀ ਇਕ ਦਿਨ ਮੇਰੇ ਘਰੇ ਬੈਠਾ ਸੀ। ਮੇਰੇ ਵਿਚਕਾਰਲੇ ਭਤੀਜੇ ਸੁਨੀਲ ਦਾ ਮੁੰਡਾ ਗੌਰਵ ਦੌੜਾ-ਦੌੜਾ ਆਇਆ ਤੇ ਵੱਡੇ ਪਾ....ਪਾ-ਵੱਡੇ ਪਾ...ਪਾ ਕਹਿੰਦਿਆਂ ਹੋਇਆਂ ਮੇਰੇ ਕੋਲ ਆ ਬੈਠਾ। ਇਹਨੇ ਗੌਰਵ ਨੂੰ ਆਪਣੇ ਵੱਲ ਖਿਚਿਆ, "ਆ ਮੇਰੇ ਛਿੰਦੇ, ਕੀ ਨਾਂ ਆ ਤੇਰਾ?"

"ਗੋ...ਰਾ।"

"ਤੇਰੇ ਬਾਪੂ ਦਾ ਕੀ ਨਾਂ ਆ?"

ਗੌਰਵ ਚੁੱਪ ਰਿਹਾ।

ਉਦੋਂ ਹੀ ਸੁਨੀਲ ਵੀ ਆ ਗਿਆ।

ਇਹਨੇ ਫੇਰ ਪੁੱਛਿਆ, "ਆਹ ਈ ਤੇਰਾ ਬਾਪੂ ਆ?"

ਗੌਰਵ ਨੇ ਹਾਂ 'ਚ ਸਿਰ ਹਿਲਾਇਆ।

ਫੇਰ ਇਹਨੇ ਸੁਨੀਲ ਨੂੰ ਪੁੱਛਿਆ, "ਆਹ ਤੇਰਾ ਮੁੰਡਾ?"

ਸੁਨੀਲ ਨੇ ਦੱਸਿਆ, "ਹਾਂ, ਅੰਕਲ ਜੀ।"

ਇਹਨੇ ਫੇਰ ਪੁੱਛਿਆ, "ਲੱਗਦਾ ਤਾਂ ਨਹੀਂ।"

ਸੁਨੀਲ ਨੇ ਦੱਸਿਆ, "ਮੇਰਾ ਹੀ ਮੁੰਡਾ ਹੈ ਜੀ।"

"ਤੂੰ ਮੈਥੋਂ ਝੂਠ ਤਾਂ ਨਹੀਂ ਬੋਲਦਾ?"

"ਮੈਂ ਤੁਹਾਥੋਂ ਕਾਹਤੋਂ ਝੂਠ ਬੋਲਣਾ।"

"ਸੌਂਹ ਖਾ ਤਾਂ ਤੇਰਾ ਮੁੰਡਾ।"

ਸੁਨੀਲ ਹੱਸੀ ਜਾਵੇ। ਨਾਲੇ ਇਸ ਦੀਆਂ ਗੱਲਾਂ ਦਾ ਜਵਾਬ ਦਈ ਜਾਵੇ।

"ਯਾਰ-ਮੈਨੂੰ ਤਾਂ ਇਤਬਾਰ ਨਹੀਂ ਆਉਂਦਾ। ਤੇਰਾ ਰੰਗ ਕਾਲਾ ਆ। ਇਹ ਅੰਗਰੇਜ਼ਾਂ ਵਰਗਾ। ਇਹ ਕਿਵੇਂ ਹੋ ਸਕਦਾ ਕਿ ਇਹ ਤੇਰਾ ਹੀ ਮੁੰਡਾ।"

"ਅੰਕਲ ਜੀ, ਮੈਂ ਤੁਹਾਨੂੰ ਕਿੱਦਾਂ ਯਕੀਨ ਦਵਾਵਾਂ....।"

"ਤੂੰ ਝੂਠ ਬੋਲਦਾਂ।"

"ਮੈਂ ਕਿਉਂ ਝੂਠ ਬੋਲਣਾ?"

"ਜਾਹ ਪਰਾਂ। ਮੈਨੂੰ ਨਹੀਂ ਇਤਬਾਰ ਆਉਂਦਾ। ਇਹ ਤੇਰਾ ਮੁੰਡਾ ਹੋ ਈ ਨਹੀਂ ਸਕਦਾ....।"

ਮੈਂ ਸੁਨੀਲ ਨੂੰ ਜਾਣ ਲਈ ਇਸ਼ਾਰਾ ਕੀਤਾ। ਉਹ ਗੌਰਵ ਨੂੰ ਚੁੱਕ ਕੇ ਆਪਣੇ ਕਮਰੇ ਵੱਲ ਚਲੇ ਗਿਆ।

ਹਾਂ, ਹਾਂ, ਮੈਂ ਇਹਦੇ ਡੈਡੀ ਸ੍ਰੀ ਨੂੰ ਵੀ ਜਾਣਦਾ ਹਾਂ। ਉਹ ਵੀ ਲੇਖਕ ਸਨ। ਪ੍ਰੋਫੈਸਰ ਸਨ। ਉਨ੍ਹਾਂ ਦਾ ਨਾਂ ਸੀ। ਲਲਿਤ ਨਿਬੰਧ ਲਿਖਦੇ ਸਨ। ਲੋਕ ਉਨ੍ਹਾਂ ਨੂੰ ਜਾਣਦੇ ਸਨ। ਇਕ ਵਾਰ, ਮੈਂ ਇਹਦੇ ਮਧੂਵਨ ਕਾਲੋਨੀ ਵਾਲੇ ਘਰ 'ਚ ਗਿਆ। ਸਬੱਬੀਂ ਉਹ ਆਏ ਹੋਏ ਸਨ। ਮੈਂ ਉਨ੍ਹਾਂ ਦੇ ਗੋਡੀਂ ਹੱਥ ਲਾਇਆ। ਉਨ੍ਹਾਂ ਜਵਾਬ ਦੇਣ ਤੋਂ ਪਹਿਲਾਂ ਕਿਹਾ, "....ਤੂੰ ਮੈਨੂੰ 'ਸ਼ਬਦ' ਕਿਉਂ ਨਹੀਂ ਭੇਜਦਾ?" ਆਹ ਜਿਹੜੀਆਂ ਮੈਂ ਡੈਸਾਂ ਛੱਡੀਆਂ ਹੋਈਆਂ-ਇਨ੍ਹਾਂ ਨੂੰ ਤੁਸੀਂ ਆਪ ਹੀ ਸਮਝ ਲਉ। ਲਉ ਜੀ, ਫੇਰ ਪਿਉ-ਪੁੱਤ ਕਿਸੇ ਗੱਲ 'ਤੇ ਸਿੰਗ ਫਸਾ ਬੈਠੇ। ਜਿਵੇਂ ਮਹਾਂਭਾਰਤ 'ਚ ਕੌਰਵਾਂ ਤੇ ਪਾਂਡਵਾਂ ਦੇ ਤੀਰ ਇਕ ਦੂਜੇ ਨੂੰ ਕਾਟ ਕਰਦੇ ਸਨ, ਠੀਕ ਉਵੇਂ ਹੀ ਉਨ੍ਹਾਂ ਦੋਹਾਂ ਦੀਆਂ ਗਾਲ੍ਹਾਂ ਨੇ ਵਿਹਾਰ ਕੀਤਾ। ਮੈਂ ਤਾਂ ਹੱਸਦਾ ਰਿਹਾ।

....ਨਹੀਂ, ਨਹੀਂ। ਬਿਲਕੁਲ ਹੀ ਨਹੀਂ। ਇਹਦੀ ਮਿਸਿਜ਼ ਉਰਫ ਨਰਿੰਦਰ ਕੌਰ ਬਹੁਤ ਸਿਆਣੀ ਔਰਤ ਹੈ। ਮੈਂ ਦੋ-ਚਾਰ ਵਾਰ ਇਨ੍ਹਾਂ ਦੇ ਘਰ ਗਿਆ ਹਾਂ। ਹੁਣ ਤਾਂ ਦਸ ਸਾਲਾਂ ਤੋਂ ਉਪਰ ਦਾ ਸਮਾਂ ਹੋ ਗਿਆ ਹੈ। ਇਹਨੂੰ ਅਕਸਰ ਮਿਸ ਕਾਲ ਮਾਰਨ ਦੀ ਆਦਤ ਹੈ। ਮੈਂ ਇਹਦੀਆਂ ਬਹੁਤੀਆਂ ਮਿਸ ਕਾਲਾਂ ਦਾ ਜਵਾਬ ਨਹੀਂ ਦਿੰਦਾ। ਟਾਲ ਦਿੰਦਾ ਹਾਂ। ਕਦੇ ਗੱਲਾਂ ਕਰਨ ਨੂੰ ਮਨ ਕਰ ਆਉਂਦਾ ਹੈ। ਉਦੋਂ ਤਾਈਂ ਇਹ ਕਿਤੇ ਚਲਾ ਜਾਂਦਾ ਹੈ। ਭਾਬੀਜਾਨ ਨਾਲ ਗੱਲ ਹੁੰਦੀ ਹੈ। ਉਹ ਪੁੱਛਦੇ ਹਨ, "ਤੁਸੀਂ ਕੌਣ ਬੋਲਦੇ ਹੋ?.....ਅੱਛਾ, ਅੱਛਾ.....ਜਿੰਦਰ ਭਾਜੀ.......ਸਤਸ੍ਰੀਅਕਾਲ ਭਾਜੀ....ਉਹ ਹੁਣੇ ਹੁਣੇ ਬੱਚਿਆਂ ਨੂੰ ਨਾਲ ਲੈ ਕੇ ਬਾਹਰ ਗਏ ਆ.....ਮੋਬਾਇਲ ਘਰੇ ਛੱਡ ਗਏ ਆ.....ਆਉਂਦੇ ਤਾਂ ਮੈਂ ਗੱਲ ਕਰਵਾ ਦਵਾਂਗੀ.....ਅੱਛਾ ਜੀ....ਅੱਛਾ ਜੀ.....ਸਤਸ੍ਰੀਅਕਾਲ.....ਤੁਸੀਂ ਆਉਣ ਦਾ ਕਹਿ ਦਿੰਦੇ ਹੋ-ਪਰ ਆਉਂਦੇ ਨਹੀਂ। ਠੀਕ ਆ ਜੀ......ਠੀਕ ਆ ਜੀ.......ਸਤਸ੍ਰੀਅਕਾਲ ਭਾਜੀ.....।"

ਕੀ ਪੁੱਛ ਰਹੇ ਹੋ? ਮੈਂ ਤਾਂ ਇਸਨੂੰ ਬੁਲਾਉਣਾ ਛੱਡ ਦਿੱਤਾ ਸੀ। ਤੁਸੀਂ ਇਸ ਦੇ ਚਰਿੱਤਰ ਦੇ ਇਕ ਪੱਖ ਨੂੰ ਦੇਖ ਰਹੇ ਓ। ਮੈਂ ਕਈ ਹੋਰ ਪੱਖਾਂ ਨੂੰ ਦੇਖਦਾ ਹਾਂ। ....ਜਾਣਦਾ ਹਾਂ। ਇਸਦੇ ਮੂੰਹੋਂ ਗਾਲ੍ਹਾਂ ਤਾਂ ਇਉਂ ਨਿਕਲਦੀਆਂ ਹਨ ਜਿਵੇਂ ਕਿਸੇ ਪੁਰਾਣੀ ਕਹਾਣੀ 'ਚ, ਜਦੋਂ ਰਾਜਕੁਮਾਰੀ ਹੱਸਦੀ ਸੀ ਤਾਂ ਮੂੰਹੋਂ ਫੁੱਲ ਕਿਰਦੇ ਸਨ। ਪਰ ਮੈਂ ਤਾਂ ਇਸ ਦੇ ਗਿਆਨ ਅੱਗੇ ਨਤਮਸਤਕ ਹੁੰਦਾ ਹਾਂ। ਜਦੋਂ ਕਿਤੇ ਕੋਈ ਘੁੰਡੀ ਅੜ ਜਾਵੇ ਤਾਂ ਮੈਂ ਟੈਲੀਫੋਨ ਕਰਕੇ ਇਸ ਕੋਲੋਂ ਖੋਲ੍ਹਣ ਦਾ ਰਾਜ਼ ਪੁੱਛਦਾ ਹਾਂ। ਇਹਨੇ ਐਨਾ ਕੁਝ ਪੜ੍ਹ ਰੱਖਿਆ ਹੈ ਕਿ ਜੇ ਮੈਂ ਦੱਸਣ ਲੱਗਾਂ ਤਾਂ ਤੁਹਾਨੂੰ ਵਿਸ਼ਵਾਸ ਨਹੀਂ ਆਉਣਾ। ਜਦੋਂ ਇਹ ਮੂਡ 'ਚ ਹੋਇਆ ਤਾਂ ਇਸ ਕੋਲੋਂ ਨਕਸਲਾਈਟ ਲਹਿਰ ਜਾਂ ਅੱਤਵਾਦੀ ਲਹਿਰ ਬਾਰੇ ਪੁੱਛਿਓ। ਇਹ ਤੁਹਾਨੂੰ ਉਨ੍ਹਾਂ ਦੇ ਪੋਤੜਿਆਂ ਤੱਕ ਦਿਖਾ ਦੇਵੇਗਾ। ਇਹ ਦੀ ਕਹਾਣੀ 'ਕੁੱਤੀ ਵਿਹੜਾ' 'ਚ ਜਿੰਨੇ ਵੇਰਵੇ ਬਾਲਮੀਕਾਂ ਬਾਰੇ ਆਏ ਹਨ, ਖਾਸ ਕਰਕੇ ਅੰਮ੍ਰਿਤਸਰ ਦੇ-ਉਨ੍ਹਾਂ ਬਾਰੇ ਤਾਂ ਬਾਲਮੀਕ ਬਰਾਦਰੀ ਵੀ ਨਹੀਂ ਜਾਣਦੀ ਹੋਣੀ। ਇਹਦੇ ਮਨ-ਚਿਤ 'ਚ ਕੁਝ ਵੀ ਨਹੀਂ ਹੈ। ਇਹ ਮੂੰਹ ਜ਼ੋਰ ਅਵੱਸ਼ ਹੈ। ਕੁਝ ਚਿਰ ਪਿੱਛੋਂ ਇਸ ਨੂੰ ਆਪਣੇ ਕਹੇ 'ਤੇ ਪਛਤਾਵਾ ਵੀ ਹੋ ਜਾਂਦਾ ਹੈ। ਇਕ ਦਿਨ ਮੱਖਣ ਮਾਨ ਘਰੇ ਆਇਆ ਤੇ ਮੈਨੂੰ ਆਪਣੇ ਨਾਲ ਚੱਲਣ ਲਈ ਕਿਹਾ। ਜਦੋਂ ਉਹ ਮੋਟਰ ਸਾਈਕਲ 'ਤੇ ਬਸਤੀਆਂ ਕੋਲ ਪਹੁੰਚਿਆ ਤਾਂ ਉਸ ਮੈਨੂੰ ਇਹਦੇ ਘਰ ਜਾਣ ਬਾਰੇ ਦੱਸਿਆ। ਮੈਂ ਕਿਹਾ ਕਿ ਇਹ ਕੀ ਗੱਲ ਹੋਈ। ਮੱਖਣ ਨੇ ਦੱਸਿਆ, "ਉਹ ਚਾਹੁੰਦਾ ਕਿ ਤੂੰ ਇਸਦੇ ਘਰੇ ਆਵੇਂ। ਉਸ ਮੇਰੀ ਡਿਊਟੀ ਲਾਈ ਹੋਈ ਆ। ਉਸਨੂੰ ਪਤਾ ਕਿ ਇਹ ਕੰਮ ਮੈਂ ਹੀ ਕਰ ਸਕਦਾਂ।" ਮੈਂ ਫਸ

ਗਿਆ। ਇਕ ਵਾਰ ਤਾਂ ਮੈਂ ਕਿਹਾ ਸੀ, "ਤੂੰ ਮੈਨੂੰ ਕਿਥੇ ਫਸਾਉਣ ਲੱਗਾ।" ਮੱਖਣ ਦਾ ਕਹਿਣਾ ਸੀ, "ਤੂੰ ਵੀ ਤਾਂ ਮੈਨੂੰ ਫਸਾਇਆ ਸੀ। ਤੂੰ ਹੀ ਮੈਨੂੰ ਇਸ ਨਾਲ ਮਿਲਾਇਆ ਸੀ।" ਮੈਂ ਇਹਦੇ ਘਰ ਗਿਆ ਤਾਂ ਇਹਦਾ ਚਾਅ ਦੇਖਣ ਵਾਲਾ ਹੀ ਸੀ। ਇਹ ਮੈਨੂੰ ਜੱਫੀ ਪਾ ਕੇ ਮਿਲਿਆ ਸੀ। ਸਾਨੂੰ ਲੱਗਿਆ ਹੀ ਨਹੀਂ ਸੀ ਕਿ ਸਾਡੇ 'ਚ ਕੋਈ ਗਿਲਾ-ਗੁੱਸਾ ਸੀ।

ਲਉ ਆਪਣੇ ਮੋਬਾਇਲ 'ਤੇ ਸਪੀਕਰ ਆਨ ਕਰਕੇ ਇਹਦੇ ਨਾਲ ਗੱਲਬਾਤ ਕਰਦਾ ਹਾਂ।

—ਕਿੱਥੇ ਆਂ?

—ਆਹ ਕੰਜਰ ਦੀਆਂ ਵੋਟਾਂ ਦੇ ਚੱਕਰ 'ਚ ਆਇਆਂ।

—ਕਿਹਨੂੰ ਵੋਟ ਪਾਉਣੀ ਆ?

—ਤੂੰ ਦੱਸ ਕਿਹਨੂੰ ਪਾਵਾਂ।

—ਤੂੰ ਮੇਰੇ ਕਹੇ ਦਾ ਕਿਹੜਾ ਅਸਰ ਕਰਨਾ।

—ਦੱਸ ਤੈਨੂੰ ਕਿਹੜੇ ਕੰਮ ਤੋਂ ਨਾਂਹ ਕੀਤੀ ਆ। ਤੂੰ ਜਾਨ ਵੀ ਮੰਗ ਲਵੇਂ ਤਾਂ ਹਾਜਿਰ ਆ। ਜਲੰਧਰ 'ਚ ਤੂੰ ਮੇਰਾ ਇਕੋ ਇਕ ਦੋਸਤ ਐਂ।

—ਜਾਨ ਤਾਂ ਭਾਬੀ ਸਾਹਿਬਾਂ ਲਈ ਰਾਖਵੀਂ ਰੱਖ ਲੈ।

—ਉਹਦੀ ਤਾਂ ਮੈਂ ਭੈਣ ਨੂੰ ਨਹੀਂ........।

—ਅੱਜ ਕੱਲ੍ਹ ਕੀ ਕਰਦਾਂ?

—ਕਰਨਾ ਟਟੂ ਆ। ਕਿਤਾਬਾਂ ਪੜ੍ਹ ਛੱਡੀਦੀਆਂ। ਰੰਡੀਆਂ ਨੇ ਕਿਹੜੀ ਚੱਕੀ ਪੀਣੀ ਹੁੰਦੀ ਐ।

—ਅੱਜ ਤੂੰ ਮੈਨੂੰ ਗਾਲ੍ਹਾਂ ਨਹੀਂ ਕੱਢੀਆਂ।

—ਛਿੰਦਿਆ-ਕਿਉਂ ਮੈਨੂੰ ਛੇੜਦਾਂ। ਮੈਂ ਗਾਲ੍ਹਾਂ ਕਿਹੜੀਆਂ ਮਨੋਂ ਕੱਢਦਾਂ। ਇਹ ਤਾਂ ਤੇਰੇ ਨਾਲ ਪਿਆਰ ਐ। ਤੂੰ ਮੇਰੇ ਨਾਲ ਚੰਗੀ ਨਹੀਂ ਕੀਤੀ। ਲੋਕਗੀਤ ਵਾਲਿਆਂ ਨੂੰ ਕਹਿ ਕੇ ਮੇਰੀਆਂ ਬਾਕੀ ਦੀਆਂ ਕਿਤਾਬਾਂ ਵੀ ਛਪਵਾ ਦੇ।

—ਤੂੰ ਆਪ ਗੱਲ ਕਰ ਲੈ।

—ਕਿਉਂ ਮੈਨੂੰ ਤੰਗ ਕਰਦਾਂ। ਸਾਰੀ ਉਮਰ ਮੈਂ ਆਪ ਕਿਤਾਬਾਂ ਛਾਪੀਆਂ। ਇਸ ਵਾਰੀ ਤੇਰੇ ਆਖੇ ਲੱਗ ਕੇ ਉਨ੍ਹਾਂ ਨੂੰ ਕਿਤਾਬਾਂ ਦੇ ਦਿੱਤੀਆਂ। ਮੈਂ ਕਦੇ ਕਿਸੇ ਲਾਟੀ-ਖਾਨ ਦੀ ਪ੍ਰਵਾਹ ਨਹੀਂ ਕੀਤੀ। ਮੈਂ ਤਾਂ ਪ੍ਰਕਾਸ਼ਕਾਂ ਦੀ ਭੈਣ ਨੂੰ......।

—ਫੇਰ ਤੂੰ ਆਪ ਛਾਪ ਲੈਂਦਾ।

—ਬਲਿਆ, ਤੂੰ ਕਿਹੜੀ ਦੁਨੀਆਂ 'ਚ ਗੁਆਚਾ ਫਿਰਦਾਂ। ਦੇਖੀਂ-ਮੇਰੀ ਕਿਤਾਬ ਤਾਂ ਗੁੜ ਦੀਆਂ ਰਿਉੜੀਆਂ ਵਾਂਗੂ ਵਿਕ ਜਾਣੀ। ਤਿੰਨ ਸੌ ਕਿਤਾਬਾਂ ਤਾਂ ਬਾਹਰਲਿਆਂ ਨੇ ਖਰੀਦ ਲੈਣੀਆਂ। ਜਦੋਂ 'ਭਾਰ' ਕਹਾਣੀ ਛਪੀ ਸੀ ਤਾਂ ਬਾਹਰਲਿਆਂ ਨੇ ਮੇਰੀ ਆਰਥਿਕ ਮੱਦਦਤ ਕੀਤੀ ਸੀ। 'ਹੁਣ' ਦੀ ਸੇਲ ਵੱਧ ਗਈ।

—ਰੋਹਿਤ ਤਾਂ ਦੱਸਦਾ ਕਿ ਤੇਰੀ ਕਿਤਾਬ ਦੀਆਂ ਸੌ ਕਾਪੀਆਂ ਵੀ ਨਹੀਂ ਵਿਕੀਆਂ।

—ਪ੍ਰਕਾਸ਼ਨਾਂ ਦੇ ਕਹੇ ਦਾ ਕਦੇ ਸੱਚ ਨਹੀਂ ਮੰਨੀਦਾ।

—ਨਵੀਂ ਕਹਾਣੀ ਕਦੋਂ ਦੇ ਰਿਹਾਂ?

—ਮੈਂ ਨਕਸਲਾਈਟਾਂ ਬਾਰੇ ਲਿਖ ਰਿਹਾਂ। ਮਨਮੋਹਨ ਨੇ ਰੋਕ ਦਿੱਤਾ। 'ਭਾਰ' ਤੇ 'ਕੁੱਤੀ ਵਿਹੜਾ' ਕਹਾਣੀਆਂ ਕਰਕੇ ਮੈਂ ਸੀ.ਆਈ.ਡੀ.ਦੀ ਲਿਸਟ 'ਚ ਆਇਆ ਹੋਇਆਂ।

ਹਾਂ ਜੀ, ਇਹੀ ਹੈ ਸਾਡਾ ਕਹਾਣੀਕਾਰ। ਆਲੋਚਕ ਮਹੋਦਿਆ। ਮੈਂ ਇਹਨੂੰ ਜ਼ਿਆਦਾ ਨਹੀਂ ਛੇੜਿਆ। ਖੁੱਲ੍ਹਣ ਦਾ ਮੌਕਾ ਨਹੀਂ ਦਿੱਤਾ। ਇਸ ਦੇ ਆਲੇ ਦੁਆਲੇ ਕਾਫੀ ਸਾਰੇ ਸੱਜਣ-ਪੁਰਖ ਬੈਠੇ ਸਨ। ਤੁਹਾਨੂੰ ਇਹ ਦੀ ਆਵਾਜ਼ ਇਥੇ ਖੜਿਆ ਵੀ ਸੁਣਦੀ ਹੈ। ਜਦੋਂ ਇਹ ਸਟੇਜ 'ਤੇ ਖੜਾ ਬੋਲ ਰਿਹਾ ਹੋਵੇ ਤਾਂ ਮਾਈਕ ਦੀ ਲੋੜ ਹੀ ਨਹੀਂ ਰਹਿੰਦੀ। ਇਹਦੀ ਆਵਾਜ਼ 'ਚ ਦਮ ਹੁੰਦਾ ਹੈ। ਗੱਲਾਂ 'ਚ ਵਜਨ ਹੁੰਦਾ ਹੈ। ਇਹਦੀ ਸੋਚ, ਅੰਡਰਸਟੈਂਡਿੰਗ ਦੀ ਲੇਖਕ ਦਾਦ ਦਿੰਦੇ ਹਨ। ਇਹ-ਬੇਧਿੜਕ ਤੇ

ਨਿਰਡਰ ਹੋ ਕੇ ਆਪਣੀ ਰਾਏ ਤੇ ਵਿਚਾਰ ਪ੍ਰਗਟਾਉਂਦਾ ਹੈ। ਇਕ ਵਾਰ ਦੇਸ਼ ਭਗਤ ਯਾਦਗਾਰ ਹਾਲ 'ਚ ਸੁਖਜੀਤ ਦੀ ਕਿਤਾਬ 'ਮੈਂ ਰੇਪ ਨੂੰ ਇਨਜੁਆਏ ਕਰਦੀ ਆਂ' 'ਤੇ ਵਿਚਾਰ-ਗੋਸ਼ਟੀ ਚਲ ਰਹੀ ਸੀ। ਬਹੁਤ ਸਾਰੇ ਆਲੋਚਕਾਂ ਨੇ ਸੁਖਜੀਤ ਦੀ ਗੁੱਡੀ ਅਸਮਾਨੇ ਚੜ੍ਹਾ ਰੱਖੀ ਸੀ। ਜਦੋਂ ਇਹ ਬੋਲਿਆ ਤਾਂ ਇਕ ਵਾਰੀ ਤਾਂ ਚੁੱਪ ਛਾ ਗਈ ਸੀ, "ਸੁਖਜੀਤ ਨੇ ਕਮਾਲ ਦੀਆਂ ਕਹਾਣੀਆਂ ਲਿਖੀਆਂ। ਪਰ ਇਸ 'ਕਾਮਬਲੀ' ਵਰਗੀ ਮਾੜੀ ਕਹਾਣੀ ਵੀ ਲਿਖੀ ਆ। ਇਹ ਮੈਨੂੰ ਦੱਸੇ ਕਿ ਇਹ ਕਹਾਣੀ ਇਸ ਕਿਸ ਮਜ਼ਬੂਰੀ ਹੇਠ ਲਿਖੀ। ਸੁਖਜੀਤ ਦੀਆਂ ਇਕ-ਦੋ ਕਹਾਣੀਆਂ 'ਚ ਬਹੁਤ ਕਮਜ਼ੋਰੀਆਂ ਆ। ਉਹਨੂੰ ਇਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ.....।" ਇਸ ਦੇ ਸਾਹਮਣੇ ਇਹ ਨਹੀਂ ਹੁੰਦਾ ਕਿ ਪ੍ਰਧਾਨਗੀ ਮੰਡਲ 'ਚ ਕੌਣ ਬੈਠਾ ਹੈ। ਸਾਹਮਣੇ ਕੌਣ ਬੈਠਾ ਹੈ। ਜਿਸ ਲੇਖਕ ਬਾਰੇ ਬੋਲ ਰਿਹਾ ਹੈ, ਉਸ ਦੀ ਕੀ ਪ੍ਰਤੀਕ੍ਰਿਆ ਹੈ। ਇਸ ਤਾਂ ਆਪਣੀ ਗੱਲ ਕਹਿਣੀ ਹੀ ਕਹਿਣੀ ਹੁੰਦੀ ਹੈ। ਕਿਉਂਜੁ ਇਸਦੇ ਸਾਹਮਣੇ ਲੇਖਕ ਨਹੀਂ, ਰਚਨਾ ਹੁੰਦੀ ਹੈ। ਰਚਨਾ ਨੂੰ ਧਿਆਨ ਨਾਲ ਪੜ੍ਹਣਾ ਤੇ ਉਸਨੂੰ ਵਿਚਾਰਨਾ ਇਹ ਆਪਣਾ ਫਰਕ ਸਮਝਦਾ ਹੈ। ਜਿਉਂ-ਜਿਉਂ ਇਹ ਬੋਲਣਾ ਸ਼ੁਰੂ ਕਰੇਗਾ, ਤਿਉਂ-ਤਿਉਂ ਇਸ ਦੀ ਆਵਾਜ਼ ਉੱਚੀ ਹੁੰਦੀ ਜਾਵੇਗੀ। ਇਹ ਕਿਸੇ ਵੱਲ ਨਹੀਂ ਦੇਖੇਗਾ। ਆਪਣੀ ਗੱਲ ਕਹਿ ਕੇ ਆਪਣੀ ਕੁਰਸੀ 'ਤੇ ਆ ਬੈਠੇਗਾ। ਕਈ ਵਾਰ ਇਸ ਨੂੰ ਬੋਲਣਾ ਮਹਿੰਗਾ ਵੀ ਪਿਆ ਹੈ। ਇਕ ਵਾਰ ਬੰਗਿਆਂ ਚਰਨਜੀਤ ਪਨੂੰ ਦੀ ਪੁਸਤਕ 'ਤੇ ਗੋਸ਼ਟੀ ਸੀ। ਮੈਂ ਪ੍ਰਧਾਨਗੀ ਮੰਡਲ 'ਚ ਬੈਠਾ ਸੀ। ਇਹਨੇ ਪਨੂੰ ਦੀ ਪੁਸਤਕ ਦੀ ਐਹੀ ਦੀ ਤੈਹੀ ਫੇਰ ਕੇ ਰੱਖ ਦਿੱਤੀ। ਪ੍ਰਬੰਧਕ ਪਛਤਾਉਣ ਕਿ ਇਹਨੂੰ ਕਿਉਂ ਸੱਦ ਲਿਆ। ਸਾਰਾ ਖਰਚਾ ਪਨੂੰ ਇਕੱਲੇ ਨੇ ਕੀਤਾ ਸੀ। ਮੈਂ ਪ੍ਰਧਾਨਗੀ ਭਾਸ਼ਣ 'ਚ ਕਿਹਾ ਸੀ, "ਡਾਕਟਰ ਸਾਹਿਬ ਨੂੰ ਆਪਣੇ ਆਲੋਚਨਾ ਦੇ ਹਥਿਆਰ ਵਰਤਦਿਆਂ ਹੋਇਆਂ ਇਹ ਦੇਖ ਲੈਣਾ ਚਾਹੀਦਾ ਕਿ ਉਨ੍ਹਾਂ ਸਾਹਮਣੇ ਕਿਸ ਦੀ ਪੁਸਤਕ ਆ। ਨਵੇਂ ਲੇਖਕ ਨੂੰ ਤਾਂ ਉਤਸਾਹਤ ਕਰਨਾ ਚਾਹੀਦਾ ਆ।" ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਇਹਨੇ ਮੈਨੂੰ ਘੇਰ ਲਿਆ ਸੀ।

—ਤੂੰ ਦੱਸ-ਇਸ ਪੁਸਤਕ 'ਚ ਕੁਸ਼ ਐ?

—ਨਹੀਂ।

—ਫੇਰ ਮੈਂ ਕਿਵੇਂ ਉਹਦੀ ਗੁੱਡੀ ਬੰਨ ਦਿੰਦਾ। ਐਦਾਂ ਦੇ ਲੇਖਕ ਨੂੰ ਤਾਂ ਗੋਲੀ ਮਾਰ ਦੇਣੀ ਚਾਹੀਦੀ ਐ। ਟਟੂ ਦਾ ਲੇਖਕ।

ਉਧਰ ਚਰਨਜੀਤ ਪਨੂੰ ਕਪੜਿਆਂ ਤੋਂ ਬਾਹਰ ਹੋਇਆ ਫਿਰੇ। ਉਹ ਤਾਂ ਇਹਨੂੰ ਕੁਟਣ ਤੱਕ ਜਾਵੇ। ਫੇਰ ਉਹ ਅੜ ਗਿਆ ਕਿ ਇਹਨੂੰ ਦਾਰੂ ਨਹੀਂ ਪਿਲਾਉਣੀ। ਮੁਰਗਾ ਨਹੀਂ ਖੁਆਉਣਾ। ਮਸਾਂ ਉਹਨੂੰ ਮਨਾਇਆ। ਵਾਪਸੀ 'ਤੇ ਮੈਂ ਇਹਨੂੰ ਸਮਝਾਇਆ। ਇਹ ਮੇਰੇ ਤੋਂ ਹੋਰ ਔਖਾ ਹੋ ਗਿਆ।

—ਐਦਾਂ ਦੇ ਲੇਖਕਾਂ ਨੇ ਤਾਂ ਪੰਜਾਬੀ ਸਾਹਿਤ ਦਾ ਬੇੜਾ ਗਰਕ ਕਰ ਰੱਖਿਐ। ਦੋ ਅੱਖਰ ਲਿਖਣੇ ਨਹੀਂ ਆਉਂਦੇ। ਪਿਉ ਵਾਲੇ ਪੈਸੇ ਖਰਚ ਕੇ ਕਿਤਾਬ ਛਪਵਾ ਲੈਂਦੇ ਐ। ਮੇਰੇ ਵਸ 'ਚ ਹੋਵੇ ਤਾਂ ਮੈਂ ਇਸ ਲੇਖਕ ਨੂੰ ਸੌ ਛਿੱਤਰ ਮਾਰ ਕੇ ਪੁੱਛਾਂ-ਭੂਤਨੀਦਿਆ ਤੈਨੂੰ ਲੇਖਕ ਕਿਹਨੇ ਬਣਾਇਆ। ਅਜੇ ਤੂੰ ਪਿਛੇ ਬੈਠੇ ਨੇ ਮੇਰੀ ਕਮੀਜ਼ ਖਿਚ ਕੇ ਇਸ਼ਾਰਾ ਕੀਤਾ-ਨਹੀਂ ਤਾਂ ਮੈਂ ਤਾਂ ਉਸ ਦਾ ਉਹ ਜਲੂਸ ਕੱਢਣਾ ਸੀ ਕਿ ਲਿਖਣ ਲੱਗਾ ਸੌ ਵਾਰੀ ਸੋਚਦਾ। ਭੈਣ ਚੋਦ-ਮੈਂ ਇਹ ਦੀ ਸ਼ਰਾਬ ਨੂੰ ਐਸ 'ਤੇ ਨਹੀਂ ਮਾਰਦਾ। ਮੈਂ ਕਿਸੇ ਦਾ ਖਰੀਦਿਆ ਹੋਇਆ ਨਹੀਂ।

ਹੁਣ ਤੁਸੀਂ ਪੁੱਛੋਗੇ ਕਿ ਚਰਨਜੀਤ ਪਨੂੰ ਕੌਣ ਸੀ। ਮੈਂ ਲੇਖਕਾਂ ਨੂੰ ਏ, ਬੀ, ਸੀ, ਸ਼੍ਰੇਣੀਆਂ 'ਚ ਵੰਡ ਕੇ ਦੇਖਦਾ ਹਾਂ। ਕੁਝ ਇਸ ਤੋਂ ਹੇਠਲੀਆਂ ਸ਼੍ਰੇਣੀਆਂ 'ਚ ਹੁੰਦੇ ਹਨ ਜਿਹਨਾਂ 'ਚ ਇਹ ਸੰਭਾਵਨਾ ਹੁੰਦੀ ਹੈ ਕਿ ਭਵਿੱਖ 'ਚ ਉਹ ਕੋਈ ਚੰਗੀ ਰਚਨਾ ਸਾਹਿਤ ਨੂੰ ਦੇ ਸਕਦੇ ਹਨ। ਚਰਨਜੀਤ ਪਨੂੰ ਕਿਸੇ ਸ਼੍ਰੇਣੀ 'ਚ ਨਹੀਂ ਆਉਂਦਾ। ਫੇਰ ਪਨੂੰ ਨੇ ਇਹਨੂੰ, ਮੈਨੂੰ ਤੇ ਹਰਜੀਤ ਅਟਵਾਲ ਨੂੰ ਲੈ ਕੇ ਇਕ ਕਹਾਣੀ ਲਿਖੀ ਸੀ। ਇਹ ਕਹਾਣੀ ਜੋਗਿੰਦਰ ਕੈਰੋਂ ਦੇ ਪਰਚੇ 'ਸ਼ਿਲਾਲੇਖ' 'ਚ ਛਪੀ। ਇਹ ਦਾ ਮੈਨੂੰ ਫੋਨ ਆਇਆ, "ਉਹ ਬਲਾ ਤਾਂ ਮੇਰੇ ਪਿੱਛੇ ਹੀ ਪੈ ਗਈ। ਯਾਰ, ਉਸ ਕੋਲੋਂ ਕਿਵੇਂ ਛੁਟਕਾਰਾ ਕਰਾਂ। ਉਹ ਲੇਖਕ ਹੈ ਨਹੀਂ। ਲੇਖਕ ਹੋਵੇ ਤਾਂ ਜਵਾਬ ਦਿੰਦੇ ਚੰਗੇ ਲੱਗਦੇ ਐਂ। ਉਹ ਨੂੰ ਸਮਝਾ ਲੈ-ਜੇ ਮੈਂ ਹੁਣ ਉਸ ਦੀ ਕਿਸੇ ਕਿਤਾਬ ਬਾਰੇ ਲਿਖ ਦਿੱਤਾ ਤਾਂ ਕੰਧਾਂ 'ਚ ਸਿਰ ਮਾਰਦਾ ਫਿਰੇਗਾ...ਸਮਝਾ ਦਈਂ ਉਸ ਨੂੰ।"

ਚੰਗੀ ਗੱਲ ਹੈ ਕਿ ਤੁਸੀਂ ਇਸ ਦੀਆਂ ਕਹਾਣੀਆਂ 'ਤੇ ਰੀਸਰਚ ਵਰਕ ਸ਼ੁਰੂ ਕਰਨ ਜਾ ਰਹੇ ਹੋ। ਮੈਨੂੰ ਨਹੀਂ ਲੱਗਦਾ ਕਿ ਇਸ ਸੰਬੰਧੀ ਇਹ ਤੁਹਾਨੂੰ ਕੋਈ ਸਹਿਯੋਗ ਦੇਵੇਗਾ ਕਿਉਂਜੁ ਇਹ ਕਿਸੇ ਵੀ ਚਰਚਾ ਨਹੀਂ ਆਉਣਾ ਚਾਹੁੰਦਾ। ਇਹ ਆਪਣੇ ਆਪ ਤੱਕ ਸੀਮਤ ਰਹਿੰਦਾ ਹੈ। ਮੈਂ 'ਸ਼ਬਦ' ਲਈ ਇਸਦੀ ਇੰਟਰਵਿਊ ਕਰਨੀ ਚਾਹੁੰਦਾ ਸੀ ਪਰ ਇਸ ਨਾਂਹ ਕਰ ਦਿੱਤੀ। ਬਲਬੀਰ ਪਰਵਾਨੇ ਨੇ 'ਨਵਾਂ ਜ਼ਮਾਨਾ' ਲਈ ਕਹਾਣੀਆਂ ਦੇ ਪਾਤਰਾਂ ਬਾਰੇ ਲਿਖਣ ਲਈ ਕਿਹਾ ਤਾਂ ਇਸ

ਸਪੱਸ਼ਟ ਕਹਿ ਦਿੱਤਾ, "ਮੈਂ ਇਨ੍ਹਾਂ ਕੁੱਤੇ ਕੰਮਾਂ 'ਚ ਨਹੀਂ ਪੈਂਦਾ ਹੁੰਦਾ।" ਇਹਨੇ ਤਾਂ 'ਭਾਰ' ਕਹਾਣੀ ਵੇਲੇ ਅਵਾਰਡ ਲੈਣੋਂ ਨਾਂਹ ਕਰ ਦਿੱਤੀ ਸੀ। ਇਸ ਦੇ ਵਿਰੋਧ 'ਚ ਕਿਹਾ ਸੀ, "ਲਾਹਣਤ ਐ ਉਨ੍ਹਾਂ ਲੇਖਕਾਂ ਦੇ ਜਿਹੜੇ ਅਵਾਰਡਾਂ ਪਿੱਛੇ ਕਮਲੇ ਹੋਏ ਫਿਰਦੇ ਐ।" ਜਦੋਂ ਇਸ ਦੀ ਕਹਾਣੀ 'ਕੁੱਤੀ ਵਿਹੜਾ' ਨੂੰ ਵੀ ਪ੍ਰਥਮ ਅਵਾਰਡ ਮਿਲਿਆ ਤਾਂ ਇਸ ਨੇ ਲੈਣ ਤੋਂ ਨਾਂਹ ਕਰ ਦਿੱਤੀ। ਇਸ ਦੇ ਨੇੜਲੇ ਦੋਸਤਾਂ ਨੇ ਕਿਹਾ ਕਿ ਇਹ ਅਵਾਰਡ ਕਿਹੜਾ 'ਨਵਾਂ ਜ਼ਮਾਨਾ' ਵਾਲੇ ਕੋਲੋਂ ਦੇ ਰਹੇ ਹਨ। ਇਹ ਤਾਂ ਲੇਖਕਾਂ/ਆਲੋਚਕਾਂ/ਪਾਠਕਾਂ ਦੀ ਚੋਣ ਹੈ। ਇਹਨੇ ਅਵਾਰਡ ਲੈ ਲਿਆ। ਕੁਝ ਚਿਰ ਬਾਅਦ ਇਹਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਇਹਨੇ ਕਹਿਣਾ ਸ਼ੁਰੂ ਕੀਤਾ, "ਮੈਥੋਂ ਗਲਤੀ ਹੋ ਗਈ। ਮੈਨੂੰ ਜਸ ਮੰਡ ਤੇ ਰ. ਬ. ਸਿੰਘ ਕੋਲੋਂ ਅਵਾਰਡ ਨਹੀਂ ਲੈਣਾ ਚਾਹੀਦਾ ਸੀ। ਮੈਂ ਇਹ ਪੈਸੇ ਮੋੜ ਦੇਖਣੇ ਐ।" ਮੈਂ ਇਹਨੂੰ ਘੁੰਮਡ ਨਹੀਂ, ਲੇਖਕ ਦੀ ਅਹਿਮੀਅਤ ਕਹਿੰਦਾ ਹਾਂ। ਇਹਨੂੰ ਲੇਖਕ ਦੀ ਈਗੋ ਵੀ ਕਹਿ ਸਕਦੇ ਹਾਂ। ਐਨਾਂ ਕੁ ਹੋਣਾ ਹੀ ਚਾਹੀਦਾ ਹੈ। ਜਿਵੇਂ ਕਹਿੰਦੇ ਹਨ ਕਿ ਕਿਸੇ ਚੀਜ਼ ਦਾ ਬੀਜ ਨਾਸ ਨਹੀਂ ਹੁੰਦਾ-ਉਦਾਂ ਹੀ ਇਸ ਬਾਰੇ ਵੀ ਸਮਝ ਲਉ। ਇਹ ਆਪਣੇ ਕਹੇ 'ਤੇ ਅੜ ਜਾਂਦਾ ਹੈ। ਫੇਰ ਭਾਵੇਂ ਉਪਰੋਂ ਦੀ ਗੱਡੀ ਦਾ ਪਹੀਆ ਲੰਘ ਜਾਵੇ ਪਰ ਇਹ ਨਹੀਂ ਲਿਫਦਾ/ਝੁਕਦਾ। ਸਵੀਤੋਜ ਨੇ ਇਸ ਦੀ ਕਹਾਣੀ 'ਵਿਰਲਾਪ' 'ਤੇ ਜਲੰਧਰ ਦੂਰਦਰਸ਼ਨ ਲਈ ਸੀਰੀਅਲ ਬਣਾਇਆ। ਇਕ ਹੋਰ ਕਹਾਣੀ 'ਤੇ ਸੀਰੀਅਲ ਬਣਿਆ। ਮੈਂ ਇਸਦੀਆਂ ਪਹਿਲੀਆਂ ਲਿਖੀਆਂ ਕਹਾਣੀਆਂ ਦਾ ਫੈਨ ਹਾਂ। ਤੁਸੀਂ ਤਾਂ ਹੁਣੇ-ਹੁਣੇ 'ਵਿਰਲਾਪ' ਤੇ 'ਜੂਨ' ਸੰਗ੍ਰਹਿਆਂ ਵਿਚਲੀਆਂ ਕਹਾਣੀਆਂ ਪੜ੍ਹੀਆਂ ਹੋਣਗੀਆਂ। ਤੁਹਾਨੂੰ ਜ਼ਿਆਦਾ ਯਾਦ ਹੋਣਗੀਆਂ।

ਮੈਂ ਇਸ ਦੀਆਂ ਪਹਿਲੀਆਂ ਲਿਖੀਆਂ ਕਹਾਣੀਆਂ ਨੂੰ ਵਾਰ-ਵਾਰ ਪੜ੍ਹਿਆ ਹੈ। ਪਰ ਇਸ ਦੀ ਚਰਚਾ 'ਭਾਰ' ਤੇ 'ਕੁੱਤੀ ਵਿਹੜਾ' ਕਹਾਣੀਆਂ ਨਾਲ ਜ਼ਿਆਦਾ ਹੋਈ ਹੈ। ਗੁਰਦਿਆਲ ਸਿੰਘ ਨੇ 'ਹੁਣ' ਦੇ ਸੰਪਾਦਕ ਨੂੰ 'ਭਾਰ' ਕਹਾਣੀ ਬਾਰੇ ਲਿਖਿਆ ਸੀ, "ਮਨਿੰਦਰ ਸਿੰਘ ਕਾਂਗ ਦੀ ਕਹਾਣੀ 'ਭਾਰ' ਨੇ ਜਿਵੇਂ ਤੜਪਾ ਦਿੱਤਾ ਹੈ। ਸ਼ਾਇਦ ਤੇਰਾਂ-ਚੌਦਾਂ ਸਾਲ ਪਹਿਲਾਂ ਇਸੇ ਵਿਸ਼ੇ ਦੀ ਵਰਿਆਮ ਸੰਧੂ ਦੀ ਕਹਾਣੀ ਪੜ੍ਹੀ ਸੀ। (ਸਿਰਲੇਖ ਸ਼ਾਇਦ 'ਮੈਂ ਹੁਣ ਠੀਕ-ਠਾਕ ਹਾਂ' ਸੀ) ਉਸ ਮਗਰੋਂ ਇਹ ਦੂਜੀ ਕਹਾਣੀ ਹੈ। ਕਿਹੋ-ਜਿਹੇ ਵਹਿਸ਼ੀ ਬੰਦੇ ਦੀ ਆਤਮਾ ਵੀ ਕਿਸੇ ਬੱਚੀ ਦੀ ਮੌਤ ਦਾ ਭਾਰ ਨਹੀਂ ਝੱਲ ਸਕਦੀ ਤੇ ਉਹ ਟਰੱਕ ਹੇਠ ਆ ਕੇ ਉਸ ਆਤਮਿਕ ਭਾਰ ਤੋਂ ਮੁਕਤ ਹੋਣ ਲਈ ਤਰਲੇ ਕਰਦਾ ਹੈ। ਉਹ ਹਰ ਹਨੇਰੇ ਵਿੱਚ ਮਨੁੱਖ ਦੇ ਜਿਉਂਦੇ ਹੋਣ ਦੀ ਜੋ ਭਾਵਨਾ ਹੈ, ਉਹੋ ਮਨੁੱਖੀ ਜ਼ਿੰਦਗੀ ਨੂੰ ਅਰਥ-ਭਰਪੂਰ ਬਣਾਉਂਦੀ ਹੈ। ਇਸ ਤੋਂ ਬਿਨਾਂ ਅਮਨ-ਸ਼ਾਂਤੀ ਵਿੱਚ ਜਿਉਂਦੇ ਮਨੁੱਖ ਦਾ ਜੀਵਨ ਵੀ ਬੇਅਰਥ ਹੋ ਜਾਂਦਾ ਹੈ। ਇਹੋ ਭਾਵਨਾ ਇਸ ਕਹਾਣੀ ਨੂੰ ਮਹੱਤਵਪੂਰਨ ਬਣਾਉਂਦੀ ਹੈ।" ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਦੀਆਂ ਮੀਲ ਪੱਥਰ ਕਹਾਣੀਆਂ ਦੀ ਲਿਸਟ ਬਣਾਈ ਸੀ। ਇਸ ਲਿਸਟ 'ਚ ਇਹਦੀ 'ਭਾਰ' ਕਹਾਣੀ ਸ਼ਾਮਿਲ ਕੀਤੀ ਸੀ। ਤੁਸੀਂ ਵੀ ਇਹ ਲਿਸਟ ਪੜ੍ਹ ਲਉ। ਹਾਂ-ਹਾਂ ਮੇਰੇ ਕੋਲ ਹੀ ਹੈ। ਬੈਗ ਦੀ ਮੋਹਰਲੀ ਜੇਬ 'ਚ। ਆਹ ਲਉ। ਕਰਤਾਰ ਸਿੰਘ ਦੁੱਗਲ (ਕਰਾਮਾਤ), ਦੇਵਿੰਦਰ ਸਤਿਆਰਥੀ (ਇਕੰਨੀ), ਅਮ੍ਰਿਤਾ ਪ੍ਰੀਤਮ (ਸ਼ਾਹ ਦੀ ਕੰਜਰੀ), ਕੁਲਵੰਤ ਸਿੰਘ ਵਿਰਕ (ਧਰਤੀ ਹੇਠਲਾ ਬਲਦ), ਸੰਤੋਖ ਸਿੰਘ ਧੀਰ (ਕੋਈ ਇਕ ਸਵਾਰ), ਬੂਟਾ ਸਿੰਘ (ਸਰਦਾਰਨੀ), ਅਜੀਤ ਕੌਰ (ਫਾਲਤੂ ਔਰਤ), ਪ੍ਰੇਮ ਪ੍ਰਕਾਸ਼ (ਡੈੱਡ ਲਾਈਨ), ਗੁਰਦੇਵ ਸਿੰਘ ਰੁਪਾਣਾ (ਸ਼ੀਸ਼ਾ), ਗੁਰਬਚਨ ਸਿੰਘ ਭੁੱਲਰ (ਖ਼ੂਨ), ਮੋਹਨ ਭੰਡਾਰੀ (ਕਬੂਤਰ), ਗੁਲਜ਼ਾਰ ਸਿੰਘ ਸੰਧੂ (ਸ਼ਹੀਦ), ਸੁਖਵੰਤ ਕੌਰ ਮਾਨ (ਚੱਟੂ), ਵਰਿਆਮ ਸਿੰਘ ਸੰਧੂ (ਡੁੰਮ੍ਹ), ਗੁਰਪਾਲ ਲਿੱਟ (ਦੁਰਗ ਟੁੱਟਦੇ ਹਨ), ਪ੍ਰੀਤਮ (ਸਹਿਯਾਤ੍ਰੀ), ਤਰਸੇਮ ਨੀਲਗਿਰੀ (ਸੰਗਚੂਰ), ਕਿਰਪਾਲ ਕਜ਼ਾਕ (ਗੁਮਸ਼ੁਦਾ), ਅਤਰਜੀਤ (ਬਠਲੂ ਚਮਿਆਰ), ਸੁਖਜੀਤ (ਅੰਤਰਾ), ਬਲਵਿੰਦਰ ਸਿੰਘ ਗਰੇਵਾਲ (ਸੂਰਜ ਦੀ ਪਿੱਠ ਨਹੀਂ ਹੁੰਦੀ), ਜਿੰਦਰ (ਕਤਲ), ਪਰਵੇਜ਼ ਸੰਧੂ (ਮੇਰੀ ਲੂੰਮੜੀ), ਦੇਸਰਾਜ ਕਾਲੀ (ਚੀਕ), ਭਗਵੰਤ ਰਸੂਲਪੁਰੀ (ਕਸੂਰਵਾਰ), ਐਸ. ਬਲਵੰਤ (ਸੁਪਨੇ ਤੇ ਸੌਦਾਗਰ), ਤਰਲੋਚਨ ਸਿੰਘ ਭਾਟੀਆ (ਅੱਖ ਦੀ ਲਿਸ਼ਕ), ਮਨਮੋਹਨ ਬਾਵਾ (ਅਜਾਤ ਸੁੰਦਰੀ), ਵੀਨਾ ਵਰਮਾ (ਫਰੰਗੀਆਂ ਦੀ ਨੂੰਹ), ਜਤਿੰਦਰ ਸਿੰਘ ਹਾਂਸ (ਪਾਵੇ ਨਾਲ ਬੰਨ੍ਹਿਆ ਹੋਇਆ ਕਾਲ), ਜਸਵੀਰ ਸਿੰਘ ਰਾਣਾ (ਚੂੜੇ ਵਾਲੀ ਬਾਂਹ), ਕੇਸਰਾ ਰਾਮ (ਲਾਸ਼), ਨਿਰਮਲ ਜਸਵਾਲ (ਮੱਛੀਆਂ), ਸੁਰਿੰਦਰ ਨੀਰ (ਮੈਂ, ਪਾਪਾ ਤੇ ਓਹ), ਅਜਮੇਰ ਸਿੱਧੂ (ਇਕਬਾਲ ਹੁਸੈਨ ਮੋਇਆ ਨਹੀਂ), ਅਨੇਮਨ ਸਿੰਘ (ਗਲੀ ਨੰਬਰ ਕੋਈ ਨਹੀਂ), ਸਾਂਵਲ ਧਾਮੀ (ਪੇਂਜੀ ਦੇ ਫੁੱਲ), ਕੁਲਵੰਤ ਗਿੱਲ (ਘੋਰੜੂ), ਮਨਿੰਦਰ ਕਾਂਗ (ਭਾਰ)। ਜਦੋਂ ਇਹ ਦੀ ਕਹਾਣੀ 'ਕੁੱਤੀ ਵਿਹੜਾ' ਛਪੀ ਸੀ ਤਾਂ ਮੈਂ ਇਹਨੂੰ ਫੋਨ ਕਰਕੇ ਕਿਹਾ ਸੀ ਕਿ ਇਹ ਤਾਂ ਕਹਾਣੀ ਹੈ ਨਹੀਂ। ਇਸ ਦੱਸਿਆ ਸੀ, "ਇਹ ਕਹਾਣੀ ਨਹੀਂ ਨਾਵਲਾ ਆ।"

ਇਹ ਆਪਣੇ ਆਪ ਨੂੰ ਤੀਜੀ ਪੀੜ੍ਹੀ ਦਾ ਕਹਾਣੀ ਕਹਿਲਾਉਂਦਾ ਹੈ ਪਰ ਤੀਜੀ ਪੀੜ੍ਹੀ ਦੀ ਕਹਾਣੀ 'ਚ ਇਸ ਦਾ ਕਿਧਰੇ ਜ਼ਿਕਰ ਨਹੀਂ ਆਉਂਦਾ। ਨਾਂ ਨਹੀਂ ਆਉਂਦਾ। ਹੁਣ ਇਸ ਦੀ ਬਣਦੀ-ਸਰਦੀ ਚਰਚਾ ਚੌਥੀ ਪੀੜ੍ਹੀ ਦੇ

ਕਹਾਣੀਕਾਰਾਂ 'ਚ ਹੋਣ ਲੱਗੀ। ਡਾ. ਬਲਦੇਵ ਧਾਲੀਵਾਲ ਨੇ ਆਪਣੀ ਇਕ ਇੰਟਰਵਿਊ (ਸ਼ਬਦ–ਜੁਲਾਈ–ਸਤੰਬਰ, 2010) 'ਚ ਇਸ ਬਾਰੇ ਕਿਹਾ ਸੀ, "ਧੀਮੀ ਗਤੀ ਨਾਲ ਚਲਦੇ ਆ ਰਹੇ ਮਨਿੰਦਰ ਕਾਂਗ ਨੇ 'ਭਾਰ' ਅਤੇ 'ਕੁੱਤੀ ਵਿਹੜਾ' ਵੱਡ ਆਕਾਰੀ ਕਹਾਣੀਆਂ ਨਾਲ ਇਕਦਮ ਸਭ ਦਾ ਧਿਆਨ ਖਿਚਿਆ ਹੈ ਪਰ ਮੇਰੀ ਧਾਰਣਾ ਇਹ ਹੈ ਕਿ ਇਨ੍ਹਾਂ ਦੀ ਵਸਤੂ–ਸਮੱਗਰੀ ਨਿੱਗਰ ਹੋਣ ਕਰਕੇ ਲਿਖਤਾਂ ਦਾ ਮਹੱਤਵ ਵਧਿਆ ਹੈ, ਰੂਪਾਕਾਰਨ ਦ੍ਰਿਸ਼ਟੀ ਤੋਂ ਇਹ ਕੋਈ ਸੁਗਠਿਤ ਕਹਾਣੀਆਂ ਨਹੀਂ।" 'ਭਾਰ' ਕਹਾਣੀ ਬਾਰੇ ਡਾ. ਜਸਵਿੰਦਰ ਸਿੰਘ ਤੇ ਡਾ. ਧਨਵੰਤ ਕੌਰ ਨੇ ਵੀ 'ਸ਼ਬਦ' ਦੇ ਕਹਾਣੀ ਵਿਸ਼ੇਸ਼ ਅੰਕ (41–42) 'ਚ ਦੋ ਚਾਰ ਵਾਕ ਕਹੇ ਸਨ। ਇਸ ਦਾ ਨਵਾਂ ਕਹਾਣੀ ਸੰਗ੍ਰਹਿ 'ਭੇਤ ਵਾਲੀ ਗੱਲ' ਛਪਿਆ। ਪ੍ਰਕਾਸ਼ਨ ਨੇ ਇਹਨੂੰ ਸਿਰਫ਼ ਦਸ ਕਾਪੀਆਂ ਦਿੱਤੀਆਂ। ਨਾ ਇਹਨੇ ਕਿਸੇ ਮੈਗਜ਼ੀਨ ਨੂੰ ਕਿਤਾਬ ਮੁੱਲ ਲੈ ਕੇ ਭੇਜੀ ਤੇ ਨਾ ਹੀ ਕਿਸੇ ਮੈਗਜ਼ੀਨ–ਸੰਪਾਦਕ ਨੇ ਆਪ ਉਦਮ ਕਰਕੇ ਇਸ ਸੰਗ੍ਰਹਿ ਦਾ ਮੁਲਾਂਕਣ ਕਰਵਾਇਆ। ਦੋ ਚਾਰ ਰੀਵੀਊ ਹੋਏ। ਮੈਂ ਲਾਲ ਸਿੰਘ ਦਾ ਕੀਤਾ ਰੀਵੀਊ 'ਸ਼ਬਦ' 'ਚ ਛਾਪਿਆ। ਆਹ ਦੇਖੋ ਨੌਜੁਆਨ ਆਲੋਚਕ ਤਸਕੀਨ ਇਹਦੇ ਕਹਾਣੀ ਸੰਗ੍ਰਹਿ ਬਾਰੇ ਕੀ ਲਿਖਦਾ ਹੈ, "ਪੰਜਾਬ ਸੰਕਟ ਨਾਲ ਸੰਬੰਧਤ ਕਹਾਣੀਆਂ ਵਿੱਚ 'ਲਹਿਰ' ਪੱਖੀ ਵਿਅਕਤੀ ਕਾਂਗ ਦੀ ਹਮਦਰਦੀ ਦੇ ਪਾਤਰ ਹਨ ਅਤੇ ਕਿਸੇ ਅਮਾਨਵੀ ਰੂਪ ਨੂੰ ਪ੍ਰਤੀਬਿੰਬਤ ਨਹੀਂ ਕਰਦੇ, ਜਦੋਂ ਕਿ ਪੰਜਾਬ ਦੀ ਅੱਤਵਾਦ ਤੋਂ ਪੀੜਤ ਧਿਰ ਉਨ੍ਹਾਂ ਦੇ 'ਕਾਰਨਾਮੇ' ਹੰਢਾਅ ਚੁੱਕੀ ਹੈ। ਕਾਂਗ ਦੇ ਬਹੁਤੇ ਪਾਤਰ ਹਿੰਡ ਦੇ ਪੱਕੇ ਹੋ ਕੇ ਤਾਂ ਪੇਸ਼ ਹੁੰਦੇ ਹਨ ਤਰਕ ਦੇ ਨਹੀਂ ਅਤੇ ਇਸੇ ਕਾਰਨ ਉਹ ਲਹਿਰ ਦੇ ਕਾਰਨਾਂ ਨੂੰ ਸਮਝ ਨਹੀਂ ਪਾਉਂਦੇ। ਇਸ 'ਲਹਿਰ' ਵਿਚਲੇ ਲਿੰਗਕ ਰੁਝਾਨ ਅਤੇ ਉਨ੍ਹਾਂ ਦੀ ਸੱਤਾ ਦੁਆਰਾ ਕਮਜ਼ੋਰਾਂ ਦਾ ਦਮਨ ਸਾਹਮਣੇ ਆਉਣੋਂ ਬਚ ਜਾਂਦਾ ਹੈ, ਜਦੋਂ ਕਿ ਏਜੰਸੀਜ਼ ਦੀ ਭੂਮਿਕਾ ਵਧ ਜਾਂਦੀ ਹੈ। ਬਿਨਾਂ ਬੀਜ ਦੇ ਰੁੱਖ ਨਹੀਂ ਉਗਾਇਆ ਜਾ ਸਕਦਾ ਕਾਰਨ ਸਮੇਂ ਦੇ ਗਰਭ ਵਿਚ ਪਲਦੇ ਹਨ। ਉਹ ਲੋਕ ਜੋ ਵਿਅਕਤੀ ਸੱਤਾ ਰਾਹੀਂ ਔਰਤ ਭੋਗ ਨੂੰ ਸੁਖਾਲਾ ਕਰਦੇ ਵੱਡੀ ਗਿਣਤੀ 'ਚ ਲਹਿਰ ਅੰਦਰ ਸ਼ਾਮਲ ਹੁੰਦੇ ਹਨ, ਮਨਿੰਦਰ ਕਾਂਗ ਦੀ ਕਲਮ ਤੋਂ ਬਚ ਜਾਂਦੇ ਹਨ। ਇਸ ਤਰ੍ਹਾਂ ਮਨਿੰਦਰ ਕਾਂਗ ਦੀਆਂ ਕਹਾਣੀਆਂ ਸਟੇਟ ਦੇ ਰਾਜਨੀਤਕ ਰੁਝਾਨ ਨੂੰ ਤਾਂ ਪ੍ਰਸਤੁਤ ਕਰਦੀਆਂ ਹਨ, ਪ੍ਰੰਤੂ ਪੰਜਾਬੀ ਸਭਿਆਚਾਰ ਅਚੇਤ ਸੁਚੇਤ ਇਸ ਲਹਿਰ ਨੂੰ ਤਾਕਤਵਰ ਕਿਵੇਂ ਬਣਾਉਂਦਾ ਹੈ, ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦਾ।"

ਇਸ ਦਾ ਆਲੋਚਕਾਂ ਵੱਲੋਂ ਉਨਾ ਨੋਟਸ ਨਹੀਂ ਲਿਆ ਗਿਆ ਜਿੰਨੇ ਦਾ ਇਹ ਹੱਕਦਾਰ ਸੀ। ਮੈਂ ਜਦੋਂ ਕਦੇ ਵੀ ਇਸ ਬਾਰੇ ਇਹਨੂੰ ਪੁੱਛਿਆ ਤਾਂ ਇਸ ਠੋਕ ਵਜਾ ਕੇ ਕਿਹਾ, "ਮੈਂ ਆਲੋਚਕਾਂ ਨੂੰ ਕੀ ਜਾਣਦਾਂ। ਪੰਜਾਬੀ ਸਾਹਿਤ ਨੂੰ ਆਲੋਚਕ ਨਹੀਂ, ਪਾਠਕ ਚਾਹੀਦੇ ਐ। ਆਲੋਚਕਾਂ ਦਾ ਕੀ ਐ–ਮਾੜੀ ਕਹਾਣੀ ਦੀ ਵੀ ਗੁੱਡੀ ਬੰਨ੍ਹ ਦੇਂਦੇ ਐ।" ਇਹ ਆਪ ਆਲੋਚਕ ਹੈ। ਪਰ ਇਸ ਦੀ ਆਲੋਚਨਾ ਤਿੱਖੀ ਹੁੰਦੀ ਹੈ। ਕਿਸੇ ਵੀ ਰਚਨਾ ਨੂੰ ਮਾੜਾ ਕਹਿਣ ਲੱਗਿਆਂ ਇਕ ਮਿੰਟ ਨਹੀਂ ਲਾਉਂਦਾ। 'ਅੱਖਰ' ਜਨਵਰੀ–ਫਰਵਰੀ 2010 ਦੇ ਕਹਾਣੀ ਵਿਸ਼ੇਸ਼ ਅੰਕ 'ਚ ਮੇਰੀ ਕਹਾਣੀ 'ਜ਼ਖ਼ਮ' ਛਪੀ ਤਾਂ ਇਸ ਦਾ ਫੋਨ ਆਇਆ, "ਬੱਲੇ–ਬੱਲੇ ਆਹ–ਆਹ ਤੇਰੀ ਕਹਾਣੀ ਪੜ੍ਹ ਕੇ ਮਜ਼ਾ ਆ ਗਿਆ। ਪਹਿਲਾਂ ਤਾਂ ਤੂੰ ਐਵੇਂ ਘੂਸੀਆਂ ਭੋਰਦਾ ਰਿਹਾਂ। ਤੂੰ ਜ਼ਿੰਦਗੀ 'ਚ ਇਕੋ ਹੀ ਚੰਗੀ ਕਹਾਣੀ ਲਿਖੀ ਐ। ਹੁਣ ਭਾਵੇਂ ਕੋਈ ਹੋਰ ਕਹਾਣੀ ਨਾ ਲਿਖ।" ਮੈਨੂੰ ਇਸ ਦੇ ਕਹੇ ਦਾ ਇਤਬਾਰ ਨਾ ਆਇਆ। ਮੈਂ ਕਿਹਾ, "ਕਿਉਂ ਝੂਠ ਬੋਲਦਾਂ?" ਇਸ ਦਾ ਕਹਿਣਾ ਸੀ, "ਮੈਂ ਝੂਠ ਬੋਲ ਕੇ ਤੈਥੋਂ ਦਾਣੇ ਲੈਣੇ ਐ। ਮੈਂ ਮਨਿੰਦਰ ਕਾਂਗ ਆਂ। ਸਮਝਿਆ। ਮੈਥੋਂ ਕਿਵੇਂ ਦੀ ਝੂਠੀ ਪ੍ਰਸ਼ੰਸਾ ਨਹੀਂ ਕਰ ਹੁੰਦੀ।" ਮੈਨੂੰ ਫੇਰ ਵੀ ਸੱਚ ਨਾ ਆਇਆ। ਮੈਨੂੰ ਲੱਗਿਆ ਕਿ ਇਹ ਮੈਨੂੰ ਐਵੇਂ ਹੀ ਫੂਲੀਆਂ ਪਾ ਰਿਹਾ। ਮੈਂ ਇਸੇ ਸਸੋਪੰਜ 'ਚ ਵਿਚਰ ਰਿਹਾ ਸੀ। ਉਸ ਫੇਰ ਕਿਹਾ, "ਕਿਸੇ ਕੰਜਰ ਦੇ ਕਹੇ ਦਾ ਵਿਸ਼ਵਾਸ ਵੀ ਕਰ ਲਿਆ ਕਰ। ਮੈਂ ਤੈਥੋਂ ਪਹਿਲਾਂ ਕਦੇ ਝੂਠ ਬੋਲਿਆਂ। ਦੋਸਤੀ ਆਪਣੀ ਥਾਂ ਹੁੰਦੀ ਐ। ਰਚਨਾ ਆਪਣੀ ਥਾਂ।" ਇਹੀ ਗੱਲ ਮੈਂ ਦੇਸਰਾਜ ਕਾਲੀ ਨੂੰ ਦੱਸੀ। ਕਾਲੀ ਨੇ ਇਹਦੇ ਨਾਲ ਗੱਲ ਕੀਤੀ। ਕਹਾਣੀ ਦੀਆਂ ਊਣਤਾਈਆਂ ਬਾਰੇ ਦੱਸਿਆ। ਇਹ ਅੱਗੋਂ ਔਖਾ ਹੋ ਗਿਆ, "ਤੈਨੂੰ ਕਹਾਣੀ ਦਾ ਟੂਟ ਪਤਾ। ਮੇਰੇ ਹੱਥੀਂ ਜੰਮ ਕੇ ਮੈਨੂੰ ਅਕਲ ਦਿਣਾ। .... ਭੂਤਰਿਆ। ਤੇਰੀ ਅਕਲ ਦੇ ਖਾਨੇ ਕਦੋਂ ਖੁੱਲ੍ਹਣਗੇ।"

ਚਲੋ, ਅੱਗੇ ਚਲਦੇ ਹਾਂ। ਨੁੱਕਰ 'ਚ। ਉਥੇ ਜਿਥੇ ਬਲਕਾਰ ਸਿੰਘ ਖੜ੍ਹਾ ਹੈ। ਦੇਖਦੇ ਹਾਂ ਕਿ ਲੇਖਕ ਕਿਵੇਂ ਵੋਟਾਂ ਮੰਗਦੇ ਹਨ। ਕੀ ਟਰਿੱਕ ਅਪਣਾ ਰਹੇ ਹਨ। ਲਉ–ਔਹ ਆ ਰਿਹਾ ਹੈ ਡਾ. ਮਨਿੰਦਰ ਸਿੰਘ ਕਾਂਗ। ਨਹੀਂ, ਨਹੀਂ, ਔਹ ਨਹੀਂ, ਕੰਟੀਨ ਵਾਲੇ ਪਾਸਿਉਂ। ਮੈਂ ਬਲਕਾਰ ਦੇ ਪਿੱਛੇ ਨੂੰ ਹੁੰਦਾ ਹਾਂ। ਇਹ ਬਲਕਾਰ ਕੋਲੋਂ ਕੋਈ ਕਿਤਾਬ ਮੰਗਦਾ ਹੈ। ਬਲਕਾਰ ਮੈਨੂੰ ਕਹਿੰਦਾ ਹੈ, "ਤੂੰ ਹਰੀਸ਼ ਜੈਨ ਕੋਲ ਜਾਈਂ। ਦਰਸ਼ਨ ਧੀਰ ਬਾਰੇ ਆਲੋਚਨਾ ਦੀ ਕਿਤਾਬ ਦੀ ਇਕ ਕਾਪੀ ਲੈ ਕੇ ਕਾਂਗ ਨੂੰ ਦੇ ਦਈਂ। ਕਿਤਾਬ 'ਚ ਇਹਦਾ ਕੋਈ ਲੇਖ ਐ।" ਮੈਂ ਮਜ਼ਾਕ 'ਚ ਕਹਿੰਦਾ ਹਾਂ, "ਇਹਨੇ ਕਿਹੜੀ ਪੜ੍ਹਨੀ ਆ। ਰੱਦੀ 'ਚ ਹੀ ਵੇਚ ਦੇਣੀ ਆ।" ਦੇਖ ਹੁਣ ਕਾਂਗ ਦਾ ਅਸਲੀ ਰੂਪ, "ਭੈਣ ਚੋਦ, ਸੁਨਿਆਰਾ ਆਫਰਿਆ ਪਿਐ। ਇਹਦੇ ਪੈਰ ਹੇਠ

ਬਟੇਰਾ ਆ ਗਿਆ। 'ਸ਼ਬਦ' ਨੇ ਇਹਦੇ ਪੈਰ ਚੁੱਕ ਦਿੱਤੇ। ਹਵਾ 'ਚ ਹੀ ਉਡਿਆ ਫਿਰਦਾ। ਹਰਜੀਤ ਅਟਵਾਲ ਨੇ ਇਹਦੀ.....'ਚ ਵਲੈਤ ਵਾਲਾ ਕੀਲਾ ਠੋਕ ਦਿੱਤਾ। ਮੈਂ ਨਹੀਂ ਕਿਸੇ ਦੀ ਪ੍ਰਵਾਹ ਕਰਦਾ ਹੁੰਦਾ। ਬਲਕਾਰ, ਉਏ ਬਲਕਾਰ .... ਜੇ ਕਿਤਾਬ ਦੇਣੀ ਆ ਤਾਂ ਆਪ ਭੇਜੀਂ। ਮੈਂ ਇਸ 'ਤੇ ਇਤਬਾਰ ਨਹੀਂ ਕਰਦਾ। ਕੁੱਤੇ ਸੁਨਿਆਰੇ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।"

ਦੇਖੋ, ਇਹਦੇ ਚਿਹਰੇ ਵੱਲ ਦੇਖੋ। ਪੂਰੀ ਇਕਾਗਰਤਾ ਨਾਲ। ਇਹਦਾ ਚਿਹਰਾ ਸਪਾਟ ਹੈ। ਕੋਈ ਪ੍ਰਭਾਵ ਨਹੀਂ ਹੈ। ਇਸ ਦਾ ਚਿਹਰਾ ਵੈਸਟ ਇੰਡੀਜ਼ ਦੇ ਖਿਡਾਰੀ ਕਰਿਸ ਗੇਲ ਵਰਗਾ। ਜਦੋਂ ਗੇਲ ਬੈਟਿੰਗ ਕਰਦਾ ਹੋਏ ਤਾਂ ਮੈਂ ਉਹਨੂੰ ਕਦੇ ਹੱਸਦਿਆਂ ਹੋਇਆਂ ਨਹੀਂ ਦੇਖਿਆ। ਉਸ ਦਾ ਚਿਹਰਾ ਸਪਾਟ ਹੁੰਦਾ। ਕੋਈ ਪ੍ਰਭਾਵ ਨਹੀਂ ਹੁੰਦਾ। ਐਦਾਂ ਹੀ ਜਦ ਇਹ ਸਟੇਜ 'ਤੇ ਖੜ੍ਹਾ ਹੋਵੇ ਜਾਂ ਦੋਸਤਾਂ ਦੀ ਟੋਲੀ 'ਚ ਬੈਠਾ ਬੋਲੇ ਤਾਂ ਮੇਰੇ ਵਰਗਿਆਂ ਨੂੰ ਗਾਲ੍ਹਾਂ ਕੱਢੇ ਤਾਂ ਇਹਦੇ ਚਿਹਰੇ 'ਤੇ ਕੁਝ ਨਹੀਂ ਹੁੰਦਾ। ਕੋਈ ਪਛਤਾਵੇ ਦਾ ਭਾਵ ਨਹੀਂ ਹੁੰਦਾ। ਕਿਸੇ ਗਲਤੀ ਦੀ ਭਾਵਨਾ ਨਹੀਂ ਹੁੰਦੀ।

ਹੁਣ ਇਹ ਲੰਗਰ ਵੱਲ ਜਾ ਰਿਹਾ ਹੈ। ਸ਼ੂਗਰ ਦਾ ਮਰੀਜ਼ ਹੈ। ਇਹਨੂੰ ਬੜੀ ਛੇਤੀ ਭੁੱਖ ਲੱਗ ਜਾਂਦੀ ਹੈ।

ਕੋਈ ਹੋਰ ਹੁੰਦਾ ਤਾਂ ਪਹਿਲਾਂ ਆਪਣੇ ਆਪ ਨੂੰ ਗਾਲ੍ਹਾਂ ਕੱਢਦਾ। ਫੇਰ ਸਹੁੰ ਖਾਂਦਾ ਕਿ ਮੁੜ ਇਸ ਇਨਸਾਨ ਨੂੰ ਕਦੇ ਨਹੀਂ ਮਿਲਣਾ। ਪਰ ਆਪਾਂ ਐਦਾਂ ਨਹੀਂ ਕਰਨਾ। ਆਪਾਂ ਇਹਨੂੰ ਮਿਲਣਾ ਹੈ। ਬੁਲਾਉਣਾ ਹੈ। ਮੈਂ ਤੁਹਾਨੂੰ ਦੱਸਿਆ ਸੀ ਕਿ ਇਹਦੇ ਮਨ ਵਿੱਚ ਕੁਝ ਨਹੀਂ। ਮੂੰਹ ਦਾ ਜ਼ਰੂਰ ਬੜਬੋਲਾ ਹੈ।

ਬਸ, ਤੁਸੀਂ ਕੁਝ ਨਹੀਂ ਕਹਿਣਾ। ਮੇਰੇ ਵੱਲ ਦੇਖਣਾ ਹੈ। ਮੈਂ ਜਾਂਦਿਆਂ ਹੀ 'ਡਾਕਟਰ ਸਾਹਿਬ' ਕਹਾਂਗਾ। ਇਹ ਮੈਨੂੰ ਔਖਾ ਹੋ ਕੇ ਕਹੇਗਾ, "ਤੂੰ ਮੈਨੂੰ ਗਾਲ੍ਹ ਕਿਉਂ ਕੱਢਦਾਂ?" ਮੈਂ ਇਸ ਦੀ ਸਿਹਤ ਬਾਰੇ ਪੁੱਛਾਂਗਾ। ਇਹ ਬਿਲਕੁਲ ਨੌਰਮਲ ਹੋ ਜਾਵੇਗਾ। ਪੁੱਛੇਗਾ, "ਕਿੱਦਾਂ ਆ ਪਿਆਰੇ? ਅੱਜਕੱਲ੍ਹ ਕੀ ਸਰਗਰਮੀਆਂ ਚੱਲ ਰਹੀਆਂ? ਦੁਨੀਆਦਾਰੀ ਦੀ ਕੋਈ ਨਵੀਂ ਤਾਜ਼ੀ ਗੱਲ ਸੁਣਾ। ਘਰੇ ਭੈਣ ਜੀ ਠੀਕ-ਠਾਕ ਨੇ। ਤੂੰ ਬਹੁਤ ਚੰਗੀ ਕਿਸਮਤ ਵਾਲਾ ਜਿਹਨੂੰ ਐਨੀ ਚੰਗੀ ਔਰਤ ਮਿਲੀ ਐ। ਮੈਂ ਝੂਠ ਨਹੀਂ ਬੋਲਦਾ। ਜਿੰਨੀ ਸਿਫ਼ਤ ਕਰਾਂ ਉਨੀ ਹੀ ਥੋੜ੍ਹੀ ਐ। ਤੂੰ ਤਾਂ ਘੂਸਾ...।" ਤੁਹਾਨੂੰ ਲੱਗੇਗਾ ਹੀ ਨਹੀਂ, ਕਿ ਇਹ ਉਹੀ ਕਾਂਗ ਹੈ ਜਿਹੜਾ ਕੁਝ ਚਿਰ ਪਹਿਲਾਂ ਗਾਲ੍ਹਾਂ ਕੱਢ ਰਿਹਾ ਸੀ। ਇਸੇ ਦਾ ਨਾਂ ਮਨਿੰਦਰ ਕਾਂਗ ਹੈ। ਹੁਣ ਤੁਸੀਂ ਜੋ ਪੁੱਛਣਾ ਚਾਹੁੰਦੇ ਹੋ ਉਸ ਕੋਲੋਂ ਹੀ ਪੁੱਛ ਲਉ। ਤੁਹਾਡਾ ਮਸਲਾ ਹੱਲ ਹੋ ਜਾਵੇਗਾ। ਸ਼ਾਇਦ ਹੁਣ ਤੁਹਾਨੂੰ ਮੇਰੀ ਲੋੜ ਨਾ ਪਵੇ। (14-06-2010)

**ਪੋਸਟ ਸਕਰਿਪਟ**: 5 ਫਰਵਰੀ, 2013, ਕਪੂਰਥਲਾ ਚੌਂਕ ਲਾਗੇ ਪੈਂਦਾ ਸ਼ਮਸ਼ਾਨਘਾਟ। ਸਾਢੇ ਕੁ ਬਾਰ੍ਹਾਂ ਵਜੇ ਦਾ ਸਮਾਂ। ਮਨਿੰਦਰ ਕਾਂਗ ਦੀ ਮਾਂ ਦਾ ਵਿਰਲਾਪ, "ਮੈਂ ਵੀ ਕਿੰਨੀ ਨਾਕਰਮਣੀ ਮਾਂ ਆਂ। ਪਹਿਲਾਂ ਛੋਟਾ ਗਿਆ ਸੀ, ਹੁਣ ਵੱਡਾ ਵੀ ਤੁਰ ਗਿਆ। ਜਾਣ ਦੀ ਵਾਰੀ ਮੇਰੀ ਸੀ-ਚਲੇ ਗਏ ਮੇਰੇ ਪੁੱਤ। ਰੱਬਾ ਤੈਨੂੰ ਵੀ ਮੇਰੇ 'ਤੇ ਤਰਸ ਨ੍ਹੀਂ ਆਇਆ।" ਮੈਂ ਉਨ੍ਹਾਂ ਤੋਂ ਪੰਦਰਾਂ ਕੁ ਫੁਟ ਦੂਰ ਖੜ੍ਹਾ ਸੀ। ਮੇਰੀਆਂ ਅੱਖਾਂ ਭਰ ਆਈਆਂ। ਫੇਰ ਭੁਜੱਕਾ ਜਿਹਾ ਪਿਆ ਜਿੱਦਾਂ ਮਨਿੰਦਰ ਨੇ ਕਿਹਾ ਹੋਵੇ, "ਚੱਲ, ਸਾਲਾ ਕਮਲਾ ਨਾ ਹੋਏ ਤਾਂ। ਜਾਣਾ ਈ ਸੀ। ਚਾਰ ਦਿਨ ਪਹਿਲਾਂ ਕੀ ਤੇ ਚਾਰ ਦਿਨ ਬਾਅਦ 'ਚ ਕੀ... ਨਾ ਮੇਰੇ ਛਿੰਦੇ ਰੋਈ ਦਾ ਨ੍ਹੀਂ ਹੁੰਦੈ...।" ਮੇਰੇ ਪਿਛਲੇ ਪਾਸਿਉਂ ਇਕ ਹੋਰ ਆਵਾਜ਼ ਆਈ, "ਉਹ ਤਾਂ ਪੰਜਾਬੀ ਸਾਹਿਤ ਦਾ ਅਰਿਸਟੋਟਲ ਸੀ... ਸਾਡੇ ਤੋਂ ਸੰਭਾਲਿਆ ਨ੍ਹੀਂ ਗਿਆ।" ਮੈਂ ਪਿਛਾਂਹ ਨੂੰ ਮੁੜ ਕੇ ਦੇਖਿਆ ਪਰ ਮੈਨੂੰ ਇਸ ਗੱਲ ਦਾ ਪਤਾ ਨਾ ਲੱਗਾ ਕਿ ਇਹ ਕਿਸ ਨੇ ਕਿਹਾ ਸੀ।

29 ਜਨਵਰੀ, 2016। ਮੇਰੇ ਭਤੀਜੇ ਸੁਨੀਲ ਦਾ ਇਕਲੌਤਾ ਬੇਟਾ ਗੌਰਵ, 28 ਜਨਵਰੀ ਨੂੰ ਘਰ ਦੇ ਲਾਗੇ ਪੈਂਦੀ ਐਚ.ਆਰ. ਫੈਕਟਰੀ ਦੀ ਛੱਤ ਤੋਂ ਪਤੰਗ ਚੜ੍ਹਾਉਂਦਾ ਹੋਇਆ ਡਿਗ ਕੇ, ਸਾਡੇ ਪਰਿਵਾਰ ਤੋਂ ਹਮੇਸ਼ਾ ਲਈ ਵਿਛੜ ਗਿਆ। ਇਹ ਉਹੀ ਗੌਰਵ ਸੀ ਜਿਸ ਬਾਰੇ ਮਨਿੰਦਰ ਨੇ ਸੁਨੀਲ ਨੂੰ ਪੁੱਛਿਆ ਸੀ, "ਸੌਂਹ ਖਾ ਤਾਂ ਤੇਰਾ ਮੁੰਡਾ...।" ਸਮਾਂ ਸਾਢੇ ਕੁ ਬਾਰ੍ਹਾਂ ਵਜੇ ਦਾ ਸੀ। ਗੌਰਵ ਦਾ ਸਿਵਾ ਬਲ ਰਿਹਾ ਸੀ। ਮੇਰੀਆਂ ਅੱਖਾਂ 'ਚੋਂ ਵਗਦੇ ਹੰਝੂ ਮੇਰੇ ਕਾਬੂ 'ਚ ਨਹੀਂ ਸਨ। ਮੈਨੂੰ ਭੁਜੱਕਾ ਰਿਹਾ ਪਿਆ ਜਿੱਦਾਂ ਕਿਸੇ ਨੇ ਮੇਰੇ ਸੱਜੇ ਮੋਢੇ 'ਤੇ ਹੱਥ ਰੱਖਿਆ ਹੋਵੇ.... ਤੇ ਫੇਰ ਮਨਿੰਦਰ ਨੇ ਹੌਲੀ ਜਿਹੇ ਮੇਰੇ ਸੱਜੇ ਕੰਨ ਕੋਲ ਕਿਹਾ, "ਮੇਰੇ ਛਿੰਦੇ ਬਹੁਤਾ ਰੋਈ ਦਾ ਨ੍ਹੀਂ ਹੁੰਦਾ... ਤੂੰ ਆਪਣਾ ਫਰਜ਼ ਨਿਭਾ... ਬਹੂ ਨੂੰ ਦਿਲਾਸਾ ਦੇ।" ਮੈਂ ਪਿਛਾਂਹ ਨੂੰ ਘੁੰਮਿਆ। ਮੇਰੇ ਪਿੱਛੇ ਤਾਂ ਖਿਲਾਅ ਸੀ। ੲ

**Mob : 98148 03254**

# ਪਾਪਾ, ਤੈਨੂੰ ਕੁਛ ਨਹੀਂ ਪਤਾ!

## ਨਿੰਦਰ ਘੁਗਿਆਣਵੀ

ਸ਼ਨੀ, ਐਤ ਤੇ ਸੋਮ, ਅਦਾਲਤਾਂ ਵਿਚ ਤਿੰਨ ਛੁੱਟੀਆਂ ਇਕੱਠੀਆਂ ਆ ਗਈਆਂ ਸਨ। ਖੁਸ਼ਦੀਪ ਸਿੰਘ ਨੇ ਸੋਚਿਆ ਕਿ ਤਿੰਨ ਦਿਨ ਉਹ ਇਕੱਲਾ ਕੋਠੀ ਕੀ ਕਰੇਗਾ?ਬਹੁਤ ਬੋਰ ਹੋਵੇਗਾ ਇਕੱਲਾ! ਕਿਉਂ ਨਾ ਦੋ ਦਿਨ ਪਿੰਡ ਹੀ ਲਾ ਆਵੇ। ਮਾਂ ਦੇ ਹੱਥ ਦੀ ਦਾਲ-ਰੋਟੀ ਦਾ ਸਵਾਦ, ਖੇਤ ਗੇੜਾ ਮਾਰਨ ਦਾ ਭੁੱਸ ਤੇ ਪਿੰਡ ਦੀ ਝਿੜੀ ਵਿਚ ਪੀਰ ਦੀ ਖ਼ਾਨਗਾਹ ਉਤੇ ਮੱਥਾ ਟੇਕਣ ਦੀ ਸ਼ਰਧਾ ਨੇ ਉਸਨੂੰ ਪਿੰਡ ਗੇੜਾ ਕੱਢਣ ਲਈ ਮਜਬੂਰ ਕਰ ਦਿੱਤਾ ਸੀ। ਕੁਝ ਜ਼ਰੂਰੀ ਕੇਸਾਂ ਦੀਆਂ ਮਿਸਲਾਂ ਪੜ੍ਹਨ ਵਾਲੀਆਂ ਸਨ, ਜੋ ਉਹਨੇ ਆਪਣੇ ਅਰਦਲੀ ਨੂੰ ਕਾਰ ਵਿਚ ਰੱਖਣ ਲਈ ਆਖਿਆ। ਨੇੜੇ ਖਲੋਤੇ ਗੰਨਮੈਨ ਨੂੰ ਬੋਲਿਆ, ''ਮੈਂ ਪਿੰਡ ਜਾਣੈ, ਛੁੱਟੀਆਂ ਨੇ,ਤੂੰ ਵੀ ਕਰ ਲੈ ਘਰ ਦੇ ਕੰਮ-ਕਾਰ, ਮੰਗਲਵਾਰ ਮੌਰਨਿੰਗ ਆਜੂੰ ਮੈਂ।''

''ਠੀਕ ਸਰ...।'' ਸਲੂਟ ਮਾਰ ਕੇ ਗੰਨਮੈਨ ਨੇ ਮੋਟਰ-ਸਾਈਕਲ ਵੱਲ ਦੇਖਿਆ। ਖੁਸ਼ਦੀਪ ਦੀ ਕਾਰ ਅਫ਼ਸਰ ਕਲੋਨੀ ਵਿਚੋਂ ਬਾਹਰ ਹੋਈ ਤਾਂ ਮਗਰੇ ਹੀ ਅਰਦਲੀ ਨੇ ਸਾਈਕਲ 'ਤੇ ਲੱਤ ਦੇ ਦਿੱਤੀ ਤੇ ਆਪਣੇ ਪਿੰਡ ਦੀ ਸੜਕ ਫੜ ਲਈ।

''ਬਾਪੂ ਦੇ ਦਿਲ 'ਚ ਕੁਛ ਨੀ, ਬਸ...ਐਵੇਂ ਅੱਗ ਭਬੂਕਾ ਈ ਐ, ਜਦੋਂ ਤਾਇਆ ਚੰਡੀਗੜ੍ਹੋਂ ਕਦੇ ਪਿੰਡ ਮਿਲਣ ਆਉਂਦਾ ਤਾਂ ਬਾਪੂ ਤਾਏ ਨਾਲ ਵੀ ਬਹਿਸਣੋ ਨਹੀਂ ਰਹਿ ਸਕਦਾ ਸੀ। ਤਾਇਆ ਉਦਾਸ ਹੋ ਕੇ ਪਿੰਡੋਂ ਮੁੜਦਾ ਸੀ ਪਰ ਫੇਰ ਭਰਾ ਦਾ ਮੋਹ ਤੇ ਪਿੰਡ ਦੀ ਮਿੱਟੀ 'ਵਾਜਾਂ ਮਾਰਦੀ ਤੇ ਤਾਇਆ ਪਿੰਡ ਨੂੰ...।'' ਕਾਰ ਚਲਾਉਂਦਾ ਖੁਸ਼ਦੀਪ ਆਪਣੀਆਂ ਹੀ ਸੋਚਾਂ 'ਚ ਮਸਤ ਸੀ। ਉਸਨੂੰ ਆਪਣਾ ਆਪ ਤਾਏ ਉਜਾਗਰ ਸਿੰਘ ਵਰਗਾ ਲੱਗਣ ਲੱਗਿਆ। ''ਚੱਲ ਕੋਈ ਨਾ, ਪਾਪਾ ਦੇ ਸੁਭਾਅ ਦਾ ਕੀ ਐ...? ਉਹ ਤਾਂ ਹੁਣ ਏਵੇਂ ਈ ਨਿਭੂ ਸਾਰੀ ਉਮਰ...ਮਾਂ ਨਿੱਤ ਫ਼ੋਨ 'ਤੇ ਪੁੱਛਦੀ ਐ, ਹੁਣ ਛੁੱਟੀਆਂ ਕਦੋਂ ਨੇ, ਆ ਜਾ ਗੇੜਾ ਮਾਰ ਜਾ ਮੇਰਾ ਸੋਨਾ ਪੁੱਤ... ਚਲੋ ਹੁਣ ਦੋ ਦਿਨ ਪਿੰਡ ਦੀ ਤਾਜ਼ੀ-ਤਾਜ਼ੀ ਹਵਾ ਫੱਕਾਂਗੇ, ਕਚਹਿਰੀ ਦੀ ਖੁਸ਼ਕੀ ਤੋਂ ਖਹਿੜਾ ਛੁੱਟੂ।''

ਉਸਦੀ ਉਂਗਲ ਡੀ.ਵੀ.ਡੀ. ਪਲੇਅਰ ਵਲ ਵਧੀ। ਇਤਫ਼ਾਕ ਹੀ ਸੀ ਕਿ ਉਸਦੀਆਂ ਸੋਚਾਂ ਨਾਲ ਮਿਲਦਾ-ਜੁਲਦਾ ਗੀਤ ਹੀ ਵੱਜਣ ਲੱਗਿਆ- 'ਮੁੜ-ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ...।' ਆਵਾਜ਼ ਘੱਟ ਕਰਕੇ ਉਸਨੇ ਗੋਲਡੀ ਨੂੰ ਫ਼ੋਨ ਮਿਲਾਇਆ, ''ਹੈਲੋ, ਕਿੱਥੇ ਆਂ, ਮੈਂ ਪਿੰਡ ਆ ਰਿਹਾਂ, ਛੁੱਟੀਆਂ ਸੀ ਯਾਰ।''

''ਮੈਂ ਚੰਡੀਗੜ੍ਹ ਆਂ।'' ਗੋਲਡੀ ਬੋਲਿਆ, ''ਪਹਿਲਾਂ ਨੀਂ ਦੱਸਿਆ ਓਏ, ਹੁਣ ਤੇਰੀ ਹਵਾ ਖ਼ਰਾਬ ਹੋਗੀ... ਜਦੋਂ ਦਾ ਜੱਜ ਬਣਿਐਂ ਤੂੰ, ਕੋਈ ਨਾ,ਕੋਈ ਨਾ।''

''ਆਜਾ ਤੂੰ ਪਿੰਡ ਕੱਲ੍ਹ ਨੂੰ, ਭਕਾਈ ਨਾ ਮਾਰ ਫਾਲਤੂ ਦੀ, ਆਜਾ ਮੇਰੀ ਜਾਨ...ਆਜਾ।'' ਜਦ ਵੀ ਖੁਸ਼ਦੀਪ ਉਸਨੂੰ 'ਮੇਰੀ ਜਾਨ' ਕਹਿ ਕੇ ਬੁਲਾਉਂਦਾ ਸੀ ਤਾਂ ਗੋਲਡੀ ਦਾ ਲੂੰ-ਲੂੰ ਨੱਚ ਉਠਦਾ ਸੀ।

''ਨਹੀਂ, ਪੱਕਾ ਨਹੀਂ, ਦੇਖੂੰਗਾ...।'' ਇਹ ਕਹਿ ਕੇ ਗੋਲਡੀ ਨੇ ਫ਼ੋਨ ਕੱਟ ਦਿੱਤਾ। ''ਏਹ ਤਖਾਣ ਅੱਡ ਮੂੰਹ ਮੋਟਾ ਕਰੀ ਰੱਖਦੈ, ਮੈਂ ਕੀ ਕਰਾਂ ਏਹਦਾ ਹੁਣ...?'' ਇਹ ਸੋਚਦਾ ਖੁਸ਼ਦੀਪ ਉਹਨੂੰ ਦੋਬਾਰਾ ਫ਼ੋਨ ਮਿਲਾਉਣ ਲੱਗਿਆ ਪਰ ਨਹੀਂ ਮਿਲਾਇਆ। ਇਹ ਗੋਲਡੀ ਵੀ 'ਅਜੀਬ ਸ਼ੈਅ' ਹੈ। ਚੰਚਲ ਸੁਭਾਅ। ਖੁਸ਼ਦੀਪ ਦਾ ਬਚਪਨ ਤੋਂ ਪੱਕਾ ਬੇਲੀ। ਪਿੰਡ ਦੇ ਪ੍ਰਾਇਮਰੀ ਸਕੂਲੇ ਇਕੱਠੇ ਸਨ। ਫਿਰ ਹਾਈ ਸਕੂਲ, ਕਾਲਜ ਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਆ ਵੜੇ, ਗੋਲਡੀ ਤੋਂ ਲਾਅ ਨਹੀਂ ਕਰ ਹੋਇਆ,ਪਹਿਲਾ ਸਾਲ ਹਾਲੇ ਮੁੱਕਿਆ ਨਹੀਂ ਸੀ ਤੇ ਛੱਡ ਕੇ ਮੁੰਡੀਹਰ ਨਾਲ ਰਲ ਗਿਆ। ਉਂਝ ਗੋਲਡੀ ਹਮੇਸ਼ਾ ਹੀ ਆਪਣੇ ਆਪ ਨੂੰ ਖੁਸ਼ਦੀਪ ਨਾਲੋਂ ਵੱਧ ਹੁਸ਼ਿਆਰ ਤੇ ਬਹੁਤਾ ਸਿਆਣਾ ਸਮਝਦਾ ਸੀ। ਜਿਸ ਦਿਨ ਖੁਸ਼ਦੀਪ ਦਾ ਨਤੀਜਾ ਆਇਆ ਸੀ, ਉਸ ਦਿਨ ਵੀ ਗੋਲਡੀ ਮੁੰਡਿਆਂ ਨਾਲ ਚੰਡੀਗੜ੍ਹ ਗੇੜੀ ਉਤੇ ਸੀ। ਉਸ ਨੂੰ ਨੈੱਟ ਉਤੋਂ ਖੁਸ਼ਦੀਪ ਦੇ ਜੱਜ ਚੁਣੇ ਜਾਣ ਦੀ ਸੂਚਨਾ ਮਿਲੀ। ਉਹ ਕਿੰਨੇ ਘੰਟੇ ਉਡੀਕ ਕਰੀ ਗਿਆ ਕਿ ਹੁਣੇ ਖੁਸ਼ਦੀਪ ਦਾ ਫ਼ੋਨ ਆਇਆ ਕਿ ਆਇਆ, ਉਹ ਆਪੇ ਦੱਸੇਗਾ ਖੁਸ਼ਖਬਰੀ। ਖੁਸ਼ਦੀਪ ਨੇ ਫ਼ੋਨ ਕਰਨ ਦੀ ਬਿਜਾਏ ਐਸ.ਐਮ.ਐਸ.ਹੀ ਲਿਖ ਭੇਜਿਆ। ਉਹੋ ਐਸ.ਐਮ.ਐਸ,ਜੋ ਉਸਨੇ ਹੋਰਨਾਂ ਨੂੰ ਵੀ ਭੇਜਿਆ ਸੀ। ਮੈਸਿਜ਼ ਪੜ੍ਹ ਕੇ ਗੋਲਡੀ ਅਪਸੈਟ ਜਿਹਾ ਹੋ ਗਿਆ। ਉਸਦੀ ਪੀਤੀ ਤਾਂ ਉਦੋਂ ਹੀ ਲੱਥ ਗਈ ਸੀ ਜਦੋਂ ਉਸ ਨੂੰ ਨੈੱਟ ਨੇ ਦੱਸਿਆ ਸੀ ਕਿ ਖੁਸ਼ਦੀਪ ਸਿੰਘ ਨਿਆਂਇਕ ਸੇਵਾਵਾਂ ਲਈ ਚੁਣਿਆ ਗਿਆ ਹੈ। ਖੁਸ਼ਦੀਪ ਦੀ ਇਹ ਸਿਆਣਪ ਹੀ ਸਮਝੋ ਕਿ ਘਰ ਪਿਓ ਲੜਾਕਾ ਤੇ ਸ਼ਰਾਬੀ ਸੀ। ਲੰਬੀ ਪੜ੍ਹਾਈ ਤੇ ਪੀ.ਸੀ.ਐੱਸ ਦੀ ਤਿਆਰੀ ਸਮੇਂ ਉਸਨੂੰ ਪਿਓ ਵੱਲੋਂ ਕੋਈ ਖ਼ਾਸ ਸਹਿਯੋਗ ਨਾ ਮਿਲਿਆ, ਮਾਂ ਹੀ ਉਸਦੇ ਪਿਓ ਨਾਲ ਲੜ-ਝਗੜ ਕੇ ਪੈਸੇ ਭੇਜਦੀ ਰਹੀ ਤੇ ਲਗਾਤਾਰ ਮਿਹਨਤ ਕਰਨ ਲਈ ਪ੍ਰੇਰਦੀ ਰਹੀ ਸੀ।

ਗੋਲਡੀ ਖੁਸ਼ਦੀਪ ਦੀ 'ਕਮਜ਼ੋਰੀ' ਬਣ ਚੁੱਕਿਆ ਸੀ। ਛੱਡ ਨਹੀਂ ਸੀ ਹੁੰਦਾ। ਪਿੰਡ ਵੀ ਇਕੋ। ਫਿਰ ਹਰ ਥਾਂ ਪੜ੍ਹਾਈ ਸਮੇਂ ਇਕੱਠੇ ਰਹੇ। ਇਕੱਠਿਆਂ ਨੇ ਕੁੜੀਆਂ ਪੱਟੀਆਂ, ਛੱਡੀਆਂ ਤੇ ਫਿਰ ਹੋਰ ਪੱਟੀਆਂ। ਚੁਲਬੁਲੇ ਸੁਭਾਅ ਦੇ ਗੋਲਡੀ ਨੇ ਖੁਸ਼ਦੀਪ ਨੂੰ ਪਹਿਲੋਂ

ਬੀਅਰ ਤੇ ਫਿਰ ਵਿਸਕੀ ਪੀਣ ਲਾਇਆ ਸੀ। ਇਨ੍ਹਾਂ ਦੋਵਾਂ ਦਾ 'ਬਹੁਤ ਕੁਝ' ਸਾਂਝਾ ਸੀ,ਕੇਵਲ ਜਾਤ-ਬਰਾਦਰੀ ਵਿਚ ਹੀ ਥੋੜ੍ਹਾ ਕੁ ਫ਼ਰਕ ਸੀ, ਗੋਲਡੀ ਤਰਖਾਣਾਂ ਦਾ ਮੁੰਡਾ ਤੇ ਖੁਸ਼ਦੀਪ 'ਸਿੱਧੂ ਜੱਟਾਂ' ਦਾ।

ਏਨੀ ਦਾਰੂ ਪੀ ਕੇ ਵੀ ਗੋਲਡੀ ਸੌਂ ਨਹੀਂ ਸਕਿਆ, "ਉਹ-ਹੋ... ਹੋ...ਹੋ ! ਚਲਾਕ ਜੱਟ ਮਾਰ ਗਿਆ ਮਾਂਜਾ, ਜੱਜ... ਬਣ...ਕੇ ਚਲਾਕ ਜੱਟ।" ਉਹਦੇ ਨਾਲ ਪਿਆ ਵਿਰਕ ਬੋਲਿਆ, "ਕੀ ਗੱਲ ਆ? ਟਿਕ ਜਾ ਹੁਣ, ਸੁਪਨੇ ਲੈਂਦਾ ਸਾਲਾ ਜੱਜ ਬਣਨ ਦੇ, ਪੁੱਤ...ਜਿਨ੍ਹਾਂ ਨੇ ਬਣਨਾ ਸੀ, ਉਹ ਬਣਗੇ...ਗੋਲਡੀ ਤੂੰ ਰਹਿ ਗਿਆ ਜੱਟਾਂ ਦੀ ਚਾਪਲੂਸੀ ਕਰਨ ਜੋਗਾ, ਤੇਰਾ ਕੁਝ ਵੀ ਨੀ ਬਣਨਾ...ਹੋਰ ਕਰ ਲੈ ਪਿਆਰ।"

"ਕੇਹੜੇ ਕੰਜਰ ਨੇ ਕੀਤੀ ਉਏ ਚਾਪਲੂਸੀ, ਪਿਆਰ ਤਾਂ ਹੈਗਾ, ਕਰੂੰਗਾ...ਤੂੰ ਸਾਲਿਆ ਕੀ ਲੈਣਾ।"

"ਤੂੰ ਟਿਕਦੈਂ ਕਿ ਨਹੀਂ?"

ਵਿਰਕ ਫਿਰ ਕੂਕਿਆ, "ਕੁੱਤਾ ਹੋਮੇਂਗਾ ਜੇ ਹੁਣ ਬੋਲਿਆ ਤਾਂ...।"

ਸਵੇਰੇ ਗੋਲਡੀ ਬਹੁਤ ਔਖਾ ਉਠਿਆ। ਸਿਰ ਦੁਖ ਰਿਹਾ ਸੀ, ਅੱਖਾਂ ਪਾਟ ਰਹੀਆਂ ਸਨ। ਖਿਝ ਚੜ੍ਹ ਰਹੀ ਸੀ। ਪਰ ਉਸਨੇ ਔਖੇ-ਸੌਖੇ ਖੁਸ਼ਦੀਪ ਨੂੰ ਫ਼ੋਨ ਮਿਲਾ ਲਿਆ, "ਸ਼ਾਬਾਸ਼ ਬੇਲੀਆ, ਮੈਂ ਤੇਰਾ ਫ਼ੋਨ ਉਡੀਕੀ ਗਿਆ ਰਾਤ, ਤੇ ਤੂੰ ਮੈਸਿਜ਼ ਸੈਂਡ ਕਰਕੇ ਹੀ ਸਾਰ ਦਿੱਤਾ ਉਏ? ਕੈਂਗਰੈਚੂਲੇਸ਼ਨ ਮੇਰੀ ਜਾਨ, ਕਿਆਂ ਬਾਤਾਂ ਨੇ ।" ਖੁਸ਼ਦੀਪ ਹਸਦਾ ਰਿਹਾ। ਏਧਰ-ਓਧਰ ਦੀਆਂ ਕਾਫੀ ਗੱਲਾਂ ਕਰਨ ਬਾਅਦ ਪਿੰਡ ਆ ਕੇ ਮਿਲਣ 'ਤੇ ਗੱਲ ਮੁੱਕੀ ਸੀ। ਪਿੰਡ ਦੇ ਮੁੰਡਿਆਂ ਨੇ ਵਟਸ-ਐਪ 'ਤੇ 'ਪਿੰਡ ਦੇ ਗੱਭਰੂ' ਨਾਂ ਹੇਠ ਗਰੁੱਪ ਬਣਾਇਆ ਹੋਇਆ ਸੀ। ਗੋਲਡੀ ਨੇ ਖੁਸ਼ਦੀਪ ਨਾਲ ਆਪਣੀ ਇੱਕ ਪੁਰਾਣੀ ਤਸਵੀਰ ਲੱਭ ਕੇ ਕੁਮੈਂਟ ਲਿਖਿਆ, "ਖੁਸ਼ ਬਾਈ ਨੂੰ ਜੱਜ ਬਣਨ 'ਤੇ ਮੁਬਾਰਕ।" ਇਹ ਦੇਖ ਕੇ ਖੁਸ਼ਦੀਪ ਦੇ ਕਜ਼ਨ ਨੇ ਹੇਠਾਂ ਲਿਖ ਦਿੱਤਾ, "ਕੀ ਉਤਲੇ ਮਨੋਂ ਹੈ ਮੁਬਾਰਕ?" ਗੋਲਡੀ ਨੇ ਕੁਮੈਂਟ ਪੜ੍ਹ ਕੇ ਫੋਨ ਕੀਤਾ, "ਏਹ ਕੀ ਉਏ? ਉਤਲੇ ਮਨੋਂ ਮੁਬਾਰਕਾਂ ਤੂੰ ਚਾਹੇ ਦਿੱਤੀਆਂ ਹੋਣ, ਮੇਰੀ ਤਾਂ ਜਾਨ ਆਂ ਮੇਰਾ ਖੁਸ਼ ਬਾਈ।" ਉਹ ਬਹਿਸਣ ਲੱਗੇ ਤੇ ਫਿਰ ਫੋਨ 'ਤੇ ਹੀ ਗਾਲੋ-ਗਾਲੀ ਹੋ ਪਏ। "ਚਲ ਸਾਲਾ ਬੁੜ੍ਹੀ ਮੂੰਹਾਂ ਜਿਆ੍।" ਖੁਸ਼ਦੀਪ ਦੇ ਕਜ਼ਨ ਨੇ ਗੋਲਡੀ ਨੂੰ ਰੋਹ ਭਰੀ ਸੁਰ ਵਿੱਚ ਆਖਿਆ। ਉਨ੍ਹਾਂ ਜਦੋਂ ਮਰਜ਼ੀ, ਤੇ ਜਿੱਥੇ ਮਰਜ਼ੀ ਟੱਕਰਨ ਲਈ ਇੱਕ ਦੂਜੇ ਨੂੰ ਵਗਾਰ ਵੀ ਦਿੱਤਾ ਸੀ। ਗੋਲਡੀ ਚੁੱਪ ਹੀ ਰਿਹਾ ਤੇ ਇਸ ਗੱਲ ਦੀ ਕਿਸੇ ਕੋਲ ਭਾਫ ਨਾ ਕੱਢੀ ਪਰ ਖੁਸ਼ ਦੇ ਕਜ਼ਨ ਨੇ ਤਾਏ ਸਰਪੰਚ ਨੂੰ ਆ ਦੱਸਿਆ, "ਕੁੱਤਾ ਤਖਾਣ ਰੋਅਬ ਮਾਰਦੈ ਤਾਇਆ ਜੀ।"

"ਜੇ ਆਪਣੇ ਆਲਾ ਈ ਚੰਗਾ ਹੋਵੇ ਤਾਂ ਫਿਰ ਕਾਹਦੇ ਘਾਟੇ ਨੇ! ਜਦ ਆਪਣਾ ਈ ਇਹਨੂੰ ਸਿਰ 'ਤੇ ਚੱਕੀ ਫਿਰਦੈ, ਫੇ ਕੀਹਨੂੰ ਕਹੀਏ?" ਪਿਤਾ ਗੋਲਡੀ 'ਤੇ ਪਹਿਲਾਂ ਹੀ ਬਹੁਤ ਔਖਾ ਸੀ ਤੇ ਕਈਆਂ ਨੂੰ ਕਹਿ ਚੁੱਕਾ ਕਿ ਸਾਡੇ ਮੁੰਡੇ ਦੇ ਮਗਰੋਂ ਈ ਨੀ ਲਹਿੰਦਾ ਚਗਲ ਕਿਤੋਂ ਦਾ।" ਖੁਸ਼ਦੀਪ ਨੂੰ ਪਿਓ ਨੇ ਬਹੁਤ ਵਾਰ ਆਖਿਆ ਸੀ, "ਛਡਦੇ ਤਖਾਣ ਦਾ ਖਹਿੜਾ, ਛਡਦੇ ਹੁਣ...ਮੇਰੀ ਮਿੰਨਤ ਐ ਛਡਦੇ ਹੁਣ ਚੰਡੀਗੜ ਏਹੇ ਛੋਕਰਾ ਗਲਤ ਮੁੰਡਿਆਂ ਨਾਲ ਫਿਰਦੈ ਜਿਹੜੇ ਆਹਾ ਤੁਸੀਂ ਕਹਿੰਨੇ ਓਂ ਗੈਂਗਸਟਾਰ ਕਿ ਕੀ...ਐਂਵੇ ਨੀ ਬਾਈ-ਬਾਈ ਸੌ ਆਲੀਆਂ ਪੈਂਟਾਂ ਤੇ ਪੰਜ-ਪੰਜ ਹਜ਼ਾਰ ਦੇ ਬੂਟ ਪਾਉਂਦਾ, ਸਾਰਾ ਮੈਨੂੰ ਉਹਦੇ ਪਿਓ ਨੇ ਦੱਸਿਆ ਸੀ, ਰੋਂਦਾ ਸੀ ਵਿਚਾਰਾ।" ਪਿਤਾ ਦੀਆਂ ਕਹੀਆਂ ਗੱਲਾਂ ਦਾ ਖੁਸ਼ਦੀਪ 'ਤੇ ਭੋਰਾ ਅਸਰ ਨਾ ਹੋਇਆ।

ਇਸ ਮੁੱਦੇ ਉਤੇ ਪਿਓ-ਪੁੱਤਾਂ ਵਿੱਚ ਕਈ ਵਾਰ 'ਘੈਂਸ-ਘੈਂਸ' ਹੋ ਚੁੱਕੀ ਸੀ। ਹੋਰ ਤਾਂ ਹੋਰ ਖੁਸ਼ਦੀਪ ਸਿੰਘ ਚੰਡੀਗੜ ਜੁਡੀਸ਼ੀਅਲ ਅਕੈਡਮੀ ਇੱਕ ਸਾਲ ਦੀ ਟਰੇਨਿੰਗ ਕਰਨ ਲਈ ਗਿਆ ਤਾਂ ਗੋਲਡੀ ਦੇ ਚੰਡੀਗੜ ਦੇ ਗੇੜੇ ਹੋਰ ਵਧ ਗਏ। ਜਿੰਨੇ ਦਿਨ ਗੋਲਡੀ ਚੰਡੀਗੜ ਰਹਿੰਦਾ ਤਾਂ ਓਨੇ ਦਿਨ ਖੁਸ਼ਦੀਪ ਆਥਣ ਵੇਲੇ ਅਕੈਡਮੀ ਵਿੱਚੋਂ ਬਾਹਰ ਆ ਜਾਂਦਾ ਸੀ ਤੇ ਰਾਤ ਦਸ ਵਜੇ ਤੱਕ ਉਹ ਬਾਹਰ ਹੀ ਫਿਰਦੇ ਰਹਿੰਦੇ।

"ਮੈਨੂੰ ਆਪਣੇ ਕੋਲ ਕਿਉਂ ਨੀ ਰਖਦਾ, ਮੈਨੂੰ ਬਾਹਰ ਰਹਿਣਾ ਪੈਂਦਾ ਆ।" ਗੋਲਡੀ ਸ਼ਿਕਵਾ ਕਰਦਾ।

"ਤੈਨੂੰ ਕਿੱਥੇ-ਕਿੱਥੇ ਕੁੱਛੜ ਚੁੱਕੀ ਫਿਰਾਂ ਮੈਂ, ਅਕੈਡਮੀ 'ਚ ਤਾਂ ਹਵਾ ਵੀ ਪੁੱਛ ਕੇ ਵੜਦੀ ਐ, ਤੇਰੀ ਜਾਨ ਨਿਕਲਦੀ ਬਾਹਰ ਰਹਿੰਦੇ ਦੀ, ?" ਖੁਸ਼ਦੀਪ ਆਖਦਾ।

ਮੁੰਡੇ ਦੇ ਜੱਜ ਬਣਨ ਨਾਲ ਇਸ ਪੇਂਡੂ ਘਰ ਵਿੱਚ ਬੜਾ ਅਜੀਬ ਜਿਹਾ ਮਾਹੌਲ ਬਣ ਗਿਆ ਹੋਇਆ ਸੀ। ਖੁਸ਼ੀ ਤੇ ਮਾਣ-ਮੋਹ ਨਾਂ ਦੀ ਕੋਈ ਚੀਜ਼ ਨਹੀਂ ਸੀ।

ਗੋਲਡੀ ਦਾ ਪਿਓ ਕਿਰਤੀ ਬੰਦਾ ਤੇ ਪਿੰਡ ਵਿਚ ਅਜੇ ਵੀ ਤਰਖਾਣਾ ਕੰਮ ਹੀ ਕਰ ਰਿਹਾ ਸੀ। ਖੁਸ਼ਦੀਪ ਦਾ ਪਿਓ ਪਹਿਲਾਂ ਮੈਂਬਰ ਪੰਚਾਇਤ ਬਣਿਆ ਸੀ ਤੇ ਫਿਰ ਸਰਪੰਚੀ ਵੀ ਪੈਰਾਂ ਹੇਠ ਬਟੇਰੇ ਵਾਂਗ ਆ ਗਈ ਸੀ। ਮਾਰਕੀਟ ਕਮੇਟੀ ਦਾ ਚੇਅਰਮੈਨ ਬਣਦਾ-ਬਣਦਾ ਹੀ ਰਹਿ ਗਿਆ ਸੀ ਪਰ ਇਲਾਕੇ ਦੇ ਸਿਰਕੱਢ ਨੇਤਾਵਾਂ ਸਮੇਤ ਐਮ.ਐਲ.ਏ. ਤੇ ਹੋਰ ਸਭ ਨਾਲ ਬਹਿਣ-ਉਠਣ ਹੋਣ ਕਾਰਨ ਲੋਕੀ ਉਸਨੂੰ ਆਪਣੇ ਆਪ ਹੀ 'ਚੇਅਰਮੈਨ ਸਾਹਬ' ਕਹਿਣ ਲੱਗ ਪਏ ਸਨ। ਜਿਸ ਦਿਨ ਪੁੱਤਰ ਦੇ ਜੱਜ ਬਣਨ ਦੀ ਖ਼ਬਰ ਆਈ ਸੀ ਤਾਂ ਨੇਤਾ-ਲੋਕ ਹੂਟਰ ਮਾਰਦੀਆਂ ਨੀਲੀਆਂ-ਪੀਲੀਆਂ ਗੱਡੀਆਂ ਭਜਾਉਂਦੇ ਪੂਰੇ ਲਾਮ-ਲਸ਼ਕਰ ਨਾਲ ਵਧਾਈਆਂ ਦੇਣ ਪੁੱਜੇ ਸਨ।

"ਏਹ ਤੁਆਡੀ ਕਿਰਪਾ ਈ ਐ ਸਾਰੀ, ਐਮ.ਐਲ.ਏ.ਸਾਹਬ ਚੱਕ ਦਿਆਂਗੇ ਫੱਟੇ, ਵਾਹਿਗੁਰੂ ਆਪਣੇ ਦੁਸ਼ਮਣਾਂ 'ਤੇ ਵੀ ਇਹੋ-ਜੇ ਰੰਗ ਲਿਆਵੇ ਐਮ.ਐਲ.ਏ ਸਾਹਬ।" ਸਰਪੰਚ ਨੇ ਐਮ.ਐਲ.ਏ. ਨੂੰ ਪੈਗ ਫੜਾਉਂਦਿਆਂ ਆਖਿਆ। ਸਰਪੰਚ ਦੇ ਘਰ ਬੈਠੇ

ਐਮ.ਐਲ.ਏ. ਤੇ ਹੋਰਨਾਂ ਕੁਝ ਪੜ੍ਹੇ-ਲਿਖੇ ਪਤਵੰਤਿਆਂ ਨੂੰ ਤਾਂ ਇਸ ਗੱਲ ਦਾ ਪਤਾ ਸੀ ਕਿ ਮੁੰਡੇ ਦੇ ਜੱਜ ਚੁਣੇ ਜਾਣ ਵਿਚ ਐਮ.ਐਲ.ਏ. ਜਾਂ ਕਿਸੇ ਲੀਡਰ ਦਾ ਕੋਈ ਹੱਥ ਨਹੀਂ ਸੀ, ਇਹ ਤਾਂ ਸਰਪੰਚ ਨੇ ਐਮ.ਐਲ.ਏ. ਦਾ ਮਾਣ-ਤਾਣ ਰੱਖਣ ਲਈ ਹੀ ਇੰਝ ਆਖਿਆ ਸੀ,''ਤੁਆਡੀ ਕਿਰਪਾ ਈ ਐ ਸਾਰੀ।'' ਪਤਾ ਐਮ. ਐਲ. ਏ. ਨੂੰ ਵੀ ਸੀ ਕਿ ਸਰਪੰਚ ਉਸਨੂੰ ਫੋਕੀ ਫੂਕ ਹੀ ਛਕਾ ਰਿਹਾ ਹੈ।

ਖੁਸ਼ਦੀਪ ਦੀ ਨੌਕਰੀ ਨੂੰ ਅਕੈਡਮੀ ਦੀ ਇੱਕ ਸਾਲਾ ਟਰੇਨਿੰਗ ਤੋਂ ਬਿਨਾਂ ਇੱਕ ਸਾਲ ਅਦਾਲਤ ਵਿੱਚ ਪੂਰਾ ਹੋ ਚੱਲਿਆ ਸੀ। ਇਸ ਇਕ ਸਾਲ ਦੇ ਅਰਸੇ ਦੌਰਾਨ ਪਿੰਡ ਉਹ ਤਿੰਨ-ਚਾਰ ਵਾਰ ਹੀ ਆਇਆ ਸੀ। ਅੱਜ ਵੀ ਉਹ ਤਿੰਨ ਮਹੀਨੇ ਮਗਰੋਂ ਪਿੰਡ ਆ ਰਿਹਾ ਸੀ।

*****

ਪਿੰਡ ਦੀ ਜੂਹ ਵੜਦਿਆਂ ਹੀ ਖੁਸ਼ਦੀਪ ਦੇ ਮਨ ਅੰਦਰ ਅਨੋਖੀ ਜਿਹੀ ਤਰੰਗ ਤਾਰੀ ਹੋਣ ਲੱਗੀ। ਉਸਦੇ ਪਿੰਡ ਨੂੰ ਜਾਂਦੀ ਸੜਕ 'ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ' ਅਧੀਨ ਖੁੱਲ੍ਹੀ ਤੇ ਚੌੜੀ ਹੋ ਚੁੱਕੀ ਸੀ। ਇੱਥੇ ਕਾਰ ਭਜਾਉਣ ਦਾ ਸਵਾਦ ਵੀ ਵੱਖਰਾ ਹੀ ਸੀ। ਉਸਦਾ ਪੈਰ ਮੱਲੋ-ਮੱਲੀ ਹੀ ਰੇਸ ਨੂੰ ਹੋਰ ਦੱਬਣ ਲੱਗਾ। ''ਬੂਹਾ ਖੋਲ ਦਿਓ ਮੰਮੀ, ਮੈਂ ਆ ਗਿਆ।'' ਉਸਨੇ ਲੈਂਡ ਲਾਈਨ ਫੋਨ ਉਤੇ ਮਾਂ ਨੂੰ ਆਖਿਆ। ਮਾਂ ਤੇ ਕੰਮ ਵਾਲੀ ਕੁੜੀ ਪਿੰਦਰ ਦਰਵਾਜਾ ਖੋਲ੍ਹ ਹੀ ਰਹੀਆਂ ਸਨ ਕਿ ਉਸਨੇ ਜਾਂ 'ਪੀਂ-ਪੀਂ' ਕੀਤੀ। ਕਾਰ ਵਰਾਂਡੇ ਵਿੱਚ ਲਾ ਕੇ ਮਾਂ ਨੂੰ ਆ ਜੱਫੀ ਪਾਈ। ''ਕੀ ਹਾਲ ਨੇ, ਪਾਪਾ ਕਿੱਥੇ?''

''ਮੁੱਖ ਮੰਤਰੀ ਆਇਆ ਵਿਐ ਪਿੰਡਾਂ 'ਚ ਸੰਗਤ ਦਰਸ਼ਨਾਂ ਨੂੰ, ਉਹਦੇ ਦਰਸ਼ਨ ਕਰਨ ਗਿਆ ਪਾਪਾ ਤੇਰਾ...ਆਜੂ ਆਥਣੇ।'' ਖੁਸ਼ਦੀਪ ਮਾਂ ਦੀ ਗੱਲ ਤੋਂ ਖੁਸ਼ ਹੋਇਆ, ''ਆ ਕੇ ਕਿਹੜਾ ਮੈਨੂੰ ਖੰਡ ਪਾਉਣੀ ਆਂ, ਲੜਨਾ ਈ ਆਂ, ਜਦੋਂ ਮਰਜ਼ੀ ਆਜੇ।'' ਪਾਣੀ ਪੀਂਦਾ ਖੁਸ਼ ਹੱਸਣ ਲੱਗਿਆ ਤਾਂ ਕੰਮ ਵਾਲੀ ਕੁੜੀ ਤੇ ਮਾਂ ਤੋਂ ਵੀ ਹੱਸੇ ਬਿਨਾਂ ਰਿਹਾ ਨਾ ਗਿਆ। ਰੋਟੀ ਖਾ ਕੇ ਖੁਸ਼ਦੀਪ ਮਾਂ ਦੇ ਮੰਜੇ ਉਤੇ ਜਾ ਲੇਟਿਆ। ਉਸਨੂੰ ਬੜੀ ਗੂੜ੍ਹੀ ਨੀਂਦਰ ਆਈ,ਅਜਿਹੀ ਨੀਂਦਰ ਉਸਨੂੰ ਹਮੇਸ਼ਾ ਘਰ ਆਣ ਕੇ ਹੀ ਆਉਂਦੀ ਸੀ। ਜਦ ਉਹ ਉੱਠਿਆ ਤਾਂ ਗੁਰਦਵਾਰੇ ਭਾਈ ਜੀ ਨੇ ਰਹਿਰਾਸ ਕਰਨੀ ਸ਼ੁਰੂ ਕਰ ਦਿੱਤੀ ਸੀ। ਪਿਤਾ ਜੀ ਵੀ ਮੁੱਖ ਮੰਤਰੀ ਸਾਹਬ ਦੇ ਦਰਸ਼ਨਾਂ ਨਾਲ ਨਿਹਾਲੋ-ਨਿਹਾਲ ਹੋ ਕੇ ਘਰ ਆ ਗਏ ਸਨ। ਉਠ ਕੇ ਉਹ ਵਿਹੜੇ ਵਿੱਚ ਆਇਆ, ਪਿਤਾ ਜੀ ਕੁਰਸੀ ਡਾਹੀ ਬੈਠੇ ਜਿਵੇਂ ਉਸੇ ਦੀ ਹੀ ਉਡੀਕ ਕਰ ਰਹੇ ਸਨ।

''ਸਾਸਰੀ ਕਾਲ ਪਾਪਾ, ਕਿਵੇਂ ਓ।''

''ਵਧੀਆ ਐ ਵਧੀਆ,ਆ ਗਿਐਂ, ਬਾਹਲੀ ਦੇਰ ਮਗਰੋਂ ਦਿਲ ਕੀਤਾ ਏਸ ਵਾਰੀ ਤਾਂ...।''

''ਪਾਪਾ, ਕੰਮ ਦਾ ਬੜਾ ਬੋਝ ਹੁੰਦਾ, ਬਸ...ਪੁੱਛੋ ਈ ਕੁਛ ਨਾ, ਹੁਣ ਤਿੰਨ ਛੁੱਟੀਆਂ ਰਲ ਗਈਆਂ ਤੇ ਮੈਂ ਸੋਚਿਆ ਕੋਠੀ 'ਕੱਲਾ ਕੀ ਕਰੂੰਗਾ, ਬੋਰ ਜਿਹੇ ਹੋ ਜਾਈਦੈ, ਬਸ ਕੋਠੀ ਤੋਂ ਕੋਰਟ, ਤੇ ਕੋਰਟ ਤੋਂ ਕੋਠੀ, ਦੁਖੀ ਲੋਕਾਂ ਵਿੱਚ ਵਿਚਰਦਿਆਂ ਆਪ ਵੀ ਦੁਖੀ ਜਿਹੇ ਹੋ ਜਾਈਦੈ, ਮਿਸਲਾਂ ਦੀਆਂ ਢੇਰੀਆਂ ਨਾਲ ਮੱਥਾ ਮਾਰੀ ਜਾਓ,ਵਕੀਲਾਂ ਦੀ 'ਯਭ-ਯਭ' ਸਾਰਾ ਦਿਨ ਸੁਣੀ ਜਾਓ, ਮੈਨੂੰ ਤਾਂ ਇਉਂ ਲਗਦਾ ਕਿ ਸਾਡੇ ਨਾਲੋਂ ਤਾਂ ਪ੍ਰਾਇਮਰੀ ਸਕੂਲਾਂ ਦੇ ਟੀਚਰ ਈ ਚੰਗੇ ਆ, ਦੋ ਵਜੇ ਤੋਂ ਬਾਅਦ ਉਨ੍ਹਾਂ ਨੂੰ ਕੋਈ ਬੁਲਾ ਨੀ ਸਕਦਾ ਤੇ ਜੱਜ...? ਕੀ-ਕੀ ਦੱਸਾਂ ਹੁਣ ਮੈਂ,ਵੇਖਣ ਨੂੰ ਈ ਚੰਗਾ ਜੱਜ ਨੇ, ਬਾਕੀ ਨਾ ਹੀ ਪੁਛੋ ਤਾਂ ਚੰਗਾ ਐ, ਸਾਡਾ ਚੀਫ ਜਸਟਿਸ ਠਾਕੁਰ ਮੋਦੀ ਸਾਹਮਣੇ ਭਾਸ਼ਣ ਕਰਦਾ ਰੋ ਪਿਆ ਕਿ ਹੁਣ ਤੀਕ ਸਰਕਾਰਾਂ ਨੇ ਜੱਜਾਂ ਦਾ ਦਰਦ ਈ ਨੀ ਜਾਣਿਆ, ਕੇਸਾਂ ਦੀ ਗਿਣਤੀ ਕਰੋੜਾ 'ਚ ਤੇ ਜੱਜਾਂ ਦੀ ਗਿਣਤੀ ਬਹੁਤ ਘੱਟ।'' ਖੁਸ਼ਦੀਪ ਨੇ ਵਿਸਥਾਰ 'ਚ ਗੱਲ ਕੀਤੀ।

''ਤੂੰ ਤਾਂ ਠੰਢੀ ਖੀਰ ਨੂੰ ਫੂਕਾਂ ਮਾਰਦੈਂ, ਲੋਕ ਜੱਜ ਬਣਨ ਨੂੰ ਤਰਸਦੇ ਫਿਰਦੇ ਐ...ਅਖੇ ਕੀ ਫ਼ਲਾਣਿਆਂ ਤੂੰ ਜੱਜ ਲੱਗੈਂ? ਤੇ ਲੱਖਾਂ ਰੁਪੱਈਏ ਚੱਕੀ ਫਿਰਦੇ ਐ ਦੇਣ ਨੂੰ, ਤੇ ਤੂੰ ਸਗੋਂ ਰੱਬ ਦਾ ਸ਼ੁਕਰ ਨੀ ਕਰਦਾ।'' ਪਿਓ-ਪੁੱਤ ਗੱਲਾਂ ਕਰ ਰਹੇ ਸਨ, ਮਾਂ ਵੀ ਕੋਲ ਆ ਕੇ ਬਹਿ ਗਈ। ਉਸ ਸ਼ਾਮ ਉਹਨਾਂ ਤਿੰਨਾਂ ਨੇ ਦਿਲ ਭਰ ਕੇ ਗੱਲਾਂ ਕੀਤੀਆਂ ਤੇ ਤਿੰਨਾਂ ਨੂੰ ਜਾਪਿਆ ਕਿ ਜਿਵੇਂ ਉਹ ਹਲਕਾ-ਹਲਕਾ ਜਿਹਾ ਮਹਿਸੂਸ ਕਰ ਰਹੇ ਹੋਣ!

''ਪਾਪਾ,ਉਥੇ ਇੱਕ ਮੁੰਡਾ ਮੇਰਾ ਫਰੈਂਡ ਬਣਿਆਂ, ਦਿਮਾਗੀ ਰੋਗਾਂ ਦਾ ਡਾਕਟਰ, ਬਹੁਤ ਸਿਆਣਾ, ਮਨੋਰੋਗ ਦਾ ਪੂਰਾ ਮਾਹਰ ਐ, ਜਿਹੜੇ ਬੰਦੇ ਨੂੰ ਗੁੱਸਾ ਵੱਧ ਆਉਂਦਾ ਹੋਵੇ, ਕੋਈ ਦਿਮਾਗੀ ਪ੍ਰਾਬਲਿਮ ਹੋਵੇ,ਨੀਂਦ ਨਾ ਆਵੇ ਤੇ ਸਿਆਸੀ ਬੰਦਿਆਂ 'ਚ ਆਉਣ-ਜਾਣ ਦਾ ਵਾਹਵਾ ਭੁੱਸ ਹੋਵੇ, ਮੈਂ ਤੁਹਾਡੇ ਬਾਰੇ ਵੀ ਗੱਲ ਕੀਤੀ ਸੀ ਉਹਦੇ ਨਾਲ, ਉਹਦੇ ਕੋਲੋਂ ਚੈਕਅਪ ਕਰਵਾਉਣਾ ਤੁਹਾਡਾ।'' ਖੁਸ਼ਦੀਪ ਦੀ ਗੱਲ ਸੁਣ ਕੇ ਸਰਪੰਚ ਸਾਹਬ ਭਲਾ ਬੋਲੇ ਬਿਨਾਂ ਕਿਵੇਂ ਰਹਿ ਸਕਦੇ ਸਨ,''ਨਾ ਨਾ ਮੈਨੂੰ ਕੀ ਹੋਇਆ? ਮੇਰੇ ਦਮਾਕ ਨੂੰ ਕੀ ਕੋਹੜ ਚੱਲਿਐ, ਤੇਰੀ ਮਾਂ ਨੂੰ ਤੇ ਤੈਨੂੰ ਈ ਮੈਂ ਕਮਲਾ ਲਗਦਾ ਆਂ, ਬਾਹਰ ਤਾਂ ਮੇਰੀ ਬੱਲੇ-ਬੱਲੇ ਐ ਤੇ ਘਰੇ ਥੱਲੇ-ਥੱਲੇ ਐ,ਸਾਰੇ ਜਥੇਦਾਰ ਮੈਨੂੰ ਪੁੱਛ-ਪੁੱਛ ਕੇ ਕੰਮ ਕਰਦੇ ਐ, ਅੱਜ ਮੈਂ ਮੁੱਖ ਮੰਤਰੀ ਸਾਹਬ ਦੇ ਜਵਾਂ ਈ ਨੇੜੇ ਬੈਠਾ ਸੀ, ਜਦ ਮੈਂ ਸਾਸਰੀ ਕਾਲ ਕੀਤੀ ਤਾਂ ਸੀ ਐਮ ਸਾਹਬ ਨੇ ਸਪੈਸ਼ਲ ਪੁੱਛਿਆ ਅਖੇ ਸਰਪੰਚ ਸਾਹਬ ਥੋਡਾ ਮੁੰਡਾ ਕਿੱਥੇ ਲੱਗਾ ਐ ਅਜਕਲ, ਕਾਕਾ ਸੀ ਐਮ ਸਾਹਬ ਦੀ ਸਿਫਤ ਦੱਸਾਂ ਤੈਨੂੰ ਮੈਂ, ਦੂਰੋਂ ਈ ਨਾਂ ਲੈਕੇ ਬੁਲਾਉਂਦੇ ਐ, ਅਖੇ ਫਲਾਣਾ ਸਿਁਆਂ ਕੀ ਹਾਲ ਐ, ਐਨਾ ਮਿੱਠਾ ਸੁਭਾਅ, ਪਟਵਾਰੀ ਨੂੰ ਕਹਿਣਗੇ ਭਾਈ ਪਟਵਾਰੀ ਸਾਹਬ ਆਹ ਕੰਮ ਕਰ ਦਿਓ ਤੇ ਥਾਣੇਦਾਰ ਨੂੰ ਵੀ 'ਸਾਹਬ' ਕਹਿੰਦੇ ਐ ਮੁੱਖ ਮੰਤਰੀ ਸਾਹਬ ਤੇ ਵੱਡੇ ਅਫਸਰਾਂ ਨੂੰ ਤਾਂ 'ਸਾਹਬ' ਕਹਿਣਾ ਹੀ ਹੋਇਆ, ਕੀ ਡੀਸੀ ਤੇ ਕੀ ਐਸ ਐਸ ਪੀ, ਸਗੋਂ ਡੀ ਆਈ ਜੀ ਨੇ ਵੀ ਅਜ ਮੁੱਖ ਮੰਤਰੀ ਸਾਹਬ ਦੇ ਗੋਡੀਂ ਹੱਥ ਲਾਏ ਸਭ ਦੇ ਸਾਹਮਣੇ।'' ਮੁੱਖ ਮੰਤਰੀ ਸਾਹਬ ਦੀ ਮਹਿਮਾ ਗਾਉਂਦੇ ਸਰਪੰਚ ਦੀ ਸੁਰ ਕਾਫੀ ਉੱਚੀ ਹੋ ਗਈ। ਮਾਂ-ਪੁੱਤ ਚੁੱਪ ਕਰ

ਗਏ। ਵਿਚੇ ਵਿੱਚ ਖੁਸ਼ਦੀਪ ਦਾ ਦਿਲ ਕਰੇ ਕਿ ਉਹ ਉੱਠ ਕੇ ਚੋਬਾਰੇ ਜਾ ਚੜ੍ਹੇ। ਸੋ, ਸਰਪੰਚ ਸਾਹਬ ਕਾਫੀ ਚਿਰ ਆਪਣਾ ਵਿਖਿਆਨ ਕਰਦੇ ਰਹੇ।''ਮੈਂ ਨਹਾ ਲਵਾਂ, ਫਿਰ ਫਾਈਲਾਂ ਵੀ ਪੜ੍ਹਨੀਆਂ ਨੇ।''

ਇਹ ਆਖ ਉਹ ਉਥੋਂ ਉੱਠ ਖਲੋਇਆ। ਆਪਣੇ ਚੋਬਾਰੇ ਨੂੰ ਚੜ੍ਹਨ ਲੱਗਿਆ, ''ਤੇਰੀਆਂ ਤੇਰੇ ਨਾਲ ਈ ਨਿਭਣਗੀਆਂ ਬਾਪੂ, ਲਗਦਾ ਕੋਈ ਸੁਧਾਰ ਨੀ ਹੋਣਾ ਹੁਣ...ਹੇ ਵਾਹੇਗੁਰੂ ਬਾਪੂ ਤਾਂ ਬਾਦਲ ਬਾਦਲ ਕੂਕਦਾ, ਸੱਚੇ ਪਾਤਸ਼ਾਹ ਏਹਨੇ ਤੇਰਾ ਸ਼ੁਕਰਾਨਾ ਤਾਂ ਕੀਤਾ ਈ ਨੀ।'' ਪੌੜੀਆਂ ਚੜ੍ਹਦਾ ਉਹ ਬੁੜ-ਬੁੜਾਇਆ ਸੀ।

''ਸਬਜੀ ਵੀ ਬਣਗੀ ਤੇ ਦਾਲ ਵੀ, ਆਟਾ ਵੀ ਗੁਨ੍ਹਤਾ।'' ਕੰਮ ਵਾਲੀ ਕੁੜੀ ਬੋਲੀ। ਸਰਦਾਰਨੀ ਨੇ ਉਸਨੂੰ ਵੇਲੇ ਨਾਲ ਹੀ ਜਾਣ ਲਈ ਆਖ ਦਿੱਤਾ, ''ਤੂੰ ਚਲੀ ਜਾਹ ਘਰ, ਦੋ-ਦੋ ਫੁਲਕੇ ਈ ਲਾਹੁੰਣੇ ਨੇ, ਮੈਂ ਆਪੇ ਲਾਹ ਲਊਂ ਜਦ ਖਾਣੀ ਹੋਈ ਏਹਨਾਂ ਨੇ।'' ਸਰਦਾਰਨੀ ਨੂੰ ਪਤਾ ਸੀ ਕਿ ਦੋ-ਦੋ ਘੁੱਟ ਪੀ ਕੇ ਇਹਨਾਂ ਨੇ ਬਹਿਸਣਾ-ਖਪਣਾ ਤਾਂ ਲਾਜ਼ਮੀ ਹੀ ਹੈ ਤੇ ਬਿਗਾਨੀ ਕੁੜੀ ਸਾਰੀਆਂ ਗੱਲਾਂ ਸੁਣੂੰ,ਫਿਰ ਗੱਲ ਸਾਰੇ ਪਿੰਡ 'ਚ ਉੱਡੂ।

ਖੁਸ਼ਦੀਪ ਦੇ ਚੋਬਾਰੇ ਵਿੱਚ ਹਾਲੇ ਉਸਦਾ ਕਾਫੀ ਨਿੱਕ-ਸੁੱਕ ਪਿਆ ਹੋਇਆ ਸੀ। ਇੱਕ ਅਲਮਾਰੀ ਵਿੱਚ ਉਸਦੀਆਂ ਕਾਫੀ ਸਾਰੀਆਂ ਸਾਹਿਤਕ ਪੁਸਤਕਾਂ ਸਨ ਤੇ ਕਈ ਸੀਡੀਜ਼ ਤੇ ਡੀਵੀਡੀਜ਼ ਪਈਆਂ ਸਨ। ਹੇਠਲੇ ਪਾਸੇ ਵੰਨ-ਸੁਵੰਨੀ ਸ਼ਰਾਬ ਦੀਆਂ ਕੁਝ ਬੋਤਲਾਂ ਟਿਕਾ ਰੱਖੀਆਂ ਸਨ। ਅਜ ਚਾਰ ਮਹੀਨੇ ਬਾਅਦ ਉਸਨੇ ਅਲਮਾਰੀਆਂ ਖੋਲ੍ਹੀਆਂ ਤਾਂ ਉਸਨੂੰ ਬੜਾ 'ਚੰਗਾ-ਚੰਗਾ' ਮਹਿਸੂਸ ਹੋਣ ਲੱਗਿਆ ਸੀ। ਦੋ-ਤਿੰਨ ਸਾਹਿਤਕ ਕਿਤਾਬਾਂ ਕੱਢੀਆਂ, ਜੋ ਉਸਨੇ ਆਪਣੇ ਨਾਲ ਲਿਜਾਣੀਆਂ ਸਨ। ਉਹ ਹੇਠਾਂ ਗਿਆ, ਫਰਿੱਜ ਵਿੱਚੋਂ ਪਾਣੀ ਦੀ ਬੋਤਲ ਤੇ ਬਰਫ਼ ਕੱਢੀ। ''ਮੰਮੀ, ਸਲਾਦ ਚੀਰਦੇ ਜਾਂ ਦਾਲ ਪਾਦੇ ਕੌਲੀ 'ਚ...।'' ਮਾਂ ਨੇ ਮੂੰਗੀ-ਸਾਬਤੀ ਦਾਲ ਵਿੱਚ ਮੱਖਣ ਦਾ ਲੱਪ ਸੁੱਟ੍ਹਿਆ, ਗੰਢਾ ਚੀਰਿਆ ਤੇ ਪੌੜੀਆਂ ਚੜ੍ਹ ਪਈ, ''ਮੇਰਾ ਸ਼ੇਰ, ਅਜ ਨਾ ਬੋਲੀਂ ਪੁੱਤ,ਤੈਨੂੰ ਮੇਰੀ ਸਹੁੰ, ਮਸਾਂ-ਮਸਾਂ ਮਿਲਣ ਆਉਨੈ ਤੂੰ, ਮੈਂ ਤਾਂ ਤਰਸ ਜਾਨੀ ਆਂ, ਜਦ ਕਿਤੇ ਟੈਲੀਵੀਜਨ ਉਤੇ ਕੋਈ ਫਿਲਮ ਆ ਰਹੀ ਹੋਵੇ ਤੇ ਵਿਚ ਅਦਾਲਤ ਦਾ ਸੀਨ ਆਜੇ ਤਾਂ ਮੈਂ ਦੇਖਦੀ ਆਂ ਮੇਰਾ ਖੁਸ਼ਾ ਪੁੱਤ ਵੀ ਇਉਂ ਹੀ ਬਹਿੰਦਾ ਹੋਣੈ ਫੱਬ-ਸੱਜ ਕੇ, ਪਸੇਰੀ ਖੂਨ ਵਧ ਜਾਂਦੈ ਮੇਰਾ ਤਾਂ ਪੁੱਤ, ਦੇਖ ਰੱਬ ਨੇ ਕਿੱਡੀ ਪਦਵੀ ਦਿੱਤੀ ਐ ਸੱਚੇ ਪਾਤਸ਼ਾ ਨੇ, ਸਾਰੇ ਆਂਢ-ਗੁਆਂਢ ਸੜੇ-ਬਲੇ ਪਏ ਐ।'' ਇਕੋ ਸਾਹੇ ਬੋਲਦੀ ਮਾਂ ਨੇ ਖੁਸ਼ ਨੂੰ ਕਲੇਜੇ ਨਾਲ ਲਾ ਲਿਆ। ਅੱਜ ਬੜੀ ਦੇਰ ਬਾਅਦ ਖੁਸ਼ਦੀਪ ਦੀਆਂ ਅੱਖਾਂ ਨਮ ਹੋਈਆਂ ਸਨ। ''ਮੈਨੂੰ ਪਤੈ ਏਹਨੇ ਅਜ ਤੈਨੂੰ ਉਲਾਂਭਾ ਵੀ ਦੇਣਾ ਹੈਗਾ ਕਿ ਤੂੰ ਫੁੱਫੜ ਨੂੰ ਕਿਉ ਨਾ ਮਿਲਿਆ, ਬਸ ਚੁੱਪ ਕਰਜੀਂ ਤੂੰ, ਉਹੋ ਜਾ ਉਹ ਚੰਦਰਾ ਜੇਹੜਾ ਕਚਹਿਰੀ 'ਚ ਮਿਲਣ ਗਿਆ ਤੈਨੂੰ...।'' ਅੱਖਾਂ ਪੂੰਝਦੀ ਹੋਈ ਮਾਂ ਪੌੜੀਆਂ ਉਤਰ ਆਈ।

ਖੁਸ਼ਦੀਪ ਦਾ ਫੁੱਫੜ ਵੀ ਸੱਤਾਧਾਰੀ ਪਾਰਟੀ ਦਾ ਸਿਰਕੱਢ ਲੀਡਰ ਤੇ ਚੰਗੀ ਪੁਛ-ਪ੍ਰਤੀਤ ਵਾਲਾ ਮੁਹਤਬਰ! ਇੱਕ ਦਿਨ ਬਿਨਾਂ ਪੁੱਛੇ ਜਾਂ ਫੋਨ ਕਰੇ ਤੋਂ, ਉਹ ਮਿਲਣ ਲਈ ਚਲਾ ਗਿਆ। ਨਾਲ ਇੱਕ ਸੱਜਣ ਹੋਰ ਸੀ। ਕੋਰਟ ਲੱਗੀ ਹੋਈ ਸੀ। ਬਹਿਸ ਚੱਲ ਰਹੀ ਸੀ। ਚੈਂਬਰ ਵਿੱਚ ਬੈਠੇ ਜੱਜ ਖੁਸ਼ਦੀਪ ਸਿੰਘ ਨੇ ਉਹ ਆਏ ਹੋਏ ਦੇਖ ਤਾਂ ਲਏ ਸਨ ਪਰ ਨਜ਼ਰ ਰਤਾ ਨਾ ਮਿਲਾਈ। ਉਹ ਕੋਰਟ ਵਿੱਚ ਵਕੀਲਾਂ ਲਈ ਲੱਗੀਆਂ ਕੁਰਸੀਆਂ ਉਤੇ ਫੱਬ ਕੇ ਇੰਝ ਬੈਠ ਗਏ ਜਿਵੇਂ ਕਿਤੇ ਜੰਞ ਆਏ ਹੋਣ! ਜੱਜ ਖੁਸ਼ਦੀਪ ਸਿੰਘ ਨੂੰ ਫੁੱਫੜ ਦਾ ਇੰਝ ਆਉਣਾ ਤੇ ਬਹਿਣਾ ਬਿਲਕੁਲ ਚੰਗਾ ਨਹੀਂ ਸੀ ਲੱਗਿਆ। ਇੱਕ ਬਹਿਸ ਮੁੱਕੀ ਤੇ ਹੋਰ ਛਿੜ ਪਈ ਸੀ। ਕੋਰਟ ਵਿੱਚ ਭੀੜ ਕਾਫੀ ਸੀ। ਖੁਸ਼ਦੀਪ ਸਿੰਘ ਨੇ ਸਿਰ ਉਤਾਂਹ ਚੁੱਕਿਆ ਹੀ ਨਹੀਂ ਸੀ। ਆਖਿਰ, ਫੁੱਫੜ ਤੇ ਨਾਲ ਦਾ ਸਾਥੀ ਉਡੀਕ-ਉਡੀਕ ਕੇ ਕੋਰਟ ਵਿੱਚੋਂ ਬਾਹਰ ਆ ਗਏ। ਫੁੱਫੜ ਨੇ ਬਾਹਰ ਆ ਕੇ ਆਪਣੇ ਸਾਲੇ ਸਰਪੰਚ ਸਾਹਬ ਨੂੰ ਫੋਨ ਮਿਲਾ ਲਿਆ ਤੇ ਭਰੀ ਕਚਹਿਰੀ ਵਿਚੋਂ ਦੀ ਤੁਰਿਆ ਜਾਂਦਾ ਕਿਸੇ ਢਾਡੀ ਸਿੰਘ ਵਾਂਗ ਉਚੀ ਸੁਰ ਵਿੱਚ ਕੂਕ ਰਿਹਾ ਸੀ, ''ਤੇਰਾ ਮੁੰਡਾ ਜੱਜ ਕਾਹਦਾ ਬਣ ਗਿਆ, ਏਹ ਤਾਂ ਬੰਦੇ ਨੂੰ ਬੰਦਾ ਨੀ ਸਮਝਦਾ, ਮੇਰੇ ਵੱਲ ਵੇਖਿਆ ਤੱਕ ਨੀ, ਦੋ ਘੰਟੇ ਬੈਠੇ ਰਹੇ,ਪਾਣੀ-ਧਾਣੀ ਤਾਂ ਕਿਸ ਭੜੂਏ ਨੇ ਪਿਆਉਣਾ ਸੀ,ਏਹੋ ਜਿਹੇ ਜੱਜ ਤੋਂ ਕੀ ਦਹੀਂ ਲੈਣਾ ਆਂ।'' ਫੁੱਫੜ ਪੂਰਾ ਦੁਖੀ ਹੋਇਆ ਕਲਪ ਰਿਹਾ ਸੀ।

''ਏਹ ਮਾਂ-ਪੁੱਤ ਰਲੇ ਹੋਏ ਆ, ਮੇਰੀ ਕੌਣ ਸੁਣਦੈ ਏਥੇ ਭਾਈਆ ਜੀ, ਜਦੋਂ ਏਹੇ ਪਿੰਡ ਆਉਂਦੈ ਤਾਂ ਹਰ ਵਾਰ ਝਗੜ-ਬਹਿਸ ਕੇ ਈ ਜਾਂਦੈ, ਆਬਦੀ ਜੱਜੀ ਵੀ ਨਾਲ ਕੰਧਾੜੇ ਚੱਕ ਕੇ ਘਰੇ ਵੜਦੈ, ਮੈਂ ਆਖਿਆ ਵੀ ਐ ਕਿ ਏਹਨੂੰ ਸਹੁਰੀ ਨੂੰ ਤਾਂ ਕਚਹਿਰੀ 'ਚ ਸੁੱਟ੍ਹ ਆਇਆ ਕਰ, ਪੁੱਤ ਬਣ ਕੇ ਹੀ ਘਰੇ ਆਇਆ ਕਰ, ਜੱਜ ਬਣ ਕੇ ਨਾ ਆ,ਮੈਂ ਕੀ ਕਰਾਂ ਭਾਈਆ ਜੀ, ਵਿਆਹ ਨੂੰ ਕਿਹਾ ਤਾਂ ਕਹਿੰਦਾ ਏਹੋ ਜਿਹੀ ਗੱਲ ਨਾ ਕਰੋ ਮੇਰੇ ਨਾਲ, ਜੱਜ ਕੀ ਬਣ ਗਿਆ, ਏਹੇ ਤਾਂ ਸਾਨੂੰ ਫਾਹੇ ਟੰਗੀ ਖੜ੍ਹਾ ਐ।'' ਆਪਣੀ ਗੱਲ ਮੁਕਾ ਕੇ ਸਰਪੰਚ ਨੇ ਲੰਬਾ ਹਉਕਾ ਖਿੱਚ੍ਹਿਆ ਸੀ। ਖੁਸ਼ਦੀਪ ਦੇ ਨਾ ਮਿਲਣ ਦੀ ਗੱਲ ਸੁਣ ਕੇ ਉਸਨੂੰ ਖੁਸ਼ਦੀਪ ਉਤੇ ਰਹਿ-ਰਹਿ ਕੇ ਗੁੱਸਾ ਆਉਣ ਲੱਗਿਆ। ਘਰ ਆ ਕੇ ਸਰਦਾਰਨੀ ਨੂੰ ਬਹੁਤ ਬੋਲਿਆ, ''ਤੂੰ ਬਿਗਾੜਿਆ ਮੁੰਡਾ, ਸਾਰਾ ਕਸੂਰ ਤੇਰਾ ਐ, ਸਾਰਾ ਪਿੰਡ ਕਹਿੰਦੈ ਕਿ ਥੋਡਾ ਮੁੰਡਾ ਜੱਜ ਬਣ ਕੇ ਹੰਕਾਰ ਗਿਆ।''

''ਕੇਹੜਾ ਕੰਜਰ ਕਹਿੰਦੈ, ਲਿਆ ਮੇਰੇ ਮੂੰਹ 'ਤੇ ਓਹਨੂੰ, ਜੇਹੜਾ ਕਹਿੰਦਾ ਐ, ਨਿਆਣਾ ਵਿਚਾਰਾ ਤਾਂ ਕਦੇ ਪਿੰਡ ਆ ਕੇ ਨੀ ਵੜਿਆ, ਆਵਦੇ ਕੰਮ 'ਚੋਂ ਸਿਰ ਖੁਰਕਣ ਦੀ ਵਿਹਲ ਨੀ ਹੈਗੀ ਉਹਨੂੰ,ਏਹ ਤੂੰ ਹੀ ਵਾਧੂੰ ਦੀਆਂ ਗੱਲਾਂ ਆਪ ਈ ਬਣਾਉਨੈ ਰਹਿੰਨਾ ਵਿਹਲਾ।'' ਸਰਦਾਰਨੀ ਅੱਜ ਹੌਸਲਾ ਜਿਹਾ ਕਰ ਕੇ ਅੱਗੋਂ ਪੈ ਨਿਕਲੀ ਸੀ।

''ਥੋਡਾ ਮਾਂ-ਪੁੱਤਾਂ ਦਾ ਏਕਾ ਐ, ਕਰ ਲਓ ਏਕਾ,ਜੋ ਕਰਨਾ ਤੁਸੀਂ ਕਰਲੋ, ਮੈਂ ਸਵੇਰੇ ਈ ਬਾਦਲ ਸਾਹਬ ਦੇ ਪੇਸ਼ ਹੋਜੂੰ ਵਈ ਮੈਨੂੰ ਘਰੋਂ ਕੱਢਤਾ, ਆਪਣੇ ਨਾਲ ਈ ਰੱਖਲੋ ਮੈਨੂੰ ਵੀ।'' ਬੁੜ-ਬੁੜ ਕਰਦਾ ਹੋਇਆ ਸਰਪੰਚ ਸੱਥ ਵਿੱਚ ਜਾ ਬੈਠਾ ਸੀ।

*****

ਅਜ ਖੁਸ਼ਦੀਪ ਚੋਬਾਰੇ ਵਿੱਚ ਦੋ ਮੋਟੇ ਪੈੱਗ ਲਾ ਚੁੱਕਾ ਸੀ। ਸਰੂਰ ਜਿਹੇ ਵਿੱਚ ਹੋ ਕੇ ਉਹ ਹੇਠਾਂ ਉਤਰਿਆ। ਪਿਤਾ ਜੀ ਵਿਹੜੇ ਵਿੱਚ ਉਸੇ ਕੁਰਸੀ ਉਤੇ ਉਥੇ ਹੀ ਬੈਠੇ ਹੋਏ ਸਨ, ਕਿਉਂਕਿ ਸਰਦਾਰ ਸਾਹਬ ਦੇ ਪੀਣ ਦਾ ਅੰਦਾਜ਼ ਆਪਣਾ ਨਿਵੇਕਲਾ ਹੀ ਸੀ, ਕਮਰੇ 'ਚ ਜਾਂਦੇ ਤੇ ਪੈੱਗ ਮੁਕਾ ਕੇ ਬਾਹਰ ਆ ਬਹਿੰਦੇ। ''ਏਥੇ ਹਵਾ ਬੜੀ ਸੁਹਣੀ ਐਂ,ਪੂਰਾ ਨਜਾਰਾ ਆਉਂਦੈ, ਅੰਦਰ ਤਾਂ ਸਾਹ ਘੁਟਦਾ ਰਹਿੰਦੈ, ਬਹਿਜਾ ਖੁਸ਼ ਸਿੰਆਂ...।'' ਮਾਂ ਨੂੰ ਬੈਠੀ ਵੇਖ ਉਹ ਵੀ ਬੈਠ ਗਿਆ। ਗੱਲ ਉਹੀ ਹੋਣ ਲੱਗੀ, ਜੋ ਮਾਂ-ਪੁੱਤ ਪਹਿਲਾਂ ਹੀ ਸੋਚੀ ਬੈਠੇ ਸਨ।

''ਕਿਸੇ ਆਏ-ਗਏ ਦੇ ਤੂੰ ਮੂੰਹ-ਮੱਥੇ ਵੀ ਲੱਗ ਲਿਆ ਕਰ ਮਾੜਾ ਮੋਟਾ ਯਾਰ, ਤੇਰੇ ਫੁੱਫੜ ਨੇ ਓਦਣ ਮੈਨੂੰ ਗੱਡੇ ਜਿੱਡਾ ਉਲਾਂਭਾ ਦਿੱਤਾ।'' ਪਿਤਾ ਨੇ ਗੱਲ ਅਰੰਭ ਦਿੱਤੀ ਸੀ। ''ਸਾਡੇ ਮਹਿਕਮੇ 'ਚ ਪਾਬੰਦੀਆਂ ਬਹੁਤ ਹੁੰਦੀਆਂ, ਇਉਂ ਨੀ ਹੁੰਦਾ ਬਈ ਜਦੋਂ ਮਰਜ਼ੀ, ਜਿਹੜਾ ਮਰਜ਼ੀ, ਜਿੱਥੇ ਮਰਜ਼ੀ ਜੱਜ ਨੂੰ ਜਾ ਕੇ ਮਿਲੇ, ਪਾਪਾ ਜੱਜ ਤੇ ਜਥੇਦਾਰ 'ਚ ਬਹੁਤ ਫਰਕ ਹੁੰਦਾ ਐ, ਕੋਰਟ ਵਿੱਚ ਤਾਂ ਕਦੇ ਵੀ ਨੀ ਮਿਲਣਾ ਹੁੰਦਾ, ਜੇ ਕੋਈ ਥੁਆਨੂੰ ਪੁੱਛੇ ਤਾਂ ਸਾਫ-ਸਾਫ ਦੱਸ ਦਿਆ ਕਰੋ ਅਗਲੇ ਨੂੰ, ਨਾ ਆਪ ਪਰੇਸ਼ਾਨ ਹੋਣ ਤੇ ਨਾ ਮੈਨੂੰ ਹੀ ਕਰਨ, ਸਿੱਧੀ ਜਿਹੀ ਗੱਲ ਐ।'' ਪਿਤਾ ਦੀ ਗੱਲ ਦਾ ਜੁਆਬ ਉਸਨੇ ਬੜੀ ਦਲੀਲ ਨਾਲ ਠੋਕ-ਵਜਾ ਕੇ ਦਿੱਤਾ ਸੀ। ਪਰ ਪਿਤਾ ਦੀ ਤਸੱਲੀ ਨਹੀਂ ਸੀ ਹੋ ਰਹੀ, ''ਏਹ ਕਿਹੋ-ਜਿਹਾ ਮਹਿਕਮਾ ਹੋਇਆ? ਰਿਸ਼ਤੇ-ਨਾਤੇ ਵੀ ਕੋਈ ਚੀਜ ਹੁੰਦੇ ਨੇ, ਤੁਸੀਂ ਤਾਂ ਯਾਰ ਜਮਾਂ ਹੀ ਹੱਦ ਕਰੀ ਜਾਨੇ ਓਂ, ਰਿਸ਼ਤਿਆਂ ਨਾਲੋਂ ਟੁੱਟ ਕੇ ਜਾਓਂਗੇ ਕਿੱਥੇ ਫਿਰ? ਤੈਂ ਮੇਰੇ ਭਣੋਈਏ ਨੂੰ ਕੱਖ ਨਾ ਸਮਝਿਆ,ਯੱਧੇ ਜੱਜ ਬਣਨ ਦੇ।'' ਹਮੇਸ਼ਾ ਵਾਂਗ ਉੱਚੀ ਸੁਰ ਵਿੱਚ ਬੋਲਦਾ ਪਿਤਾ ਪੈੱਗ ਲਾਉਣ ਅੰਦਰ ਨੂੰ ਚਲਾ ਗਿਆ ਤਾਂ ਖੁਸ਼ਦੀਪ ਮਾਂ ਵੱਲ ਦੇਖਦਾ ਬੋਲਿਆ, ''ਭਣੋਈਆ ਤੇਰਾ ਐ, ਮੇਰਾ ਨੀ, ਐਵੇਂ ਡਈਂ-ਡਈਂ ਕਰਦਾ ਰਹਿੰਨੈ ਜਦ ਵੀ ਮੈਂ ਆਵਾਂ ਘਰ, ਓਥੇ ਸਾਡਾ ਸੈਸ਼ਨ ਜੱਜ ਵੀ ਏਹੋ ਜਿਹਾ ਈ ਐ... ਹਰ ਵੇਲੇ ਫਾਹੇ ਟੰਗੀ ਰਖਦਾ ਤੇ ਜਦ ਕਿਤੇ ਘਰ ਆਵਾਂ ਤੂੰ ਵੀ ਉਹਦੇ ਤੋਂ ਘੱਟ ਨੀ ਕਰਦਾ ਮੇਰੇ ਨਾਲ।''

ਪਿਤਾ ਅੰਦਰੋਂ ਹੀ ਬੋਲਿਆ, ''ਅੱਛਾ? ਓਥੇ ਸੈਸ਼ਨ ਜੱਜ ਮਾੜਾ ਹੋ ਗਿਆ ਤੇ ਘਰ 'ਚ ਮੈਂ ਮਾੜਾ ਹੋ ਗਿਆ, 'ਕੱਲਾ ਤੂੰ ਈ ਚੰਗਾ ਐਂ, ਬਣਿਆ ਕੀ ਫਿਰਦਾ ਆਬਦੇ ਆਪ 'ਚ ਏਹੇ...।''

''ਵੇ ਚੁੱਪ ਕਰਜਾ ਹੁਣ...? ਤਮਾਸ਼ਾ ਨਾ ਵਿਖਾਓ ਲੋਕਾਂ ਨੂੰ ਅੱਧੀ ਰਾਤ ਨੂੰ ਹੁਣ..ਵੇ ਮੇਰਿਆ ਪੁੱਤਾ, ਮੇਰੀ ਮਿੰਨਤ ਐ, ਏਹਨੇ ਤਾਂ ਹਟਣਾ ਨੀ, ਆਵਦੀ ਆਦਤੋਂ ਮਜਬੂਰ ਐ ਏਹੇ ਬੰਦਾ, ਤੈਨੂੰ ਮੇਰੀ ਸਹੁੰ ਜੇ ਤੂੰ ਬੋਲੇਂ ਤਾਂ ਤੂੰ...।'' ਮਾਂ ਰੋਣ ਲੱਗ ਪਈ ਸੀ। ਮਾਂ ਦੀ ਗੱਲ ਸੁਣ ਰੋਣਹਾਕਾ ਹੋਇਆ ਖੁਸ਼ਦੀਪ ਚੋਬਾਰੇ ਚੜ੍ਹ ਗਿਆ ਤੇ ਇੱਕ ਮੋਟਾ ਪੈੱਗ ਪਾਇਆ, ਅੱਧਾ ਪੀ ਕੇ ਹੇਠਾਂ ਉਤਰ ਆਇਆ। ਮਾਂ ਕੋਲ ਬਹਿ ਕੇ ਰੋਟੀ ਖਾਣ ਲੱਗਿਆ। ਹਾਲੇ ਰੋਟੀ ਖਾ ਕੇ ਹਟੇ ਹੀ ਸਨ, ''ਤੂੰ ਆਕੜਿਆਂ ਫਿਰਦੈਂ ਜੱਜ ਬਣਕੇ, ਸਾਰਾ ਪਿੰਡ ਕਹਿੰਦੈ।'' ਪਿਤਾ ਨੇ ਨਵੀਂ ਸੀਖੜੀ ਛੇੜੀ।

''ਪਾਪਾ, ਪਹਿਲਾਂ ਏਹ ਦੱਸ, ਵਈ ਤੁਸੀਂ ਪਾਠ ਕਰਦੇ ਓਂ ਰੋਜ਼,ਸਿੱਖੀ ਸਰੂਪ 'ਚ ਰਹਿੰਨੇ ਓਂ, ਪਿੰਡ ਦੇ ਗੁਰਦਵਾਰੇ ਦੀ ਕਮੇਟੀ ਦੀ ਸੇਵਾ ਥੋਨੂੰ ਲੱਗੀ ਹੋਈ, ਪੰਥ ਦੀ ਸੇਵਾ ਵੱਖ ਕਰਦੇਂ ਓਂ ਤੇ ਆਹ ਜਾਤਾਂ-ਪਾਤਾਂ ਪਰਖਣਾ ਏਹ ਤੁਸੀਂ ਛਡਦੇ ਨੀ, ਹਰ ਵੇਲੇ ਜਦ ਵੀ ਮੈਂ ਸੁਣਦੈਂ, ਜਾਤਾਂ-ਪਾਤਾਂ ਤਖਾਣ...ਤਖਾਣ... ਤੇ ਦੂਜੀ ਗੱਲ ਏਹੇ ਕਿ ਮੈਂ ਕੀ ਆਕੜਿਆਂ ਦੱਸੋ ਖਾਂ? ਪਾਪਾ,ਮੈਂ ਏਸ ਵਾਸਤੇ ਆਇਆਂ ਘਰੇ, ਵਈ ਤੇਰੀਆਂ ਪੁੱਠੀਆਂ-ਸਿੱਧੀਆਂ ਸੁਣਾਂ ਆ ਕੇ?''

''ਕੋਈ ਪੁੱਠੀ-ਪੱਠੀ ਨੀ ਕਹਿੰਦਾ ਮੈਂ, ਤੈਨੂੰ ਤੇ ਤੇਰੀ ਮਾਂ ਨੂੰ ਮੇਰੀ ਆਖੀ ਹਰ ਸਿੱਧੀ ਗੱਲ ਪੁੱਠੀ ਈ ਲਗਦੀ ਐ, ਤਖਾਣ ਤੇਰਾ ਬੇੜਾ ਬਹਾਊ, ਤੈਨੂੰ ਕਹਿਤਾ ਮੈਂ, ਸਭ ਪਤਾ ਮੈਨੂੰ... ਮੈਂ ਕਿਤੇ ਨਿਆਣਾ ਨੀ...।''

''ਹਾਏ-ਹਾਏ, ਕਦੇ ਤਾਂ ਖਹਿੜਾ ਛੱਡ ਦਿਆ ਕਰ ਮੁੰਡੇ ਦਾ, ਵੇ ਰੱਬਾ ਮੈਂ ਕਿੱਧਰ ਮਰਜਾਂ, ਵਿਚ-ਵਿਚਾਲੇ ਫਸੀ ਪਈ ਆਂ ਮੈਂ ਤਾਂ।'' ਸਰਦਾਰਨੀ ਰੋਣ-ਹਾਕੀ ਹੋਈ ਬੋਲੀ। ਖੁਸ਼ਦੀਪ ਦਾ ਗਲਾ ਵੀ ਭਰ ਆਇਆ, ''ਕੀ ਕਰਤਾ ਅਸੀਂ, ਦੱਸ ਵੀ...ਕੀ ਕਰਤਾ? ਕੀ ਪਤੈ ਸਭ ਤੈਨੂੰ?ਦੱਸ ਕੀ ਪਤੈ ਤੈਨੂੰ? ਏਦੂੰ ਚੰਗਾ ਸੀ ਮੈਂ ਨਾ ਈ ਆਉਂਦਾ ਮੰਮੀ, ਸਵੇਰੇ ਈ ਜਾਂਦਾ ਰਹੂੰ ਮੈਂ, ਕਦੇ ਨੀ ਆਉਂਦਾ ਹੁਣ,ਏਹਦਾ ਬਿਨਾਂ ਵਜ੍ਹਾ ਤੋਂ ਹਰ ਵਾਰੀ ਕਲੇਸ਼ ਹੁੰਦੈ, ਮੈਨੂੰ ਪਾਗਲ ਕਰਦੂ ਏਹੇ, ਜਾਹ...ਜਾਹ ਜਾ ਕੇ ਪਾੜ ਆ ਤਖਾਣ ਦਾ ਸਿਰ...ਮੈਂ ਉਹਨੂੰ ਕੀ ਤਾਰ ਪਾ ਕੇ ਸੱਦਦਾਂ?''

ਬੋਲਦਾ-ਬੋਲਦਾ ਖੁਸ਼ਦੀਪ ਉਠਿਆ ਤੇ ਅੰਦਰ ਮਾਂ ਵਾਲੇ ਮੰਜੇ ਉਤੇ ਜਾ ਲੇਟਿਆ,ਸ਼ਾਇਦ ਦੁਪੈਹਿਰ ਵਰਗੀ ਨੀਂਦ ਲੈਣ ਲਈ! ਬਾਪੂ ਵਲੋਂ ਆਖੇ ਬੋਲ, ''ਮੈਨੂੰ ਸਭ ਪਤੈ, ਸਭ ਪਤਾ ਮੈਨੂੰ'' ਸਾਰੀ ਰਾਤ ਉਹਦੀ ਨੀਂਦ ਤੋੜਦੇ ਤੇ ਮਨ ਮਸਤਕ ਵਿੱਚ ਖੌਰੂ ਪਾਉਂਦੇ ਰਹੇ ਸਨ।ਨੀਂਦ ਉੱਖੜਦੀ ਰਹੀ ਤੇ ਉਹ ਪਾਸੇ ਪਰਤਦਾ ਰਿਹਾ ਸੀ। ਸਵੇਰੇ ਉਠ ਕੇ ਉਹ ਖੇਤ ਗੇੜੀ ਮਾਰਨ ਜਾਣ ਲੱਗਿਆ ਤਾਂ ਦਾਹੜਾ ਪ੍ਰਕਾਸ਼ ਕਰੀ ਵਿਹੜੇ 'ਚ ਬੈਠਾ ਬਾਪੂ ਪਾਠ ਕਰ ਰਿਹਾ ਸੀ। ਖੁਸ਼ਦੀਪ ਤੋਂ ਬੋਲੇ ਬਿਨਾਂ ਰਹਿ ਨਾ ਹੋਇਆ,''ਸਾਬਾਸ਼,ਕਿਆ ਬਾਤਾਂ ਨੇ, ਰਾਤ ਨੂੰ ਦਾਰੂ ਪੀਓ ਰੱਜ ਕੇ ਤੇ ਸਵੇਰੇ ਪਾਠ ਦਾ ਰੱਟਾ ਲਾਓ, ਆਹੀ ਸਿਖਾਉਂਦੇ ਆ ਸੰਗਤ ਦਰਸ਼ਨਾਂ 'ਚ ਥੋਨੂੰ? ਕੀ ਕੀ ਬੋਲੀ ਗਿਆਂ ਐਂ ਰਾਤ, ਚੇਤੇ ਆ ਕੁਛ? ਕਾਹਦੀ ਰੱਟ ਲਾ ਰੱਖੀ ਸੀ? ਮੈਨੂੰ ਸਭ ਪਤੈ,ਸਭ ਪਤੈ...ਸਭ ਪਤੈ...ਪਾਪਾ, ਤੈਨੂੰ ਸੱਚ ਦੱਸਾਂ...ਤੈਨੂੰ ਕੱਖ ਨੀ ਪਤਾ, ਜੇ ਪਤਾ ਹੁੰਦਾ ਤਾਂ ਸੰਗਤ ਦਰਸ਼ਨਾਂ...।'' ਉਸ ਤੋਂ ਗੱਲ ਪੂਰੀ ਨਾ ਹੋਈ ਤੇ ਉਹ ਦਰਵਾਜਿਓਂ ਬਾਹਰ ਹੋ ਗਿਆ। ਵ

**Mob : 94174-21700**

*ਬਾਲ ਕਹਾਣੀ*

# ਨਮਨ ਛੋਟਾ ਵਿਗਿਆਨੀ

ਬਲਰਾਜ ਧਾਰੀਵਾਲ

ਦਐਤਵਾਰ ਦਾ ਦਿਨ ਹੋਣ ਕਾਰਨ, ਮੈਂ ਕੁਝ ਲੇਟ ਉੱਠਿਆ ਤੇ ਚਾਹ ਦਾ ਕੱਪ ਫੜ ਕੇ ਵਿਹੜੇ 'ਚ ਬੈਠ ਗਿਆ। ਪੰਜ ਮਿੰਟ ਬਾਅਦ ਹੀ, ਮੇਰਾ ਚਾਰ ਕੁ ਸਾਲ ਦਾ ਪੋਤਾ, ਨਮਨ, ਜੋ ਕਿ ਲਾਡੀਆਂ ਨਾਲ ਹਾਲੀ ਵੀ ਥਥਲਾ ਕੇ ਬੋਲਦਾ ਹੈ,ਉਥੇ ਹਾਜ਼ਰ ਹੋ ਗਿਆ। ਉਸਨੇ ਆਉਂਦਿਆਂ ਹੀ ਮੈਨੂੰ ਘੋੜਾ ਬਣਾ ਲਿਆ, ਤੇ ਸ਼ੁਰੂ ਹੋ ਗਿਆ, "ਤੱਲ ਮੇਲੇ ਧੋਲੇ ਤਿਤ ਤਿਤ, ਤਿਤ" ਏਦਾਂ ਕਰਦੇ ਅਸੀਂ ਦੋਵੇਂ ਹੀ ਚਾਂਭਲ ਗਏ। ਪਰ ਉਹ ਇਕ ਦਮ ਰੁਕ ਗਿਆ ਤੇ ਮੇਰੇ ਮੋਢਿਆਂ ਤੋਂ ਉੱਤਰ ਕੇ ਗਮਲਿਆਂ ਵੱਲ ਤੁਰ ਪਿਆ। ਉਥੇ ਰੰਗ ਬਿਰੰਗੇ ਫੁੱਲ ਖਿੜ੍ਹੇ ਹੋਏ ਸਨ,ਜੋ ਵਿਹੜੇ ਨੂੰ ਮਹਿਕਾ ਰਹੇ ਸਨ।

ਨਮਨ ਕਹਿਣ ਲੱਗਾ, "ਦਾਦੂ ਇਧਲ ਆਉ"। ਮੈਂ ਉਧਰ ਚਲਾ ਗਿਆ।

ਉਸਨੇ ਇਕ ਫੁੱਲ ਵੱਲ ਇਸ਼ਾਰਾ ਕਰਦਿਆਂ ਕਿਹਾ, "ਦਾਦੂ, ਆਹ ਫੁਲ ਤੱਲ ਤਾਂ ਨਿੱਤਾ ਜਿਹਾ ਸੀ,ਤੇ ਅੱਦ ਏਨਾ ਵੱਦਾ ਤਿਵੇਂ ਹੋ ਦਿਆ?"

"ਬੇਟੇ, ਆਪਣੀ ਰੋਟੀ ਪਾਣੀ ਖਾ ਕੇ"।

"ਲੋਤੀ ਪਾਣੀ?ਤੌਣ ਦਿੰਦਾ ਫੁਲਾਂ ਨੂੰ ਲੋਤੀ ਪਾਣੀ?

"ਇਹਨਾਂ ਦੀ ਕੁਦਰਤ ਮੰਮੀ ਇਹਨਾਂ ਨੂੰ ਰੋਟੀ ਪਾਣੀ ਦਿੰਦੀ ਹੈ"।

"ਕੁਦਲਤ ਮੰਮੀ ਤੌਣ ਦਾਦੂ?"

"ਦੇਖ ਨਮਨ, ਸੂਰਜ, ਚੰਦ, ਹਵਾ, ਪਾਣੀ, ਮਿੱਟੀ, ਧਰਤੀ, ਇਹ ਸਭ ਕੁਦਰਤ ਹੀ ਹੈ। ਇਹੋ ਹੀ ਫੁੱਲਾਂ ਨੂੰ ਇਹਨਾਂ ਦੀ ਰੋਟੀ ਪਾਣੀ ਖੁਆ ਕੇ, ਇਹਨਾਂ ਨੂੰ ਵੱਡਾ ਕਰਦੀ ਹੈ"।

"ਤਿਵੇਂ ਦਾਦੂ?"

"ਬੇਟੇ, ਤੈਨੂੰ ਪਤਾ ਹੈ ਕਿ ਅਸੀਂ ਗਮਲਿਆਂ 'ਚ ਪਾਣੀ ਤੇ ਮਿੱਟੀ ਪਾ ਕੇ, ਫੇਰ ਕੋਈ ਨਿੱਕਾ ਜਿਹਾ ਬੂਟਾ ਗਮਲੇ 'ਚ ਬੀਜਦੇ ਹਾਂ। ਮਿੱਟੀ 'ਚ ਬੜੀ ਤਾਕਤ ਹੁੰਦੀ ਹੈ, ਤੇ ਉਹ ਬੂਟੇ ਨੂੰ ਸਿੱਧਾ ਖੜ੍ਹੇ ਰਖਦੀ ਹੈ। ਸੂਰਜ ਦੀਆਂ ਕਿਰਨਾਂ, ਬੂਟਿਆਂ ਨੂੰ ਨਿੱਘ ਦਿੰਦੀਆਂ ਹਨ। ਬੂਟਿਆਂ ਨੂੰ ਵੀ ਸਾਡੇ ਵਾਂਗ ਪਿਆਸ ਲੱਗਦੀ ਹੈ, ਜਿਹੜੀ ਪਾਣੀ ਨਾਲ ਬੁੱਝਦੀ ਹੈ। ਇਹ ਵੀ ਹਵਾ 'ਚ ਸਾਹ ਲੈ ਕੇ ਜਿਊਂਦੇ ਹਨ ਤੇ ਵੱਡੇ ਹੁੰਦੇ ਹਨ"।

"ਦਾਦੂ, ਬੂਤੇ ਵੀ ਸਾਹ ਲੈਂਦੇ ਹਨ?"

"ਤੇ ਹੋਰ, ਇਹ ਵੀ ਤੇਰੇ ਮੇਰੇ ਵਾਂਗ ਸਾਹ ਲੈਂਦੇ ਹਨ"।

"ਦਾਦੂ, ਅਸੀਂ ਤਾਂ ਨੱਤ ਨਲ ਸਾਹ ਲੈਂਦੇ ਹਾਂ,ਇਹ ਤਿਵੇਂ ਲੈਂਦੇ ਹਨ?"

"ਬੂਟਿਆਂ ਦੇ ਪੱਤਿਆਂ 'ਚ ਨਿੱਕੀਆਂ ਨਿੱਕੀਆਂ ਮੋਰੀਆਂ ਹੁੰਦੀਆਂ ਹਨ,ਜਿਨ੍ਹਾਂ ਨਾਲ ਇਹ ਸਾਹ ਲੈਂਦੇ ਹਨ, ਤੇ ਐਹ, ਜਿਹੜੇ ਫੁੱਲ ਬਾਰੇ ਤੂੰ ਪੁੱਛ ਰਿਹਾ ਹੈਂ ਕਿ ਇਹ ਵੱਡਾ ਕਿਵੇਂ ਹੋਇਆ, ਇਹ ਆਪਣੀ ਖ਼ੁਰਾਕ ਮਿੱਟੀ, ਪਾਣੀ, ਸੂਰਜ ਤੇ ਹਵਾ ਤੋਂ ਲੈ ਕੇ ਵੱਡਾ ਹੋਇਆ ਹੈ।"

"ਫੇਲ ਤਾਂ ਦਾਦੂ, ਇਹ ਸਾਦੇ ਵਲਦੇ ਹੀ ਹੋਏ"

"ਬਿਲਕੁਲ ਸਾਡੇ ਵਰਗੇ। ਜਿਵੇਂ ਤੇਰੀ ਮੰਮੀ ਤੈਨੂੰ ਦੁੱਧ, ਰੋਟੀ, ਮੱਖਣ, ਫਲ ਆਦਿ ਦਿੰਦੀ ਹੈ, ਇਵੇਂ ਹੀ ਇਨ੍ਹਾਂ ਦੀ ਕੁਦਰਤ ਮੰਮੀ, ਇਨ੍ਹਾਂ ਦਾ ਧਿਆਨ ਰੱਖਦੀ ਹੈ"।

"ਹਾਂ ਤੇ ਦਾਦੂ, ਇਨ੍ਹਾਂ ਦੇ ਲਾਲ, ਪੀਲੇ, ਤਾਲੇ, ਭੂਲੇ ਲੰਗ ਤੌਣ ਪੇਂਤ ਕਲਦਾ ਹੈ?"

"ਨਮਨ, ਇਹ ਕੰਮ ਵੀ ਕੁਦਰਤ ਹੀ ਕਰਦੀ ਹੈ। ਜਿਵੇਂ ਸਾਡੇ ਮਨੁੱਖਾਂ ਦੇ ਰੰਗ ਜਨਮ ਸਮੇਂ ਤੋਂ ਹੀ ਕਾਲੇ, ਚਿੱਟੇ, ਭੂਰੇ ਜਾਂ ਗੁਲਾਬੀ ਹੁੰਦੇ ਹਨ, ਏਦਾਂ ਹੀ ਫੁੱਲਾਂ ਦੇ ਰੰਗ ਵੀ ਸ਼ੁਰੂ ਤੋਂ ਹੀ ਆਪਣੇ ਹੁੰਦੇ ਹਨ।"

"ਦਾਦੂ,ਇਨ੍ਹਾਂ 'ਚ ਖੁਸ਼ਬੂ ਤੌਣ ਭਲਦਾ ਹੈ?"

"ਨਮਨ, ਇਹ ਵੀ ਕੁਦਰਤ ਦਾ ਹੀ ਕਮਾਲ ਹੈ"।

"ਦਾਦੂ, ਮੇਲੇ ਅੰਦਲ........."।

ਉਸਦੇ ਪ੍ਰਸ਼ਨ ਦੇ ਨਾਲ ਹੀ ਉਹਦੀ ਭੂਆ ਤੇ ਬੇਟੀ ਰੌਬਿਨ ਵਿਹੜੇ ਅੰਦਰ ਦਾਖ਼ਲ ਹੋਈਆਂ। ਨਮਨ, ਭੂਆ ਦੇ ਕੁੱਛੜ ਚੜ੍ਹ ਕੇ ਉਸਨੂੰ ਪਾਰੀਆਂ ਕਰਨ ਲੱਗਾ, ਤੇ ਫਿਰ ਰੌਬਿਨ ਨਾਲ ਰੁੱਝ ਗਿਆ। ਮੈਂ ਨਮਨ ਦੀ ਗਿਆਨ ਹਾਸਿਲ ਕਰਨ ਦੀ ਲਲਕ ਨੂੰ ਦੇਖ ਕੇ ਸੁਪਨਾ ਲੈ ਰਿਹਾ ਸੀ ਕਿ ਇਹ ਛੋਟਾ ਵਿਗਿਆਨੀ ਕਿਸੇ ਦਿਨ ਵੱਡਾ ਵਿਗਿਆਨੀ ਬਣੇਗਾ।

**Mob : 98762 65398**

# ਅਨੋਖੀ ਤਲਵਾਰ

## *ਲੂ ਸ਼ੂਨ*

ਅਨੁਵਾਦ : ਬਲਬੀਰ ਮਾਧੋਪੁਰੀ

ਮੇਇ ਚਇਨ ਛੀ ਸੌਣ ਲਈ ਮੰਜੇ ਉੱਤੇ ਮਾਂ ਦੀ ਬਗਲ 'ਚ ਲੰਮਾ ਪਿਆ ਹੀ ਸੀ ਕਿ ਚੂਹੇ ਆ ਕੇ ਪਸ਼ੂਆਂ ਲਈ ਪਾਣੀ-ਭਾਂਡੇ ਉੱਤੇ ਰੱਖੇ ਲੱਕੜੀ ਦੇ ਢੱਕਣ ਨੂੰ ਕੁਤਰਨ ਲੱਗੇ। ਟੁਕ-ਟੁਕ ਦੀ ਆਵਾਜ਼ ਨਾਲ ਮੇਇ ਪਰੇਸ਼ਾਨ ਹੋ ਗਿਆ। ਉਹ ਚੂਹਿਆਂ ਨੂੰ ਭਜਾਉਣ ਲਈ 'ਸ਼ੁਹ-ਸ਼ੁਹ' ਕਰ ਦਿੰਦਾ। ਚਾਰ-ਪੰਜ ਵਾਰ ਤਾਂ ਚੂਹੇ ਡਰ ਕੇ ਦੌੜ ਗਏ, ਫਿਰ ਉਨ੍ਹਾਂ ਨੇ ਉਸ ਸ਼ਬਦ ਦੀ ਪਰਵਾਹ ਨਾ ਕੀਤੀ। ਢੱਕਣ ਨੂੰ ਮਜ਼ੇ ਨਾਲ ਟੁੱਕਣ ਲੱਗੇ। ਮੇਇ ਚੂਹਿਆਂ ਨੂੰ ਡਰਾਉਣ ਲਈ ਜ਼ੋਰ ਨਾਲ ਆਵਾਜ਼ ਵੀ ਨਹੀਂ ਕਰਨਾ ਚਾਹੁੰਦਾ ਸੀ। ਮਾਂ ਦੀ ਨੀਂਦ ਟੁੱਟ-ਖੁੱਲ੍ਹ ਜਾਣ ਦਾ ਡਰ ਸੀ। ਮਾਂ ਦਿਨ ਭਰ ਦੀ ਮਿਹਨਤ ਨਾਲ ਨਿਢਾਲ ਹੋ ਕੇ ਮੰਜੇ 'ਤੇ ਪੈਂਦਿਆਂ ਹੀ ਗੂੜ੍ਹੀ ਨੀਂਦੇ ਸੌਂ ਗਈ ਸੀ।

ਦੇਰ ਤੱਕ ਟੁੱਕ-ਟੁੱਕ ਦੀ ਆਵਾਜ਼ ਹੁੰਦੀ ਰਹੀ। ਫਿਰ ਸੰਨਾਟਾ ਛਾ ਗਿਆ। ਮੇਇ ਨੂੰ ਨੀਂਦ ਆ ਰਹੀ ਸੀ ਕਿ ਜ਼ੋਰ ਦਾ ਖੜਾਕਾ ਸੁਣਾਈ ਦਿੱਤਾ। ਉਹਦੀ ਅੱਖ ਖੁੱਲ੍ਹ ਗਈ। ਉਹਨੂੰ ਮਿੱਟੀ ਦੇ ਭਾਂਡੇ ਉੱਤੇ ਪੰਜਿਆਂ ਦੇ ਖੁਰਚਣ ਤੇ ਰਗੜ ਦੀ ਆਵਾਜ਼ ਸੁਣਾਈ ਦਿੱਤੀ।

"ਚੰਗਾ ਹੋਇਆ—ਐਸੀ-ਤੈਸੀ ਇਸ ਸਾਲੇ ਦੀ!" ਮੇਇ ਨੇ ਮਨ ਹੀ ਮਨ ਪ੍ਰਸੰਨ ਹੋ ਕੇ ਕਿਹਾ ਤੇ ਚੁੱਪਚਾਪ ਮੰਜੇ ਤੋਂ ਉੱਠ ਪਿਆ।

ਬਾਹਰ ਚਾਂਦਨੀ ਸੀ, ਇਸ਼ ਲਈ ਕੋਠੜੀ ਅੰਦਰ ਬਹੁਤਾ ਨ੍ਹੇਰਾ ਨਹੀਂ ਸੀ। ਮੰਜੇ ਤੋਂ ਉੱਠ ਕੇ ਮੇਇ ਬੂਹੇ ਤੱਕ ਗਿਆ। ਕਿਵਾੜਾਂ ਦੀ ਓਟ ਵਿਚ ਰੱਖੀ ਮਾਚਿਸ ਚੁੱਕ ਕੇ ਚੀਲ੍ਹ ਦੀ ਲੱਕੜੀ ਦੀ ਮਸ਼ਾਲ ਬਣਾ ਲਈ। ਉਹਨੇ ਪਾਣੀ ਵਾਲੇ ਭਾਂਡੇ ਉੱਤੇ ਲੋਅ ਨਾਲ ਦੇਖਿਆ। ਉਹੀ ਗੱਲ ਸੀ। ਇਕ ਕਾਫ਼ੀ ਮੋਟਾ ਚੂਹਾ ਪਾਣੀ ਵਾਲੇ ਭਾਂਡੇ ਵਿਚ ਡਿੱਗਿਆ ਹੋਇਆ ਸੀ। ਭਾਂਡੇ ਵਿਚ ਪਾਣੀ ਘੱਟ ਸੀ, ਇਸ ਲਈ ਚੂਹੇ ਤੋਂ ਨਿਕਲ ਨਹੀਂ ਹੋ ਰਿਹਾ ਸੀ। ਉਹ ਭਾਂਡੇ ਦੇ ਨਾਲ-ਨਾਲ ਚੱਕਰ ਲਾ-ਲਾ ਕੇ ਪੰਜਿਆਂ ਨਾਲ ਉਤਾਂਹ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਹੁਣ ਮਜ਼ਾ ਲੈ!" ਮੇਇ ਬਹੁਤ ਖੁਸ਼ ਸੀ। ਕੰਬਖ਼ਤ ਚੂਹੇ ਸਾਰੀ ਰਾਤ ਘਰ ਦੀਆਂ ਚੀਜ਼ਾਂ ਕੁਤਰ-ਕੁਤਰ ਕੇ, ਦੌੜ-ਭੱਜ ਕਰ ਕੇ ਉਹਦੀ ਨੀਂਦ ਖਰਾਬ ਕਰਦੇ ਰਹਿੰਦੇ ਸਨ। ਮੇਇ ਨੇ ਮਸ਼ਾਲ ਕੋਠੜੀ ਦੀ ਕੱਚੀ ਕੰਧ 'ਚ ਇਕ ਸੁਰਾਖ਼ ਕਰ ਕੇ ਅੜਾ ਦਿੱਤੀ ਤੇ ਭਾਂਡੇ ਵਿਚ ਪਏ ਚੂਹੇ ਦੀ ਤਮਾਸ਼ਾ ਦੇਖਣ ਲੱਗਾ। ਚੂਹੇ ਦੀਆਂ ਕਾਲੇ ਮਣਕਿਆਂ ਵਰਗੀਆਂ ਅੱਖਾਂ ਦੇਖ ਕੇ ਉਹਨੂੰ ਖਿੱਝ ਆ ਗਈ। ਉਹਨੇ ਇਕ ਲੱਕੜੀ ਚੁੱਕੀ ਤੇ ਚੂਹੇ ਨੂੰ ਦਬਾ ਕੇ ਪਾਣੀ ਵਿਚ ਡੁਬੋ ਦਿੱਤਾ। ਮੇਇ ਨੇ ਲੱਕੜੀ ਹਟਾਈ ਤਾਂ ਚੂਹਾ ਫਿਰ ਕਿਨਾਰੇ ਤਰ ਕੇ ਉੱਪਰ ਚੜ੍ਹਨ ਲਈ ਪੰਜਿਆਂ ਨਾਲ ਭਾਂਡੇ ਨੂੰ ਖੁਰਚਣ ਲੱਗਾ। ਚੂਹ ਥੱਕ ਗਿਆ ਸੀ। ਉਹਦੇ ਪੰਜੇ ਹੁਣ ਓਨੇ ਜ਼ੋਰ ਨਾਲ ਨਹੀਂ ਚੱਲ ਰਹੇ ਸਨ। ਉਹਦਾ ਸਿਰ ਪਾਣੀ ਵਿਚ ਡੁੱਬਾ ਹੋਇਆ ਸੀ। ਪਾਣੀ ਉੱਤੇ ਉਹਦਾ ਲਾਲ ਮੂੰਹ ਹੀ ਦਿਖਾਈ ਦੇ ਰਿਹਾ ਸੀ। ਦਮ ਘੁੱਟਣ ਦੇ ਕਾਰਨ ਉਹ ਵਾਰ-ਵਾਰ ਛਿੱਕ ਰਿਹਾ ਸੀ।

ਮੇਇ ਨੂੰ ਕੁਝ ਦਿਨਾਂ ਤੋਂ ਲਾਲ ਨੱਕ ਵਾਲੇ ਆਦਮੀਆਂ ਨਾਲ ਚਿੜ ਸੀ ਪਰ ਚੂਹੇ ਦੇ ਨਿੱਕੇ-ਜਿਹੇ ਤਿੱਖੇ ਲਾਲ ਨੱਕ ਨੂੰ ਦੇਖ ਕੇ ਤਰਸ ਜਿਹਾ ਆ ਗਿਆ। ਉਹਨੇ ਲੱਕੜੀ ਚੂਹੇ ਦੇ ਢਿੱਡ ਥੱਲੇ ਕਰ ਦਿੱਤੀ। ਚੂਹੇ ਨੇ ਲੱਕੜੀ ਫੜ ਲਈ, ਪਲ ਕੁ ਸਾਲ ਲਿਆ ਤੇ ਫਿਰ ਲੱਕੜੀ 'ਤੇ ਚੜ੍ਹ ਆਇਆ। ਚੂਹਾ ਉੱਪਰ ਆਇਾ ਤਾਂ ਉਹਦੇ ਕਾਲੇ ਵਾਲ ਭਿੱਜ ਕੇ ਚਿਪਕੇ ਹੋਏ ਸਨ। ਪੇਟ ਪਾਣੀ ਨਾਲ ਭਰ ਜਾਣ ਕਾਰਨ ਫੁੱਲ ਗਿਆ ਸੀ। ਪੂਛ ਗੰਡ-ਗੰਡੋਏ ਵਾਂਗ ਲਮਕ ਰਹੀ ਸੀ। ਮੇਇ ਨੂੰ ਬਹੁਤ ਕਾਣਤ ਆਈ। ਉਹਨੇ ਲੱਕੜੀ ਨੂੰ ਜ਼ੋਰ ਨਾਲ ਝਟਕਾਇਆ। ਚੂਹਾ ਛੜੱਪਾ ਮਾਰ ਕੇ ਫਿਰ ਪਾਣੀ ਵਿਚ ਡਿੱਗ ਗਿਆ। ਮੇਇ ਨੇ ਲੱਕੜੀ ਨੂੰ ਵਾਰ-ਵਾਰ ਚੂਹੇ ਦੇ ਸਿਰ 'ਤੇ ਮਾਰਿਆ ਤੇ ਉਹ ਡੁੱਬ ਕੇ ਮਰ ਗਿਆ।

ਮੇਇ ਤੇ ਚੂਹੇ ਦਾ ਸੰਘਰਸ਼ ਬਹੁਤ ਦੇਰ ਤੱਕ ਚੱਲਦਾ ਰਿਹਾ। ਲੋਅ ਲਈ ਉਹਨੂੰ ਵਾਰ-ਵਾਰ ਲੱਕੜੀ ਦੀ ਨਵੀਂ ਮਸ਼ਾਲ ਜਲਾਉਣੀ ਪੈ ਰਹੀ ਸੀ। ਛੇਵੀਂ ਮਸ਼ਾਲ ਜਲਾ ਰਿਹਾ ਸੀ ਤਾਂ ਚੂਹਾ ਬੇਹਰਕਤ ਹੋ ਗਿਆ। ਅੱਧ-ਡੁੱਬਾ ਜਿਹਾ ਭਾਂਡੇ ਅੰਦਰ ਤਰ ਰਿਹਾ ਸੀ। ਕਦੀ-ਕਦੀ ਉਹਦਾ ਸਰੀਰ ਉੱਪਰ ਆਉਣ ਲਈ ਹਿੱਲ ਜਾਂਦਾ ਸੀ। ਮੇਇ ਨੂੰ ਫਿਰ ਤਰਸ ਆ ਗਿਆ। ਉਹਨੇ ਲੱਕੜੀ ਤੋੜ ਕੇ ਟੋਟੇ ਕਰ ਲਏ। ਕੋਸ਼ਿਸ਼ ਕਰ ਕੇ ਚੂਹੇ ਨੂੰ ਪਾਣੀ 'ਚੋਂ ਕੱਢ ਕੇ ਜ਼ਮੀਨ 'ਤੇ ਰੱਖ ਦਿੱਤਾ। ਚੂਹਾ ਕਾਫ਼ੀ ਚਿਰ ਤੱਕ ਬੇਹਰਕਤ ਪਿਆ ਰਿਹਾ। ਫਿਰ ਸਾਹ ਲੈਣ ਲਈ ਹਿੱਲਦਾ ਜਿਹਾ ਲੱਗਿਆ। ਕਈ ਚਿਰ ਉਵੇਂ ਹੀ ਪਿਆ ਰਿਹਾ, ਫਿਰ ਉਹਨੇ ਪੈਰ ਹਿਲਾਏ ਤੇ ਪੈਰਾਂ 'ਤੇ ਖੜ੍ਹਾ ਹੋ ਗਿਆ ਜਿਵੇਂ ਉੱਠ ਕੇ ਭੱਜ ਜਾਣਾ ਚਾਹੁੰਦਾ ਹੋਵੇ। ਮੇਇ ਦਾ ਮਨ ਫਿਰ ਬਦਲ ਗਿਆ। ਉਹਨੇ ਫ਼ੁਰਤੀ ਨਾਲ ਆਪਣਾ ਪੈਰ ਚੁੱਕ ਕੇ ਜ਼ੋਰ ਨਾਲ ਉੱਤੇ ਮਾਰਿਆ। 'ਫੁੱਸ' ਦੀ ਆਵਾਜ਼ ਹੋਈ। ਮੇਇ ਨੇ ਬੈਠ ਕੇ ਦੇਖਿਆ ਤਾਂ ਚੂਹੇ ਦੇ ਮੂੰਹ 'ਚੋਂ ਖ਼ੂਨ ਨਿਕਲ ਰਿਹਾ ਸੀ—ਮਰ ਗਿਆ ਹੋਵੇਗਾ।

ਮੇਇ ਦਾ ਮਨ ਭਰ ਆਇਆ। ਮਨ 'ਚ ਬਹੁਤ ਗਿਲਾਨੀ ਮਹਿਸੂਸ ਹੋਈ, ਜਿਵੇਂ ਕੋਈ ਪਾਪ ਕਰ ਬੈਠਾ ਹੋਵੇ। ਉਹ ਚੂਹੇ ਵੱਲ ਦੇਖਦਾ ਰਿਹਾ, ਉਵੇਂ ਹੀ ਬੈਠਾ ਰਿਹਾ, ਉੱਠ ਨਹੀਂ ਹੋ ਰਿਹਾ ਸੀ।

ਮਾਂ ਦੀ ਅੱਖ ਖੁੱਲ੍ਹ ਗਈ ਸੀ।

"ਪੁੱਤ ਕੀ ਕਰਦੈਂ ?" ਮਾਂ ਨੇ ਲੰਮੀ ਪਿਆਂ ਹੀ ਪੁੱਛਿਆ।

"ਚੂਹਾ..." ਮੇਇ ਤੁਰੰਤ ਖੜ੍ਹਾ ਹੋ ਗਿਆ। ਉਹਨੇ ਮਾਂ ਵੱਲ ਮੂੰਹ ਕੀਤਾ ਪਰ ਬੋਲ ਨਾ ਸਕਿਆ।

"ਹਾਂ, ਹਾਂ, ਚੂਹਾ ਤਾਂ ਹੈ। ਪਰ ਤੂੰ ਉਥੇ ਕੀ ਕਰ ਰਿਹੈਂ ? ਉਹਨੂੰ ਮਾਰ ਰਿਹੈਂ ਕਿ ਬਚਾਅ ਰਿਹੈਂ ?"

ਮੇਇ ਚੁੱਪ ਰਿਹਾ। ਚੀਲ੍ਹ ਦੀ ਮਸ਼ਾਲ ਬੁਝ ਗਈ ਸੀ। ਲੜਕਾ ਨ੍ਹੇਰੇ 'ਚ ਚੁੱਪ ਖੜ੍ਹਾ ਰਿਹਾ। ਬਾਹਰ ਚਾਂਦਨੀ ਵਿਚ ਕਮਰੇ ਦੇ ਅੰਦਰ ਅੱਖਾਂ ਪਾੜ-ਪਾੜ ਦੇਖ ਸਕਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਂ ਨੇ ਇਕ ਆਹ ਭਰੀ ਤੇ ਬੋਲੀ, "ਅੱਧੀ ਰਾਤ ਤੋਂ ਬਾਅਦ ਤੂੰ ਸੋਲ੍ਹਾਂ ਸਾਲ ਦਾ ਹੋ ਜਾਏਂਗਾ। ਪਰ ਹੁਣ ਵੀ ਮੇਰਾ ਦਿਲ ਕਿੰਨਾ ਕਮਜ਼ੋਰ ਏ। ਤੇਰੇ ਪਿਤਾ ਦਾ ਬਦਲਾ ਕੌਣ ਲਵੇਗਾ ?"

ਬਾਹਰ ਬਹੁਤ ਹੀ ਚਮਕਾਂ ਮਾਰਦੀ ਚਾਂਦਨੀ ਸੀ। ਕੋਠੜੀ ਦੇ ਅੰਦਰ ਵੀ ਧੁੰਦਲੀ ਜਿਹੀ ਲੋਅ ਸੀ। ਮੰਜੇ ਉੱਤੇ ਬੈਠੀ ਮਾਂ ਦਾ ਸਰੀਰ ਕੰਬਦਾ-ਜਿਹਾ ਲੱਗ ਰਿਹਾ ਸੀ। ਬੁੱਢੀ ਦੀ ਮੱਠੀ ਜਿਹੀ ਆਵਾਜ਼ ਬੇਹੱਦ ਦੁੱਖ ਨਾਲ ਗੁੰਨ੍ਹੀ ਹੋਈ ਸੀ। ਮੇਇ ਛੇਤੀ ਨਾਲ ਉੱਠਿਆ। ਪਲ ਭਰ 'ਚ ਉਹਦਾ ਲਹੂ ਖੌਲ ਪਿਆ। ਸਰੀਰ 'ਚੋਂ ਚੰਗਿਆੜੀਆਂ ਜਿਹੀਆਂ ਨਿਕਲਣ ਲੱਗੀਆਂ।

"ਪਿਤਾ ਦਾ ਬਦਲਾ ? ਕਿਹੜੀ ਗੱਲ ਦਾ ਬਦਲਾ ?" ਮੇਇ ਨੇ ਮਾਂ ਦੇ ਕੋਲ ਜਾ ਕੇ ਹੈਰਾਨੀ ਨਾਲ ਪੁੱਛਿਆ।

"ਹਾਂ, ਬਦਲਾ ਲੈਣਾ ਪਵੇਗਾ ! ਤੂੰ ਹੀ ਤਾਂ ਲੈਣਾ ਏ। ਬਹੁਤ ਦਿਨਾਂ ਤੋਂ ਤੈਨੂੰ ਦੱਸਣਾ ਚਾਹੁੰਦੀ ਸੀ। ਤੂੰ ਅਜੇ ਬੱਚਾ ਸੀ, ਇਸ ਲਈ ਕੁਝ ਨਹੀਂ ਦੱਸਿਆ। ਹੁਣ ਤੂੰ ਬੱਚਾ ਥੋੜ੍ਹੋਂ ਏਂ, ਫਿਰ ਵੀ ਬੱਚਿਆਂ ਵਾਲੀਆਂ ਗੱਲਾਂ ਕਰਦਾ ਏਂ। ਮੈਂ ਕੀ ਕਰਾਂ ? ਤੇਰੇ ਵਰਗਾ ਮੁੰਡਾ ਪਤਾ ਨਹੀਂ ਕਦੋਂ ਜੁਆਨ ਮਰਦ ਬਣ ਸਕੇਗਾ। ਕੀ ਤੂੰ ਕਰੇਂਗਾ ?"

"..."

"ਕਿਉਂ ਨਹੀਂ ਕਰੇਂਗਾ ? ਮੈਂ ਤਾਂ ਤੈਨੂੰ ਸਿਰਫ਼ ਦੱਸ ਹੀ ਸਕਦੀ ਹਾਂ। ਕਰਨਾ ਤਾਂ ਤੈਨੂੰ ਪਵੇਗਾ ਹੀ...ਚੰਗਾ ਇਥੇ ਆ ਕੇ ਬੈਠ।"

ਮੇਇ ਮਾਂ ਦੇ ਕੋਲ ਚਲਾ ਗਿਆ। ਮੰਜੇ ਉੱਤੇ ਬੈਠੀ ਮਾਂ ਦਾ ਸਰੀਰ ਤਣ ਗਿਆ ਸੀ। ਬਾਹਰ ਦੀ ਚਾਨਣੀ ਦੀ ਲੋਅ ਦੀ ਲਿਸ਼ਕੋਰ 'ਚ ਉਹਦੀਆਂ ਅੱਖਾਂ ਚਮਕ ਰਹੀਆਂ ਸਨ।

"ਸੁਣ," ਮਾਂ ਦੀ ਆਵਾਜ਼ ਗੰਭੀਰ ਹੋ ਗਈ, "ਤੇਰੇ ਬਾਪ ਦੀਆਂ ਬਣਾਈਆਂ ਤਲਵਾਰਾਂ ਦਾ ਬੜਾ ਨਾਂ ਸੀ। ਮੁਲਕ 'ਚ ਉਨ੍ਹਾਂ ਦੇ ਬਰਾਬਰ ਦਾ ਕਾਰੀਗਰ ਨਹੀਂ ਸੀ। ਆਪਣਾ ਢਿੱਡ ਭਰਨ ਲਈ ਮੈਂ ਵੀ ਤੇਰੇ ਪਿਤਾ ਵਲੋਂ ਛੱਡੇ ਹੋਏ ਔਜ਼ਾਰ ਵੇਚ-ਵੇਚ ਕੇ ਨਿਰਬਾਹ ਕਰਦੀ ਰਹੀ। ਸਭ ਕੁਝ ਵਿਕ ਗਿਆ। ਹੁਣ ਤੈਨੂੰ ਕੀ ਵਿਖਾਵਾਂ ? ਦੁਨੀਆਂ ਵਿਚ ਉਨ੍ਹਾਂ ਦੇ ਬਰਾਬਰ ਦਾ ਤਲਵਾਰ ਬਣਾਉਣ ਵਾਲਾ ਕੋਈ ਨਹੀਂ ਸੀ। ਵੀਹ ਸਾਲ ਪਹਿਲਾਂ ਦੀ ਗੱਲ ਹੈ। ਰਾਜਾ ਦੀ ਰਖੇਲ ਦੇ ਗਰਭ ਸੀ। ਰਖੇਲ ਨੇ ਲੋਹੇ ਦਾ ਟੋਟਾ ਜਣਿਆ। ਲੋਕ ਕਹਿੰਦੇ ਸਨ ਕਿ ਰਖੇਲ ਨੇ ਖੰਭੇ ਨੂੰ ਜੱਫੀ ਪਾਈ, ਉਸੇ ਤੋਂ ਉਹਨੂੰ ਗਰਭ ਹੋ ਗਿਆ ਸੀ। ਲੋਹਾ ਕੀ ਸੀ ਬਿਲਕੁਲ ਬਲੌਰ ਸਮਝੋ, ਆਰ-ਪਾਰ ਦਿਸ ਜਾਵੇ। ਮਹਾਰਾਜ ਲੋਹੇ ਦੀ ਕਦਰ ਸਮਝਦੇ ਸਨ। ਉਨ੍ਹਾਂ ਨੇ ਠਾਣ ਲਿਆ ਕਿ ਉਹ ਲੋਹੇ ਦੀ ਤਲਵਾਰ ਬਣਾਉਣਗੇ। ਅਜਿਹੀ ਤਲਵਾਰ ਜੋ ਕਦੀ ਹਾਰ ਨਾ ਸਕੇ, ਜਿਸ ਨਾਲ ਰਾਜਾ ਆਪਣੇ ਰਾਜ ਦੀ ਰੱਖਿਆ ਕਰ ਸਕੇ ਤੇ ਆਪਣੀ ਰੱਖਿਆ ਕਰ ਸਕੇ। ਕਿਸਮ ਦੀ ਗੱਲ, ਮਹਾਰਾਜ ਨੇ ਤੇਰੇ ਪਿਤਾ ਨੂੰ ਹੁਕਮ ਦਿੱਤਾ ਕਿ

ਉਹ ਲੋਹੇ ਦੀ ਤਲਵਾਰ ਬਣਾ ਦੇਵੇ। ਤੇਰੇ ਪਿਤਾ ਲੋਹਾ ਘਰ ਲੈ ਆਏ। ਤਿੰਨ ਸਾਲ ਤੱਕ ਉਸ ਲੋਹੇ ਨੂੰ ਤਪਾ-ਤਪਾ ਕੇ ਘੜਦੇ ਰਹੇ ਤੇ ਦੋ ਤਲਵਾਰਾਂ ਤਿਆਰ ਕਰ ਲਈਆਂ।

"ਜਿਸ ਦਿਨ ਤੇਰੇ ਪਿਤਾ ਨੇ ਤਲਵਾਰਾਂ ਨੂੰ ਆਖਰੀ ਵਾਰ ਤਪਾਉਣ ਲਈ ਭੱਠੀ ਸੁਲਘਾਈ ਤਾਂ ਬੜੀ ਅਜੀਬ ਗੱਲ ਹੋਈ। ਭੱਠੀ ਵਿਚੋਂ ਚਿੱਟੇ-ਚਿੱਟੇ ਭਾਫ਼-ਕਣ ਬਹੁਤ ਜ਼ੋਰ ਨਾਲ ਨਿਕਲ ਕੇ ਅਸਮਾਨ ਤੱਕ ਪਹੁੰਚ ਗਏ ਤੇ ਧਰਤੀ ਡੋਲ ਗਈ। ਚਿੱਟੇ ਭਾਫ਼-ਕਣਾਂ ਦਾ ਇਕ ਬੱਦਲ ਜਿਹਾ ਬਣ ਗਿਆ। ਥੋੜ੍ਹੇ ਹੀ ਚਿਰ ਵਿਚ ਇਹ ਬੱਦਲ ਲਾਲ-ਸੁਰਖ਼ ਹੋ ਗਿਆ। ਉਸ ਤੋਂ ਲਾਲ-ਲਾਲ ਲੋਅ ਆਉਣ ਲੱਗੀ। ਸਾਰੀਆਂ ਚੀਜ਼ਾਂ ਲਾਲ-ਗੁਲਾਬੀ ਹੋ ਗਈਆਂ। ਕੋਲਿਆਂ ਦੀ ਭੱਠੀ ਵਿਚ ਦੋਵੇਂ ਤਲਵਾਰਾਂ ਵੀ ਤਪ ਕੇ ਲਾਲ-ਸੁਰਖ਼ ਹੋ ਗਈਆਂ। ਤੇਰੇ ਪਿਤਾ ਖੂਹ ਤੋਂ ਪਾਣੀ ਲਿਆ ਕੇ ਤਲਵਾਰਾਂ ਉੱਤੇ ਹਲਕੇ-ਹਲਕੇ ਛਿੱਟੇ ਮਾਰਨ ਲੱਗੇ। ਤਲਵਾਰਾਂ 'ਤੇ ਪਾਣੀ ਦੇ ਛਿੱਟੇ ਪੈਣ ਨਾਲ ਬਹੁਤ ਜ਼ੋਰ-ਜ਼ੋਰ ਦੀ ਸਾਂ-ਸਾਂ ਦੀਆਂ ਆਵਾਜ਼ਾਂ ਨਿਕਲਣ ਲੱਗੀਆਂ। ਹੌਲੀ-ਹੌਲੀ ਤਲਵਾਰਾਂ ਨੀਲੀਆਂ ਪੈਣ ਲੱਗੀਆਂ। ਤੇਰੇ ਪਿਤਾ ਸੱਤ ਦਿਨ ਤੇ ਸੱਤ ਰਾਤਾਂ ਤਲਵਾਰਾਂ ਉੱਤੇ ਪਾਣੀ ਚੜ੍ਹਾਉਂਦੇ ਰਹੇ। ਸੱਤ ਦਿਨ ਬਾਅਦ ਭੱਠੀ ਵਿਚ ਰੱਖੀਆਂ ਤਲਵਾਰਾਂ ਗਾਇਬ ਹੋ ਗਈਆਂ। ਕੋਈ ਜਣਾ ਧਿਆਨ ਨਾਲ ਭੱਠੀ ਵਿਚ ਨਿਗਾਹ ਟਿਕਾ ਕੇ ਦੇਖਦਾ ਤਾਂ ਲੰਮੇ-ਲੰਮੇ ਕੱਚ ਦੇ ਫਲਕ ਜਿਹੇ ਦਿਖਾਈ ਦੇ ਰਹੇ ਸਨ।

"ਤੇਰੇ ਪਿਤਾ ਦੀਆਂ ਅੱਖਾਂ ਖੁਸ਼ੀ ਤੇ ਤਸੱਲੀ ਨਾਲ ਚਮਕ ਰਹੀਆਂ ਸਨ। ਉਹ ਤਲਵਾਰਾਂ ਭੱਠੀ ਵਿਚੋਂ ਕੱਢ ਲਈਆਂ ਉਨ੍ਹਾਂ ਨੂੰ ਘੜਨ-ਤਿਆਰ ਕਰਨ ਲੱਗ ਪਏ। ਪਤਾ ਨਹੀਂ ਕਿਉਂ ਤੇਰੇ ਪਿਤਾ ਦੇ ਮੱਥੇ ਉੱਤੇ ਚਿੰਤਾ ਦੀ ਝਲਕ ਆਉਂਦੀ ਸੀ। ਉਨ੍ਹਾਂ ਨੇ ਦੋਹਾਂ ਤਲਵਾਰਾਂ ਨੂੰ ਪੇਟੀਆਂ ਵਿਚ ਰੱਖ ਕੇ ਬੰਦ ਕਰ ਦਿੱਤਾ ਸੀ।

"ਤੇਰੇ ਪਿਤਾ ਨੇ ਮੇਰੇ ਕੰਨ ਵਿਚ ਕਿਹਾ, "ਤੈਨੂੰ ਪਤਾ ਏ, ਦੁਨੀਆਂ ਨੂੰ ਪਤਾ ਲੱਗ ਗਿਆ ਏ ਕਿ ਤਲਵਾਰਾਂ ਬਣ ਗਈਆਂ ਨੇ। ਤੂੰ ਤਾਂ ਸਭ ਦੇਖਿਆ ਏ, ਕਿੰਨੇ ਦਿਨਾਂ ਤੋਂ ਕਿਵੇਂ ਦੇ ਬਦਸ਼ਗਨ ਹੋ ਰਹੇ ਨੇ। ਸੋ ਕਿਸੇ ਨੂੰ ਪਤਾ ਨਹੀਂ ਲੱਗੇਗਾ ਕਿ ਤਲਵਾਰਾਂ ਬਣ ਗਈਆਂ। ਕੱਲ੍ਹ ਮਹਾਰਾਜ ਦੇ ਤਲਵਾਰਾਂ ਦੇਣ ਜਾਵਾਂਗਾ। ਮਹਾਰਾਜ ਨੂੰ ਤਲਵਾਰ ਦਿੱਤੀ ਤੇ ਮੇਰਾ ਅੰਤ-ਕਾਲ ਆਇਆ। ਮਹਾਰਾਜ ਨੂੰ ਤਲਵਾਰ ਦੇ ਕੇ ਮੈਂ ਸ਼ਾਇਦ ਮੁੜ ਨਾ ਸਕਾਂਗਾ।"

"ਮੈਂ ਤਾਂ ਬਹੁਤ ਡਰ ਗਈ। ਤੇਰੇ ਪਿਤਾ ਦੀ ਗੱਲ ਬਹੁਤੀ ਸਮਝ ਨਾ ਪਈ। ਫਿਰ ਕੀ ਜਵਾਬ ਦਿੰਦੀ। ਉਨ੍ਹਾਂ ਨੇ ਦਿਲਾਸਾ ਦਿੱਤਾ, 'ਤਲਵਾਰਾਂ ਤਾਂ ਅਜਿਹੀਆਂ ਬਣੀਆਂ ਕਿ ਕੋਈ ਕੀ ਬਣਾਏਗਾ!"

"ਤੂੰ ਵੀ ਬੜੀ ਭੋਲੀ ਏਂ। ਤੈਨੂੰ ਨਹੀਂ ਪਤਾ," ਤੇਰੇ ਪਿਤਾ ਨੇ ਕਿਹਾ। 'ਤੈਨੂੰ ਪਤਾ ਏ, ਰਾਜਾ ਬਹੁਤ ਨਿਰਦਈ ਏ। ਉਹਨੂੰ ਹਮੇਸ਼ਾ ਵੈਰੀਆਂ ਦਾ ਡਰ ਰਹਿੰਦਾ ਏ। ਉਹਦੇ ਲਈ ਮੈਂ ਅਜਿਹੀ ਤਲਵਾਰ ਬਣਾਈ ਏ ਜਿਸ ਦਾ ਦੁਨੀਆਂ 'ਚ ਜਵਾਬ ਨਹੀਂ। ਉਹ ਜ਼ਰੂਰ ਮੇਰੀ ਧੌਣ ਲੁਹਾ ਦੇਵੇਗਾ ਜਿਸ ਨਾਲ ਉਹਦੀ ਤਲਵਾਰ ਦੇ ਮੁਕਾਬਲੇ ਦੀ ਦੂਜੀ ਤਲਵਾਰ ਕਿਸੇ ਹੋਰ ਲਈ ਨਾ ਬਣਾ ਸਕਾਂ।'

"ਮੈਂ ਰੋਣ ਲੱਗ ਪਈ।

"ਤੂੰ ਕਿਉਂ ਰੋਂਦੀ ਏਂ ? ਤੇਰੇ ਰੋਣ ਨਾਲ ਕੀ ਹੋਵੇਗਾ ?" ਤੇਰੇ ਪਿਤਾ ਨੇ ਆਖਿਆ, 'ਜੋ ਕਿਸਮਤ 'ਚ ਲਿਖਿਆ, ਉਹੀ ਹੋਵੇਗਾ। ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਤੇਰੇ ਪਿਤਾ ਦੀਆਂ ਅੱਖਾਂ ਵਿਚੋਂ ਚਿੰਗਾੜੀਆਂ ਨਿਕਲਣ ਲੱਗ ਪਈਆਂ। ਉਨ੍ਹਾਂ ਨੇ ਪੇਟੀ ਵਿਚ ਰੱਖੀ ਦੂਜੀ ਤਲਵਾਰ ਮੇਰੀ ਗੋਦ 'ਚ ਰੱਖ ਦਿੱਤੀ। ਆਖਣ ਲੱਗੇ, 'ਇਕ ਨਰ-ਤਲਵਾਰ ਤੈਨੂੰ ਦੇ ਰਿਹਾ ਹਾਂ। ਇਹਨੂੰ ਸੰਭਾਲ ਕੇ ਰੱਖੀਂ। ਭਲਕੇ ਇਕ ਮਾਦਾ-ਤਲਵਾਰ ਰਾਜਾ ਦੇ ਦੇਣ ਜਾਵਾਂਗਾ। ਮੈਂ ਮੁੜ ਕੇ ਨਾ ਆਇਆ ਤਾਂ ਸਮਝ ਲੈਣਾ ਕਿ ਰਾਜਾ ਨੇ ਮੇਰੀ ਧੌਣ ਲਾਹ ਦਿੱਤੀ ਏ। ਚਾਰ-ਪੰਜ ਮਹੀਨਿਆਂ ਵਿਚ ਤੇਰੇ ਪੇਟ 'ਚੋਂ ਬਾਲ-ਬੱਚਾ ਹੋਵੇਗਾ। ਤੂੰ ਮੇਰੇ ਲਈ ਰੋਂਦੀ ਨਾ ਰਹੀ। ਬੱਚੇ ਨੂੰ ਹੁਸ਼ਿਆਰੀ ਨਾਲ ਪਾਲੀਂ। ਜਦੋਂ ਪੁੱਤ ਜਵਾਨ ਹੋ ਜਾਵੇ ਤਾਂ ਇਹ ਨਰ-ਤਲਵਾਰ ਉਹਨੂੰ ਦੇ ਕੇ ਆਖੀਂ ਕਿ ਜਾਹ ਤੇ ਰਾਜਾ ਦਾ ਸਿਰ ਲਾਹ ਦੇ। ਮੇਰਾ ਪੁੱਤ ਮੇਰਾ ਬਦਲਾ ਲਵੇਗਾ।"

"ਪਿਤਾ ਫਿਰ ਨਹੀਂ ਮੁੜੇ ?" ਮੇਇ ਨੇ ਉਤਸੁਕਤਾ ਨਾਲ ਪੁੱਛਿਆ।

"ਨਹੀਂ, ਕਦੀ ਨਹੀਂ ਪਰਤੇ।" ਮਾਂ ਨੇ ਧੀਰਜ ਨਾਲ ਜਵਾਬ ਦਿੱਤਾ। "ਮੈਂ ਤੇਰੇ ਪਿਤਾ ਨੂੰ ਥਾਂ-ਥਾਂ ਲੱਭਦੀ ਰਹੀ, ਕਿਤਿਓਂ ਕੋਈ ਪਤਾ-ਥਹੁ ਨਾ ਲੱਗਿਆ। ਫਿਰ ਖ਼ਬਰ ਮਿਲੀ ਕਿ ਤੇਰੇ ਪਿਤਾ ਦੀ ਬਣਾਈ ਤਲਵਾਰ ਨੇ ਸਭ ਤੋਂ ਪਹਿਲਾਂ ਤੇਰੇ ਪਿਤਾ ਦਾ ਹੀ ਖ਼ੂਨ ਪੀਤਾ। ਰਾਜਾ ਨੂੰ ਡਰ ਸੀ ਕਿ ਤੇਰੇ ਪਿਤਾ ਪ੍ਰੇਤ ਬਣ ਕੇ ਮਹਿਲਾਂ 'ਚ ਖਰੂਦ ਨਾ ਕਰਨ, ਇਸ ਲਈ ਹੁਕਮ ਦਿੱਤਾ ਕਿ ਉਨ੍ਹਾਂ ਦਾ ਧੜ ਸਾਹਮਣੇ ਵਾਲੇ ਫਾਟਕ ਕੋਲ ਦਫ਼ਨਾਇਆ ਜਾਵੇ ਤੇ ਸਿਰ ਮਹਿਲਾਂ ਦੇ ਪਿਛਵਾੜੇ 'ਚ ਦਬਾਇਆ ਜਾਵੇ।"

ਮੇਇ ਚਏਨ ਛੀ ਦੀਆਂ ਰਗਾਂ ਵਿਚ ਬਿਜਲੀ ਦੌੜ ਗਈ। ਉਹਨੂੰ ਲੱਗਿਆ ਕਿ ਉਹਦੇ ਰੋਮ-ਰੋਮ ਵਿਚੋਂ

ਚੰਗਿਆੜੀਆਂ ਉੱਡ ਰਹੀਆਂ ਸਨ। ਨ੍ਹੇਰੇ ਵਿਚ ਲੜਕੇ ਨੇ ਇੰਨੀ ਜ਼ੋਰ ਨਾਲ ਮੁੱਠਾਂ ਘੁੱਟੀਆਂ ਜਿਵੇਂ ਆਪਣੀਆਂ ਉਂਗਲੀਆਂ ਨੂੰ ਚੂਰ-ਚੂਰ ਕਰ ਲਵੇਗਾ।

ਮਾਂ ਮੰਜੇ ਤੋਂ ਉੱਠੀ। ਉਹਨੇ ਮੰਜੇ ਦੇ ਸਿਰਹਾਣੇ ਪਿਆ ਤਖ਼ਤਾ ਖਿੱਚ ਕੇ ਹਟਾਇਆ। ਇਕ ਮਸ਼ਾਲ ਜਲਾ ਲਈ। ਫਿਰ ਕਿਵਾੜਾਂ ਦੇ ਪਿੱਛਿਓਂ ਗਦਾਲੀ ਚੁੱਕ ਕੇ ਮੁੰਡੇ ਦੇ ਹੱਥ ਫੜਾ ਦਿੱਤੀ ਤੇ ਕਿਹਾ, "ਇਥੋਂ ਪੁਟਾਈ ਕਰ।"

ਮੇਇ ਦਾ ਦਿਲ ਧੜਕ ਰਿਹਾ ਸੀ। ਉਹ ਹੌਂਸਲੇ ਨਾਲ ਪੁੱਟ-ਪੁਟਾਈ ਕਰਨ ਲੱਗਾ। ਗਦਾਲੀ ਨਾਲ ਜ਼ਮੀਨ ਪੁੱਟੀ ਜਾ ਰਿਹਾ ਸੀ। ਟੋਏ 'ਚੋਂ ਮਿੱਟੀ ਕੱਢ ਕੇ ਇਕ ਪਾਸੇ ਸੁੱਟਦਾ ਰਿਹਾ। ਤਕਰੀਬਨ ਪੰਜ ਫੁੱਟ ਡੂੰਘਾ ਟੋਆ ਪੁੱਟਿਆ ਗਿਆ ਤਾਂ ਮਿੱਟੀ ਦਾ ਰੰਗ ਬਦਲ ਗਿਆ। ਇਉਂ ਲੱਗਦਾ ਸੀ ਜਿਵੇਂ ਮਿੱਟੀ ਵਿਚ ਗਲੇ ਹੋਏ ਲੱਕੜੀ ਦੇ ਟੁਕੜੇ ਭਰੇ ਹੋਣ।

"ਹਾਂ, ਹੁਣ ਹੁਸ਼ਿਆਰੀ ਨਾਲ, ਜ਼ਰਾ ਧਿਆਨ ਨਾਲ ਪੁੱਟੀਂ", ਮਾਂ ਨੇ ਕਿਹਾ।

ਮੇਇ ਟੋਏ ਵਿਚ ਝੁਕ ਕੇ ਬਹੁਤ ਸਾਵਧਾਨੀ ਨਾਲ ਗਲੀ-ਸੜੀ ਲੱਕੜੀ ਕੱਢਦਾ ਗਿਆ। ਅਚਾਨਕ ਉਂਗਲੀਆਂ ਵਿਚ ਕਿਸੇ ਬਹੁਤ ਠੰਢੀ ਬਰਫ਼ ਵਰਗੀ ਚੀਜ਼ ਦੀ ਛੋਹ ਮਹਿਸੂਸ ਹੋਈ। ਹੀਰੇ ਵਾਂਗ ਚਮਕਦੀ ਤਲਵਾਰ ਦਿਸੀ। ਮੇਇ ਨੇ ਤਲਵਾਰ ਫੜ ਕੇ ਉਹਨੂੰ ਚੁੱਕ ਲਿਆ।

ਚਮਕਦੀ ਤਲਵਾਰ ਦੀ ਲਿਸ਼ਕੋਰ ਚੁਫ਼ੇਰੇ ਫੈਲ ਗਈ। ਉਹਦੀ ਰੌਸ਼ਨੀ ਨਾਲ ਅਸਮਾਨ ਵਿਚ ਚਮਕਦੇ ਚੰਦ-ਸਿਤਾਰੇ ਤੇ ਕੋਠੜੀ ਵਿਚ ਜਲਦੀ ਮਸ਼ਾਲ ਦੀ ਰੌਸ਼ਨੀ ਫਿੱਕੀ ਪੈ ਗਈ। ਚੁਫ਼ੇਰੇ ਚਮਕਦੇ ਫ਼ੌਲਾਦ ਦੀ ਰੌਸ਼ਨੀ ਫੈਲ ਗਈ। ਦੇਖਦਿਆਂ-ਦੇਖਦਿਆਂ ਤਲਵਾਰ ਪਿਘਲ ਕੇ ਗਾਇਬ ਹੋ ਗਈ। ਨੌਜਵਾਨ ਨੇ ਅੱਖਾਂ ਮਲ ਕੇ ਧਿਆਨ ਨਾਲ ਦੇਖਿਆ ਤਾਂ ਸਾਢੇ ਤਿੰਨ ਫੁੱਟ ਲੰਮੀ ਕੋਈ ਚੀਜ਼ ਉਹਦੇ ਹੱਥ 'ਚ ਸੀ। ਤਲਵਾਰ ਦੀ ਤੇਜ਼ ਧਾਰ ਦਿਖਾਈ ਨਹੀਂ ਦੇ ਰਹੀ ਸੀ, ਜਿਵੇਂ ਧਾਰ ਮੁੜ ਛੜੀ ਬਣ ਗਈ ਹੋਵੇ।

"ਹੁਣ ਤੂੰ ਆਪਣੀ ਦਇਆ-ਦ੍ਰਿਸ਼ਟੀ ਛੱਡ ਦੇ", ਮਾਂ ਨੇ ਆਖਿਆ। "ਤਲਵਾਰ ਚੁੱਕ ਤੇ ਜਾ ਕੇ ਆਪਣੇ ਪਿਤਾ ਦਾ ਬਦਲਾ ਲੈ।"

"ਮੇਰੇ ਅੰਦਰ ਹੁਣ ਦਇਆ-ਭਾਵ ਕਿਥੇ ਹੈ ਮਾਂ! ਇਸ ਤਲਵਾਰ ਨਾਲ ਪਿਤਾ ਜੀ ਦਾ ਬਦਲਾ ਜ਼ਰੂਰ ਲਵਾਂਗਾ।"

"ਜਿਊਂਦਾ ਰਹਿ ਪੁੱਤਰ! ਤੂੰ ਨੀਲੇ ਰੰਗ ਦਾ ਕੋਟ ਪਹਿਨ ਲੈ। ਤਲਵਾਰ ਪਿੱਠ 'ਤੇ ਬੰਨ੍ਹ ਲੈ। ਤੇਰਾ ਕੋਟ ਉਸੇ ਰੰਗ ਦਾ ਹੋਵੇਗਾ ਤਾਂ ਤਲਵਾਰ ਲੁਕੀ ਰਹੇਗੀ, ਉਹਦੇ 'ਤੇ ਨਿਗਾਹ ਨਹੀਂ ਪਵੇਗੀ। ਤੇਰੇ ਲਈ ਨੀਲਾ ਕੋਟ ਸਿਲਾਇਆ ਹੋਇਆ ਏ। ਸੰਦੂਕ 'ਚੋਂ ਕੱਢ ਲੈ!" ਮਾਂ ਨੇ ਮੰਜੇ ਦੇ ਸਿਰਹਾਣੇ ਪਏ ਸੰਦੂਕ ਵੱਲ ਇਸ਼ਾਰਾ ਕੀਤਾ, "ਸਵੇਰੇ ਤੂੰ ਆਪਣੇ ਰਾਹ ਪੈ ਜਾਵੀਂ। ਮੇਰੀ ਚਿੰਤਾ ਨਾ ਕਰੀਂ।"

ਮੇਇ ਨੇ ਸੰਦੂਕ 'ਚੋਂ ਕੋਟ ਕੱਢਿਆ ਤੇ ਪਹਿਨ ਕੇ ਤੁਰ ਪਿਆ। ਨਵਾਂ ਕੋਟ ਉਹਦੇ ਸਰੀਰ 'ਤੇ ਬਹੁਤ ਫੱਬ ਰਿਹਾ ਸੀ। ਫਿਰ ਉਹਨੇ ਕੋਟ ਲਾਹ ਕੇ ਤਹਿ ਕਰ ਲਿਆ। ਉਸ ਵਿਚ ਤਲਵਾਰ ਲਪੇਟ ਕੇ ਸਿਰਹਾਣੇ ਰੱਖ ਲਈ ਤੇ ਚੁੱਪਚਾਪ ਲੰਮਾ ਪੈ ਗਿਆ। ਉਸ ਨੂੰ ਲੱਗਿਆ ਕਿ ਉਹਦੇ ਸਰੀਰ 'ਚ ਅਜੀਬ ਜਿਹੀ ਸ਼ਕਤੀ ਆ ਗਈ ਹੈ। ਸੋਚਿਆ, ਹੁਣ ਮਨ ਦੀ ਸਾਰੀ ਚਿੰਤਾ ਦੂਰ ਕਰ ਕੇ ਸੌਂ ਜਾਵਾਂ। ਸਵੇਰੇ ਚੁਸਤ-ਫ਼ੁਰਤ ਸਿਹਤਮੰਦ ਉੱਠ ਕੇ ਬਦਲਾ ਲੈਣਲ ਈ ਪਿਤਾ ਦੇ ਹਥਿਆਰੇ ਦੀ ਭਾਲ ਵਿਚ ਚੱਲ ਪਵਾਂਗਾ।

ਮੇਇ ਨੂੰ ਨੀਂਦ ਨਾ ਆ ਸਕੀ। ਵਾਰ-ਵਾਰ ਪਾਸੇ ਮਾਰਦਾ ਰਿਹਾ। ਮਨ ਚਾਹੁੰਦਾ ਸੀ ਕਿ ਉੱਠ ਕੇ ਬੈਠ ਜਾਵੇ। ਮਾਂ ਦੇ ਡੂੰਘੇ ਸਾਹ ਤੇ ਆਹਾਂ ਵਾਰ-ਵਾਰ ਸੁਣਾਈ ਦੇ ਰਹੀਆਂ ਸਨ। ਮੁਰਗੇ ਦੀ ਪਹਿਲੀ ਬਾਂਗ ਸੁਣਾਈ ਦਿੱਤੀ। ਮੇਇ ਨੇ ਸਮਝ ਲਿਆ ਕਿ ਦਿਨ ਚੜ੍ਹਨ ਵਾਲਾ ਹੈ। ਉਹ ਸੋਲ੍ਹਾਂ ਸਾਲ ਦਾ ਜਵਾਨ ਹੋ ਗਿਆ ਸੀ।

—2—

ਅਜੇ ਪੂਰਬ 'ਚ ਲੁਆਲਾ ਨਹੀਂ ਲੱਗਾ ਸੀ। ਮੇਇ ਚਏਨ ਛੀ ਆਪਣੀ ਕੋਠੜੀ ਵਿਚੋਂ ਨਿਕਲ ਗਿਆ। ਉਹਨੜੇ ਘੁੰਮ-ਫਿਰ ਕੇ ਦੇਖਿਆ। ਉਹਦੀਆਂ ਅੱਖਾਂ ਲਾਲ ਸਨ। ਸਰੀਰ 'ਤੇ ਪੀਲੇ ਰੰਗ ਦਾ ਲੰਮਾ ਕੋਟ ਸੀ। ਤਲਵਾਰ ਕੱਪੜਿਆਂ 'ਚ ਛਿਪੀ ਹੋਈ ਸੀ। ਮੇਇ ਫ਼ੁਰਤੀਲੀ ਚਾਲੇ ਸ਼ਹਿਰ ਵੱਲ ਨੂੰ ਜਾ ਰਿਹਾ ਸੀ। ਸਵੇਰ ਦੀ ਹਵਾ ਅਜੇ ਵਣਾਂ ਵਿਚ ਦੇਵਦਾਰ ਦੀਆਂ ਪੱਤੀਆਂ ਉੱਤੇ ਟਿਕੀ ਤ੍ਰੇਲ ਦੇ ਹੇਠਾਂ ਆਰਾਮ ਕਰ ਰਹੀ ਸੀ। ਮੇਇ ਵਣ ਦੇ ਦੂਜੇ ਸਿਰੇ ਉੱਤੇ ਪਹੁੰਚਾ ਤਾਂ ਪੂਰਬ ਵਿਚ ਲਾਲ ਚਮਕਣ ਲੱਗੀ। ਰੁੱਖਾਂ-ਪੌਦਿਆਂ ਉੱਤੇ ਅਟਕੀ ਤ੍ਰੇਲ ਸੂਰਜ ਦੀਆਂ ਕਿਰਨਾਂ ਦੀ ਛੋਹ ਨਾਲ ਚਮਕਣ ਲੱਗੀ। ਦੂਰ, ਬਹੁਤ

ਦੂਰ ਉਹਦੇ ਸਾਹਮਣੇ ਸ਼ਹਿਰ ਦੀਆਂ ਕਾਲੀਆਂ-ਭੂਰੀਆਂ ਉੱਚੀਆਂ-ਉੱਚੀਆਂ ਦੀਵਾਰਾਂ ਧੁੰਦ ਵਿਚ ਲਪੇਟੀਆਂ ਦਿਖਾਈ ਦੇਣ ਲੱਗੀਆਂ। ਦੀਵਾਰਾਂ ਉੱਤੇ ਤੋਪਚੀਆਂ ਤੇ ਬੰਦੂਕਚੀਆਂ ਦੇ ਮੋਰਚੇ ਬਣੇ ਹੋਏ ਸਨ।

ਸ਼ਹਿਰ ਦੇ ਦੁਆਰ 'ਤੇ ਮੇਇ ਸਾਗ-ਸਬਜ਼ੀ ਵੇਚਣ ਵਾਲਿਆਂ ਦੀ ਭੀੜ ਵਿਚ ਮਿਲ ਕੇ ਸ਼ਹਿਰ ਵਿਚ ਦਾਖਲ ਹੋ ਗਿਆ। ਬਾਜ਼ਾਰਾਂ ਵਿਚ ਕਾਰੋਬਾਰ ਦੀ ਚਹਿਲ-ਪਹਿਲ ਸ਼ੁਰੂ ਹੋ ਗਈ ਸੀ। ਇਥੇ-ਉਥੇ ਵਿਹਲੜ ਬੰਦੇ ਗੋਲ ਦਾਇਰਾ ਬਣਾ ਕੇ ਗੱਲਾਂ ਕਰ ਰਹੇ ਸਨ। ਵਿਚ-ਵਿਚ ਕਿਵਾੜਾਂ ਦੇ ਪਿੱਛਿਓਂ ਤੀਵੀਆਂ ਝਾਕ ਲੈਂਦੀਆਂ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਅਜੇ ਨੀਂਦ ਭਰੀ ਹੋਈ ਸੀ, ਕੇਸ ਖਿੱਲਰੇ ਹੋਏ ਸਨ, ਸ਼ਿੰਗਾਰ ਨਾ ਕਰ ਸਕਣ ਨਾਲ ਉਨ੍ਹਾਂ ਦੇ ਚਿਹਰੇ ਪਾਊਡਰ-ਸੁਰਖ਼ੀ ਤੋਂ ਬਿਨਾਂ ਬਿਲਕੁਲ ਪੀਲੇ ਤੇ ਮੁਰਝਾਏ ਹੋਏ ਲੱਗ ਰਹੇ ਸਨ।

ਮੇਇ ਚਏਨ ਨੂੰ ਲੱਗ ਰਿਹਾ ਸੀ ਕਿ ਕੋਈ ਬਹੁਤ ਵੱਡੀ ਘਟਨਾ ਹੋਣ ਵਾਲੀ ਹੈ। ਲੋਕ ਉਹਦੀ ਉਡੀਕ ਵਿਚ ਸਹਿਮੇ ਹੋਏ ਲੱਗ ਰਹੇ ਸਨ, ਉਤਸੁਕਤਾ ਤੇ ਧੀਰਜ ਨਾਲ ਮੌਕੇ ਦੀ ਉਡੀਕ ਕਰ ਰਹੇ ਸਨ।

ਮੇਇ ਆਪਣੀ ਚਾਲੇ ਤੁਰਿਆ ਜਾ ਰਿਹਾ ਸੀ। ਇਕ ਬੱਚਾ ਦੌੜਦਾ ਹੋਇਆ ਉਹਦੇ ਨਾਲ ਖਹਿ ਕੇ ਨਿਕਲ ਗਿਆ। ਬੱਚਾ ਉਹਦੇ ਕੱਪੜਿਆਂ ਵਿਚ ਲੁਕੀ ਤਲਵਾਰ ਦੀ ਨੋਕ ਤੋਂ ਵਾਲ-ਵਾਲ ਬਚ ਗਿਆ। ਮੇਇ ਦਾ ਸਰੀਰ ਪਸੀਨਾ-ਪਸੀਨਾ ਹੋ ਗਿਆ ਸੀ। ਉਹ ਉੱਤਰ ਦੇ ਪਾਸੇ ਘੁੰਮ ਗਿਆ। ਮਹਿਲ ਦੇ ਕੋਲ ਪਹੁੰਚ ਰਿਹਾ ਸੀ ਤਾਂ ਲੋਕਾਂ ਦੀ ਭੀੜ ਦਿਸੀ। ਲੋਕ ਧੌਣਾਂ ਚੁੱਕ-ਚੁੱਕ ਕੇ ਸੜਕ ਵੱਲ ਨੂੰ ਦੇਖ ਰਹੇ ਸਨ। ਭੀੜ 'ਚ ਔਰਤਾਂ ਤੇ ਬੱਚਿਆਂ ਦੀ ਚੀਕਾਂ-ਪੁਕਾਰਾਂ ਸੁਣਾਈ ਦੇ ਰਹੀਆਂ ਸਨ। ਮੇਇ ਭੀੜ ਵਿਚ ਜਾਣ ਤੋਂ ਕਤਰਾ ਰਿਹਾ ਸੀ ਕਿ ਕੋਈ ਉਹਦੀ ਤਲਵਾਰ ਨਾਲ ਵਿੰਨ੍ਹਿਆ ਨਾ ਜਾਵੇ। ਪਰ ਉਹਦੇ ਪਿੱਛੇ ਲੋਕ ਵੱਧਦੇ ਹੀ ਜਾ ਰਹੇ ਸਨ। ਮੇਇ ਬਚ-ਬਚ ਕੇ ਉਨ੍ਹਾਂ ਨੂੰ ਰਸਤਾ ਦਿੰਦਾ ਜਾ ਰਿਹਾ ਸੀ। ਉਹਦੇ ਸਾਹਮਣੇ ਲੋਕਾਂ ਦੀਆਂ ਪਿੱਠਾਂ ਹੀ ਪਿੱਠਾਂ ਸਨ। ਲੋਕ ਉੱਛਲ-ਉੱਛਲ ਕੇ, ਧੌਣਾਂ ਚੁੱਕ-ਚੁੱਕ, ਸੜਕ ਵੱਲ ਨਿਗਾਹਾਂ ਲਾ ਕੇ ਖੜ੍ਹੇ ਸਨ।

ਮੇਇ ਨੇ ਦੇਖਿਆ, ਉਹਦੇ ਸਾਹਮਣੇ ਖੜ੍ਹੇ ਲੋਕ ਇਕ ਤੋਂ ਬਾਅਦ ਇਕ ਆਪਣੇ ਗੋਡਿਆਂ ਦੇ ਭਾਰ ਬੈਠ ਗਏ ਹਨ। ਸੜਕ ਉੱਤੇ ਦੂਰ ਦਿਖਾਈ ਦਿੱਤੇ, ਦੋ ਘੋੜਸਵਾਰ ਸਰਪੱਟ ਚਲੇ ਆ ਰਹੇ ਸਨ। ਘੋੜ ਸਵਾਰਾਂ ਦੇ ਪਿੱਛੇ ਬਰਛੇ, ਭਾਲੇ, ਤਲਵਾਰਾਂ ਤੇ ਤੀਰ-ਕਮਾਨ ਫੜੀ ਸਿਪਾਹੀ ਝੰਡੇ ਚੁੱਕੀ ਆ ਰਹੇ ਸਨ। ਸਿਪਾਹੀਆਂ ਦੇ ਕਦਮਾਂ ਨਾਲ ਉੱਡਦੀ ਧੂੜ ਅਸਮਾਨ ਵਿਚ ਉੱਡਦੀ ਜਾ ਰਹੀ ਸੀ। ਸਿਪਾਹੀਆਂ ਦੇ ਪਿੱਛੇ ਚਾਰ ਘੋੜਿਆਂ ਵਾਲੀ ਗੱਡੀ ਸੀ। ਗੱਡੀ ਵਿਚ ਬਾਜਾ ਵਜਾਉਣ ਵਾਲੇ ਬੰਦੇ ਸਨ। ਉਹ ਘੰਟੇ-ਘੜਿਆਲ, ਢੋਲ-ਨਗਾਰੇ, ਸ਼ਹਿਨਾਈਆਂ ਤੇ ਤੁਰਹੀਆਂ ਵਜਾਉਂਦੇ ਹੋਏ ਤੁਰੇ ਜਾ ਰਹੇ ਸਨ। ਬਾਜੇ ਵਾਲਿਆ ਦੇ ਪਿੱਛੇ ਭੜਕੀਲੇ ਕੱਪੜੇ ਪਹਿਨ ਕੇ ਦਰਬਾਰੀਆਂ ਦੀਆਂ ਸਵਾਰੀਆਂ ਚੱਲੀਆਂ ਆ ਰਹੀਆਂ ਸਨ। ਉਹ ਜਾਂ ਤਾਂ ਬੁੱਢੇ ਸਨ ਜਾਂ ਮੋਟੀਆਂ ਗੋਗੜਾਂ ਵਾਲੇ ਲੋਕ ਸਨ ਤੇ ਉਨ੍ਹਾਂ ਦੇ ਚਿਹਰੇ ਪਸੀਨੇ ਨਾਲ ਚਮਕ ਰਹੇ ਸਨ। ਦਰਬਾਰੀਆਂ ਦੇ ਪਿੱਛੇ ਫਿਰ ਨੇਜ਼ਿਆਂ, ਤਲਵਾਰਾਂ ਤੇ ਬਰਸ਼ਿਆਂ ਨਾਲ ਲੈਸ ਸਵਾਰਾਂ ਦਾ ਦਸਤਾ ਸੀ। ਸਵਾਗਤ ਲਈ ਝੁਕੇ ਲੋਕ ਜ਼ਮੀਨ ਉੱਤੇ ਲੰਮੇ ਪੈ-ਪੈ ਡੰਡੌਤ ਕਰਨ ਲੱਗੇ। ਮੇਇ ਚਏਨ ਨੇ ਦੇਖਿਆ ਕਿ ਇਕ ਬਹੁਤ ਵੱਡਾ ਰੱਥ, ਪੀਲੇ ਕੱਪੜੇ ਨਾਲ ਢੱਕਿਆ ਹੋਇਆ ਆ ਰਿਹਾ ਸੀ। ਰੱਥ ਅੰਦਰ ਚਮਕਾਂ ਮਾਰਦੀ ਪੌਸ਼ਾਕ ਪਹਿਨੀ ਇਕ ਮੋਟਾ ਆਦਮੀ ਬੈਠਾ ਸੀ। ਉਹਦਾ ਸਿਰ ਛੋਟਾ ਸੀ, ਦਾਹੜੀ ਤੇ ਸਿਰ ਦੇ ਵਾਲ ਅੱਧ-ਪੱਕੇ ਸਨ। ਕਮਰ 'ਚ ਤਲਵਾਰ ਸੀ, ਠੀਕ ਉਸੇ ਤਰ੍ਹਾਂ ਦੀ ਜਿਵੇਂ ਮੇਇ ਨੇ ਆਪਣੇ ਕੱਪੜਿਆਂ ਵਿਚ ਪਿੱਠ ਪਿੱਛੇ ਲੁਕੋਈ ਹੋਈ ਸੀ।

ਨੌਜਵਾਨ ਦਾ ਸਰੀਰ ਜੋਸ਼ 'ਚ ਕੰਬ ਗਿਆ। ਫਿਰ ਉਹਦੇ ਦਿਲ 'ਚ ਭਿਆਨਕ ਅੱਗ ਦੀਆਂ ਲੰਬਾਂ ਭੜਕ ਪਈਆਂ, ਰੋਮ-ਰੋਮ ਵਿਚੋਂ ਲਾਟਾਂ ਉੱਠਦੀਆਂ ਜਾਪਣ ਲੱਗੀਆਂ। ਉਹਦਾ ਹੱਥ ਕੱਪੜਿਆਂ ਵਿਚ ਛਿਪੀ ਤਲਵਾਰ ਦੀ ਮੁੱਠ ਉੱਤੇ ਚਲਾ ਗਿਆ। ਉਹ ਸਵਾਗਤ ਤੇ ਡੰਡੌਤ ਲਈ ਝੁਕੇ ਲੋਕਾਂ ਦੀ ਭੀੜ ਨੂੰ ਚੀਰ ਕੇ ਅੱਗੇ ਵੱਧਣ ਲੱਗਾ।

ਮੇਇ ਸੜਕ ਵੱਲ ਨੂੰ ਪੰਜ-ਛੇ ਕਦਮ ਹੀ ਵੱਧ ਸਕਿਆ ਸੀ ਕਿਸੇ ਨੇ ਉਹਨੂੰ ਠਿੱਬੀ ਮਾਰ ਕੇ ਜ਼ੋਰ ਨਾਲ ਭੁੰਞੇ ਸੁੱਟ ਦਿੱਤਾ। ਉਹ ਇਕ ਕਮਜ਼ੋਰ-ਸੁੱਕੇ ਜਿਹੇ ਨੌਜਵਾਨ ਉੱਤੇ ਜਾ ਡਿੱਗਿਆ। ਮੇਇ ਘਬਰਾਇਆ ਕਿ ਉਹਦੇ ਹੇਠਾਂ ਦੱਬਣ ਵਾਲਾ ਨੌਜਵਾਨ ਕਿਤੇ ਉਹਦੀ ਤਲਵਾਰ ਦੀ ਨੋਕ ਨਾਲ ਵਿੰਨ੍ਹਿਆ ਨਾ ਗਿਆ ਹੋਵੇ। ਸੰਭਲ ਕੇ ਉੱਠਣ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਦੋ ਮੁੱਕੇ ਉਹਦੀਆਂ ਪਸਲੀਆਂ ਉੱਤੇ ਪੈ ਗਏ। ਸੱਟਾਂ ਦੀ ਪਰਵਾਹ ਨਾ ਕਰ ਕੇ ਮੇਇ ਨੇ ਫਿਰ ਸੜਕ ਵੱਲ ਅੱਖਾਂ ਚੁੱਕੀਆਂ ਪਰ ਉਦੋਂ ਤੱਕ ਪੀਲੇ ਕੱਪੜੇ ਵਾਲਾ ਰੱਥ ਤੇ ਰੱਥ ਦੇ ਪਿੱਛੇ ਸਵਾਰਾਂ ਦਾ ਦਸਤਾ ਅੱਗੇ ਵਧ ਗਏ ਸਨ।

ਸੜਕ ਦੇ ਦੁਵੱਲੇ ਡੰਡੌਤ ਕਰਦੇ ਲੋਕ ਉੱਠ ਕੇ ਖੜ੍ਹੇ ਹੋ ਰਹੇ ਸਨ। ਮੇਇ ਦੇ ਹੇਠਾਂ ਦੱਬਣ ਵਾਲਾ ਪਤਲੇ, ਲਿੱਸੇ ਤੇ ਬੀਮਾਰ ਜਿਹੇ ਨੌਜਵਾਨ ਨੇ ਮੇਇ ਦਾ ਗਲਾ ਫੜ ਲਿਆ ਸੀ ਤੇ ਛੱਡ ਨਹੀਂ ਰਿਹਾ ਸੀ। ਉਹ ਉੱਚੀ-ਉੱਚੀ ਦੁਹਾਈ ਪਾ ਰਿਹਾ ਸੀ ਕਿ ਮੋਢੇ 'ਚ ਜਰਬ ਆ ਗਈ ਹੈ; ਅੱਸੀ ਸਾਲ ਤੋਂ ਪਹਿਲਾਂ ਜੇ ਉਹਦੀ ਮੌਤ ਹੋ ਗਈ ਤਾਂ ਮੇਇ ਨੂੰ ਹਰਜ਼ਾਨਾ ਦੇਣਾ ਪਵੇਗਾ।

ਵਿਹਲੜ ਲੋਕਾਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਖੜ੍ਹੇ ਤਮਾਸ਼ਾ ਦੇਖ ਰਹੇ ਸਨ। ਕੁਝ ਲੋਕ ਸੱਟ-ਖਾਧੇ ਨੌਜਵਾਨ ਦੀ ਹਿਮਾਇਤ ਵਿਚ ਮੇਝ ਨੂੰ ਧਮਕਾਉਣ ਤੇ ਗਾਲ੍ਹਾਂ ਕੱਢਣ ਲੱਗੇ ਪਏ। ਮੇਝ ਅਜੀਬ ਜਿਹੀ ਹਾਲਤ ਵਿਚ ਉਲਝ ਗਿਆ ਸੀ। ਸਮਝ ਨਹੀਂ ਰਿਹਾ ਸੀ ਕਿ ਉਨ੍ਹਾਂ ਦੀ ਗੱਲ ਉੱਤੇ ਹੱਸ ਦੇਵੇ ਜਾਂ ਜਵਾਬ ਵਿਚ ਦੋ ਹੱਥ ਕਰ ਲਵੇ। ਬਹੁਤ ਪਰੇਸ਼ਾਨ ਸੀ। ਝਗੜੇ ਤੋਂ ਖਹਿੜਾ ਛੁਡਾਉਣ ਦਾ ਕੋਈ ਉਪਰਾਲਾ ਸੁੱਝ ਨਹੀਂ ਰਿਹਾ ਸੀ। ਮੇਝ ਬਹੁਤ ਦੇਰ ਤੱਕ ਉਸ ਉਲਝਣ ਵਿਚ ਫਸਿਆ ਰਿਹਾ। ਘੰਟਾਂ ਬੀਤਣ ਨੂੰ ਹੋ ਰਿਹਾ ਸੀ ਪਰ ਝਗੜਾ ਖਤਮ ਨਾ ਹੋਇਆ। ਹੁਣ ਮੇਝ ਲਈ ਸਬਰ ਰੱਖਣਾ ਸੰਭਵ ਨਹੀਂ ਰਿਹਾ, ਪਰ ਤਮਾਸ਼ਬੀਨਾਂ ਨੇ ਉਸ ਨੂੰ ਅਜੇ ਵੀ ਘੇਰਿਆ ਹੋਇਆ ਸੀ।

ਮੇਝ ਨੂੰ ਘੇਰ ਦੇ ਖੜ੍ਹੀ ਭੀੜ ਵਿਚੋਂ ਦੀ ਰਾਹ ਬਣਾ ਕੇ ਇਕ ਸਾਂਵਲਾ ਜਿਹਾ ਆਦਮੀ ਆ ਗਿਆ। ਉਹਦੀ ਦਾਹੜੀ ਦੇ ਵਾਲ ਕਾਲੇ ਸਨ, ਉਵੇਂ ਹੀ ਕਾਲੀਆਂ ਅੱਖਾਂ ਵੀ ਸਨ। ਉਸ ਆਦਮੀ ਦਾ ਸਰੀਰ ਬਹੁਤ ਪਤਲਾ-ਲਿੱਸਾ ਬਾਂਸ ਵਰਗਾ ਸੀ। ਉਹ ਬੋਲਿਆ ਕੁਝ ਨਾਂ। ਮੇਝ ਵੱਲ ਦੇਖ ਕੇ ਜ਼ਰਾ ਮੁਸਕਰਾਇਆ ਤੇ ਫਿਰ ਉਹਨੇ ਪਤਲੇ-ਲਿੱਸੇ, ਬੀਮਾਰ-ਜਿਹੇ ਨੌਜਵਾਨ ਦੇ ਮੂੰਹ 'ਤੇ ਇਕ ਹਲਕਾ-ਜਿਹਾ ਹਮਲਾ ਕੀਤਾ ਤੇ ਉਹਦੀਆਂ ਅੱਖਾਂ 'ਚ ਘੂਰ ਕੇ ਦੇਖਿਆ। ਨੌਜਵਾਨ ਨੇ ਵੀ ਘੂਰ ਕੇ ਦੇਖਿਆ, ਪਲ ਭਰ ਅੱਖਾਂ ਮਿਲਾਉਂਦਾ ਰਿਹਾ। ਫਿਰ ਉਹਨੇ ਮੇਝ ਦਾ ਗਲਾ ਛੱਡ ਦਿੱਤਾ ਤੇ ਚੁੱਪਚਾਪ ਭੀੜ 'ਚੋਂ ਨਿਕਲ ਕੇ ਦੌੜ ਗਿਆ। ਸਾਂਵਲਾ ਆਦਮੀ ਵੀ ਉਹਦੇ ਪਿੱਛੇ-ਪਿੱਛੇ ਚਲਾ ਗਿਆ। ਭੀੜ ਤਮਾਸ਼ਾ ਖਤਮ ਹੋਣ 'ਤੇ ਨਿਰਾਸ਼ ਹੋ ਗਈ ਤੇ ਬਿਖਰਨ ਲੱਗੀ। ਕੁਝ ਲੋਕ ਅਜੇ ਵੀ ਖੜ੍ਹੇ ਸਨ। ਉਹ ਮੇਝ ਤੋਂ ਉਹਦੀ ਉਮਰ ਤੇ ਘਰ-ਬਾਰ ਦਾ ਪਤਾ ਪੁੱਛਣ ਲੱਗੇ ਤੇ ਇਹ ਵੀ ਪੁੱਛਣ ਲੱਗੇ ਕਿ ਉਹਦੇ ਘਰ ਵਿਚ ਹੋਰ ਭੈਣ-ਭਰਾ ਵੀ ਹੋਣਗੇ। ਮੇਝ ਨੇ ਉਨ੍ਹਾਂ ਦੀਆਂ ਗੱਲਾਂ 'ਤੇ ਗੌਰ ਨਾ ਕੀਤਾ ਤੇ ਅਗਾਂਹ ਨੂੰ ਚਲਾ ਗਿਆ।

ਮੇਝ ਦੱਖਣ ਵੱਲ ਨੂੰ ਚਲਾ ਗਿਆ। ਸੋਚ ਰਿਹਾ ਸੀ ਇੰਨੀ ਭੀੜ ਤੇ ਚਹਿਲ-ਪਹਿਲ 'ਚ ਕੋਈ ਆਦਮੀ ਉਹਦੀ ਤਲਵਾਰ ਨਾਲ ਵਿੰਨ੍ਹਿਆ ਗਿਆ ਤਾਂ ਉਹ ਐਵੇਂ ਹੀ ਫਸ ਜਾਵੇਗਾ। ਬਿਹਤਰ ਹੈ ਕਿ ਉਹ ਸ਼ਹਿਰ ਦੇ ਦੱਖਣ ਦੁਆਰ ਤੇ ਬਾਹਰ ਜਾ ਕੇ ਉਡੀਕ ਕਰੇ। ਰਾਜਾ ਤ੍ਰਿਕਾਲਾਂ ਨੂੰ ਮੁੜੇਗਾ, ਉਦੋਂ ਪਿਤਾ ਦਾ ਬਦਲਾ ਲੈ ਸਕਣ ਦਾ ਮੌਕਾ ਮਿਲੇਗਾ। ਦੱਖਣੀ ਦੁਆਰ ਦੇ ਬਾਹਰ ਖੁੱਲ੍ਹੀ ਥਾਂ ਸੀ। ਲੋਕਾਂ ਦੀ ਭੀੜ ਵੀ ਨਹੀਂ ਸੀ। ਮੇਝ ਦੇ ਨਿਸ਼ਾਨੇ ਲਈ ਉਹੀ ਜਗ੍ਹਾ ਵਧੇਰੇ ਢੁੱਕਵੀਂ ਹੈ। ਸ਼ਹਿਰ 'ਚ ਚੁਫ਼ੇਰੇ ਰਾਜਾ ਦੀ ਪਰਬਤ-ਵਿਹਾਰ ਯਾਤਰਾ ਦੀ ਚਰਚਾ ਸੀ। ਲੋਕ ਰਾਜਾ ਦੇ ਦਰਬਾਰੀਆਂ ਤੇ ਸੇਵਕਾਂ ਜਾਂ ਰਾਜਾ ਦੀ ਸ਼ਾਨ-ਸ਼ੌਕਤ ਦੀਆਂ ਗੱਲਾਂ ਕਰ ਰਹੇ ਸਨ। ਮਹਾਰਾਜ ਦੇ ਦਰਸ਼ਨ ਕਰ ਸਕਣਾ ਬਹੁਤ ਪੁੰਨ ਤੇ ਚੰਗੀ ਕਿਸਮਤ ਦੀ ਗੱਲ ਸੀ! ਇਸ ਗੱਲ ਦੀ ਹੋੜ ਲੱਗੀ ਹੋਈ ਸੀ ਕਿ ਕਿਸ ਨੇ ਕਿੰਨਾ ਲੰਮਾ ਸਮਾਂ ਡੰਡੌਤ ਕੀਤੀ, ਕੌਣ ਕਿੰਨਾ ਵਧੇਰੇ ਰਾਗ-ਭਗਤ ਤੇ ਸੱਭਿਅ ਨਾਗਰਿਕ ਹੈ। ਸ਼ਹਿਰ ਇਸ ਤਰ੍ਹਾਂ ਦੇ ਚਰਚੇ ਨਾਲ ਗੂੰਜ ਰਿਹਾ ਸੀ। ਸ਼ਹਿਰ ਦੇ ਦੱਖਣੀ ਦੁਆਰ 'ਤੇ ਹੀ ਕੁਝ ਸ਼ਾਂਤੀ ਸੀ।

ਮੇਝ ਸ਼ਹਿਰ ਦੇ ਬਾਹਰ ਜਾ ਕੇ ਸ਼ਹਿਤੂਤ ਦੇ ਰੁੱਖ ਥੱਲੇ ਬਹਿ ਗਿਆ। ਉਥੇ ਬੈਠਿਆਂ-ਬੈਠਿਆਂ ਉਹਨੇ ਦੋ ਰੋਟੀਆਂ ਖਾ ਲਈਆਂ। ਰੋਟੀ ਖਾਂਦਿਆਂ ਉਹਨੂੰ ਮਾਂ ਦਾ ਚੇਤਾ ਆਇਆ। ਪਰ ਉਹਨੇ ਆਪਣੇ-ਆਪ ਨੂੰ ਸੰਭਾਲ ਲਿਆ। ਚੁਫ਼ੇਰੇ ਸੰਨਾਟਾ ਵੱਧਦਾ ਜਾ ਰਿਹਾ ਸੀ। ਸੰਨਾਟਾ ਇੰਨਾਂ ਜ਼ਿਆਦਾ ਹੋ ਗਿਆ ਕਿ ਮੇਝ ਨੂੰ ਆਪਣੇ ਸਾਹ ਦੀ ਆਵਾਜ਼ ਵੀ ਸਪੱਸ਼ਟ ਸੁਣਾਈ ਦੇਣ ਲੱਗੀ।

ਸੂਰਜ ਅਸਤ ਹੋ ਗਿਆ। ਮੇਝ ਦੀ ਬੇਚੈਨੀ ਵੱਧਦੀ ਜਾ ਰਹੀ ਸੀ। ਉਹ ਰਾਹ ਵੱਲ ਦੂਰ ਤੱਕ ਇਕ ਟਿਕ ਦੇਖਦਾ ਰਿਹਾ। ਪਰ ਰਾਜਾ ਦੇ ਪਰਤਣ ਦਾ ਕੋਈ ਸੰਕੇਤ ਨਾ ਦਿੱਸਿਆ। ਸਾਗ-ਸਬਜ਼ੀ ਵੇਚਣ ਲਈ ਸ਼ਹਿਰ ਜਾਣ ਵਾਲੇ ਪੇਂਡੂ ਲੋਕ ਆਪਣੀਆਂ ਖਾਲੀ ਟੋਕਰੀਆਂ ਨਾਲ ਇਕ-ਇਕ ਕਰਕੇ ਮੁੜਦੇ ਜਾ ਰਹੇ ਸਨ।

ਜਦੋਂ ਪਿੰਡ ਦੇ ਸਾਰੇ ਲੋਕ ਮੁੜ ਗਏ ਤਾਂ ਕਾਫ਼ੀ ਦੇਰ ਬਾਅਦ ਉਹੀ ਸਾਂਵਲਾ ਜਿਹਾ ਆਦਮੀ ਸ਼ਹਿਰ ਤੋਂ ਕਾਹਲੀ-ਕਾਹਲੀ ਪੈਰ ਪੁੱਟਦਾ ਹੋਇਆ ਆਇਆ।

"ਦੌੜ ਜਾ ਦੌੜ, ਮੇਝ ਚਏਨ ਛੀ ਦੌੜ ਜਾ! ਰਾਜਾ ਤੈਨੂੰ ਫੜਨਾ ਚਾਹੁੰਦਾ ਏ, ਤੈਨੂੰ ਲੱਭ ਰਿਹੈ!" ਸਾਂਵਲੇ ਆਦਮੀ ਨੇ ਆਖਿਆ। ਉਹਦੀ ਆਵਾਜ਼ ਵਣ 'ਚ ਬੋਲਦੇ ਉੱਲੂ ਵਰਗੀ ਸੀ।

ਮੇਝ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਫਿਰ ਜਿਵੇਂ ਜਾਦੂ ਦੇ ਪ੍ਰਭਾਵ 'ਚ ਸਾਂਵਲੇ ਆਦਮੀ ਦੇ ਪਿੱਛੇ-ਪਿੱਛੇ ਤੁਰ ਪਿਆ। ਦੋਵੇਂ ਜਣੇ ਸਰਪੱਟ ਦੌੜਦੇ ਜਾ ਰਹੇ ਸਨ। ਮੇਝ ਜ਼ਰਾ ਸਾਹ ਲੈਣ ਲਈ ਰੁਕਿਆ ਤਾਂ ਦੇਖਿਆ ਕਿ ਦੋਵੇਂ ਜਣੇ ਦੇਵਦਾਰ ਦਾ ਜੰਗਲ ਲੰਘ ਆਏ ਹਨ। ਪਿੱਛੇ ਦੂਰ ਤੱਕ ਦਿਸਹੱਦੇ ਉੱਤੇ ਚੰਦ ਦੇ ਚੜ੍ਹਨ ਦੀਆਂ ਸੁਨਹਿਰੀ ਰਿਸ਼ਮਾਂ ਫੈਲ ਰਹੀਆਂ ਸਨ, ਪਰ ਮੇਝ ਨੂੰ ਆਪਣੇ ਸਾਥੀਆਂ ਦੀਆਂ ਛਲਾਵੇ ਵਰਗੀਆਂ ਚਮਕਦੀਆਂ ਅੱਖਾਂ ਹੀ ਦਿਖਾਈ ਦੇ ਰਹੀਆਂ ਸਨ।

“ਮੈਨੂੰ ਤੂੰ ਕਿਵੇਂ ਪਛਾਣਿਆ ?” ਮੇਇ ਨੇ ਸ਼ੱਕ ਤੇ ਹੈਰਾਨੀ ਨਾਲ ਪੁੱਛਿਆ।

“ਮੈਨੂੰ ਸਭ ਕੁਝ ਪਤੈ”, ਸਾਂਵਲਾ ਆਦਮੀ ਹੱਸ ਪਿਆ। “ਇਹ ਵੀ ਪਤਾ ਏ ਕਿ ਤੂੰ ਆਪਣੇ ਪਿਤਾ ਦਾ ਬਦਲਾ ਲੈਣ ਆਇਆ ਏਂ। ਪਰ ਮੈਨੂੰ ਕਾਮਯਾਬੀ ਨਹੀਂ ਮਿਲੇਗੀ। ਇਹ ਵੀ ਨਹੀਂ, ਕਿ ਤੇਰੀ ਸੂਹ ਰਾਜੇ ਨੂੰ ਦੇ ਦਿੱਤੀ ਹੋਵੇ। ਤੇਰਾ ਦੁਸ਼ਮਣ ਤਾਂ ਬਹੁਤ ਪਹਿਲਾਂ ਹੀ ਪੂਰਬੀ ਦੁਆਰ ਥਾਣੀਂ ਮਹਿਲ ਵਿਚ ਪਹੁੰਚ ਗਿਆ ਏ। ਰਾਜੇ ਨੇ ਤੈਨੂੰ ਫੜ੍ਹ ਲਿਆਉਣ ਦਾ ਹੁਕਮ ਦੇ ਦਿੱਤਾ ਏ।”

ਮੇਇ ਚਏਨ ਦਾ ਦਿਲ ਡੁੱਬਣ ਲੱਗਾ।

“ਓ! ਮਾਂ ਨੇ ਇਸੇ ਲਈ ਠੰਢਾ ਸਾਹ ਲਿਆ ਸੀ।” ਮੇਇ ਦੇ ਮੂੰਹੋਂ ਨਿਕਲਿਆ।

“ਤੇਰੀ ਮਾਂ ਨੂੰ ਸਾਰੀਆਂ ਗੱਲਾਂ ਦਾ ਪਤਾ ਨਹੀਂ। ਉਹਨੂੰ ਕੀ ਪਤਾ ਕਿ ਮੈਂ ਤੇਰੀ ਮਦਦ ਲਈ ਹਾਂ। ਮੈਂ ਤੇਰਾ ਬਦਲਾ ਲਵਾਂਗਾ।”

“ਤੁਸੀਂ ? ਤੁਸੀਂ ਮੇਰਾ ਬਦਲਾ ਲਵੋਗੇ ? ਕੀ ਤੁਸੀਂ ਮੇਰੇ ਧਰਮ-ਭਰਾ ਹੋ ?”

“ਨਹੀਂ, ਨਹੀਂ। ਇਉਂ ਨਾ ਕਹਿ, ਇਉਂ ਕਹਿ ਕੇ ਮੇਰਾ ਨਿਰਾਦਰ ਨਾ ਕਰ।”

“ਤੇ ਫਿਰ ਤੁਸੀਂ ਕੌਣ ਹੋ, ਤੁਸੀਂ ਯਤੀਮਾਂ ਤੇ ਵਿਧਵਾਵਾਂ ਦੇ ਰੱਖਿਅਕ ਹੋ ?”

“ਬੇਟਾ, ਇਨ੍ਹਾਂ ਸ਼ਬਦਾਂ ’ਚ ਹੁਣ ਕੀ ਪਿਆ ਏ ? ਸਾਂਵਲਾ ਆਦਮੀ ਸਖ਼ਤ ਆਵਾਜ਼ ’ਚ ਬੋਲਿਆ, “ਧਰਮ-ਭਰਾ, ਰੱਖਿਅਕ, ਇਨ੍ਹਾਂ ਸ਼ਬਦਾਂ ’ਚ ਹੁਣ ਕੋਈ ਦਮ ਨਹੀਂ ਰਿਹਾ। ਹੁਣ ਅਨ੍ਹਿਆਂ ਤੇ ਲੁੱਟਮਾਰ ਕਰਨ ਵਾਲਿਆਂ ਨੇ ਇਨ੍ਹਾਂ ਸ਼ਬਦਾਂ ਨੂੰ ਅਪਣਾ ਲਿਆ ਏ। ਮੈਨੂੰ ਇਨ੍ਹਾਂ ਸ਼ਬਦਾਂ ਤੇ ਗੱਲਾਂ ਨਾਲ ਕੋਈ ਮਤਲਬ ਨਹੀਂ। ਮੈਂ ਤਾਂ ਤੇਰਾ ਬਦਲਾ ਲੈਣਾ ਏ।”

“ਮਿਹਰਬਾਨੀ ਤੁਹਾਡੀ, ਪਰ ਇਹ ਕਿਵੇਂ ਕਰ ਸਕੋਗੇ ?”

“ਤੈਨੂੰ ਦੋ ਚੀਜ਼ਾਂ ਦੇਣੀਆਂ ਪੈਣਗੀਆਂ”, ਸਾਂਵਲੇ ਆਦਮੀ ਨੇ ਆਖਿਆ। ਉਹਦੀਆਂ ਅੱਖਾਂ ’ਚੋਂ ਚੰਗਿਆੜੀਆਂ ਨਿਕਲ ਰਹੀਆਂ ਸਨ। “ਉਹ ਦੋ ਚੀਜ਼ਾਂ ਇਹ ਨੇ, ਧਿਆਨ ਨਾਲ ਸੁਣ, ਤੈਨੂੰ ਆਪਣੀ ਤਲਵਾਰ ਦੇਣੀ ਪਵੇਗੀ ਤੇ ਆਪਣਾ ਸਿਰ ਦੇਣਾ ਪਵੇਗਾ।”

ਮੇਇ ਆਪਣੇ ਨਾਲ ਆਏ ਆਦਮੀ ਦੀਆ ਅਜੀਬ-ਅਜੀਬ ਮੰਗਾਂ ਸੁਣ ਕੇ ਕੁਝ ਨਾ ਸਮਝ ਸਕਿਆ, ਪਰ ਉਹ ਡਰਿਆ ਨਾ। ਉਹ ਹੈਰਾਨੀ ਨਾਲ ਚੁੱਪਚਾਪ ਉਹਦੇ ਵੱਲ ਦੇਖਦਾ ਰਿਹਾ।

“ਇਹ ਨਾ ਸਮਝੀਂ ਕਿ ਮੈਂ ਤੇਰੀ ਤਲਵਾਰ ਤੇ ਤੇਰੀ ਜਾਨ ਲੈਣ ਲਈ ਤੈਨੂੰ ਧੋਖਾ ਦੇ ਰਿਹਾਂ”, ਹਨੇਰੇ ’ਚ ਸਾਂਵਲੇ ਆਦਮੀ ਦੀ ਜਾਨਦਾਰ ਆਵਾਜ਼ ਸੁਣਾਈ ਦਿੱਤੀ। “ਤੂੰ ਸੋਚ-ਵਿਚਾਰਜ ਲੈ! ਤੈਨੂੰ ਮੇਰੇ ’ਤੇ ਯਕੀਨ ਹੋਵੇ ਤਾਂ ਮੈਂ ਰਾਜਾ ਨੂੰ ਮਾਰਨ ਦਾ ਵਚਨ ਦਿਆਂਗਾ, ਸਹੁੰ ਖਾਵਾਂਗਾ। ਜੇ ਤੈਨੂੰ ਯਕੀਨ ਨਹੀਂ ਤਾਂ ਰਹਿਣ ਦੇ।”

“ਤੇਰੇ ਪਿਤਾ ਨੂੰ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ ਤੇ ਤੈਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਪਰ ਕਾਰਨ ਇਹ ਨਹੀਂ ਏ। ਪੁੱਤਰਾ, ਤੈਨੂੰ ਮੇਰੀ ਸ਼ਕਤੀ ਦਾ ਪਤਾ ਨਹੀਂ। ਤੈਨੂੰ ਨਹੀਂ ਪਤਾ ਕਿ ਮੈਂ ਕੀ ਕਰ ਸਕਦਾ ਹਾਂ। ਤੇਰਾ ਦੁੱਖ-ਸੁੱਖ ਮੇਰਾ ਦੁੱਖ-ਸੁੱਖ ਏ। ਮੈਂ ਸਾਰਿਆਂ ਦੇ ਦੁੱਖ-ਸੁੱਖ ਦਾ ਸਾਂਝੀ ਹਾਂ। ਮੇਰਾ ਦਿਲ ਦੁੱਖਾਂ ਨਾਲ ਛਲਨੀ ਹੋ ਚੁੱਕਾ ਏ। ਮੈਂ ਦੂਜਿਆਂ ਕਰ ਕੇ ਤੇ ਖੁਦ ਆਪਣੇ-ਆਪ ਤੇ ਇੰਨੇ ਦੁੱਖ ਝੱਲੇ ਨੇ ਕਿ ਹੁਣ ਮੈਂ ਆਪਣੇ-ਆਪ ਨਾਲ ਨਫ਼ਰਤ ਕਰਨ ਲੱਗ ਪਿਆਂ।”

ਸੰਘਣੇ ਜੰਗਲ ਦੇ ਘੁੱਪ-ਹਨੇਰੇ ਵਿਚ ਇਨ੍ਹਾਂ ਸ਼ਬਦਾਂ ਦੀ ਗੂੰਜ ਖਤਮ ਹੁੰਦਿਆਂ ਹੀ ਮੇਇ ਚਏਨ ਛੀ ਦਾ ਹੱਥ ਆਪਣੇ ਕੱਪੜਿਆਂ ਵਿਚਲੀ ਤਲਵਾਰ ਦੀ ਮੁੱਠ ’ਤੇ ਚਲਾ ਗਿਆ ਸੀ। ਇਕ ਹੀ ਝਟਕੇ ਨਾਲ ਮੇਇ ਦਾ ਸਿਰ ਕੱਟ ਕੇ ਉਹਦੇ ਪੈਰਾਂ ਕੇ ਕੋਲ ਡਿੱਗ ਗਿਆ ਤੇ ਤਲਵਾਰ ਫੜੀ ਮੇਇ ਦਾ ਹੱਥ ਸਾਂਵਲੇ ਆਦਮੀ ਵੱਲ ਚਲਾ ਗਿਆ।

“ਓ!” ਸਾਂਵਲੇ ਆਦਮੀ ਦੇ ਮੂੰਹੋਂ ਨਿਕਲ ਗਿਆ। ਉਹਨੇ ਇਕ ਹੱਥ ਵਿਚ ਤਲਵਾਰ ਫੜ ਲਈ ਤੇ ਦੂਜੇ ਹੱਥ ਨਾਲ ਵਾਲ ਫੜ ਕੇ ਮੇਇ ਦਾ ਸਿਰ ਧਰਤੀ ਤੋਂ ਚੁੱਕ ਲਿਆ। ਉਹਨੇ ਮੇਇ ਦੇ ਬੁੱਲ੍ਹਾਂ ਨੂੰ ਦੋ ਵਾਰ ਚੁੰਮਿਆ। ਤਿੱਖੀ ਘਿਨਾਉਣੀ ਗੜਗੱਜ ਆਵਾਜ਼ ’ਚ ਦਲੇਰੀ ਨਾਲ ਉੱਠਿਆ।

ਉਹਦੀ ਗੜਗੱਜ-ਦਹਾੜ ਨਾਲ ਸਾਰਾ ਜੰਗਲ ਗੂੰਜ ਉੱਠਿਆ। ਫਿਰ ਸੰਘਣੇ ਜੰਗਲ ਦੇ ਘੁੱਪ-ਹਨੇਰੇ ਵਿਚ ਸੈਂਕੜੇ ਅੱਖਾਂ ਅੰਗਿਆਰਾਂ ਵਾਂਗ ਚਮਕ ਪਈਆਂ। ਮਘਦੀਆਂ ਹੋਈਆਂ ਅੱਖਾਂ ਨੇੜੇ ਆਉਂਦੀਆਂ ਜਾ ਰਹੀਆਂ ਸਨ। ਭੁੱਖੇ ਬਘਿਆੜਾਂ ਦੀ ਘੁਰ-ਘੁਰ ਤੇ ਫਰਾਟੇ ਸੁਣਾਈ ਦੇਣ ਲੱਗੇ। ਇਸ ਝਪਟੇ ’ਚ ਮੇਇ ਦੇ ਸਰੀਰ ਤੋਂ ਕੱਪੜੇ ਉੱਡ ਗਏ। ਦੂਜੇ ਪਲ ਉਹਦਾ ਸਰੀਰ ਗਾਇਬ ਹੋ ਗਿਆ। ਘਾਹ ਉੱਤੇ ਉਹਦੇ ਖ਼ੂਨ ਦਾ ਨਿਸ਼ਾਨ ਵੀ ਨਾ ਰਿਹਾ। ਸਿਰਫ਼ ਦੰਦਾਂ ਨਾਲ

ਹੱਡੀਆਂ ਚਬਾਏ ਜਾਣ ਦੀ ਮੱਠੀ-ਮੱਠੀ ਆਵਾਜ਼ ਸੁਣਾਈ ਦੇ ਰਹੀ ਸੀ।

ਬਘਿਆੜਾਂ ਦੇ ਝੁੰਡ ਦਾ ਸਰਦਾਰ ਸਾਂਵਲੇ ਆਦਮੀ ਉੱਤੇ ਝਪਟਿਆ, ਪਰ ਨੀਲੀ ਤਲਵਾਰ ਦੇ ਇਕ ਵੀ ਵਾਰ ਨਾਲ ਉਹਦਾ ਸਿਰ ਹਰੇ ਘਾਹ ਉੱਤੇ ਉਹਦੇ ਪੈਰਾਂ ਕੋਲ ਡਿੱਗਾ। ਦੂਜੇ ਬਘਿਆੜ ਆਪਣੇ ਸਰਦਾਰ ਦੀ ਲਾਸ਼ ਉੱਤੇ ਟੁੱਟ ਪਏ। ਉਨ੍ਹਾਂ ਨੇ ਪਲ 'ਚ ਹੀ ਉਹਦੀ ਖੱਲ ਉਧੇੜ ਦਿੱਤੀ। ਦੂਜੇ ਪਲ 'ਚ ਉਹਦੇ ਸਰੀਰ ਦੀ ਬੋਟੀ-ਬੋਟੀ ਖਾ ਗਏ। ਬਘਿਆੜਾਂ ਨੇ ਖ਼ੂਨ ਦੀ ਇਕ-ਇਕ ਬੂੰਦ ਘਾਹ ਤੋਂ ਚੱਟ ਲਈ। ਸਿਰਫ਼ ਦੰਦਾਂ ਨਾਲ ਹੱਡੀਆਂ ਚਬਾਉਣ ਦੀ ਆਵਾਜ਼ ਸੁਣਾਈ ਦਿੰਦੀ ਰਹੀ।

ਸਾਂਵਲੇ ਆਦਮੀ ਨੇ ਘਾਹ 'ਤੇ ਪਿਆ ਨੀਲਾ ਕੋਟ ਚੁੱਕ ਲਿਆ। ਮੇਝ ਚਏਨ ਛੀ ਦਾ ਸਿਰ ਉਹਦੇ 'ਚ ਲਪੇਟ ਕੇ ਆਪਣੀ ਪਿੱਠ 'ਤੇ ਲਮਕਾ ਲਿਆ ਤੇ ਤਲਵਾਰ ਪਿੱਠ 'ਤੇ ਬੰਨ ਲਈ। ਉਹ ਪਰਤ ਗਿਆ। ਜੰਗਲ 'ਚ ਫੈਲੇ ਘੁੱਪ-ਹਨੇਰੇ ਨੂੰ ਚੀਰਦਾ ਹੋਇਅ ਰਾਜਧਾਨੀ ਵੱਲ ਨੂੰ ਤੁਰ ਪਿਆ।

ਬਘਿਆੜ ਹੈਰਾਨ ਹੋਏ ਖੜ੍ਹੇ ਸੀ। ਉਨ੍ਹਾਂ ਦੀਆਂ ਪਿੱਠਾਂ ਖਿੱਚੀਆਂ ਹੋਈਆਂ ਕਮਾਨਾਂ ਵਾਂਗ ਉੱਭਰ ਗਈਆਂ ਸਨ। ਉਹ ਲਾਲ-ਲਾਲ ਜੀਭਾਂ ਲਮਕਾਈ ਹੌਂਕ ਰਹੇ ਸਨ। ਹਨੇਰੇ ਵਿਚ ਚਮਕਦੀਆਂ ਉਨ੍ਹਾਂ ਦੀਆਂ ਹਰੀਆਂ ਅੱਖਾਂ ਫ਼ੁਰਤੀ ਨਾਲ ਜਾਂਦੇ ਸਾਂਵਲੇ ਆਦਮੀ ਉੱਤੇ ਟਿਕੀਆਂ ਹੋਈਆਂ ਸਨ।

ਸਾਂਵਲਾ ਆਦਮੀ ਹਨੇਰੇ 'ਚ ਰਾਜਧਾਨੀ ਵੱਲ ਦੂਹੋ-ਦਾਹ ਜਾ ਰਿਹਾ ਸੀ। ਉਹ ਉੱਚੀ-ਉੱਚੀ ਗਾਉਣ ਲੱਗਾ :

ਗੀਤ ਗਾਓ ਹਈਸ਼ਾ! ਗੀਤ ਗਾਓ ਹਈਸ਼ਾ!
ਇਕ ਧਨੀ ਤਲਵਾਰ ਦਾ ਬਾਂਕਾ
ਹੱਸਦਾ-ਹੱਸਦਾ ਸੀਸ ਦੇ ਗਿਆ
ਜੋ ਚੱਲਦੇ ਨੇ ਸਦਕਾ ਇਕੱਲੇ
ਉਨ੍ਹਾਂ ਦੀ ਜੱਗ ਵਿਚ ਕਮੀ ਨਹੀਂ ਏ।
ਆਨ ਖੜਗ ਦੀ ਨਿਭਾ ਸਕੇ ਜੋ
ਇਕੱਲੇ ਉਹ ਕਦੇ ਨਾ ਰਹਿੰਦੇ।
ਬੈਰੀ ਦੇ ਬਦਲੇ ਬੈਰੀ, ਸਿਰ ਦੇ ਬਦਲੇ ਸਿਰ।
ਦੋ ਵੀਰਾਂ ਨੇ ਆਪਣੇ ਹੱਥੀਂ ਭੇਟ ਕੀਤਾ ਆਪਣਾ ਸਿਰ।

—3—

ਮਹਾਰਾਜ ਨੂੰ ਪਰਬਤ-ਵਿਹਾਰ 'ਚ ਕੋਈ ਮਜ਼ਾ ਨਾ ਮਿਲਿਆ। ਖ਼ਬਰ ਮਿਲ ਗਈ ਸੀ ਇਕ ਹਤਿਆਰਾ ਉਨ੍ਹਾਂ ਦੀ ਤਾਕ 'ਚ ਘੁੰਮ ਰਿਹਾ ਹੈ। ਮਨ ਚਿੰਤਾ 'ਚ ਗੋਤੇ ਖਾ ਰਿਹਾ ਸੀ ਤੇ ਉਹ ਮਹਿਲ ਵੱਲ ਨੂੰ ਮੁੜ ਪਏ। ਉਸ ਰਾਤ ਉਨ੍ਹਾਂ ਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ। ਇਕ ਤੋਂ ਬਾਅਦ ਇਕ ਅੱਠ ਰਖੇਲਾਂ ਪੇਸ਼ ਹੋ ਚੁੱਕੀਆਂ ਸਨ। ਕਿਸੇ 'ਚ ਉਨ੍ਹਾਂ ਦਾ ਮਨ ਨਾ ਰਮਿਆ। ਨੌਵੀਂ ਰਖੇਲ ਲਿਆਂਦੀ ਗਈ ਤਾਂ ਉਹ ਵੀ ਨਾ ਜਚੀ। ਮਹਾਰਾਜ ਉਹਦੇ ਕੇਸਾਂ ਵਿਚ ਮੁਲਾਇਮ-ਕੋਮਲਤਾ ਤੇ ਮਨ ਨੂੰ ਧੂਹ ਪਾਉਣ ਵਾਲੀ ਗੱਲ ਦਿਖਾਈ ਨਾ ਦਿੱਤੀ। ਚੰਗੀ ਕਿਸਮਤ ਨੂੰ ਰਖੇਲ ਚਲਾਕ ਸੀ। ਦਲੇਰੀ ਨਾਲ ਮਹਾਰਾਜ ਦੀ ਜੰਘ ਉੱਤੇ ਬਹਿ ਗਈ ਤੇ ਬੇਸ਼ੁਮਾਰ ਅਦਾਵਾਂ ਨਾਲ ਆਪਣੇ ਬਦਨ ਦਾ ਮੁਜ਼ਾਹਰਾ ਰਕਦੀ ਰਹੀ। ਸੱਤਰ ਤੋਂ ਵੀ ਵਧੇਰੇ ਅਦਾਵਾਂ ਦਿਖਾ ਕੇ ਉਹਨੇ ਮਹਾਰਾਜ ਨੂੰ ਰਿਝਾ ਹੀ ਲਿਆ। ਪਰੇਸ਼ਾਨ ਮਹਾਰਾਜ ਦੇ ਮਹਿਮਾ-ਮਸਤਕ ਉੱਤੇ ਤਣੀਆਂ ਤਿਊੜੀਆਂ ਢਿੱਲੀਆਂ ਪੈ ਗਈਆਂ।

ਅਗਲੇ ਦਿਨ ਤੀਜੇ ਪਹਿਰ ਮਹਾਰਾਜ ਦੀ ਨੀਂਦ ਟੁੱਟੀ ਤਾਂ ਉਨ੍ਹਾਂ ਦਾ ਚਿੱਤ ਹੋਰ ਵੀ ਉਦਾਸ ਸੀ। ਭੋਜਨ ਖਾਣ ਮਗਰੋਂ ਉਨ੍ਹਾਂ ਦੀ ਉਦਾਸੀ ਹੋਰ ਵੀ ਵੱਧ ਗਈ।

ਮਹਾਰਾਜ ਬਹੁਤ ਜ਼ੋਰ ਨਾਲ ਅੰਗੜਾਈ ਲੈ ਕੇ ਗਰਜ ਪਏ, "ਸਾਡਾ ਮਨ ਬਹੁਤ ਉਚਾਟ ਏ!"

ਮਹਾਰਾਜ ਦਾ ਰੰਗ-ਢੰਗ ਦੇਖ ਕੇ ਮਹਾਰਾਣੀ ਤੋਂ ਲੈ ਕੇ ਦਰਖ਼ਬਾਰ ਦੇ ਸਾਰੇ ਪਹਿਰੇਦਾਰਾਂ ਤੱਕ ਕੰਬ ਗਏ। ਕੁਝ ਸਮੇਂ ਤੋਂ ਮਹਾਰਾਜ ਦਾ ਮਨ ਬਹੁਤ ਪਰੇਸ਼ਾਨ ਸੀ। ਉਨ੍ਹਾਂ ਨੂੰ ਆਪਣੇ ਬੁੱਢੇ ਮੰਤਰੀਆਂ ਦੀ ਸਲਾਹ, ਗੋਲ-ਮਟੋਲ ਬੌਣਿਆਂ ਦਾ ਹਾਸਾ-ਮਜ਼ਾਕ ਕੁਝ ਵੀ ਚੰਗਾ ਨਹੀਂ ਲੱਗਦਾ ਸੀ। ਰੱਸੇ 'ਤੇ ਨਾਚ, ਬਾਂਸ ਦੀਆਂ ਖੇਡਾਂ, ਜਾਦੂ ਦੇ ਚਮਤਕਾਰ, ਨਟਾਂ ਦੇ ਛੜੱਪੇ-ਟਪੂਸੀਆਂ, ਤਲਵਾਰ ਨਿਗਲਣ ਤੇ ਮੂੰਹ 'ਚੋਂ ਅੱਗ ਦੀਆਂ ਲਾਟਾਂ ਕੱਢਣ ਦੇ ਕੌਤਕਾਂ ਨਾਲ ਵੀ ਉਨ੍ਹਾਂ ਦਾ ਮਨ ਪ੍ਰਸੰਨ ਨਾ ਹੋ ਸਕਿਆ। ਗੱਲ-ਗੱਲ 'ਤੇ ਉਹ ਗੁੱਸੇ 'ਚ ਆ ਜਾਂਦੇ। ਬਹੁਤ ਹੀ ਮਾਮੂਲੀ ਗੱਲ 'ਤੇ ਵੀ ਪੰਜ-ਦਸ ਦਾ ਸਿਰ

ਕੱਟ ਦੇਣ ਦੀ ਖ਼ਾਹਿਸ਼ ਵਿਚ ਹੀ ਤਲਵਾਰ ਖਿੱਚ ਲੈਂਦੇ।

ਰਾਜ ਮਹਿਲ ਦੇ ਦੋ ਕਵਚਧਾਰੀ ਸੈਰ-ਸਪਾਟੇ ਸ਼ਹਿਰ 'ਚ ਗਏ ਹੋਏ ਸਨ। ਉਹ ਮੁੜ ਕੇ ਆਏ ਤਾਂ ਮਹਿਲ ਦੇ ਚੁਫ਼ੇਰੇ ਦਹਿਸ਼ਤ ਫੈਲੀ ਹੋਈ ਸੀ। ਸਮਝ ਗਏ ਕਿ ਕੋਈ ਵੱਡੀ ਆਫ਼ਤ ਆਉਣ ਵਾਲੀ ਹੈ। ਇਕ ਕਵਚਧਾਰੀ ਤਾਂ ਡਰ ਨਾਲ ਅਧਮੋਇਆ ਹੋ ਗਿਆ। ਪਰ ਦੂਜਾ ਦਲੇਰ ਸੀ। ਉਹਨੇ ਕੋਈ ਚਿੰਤਾ ਜਾਂ ਡਰ ਜ਼ਾਹਿਰ ਨਾ ਕੀਤਾ। ਉਹ ਹੌਲੀ-ਹੌਲੀ ਮਹਾਰਾਜ ਦੇ ਸਾਹਮਣੇ ਚਲਾ ਗਿਆ। ਉਹਨੇ ਮਹਾਰਾਜ ਅੱਗੇ ਡੰਡੌਤਕਰ ਕੇ ਬੇਨਤੀ ਕੀਤੀ, "ਅੰਨਦਾਤਾ ਹੌਂਸਲਾ ਬਖਸ਼ੋ, ਦਾਸ ਬੇਨਤੀ ਕਰਨਾ ਚਾਹੁੰਦਾ ਏ। ਸ਼ਹਿਰ ਵਿਚ ਇਕ ਬਹੁਤ ਚਮਤਕਾਰੀ ਆਦਮੀ ਆਇਆ ਏ। ਅੰਨਦਾਤਾ ਉਹਦਾ ਕੌਸ਼ ਦੇਖ ਕੇ ਆਪ ਪ੍ਰਸੰਨ ਹੋਵੇਗੇ।"

"ਕੌਣ ?" ਮਹਾਰਾਜ ਸ਼ਬਦਾਂ ਦਾ ਵਾਦ-ਵਿਵਾਦ ਕਰਨਾ ਨਹੀਂ ਜਾਣਦੇ ਸਨ।

"ਅੰਨਦਾਤਾ ਕਿਰਪਾ ਕਰੋ। ਇਕ ਸਾਂਵਲਾ ਆਦਮੀ ਏ, ਪਤਲਾ ਲਿੱਸਾ-ਜਿਹਾ ਨਿਰਾ ਮੰਗਤਾ ਲੱਗਦਾ ਏ। ਨੀਲੇ ਕੱਪੜੇ ਪਹਿਨੇ ਹੋਏ ਨੇ। ਪਿੱਠ ਉੱਤੇ ਨੀਲੇ ਰੰਗ ਦੀ ਛੋਟੀ ਜਿਹੀ ਗੱਠੜੀ ਏ। ਹਰ ਵੇਲੇ ਬੇਤੁਕੇ ਗੀਤ ਗਾਉਂਦਾ ਰਹਿੰਦਾ ਏ। ਕਹਿੰਦਾ ਏ ਉਹ ਬਹੁਤ ਸਾਰੇ ਚਮਤਕਾਰ ਜਾਦੂ ਜਾਣਦਾ ਏ। ਦੁਨੀਆਂ 'ਚ ਉਹਦੇ ਵਰਗੇ ਖੇਲ੍ਹ ਕੋਈ ਨਹੀਂ ਦਿਖਾ ਸਕਦਾ। ਅਜਿਹਾ ਜਾਦੂਗਰ ਪਹਿਲਾਂ ਕਦੀ ਨਹੀਂ ਆਇਆ। ਅੰਨਦਾਤਾ, ਕਹਿੰਦਾ ਏ ਕਿ ਜੋ ਉਹਦਾ ਖੇਲ੍ਹ ਦੇਖ ਲਵੇਗਾ ਜ਼ਿੰਦਗੀ 'ਚ ਉਹਨੂੰ ਕਦੀ ਚਿੰਤਾ ਜਾਂ ਉਦਾਸੀ ਨਹੀਂ ਸਤਾਵੇਗੀ। ਉਹ ਆਪਣਾ ਖੇਲ੍ਹ ਕਿਸੇ ਨੂੰ ਨਹੀਂ ਦਿਖਾਉਂਦਾ। ਖੇਲ੍ਹ ਦਿਖਾਉਣ ਦੀ ਉਹਦੀ ਸ਼ਰਤ ਹੈ, ਦੋ ਚੀਜ਼ਾਂ ਹੋਣ, ਇਕ ਸੋਨੇ ਦਾ ਡਰੈਗਨ (ਚੀਨ ਦੇ ਪ੍ਰਾਚੀਨ ਸਮਰਾਟ ਆਪਣਾ ਵਡੱਪਣ ਦਿਖਾਉਣ ਲਈ ਅਕਸਰ ਆਪਣੇ-ਆਪ ਨੂੰ ਸੋਨੇ ਦਾ ਡਰੈਗਨ ਕਹਿੰਦੇ ਸਨ। ਚੀਨ ਦੀਆਂ ਪੌਰਾਣਿਕ ਕਥਾਵਾਂ ਵਿਚ ਡਰੈਗਨ ਨੂੰ ਪਵਿੱਤਰ ਮੰਨਿਆ ਜਾਂਦਾ ਹੈ।) ਤੇ ਦੂਜੀ ਸੋਨੇ ਦੀ ਵੱਡੀ ਦੇਗ।..."

"ਸੋਨੇ ਦਾ ਡਰੈਗਨ ਤਾਂ ਅਸੀਂ ਆਪ ਹੀ ਹਾਂ ! ਤੇ ਸੋਨੇ ਦੀ ਦੇਗ ਸਾਡੇ ਕੋਲ ਹੈ।"

"ਅੰਨਦਾਤਾ ਜਾਨ ਬਖਸ਼ੋ, ਦਾਸ ਨੇ ਵੀ ਇਹੋ ਸੋਚਿਆ ਸੀ।..."

"ਉਹਨੂੰ ਲਿਆਂਦਾ ਜਾਵੇ।"

ਮਹਾਰਾਜ ਦੇ ਮੂੰਹੋਂ ਹੁਕਮ ਸੁਣਦਿਆਂ ਹੀ ਚਾਰ ਸਵਾਰ ਕਵਚਧਾਰੀ ਤੇਜ਼ੀ ਨਾਲ ਮਹਿਲ 'ਚੋਂ ਦੌੜ ਪਏ। ਮਹਾਰਾਣੀ ਤੋਂ ਲੈ ਕੇ ਦਰਬਾਰ ਦੇ ਪਹਿਰੇਦਾਰਾਂ ਤੱਕ ਸਾਰਿਆਂ ਦੀ ਚਿੰਤਾ ਦੂਰ ਹੋਈ। ਸਾਰਿਆਂ ਨੂੰ ਉਮੀਦ ਸੀ ਕਿ ਜਾਦੂਗਰ ਮਹਾਰਾਜ ਦੀ ਉਦਾਸੀ ਦੂਰ ਕਰਕੇ ਸੰਸਾਰ ਨੂੰ ਨਿਰਭੈ ਕਰ ਦੇਵੇਗਾ। ਜੇ ਜਾਦੂਗਾਰ ਦੇ ਚਮਤਕਾਰ ਨਾਲ ਮਹਾਰਾਜ ਦੀ ਮਨੋਂ-ਹਾਸਾ-ਮਜ਼ਾਕ, ਖੁਸ਼ੀ ਨਾ ਹੋਈ ਤਾਂ ਪਤਲੇ-ਲਿੱਸੇ ਮੰਗਤੇ 'ਤੇ ਹੀ ਗੁੱਸੇ ਦੀ ਬਿਜਲੀ ਡਿੱਗੇਗੀ। ਜਾਦੂਗਰ ਦੇ ਆਉਣ ਤੱਕ ਕਿਸੇ ਤਰ੍ਹਾਂ ਰੱਖਿਆ ਹੋ ਜਾਵੇ ਤਾਂ ਫਿਰ ਕੋਈ ਚਿੰਤਾ ਨਹੀਂ।

ਬਹੁਤਾ ਵਕਤ ਨਾ ਲੱਗਾ। ਦਰਬਾਰ ਵਿਚ ਛੇ ਆਦਮੀ ਆਉਂਦੇ ਦਿਸੇ। ਸਭ ਤੋਂ ਅੱਗੇ ਕਵਚਧਾਰੀ ਸੀ। ਉਹਦੇ ਪਿੱਛੇ ਸਾਂਵਲਾ ਜਾਦੂਗਾਰ ਤੇ ਉਹਦੇ ਪਿੱਛੇ ਚਾਰ ਸਵਾਰ। ਕੋਲ ਆਉਣ 'ਤੇ ਦਿਖਾਈ ਦਿੱਤਾ ਕਿ ਸਾਂਵਲੇ ਰੰਗ ਦੇ ਆਦਮੀ ਨੇ ਨੀਲੇ ਰੰਗ ਦਾ ਕੋਟ ਪਹਿਨਿਆ ਹੋਇਆ ਸੀ। ਉਹਦੇ ਸਿਰ, ਭਰਵੱਟੇ ਤੇ ਦਾਹੜੀ ਦੇ ਵਾਲ ਕਾਲੇ ਸਨ। ਚਿਹਰਾ ਬਹੁਤ ਪਤਲਾ, ਅੱਖਾਂ ਅੰਦਰ ਨੂੰ ਧੱਸੀਆਂ ਹੋਈਆਂ, ਗੱਲ੍ਹਾਂ ਦੀਆਂ ਹੱਡੀਆਂ ਨਿਕਲੀਆਂ ਹੋਈਆਂ ਸਨ। ਉਹਨੇ ਮਹਾਰਾਜ ਦੇ ਅੱਗੇ ਡੰਡੌਤ ਕੀਤੀ ਤਾਂ ਉਹਦੀ ਪਿੱਠ ਉੱਤੇ ਉੱਤੇ ਨੀਲੇ ਰੰਗ ਦੇ ਕੱਪੜਿਆਂ ਵਿਚ ਬੰਨ੍ਹੀ ਗੱਠੜੀ ਦਿਖਾਈ ਦੇ ਗਈ। ਗੱਠੜੀ ਦੇ ਕੱਪੜੇ ਉੱਤੇ ਲਾਲ ਰੰਗ ਦਾ ਡਿਜ਼ਾਇਨ ਬਣਿਆ ਹੋਇਆ ਸੀ।

"ਖੇਲ੍ਹ ਦਿਖਾਓ !" ਮਹਾਰਾਜਾ ਨੇ ਕਾਹਲੀ ਨਾਲ ਆਖਿਆ। ਜਾਦੂਗਰ ਨੇ ਕੋਲ ਸਾਜ਼-ਸਾਮਾਨ ਇੰਨਾਂ ਮਾਮੂਲੀ ਸੀ ਕਿ ਮਹਾਰਾਜ ਨੇ ਸੋਚਿਆ—ਇਹ ਕੀ ਕਰਤਬ ਦਿਖਾਵੇਗਾ ?

"ਅੰਨਦਾਤਾ, ਦਾਸ ਦਾ ਨਾਂ ਯੇਨ-ਚੀ-ਆਓ-ਚੇ ਏ। ਵਨਵਨ ਪਿੰਡ ਤੋਂ ਆਇਆ ਹਾਂ ਅੰਨਦਾਤਾ, ਦਾਸ ਅਗਿਆਨੀ-ਅਨਪੜ੍ਹ ਆਦਮੀ ਏ। ਜੁਆਨੀ 'ਚ ਇਕ ਪਹੁੰਚੇ ਹੋਏ ਸਾਧੂ-ਸੰਤ ਦੇ ਦਰਸ਼ਨ ਹੋਏ। ਸਾਧੂ ਬਾਬਾ ਨੇ ਬੱਚਿਆਂ ਦੇ ਸਿਰ ਦਾ ਮੈਨੂੰ ਜਾਦੂ ਸਿਖਾਇਆ। ਅੰਨਦਾਤਾ, ਜਾਨ ਬਖਸ਼ੋ। ਜਾਦੂ ਦੋ ਚੀਜ਼ਾਂ ਬਿਨਾਂ ਨਹੀਂ ਹੋ ਸਕਦਾ, ਜਦੋਂ ਸੋਨੇ ਦਾ ਡਰੈਗਨ ਸਾਹਮਣੇ ਰਹੇ ਤੇ ਸੋਨੇ ਵੱਡੀ ਦੇਗ ਵਿਚ ਕੋਲੇ ਦੀ ਅੱਗ 'ਤੇ ਗਰਮ ਕੀਤਾ ਸਾਫ਼-ਸਵੱਛ ਪਾਣੀ ਹੋਵੇ। ਬੱਚੇ ਦਾ ਸਿਰ ਦੇਗ ਵਿਚ ਪਾ ਕੇ ਉਬਾਲਿਆ ਜਾਵੇਗਾ ਤੇ ਸਿਰ ਪਾਣੀ ਵਿਚ ਨੱਚਦਾ ਦਿੱਸੇਗਾ, ਭਾਂਤ-ਭਾਂਤ ਦੇ ਖੇਲ੍ਹ ਕਰੇਗਾ, ਭਾਂਤ-ਭਾਂਤ ਦੀਆਂ ਅਵਾਜ਼ਾਂ ਸੁਣਾਈ ਦੇਣਗੀਆਂ, ਹਾਸਾ-ਮਜ਼ਾਕ ਤੇ ਗਾਉਣਾ-ਵਜਾਉਣਾ। ਅੰਨਦਾਤਾ, ਇਹ ਜੋ ਕਰਤਬ ਦਿਖਾਵੇਗਾ ਤੇ ਇਹ ਗਾਉਣਾ-ਵਜਾਉਣਾ ਉਨ੍ਹਾਂ ਦੀ ਸਾਰੀ ਚਿੰਤਾ ਖਤਮ ਹੋ ਜਾਵੇਗੀ। ਦੁਨੀਆਂ ਦੇ ਲੋਕ ਇਹ

ਦੇਖਣਗੇ-ਸੁਣਨਗੇ ਤਾਂ ਸੰਸਾਰ 'ਚ ਅਮਨ-ਚੈਨ ਹੋ ਜਾਵੇਗਾ।

"ਸ਼ੁਰੂ ਕਰੋ!" ਮਹਾਰਾਜ ਨੇ ਕੜਕਦੀ ਆਵਾਜ਼ ਵਿਚ ਹੁਕਮ ਕੀਤਾ।

ਪਲਕ ਝਪਕਦਿਆਂ ਹੀ ਸੋਨੇ ਦੀ ਇਕ ਬਹੁਤ ਵੱਡੀ ਦੇਗ ਸਿੰਘਾਸਨ ਦੇ ਸਾਹਮਣੇ ਆ ਗਈ, ਇੰਨੀ ਵੱਡੀ ਸੀ ਕਿ ਉਸ ਅੰਦਰ ਝੋਟਾ ਵੜ ਜਾਵੇ। ਦੇਗ ਪਾਣੀ ਨਾਲ ਭਰ ਦਿੱਤੀ ਗਈ ਤੇ ਹੇਠਾਂ ਕੋਲੇ ਨੂੰ ਅੱਗ ਲਾ ਦਿੱਤੀ ਗਈ। ਸਾਂਵਲਾ ਜਾਦੂਗਰ ਦੇਗ ਦੇ ਨੇੜੇ ਖੜ੍ਹਾ ਸੀ। ਦੇਗ ਦੇ ਹੇਠਾਂ ਕੋਲਾ ਮੱਘ ਪਿਆ। ਜਾਦੂਗਰ ਨੇ ਆਪਣੀ ਗਠੜੀ ਖੋਲ੍ਹੀ। ਇਕ ਬੱਚੇ ਦਾ ਸਿਰ ਕੱਢਿਆ। ਬੱਚੇ ਦਾ ਸਿਰ ਦੋਹਾਂ ਹੱਥਾਂ 'ਚ ਲੈ ਕੇ ਉਹਨੇ ਚੁੱਕ ਕੇ ਦਿਖਾਇਆ। ਬੱਚੇ ਦੇ ਮੱਥੇ ਉੱਤੇ ਪਤਲੀਆਂ-ਬਾਰੀਕ ਤਿਊੜੀਆਂ ਸਨ, ਸੁੰਦਰ ਤੇ ਜਿਊਂਦੀਆਂ-ਜਾਗਦੀਆਂ ਅੱਖਾਂ, ਮੋਤੀਆਂ ਵਰਗੇ ਚਿੱਟੇ ਦੰਦ, ਪਿਆਰੇ-ਪਿਆਰੇ ਲਾਲ ਬੁੱਲ੍ਹ ਤੇ ਚਿਹਰੇ ਉੱਤੇ ਮੁਸਕਾਨ ਝਲਕ ਰਹੀ ਸੀ। ਸਿਰ 'ਤੇ ਸੁਨਹਿਰੀ ਘੁੰਗਰਾਲੇ ਵਾਲ। ਸਾਂਵਲੇ ਜਾਦੂਗਰ ਨੇ ਬਾਂਹ ਉੱਚੀ ਚੁੱਕ ਕੇ ਚੁਫ਼ੇਰੇ ਬੈਠੇ ਲੋਕਾਂ ਨੂੰ ਬੱਚੇ ਦਾ ਸਿਰ ਦਿਖਾਇਆ। ਉਹਨੇ ਸਿਰ ਨੂੰ ਦੇਗ ਦੇ ਉੱਪਰ ਫੜ ਕੇ ਮੰਤਰ ਪੜ੍ਹੇ ਤੇ ਫ਼ੁਰਤੀ ਨਾਲ ਸਿਰ ਨੂੰ ਪਾਣੀ ਵਿਚ ਰੱਖ ਦਿੱਤਾ। ਦੇਗ ਦੇ ਮੂੰਹ ਤੋਂ ਪੰਜ ਫੁੱਟ ਉੱਚੀ ਝੱਗ ਦੇ ਬੁਲਬੁਲੇ ਉੱਠਣ ਲੱਗੇ ਤੇ ਪਾਣੀ ਫਿਰ ਸ਼ਾਂਤ ਹੋ ਗਿਆ।

ਕਾਫ਼ੀ ਚਿਰ ਤੱਕ ਕੋਈ ਚਮਤਕਾਰ ਦਿਖਾਈ ਨਾ ਦਿੱਤਾ। ਮਹਾਰਾਜ ਉਡੀਕ 'ਚ ਅੱਕਣ ਲੱਗੇ। ਮਹਾਰਾਜ, ਮਹਾਰਾਜ ਦੀਆਂ ਰਖੇਲਾਂ, ਮੰਤਰੀ ਤੇ ਪਹਿਰੇਦਾਰ ਤੇ ਕਵਚਧਾਰੀ ਸਾਡੇ ਡਰਨ ਲੱਗੇ। ਗੋਲ-ਮਟੋਲ ਬੌਣੇ ਸਾਂਵਲੇ ਜਾਦੂਗਰ ਵੱਲ ਵੇਖ ਕੇ ਨਫ਼ਰਤ ਨਾਲ ਮੁਸਕਰਾਉਣ ਲੱਗੇ। ਮਹਾਰਾਜ ਨੇ ਇਹ ਦੇਖਿਆ ਤਾਂ ਉਨ੍ਹਾਂ ਨੇ ਜਾਦੂਗਰ ਦੀ ਗੁਸਤਾਖ਼ੀ ਉੱਤੇ ਗੁੱਸਾ ਆ ਗਿਆ। ਉਨ੍ਹਾਂ ਦੀ ਨਿਗਾਹ ਆਪਣੇ ਅੰਗ-ਰੱਖਿਅਕਾਂ 'ਤੇ ਜਾ ਪਈ। ਹੁਕਮ ਦੇਣਾ ਚਾਹੁੰਦੇ ਸਨ ਕਿ ਮਹਾਰਾਜ ਦੇ ਸਾਹਮਣੇ ਅਜਿਹੀ ਘਟੀਆ ਹਰਕਤ ਕਰਨ ਵਾਲੇ ਮੂਰਖ ਆਦਮੀ ਨੂੰ ਚੁੱਕ ਕੇ ਦੇਗ ਵਿਚ ਸੁੱਟ ਦਿੱਤਾ ਜਾਵੇ ਤੇ ਉਬਾਲ ਕੇ ਮਾਰ ਦਿੱਤਾ ਜਾਵੇ।

ਓਸੇ ਸਮੇਂ ਦੇਗ ਵਿਚਲੇ ਪਾਣੀ 'ਚੋਂ ਬੁਲਬੁਲੇ ਫਟਣ-ਫੁੱਟਣ ਲੱਗੇ। ਦੇਗ ਦੇ ਹੇਠਾਂ ਮੱਘਦੇ ਕੋਲਿਆਂ ਦੀ ਲਾਲ ਲੋਅ ਚੁਫ਼ੇਰੇ ਸਾਂਵਲਾ ਜਾਦੂਗਰ ਵੀ ਗੁਲਾਬੀ ਜਿਹਾ ਦਿੱਸਣ ਲੱਗਾ ਜਿਵੇਂ ਲੋਹੇ ਦੀ ਮੂਰਤੀ ਨੂੰ ਅੱਗ ਵਿਚ ਰੱਖ ਕੇ ਤਪਾ ਦਿੱਤਾ ਗਿਆ ਹੋਵੇ! ਮਹਾਰਾਜ ਦੀ ਨਿਗਾਹ ਉਸ 'ਤੇ ਪਈ। ਸਾਂਵਲੇ ਜਾਦੂਗਰ ਨੇ ਦੋਵੇਂ ਬਾਹਾਂ ਚੁੱਕ ਕੇ ਅਸਮਾਨ ਵੱਲ ਦੇਖਿਆ। ਉਹ ਚਾਣਚੱਕ ਨੱਚਣ ਲੱਗਾ ਤੇ ਉੱਚੀ-ਉੱਚੀ ਗਾਉਣ ਲੱਗ ਪਿਆ। ਉਹਦੇ ਗੀਤ ਦਾ ਭਾਵ ਸੀ :

ਗਾਓ ਓ ਗਾਓ, ਪ੍ਰੇਮ ਦੇ ਗੀਤ,
ਗਾਓ ਓ ਪ੍ਰੇਮ ਦੇ ਗੀਤ
ਹਾਏ ਪ੍ਰੇਮ ਦੀ ਪਿਆਸ! ਹਾਏ ਖ਼ੂਨ ਦੀ ਪਿਆਸ
ਕਿਹਨੂੰ ਨਹੀਂ ਇਹ ਪਿਆਸ ?
ਲੋਕ ਭਟਕੇ ਹਨ੍ਹੇਰੇ ਵਿਚ, ਰਾਜਾ ਉੱਚੀ ਉੱਚੀ ਹੱਸਦਾ,
ਦਸ ਹਜ਼ਾਰ ਸਿਰ ਇਥੇ ਲੱਥ ਚੁੱਕੇ, ਜੱਗ 'ਚ ਫੈਲਿਆ ਖ਼ੌਫ਼!
ਮੈਂ ਫਿਰਦਾ ਹਾਂ ਇਕ ਸਿਰ ਲੈ ਕੇ
ਲਵਾਂਗਾ ਬਦਲਾ ਖ਼ੂਨ ਵਹਾਅ ਕੇ
ਛੁੱਟਣ ਦਿਓ ਖ਼ੂਨ ਦੇ ਫ਼ੁਆਰੇ,
ਗਾਓ ਗੀਤ ਓ ਪਿਆਰੇ।

ਨੌਜਵਾਨ ਗਾਉਂਦਾ ਰਿਹਾ। ਦੇਗ ਅੰਦਰ ਉਬਲਦਾ ਪਾਣੀ ਦੇਗ ਵਿਚ ਕਈ-ਕਈ ਹੱਥ ਪਾਣੀ ਉੱਪਰ ਉੱਠ ਜਾਂਦਾ ਤੇ ਹੇਠਾਂ ਲਹਿ ਜਾਂਦਾ। ਬੱਚੇ ਦਾ ਪਾਣੀ ਵਿਚ ਉਬਲਦਾ ਸਿਰ ਪਾਣੀ ਦੇ ਉਬਾਲਿਆਂ 'ਚ ਹੇਠਾਂ-ਉੱਪਰ ਚੱਕਰ ਕੱਟ ਰਿਹਾ ਸੀ ਜਿਵੇਂ ਗੋਤੇ ਖਾ ਰਿਹਾ ਹੋਵੇ। ਪਾਣੀ 'ਚ ਉਬਲਦੇ ਬੱਚੇ ਦੇ ਚਿਹਰੇ ਉੱਤੇ ਵੀ ਮੁਸਕਾਨ ਝਲਕ ਰਹੀ ਸੀ। ਕੁਝ ਚਿਰ ਬਾਅਦ ਉਬਲਦੇ ਪਾਣੀ ਦੇ ਚੱਕਰਾਂ ਤੇ ਉਬਾਲਿਆਂ ਨਾਲ ਪੁੱਠੇ ਚੱਕਰ ਲਾਉਣ ਲੱਗਾ। ਉਬਲਦੇ ਪਾਣੀ ਛਿੱਟੇ ਤੇ ਕਣ ਉੱਡ-ਉੱਡ ਕੇ ਦਰਬਾਰ ਅੰਦਰ ਚੁਫ਼ੇਰੇ ਫੈਲਣ ਲੱਗੇ। ਇਕ ਬੌਣਾ ਬਹੁਤ ਹੀ ਜ਼ੋਰ ਨਾਲ ਚੀਕ ਪਿਆ। ਗਰਮ ਪਾਣੀ ਦਾ ਛਿੱਟਾ ਉਹਦੇ ਨੱਕ ਉੱਤੇ ਪੈ ਗਿਆ ਸੀ।

ਸਾਂਵਲੇ ਜਾਦੂਗਰ ਨੇ ਗੀਤ ਬੰਦ ਕੀਤਾ ਤਾਂ ਉਬਲਦੇ ਪਾਣੀ ਵਿਚ ਨੱਚਦਾ ਸਿਰ ਵੀ ਸਥਿਰ ਹੋ ਗਿਆ। ਬੱਚੇ ਦੇ ਸਿਰ ਦੀਆਂ ਅੱਖਾਂ ਸਿੰਘਾਸਨ ਵੱਲ ਟਿਕੀਆਂ ਹੋਈਆਂ ਸਨ ਤੇ ਚਿਹਰੇ ਉੱਤੇ ਗੰਭੀਰਤਾ ਆ ਗਈ ਸੀ। ਫਿਰ ਤਰ-ਤਰ ਕੇ ਕਈ

ਤਰ੍ਹਾਂ ਦੇ ਹਾਵ-ਭਾਵ ਦਿਖਾ ਕੇ ਨੱਚਣ ਲੱਗ ਪਿਆ। ਸਿਰ ਦੇਗ ਦੇ ਕਿਨਾਰੇ-ਕਿਨਾਰੇ ਤਿੰਨ ਵਾਰ ਤਰਿਆ ਤੇ ਉਹਨੇ ਤਿੰਨ ਚੁੱਭੀਆਂ ਮਾਰੀਆਂ। ਉਹਦੀਆਂ ਪਲਕਾਂ ਕਾਫ਼ੀ ਚੌੜੀਆਂ ਹੋ ਗਈਆਂ। ਕਾਲੀਆਂ-ਕਾਲੀਆਂ ਪੁਤਲੀਆਂ ਚਮਕ ਪਈਆਂ। ਮੂੰਹ ਖੁੱਲ੍ਹ ਗਿਆ। ਉਹ ਗਾਉਣ ਲੱਗ। ਗੀਤ ਸੀ :

ਸਭ ਪਾਸੇ ਦੂਰ-ਦੂਰ ਤੱਕ ਫ਼ੈਲਿਆ ਨਰਪਤੀ ਰਾਜ,
ਸਭ ਦੇਸ਼ ਹੁਣ ਜਿੱਤ ਲਏ ਨੇ, ਰਿਹਾ ਨਾ ਵੈਰੀ ਅੱਜ।
ਚੰਦ ਛਿਪੇ, ਸੂਰਜ ਛਿਪੇ, ਛਿਪੇ ਨਾ ਉਸ ਦਾ ਰਾਜ।
ਅੱਜ ਖੁਸ਼ੀ ਨਾਲ ਆਇਆ ਹਾਂ ਮੈਂ, ਬਣੇ ਸਫ਼ਲ ਸਭ ਕਾਜ।
ਖੜਗ ਚਮਕਾਂ ਮਾਰੇ, ਪਰ ਮੈਨੂੰ ਨਾ ਭੁਲਾਉਣਾ,
ਸ਼ਕਤੀ ਚੌਹੀਂ ਪਾਸੀਂ ਪਰ ਮੈਂ ਦੁਖੀ ਅਭਾਗਾ।
ਗੀਤ ਖੁਸ਼ੀ ਦੇ ਗਾਓ, ਸ਼ਕਤੀ ਗੀਤ ਸਣਾਓ।
ਚਮਕੀਲੀ ਨੀਲੀ ਲੋਅ ਵਾਪਸ ਆਓ।

ਸਿਰ ਉੱਛਲ ਕੇ ਪਾਣੀ ਦੇ ਉਬਾਲ ਦੇ ਸਿਖ਼ਰ ਆ ਬੈਠਾ। ਫਿਰ ਹੋਰ ਕਲਾ-ਬਾਜ਼ੀਆਂ ਦਿਖਾਈਆਂ ਤੇ ਨੱਚਣ ਲੱਗ ਪਿਆ। ਨੱਚਦਿਆਂ-ਨੱਚਦਿਆਂ ਉਹਦੀਆਂ ਅੱਖਾਂ ਸੱਜੇ-ਖੱਬੇ ਮਜ਼ਾਕ-ਮਸ਼ਕੂਲਾ ਕਰ ਰਹੀਆਂ ਸਨ। ਉਹ ਫਿਰ ਗਾਉਣ ਲੱਗ ਪਿਆ। ਗੀਤ ਇਉਂ ਸੀ :

ਹਾਏ ਵੇ ਹਾਏ, ਇਕ ਪਿਆਰ ਦੀ ਖ਼ਾਤਰ,
ਜਾਨ ਦਿੱਤੀ ਆਪਣੀ, ਸਿਰ ਕੁਰਬਾਨ ਕੀਤਾ।
ਜਾਨ 'ਤੇ ਖੇਲ ਗਏ, ਕਿਸੇ ਨੂੰ ਨਾ ਹੈਰਾਨ ਕੀਤਾ,
ਤੂੰ ਲੱਖਾਂ ਨੂੰ ਬਰਬਾਦ ਕੀਤਾ, ਦੁਨੀਆਂ ਨੂੰ ਵੀਰਾਨ ਕੀਤਾ।

ਸਿਰ ਪਾਣੀ 'ਚ ਡੁੱਬ ਗਿਆ, ਫਿਰ ਉੱਪਰ ਨਾ ਆਇਆ। ਇਸ ਲਈ ਉਹਦੇ ਗੀਤ ਦੇ ਬੋਲ ਸਮਝ ਨਹੀਂ ਆ ਰਹੇ ਸਨ। ਹੌਲੀ-ਹੌਲੀ ਗੀਤ ਦੀ ਆਵਾਜ਼ ਖਤਮ ਹੋ ਗਈ। ਉਬਲਦਾ ਪਾਣੀ ਵੀ ਸਥਿਰ ਹੋ ਗਿਆ। ਹੁਣ ਦੇਗ ਵਿਚ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ।

"ਹੋਰ ਅੱਗੇ ?" ਮਹਾਰਾਜ ਨੇ ਕੁਝ ਪਲਾਂ ਮਗਰੋਂ ਉਤਸੁਕਤਾ ਪ੍ਰਗਟਾਈ।

"ਅੰਨਦਾਤਾ, ਖਿਮਾ ਕਰੋ", ਜਾਦੂਗਰ ਨੇ ਗੋਡੇ ਟੇਕ ਕੇ ਤੇ ਸਿਰ ਝੁਕਾਅ ਕੇ ਬੇਨਤੀ ਕੀਤੀ। "ਮਹਾਰਾਜ, ਹੁਣ ਦਾਸ ਸਿਰ ਨੂੰ ਉੱਪਰ ਨਹੀਂ ਬੁਲਾ ਸਕਦਾ। ਥੱਲੇ ਵੀ ਬਹੁਤ ਚਮਤਕਾਰੀ ਨਾਚ ਹੋ ਰਿਹਾ ਹੈ। ਇਹ ਨਾਚ ਕੋਲ ਆ ਕੇ ਹੀ ਦੇਖਿਆ ਜਾ ਸਕਦਾ ਹੈ। ਇਸ ਨਾਚ ਦੀ ਅਦਾ ਥੱਲੇ ਉੱਤੇ ਹੀ ਪੇਸ਼ ਕੀਤੀ ਜਾ ਸਕਦੀ ਹੈ।"

ਮਹਾਰਾਜ ਸਿੰਘਾਸਨ ਤੋਂ ਉਤਰ ਕੇ ਦੇਗ ਦੇ ਕੋਲ ਆ ਗਏ। ਮਘਦੀ ਅੱਗ ਦੀ ਤਪਸ਼ ਦੀ ਪਰਵਾਹ ਨਾ ਕਰਦਿਆਂ ਦੇਗ ਦੇ ਉੱਤੇ ਝੁਕ ਕੇ ਅੰਦਰ ਨੂੰ ਦੇਖਣ ਲੱਗ ਪਏ। ਦੇਗ ਦੇ ਅੰਦਰ ਪਾਣੀ ਸ਼ੀਸ਼ੇ ਵਾਂਗ ਸ਼ਾਂਤ ਸੀ। ਥੱਲੇ ਉੱਤੇ ਬੱਚੇ ਦਾ ਸਿਰ ਸ਼ਾਂਤ ਪਿਆ ਸੀ। ਉਹਦੀਆ ਅੱਖਾਂ ਮਹਾਰਾਜ ਵੱਲ ਟਿਕੀਆਂ ਹੋਈਆਂ ਸਨ। ਮਹਾਰਾਜ ਨਾਲ ਅੱਖਾਂ ਮਿਲਾਉਂਦਿਆਂ ਹੀ ਕੱਟੇ ਹੋਏ ਸਿਰ ਉੱਤੇ ਬਹੁਤ ਪਿਆਰੀ ਮੁਸਕਾਨ ਆ ਗਈ। ਮਹਾਰਾਜ ਨੂੰ ਲੱਗਿਆ ਜਿਵੇਂ ਇਹ ਚਿਹਰਾ ਜਾਣਿਆ-ਪਛਾਣਿਆ ਹੋਵੇ। ਆਖਰ ਇਹ ਕੌਣ ਹੋ ਸਕਦਾ "ਮਹਾਰਾਜ ਪਛਾਨਣ ਦੀ ਕੋਸ਼ਿਸ਼ ਕਰੋ।" ਸਾਂਵਲੇ ਜਾਦੂਗਰ ਨੇ ਆਪਣੀ ਪਿੱਠ ਉਤੋਂ ਨੀਲੀ ਤਲਵਾਰ ਧੂਹ ਲਈ। ਇਕ ਬਿਜਲੀ ਜਿਹੀ ਚਮਕੀ ਤੇ ਤਲਵਾਰ ਮਹਾਰਾਜ ਦੀ ਧੌਣ ਦੇ ਪਾਰ ਹੋ ਗਈ। ਮਹਾਰਾਜ ਦਾ ਸਿਰ ਤੇਜ਼ੀ ਨਾਲ ਦੇਗ ਵਿਚ ਡਿੱਗ ਪਿਆ।

ਜਦੋਂ ਦੁਸ਼ਮਣ ਨਾਲ ਅੱਖਾਂ ਟਕਰਾ ਜਾਣ ਤੇ ਵਿਚਾਲੇ ਬਹੁਤ ਫ਼ਰਕ ਵੀ ਨਾ ਹੋਵੇ ਤਾਂ ਪਛਾਨਣ 'ਚ ਕਿਹੜਾ ਵਕਤ ਲੱਗਦਾ ਹੈ ? ਰਾਜੇ ਦਾ ਸਿਰ ਪਾਣੀ 'ਚ ਡਿੱਗਦਿਆਂ ਹੀ ਮੇਏ ਚਏਨ ਛੀ ਸਿਰ ਉੱਛਲ ਕੇ ਉੱਪਰ ਆ ਗਿਆ ਤੇ ਉਹਨੇ ਰਾਜੇ ਦਾ ਕੰਨ ਵੱਢ ਲਿਆ। ਦੇਗ ਦਾ ਪਾਣੀ ਫਿਰ ਉਬਾਲੇ ਮਾਰਨ ਲੱਗਾ, ਬਹੁਤ ਹੀ ਜ਼ੋਰ ਨਾਲ ਉਬਲਣ ਲੱਗਾ। ਪਾਣੀ 'ਚ ਦੋਵੇਂ ਸਿਰ ਬਹੁਤ ਜ਼ੋਰ ਨਾਲ ਭਿੜਨ ਲੱਗ ਪਏ। ਵੀਹ ਵਾਰ ਦੋਹਾਂ ਸਿਰਾਂ ਦੀਆਂ ਟੱਕਰਾਂ ਹੋਈਆਂ। ਰਾਜੇ ਦੇ ਸਿਰ ਨੂੰ ਪੰਜ ਟੱਕ ਲੱਗੇ ਤੇ ਮੇਏ ਦੇ ਸਿਰ ਨੂੰ ਸੱਤ। ਰਾਜੇ ਦਾ ਸਿਰ ਪੈਂਤੜਾ ਬਦਲ ਕੇ ਮੇਏ ਦੇ ਸਿਰ ਨੂੰ ਪਿਛਾਂਹ ਹੋ ਗਿਆ ਤੇ ਉਸ ਨੇ ਮੇਏ ਦੀ ਧੌਣ 'ਤੇ ਮੁੱਚ ਮਾਰਿਆ। ਰਾਜਾ ਨੇ ਮੇਏ ਦੀ ਧੌਣ ਨਾ ਛੱਡੀ, ਦੰਦਾਂ ਨੂੰ ਬਹੁਤ ਡੂੰਘਾ ਦਬਾਉਣਾ ਪਿਆ। ਬੱਚੇ ਦੀਆਂ ਦਰਦ-ਭਰੀਆਂ ਚੀਕਾਂ ਦੇਗ ਤੋਂ ਬਾਹਰ ਸੁਣਾਈ ਦੇਣ ਲੱਗੀਆਂ।

ਮਹਾਰਾਣੀ ਤੋਂ ਲੈ ਕੇ ਕਵਚਧਾਰੀਆਂ ਤੱਕ ਸਾਰੇ ਦਰਬਾਰੀ ਡਰ ਕੇ ਮੂਰਤੀ ਵਰਗੇ ਪੱਥਰ ਬਣ ਗਏ। ਪੀੜ ਦੀ ਇਸ ਚੀਕ-ਪੁਕਾਰ ਤੋਂ ਉਨ੍ਹਾਂ ਨੂੰ ਸੁੱਧ ਆਉਣ ਲੱਗੀ। ਪਰ ਸਾਰਿਆਂ ਨੂੰ ਚੁਫ਼ੇਰੇ ਹਨੇਰਾ ਹੀ ਹਨੇਰਾ ਦਿਖਾਈ ਦੇ ਰਿਹਾ ਸੀ। ਡਰ ਨਾਲ ਉਨ੍ਹਾਂ ਦਾ ਰੋਮ-ਰੋਮ ਕੰਬ ਗਿਆ ਸੀ। ਪਰ ਇਸ ਹਾਲਤ ਵਿਚ ਉਨ੍ਹਾਂ ਨੂੰ ਡਰ ਤੋਂ ਮੁਕਤ ਹੋਣ ਦੀ ਖ਼ੁਸ਼ੀ ਵੀ ਮਹਿਸੂਸ ਹੋਈ। ਸਾਰੇ ਲੋਕ ਅੱਖਾਂ ਪਾੜ-ਪਾੜ ਦੇ ਦੇਗ ਵੱਲ ਨੂੰ ਦੇਖ ਰਹੇ ਸਨ। ਕੀ ਚਮਤਕਾਰ ਸਾਹਮਣੇ ਆਉਂਦਾ ਹੈ ?

ਸਾਂਵਲੇ ਜਾਦੂਗਰ ਦੇ ਚਿਹਰੇ ਉੱਤੇ ਵੀ ਕੁਝ ਹੈਰਾਨੀ ਦਿਸੀ। ਪਰ ਉਹ ਪਰੇਸ਼ਾਨ ਨਾ ਹੋਇਆ। ਬਹੁਤ ਖ਼ਾਮੋਸ਼ੀ ਨਾਲ ਉਹਨੇ ਸੁੱਕੇ ਰੁੱਖ ਦੇ ਟਾਹਣ ਵਾਂਗ ਬਾਂਹ ਉਤਾਂਹ ਚੁੱਕ ਲਈ। ਅਦਿੱਖ ਤਲਵਾਰ ਉਹਦੇ ਹੱਥ 'ਚ ਫੜੀ ਹੋਈ ਸੀ। ਦੇਗ ਦੇ ਅੰਦਰ ਦੇਖ ਸਕਣ ਲਈ ਉਹ ਉਸ ਉੱਤੇ ਝੁਕ ਗਿਆ। ਉਹਦੀ ਬਾਂਹ ਇਕਦਮ ਝੁਕੀ ਤੇ ਤਲਵਾਰ ਉਹਦੀ ਧੌਣ ਉੱਤੇ ਜਾ ਪਈ। ਜਾਦੂਗਰ ਦਾ ਸਿਰ ਕੱਟ ਕੇ ਦੇਗ ਵਿਚ ਜਾ ਡਿੱਗਿਆ। ਦੇਗ ਵਿਚੋਂ ਬਰਫ਼ ਵਰਗੀ ਚਿੱਟੀ ਝੱਗ ਉੱਡ-ਉੱਡ ਕੇ ਚੁਫ਼ੇਰੇ ਫੈਲਣ ਲੱਗੀ।

ਸਾਂਵਲੇ ਜਾਦੂਗਰ ਦਾ ਸਿਰ ਪਾਣੀ ਵਿਚ ਡਿੱਗਦਿਆਂ ਹੀ ਰਾਜੇ ਦੇ ਸਿਰ ਉੱਤੇ ਝਪਟਿਆ। ਉਹਨੇ ਰਾਜੇ ਦਾ ਨੱਕ ਦਾ ਮੁੱਚ ਭਰ ਲਿਆ। ਰਾਜੇ ਦਾ ਨੱਕ ਜੜ੍ਹੋਂ ਕੱਟਦਾ-ਕੱਟਦਾ ਬਚਿਆ। ਰਾਜਾ ਪੀੜ ਨਾਲ ਮੂੰਹ ਪਾੜ ਕੇ ਵਿਲਕ ਪਿਆ। ਮੇਏ ਦੀ ਧੌਣ ਉਹਦੇ ਦੰਦਾਂ ਵਿਚੋਂ ਛੁੱਟ ਗਈ। ਮੇਏ ਦੇ ਸਿਰ ਨੇ ਛੁੱਟਦਿਆਂ ਹੀ ਪੈਂਤੜਾ ਬਦਲ ਕੇ ਆਪਣੇ ਦੰਦ ਰਾਜੇ ਦੇ ਜਬਾੜੇ ਉੱਤੇ ਖੁਭੋ ਦਿੱਤੇ। ਸਾਂਵਲਾ ਜਾਦੂਗਰ ਰਾਜੇ ਦੀ ਨੱਕ ਉੱਤੇ ਦੰਦ ਖੁਭੋ ਕੇ ਉਹਨੂੰ ਆਪਣੇ ਵੱਲ ਖਿੱਚ ਰਿਹਾ ਸੀ। ਰਾਜੇ ਲਈ ਮੂੰਹ ਬੰਦ ਕਰ ਸਕਣਾ ਸੰਭਵ ਨਾ ਰਿਹਾ। ਦੋਵੇਂ ਸਿਰ ਰਾਜੇ ਉੱਤੇ ਭਿਆਨਕ ਵਾਰ ਕਰਨ ਲੱਗ ਪਏ। ਰਾਜੇ ਦਾ ਸਿਰ ਸਭ ਪਾਸਿਆਂ ਤੋਂ ਜ਼ਖ਼ਮੀ ਹੋ ਕੇ ਅਜਿਹਾ ਲਹੂ-ਲੁਹਾਣ ਹੋਇਆ ਕਿ ਉਹਨੂੰ ਪਛਾਣ ਸਕਣਾ ਸੰਭਵ ਨਹੀਂ ਸੀ। ਕੁਝ ਦੇਰ ਤੱਕ ਉਹ ਸਿਰ ਦੋ ਹਮਲਾਵਰਾਂ ਤੋਂ ਬਚਣ ਲਈ ਦੇਗ ਦੇ ਅੰਦਰ ਦੌੜਦਾ-ਭੱਜਦਾ ਰਿਹਾ। ਫਿਰ ਥੱਕ ਕੇ ਬੇਹਰਕਤ ਹੋ ਗਿਆ ਤੇ ਉਹਨੇ ਦਮ ਤੋੜ ਦਿੱਤਾ।

ਸਾਂਵਲੇ ਜਾਦੂਗਰ ਨੇ ਮੇਏ ਦੇ ਸਿਰ ਨੇ ਜਦ ਦੇਖਿਆ ਕਿ ਰਾਜੇ ਦਾ ਸਿਰ ਬੇਹਰਕਤ ਹੋ ਗਿਆ ਹੈ ਤਾਂ ਉਹਦੇ ਉੱਤੇ ਸੱਟ ਮਾਰਨ ਤੋਂ ਰੁਕ ਗਿਆ। ਦੋਵੇਂ ਸਿਰ ਦੇਗ ਵਿਚ ਚੁਫ਼ੇਰੇ ਤਰ ਕੇ ਰਾਜੇ ਦੇ ਸਿਰ ਨੂੰ ਧਿਆਨ ਨਾਲ ਦੇਖਦੇ ਰਹੇ ਕਿ ਰਾਜੇ ਦਾ ਸਿਰ ਧੋਖਾ ਦੇ ਕੇ ਬਚ ਨਿਕਲਣ ਲਈ ਬਹਾਨਾ ਕਰ ਕੇ ਘੇਸਲ ਹੋਇਆ ਪਿਆ ਹੈ ਜਾਂ ਮਰ ਗਿਆ ਹੈ। ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਰਾਜਾ ਸੱਚਮੁੱਚ ਮਰ ਗਿਆ ਹੈ ਤਾਂ ਦੋਵਾਂ ਦੀਆਂ ਅੱਖਾਂ ਮਿਲੀਆਂ। ਦੋਵੇਂ ਇਕ ਦੂਜੇ ਵੱਲ ਦੇਖ ਕੇ ਮੁਸਕਰਾਏ ਤੇ ਉਨ੍ਹਾਂ ਨੇ ਪਲਕਾਂ ਵਿਛਾ ਕੇ ਤਸੱਲੀ ਜ਼ਾਹਿਰ ਕੀਤੀ। ਦੋਵਾਂ ਨੇ ਅਸਮਾਨ ਵੱਲ ਦੇਖਿਆ ਤੇ ਫਿਰ ਦੋਵੇਂ ਸਿਰ ਚੁੱਭੀ ਮਾਰ ਕੇ ਦੇਗ ਦੇ ਥੱਲੇ 'ਤੇ ਜਾ ਟਿਕੇ।

—4—

ਦੇਗ ਹੇਠਲੀ ਅੱਗ ਬੁਝ ਗਈ ਸੀ। ਹੁਣ ਪਾਣੀ ਉਬਲ ਨਹੀਂ ਰਿਹਾ ਸੀ। ਦਰਬਾਰ ਅੰਦਰ ਖ਼ੌਫ਼ ਦਾ ਸੰਨਾਟਾ ਛਾਇਆ ਹੋਇਆ ਸੀ। ਹੌਲੀ-ਹੌਲੀ ਲੋਕਾਂ ਨੂੰ ਸੁਧ ਆਉਣ ਲੱਗੀ। ਕੋਈ ਇਕ ਆਦਮੀ ਬੋਲ ਪਿਆ, ਫਿਰ ਸਾਰੇ ਇਕ-ਦੂਜੇ ਨੂੰ 'ਵਾਜ਼ਾਂ ਮਾਰਨ ਲੱਗੇ। ਇਕ ਆਦਮੀ ਨੇ ਸੋਨੇ ਦੀ ਦੇਗ ਵੱਲ ਗਿਆ ਤਾਂ ਸਾਰੇ ਲੋਕ ਦੇਗ ਦੇ ਆਲੇ-ਦੁਆਲੇ ਖੜ੍ਹੇ ਹੋ ਗਏ। ਘੇਰੇ ਦੇ ਪਿੱਛੇ ਲੋਕ ਪੱਬਾਂ ਭਾਰ ਉਤਾਂਹ ਨੂੰ ਹੋ-ਹੋ ਕੇ ਤੇ ਧੌਣਾਂ ਚੁੱਕ-ਚੁੱਕ ਕੇ ਦੇਖਣ ਦੀ ਕੋਸ਼ਿਸ਼ ਕਰ ਰਹੇ ਸਨ।

ਅੱਗ ਦਾ ਸੇਕ ਅਜੇ ਵੀ ਬਹੁਤ ਸੀ। ਸੇਕ ਨਾਲ ਲੋਕਾਂ ਦੇ ਚਿਹਰੇ ਝੁਲਸ ਰਹੇ ਸਨ, ਪਰ ਦੇਗ ਦਾ ਪਾਣੀ ਸ਼ਾਂਤ ਹੋ ਗਿਆ ਸੀ। ਪਾਣੀ ਉੱਤੇ ਚਿਕਨਾਈ ਦੀ ਤਹਿ ਜੰਮ ਗਈ ਸੀ। ਚਿਕਨਾਈ ਦੀ ਤਹਿ 'ਚ ਝੁਕੇ ਲੋਕਾਂ ਨੂੰ ਆਪਣੇ ਚਿਹਰੇ ਦਿਖਾਈ ਦੇ ਰਹੇ ਸਨ : ਮਹਾਰਾਣੀ, ਰਖੇਲਾਂ, ਅੰਗ-ਰੱਖਿਅਕ, ਬੁੱਢੇ ਮੰਤਰੀ, ਬੌਣੇ, ਪਹਿਰੇਦਾਰਾਂ—ਸਾਰਿਆਂ ਦੇ ਚਿਹਰੇ ਦੇਗ ਵਿਚ ਦਿਖਾਈ ਦੇ ਰਹੇ ਸਨ।

"ਹਾਏ ਓ ਰੱਬਾ ! ਮਹਾਰਾਜ ਦਾ ਸਿਰ ਅਜੇ ਵੀ ਦੇਗ ਦੇ ਅੰਦਰ ਹੀ ਪਿਆ ਏ ! ਤਰਸ ਕਰੋ ਤਰਸ !" ਰਾਜੇ ਦੀ ਛੇਵੀਂ ਰਖੇਲ ਭੁੱਬੀਂ ਰੋ ਪਈ।

ਮਹਾਰਾਣੀ ਤੋਂ ਲੈ ਕੇ ਪਹਿਰੇਦਾਰਾਂ ਤੱਕ ਸਾਰੇ ਦਹਿਸ਼ਤ ਵਿਚ ਸਨ। ਇੰਨੇ ਡਰੇ ਹੋਏ ਸਨ ਕਿ ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਸਾਰੇ ਲੋਕ ਘਬਰਾ ਕੇ ਦੇਗ ਦੇ ਆਲੇ-ਦੁਆਲੇ ਗੇੜੇ ਮਾਰੀ ਜਾ ਰਹੇ ਸਨ। ਸਭ ਤੋਂ ਬੁੱਢਾ ਤੇ ਵਿਦਵਾਨ ਮੰਤਰੀ ਅਗਾਂਹ ਹੋਇਆ। ਉਹਨੇ ਹੱਥ ਅਗਾਂਹ ਵਧਾ ਕੇ ਦੇਗ ਨੂੰ ਛੋਹ ਕੇ ਦੇਖਿਆ। ਉਹਦਾ ਸਾਰਾ ਸਰੀਰ ਕੰਬ ਗਿਆ। ਉਹਨੇ ਹੱਥ ਪਿਛਾਂਹ ਨੂੰ ਖਿੱਚ ਲਿਆ। ਉਂਗਲੀਆਂ ਨੂੰ ਝਟਕ-ਝਟਕ ਕੇ ਵਾਰ-ਵਾਰ ਉਨ੍ਹਾਂ 'ਤੇ ਫੂਕਾਂ ਮਾਰਨ ਲੱਗਾ।

ਰਾਣੀ, ਮੰਤਰੀ ਤੇ ਸਾਰੇ ਦਰਬਾਰੀ ਆਪਣਾ-ਆਪ ਸੰਭਾਲ ਕੇ ਦੁਆਰ ਕੇ ਬਾਹਰ ਖੜ੍ਹੇ ਹੋ ਗਏ, ਵਿਚਾਰ ਕਰਨ ਲੱਗੇ ਕਿ ਦੇਗ 'ਚ ਰਾਜੇ ਦੇ ਸਿਰ ਨੂੰ ਕਿਵੇਂ ਬਾਹਰ ਕੱਢਿਆ ਜਾਵੇ। ਪੂਰੇ ਤਿੰਨ ਘੰਟੇ ਇਹ ਵਿਚਾਰ ਹੁੰਦਾ ਰਿਹਾ। ਅਖੀਰ ਫ਼ੈਸਲਾ ਹੋਇਆ ਕਿ ਮਹਿਲ ਦੇ ਗੁਦਾਮ ਵਿਚੋਂ ਵੱਡੀਆਂ ਸੰਨ੍ਹੀਆਂ, ਚਿਮਟੇ ਦੇ ਹੋਰ ਔਜ਼ਾਰ ਮੰਗਵਾਏ ਜਾਣ ਤੇ ਮਹਾਰਾਜ ਦੇ ਅੰਗ-ਰੱਖਿਅਕ ਦੇਗ 'ਚੋਂ ਉਨ੍ਹਾਂ ਦਾ ਸਿਰ ਕੱਢਣ ਦਾ ਯਤਨ ਕਰਨ।

ਛੇਤੀ ਹੀ ਸਾਰੇ ਸਾਧਨ ਹਾਜ਼ਰ ਕੀਤੇ ਗਏ : ਕੜਛੇ, ਚਿਮਟੇ, ਸੰਨ੍ਹੀਆਂ, ਸੋਨੇ ਦੇ ਥਾਲ ਤੇ ਪਰਨੇ-ਚਾਦਰਾਂ ਲਿਆ ਕੇ ਦੇਗ ਦੇ ਕੋਲ ਰੱਖੇ ਗਏ। ਅੰਗ-ਰੱਖਿਅਕਾਂ ਨੇ ਆਪਣੇ ਕੱਪੜੇ ਸਮੇਟੇ ਤੇ ਝੱਗਿਆਂ ਦੀਆਂ ਬਾਹਵਾਂ ਚੜ੍ਹਾ ਲਈਆਂ। ਕੁਝ ਨੇ ਕੜਛੇ ਚੁੱਕੇ, ਕੁਝ ਨੇ ਸੰਨ੍ਹੀਆਂ ਤੇ ਕੁਝ ਨੇ ਛਾਨਣੇ ਫੜ ਲਏ। ਬਹੁਤ ਹੁਸ਼ਿਆਰੀ ਨਾਲ ਦੇਗ 'ਚੋਂ ਮਹਾਰਾਜ ਦਾ ਸਿਰ ਲੱਭਣ ਲੱਗੇ। ਕੜਛੇ-ਸੰਨ੍ਹੀਆਂ ਦੇ ਆਪਸ ਵਿਚ ਟਕਰਾਉਣ ਦੀ ਆਵਾਜ਼ ਤੇ ਦੇਗ ਨਾਲ ਰਗੜ ਹੋਣ ਦੀ ਆਵਾਜ਼ ਸੁਣਾਈ ਦਿੰਦੀ ਰਹੀ। ਦੇਗ ਵਿਚ ਪਾਣੀ ਘੁੰਮਣਘੇਰੀ ਵਾਂਗ ਘੁੰਮ ਰਿਹਾ ਸੀ। ਕਾਫ਼ੀ ਚਿਰ ਯਤਨ ਹੁੰਦਾ ਰਿਹਾ। ਇਕ ਅੰਗ-ਰੱਖਿਅਕ ਦਾ ਚਿਹਰਾ ਬਹੁਤ ਗੰਭੀਰ ਹੋ ਗਿਆ। ਉਹਨੇ ਬੜੀ ਸਾਵਧਾਨੀ ਨਾਲ ਦੋਹਾਂ ਹੱਥਾਂ ਨਾਲ ਵੱਡੀ ਸਾਰੀ ਸੰਨ੍ਹੀ ਨੂੰ ਉਤਾਂਹ ਚੁੱਕਿਆ। ਉਹ ਸੰਨ੍ਹੀ ਵਿਚ ਬਰਫ਼ ਵਰਗੀ ਚਿੱਟੀ ਇਕ ਖੋਪਰੀ ਸੀ। ਖੋਪਰੀ ਤੋਂ ਮੋਤੀਆਂ ਵਾਂਗ ਪਾਣੀ ਦੀਆਂ ਬੂੰਦਾਂ ਟਪਕ ਰਹੀਆਂ ਸਨ। ਹੈਰਾਨੀ ਭਰੀਆਂ ਚੀਕਾਂ ਨਾਲ ਸਾਰਿਆਂ ਲੋਕਾਂ ਦੇ ਮੂੰਹ ਖੁੱਲ੍ਹੇ ਦੇ ਖੁੱਲ੍ਹੇ ਰਹਿ ਗਏ। ਖੋਪਰੀ ਨੂੰ ਸੋਨੇ ਦੇ ਇਕ ਥਾਲ ਵਿਚ ਰੱਖਿਆ ਗਿਆ।

"ਹਾਏ ਓ ਰੱਬਾ ! ਹਾਏ ਮਹਾਰਾਜ !" ਮਹਾਰਾਣੀ, ਮਹਾਰਾਜ ਦੀਆਂ ਰਖੇਲਾਂ, ਮੰਤਰੀ ਤੇ ਪਹਿਰੇਦਾਰ ਸਾਰੇ ਧਾਹੀਂ ਰੋਣ ਲੱਗ ਪਏ। ਕੁਝ ਚਿਰ ਬਾਅਦ ਅੰਗ-ਰੱਖਿਅਕਾਂ ਨੇ ਇਕ ਹੋਰ ਚਿੱਟੀ ਖੋਪਰੀ ਦੇਗ 'ਚੋਂ ਟੋਲ ਕੇ ਕੱਢੀ। ਦੋਹਾਂ ਖੋਪਰੀਆਂ ਵਿਚ ਕੋਈ ਫ਼ਰਕ ਨਹੀਂ ਸੀ। ਇਹ ਦੇਖ ਕੇ ਸਾਰੇ ਦਰਬਾਰੀ ਹੈਰਾਨ ਹੋ ਕੇ ਖ਼ਾਮੋਸ਼ ਹੋ ਗਏ। ਹੈਰਾਨ ਹੋਇਆਂ ਦਾ ਰੋਣਾ ਵੀ ਬੰਦ ਹੋ ਗਿਆ।

ਦਰਬਾਰੀ ਹੰਝੂ ਭਰੀਆਂ ਹੈਰਾਨ ਅੱਖਾਂ ਨਾਲ ਦੇਗ ਵੱਲ ਦੇਖਦੇ ਰਹੇ ਸਨ। ਅੰਗ-ਰੱਖਿਅਕ ਅਜੇ ਵੀ ਬਹੁਤ ਕੋਸ਼ਿਸ ਨਾਲ ਦੇਗ ਵਿਚੋਂ ਸੰਨ੍ਹੀਆਂ ਤੇ ਕੜਛੇ ਪਾ ਕੇ ਲੱਭ ਰਹੇ ਸਨ। ਉਨ੍ਹਾਂ ਦੇ ਸਰੀਰ ਪਸੀਨਾ-ਪਸੀਨਾ ਹੋ ਰਹੇ ਸਨ। ਕੁਝ ਵਕਤ ਹੋਰ ਕੋਸ਼ਿਸ ਕਰਨ ਮਗਰੋਂ ਵਾਲਾਂ ਦਾ ਇਕ ਗੁੱਛਾ ਨਿਕਲਿਆ। ਗੁੱਛੇ ਵਿਚ ਚਿੱਟੇ ਵਾਲ ਵੀ ਸਨ ਤੇ ਕਾਲੇ ਵੀ। ਕੁਝ ਛੋਟੇ-ਛੋਟੇ ਵਾਲ ਵੀ ਨਿਕਲੇ, ਮੁੱਛਾਂ ਦੇ ਵਾਲਾਂ ਵਰਗੇ। ਫਿਰ ਇਕ ਹੋਰ ਖੋਪਰੀ ਨਿਕਲੀ, ਫਿਰ ਵਾਲਾਂ 'ਚ ਲਾਉਣ ਵਾਲੀਆਂ ਤਿੰਨ ਸੂਈਆਂ ਨਿਕਲੀਆਂ।

ਦੇਗ ਵਿਚੋਂ ਪੂਰੀ ਛਾਣ-ਬੀਣ ਕਰਕੇ ਸਭ ਕੁਝ ਕੱਢ ਲਿਆ ਗਿਆ। ਦੇਗ ਵਿਚ ਸਿਰਫ਼ ਪਾਣੀ ਹੀ ਰਹਿ ਗਿਆ। ਦੇਗ ਵਿਚੋਂ ਕੱਢੀਆਂ ਗਈਆਂ ਸਾਰੀਆਂ ਚੀਜ਼ਾਂ ਨੂੰ ਤਿੰਨ ਥਾਲਾਂ 'ਚ ਰੱਖ ਦਿੱਤਾ ਗਿਆ; ਇਕ ਥਾਲ ਵਿਚ ਖੋਪਰੀਆਂ, ਦੂਜੇ ਥਾਲ ਵਿਚ ਵਾਲ ਤੇ ਤੀਜੇ ਥਾਲ ਵਿਚ ਵਾਲਾਂ ਦੀਆਂ ਸੂਈਆਂ।

"ਸਾਡੇ ਮਹਾਰਾਜ ਦਾ ਤਾਂ ਇਕੋ ਹੀ ਸਿਰ ਸੀ। ਮਹਾਰਾਜ ਦਾ ਸਿਰ ਕਿਹੜਾ ਹੈ ?" ਮਹਾਰਾਜ ਦੀ ਨੌਂਵੀਂ ਰਖੇਲ ਨੇ ਬੜੀ ਵਿਆਕੁਲ ਹੋ ਕੇ ਪੁੱਛਿਆ।

"ਸੱਚ ਹੈ, ਸੱਚ ਹੈ...।" ਸਾਰੇ ਮੰਤਰੀ ਇਕ-ਦੂਜੇ ਵੱਲ ਦੇਖ ਕੇ ਸਹਿਜ ਹੀ ਇਕੱਠੇ ਬੋਲ ਪਏ।

ਇਕ ਬੌਣੇ ਨੇ ਸਤਿਕਾਰ ਨਾਲ ਸਿਰ ਝੁਕਾਅ ਕੇ ਜਵਾਬ ਦਿੱਤਾ—"ਅੰਨਦਾਤਾ, ਮਾਸ ਤੇ ਚਮੜੀ ਉਬਲ ਕੇ ਪਾਣੀ 'ਚ ਘੁਲ ਨਾ ਗਏ ਹੁੰਦੇ ਤਾਂ ਦਾਸ ਜ਼ਰੂਰ ਪਛਾਣ ਲੈਂਦਾ।"

ਸਾਰੇ ਲੋਕ ਬੜੇ ਗਹੁ ਤੇ ਸਾਵਧਾਨੀ ਨਾਲ ਖੋਪਰੀਆਂ ਨੂੰ ਦੇਖਣ ਲੱਗੇ। ਖੋਪਰੀਆਂ ਦੇ ਆਕਾਰ ਤੇ ਰੰਗ 'ਚ ਕੋਈ ਫ਼ਰਕ ਦਿਖਾਈ ਨਹੀਂ ਦੇ ਰਿਹਾ ਸੀ। ਬੱਚੇ ਦੀ ਖੋਪਰੀ ਵੀ ਵੱਖਰੀ ਪਛਾਨਣੀ ਮੁਸ਼ਕਿਲ ਸੀ। ਰਾਣੀ ਨੇ ਯਾਦ ਕਰਵਾਇਆ—ਮਹਾਰਾਜ ਦੇ ਮੱਥੇ ਉੱਤੇ ਸੱਜੇ ਪਾਸੇ ਸੱਟ ਦਾ ਨਿਸ਼ਾਨ ਸੀ। ਜਦੋਂ ਉਹ ਰਾਜਕੁਮਾਰ ਸਨ ਤਾਂ ਇਕ ਵਾਰ ਡਿੱਗਣ ਨਾਲ ਉਨ੍ਹਾਂ ਦੇ ਸੱਟ ਲੱਗ ਗਈ ਸੀ। ਹੋ ਸਕਦਾ ਹੈ ਕਿ ਖੋਪਰੀ ਦੀ ਹੱਡੀ ਉੱਤੇ ਉਹ ਨਿਸ਼ਾਨ ਮਿਲ ਜਾਵੇ। ਇਕ ਬੌਣੇ ਨੇ ਇਕ ਖੋਪਰੀ ਦੇ ਮੱਥੇ ਤੇ ਸੱਜੇ ਪਾਸੇ ਸੱਚਮੁੱਚ ਇਕ ਨਿਸ਼ਾਨ ਲੱਭ ਪਿਆ। ਸਾਰੇ ਲੋਕ ਬਹੁਤ ਖੁਸ਼ ਹੋਏ। ਇਸੇ ਦੌਰਾਨ ਜ਼ਰਾ ਪੀਲੇ ਜਿਹੇ ਰੰਗ ਹੁੰਦਿਆਂ ਇਕ ਦੂਜੀ ਖੋਪਰੀ ਉੱਤੋਂ ਵੀ ਠੀਕ ਉਸੇ ਥਾਂ 'ਤੇ ਉਵੇਂ ਦਾ ਨਿਸ਼ਾਨ ਦਿਖਾ ਦਿੱਤਾ।

"ਮੈਂ ਦੱਸਾਂ ? ਮੈਂ ਪਛਾਣ ਦੱਸਾਂ ?" ਮਹਾਰਾਜ ਦੀ ਤੀਜੀ ਰਖੇਲ ਨੇ ਬੜੇ ਯਕੀਨ ਨਾਲ ਉੱਚੀ ਦੇਣੀ ਕਿਹਾ। "ਮਹਾਰਾਜ ਦੇ ਨੱਕ ਦੀ ਕੋਠੀ ਜ਼ਿਆਦਾ ਉੱਚੀ ਸੀ।"

ਕਵਚਧਾਰੀ ਤਿੰਨਾ ਖੋਪਰੀਆਂ ਦੇ ਨੱਕ ਨੂੰ ਬਹੁਤ ਸਾਵਧਾਨੀ ਨਾਲ ਨਾਪਦੇ ਰਹੇ। ਚੋਖੀ ਜਾਂਚ-ਪੜਤਾਲ ਤੋਂ ਬਾਅਦ

ਪਤਾ ਲੱਗਾ ਕਿ ਇਕ ਖੋਪਰੀ ਦੇ ਨੱਕ ਦੀ ਥਾਂ ਕੁਝ ਉੱਚੀ ਮੰਨੀ ਜਾ ਸਕਦੀ ਹੈ, ਪਰ ਮੁਸ਼ਕਿਲ ਇਹ ਸੀ ਕਿ ਇਸ ਖੋਪਰੀ ਦੇ ਮੱਥੇ ਉੱਤੇ ਸੱਜੇ ਪਾਸੇ ਨਿਸ਼ਾਨ ਨਹੀਂ ਸੀ।

"ਇਹ ਵੀ ਤਾਂ ਦੇਖੋ", ਮੰਤਰੀਆਂ ਨੇ ਪਹਿਰੇਦਾਰਾਂ ਨੂੰ ਸਮਝਾਇਆ। "ਇਸ ਖੋਪਰੀ ਦੇ ਪਿੱਛੇ ਵਾਲੀ ਹੱਡੀ ਬਹੁਤ ਉੱਚੀ ਹੈ। ਮਹਾਰਾਜ ਦਾ ਸਿਰ ਕੀ ਅਜਿਹਾ ਸੀ ?"

"ਅਸੀਂ ਮਹਾਰਾਜ ਦੇ ਸਿਰ ਦੇ ਪਿੱਛੇ ਕਦੇ ਦੇਖਿਆ ਹੀ ਨਹੀਂ।..."

ਰਾਣੀ ਤੇ ਰਖੇਲਾਂ ਵਿਚਾਲੇ ਝਗੜਾ ਖੜ੍ਹਾ ਹੋ ਗਿਆ। ਕੋਈ ਕਹਿੰਦੀ ਸੀ, ਮਹਾਰਾਜ ਦਾ ਸਿਰ ਪਿੱਛਿਓਂ ਉੱਚਾ ਸੀ ਤੇ ਕੋਈ ਕਹਿੰਦੀ ਸੀ ਨਹੀਂ, ਮਹਾਰਾਜ ਦਾ ਸਿਰ ਬਿਲਕੁਲ ਬਰਾਬਰ ਸੀ। ਮਹਾਰਾਜ ਦੇ ਵਾਲਾਂ ਵਿਚ ਕੰਘੀ ਕਰਨ ਵਾਲੇ ਪਹਿਰੇਦਾਰ ਨੂੰ ਉੱਚੀ ਦੇਣੀ ਬੋਲ ਕੇ ਪੁੱਛਿਆ ਗਿਆ। ਪਰ ਉਹਨੂੰ ਕੁਝ ਯਾਦ ਨਹੀਂ ਸੀ।

ਸ਼ਾਮ ਵੇਲੇ ਮੰਤਰੀਆਂ ਤੇ ਰਾਜਕੁਮਾਰਾਂ ਦੀ ਸਭਾ ਵਿਚ ਵਿਚਾਰ ਹੋਇਆ ਕਿ ਤਿੰਨਾਂ ਖੋਪਰੀਆਂ ਵਿਚੋਂ ਮਹਾਰਾਜ ਦੀ ਖੋਪਰੀ ਕਿਵੇਂ ਪਛਾਣੀ ਜਾਵੇ। ਪਰ ਜਿਵੇਂ ਦਿਨ ਭਰ ਦੇ ਵਿਚਾਰ ਵਿਚੋਂ ਕੋਈ ਸਿੱਟਾ ਨਹੀਂ ਨਿਕਲ ਸਕਿਆ ਸੀ, ਹੁਣ ਵੀ ਕੋਈ ਫ਼ੈਸਲਾ ਨਾ ਹੋ ਸਕਿਆ। ਉਹੀ ਸਮੱਸਿਆ ਦੇਗ ਵਿਚੋਂ ਕੱਢੇ ਗਏ ਵਾਲਾਂ ਤੇ ਮੁੱਛਾਂ ਦੇ ਵਾਲਾਂ ਬਾਰੇ ਵੀ ਸੀ। ਇਹ ਤਾਂ ਪੱਕਾ ਸੀ ਕਿ ਇਹ ਚਿੱਟੇ ਵਾਲ ਮਹਾਰਾਜ ਦੇ ਸਨ, ਪਰ ਮਹਾਰਾਜ ਦੇ ਵਾਲ ਅੱਧ-ਪੱਕੇ ਹੋ ਚੁੱਕੇ ਸਨ। ਕਾਲੇ ਵਾਲਾਂ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ ਸੀ। ਅੱਧੀ ਰਾਤ ਤੱਕ ਵਿਚਾਰ ਮਗਰੋਂ ਕੁਝ ਲਾਲ ਵਾਲ ਚੁਣ ਕੇ ਲਿਆਂਦੇ ਗਏ। ਇਸ 'ਤੇ ਨੌਵੀਂ ਰਖੇਲ ਨੇ ਬੜਾ ਵਿਰੋਧ ਕੀਤਾ। ਉਹਨੇ ਸਹੁੰ ਖਾ ਕੇ ਕਿਹਾ ਕਿ ਮੈਂ ਮਹਾਰਾਜ ਦੀਆਂ ਮੁੱਛਾਂ ਵਿਚ ਪੀਲੇ ਵਾਲ ਦੇਖੇ ਸਨ। ਫਿਰ ਝਗੜਾ ਖੜ੍ਹਾ ਹੋ ਗਿਆ ਕਿ ਵਾਲਾ ਨੂੰ ਚੁਗਿਆ ਜਾਵੇ ਕਿ ਨਾ ! ਕੋਈ ਵੀ ਫ਼ੈਸਲਾ ਲੈਣਾ ਅਸੰਭਵ ਸੀ, ਇਸ ਲਈ ਵਾਲਾਂ ਦੇ ਫ਼ੈਸਲੇ ਨੂੰ ਅਨਿਸ਼ਚਿਤ ਹੀ ਰਹਿਣ ਦਿੱਤਾ ਗਿਆ।

ਰਾਤ ਖਤਮ ਹੋਣ ਵਾਲੀ ਸੀ, ਪਰ ਸਭਾ ਕੋਈ ਫ਼ੈਸਲਾ ਨਾ ਲੈ ਸਕੀ। ਸਾਰੇ ਲੋਕ ਮੂੰਹ ਪਾੜ-ਪਾੜ ਉਬਾਸੀਆਂ ਲੈਂਦੇ ਰਹੇ ਸਨ। ਕੁੱਕੜ ਦੀਆਂ ਬਾਗਾਂ ਰਾਤ ਮੁੱਕਣ ਦੀ ਸੂਚਨਾ ਦੇਣ ਲੱਗੀਆਂ। ਪਰ ਕੋਈ ਵੀ ਫ਼ੈਸਲਾ ਨਾ ਹੋ ਸਕਿਆ। ਆਖ਼ਰ ਇਕ ਗੱਲ ਉੱਤੇ ਸਾਰੇ ਜਣੇ ਸਹਿਮਤ ਹੋ ਗਏ, ਤਿੰਨਾਂ ਹੀ ਖੋਪਰੀਆਂ ਨੂੰ ਸੋਨੇ ਦੇ ਤਾਬੂਤ 'ਚ ਰੱਖ ਕੇ ਮਹਾਰਾਜ ਦੇ ਸਰੀਰ ਦੇ ਨਾਲ ਮਕਬਰੇ ਅੰਦਰ ਦਫ਼ਨਾ ਦਿੱਤਾ ਜਾਵੇ।

ਸੱਤਾਂ ਦਿਨਾਂ ਬਾਅਦ ਮਹਾਰਾਜ ਦੀ ਅੰਤਮ-ਯਾਤਰਾ ਦਾ ਫ਼ੈਸਲਾ ਕੀਤਾ ਗਿਆ। ਰਾਜਧਾਨੀ ਵਿਚ ਬਹੁਤ ਰੌਣਕ ਸੀ। ਰਾਜਧਾਨੀ ਦੇ ਤੇ ਦੇਸ਼ ਦੇ ਦੂਰ-ਦੂਰ ਦੇ ਹਿੱਸਿਆਂ ਤੋਂ ਲੋਕ ਮਹਾਰਾਜ ਦੇ ਅੰਤਿਮ ਸੰਸਕਾਰ ਨੂੰ ਵੇਖਣ ਲਈ ਆਏ ਸਨ। ਭੀੜ ਵਿਚ ਥਾਂ-ਥਾਂ 'ਤੇ ਚੌਕੀਆਂ ਉੱਤੇ ਪੂਜਾ ਤੇ ਚੜ੍ਹਾਵੇ ਦੀ ਸਾਮੱਗਰੀ ਸੱਜੀ ਹੋਈ ਸੀ। ਭੀੜ ਨੂੰ ਕਾਬੂ ਕਰਨ ਲਈ ਰਾਜ ਮਾਰਗ ਦੇ ਦੁਵੱਲੇ ਸਵਾਰ ਤੈਨਾਤ ਸਨ। ਕੁਝ ਚਿਰ ਮਗਰੋਂ ਇਕ ਬਹੁਤ ਵੱਡਾ ਜਲੂਸ ਆਇਆ। ਲੋਕ ਝੰਡੇ-ਝੰਡੀਆਂ, ਨੇਜ਼ੇ-ਭਾਲੇ, ਤੀਰ-ਕਮਾਨ, ਫਰਸੇ ਤੇ ਤਲਵਾਰਾਂ ਚੁੱਕੀ ਤੁਰ ਰਹੇ ਸਨ। ਜਲੂਸ ਦੇ ਪਿੱਛੇ ਚਾਰ ਗੱਡੀਆਂ ਉੱਤੇ ਗਾਉਣ-ਵਜਾਉਣ ਵਾਲੇ ਸਨ। ਭੀੜ ਦੇ ਸਮੁੰਦਰ ਵਿਚ ਬਹੁਤ ਦੂਰ ਪੀਲਾ ਕੱਪੜਾ ਓੜ੍ਹੀ ਰੱਥ ਉੱਚੀ-ਨੀਵੀਂ ਜ਼ਮੀਨ ਉੱਤੇ ਜਗਮਗਾਉਂਦਾ ਦਿੱਸਿਆ। ਥੋੜ੍ਹਾ ਕੋਲ ਆਉਣ 'ਤੇ ਰੱਥ ਦੇ ਘੋੜੇ ਦਿੱਸਣ ਲੱਗ ਪਏ। ਰੱਥ ਉੱਤੇ ਬਹੁਤ ਵੱਡਾ ਸੋਨੇ ਦਾ ਤਾਬੂਤ ਰੱਖਿਆ ਹੋਇਆ ਸੀ। ਤਾਬੂਤ ਵਿਚ ਮਹਾਰਾਜ ਦੀ ਦੇਹ ਦੇ ਨਾਲ ਤਿੰਨ ਖੋਪਰੀਆਂ ਵੀ ਸਨ।

ਰਾਜ ਮਾਰਗ ਦੇ ਦੁਵੱਲੇ ਖੜ੍ਹੀ ਪਰਜਾ ਝੁਕ-ਝੁਕ ਕੇ ਮਹਾਰਾਜ ਨੂੰ ਪ੍ਰਣਾਮ ਤੇ ਡੰਡੌਤ ਕਰਨ ਲੱਗੀ ਤਾਂ ਸਭ ਪਾਸੇ ਭੀੜ ਵਿਚ ਰੱਖੀਆਂ ਚੌਕੀਆਂ ਪੂਜਾ ਤੇ ਚੜ੍ਹਾਵੇ ਦੇ ਸਾਮਾਨ ਨਾਲ ਲੱਦੀਆਂ ਹੋਈਆਂ ਦਿੱਸਣ ਲੱਗ ਪਈਆਂ। ਅਨੇਕ ਰਾਜ-ਭਗਤ, ਲੋਕਾਂ ਦੇ ਮਨ ਬਹੁਤ ਦੁਖੀ ਸਨ। ਉਹ ਸੋਚ ਰਹੇ ਸਨ ਕਿ ਮਹਾਰਾਜ ਦੇ ਨਾਲ ਦੋ ਵਿਰੋਧੀਆਂ ਦੇ ਪ੍ਰੇਤ ਵੀ ਰਾਜ-ਭਗਤਾਂ ਦੀ ਪੂਜਾ ਤੇ ਚੜ੍ਹਾਵੇ ਦਾ ਭੋਗ ਲਾ ਰਹੇ ਸਨ। ਪਰ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਹੋ ਸਕਦਾ ਸੀ। ਰਾਜ-ਭਗਤਾਂ ਨੂੰ ਆਪਣੇ ਗੁੱਸੇ ਤੇ ਦੁੱਖ ਦੇ ਹੰਝੂ ਚੁੱਪਚਾਪ ਪੀਣੇ ਪੈ ਰਹੇ ਸਨ।

ਮਹਾਰਾਜ ਦੇ ਤਾਬੂਤ ਦੇ ਰੱਥ ਪਿੱਛੇ ਰਾਣੀ ਤੇ ਮਹਾਰਾਜ ਦੀਆਂ ਰਖੇਲਾਂ ਦੇ ਹੱਥ ਆ ਰਹੇ ਸਨ। ਭੀੜ ਹਮਦਰਦੀ ਤੇ ਅਫ਼ਸੋਸ ਨਾਲ ਉਨ੍ਹਾਂ ਵੱਲ ਵੇਖ ਰਹੀ ਸੀ ਤੇ ਉਹ ਲਗਾਤਾਰ ਕੀਰਨੇ ਪਾਉਂਦੀਆਂ ਭੀੜ ਵੱਲ ਦੇਖ ਰਹੀਆਂ ਸਨ। ਉਸ ਤੋਂ ਮਗਰੋਂ ਮੰਤਰੀਆਂ, ਪਹਿਰੇਦਾਰਾਂ ਤੇ ਬੌਣਿਆਂ ਦੀਆਂ ਸਵਾਰੀਆਂ ਆਉਣ ਲੱਗ ਪਈਆਂ। ਸਾਰਿਆਂ ਦੇ ਚਿਹਰਿਆਂ ਉੱਤੇ ਗੰਭੀਰ ਉਦਾਸੀ ਛਾਈ ਹੋਈ ਸੀ, ਪਰ ਭੀੜ ਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਸੀ। ਸੜਕ ਦੇ ਦੁਵੱਲਿਉਂ ਭੀੜ ਇਧਰ-ਉਧਰ ਜਾਣ ਲੱਗ ਪਈ ਸੀ ਤੇ ਜਲੂਸ ਭੀੜ ਵਿਚ ਮਿਲ ਕੇ ਭੀੜ ਦਾ ਹੀ ਹਿੱਸਾ ਬਣਦਾ ਜਾ ਰਿਹਾ ਸੀ।

**(ਛਪ ਰਹੀ ਪੁਸਤਕ 'ਲੂ ਸ਼ੂਨ ਦੀਆਂ ਚੋਣਵੀਆਂ ਕਹਾਣੀਆਂ' ਵਿਚੋਂ)**

*ਮੁਲਾਕਾਤ*

# ਉਠ ਗਏ ਗਵਾਂਢੋ ਯਾਰ

*(ਤੁਸੀਂ ਦੇਸ਼ ਰੱਖੋ, ਅਸੀਂ ਛੱਡ ਚੱਲੇ)*

*ਮਦੀਹਾ ਗੌਹਰ ਦੇ ਤੁਰ ਜਾਣ 'ਤੇ*

**ਕੇਵਲ ਧਾਲੀਵਾਲ** ਨਾਲ **ਸਵਰਾਜਬੀਰ** ਦੀ ਮੁਲਾਕਾਤ



***ਸਵਰਾਜਬੀਰ*** : ਲਹਿੰਦੇ ਪੰਜਾਬ ਵਿਚ ਮਦੀਹਾ ਗੌਹਰ ਦੇ ਹੋਣ ਤੇ ਥੀਣ ਦਾ ਕੀ ਮਹੱਤਵ ਹੈ ?

***ਕੇਵਲ ਧਾਲੀਵਾਲ*** : ਲਹਿੰਦੇ ਪੰਜਾਬ ਵਿਚ ਜਿਸ ਬਹਾਦਰੀ, ਦਲੇਰੀ, ਹਿੰਮਤ ਤੇ ਬੁਲੰਦੀ ਦੇ ਨਾਲ ਮਦੀਹਾ ਨੇ ਥੀਏਟਰ ਰਾਹੀਂ ਲੋਕ ਮਸਲਿਆਂ ਦੀ, ਔਰਤ ਦੇ ਹੱਕਾਂ ਦੀ ਅਤੇ ਅਮਨ ਤੇ ਦੋਸਤੀ ਦੀ ਗੱਲ ਕੀਤੀ ਹੈ, ਸ਼ਾਇਦ ਹੀ ਕੋਈ ਹੋਰ ਇਸ ਤਰ੍ਹਾਂ ਦਾ ਰੰਗਮੰਚ ਲਹਿੰਦੇ ਪੰਜਾਬ ਵਿਚ ਕਰ ਸਕੇ। ਲਹਿੰਦੇ ਪੰਜਾਬ 'ਚ ਮਦੀਹਾ ਉਨ੍ਹਾਂ ਲੋਕਾਂ ਵਿਚ ਸੀ, ਜੋ ਜੀਂਦੇ ਨੇ, ਜੋ ਜਾਗਦੇ ਨੇ, ਜੋ ਵਕਤ ਦੀ ਨਬਜ਼ ਨੂੰ ਪਛਾਣਦੇ ਨੇ। ਮਦੀਹਾ ਕਦੀ ਕਿਸੇ ਨਕਾਬ ਦੇ ਓਹਲੇ ਵਿਚ ਨਹੀਂ ਸੀ ਰਹਿੰਦੀ, ਬਲਕਿ ਉਸਨੇ ਤਾਂ ਆਪਣੇ ਰੰਗਮੰਚ ਰਾਹੀਂ ਓਹਨਾਂ ਲੋਕਾਂ ਦੇ ਵੀ ਨਕਾਬ ਉਤਾਰ ਦਿੱਤੇ, ਜਿਹਨਾਂ ਨੇ ਔਰਤਾਂ ਨੂੰ ਸਿਰਫ਼ ਜ਼ਲਾਲਤ ਹੀ ਦਿੱਤੀ, ਜਿਹਨਾਂ ਨੇ ਧਰਮਾਂ ਦੇ ਨਾਮ ਤੇ ਮਨੁਖਤਾ ਨੂੰ ਸ਼ਰਮਸਾਰ ਕੀਤਾ, ਜਿਹਨਾਂ ਨੇ ਰਾਜਨੀਤੀ ਦੇ ਨਾਮ ਤੇ ਵਿਉਪਾਰ ਕੀਤਾ। ਮਦੀਹਾ ਬਹੁੱਤ ਹੀ ਬੁਲੰਦ ਇਰਾਦੇ ਵਾਲੀ ਔਰਤ ਸੀ, ਉਹ ਔਰਤ ਜਿਸਦੇ ਹਰ ਸਾਹ ਨਾਲ ਰੰਗਮੰਚ ਧੜਕਦਾ ਸੀ, ਜੋ ਪਾਕਿਸਤਾਨ ਵਰਗੇ ਮੁਲਕ ਵਿਚ ਵੀ ਰੰਗਮੰਚ ਰਾਹੀਂ ਔਰਤਾਂ ਦੇ ਹੱਕ ਦੀ ਗੱਲ ਕਰਦੀ ਸੀ, ਜੋ ਪਾਕਿਸਤਾਨ ਦੀ ਹਕੂਮਤ ਨੂੰ ਵੀ ਵੰਗਾਰਦੀ ਸੀ, ਜੋ ਪਾਕਿਸਤਾਨ ਦੇ ਕਟੜਪੰਥੀ ਧਾਰਮਿਕ ਮੂਲਵਾਦ ਨੂੰ ਵੀ ਲਲਕਾਰਦੀ ਸੀ, ਜੋ ਦੋਵ੍ਹਾਂ ਮੁਲਕਾਂ ਵਿਚ ਅਮਨ ਤੇ ਦੋਸਤੀ ਲਈ ਇਕ ਲਹਿਰ ਬਣਕੇ ਵਿਚਰਦੀ ਸੀ, ਜੋ ਦੋਵ੍ਹਾਂ ਮੁਲਕਾਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਹੱਸਦੇ, ਗਲਵਕੜੀਆਂ ਪਾਉਂਦੇ ਵੇਖਣਾ ਚਾਹੁੰਦੀ ਸੀ, ਜੋ ਦੋਵ੍ਹਾਂ ਮੁਲਕਾਂ ਵਿਚਾਲੇ ਰੰਗਮੰਚ ਦੇ ਸਾਂਝੇ ਪੁੱਲ ਵਜੋਂ ਕੰਮ ਕਰਦੀ ਸੀ।

ਮਦੀਹਾ ਪਿਛਲੇ 35 ਸਾਲਾਂ ਤੋਂ ਪਾਕਿਸਤਾਨ ਵਿਚ ਅਗਾਂਹਵਧੂ, ਸਾਰਥਿਕ ਸੁਨੇਹੇ ਵਾਲਾ ਰੰਗਮੰਚ ਕਰ ਰਹੀ ਸੀ। ਉਸਨੇ 35 ਸਾਲ ਪਹਿਲਾਂ 'ਅਜੋਕਾ ਥੀਏਟਰ ਲਾਹੌਰ' ਦੀ ਸਥਾਪਨਾ ਕੀਤੀ ਤੇ ਪਹਿਲਾ ਨਾਟਕ ਪੱਛਮੀ ਬੰਗਾਲ ਦੇ ਨਾਟਕਕਾਰ ਬਾਦਲ ਸਰਕਾਰ ਦਾ ਲਿਖਿਆ 'ਜਲੂਸ' ਲਾਹੌਰ ਵਿਚ ਖੇਡਿਆ। ਹਕੂਮਤ ਨੇ ਉਸਨੂੰ ਲਾਹੌਰ ਦੇ ਕਿਸੇ ਥੀਏਟਰ ਹਾਲ ਜਾਂ ਸੜਕ 'ਤੇ ਨਾਟਕ ਕਰਨ ਦੀ ਇਜ਼ਾਜਤ ਨਾ ਦਿੱਤੀ ਤਾਂ ਇਹ ਨਾਟਕ ਉਸਨੇ ਆਪਣੀ ਮਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਵਿਚ ਲੋਕਾਂ ਨੂੰ ਇਕੱਠਾ ਕਰਕੇ ਖੇਡਿਆ। ਉਸਨੇ ਲਗਾਤਾਰ ਥੀਏਟਰ ਕੀਤਾ ਤੇ ਪਾਕਿਸਾਤਾਨੀ ਰੰਗਮੰਚ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੱਕ ਲੈ ਕੇ ਗਈ। ਉਸਨੇ ਹਿੰਦੋਸਤਾਨ ਵਿਚ 100 ਤੋਂ ਵੱਧ ਵਾਰ ਨਾਟਕ ਖੇਡੇ, ਦੁਨੀਆਂ ਦੇ 30–40 ਮੁਲਕਾਂ ਵਿਚ ਪਾਕਿਸਤਾਨੀ ਥੀਏਟਰ ਨੂੰ ਮਾਣ ਦਵਾਇਆ। ਉਸਨੇ ਉੱਚ ਕੋਟੀ ਦਾ ਥੀਏਟਰ ਕੀਤਾ, ਤੇ ਲਹਿੰਦੇ ਪੰਜਾਬ ਦੇ ਰੰਗਮੰਚ ਦੀ ਮਸੀਹਾ ਬਣ ਗਈ। ਉਸਦੇ ਰੰਗਮੰਚ ਸਫ਼ਰ ਵਿਚ ਉਸਦੇ ਪਤੀ ਸ਼ਾਹਿਦ ਨਦੀਮ ਨੇ ਉਸ ਲਈ ਉੱਚ ਪਾਏ ਦੇ ਨਾਟਕ ਲਿਖੇ ਤੇ ਉਸਦੇ ਦੋਵੇਂ ਪੁੱਤਰਾਂ ਨਿਰਵਾਣ ਅਤੇ ਸਾਰੰਗ ਨੇ ਉਸਦੇ ਨਾਟਕਾਂ ਵਿਚ ਭੂਮਿਕਾਵਾਂ ਨਿਭਾਈਆਂ। ਉਹ ਟੀ. ਵੀ. ਨਾਟਕਾਂ ਦੀ ਵੀ ਪ੍ਰਸਿੱਧ ਅਭਿਨੇਤਰੀ ਸੀ, ਉਸ ਵਲੋਂ ਟੀ. ਵੀ. ਸੀਰੀਅਲ 'ਨੀਲੇ ਹਾਥ' ਵਿਚਲਾ ਨਿਭਾਇਆ ਕਿਰਦਾਰ ਦਰਸ਼ਕਾਂ ਦੇ ਚੇਤਿਆਂ ਵਿਚ ਹਮੇਸ਼ਾ ਰਹੇਗਾ। ਉਹ ਅਭਿਨੇਤਰੀ ਸੀ, ਉਹ ਨਿਰਦੇਸ਼ਕ ਸੀ, ਸਮਾਜਿਕ ਸਰੋਕਾਰਾਂ ਨਾਲ ਜੁੜੀ ਅਗਾਂਹ ਵਧੂ ਕਾਰਕੁੰਨ ਸੀ। ਉਸਨੇ ਹਕੂਮਤ ਨਾਲ ਟੱਕਰ ਲਈ ਤੇ ਜੇਲ੍ਹ ਗਈ।

***ਸਵਰਾਜਬੀਰ*** : ਮਦੀਹਾ ਗੌਹਰ ਹੋਰਾਂ ਦੇ ਨਾਟਕਾਂ ਦੀ ਸੁਰ ਸਥਾਪਤੀ ਵਿਰੋਧੀ ਸੀ, ਲੋਕਾਂ ਦੇ ਹੱਕ ਵਿਚ, ਔਰਤਾਂ ਤੇ

ਦਲਿਤਾਂ ਦੇ ਹੱਕ ਵਿਚ। ਉਨ੍ਹਾਂ ਨੇ ਇਸ ਨੂੰ ਬੜੇ ਸਿਰੜ ਨਾਲ ਨਿਭਾਇਆ ਤੇ ਨਾਟਕ ਦੇ ਸੰਸਾਰ ਵਿਚ ਨਵੇਂ ਸੀਰ ਪਾਏ। ਉਨ੍ਹਾਂ ਦੇ ਥੀਏਟਰ ਦੀ ਇਸ ਸੁਰ ਬਾਰੇ ਤੁਹਾਡੇ ਕੀ ਖ਼ਿਆਲ ਹਨ?

***ਕੇਵਲ ਧਾਲੀਵਾਲ*** : ਜਿਸ ਤਰ੍ਹਾਂ ਦੀ ਕੱਟੜਤਾ ਤੇ ਪਾਬੰਦੀਆਂ ਔਰਤ ਉਪਰ ਪਾਕਿਸਤਾਨ ਵਰਗੇ ਮੁੱਲਕ ਵਿਚ ਲਗਾਈਆਂ ਗਈਆਂ, ਮਦੀਹਾ ਉਨ੍ਹਾਂ ਸਭ ਪਾਬੰਦੀਆਂ ਤੋਂ ਬਾਗੀ ਸੀ, ਜਿਵੇਂ ਮੈਂ ਤੁਹਾਨੂੰ ਦੱਸਿਆ ਕਿ ਉਸਨੇ 35 ਸਾਲ ਪਹਿਲਾਂ ਅਜੋਕਾ ਥੀਏਟਰ ਲਈ ਜੋ ਪਹਿਲਾ ਨਾਟਕ ਚੁਣਿਆ , ਉਹ ਬਾਦਲ ਸਰਕਾਰ ਦਾ ਨਾਟਕ 'ਜਲੂਸ' ਸੀ, ਤੁਸੀਂ ਏਥੋਂ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਮਦੀਹਾ 35 ਸਾਲ ਪਹਿਲਾਂ ਹੀ ਬਹੁੱਤ ਸੋਚ-ਵਿਚਾਰਕੇ, ਉਚੇ ਤੇ ਸੁੱਚੇ ਖ਼ਿਆਲਾਂ ਨਾਲ ਸਥਾਪਤੀ ਨੂੰ ਵੰਗਾਰ ਰਹੀ ਸੀ, ਉਸਨੇ ਭੱਠਾ ਮਜ਼ਦੂਰਾਂ ਦੇ ਹੱਕ ਵਿਚ ਨਾਟਕ ਖੇਡਿਆ 'ਇੱਟ'। ਉਸਨੇ ਵਹਿਮਾਂ ਭਰਮਾਂ ਦੇ ਖ਼ਿਲਾਫ਼ ਨਾਟਕ 'ਕਾਲਾ ਮੈਂਡਾ ਭੇਸ' ਖੇਡਿਆ। ਉਸਨੇ ਰੇਪ ਵਿਕਟਿਮ ਕੁੜੀਆਂ ਦੇ ਹੱਕ ਵਿਚ ਨਾਟਕ ਖੇਡਿਆ 'ਸ਼ਰਮ ਦੀ ਗੱਲ'। ਦੁਬਈ ਵਰਗੇ ਮੁਲਕਾਂ ਨੂੰ ਤੁਰ ਗਏ ਨੌਜਵਾਨਾਂ ਤੇ ਪਿਛੇ ਪਾਗਲ ਹੁੰਦੀਆਂ ਧੀਆਂ ਬਾਰੇ ਨਾਟਕ ਖੇਡਿਆ 'ਝੱਲੀ ਕਿੱਥੇ ਜਾਵੇ'। ਉਸਨੇ ਪੰਚਾਇਤਾਂ ਵਲੋਂ ਔਰਤਾਂ ਉਪਰ ਹੁੰਦੇ ਜ਼ੁਲਮ ਤੇ 'ਕਾਰੀ-ਕਾਰੀ" (ਰੇਪ ਬਦਲੇ ਰੇਪ) ਵਰਗੇ ਮਨਘੜਤ ਕਾਨੂੰਨਾਂ ਖ਼ਿਲਾਫ਼ ਨਾਟਕ 'ਮੈਂਕੂ ਕਾਰੀ ਕਰੇਂਦੇ ਨੀ ਮਾਂ' ਵੀ ਖੇਡਿਆ। ਉਸਨੇ ਸਟੋਵ ਨਾਲ ਸਾੜੀਆਂ ਜਾਂਦੀਆਂ ਕੁੜੀਆਂ ਦੇ ਹੱਕ ਵਿਚ ਨਾਟਕ ਖੇਡਿਆ 'ਚੁੱਲਾ'। ਉਸਨੇ ਜ਼ੇਲ੍ਹਾਂ ਵਿਚ ਇਨਸਾਫ਼ ਲਈ ਸੜਦੀਆਂ ਔਰਤਾਂ ਦੇ ਹੱਕ ਵਿਚ ਨਾਟਕ ਖੇਡਿਆ 'ਬਰੀ'। ਉਸਨੇ ਕੁੜੀਆਂ ਦੀ ਪੜ੍ਹਾਈ ਦੇ ਹੱਕ ਵਿਚ ਨਾਟਕ ਖੇਡਿਆ 'ਧੀ ਰਾਣੀ'। ਦੋਵ੍ਹਾਂ ਮੁਲਕਾਂ ਦੇ ਅਮਨ ਤੇ ਦੋਸਤੀ ਲਈ ਉਸਨੇ 'ਬੁੱਲ੍ਹਾ' ਖੇਡਿਆ। ਮਦੀਹਾ ਨੇ ਧਾਰਿਮਕ ਮੂਲਵਾਦੀਆਂ ਨੂੰ ਵੰਗਾਰਦਿਆਂ ਬੁਰਕੇ ਦੇ ਖ਼ਿਲਾਫ਼ ਨਾਟਕ ਖੇਡਿਆ 'ਬੁਰਕਾ ਵਗੈਂਜਾ'। ਮਦੀਹਾ ਦੇ ਨਾਟਕਾਂ ਨੂੰ ਪਾਕਿਸਤਾਨ ਵਿਚ ਬੈਨ ਕੀਤਾ ਜਾਂਦਾ ਰਿਹਾ, ਉਸਨੂੰ ਜੇਲ੍ਹ ਵਿਚ ਭੇਜਿਆ ਗਿਆ। 14 ਅਗਸਤ ਦੀ ਰਾਤ ਨੂੰ ਵਾਹਗਾ ਸਰਹੱਦ ਤੇ ਮੋਮਬੱਤੀਆਂ ਜਗਾਉਂਦਿਆਂ ਮਦੀਹਾ ਨੂੰ ਪਾਕਿਸਤਾਨੀ ਰੇਂਜਰਾਂ ਤੇ ਪੁਲਿਸ ਵਲੋਂ ਡੰਡੇ ਵੀ ਮਾਰੇ ਗਏ। ਪਰ ਮਦੀਹਾ ਆਪਣੇ ਰੰਗਮੰਚ ਬਾਰੇ ਹਮੇਸ਼ਾਂ ਕਹਿੰਦੀ 'ਥੀਏਟਰ ਫਾਰ ਸੋਸ਼ਲ ਚੇਂਜ' , 'ਥੀਏਟਰ ਫਾਰ ਪੀਸ'। ਇਹ ਸਲੋਗਨ ਮਦੀਹਾ ਦੇ ਅਜੋਕਾ ਥੀਏਟਰ ਦੇ ਕਲਾਕਾਰਾਂ ਵਲੋਂ ਪਹਿਨੀਆਂ ਟੀ. ਸ਼ਰਟਾਂ ਉਪਰ ਵੀ ਲਿਖੇ ਰਹਿੰਦੇ। ਉਸਨੇ ਕਦੇ ਵੀ ਸਥਾਪਤੀ ਨਾਲ ਸਮਝੌਤਾ ਨਹੀਂ ਸੀ ਕੀਤਾ ਤੇ ਆਪਣੇ ਨਾਟਕਾਂ ਰਾਹੀਂ ਦੱਬੇ-ਕੁੱਚਲੇ, ਲਿਤਾੜੇ ਤੇ ਨਿਮਾਣੇ ਲੋਕਾਂ ਲਈ ਆਵਾਜ਼ ਬੁਲੰਦ ਕੀਤੀ, ਸੜੇ-ਗਲੇ ਰੀਤੀ ਰਿਵਾਜ਼ਾਂ ਨੂੰ ਠੋਕਰ ਮਾਰੀ। ਮਦੀਹਾ ਗੌਹਰ ਤਾਂ ਦੋਹਾਂ ਮੁਲਕਾਂ ਵਿਚਾਲੇ ਇਕ ਤੁਰੀ-ਫਿਰਦੀ ਸੰਸਥਾ ਸੀ। ਉਹ ਸਟੇਜ਼ 'ਤੇ ਖੜ੍ਹਕੇ ਦਰਸ਼ਕਾਂ ਸਾਹਮਣੇ ਉੱਚੀ ਆਵਾਜ਼ ਵਿਚ ਕਹਿੰਦੀ ਸੀ 'ਥੀਏਟਰ ਅਗੇਂਸਟ ਤਾਲਿਬਾਨ' ਇਸ ਤਰ੍ਹਾਂ ਉਹ ਹਰ ਤਰ੍ਹਾਂ ਦੇ ਅੱਤਵਾਦ, ਮੂਲਵਾਦ ਤੇ ਜ਼ਿਆਦਤੀਆਂ ਨੂੰ ਵੰਗਾਰਦੀ ਸੀ। ਉਸਦੇ ਟਰੇਂਡ ਕੀਤੇ ਕਲਾਕਾਰ ਹੁਣ ਪਾਕਿਸਤਾਨੀ ਟੀ. ਵੀ. ਤੇ ਫ਼ਿਲਮਾਂ ਦੇ ਵੀ ਵੱਡੇ ਕਲਾਕਾਰ ਨੇ। ਉਹ ਹਮੇਸ਼ਾਂ ਕੁਝ ਨਵਾਂ ਕਰਨ ਤੇ ਨਵਾਂ ਸਿਖਣ ਲਈ ਤੱਤਪਰ ਰਹਿੰਦੀ ਸੀ। ਉਹ ਆਪਣੇ ਰੰਗਮੰਚ ਕਲਾਕਾਰਾਂ ਨੂੰ ਟਰੇਨਿੰਗ ਦਵਾਉਣ ਲਈ ਹਰ ਸਾਲ ਜੂਨ ਮਹੀਨੇ ਵਿਚ ਅੰਮ੍ਰਿਤਸਰ ਮੇਰੇ ਕੋਲ ਇਕ ਮਹੀਨੇ ਲਈ ਭੇਜਦੀ। ਉਹ ਰੰਗਮੰਚ ਕਰਦਿਆਂ, ਨਾਟਕ ਮੇਲੇ ਲਾਉਂਦਿਆਂ, ਸੈਮੀਨਾਰ ਕਰਦਿਆਂ, ਕਦੇ ਵੀ ਰੁਕਦੀ ਨਹੀਂ ਸੀ, ਅੱਕਦੀ ਨਹੀਂ ਸੀ, ਥੱਕਦੀ ਨਹੀਂ ਸੀ। ਪਿਛਲੇ 3 ਸਾਲਾਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੀ ਸੀ, ਪਰ ਫਿਰ ਵੀ ਰੰਗਮੰਚ ਸਰਗਰਮੀਆਂ ਨਾਲ ਨਿਰੰਤਰ ਜੁੜੀ ਹੋਈ ਸੀ।

***ਸਵਰਾਜਬੀਰ*** : ਮੰਚ ਰੰਗਮੰਚ ਅੰਮ੍ਰਿਤਸਰ ਤੇ ਅਜੋਕਾ ਥੀਏਟਰ ਦੇ ਆਪਸੀ ਸਹਿਯੋਗ ਨੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਸ਼ੁਰੂ ਕੀਤਾ ਗਿਆ। ਮੰਚ ਰੰਗਮੰਚ ਦੇ ਕਿਹੜੇ ਨਾਟਕ ਅਜੋਕਾ ਥੀਏਟਰ ਦੇ ਸਹਿਯੋਗ ਨਾਲ ਲਹਿੰਦੇ ਪੰਜਾਬ ਵਿਚ ਪੇਸ਼ ਕੀਤੇ ਗਏ ?

***ਕੇਵਲ ਧਾਲੀਵਾਲ*** : ਮਦੀਹਾ ਨੇ ਪਹਿਲੀ ਵਾਰ ਲਾਹੌਰ 2004 ਵਿਚ 'ਇੰਡੋ-ਪਾਕਿ ਜਨਾਨੀ ਥੀਏਟਰ ਫੈਸਟੀਵਲ' ਸ਼ੁਰੂ ਕੀਤਾ, ਇਹ ਥੀਏਟਰ ਫੈਸਟੀਵਲ ਮਦੀਹਾ ਨੇ ਆਪਣੀ ਅੰਮੀ ਖਦੀਜ਼ਾ ਗੌਹਰ ਨੂੰ ਡੈਡੀਕੇਟ ਕੀਤਾ ਸੀ। ਮਦੀਹਾ ਦੀ ਅੰਮੀ ਵੀ ਇਕ ਸਮਾਜ ਸੇਵੀ ਔਰਤ ਸੀ, ਜਿਸਨੇ ਔਰਤਾਂ ਦੇ ਹੱਕਾਂ ਲਈ ਬਹੁੱਤ ਕੰਮ ਕੀਤਾ ਸੀ। ਮਦੀਹਾ ਵਲੋਂ ਅਯੋਜਿਤ ਇਸ ਜਨਾਨੀ ਥੀਏਟਰ ਫੈਸਟੀਵਲ ਵਿਚ ਸਾਰੇ ਨਾਟਕ ਹੀ ਔਰਤ ਮਸਲਿਆਂ ਨਾਲ ਜੁੜੇ ਸਨ। ਸਾਨੂੰ ਮਦੀਹਾ ਨੇ ਸੱਦਾ ਦਿੱਤਾ ਤਾਂ ਅਸੀਂ ਆਪਣਾ ਨਾਟਕ 'ਲੂਣਾ' (ਸ਼ਿਵ ਕੁਮਾਰ ਬਟਾਲਵੀ) ਲੈ ਕੇ ਲਾਹੌਰ ਗਏ, ਇਸ ਨਾਟਕ ਨੂੰ ਲੈ ਕੇ ਜਾਣ ਦਾ ਇਕ ਕਾਰਨ ਇਹ ਵੀ ਸੀ, ਕਿ ਪੂਰਨ ਭਗਤ ਦਾ ਕਿਸਾ ਦੋਵਾਂ ਪੰਜਾਬਾਂ ਵਿਚ ਸਾਂਝਾ ਹੈ। ਸਾਡੇ ਨਾਟਕ 'ਲੂਣਾ' ਦੀ ਸਫ਼ਲਤਾ ਏਨੀ ਵੱਡੀ ਸੀ ਕਿ ਸ਼ੋਅ ਤੋਂ ਤੁਰੰਤ ਬਾਅਦ, ਮਦੀਹਾ ਨੇ ਉਸੇ ਆਡੀਟੋਰੀਅਮ ਵਿਚ ਅਗਲੇ ਦਿਨ ਹੋਣ ਵਾਲਾ ਆਪਣਾ ਨਾਟਕ ਕੈਂਸਿਲ ਕਰਕੇ, 'ਲੂਣਾ' ਦਾ ਇਕ ਸ਼ੋਅ ਹੋਰ ਕਰਵਾ ਦਿੱਤਾ। ਫੇਰ ਮਦੀਹਾ ਗੌਹਰ ਦੇ ਨਾਲ ਸਾਡੇ ਮੰਚ-ਰੰਗਮੰਚ ਦੀ ਸਾਂਝ ਪੱਕੀ ਹੋ ਗਈ। ਫੇਰ ਅਗਲੇ ਸਾਲਾਂ ਵਿਚ ਅਸੀਂ 'ਮੰਚ-ਰੰਗਮੰਚ' ਵਲੋਂ ਨਾਟਕ 'ਲਾਲ ਬੱਤੀ' (ਬਲਦੇਵ

ਸਿੰਘ), 'ਗੱਡੀ ਚੜ੍ਹਨ ਦੀ ਕਾਹਲ ਬੜੀ ਸੀ', 'ਧਮਕ ਨਗਾਰੇ ਦੀ' (ਗੁਰਸ਼ਰਨ ਸਿੰਘ), 'ਮੱਸਿਆ ਦੀ ਰਾਤ' (ਸਵਰਾਜਬੀਰ), 'ਅੰਦਰ ਬਾਹਰ ਮੰਟੋ' (ਪ੍ਰਮਿੰਦਰਜੀਤ), 'ਝੱਲੀ ਕਿੱਥੇ ਜਾਵੇ' (ਸ਼ਾਹਿਦ ਨਦੀਮ), 'ਬਸੰਤੀ ਚੋਲਾ' (ਕੇਵਲ ਧਾਲੀਵਾਲ) ਅਤੇ 'ਸ਼ਾਇਰੀ' (ਸਵਰਾਜਬੀਰ)। 'ਸ਼ਾਇਰੀ' ਨਾਟਕ ਮੈਂ ਅਜੋਕਾ ਥੀਏਟਰ ਲਾਹੌਰ ਦੇ ਕਲਾਕਾਰਾਂ ਨਾਲ ਮਦੀਹਾ ਦੇ ਸੱਦੇ 'ਤੇ ਲਾਹੌਰ ਜਾ ਕੇ ਹੀ ਤਿਆਰ ਕੀਤਾ ਸੀ ਤੇ ਉਸਦੇ ਪੰਜ ਸ਼ੋਅ ਉਧਰ ਕੀਤੇ ਸਨ। ਸ਼ਾਇਰੀ ਨਾਟਕ ਬਾਰੇ ਮੈਂ ਵਿਸਥਾਰ ਵਿਚ ਗੱਲ ਅੱਗੇ ਜਾ ਕੇ ਕਰਾਂਗਾ। ਮੰਚ-ਰੰਗਮੰਚ ਤੇ ਅਜੋਕਾ ਥੀਏਟਰ ਦੇ ਸਹਿਯੋਗ ਨਾਲ ਹੀ ਮੈਂ 2016 ਜਨਵਰੀ ਵਿਚ ਇਕ ਸੂਫ਼ੀ ਥੀਏਟਰ ਬਾਰੇ ਲਾਹੌਰ ਵਿਚ ਵਰਕਸ਼ਾਪ ਕੀਤੀ ਤੇ ਫੇਰ ਮੈਂ ਅਜੋਕਾ ਥੀਏਟਰ ਦੇ ਕਲਾਕਾਰਾਂ ਨਾਲ ਭੀਸ਼ਮ ਸਾਹਨੀ ਦਾ ਨਾਟਕ 'ਕਬੀਰਾ ਖੜ੍ਹਾ ਬਾਜ਼ਾਰ ਮੇਂ' ਲਾਹੌਰ ਰਹਿਕੇ ਤਿਆਰ ਕੀਤਾ, ਇਸ ਨਾਟਕ ਦੇ 5 ਸ਼ੋਅ ਲਾਹੌਰ ਵਿਚ , ਇਕ ਇਸਲਾਮਾਬਾਦ ਤੇ ਫੇਰ ਇਧਰ ਇਕ ਸ਼ੋਅ ਚੰਡੀਗੜ੍ਹ ਵੀ ਕੀਤਾ ਗਿਆ। ਇਸੇ ਤਰ੍ਹਾਂ ਮੈਂ ਉਨ੍ਹਾਂ ਦੇ ਨਾਟਕ 'ਬੁਰਕਾ ਵਗੈਂਜਾ' ਦਾ ਸੈਟ ਤੇ ਲਾਈਟ ਡੀਜ਼ਾਈਨ ਕਰਨ ਲਈ ਵੀ ਲਾਹੌਰ ਗਿਆ। ਨਾਟਕ 'ਲੋ ਫਿਰ ਬਸੰਤ ਆਈ' ਦਾ ਸੈਟ ਮੈਂ ਤੇ ਮਦੀਹਾ ਨੇ ਮਿਲਕੇ ਡੀਜ਼ਾਈਨ ਕੀਤਾ ਸੀ।

***ਸਵਰਾਜਬੀਰ*** : ਅਜੋਕਾ ਥੀਏਟਰ ਦੇ ਕਿਹੜੇ ਨਾਟਕ ਮੰਚ ਰੰਗਮੰਚ ਅੰਮ੍ਰਿਤਸਰ ਦੇ ਸਹਿਯੋਗ ਨਾਲ ਚੜ੍ਹਦੇ ਪੰਜਾਬ ਵਿਚ ਪੇਸ਼ ਕੀਤੇ ਗਏ ? ਉਨ੍ਹਾਂ ਬਾਰੇ ਕੁੱਝ ਦੱਸੋ ?

***ਕੇਵਲ ਧਾਲੀਵਾਲ*** : ਅਜੋਕਾ ਥੀਏਟਰ ਦਾ ਪਹਿਲਾ ਨਾਟਕ ਤਾਂ 'ਬੁੱਲ੍ਹਾ' ਹੀ ਸੀ ਜੋ 2003 ਵਿਚ ਅੰਮ੍ਰਿਤਸਰ ਹੋਇਆ। ਵਾਹਗਾ ਬਾਰਡਰ ਰਾਹੀਂ ਅਜੋਕਾ ਟੀਮ ਅੰਮ੍ਰਿਤਸਰ ਪਹੁੰਚੀ ਸੀ, ਇਸ ਟੀਮ ਦਾ ਸਵਾਗਤ ਜਿਥੇ ਸਾਰੇ ਕਲਾਕਾਰਾਂ ਤੇ ਸਮਾਜ ਸੇਵੀ ਜਥੇਬੰਦੀਆਂ ਵਲੋਂ ਭਰਵੇਂ ਰੂਪ ਵਿਚ ਕੀਤਾ ਗਿਆ, ਉਥੇ ਇਸ ਟੀਮ ਨੂੰ ਜੀ ਆਇਆਂ ਕਹਿਣ, ਸੰਭਾਲਣ ਤੇ ਹੋਰ ਸਭ ਸਹੂਲਤਾਂ ਉਪਲਬੱਧ ਕਰਾਉਣ ਲਈ ਸਪਰਿੰਗ ਡੇਲ ਸਕੂਲ ਦੇ ਬਾਨੀ ਡਾ: ਸ਼ਵਿੰਦਰ ਸੰਧੂ ਤੇ ਮਨਵੀਨ ਸੰਧੂ ਨੇ ਮੋਹਰੀ ਭੂਮਿਕਾ ਨਿਭਾਈ। ਅਜੋਕਾ ਥੀਏਟਰ ਦੇ ਨਾਟਕ 'ਬੁੱਲ੍ਹਾ ਦਾ ਚੜ੍ਹਦੇ ਪੰਜਾਬ ਵਿਚ ਆਉਣਾ ਉਂਝ ਹੀ ਸੀ, ਜਿਵੇਂ ਲਹਿੰਦੇ ਪੰਜਾਬ 'ਚੋਂ ਕੋਈ 'ਠੰਡੀ ਹਵਾ ਦਾ ਬੁੱਲ੍ਹਾ' ਆਇਆ ਹੋਵੇ। ਇਸ ਨਾਟਕ ਦੇ ਚੜ੍ਹਦੇ ਪੰਜਾਬ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ, ਪਟਿਆਲਾ, ਫਰੀਦਕੋਟ, ਢੁੱਡੀਕੇ, ਜਗਦੇਵ ਕਲਾਂ ਤੇ ਕਈ ਹੋਰ ਥਾਵਾਂ 'ਤੇ ਚੜ੍ਹਦੇ ਪੰਜਾਬ ਵਿਚ ਲਗਭਗ 25-30 ਸ਼ੋਅ ਅਜੋਕਾ ਥੀਏਟਰ ਵਲੋਂ ਮਦੀਹਾ ਦੀ ਨਿਰਦੇਸ਼ਨਾ ਹੇਠ ਕੀਤੇ ਗਏ। ਇਸ ਤੋਂ ਬਾਅਦ ਮਦੀਹਾ ਦੇ ਬਹੁੱਤ ਸਾਰੇ ਨਾਟਕ ਮੰਚ-ਰੰਗਮੰਚ ਵਲੋਂ ਅਯੋਜਿਤ ਨੈਸ਼ਨਲ ਥੀਏਟਰ ਫੈਸਟੀਵਲ ਅੰਮ੍ਰਿਤਸਰ ਵਿਚ ਮੈਂ ਬੁਲਾਉਂਦਾ ਰਿਹਾਂ, ਜਿਹਨਾਂ ਵਿਚ 'ਬੁੱਲ੍ਹਾ' ਤੋਂ ਬਾਅਦ ਸਭ ਤੋਂ ਪਹਿਲਾਂ 'ਬਾਲਾ ਕਿੰਗ', ' ਦੁੱਖ ਦਰਿਆ', ' ਏਕ ਥੀ ਨਾਨੀ', 'ਸੁਰਖ ਗੁਲਾਬਾਂ ਦਾ ਮੌਸਮ', 'ਹੋਟਲ ਮੋਹੰਜੋਦੜੋ', 'ਟੋਭਾ ਟੇਕ ਸਿੰਘ', 'ਕੌਨ ਹੈ ਯੇ ਗੁਸਤਾਖ', 'ਰਾਜਾ ਰਸਾਲੂ', 'ਮੇਰਾ ਰੰਗ ਦੇ ਬਸੰਤੀ ਚੋਲਾ', 'ਦਾਰਾ', 'ਬੁਰਕਾ ਵਗੈਂਜਾ', 'ਲੋ ਫਿਰ ਬਸੰਤ ਆਈ', 'ਕਾਲਾ ਮੈਂਡਾ ਭੇਸ', ' ਅੰਨੀ ਮਾਈ ਦਾ ਸੁਪਨਾ', 'ਕਬੀਰਾ ਖੜਾ ਬਾਜ਼ਾਰ ਮੇਂ'। ਇਹ ਸਾਰੇ ਨਾਟਕ ਅੰਮ੍ਰਿਤਸਰ ਵਿਚ ਵੀ ਹੋਏ ਚੜ੍ਹਦੇ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿਚ ਵੀ ਹੋਏ ਤੇ ਭਾਰਤ ਦੇ ਬਹੁਤ ਸਾਰੇ ਸੂਬਿਆਂ ਵਿਚ ਵੀ ਹੁੰਦੇ ਰਹੇ। ਅਜੋਕਾ ਥੀਏਟਰ ਦੇ ਇਹਨਾਂ ਨਾਟਕਾਂ ਦੀ ਖਾਸੀਅਤ ਇਹ ਸੀ ਕਿ ਜਿਥੇ ਇਹ ਨਾਟਕ ਕਹਾਣੀ ਪੱਖੋਂ, ਮੁਦੇ ਪਖੋਂ, ਜਾਨਦਾਰ ਸੀ, ਇਨ੍ਹਾਂ ਦੀ ਪੇਸ਼ਕਾਰੀ ਵੀ, ਅਦਾਕਾਰੀ ਪੱਖੋਂ ਤਕਨੀਕੀ ਤੌਰ 'ਤੇ ਪ੍ਰਭਾਵਸ਼ਾਲੀ, ਸਹਜਮਈ ਤੇ ਕ੍ਰੀਏਟਿਵ ਹੁੰਦੀ ਸੀ। ਮਦੀਹਾ ਦੀ ਟੀਮ ਅਜੋਕਾ ਥੀਏਟਰ ਦਾ ਡਸਿਪਲਨ ਵੀ ਕਮਾਲ ਦਾ ਸੀ, ਇਨ੍ਹਾਂ ਨਾਟਕਾਂ ਦੀਆਂ ਪੇਸ਼ਕਾਰੀਆਂ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਦਾ ਰਿਹਾ, ਹਾਊਸ ਫੁਲ ਸ਼ੋਅ ਹੁੰਦੇ ਸੀ। ਲੋਕਾ ਨੂੰ ਆਡੀਟੋਰੀਅਮ ਵਿਚ ਜਗ੍ਹਾ ਨਹੀਂ ਸੀ ਮਿਲਦੀ, ਉਹ ਵਾਪਸ ਵੀ ਮੁੜਦੇ ਸੀ, ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਜਤਿੰਦਰ ਬਰਾੜ ਵਲੋਂ ਇਨ੍ਹਾਂ ਨਾਟਕਾਂ ਦੀ 100-100 ਤੇ 200-200 ਰੁਪਏ ਟਿਕਟ ਰੱਖੀ ਜਾਂਦੀ ਸੀ, ਲੋਕ ਫਿਰ ਵੀ ਹੁੰਮ ਹੁਮਾ ਕੇ ਪਹੁੰਚਦੇ ਸੀ। ਅਜੋਕਾ ਥੀਏਟਰ ਦੇ ਏਨੇ ਨਾਟਕ ਅੰਮ੍ਰਿਤਸਰ ਵਿਚ ਹੋਏ, ਕਿ ਇੰਝ ਲੱਗਣ ਲੱਗ ਪਿਆ ਸੀ ਕਿ ਇਹ ਟੀਮ ਵੀ ਅੰਮ੍ਰਿਤਸਰ ਤੋਂ ਹੀ ਹੈ। ਦਰਸ਼ਕ ਅਜੋਕਾ ਥੀਏਟਰ ਦੇ ਨਾਟਕਾਂ ਦਾ ਚੜ੍ਹਦੇ ਪੰਜਾਬ ਵਿਚ ਹਮੇਸ਼ਾਂ ਇੰਤਜ਼ਾਰ ਕਰਦੇ ਸੀ।

***ਸਵਰਾਜਬੀਰ*** : ਮੰਚ ਰੰਗਮੰਚ ਅਤੇ ਅਜੋਕਾ ਥੀਏਟਰ ਦੀ ਜੁਗਲਬੰਦੀ ਦੇ ਇਤਿਹਾਸਕ ਮਹੱਤਵ ਨੂੰ ਤੁਸੀਂ ਕਿਸ ਤਰ੍ਹਾਂ ਸਮਝਦੇ ਤੇ ਵੇਖਦੇ ਹੋ ?

***ਕੇਵਲ ਧਾਲੀਵਾਲ*** : ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਇਹ ਜੋ ਰੰਗਮੰਚ ਦਾ ਛੇਵਾਂ ਦਰਿਆ ਵਗਣਾ ਸ਼ੁਰੂ ਹੋਇਆ, ਉਸ ਦੀ ਸ਼ੁਰੂਆਤ ਵੀ ਬੜੀ ਡਰਾਮੈਟਿਕ ਹੈ। ਹੋਇਆ ਇੰਝ ਕਿ 1995 ਦਸੰਬਰ ਵਿਚ ਮੇਰੀ ਸ਼ਾਦੀ ਹੋਈ ਤਾਂ ਅਸੀਂ 1996 ਅਪ੍ਰੈਲ-ਮਈ ਵਿਚ ਚੰਡੀਗੜ੍ਹ ਗਏ ਤਾਂ ਅਸੀਂ ਦੋਵੇਂ ਜੀਅ (ਮੈਂ ਤੇ ਮੇਰੀ ਪਤਨੀ ਡਾ: ਅਰਵਿੰਦਰ ਕੌਰ) ਭਾਅ ਜੀ



ਮਦੀਹਾ ਗੌਹਰ ਦੇ ਨਾਲ ਕੇਵਲ ਧਾਲੀਵਾਲ, ਅਰਵਿੰਦਰ ਕੌਰ ਧਾਲੀਵਾਲ
ਤੇ ਮਦੀਹਾ ਗੌਹਰ ਦੇ ਪਤੀ ਸ਼ਾਹਿਦ ਨਦੀਮ



ਕੇਵਲ ਧਾਲੀਵਾਲ ਤੇ ਮਦੀਹਾ ਗੌਹਰ



ਲਾਹੌਰ ਵਿਖੇ ਨਾਟਕ ਦੇਖਦੇ ਹੋਏ ਕੇਵਲ ਧਾਲੀਵਾਲ ਤੇ ਮਦੀਹਾ ਗੌਹਰ




ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਕੇਵਲ ਧਾਲੀਵਾਲ ਦਾ ਸਨਮਾਨ ਕਰਦੇ ਹੋਏ ਸ੍ਰੀ ਕਾਹਨ ਸਿੰਘ ਪੰਨੂ
ਗੁਰਮੀਤ ਬਾਵਾ, ਮਦੀਹਾ ਗੌਹਰ, ਪ੍ਰਮਿੰਦਰਜੀਤ, ਸਵਰਾਜਬੀਰ, ਜਗਦੀਸ਼ ਸਚਦੇਵਾ
ਸਾਹਿਬ ਸਿੰਘ ਤੇ ਕੁਝ ਹੋਰ ਅਦੀਬ



ਮਦੀਹਾ ਗੌਹਰ ਦੀ ਕਬਰ 'ਤੇ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕਰਦੇ ਹੋਏ
ਸ਼ਾਹਿਦ ਨਦੀਮ, ਸਾਹਿਬ ਸਿੰਘ, ਡਾ. ਪਰਮਿੰਦਰ ਸਿੰਘ, ਰਮੇਸ਼ ਯਾਦਵ ਤੇ ਕੇਵਲ ਧਾਲੀਵਾਲ



ਮਦੀਹਾ ਗੌਹਰ ਦੀ ਕਬਰ ਦੇ ਕੋਲ ਕੇਵਲ ਧਾਲੀਵਾਲ


NISHAN SINGH
DA DARWAZA

ਗੁਰਸ਼ਰਨ ਸਿੰਘ ਦੇ ਘਰ ਉਹਨਾਂ ਨੂੰ ਤੇ ਪਰਿਵਾਰ ਨੂੰ ਮਿਲਣ ਗਏ। ਭਾਅ ਜੀ ਨੇ ਅਰਵਿੰਦਰ ਨੂੰ ਪੁੱਛਿਆ ਕਿ ਬੇਟਾ ਤੁਸੀਂ ਕੀ ਕੀ ਪੜ੍ਹੇ ਓ, ਕੀ ਕਰਦੇ ਓ, ਉਸਨੇ ਦੱਸਿਆ ਕਿ ਮੈਂ ਐਮ. ਏ. ਇੰਪੰਜਾਬੀ, ਤੇ ਪੀ. ਐਚ. ਡੀ. ਪ੍ਰਵਾਸੀ ਨਾਟਕ ਤੇ ਰੰਗਮੰਚ ਵਿਸ਼ੇ ਤੇ ਵੀ ਕੀਤੀ ਹੈ ਤੇ ਉਰਦੂ ਤੇ ਫਾਰਸੀ ਦਾ ਡਿਪਲੋਮਾ ਵੀ ਕੀਤਾ ਹੈ। ਭਾਅ ਜੀ ਬੜੇ ਖੁਸ਼ ਹੋਏ ਤੇ ਉਨ੍ਹਾਂ ਨੇ ਸਾਨੂੰ ਸ਼ਗਨ ਵਿਚ ਇਕ ਉਰਦੂ ਦੇ ਨਾਟਕਾਂ ਦੀ ਕਿਤਾਬ ਦਿੱਤੀ "ਖ਼ਸਮਾਂਖਾਣੀਆਂ" ਇਹ ਸ਼ਾਹਿਦ ਨਦੀਮ ਦੇ ਸੱਤ ਨਾਟਕਾਂ ਦੀ ਕਿਤਾਬ ਸੀ, ਜੋ ਸ਼ਾਹਮੁਖੀ ਵਿਚ ਸੀ। ਭਾਅ ਜੀ ਨੇ ਅਰਵਿੰਦਰ ਨੂੰ ਕਿਹਾ ਕਿ 'ਬੇਟਾ ਜੇ ਤੂੰ ਇਹ ਕਿਤਾਬ ਗੁਰਮੁਖੀ ਵਿਚ ਲਿਪੀਆਂਤਰ ਕਰ ਦੇਵੇਂ ਤਾਂ ਛਾਪ ਮੈਂ ਦਿਆਂਗਾ। ਇਹ ਬਹੁਤ ਵਧੀਆ ਨਾਟਕ ਨੇ। ਅਰਵਿੰਦਰ ਨੇ ਕਿਤਾਬ ਲਿਪੀਆਂਤਰ ਵੀ ਕਰ ਦਿੱਤੀ ਤੇ 1997 ਵਿਚ ਛੱਪ ਵੀ ਗਈ। ਅਸੀਂ ਸ਼ਾਹਿਦ ਨਦੀਮ ਦੇ ਲਾਹੌਰ ਵਾਲੇ ਅਡਰੈਸ ਉੱਤੇ ਇਸ ਕਿਤਾਬ (ਗੁਰਮੁੱਖੀ ਵਰਸ਼ਨ) ਦੀਆਂ ਦੋ ਕਾਪੀਆਂ ਲਾਹੌਰ ਭੇਜ ਦਿੱਤੀਆਂ ਤੇ ਨਾਲ ਇਕ ਚਿੱਠੀ ਵੀ ਸ਼ਾਹਮੁਖੀ ਵਿਚ ਅਰਵਿੰਦਰ ਨੇ ਲਿਖ ਦਿੱਤੀ, ' ਕਿ ਸ਼ਾਹਿਦ ਜੀ ਇਕ ਕਿਤਾਬ ਤੁਹਾਡੇ ਲਈ ਤੇ ਦੂਜੀ ਕਾਪੀ ਲਾਹੌਰ ਵਿਚ ਇਕ ਔਰਤ ਮਦੀਹਾ ਗੌਹਰ ਰਹਿੰਦੀ ਹੈ, ਜੋ ਥੀਏਟਰ ਕਰਦੀ ਹੈ, ਉਸ ਤੱਕ ਪਹੁੰਚਾ ਦੇਣਾ (ਉਦੋਂ ਤੱਕ ਸਾਨੂੰ ਪਤਾ ਹੀ ਨਹੀਂ ਸੀ ਕਿ ਮਦੀਹਾ ਤੇ ਸ਼ਾਹਿਦ ਦੋਵੇਂ ਮੀਆਂ ਬੀਵੀ ਨੇ) ਸ਼ਾਹਿਦ ਜੀ ਦਾ ਫੋਨ ਆਇਆ, ਉਨ੍ਹਾਂ ਕਿਤਾਬ ਲਈ ਧੰਨਵਾਦ ਵੀ ਕੀਤਾ ਤੇ ਨਾਲ ਇਹ ਵੀ ਦੱਸਿਆ ਕਿ ਮਦੀਹਾ ਮੇਰੇ ਘਰ ਵਿਚ ਹੀ ਰਹਿੰਦੀ ਹੈ ਤੇ ਅਸੀਂ ਮੀਆਂ-ਬੀਵੀ ਹਾਂ'। ਸੋ ਮੰਚ-ਰੰਗਮੰਚ ਤੇ ਅਜੋਕਾ ਦੀ ਜੁਗਲਬੰਦੀ ਦਾ ਮੁੱਢ ਇਸ ਨਾਟਕਾਂ ਵਾਲੀ ਕਿਤਾਬ ਤੋਂ ਬੱਝਾ , ਜੋ ਸ਼ਾਹਮੁਖੀ ਵਿਚ ਵੀ ਹੈ ਤੇ ਗੁਰਮੁਖੀ ਵਿਚ ਵੀ। ਇਸ ਤੋਂ ਬਾਅਦ ਲਗਭਗ ਸ਼ਾਹਿਦ ਨਦੀਮ ਦੇ 15 ਨਾਟਕ ਸ਼ਾਹਮੁਖੀ ਤੇ ਉਰਦੂ ਤੋਂ ਗੁਰਮੁਖੀ ਵਿਚ ਅਰਵਿੰਦਰ ਕੌਰ ਧਾਲੀਵਾਲ ਨੇ ਅਨੁਵਾਦ ਕੀਤੇ ਤੇ ਉਨ੍ਹਾਂ ਨਾਟਕਾਂ ਨੂੰ ਪੰਜ ਕਿਤਾਬਾਂ 'ਖਸਮਾਂਖਾਣੀਆਂ', 'ਬੁੱਲ੍ਹਾ', 'ਤੀਸਰੀ ਦਸਤਕ' 'ਬਾਰਡਰ ਬਾਰਡਰ' ਅਤੇ 'ਦੁੱਖਦਰਿਆਂ' ਵਿਚ ਸੰਭਾਲਿਆ। ਫੇਰ ਸ਼ਾਹਿਦ ਤੇ ਮਦੀਹਾ ਦਾ ਅੰਮ੍ਰਿਤਸਰ ਆਉਣਾ, 'ਬੁੱਲ੍ਹਾ' ਨਾਟਕ ਦੀ ਅੰਮ੍ਰਿਤਸਰ ਫੇਰੀ, ਫੇਰ 'ਲੂਣਾ' ਦੀ ਮੰਚ-ਰੰਗਮੰਚ ਵਲੋਂ ਲਾਹੌਰ 'ਚ ਪੇਸ਼ਕਾਰੀ। ਪਰ ਮੰਚ-ਰੰਗਮੰਚ ਤੇ ਅਜੋਕਾ ਦੀ ਸਾਂਝ ਉਦੋਂ ਹੋਰ ਪਕੇਰੀ ਹੋ ਗਈ ਜਦੋਂ ਮੰਚ-ਰੰਗਮੰਚ ਵਲੋਂ ਅਯੋਜਿਤ ਜੂਨ ਮਹੀਨੇ ਦੀਆਂ ਥੀਏਟਰ ਵਰਕਸ਼ਾਪਾਂ ਵਿਚ 2004 ਤੋਂ ਲਗਾਤਾਰ ਹਰ ਸਾਲ ਜੂਨ ਮਹੀਨੇ ਵਿਚ ਮਦੀਹਾ ਆਪਣੇ ਅਜੋਕਾ ਦੇ ਕਲਾਕਾਰਾਂ ਨੂੰ ਮੇਰੇ ਕੋਲ ਥੀਏਟਰ ਟਰੇਨਿੰਗ ਲਈ ਭੇਜਦੀ ਰਹੀ। ਮਦੀਹਾ ਦਾ ਵੱਡਾ ਬੇਟਾ 'ਨਿਰਵਾਣ ਨਦੀਮ' ਵੀ ਟਰੇਨਿੰਗ ਲਈ ਮੇਰੇ ਕੋਲ ਆਉਂਦਾ ਰਿਹਾ ਹੈ। ਇਸ ਸਾਂਝ ਵਿਚ ਲਾਹੌਰ ਵਿਖੇ ਜਾ ਕੇ ਨਾਟਕ 'ਸ਼ਾਇਰੀ' ਤਿਆਰ ਕਰਵਾਉਣਾ ਵੀ ਬਹੁਤ ਵੱਡੀ ਘਟਨਾ ਹੈ, ਨਿਰਦੇਸ਼ਕ ਤੇ ਨਾਟਕਕਾਰ ਚੜ੍ਹਦੇ ਪੰਜਾਬ ਦੇ ਸਨ, ਪ੍ਰਡਿਊਸਰ ਤੇ ਅਦਾਕਾਰ ਲਹਿੰਦੇ ਪੰਜਾਬ ਦੇ ਸਨ। ਤੇ ਨਾਟਕ ਦੀ ਕਹਾਣੀ ਸਾਂਝੇ ਪੰਜਾਬ ਦੀ ਕਹਾਣੀ ਸੀ, ਦਲਿਤ ਔਰਤ ਦੀ ਕਹਾਣੀ ਸੀ, ਸ਼ਾਇਰੀ ਦੀ ਕਹਾਣੀ ਸੀ। ਇਹ ਸਾਂਝ ਉਦੋਂ ਹੋਰ ਵੱਡੀ ਹੋ ਗਈ ਜਦੋਂ ਮੈਂ ਦੋਵ੍ਹਾਂ ਪੰਜਾਬਾਂ ਦੇ 40 ਕਲਾਕਾਰਾਂ ਨਾਲ (20 ਲਾਹੌਰ ਤੋਂ 20 ਅੰਮ੍ਰਿਤਸਰ ਤੋਂ) ਅੰਮ੍ਰਿਤਸਰ ਵਿਚ ਨਾਟਕ 'ਯਾਤਰਾ 1947' ਤਿਆਰ ਕੀਤਾ, ਇਸ ਨਾਟਕ ਵਿਚ ਦੋਵ੍ਹਾਂ ਮੁਲਕਾਂ ਦੇ ਲਗਭਗ 40 ਕਵੀਆਂ ਦੀਆਂ ਕਵਿਤਾਵਾਂ ਵੀ ਸ਼ਾਮਿਲ ਸਨ, ਜੋ 1947 ਦੇ ਉਜਾੜੇ ਨਾਲ ਸਬੰਧਿਤ ਸਨ। ਇਸ ਨਾਟਕ ਦੀ ਪੇਸ਼ਕਾਰੀ ਵੀ ਦੋਵ੍ਹਾਂ ਪੰਜਾਬਾਂ ਵਿਚ ਕੀਤੀ ਗਈ ਸੀ। ਮੰਚ-ਰੰਗਮੰਚ ਵਲੋਂ ਅਯੋਜਿਤ ਇਸ ਵਰਕਸ਼ਾਪ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਇਹ ਸੀ ਕਿ ਸ਼ੁਰੂ-ਸ਼ੁਰੂ ਵਿਚ ਜਿਹੜੇ ਅਦਾਕਾਰ ਲਹਿੰਦੇ ਪੰਜਾਬ 'ਚੋਂ ਟਰੇਨਿੰਗ ਲਈ ਅੰਮ੍ਰਿਤਸਰ ਆਉਂਦੇ ਸੀ, ਉਹ ਪਹਿਲਾਂ ਤੇ ਹੋਟਲਾਂ ਜਾਂ ਹੋਸਟਲਾਂ 'ਚ ਰਹਿਣਾ ਪਸੰਦ ਕਰਦੇ ਸੀ, ਪਰ ਹੌਲੀ-ਹੌਲੀ ਉਨ੍ਹਾਂ ਦੇ ਏਨੇ ਨੌਜਵਾਨ ਦੋਸਤ ਬਣ ਗਏ ਕਿ ਉਹ ਅੰਮ੍ਰਿਤਸਰ ਆ ਕੇ ਉਨ੍ਹਾਂ ਦੇ ਘਰਾਂ ਵਿਚ ਰਹਿੰਦੇ ਸਨ ਤੇ ਉਥੇ ਹੀ ਖਾਣਾ ਖਾਂਦੇ ਸਨ। ਮੰਚ-ਰੰਗਮੰਚ ਤੇ ਅਜੋਕਾ ਥੀਏਟਰ ਦੀ ਇਸ ਜੁਗਲਬੰਦੀ ਨੇ ਰੰਗਮੰਚ ਦੇ ਰਾਹੀਂ ਦੋਵ੍ਹਾਂ ਮੁਲਕਾਂ ਦੇ ਨੌਜਵਾਨਾਂ ਅੰਦਰ ਅਮਨ ਤੇ ਦੋਸਤੀ ਦੀ ਗੱਲ ਛੇੜੀ ਹੈ। ਦੋਵ੍ਹਾਂ ਮੁਲਕਾਂ ਦੇ ਲੋਕਾਂ ਨੂੰ ਮੰਚ-ਰੰਗਮੰਚ ਤੇ ਅਜੋਕਾ ਥੀਏਟਰ ਦੀਆਂ ਪੇਸ਼ਕਾਰੀਆਂ ਰਾਹੀਂ ਪਤਾ ਲਗਾ ਕਿ ਸਾਡੇ ਦੁੱਖ-ਸੁੱਖ ਇਕੋ ਜਿਹੇ ਨੇ, ਸਾਨੂੰ ਹਥਿਆਰਾਂ ਦੀ ਲੋੜ ਨਹੀਂ, ਸਾਨੂੰ ਅਮਨ ਤੇ ਦੋਸਤੀ ਦੀ ਲੋੜ ਹੈ, ਦੋਵ੍ਹਾਂ ਮੁਲਕਾਂ ਦੇ ਲੋਕਾਂ ਨੂੰ ਗੁਰਬਤ 'ਚੋਂ ਕੱਢਣ ਦੀ ਲੋੜ ਹੈ।

***ਸਵਰਾਜਬੀਰ*** : ਮਦੀਹਾ ਗੌਹਰ ਦਾ ਨਾਟਕ ਲਹਿੰਦੇ ਪੰਜਾਬੀਆਂ ਵਿਚਲੇ ਮੂਲਵਾਦੀਆਂ ਦੇ ਵਿਰੋਧ ਵਿਚ ਖੜ੍ਹਾ ਸੀ। ਇਸ ਬਾਰੇ ਤੁਹਾਡੇ ਕੀ ਵਿਚਾਰ ਹਨ ?

***ਕੇਵਲ ਧਾਲੀਵਾਲ*** : ਮਦੀਹਾ ਨੇ ਆਪਣੀ ਪੜ੍ਹਾਈ ਦੌਰਾਨ ਹੀ ਔਰਤਾਂ ਦੇ ਹੱਕਾਂ ਵਿਚ ਨਿਕਲਣ ਵਾਲੇ ਜਲੂਸਾਂ ਦੀ ਅਗਵਾਈ ਕੀਤੀ, ਪੁਲਿਸ ਕੋਲੋਂ ਲਾਠੀਆਂ ਵੀ ਖਾਧੀਆਂ ਤੇ ਦੋ-ਦੋ , ਤਿੰਨ-ਤਿੰਨ ਹਫ਼ਤਿਆਂ ਲਈ ਆਪਣੀਆਂ ਸਾਥਣਾਂ ਸਮੇਤ ਜੇਲ੍ਹ ਵੀ ਗਈ, ਉਨ੍ਹਾਂ ਸਾਥਣਾਂ ਵਿਚ ਆਸਮਾਂ ਜਹਾਂਗੀਰ ਵੀ ਸੀ। ਇਸ ਵਿਚ ਕੋਈ ਸ਼ੱਕ ਨਹੀਂ , ਕਿ ਮਦੀਹਾ ਨੇ ਲਹਿੰਦੇ ਪੰਜਾਬ ਦੇ ਮੂਲਵਾਦੀਆਂ ਨੂੰ ਆਪਣੇ ਨਾਟਕਾਂ 'ਬੁਰਕਾ ਵਗੈਂਜਾ' ਅਤੇ 'ਲੋ ਫਿਰ ਬਸੰਤ ਆਈ' ਰਾਹੀਂ

ਸਿੱਧੇ ਤੌਰ 'ਤੇ ਵੰਗਾਰਿਆ। ਉਸਦਾ ਨਾਟਕ 'ਬੁਰਕਾ ਵਗੈਂਜਾ' ਜਦੋਂ ਮੂਲਵਾਦੀਆਂ ਵਲੋਂ ਬੈਨ ਕੀਤਾ ਗਿਆ ਤਾਂ ਉਸਨੇ ਅਖ਼ਬਾਰਾਂ ਰਾਹੀਂ ਵੀ ਵਿਰੋਧ ਕੀਤਾ ਤੇ ਫੇਰ ਅਲਹਮਰਾ ਆਡੀਟੋਰੀਅਮ ਵਿਚ ਜਾਕੇ ਨਾਟਕ 'ਬੁਰਕਾ ਵਗੈਂਜਾ' ਦੀ ਪੇਸ਼ਕਾਰੀ ਵੀ ਕੀਤੀ। ਦਰਅਸਲ ਮੂਲਵਾਦੀ ਲੋਕ, ਖ਼ਾਸ ਤੌਰ 'ਤੇ ਲਹਿੰਦੇ ਪੰਜਾਬ ਵਿਚ ਜਿਸ ਤਰ੍ਹਾਂ ਔਰਤ ਨੂੰ ਦਬਾਉਣਾ ਚਾਹੁੰਦੇ, ਉਸਨੂੰ ਲੁਕਾਉਣਾ ਚਾਹੁੰਦੇ ਨੇ, ਔਰਤ ਦੇ ਹੱਕਾਂ ਦੀ ਆਵਾਜ਼ ਨੂੰ ਘੁੱਟਣਾ ਚਾਹੁੰਦੇ ਨੇ, ਇਸੇ ਲਈ ਮਦੀਹਾ ਦੀ ਆਵਾਜ਼ ਔਰਤਾਂ ਦੇ ਹੱਕ ਵਿਚ ਖੜ੍ਹਦੀ ਹੈ ਤੇ ਮੂਲਵਾਦੀਆਂ ਦੇ ਖ਼ਿਲਾਫ਼ ਉਠਦੀ ਹੈ। ਕਿਉਂਕਿ ਮੂਲਵਾਦੀਆਂ ਦੀ ਹਰ ਬੰਦਿਸ ਔਰਤ ਵਾਸਤੇ ਹੈ। ਬੇਸਿਕਲੀ ਔਰਤ ਦੇ ਖ਼ਿਲਾਫ਼ ਇਹ ਇਕ ਵਰਤਾਰਾ ਹੈ, ਜੋ ਮੂਲਵਾਦੀ ਤਾਕਤਾਂ ਕਿਸੇ ਨਾ ਕਿਸੇ ਬਹਾਨੇ ਸਾਜਿਸ਼ ਨਾਲ ਜਾਂ ਕਾਨੂੰਨੀ ਬਹਾਨੇ ਨਾਲ ਲੈ ਕੇ ਆਉਂਦੇ ਨੇ। ਜਦੋਂ ਮੂਲਵਾਦੀ ਲੋਕ ਬਸੰਤ ਦੇ ਰੰਗਾਂ ਨੂੰ ਵੀ ਬੈਨ ਕਰਦੇ ਨੇ, ਤਾਂ ਉਸ ਵੇਲੇ ਮਦੀਹਾ ਫਿਰ ਨਾਟਕ ਖੇਡਦੀ ਹੈ 'ਲੋ ਫਿਰ ਬਸੰਤ ਆਈ'। ਸ਼ਾਹਿਦ ਨਦੀਮ ਵਲੋਂ ਲਿਖੇ ਤੇ ਮਦੀਹਾ ਗੌਹਰ ਵਲੋਂ ਨਿਰਦੇਸ਼ਤ ਇਹਨਾਂ ਸਾਰੇ ਨਾਟਕਾਂ ਵਿਚ ਉਹ ਮੂਲਵਾਦੀਆਂ, ਕੱਟੜਪੰਥੀਆਂ ਦਾ ਰੱਜਕੇ ਮਜ਼ਾਕ ਉਡਾਉਂਦੇ ਨੇ, ਤੇ ਕਮਾਲ ਦੀ ਗੱਲ ਹੈ ਕਿ ਦਰਸ਼ਕ ਵੀ ਇਹਨਾਂ ਨਾਟਕਾਂ ਨੂੰ ਭਰਵਾਂ ਹੁੰਗਾਰਾ ਦਿੰਦੇ ਨੇ।

***ਸਵਰਾਜਬੀਰ*** : ਮਦੀਹਾ ਗੌਹਰ ਨਾਲ ਅਪਣੀ ਕਿਹੋ ਸਾਂਝ ਬਾਰੇ ਤੇ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੁੱਝ ਸ਼ਬਦ।

***ਕੇਵਲ ਧਾਲੀਵਾਲ*** : ਮਦੀਹਾ ਗੌਹਰ ਮੇਰੇ ਲਈ ਮੇਰੇ ਪਰਿਵਾਰ ਦਾ ਹਿੱਸਾ ਸੀ, ਉਹ 2003 'ਚ ਨਾਟਕ "ਬੁੱਲ੍ਹਾ" ਲੈ ਕੇ ਭਾਰਤ ਆਈ ਤਾਂ ਇੰਝ ਲੱਗਾ ਕਿ ਜਿਵੇਂ ਦੋਵ੍ਹਾਂ ਮੁਲਕਾਂ ਵਿਚ ਠੰਡੀ ਹਵਾ ਦਾ ਬੁੱਲਾ ਵਗਿਆ ਹੋਵੇ ਤੇ ਫੇਰ ਦੋਵ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਲਾਹੌਰ-ਅੰਮ੍ਰਿਤਸਰ ਵਿਚਾਲੇ ਬੱਸਾਂ ਵੀ ਚਲਾ ਦਿੱਤੀਆਂ, ਤੇ ਦੋਨਾਂ ਮੁਲਕਾਂ ਵਿਚ ਅਮਨ ਤੇ ਦੋਸਤੀ ਦੀਆਂ ਗੱਲਾਂ ਹੋਣ ਲੱਗੀਆਂ। ਮਦੀਹਾ ਨਿੱਤ ਨਵਾਂ ਨਾਟਕ ਕਰਨ ਨੂੰ ਕਾਹਲੀ ਹੁੰਦੀ ਸੀ, ਉਸਨੂੰ 1947 ਦੀ ਵੰਡ ਦਾ ਬਹੁੱਤ ਦੁਖ ਸੀ, ਉਸਦੀ ਆਖਰੀ ਫੇਰੀ ਦਸੰਬਰ 2017 ਦੀ ਅੰਮ੍ਰਿਤਸਰ ਦੀ ਹੈ, ਉਹ ਆਈ ਤੇ ਪਾਰਟੀਸ਼ਨ ਮਿਊਜ਼ਮ ਵਿਚ ਬੈਠਕੇ ਧਾਹਾਂ ਮਾਰ-ਮਾਰ ਕੇ ਰੋਈ। ਉਹ ਹਰ ਇਕ ਲਈ ਚੰਗੀ ਦੋਸਤ, ਬਹੁਤ ਸਾਰਿਆਂ ਦੀ ਭੈਣ ਤੇ ਸਭ ਤੋਂ ਵੱਧ ਉਹ ਬੇਹੱਦ ਮਿਲਾਪੜੀ ਇਕ ਚੰਗੀ ਇਨਸਾਨ ਸੀ। ਉਹ ਨਿਤ ਨਵੇਂ ਰੰਗਮੰਚ ਦੇ ਮੇਲੇ ਲਾਉਣ ਲਈ ਉਤਸੁਕ ਰਹਿੰਦੀ। ਉਸਨੇ ਹਿੰਦ-ਪਾਕਿ ਮਿੱਤਰਤਾ ਲਈ ਦੋਵ੍ਹਾਂ ਮੁਲਕਾਂ ਦੀਆਂ ਟੀਮਾਂ ਨੂੰ ਲਾਹੌਰ ਬੁਲਾ-ਬੁਲਾ ਕੇ ਕਦੇ 'ਪੰਜ ਪਾਣੀ ਥੀਏਟਰ ਫੈਸਟੀਵਲ', ਕਦੇ 'ਹਮਸਾਇਆ ਥੀਏਟਰ ਫੈਸਟੀਵਲ', ਕਦੇ 'ਜਨਾਨੀ ਥੀਏਟਰ ਫੈਸਟੀਵਲ, ਕਦੇ 'ਮਿੱਤਰਤਾ ਥੀਏਟਰ ਫੈਸਟੀਵਲ', ਤੇ ਕਦੇ 'ਅਮਨ ਥੀਏਟਰ ਫੈਸਟੀਵਲ ਕੀਤੇ। ਉਸਨੇ ਆਪਣੇ ਨਾਟਕਾਂ ਦੇ ਮੇਲੇ 'ਇਧਰਲੇ ਪਾਸੇ ਭਾਰਤ ਵਿਚ ਵੀ ਵਾਰ-ਵਾਰ ਕੀਤੇ। ਉਹ ਅਮਨ ਤੇ ਦੋਸਤੀ ਦੀ ਗੱਲ ਕਦੇ ਰੰਗਮੰਚ ਰਾਹੀਂ, ਤੇ ਕਦੇ ਸੈਮੀਨਾਰ ਰਾਹੀਂ ਤੇ ਕਦੇ ਇੰਟਰਵਿਊ ਰਾਹੀਂ ਕਰਦੀ। ਨਿਤ ਨਵਾਂ ਰੰਗਮੰਚ ਦਾ ਸੰਵਾਦ ਰਚਾਉਂਦੀ ਸੀ। ਉਹ ਏਨਾਂ ਕੁ ਅੰਮ੍ਰਿਤਸਰ ਆਉਂਦੀ ਸੀ ਕਿ ਅਸੀਂ ਹੱਸਕੇ ਕਹਿਣਾ ਕਿ ਹੁਣ ਅੰਮ੍ਰਿਤਸਰ ਨੂੰ ਵੀ ਮਦੀਹਾ ਦੇ ਆਉਣ ਦੀ ਇੰਤਜ਼ਾਰ ਰਹਿੰਦੀ ਹੈ। ਦੋਵ੍ਹਾਂ ਮੁਲਕਾਂ ਦੇ ਕਲਾਕਾਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠਿਆਂ ਕਰਨ ਲਈ ਉਸਨੇ ਸੰਸਥਾ ਬਣਾਈ "ਆਪਾਂ" (ਆਲ ਪ੍ਰਫਾਰਮਿੰਗ ਆਰਟਿਸਟ ਨੈਟਵਰਕ) ਤੇ ਇਸ ਸੰਸਥਾ ਦੇ ਬੈਨਰ ਹੇਠ ਅਸੀਂ ਮਿਲਕੇ 'ਪੰਜ ਵਰਕਸ਼ਾਪ', 'ਸੈਮੀਨਾਰ' ਅਤੇ ਨਾਟਕ 'ਸ਼ਾਇਰੀ' ਤੇ 'ਯਾਤਰਾ 1947' ਵੀ ਮਿਲਕੇ ਖੇਡੇ।

***ਸਵਰਾਜਬੀਰ*** : ਮਦੀਹਾ ਗੌਹਰ ਹੋਰਾਂ ਰਾਹੀਂ ਤੁਸੀਂ ਗੁਲਾਬਦਾਸ ਤੇ ਪੀਰੋ ਦੀ ਕਰਮ ਭੂਮੀ ਚਠਿਆਂ ਵਾਲੇ ਵੀ ਗਏ। ਮਦੀਹਾ ਹੋਰਾਂ ਦਾ ਤੁਹਾਨੂੰ ਪੀਰੋ ਦੀ ਕਰਮ ਭੂਮੀ ਭੇਜਣਾ ਪੰਜਾਬੀ ਰੰਗਮੰਚ ਨਾਲ ਜੁੜੀ ਇਕ ਔਰਤ ਦਾ ਪੰਜਾਬੀ ਸ਼ਾਇਰੀ ਨਾਲ ਜੁੜੀ ਆਪਣੀ ਸਦੀਆਂ ਪੁਰਾਣੀ ਭੈਣ ਪ੍ਰਤੀ ਅਕੀਦਤ ਦਾ ਪ੍ਰਗਟਾਵਾ ਸੀ। ਇਹ ਆਪਣੀਆਂ ਯਾਦਾਂ ਸਾਡੇ ਨਾਲ ਸਾਂਝੀਆਂ ਕਰੋ।

***ਕੇਵਲ ਧਾਲੀਵਾਲ*** : 'ਸ਼ਾਇਰੀ' ਨਾਟਕ ਦੀ ਲਾਹੌਰ ਵਿਚ ਪੇਸ਼ਕਾਰੀ ਤੇ ਮੇਰਾ 'ਚੱਠਿਆਂ ਵਾਲੇ' ਜਾਣਾ ਬਹੁਤ ਅਦਭੁੱਤ ਤੇ ਦਿਲ ਨੂੰ ਸਕੂਨ ਦੇਣ ਵਾਲੀਆਂ ਘਟਨਾਵਾਂ ਸਨ। ਮਦੀਹਾ ਦੀ ਇਹ ਖ਼ੂਬੀ ਸੀ, ਕਿ ਉਹ ਔਰਤ ਦੇ ਦਰਦ ਬਾਰੇ , ਤੇ ਖਾਸ ਤੌਰ 'ਤੇ ਅਜਿਹੀ ਕੋਈ ਵੀ ਘਟਨਾ, ਜੋ ਦੋਵ੍ਹਾਂ ਮੁਲਕਾਂ ਵਿਚ ਸਾਂਝ ਰੱਖਦੀ ਹੋਵੇ, ਉਹਦੇ ਬਾਰੇ ਉਹ ਨਾਟਕ ਰਾਹੀਂ ਦਰਸ਼ਕਾਂ ਨੂੰ ਦੱਸਣਾ ਚਾਹੁੰਦੀ ਸੀ। 'ਸ਼ਾਇਰੀ' ਨਾਟਕ ਦੇ ਚੜ੍ਹਦੇ ਪੰਜਾਬ ਵਿਚ ਮੈਂ ਕਈ ਸ਼ੋਅ ਕਰ ਚੁੱਕਾ ਸੀ, ਫੇਰ ਜਦੋਂ ਇਹ ਨਾਟਕ ਪੁਸਤਕ ਰੂਪ 'ਚ ਛੱਪਿਆ ਤਾਂ 'ਸ਼ਾਇਰੀ' ਨਾਟਕ ਦੀ ਕਿਤਾਬ ਜਦੋਂ ਅਸੀਂ ਅੰਮ੍ਰਿਤਸਰ ਆਰਟ ਗੈਲਰੀ ਵਿਖੇ ਰੀਲੀਜ਼ ਕੀਤੀ ਤਾਂ ਉਸ ਵੇਲੇ ਪਾਕਿਸਤਾਨ ਤੋਂ ਮਦੀਹਾ ਗੌਹਰ ਵੀ ਆਈ ਹੋਈ ਸੀ, ਮੈਂ ਉਸਨੂੰ ਕਿਤਾਬ ਰੀਲੀਜ਼ ਵਾਲੀ ਜਗ੍ਹਾ ਤੇ ਲੈ ਕੇ ਗਿਆ, ਉਥੇ ਮੇਰੇ ਕਲਾਕਾਰਾਂ ਨੇ ਨਾਟਕ ਵਿਚਲੇ ਗੀਤ ਵੀ ਕੋਰਸ ਰੂਪ ਵਿਚ ਗਾਕੇ ਸੁਣਾਏ ਸੀ। ਉਹ ਨਾਟਕ ਦੀ ਕਹਾਣੀ ਸੁਣਕੇ ਏਨੀ ਪ੍ਰਭਾਵਿਤ ਹੋਈ ਕਿ ਉਸਨੇ ਤੁਰੰਤ ਮੈਨੂੰ ਪਾਕਿਸਤਾਨ ਬੁਲਾਕੇ ਆਪਣੀ ਟੀਮ

ਨਾਲ 'ਸ਼ਾਇਰੀ' ਨਾਟਕ ਤਿਆਰ ਕਰਨ ਦਾ ਸੱਦਾ ਦੇ ਦਿੱਤਾ। ਮੈਂ ਤੁਰੰਤ ਵੀਜ਼ਾ ਲੈ ਕੇ 15 ਦਿਨਾਂ ਲਈ ਪਾਕਿਸਤਾਨ ਪਹੁੰਚਿਆ, ਉਹਨਾਂ ਨੇ ਸਕਰਿਪਟ ਪਹਿਲਾਂ ਹੀ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਕਰ ਲਈ ਸੀ। ਮੈਂ ਪੰਦਰਾਂ ਦਿਨਾਂ ਵਿਚ, ਉਸੇ ਅੰਦਾਜ਼ ਵਿਚ ਇਹ ਨਾਟਕ ਅਜੋਕਾ ਥੀਏਟਰ ਲਾਹੌਰ ਦੇ ਕਲਾਕਾਰਾਂ ਨਾਲ ਵਰਕਸ਼ਾਪ ਲਾਕੇ ਤਿਆਰ ਕੀਤਾ। ਇਸਦੇ ਚਾਰ ਸ਼ੋਅ ਅਲਹਮਰਾ ਦੇ ਹਾਲ ਨੰ: 2 ਵਿਚ ਕੀਤੇ। ਦਰਸ਼ਕਾਂ ਤੇ ਪ੍ਰੈਸ ਮੀਡੀਆ ਨੇ ਇਸਦੀ ਬਹੁਤ ਹੀ ਖ਼ੂਬਸੂਰਤ ਚਰਚਾ ਵੀ ਕੀਤੀ। ਪਰ ਇਸ ਸਫ਼ਰ ਦੌਰਾਨ ਖ਼ੂਬਸੂਰਤ ਪਲ ਉਹ ਸੀ ਜਦੋਂ ਮੈਂ ਕਸੂਰ ਸ਼ਹਿਰ ਨੇੜੇ ਗੁਲਾਬ ਦਾਸ ਦਾ ਡੇਰਾ ਚਠਿਆਂ ਵਾਲਾ ਪਿੰਡ ਲੱਭਣ ਵਿਚ ਕਾਮਯਾਬ ਹੋ ਗਿਆ। ਮੈਂ ਤੇ ਮੇਰੀ ਪਤਨੀ ਅਤੇ ਦੋ ਕੁ ਹੋਰ ਦੋਸਤਾਂ ਨਾਲ ਪਿੰਡ ਵਿਚ ਪਹੁੰਚੇ, ਪਿੰਡ ਦੀ ਸਥ 'ਚ ਬੈਠੇ ਬਜ਼ੁਰਗਾਂ ਨੇ ਸਾਨੂੰ ਗੁੜ ਦੀ ਸ਼ਿਕੰਜਵੀ ਵੀ ਪਿਆਈ ਤੇ ਫੇਰ ਉਹ ਡੇਰੇ ਵਾਲੀ ਜਗ੍ਹਾ ਵੀ ਵੇਖੀ, ਥੇਹ ਹੋ ਚੁੱਕਾ ਗੁਲਾਬ ਦਾਸ ਦਾ ਡੇਰਾ ਹੁਣ ਖੰਡਰ ਦਾ ਰੂਪ ਲੈ ਚੁੱਕਾ ਸੀ, ਇਕ ਉੱਚਾ ਲੰਮਾ ਬੁਰਜ ਜ਼ਰੂਰ ਬਚਿਆ ਸੀ, ਪਰ ਉਸ ਵਿਚ ਵੀ ਡੰਗਰ ਤੁਰੇ ਫਿਰਦੇ ਸਨ, ਪਿੰਡ ਦੇ ਇਕ ਪਚਾਨਵੇਂ ਕੁ ਸਾਲ ਦੇ ਬਜ਼ੁਰਗ ਨੇ ਦੱਸਿਆ ਕਿ 47 ਤੋਂ ਪਹਿਲਾਂ ਇਥੇ ਹੋਲਾ ਮਹੱਲਾ ਮਨਾਇਆ ਜਾਂਦਾ ਸੀ, ਨੌਂ ਹੋਲੀਆਂ ਤੇ ਦਸਵਾਂ ਹੋਲਾ, ਫੇਰ ਲੋਕ ਇਥੋਂ ਹੀ ਨਰਸਿੰਘੇ ਵਜਾਉਂਦੇ ਸਿੰਧ ਵੱਲ ਜਾਂਦੇ ਸਨ। ਇਹ ਸਭ ਸੁਣਾਉਂਦਿਆਂ ਉਸ ਬਜ਼ੁਰਗ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ ਕਿ "ਜੇ ਇਹ ਉਜਾੜਾ ਨਾ ਹੁੰਦਾ ਤਾਂ ਇਹ ਪਿੰਡ ਵੱਡੇ ਦਾਨਿਸ਼ਵਰਾਂ ਦਾ ਗੜ੍ਹ ਹੋਣਾ ਸੀ।" ਚੱਠਿਆਂ ਵਾਲੇ ਦੇ ਸਫ਼ਰ ਦੀ ਕਹਾਣੀ ਮੈਂ ਉਸੇ ਸ਼ਾਮ ਲਾਹੌਰ ਵਿਖੇ ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਦਰਸ਼ਕਾਂ ਨਾਲ ਵੀ ਸਾਂਝੀ ਕੀਤੀ, ਤੇ ਜਦੋਂ ਮੈਂ ਦਰਸ਼ਕਾਂ ਨੂੰ ਦੱਸਿਆ ਕਿ ਇਸ ਮਹਾਨ ਸ਼ਾਇਰਾ ਪੀਰੋ ਦੀ ਕਰਮ ਭੂਮੀ ਚੱਠਿਆਂ ਵਾਲੇ ਦੇ ਡੇਰੇ ਤੇ ਹੁਣ ਡੰਗਰ ਬੱਝੇ ਨੇ, ਕਿਸੇ ਨੇ ਵੀ ਉਸਦੀ ਸਾਂਭ ਸੰਭਾਲ ਨਹੀਂ ਕੀਤੀ, ਤਾਂ ਦਰਸ਼ਕਾਂ ਨੇ ਸ਼ੇਮ-ਸ਼ੇਮ ਕਹਿਕੇ ਸਰਕਾਰ ਨੂੰ ਲਾਹਨਤ ਵੀ ਪਾਈ।

***ਸਵਰਾਜਬੀਰ*** : ਚੜ੍ਹਦੇ ਪੰਜਾਬ ਨੇ ਮਦੀਹਾ ਗੌਹਰ ਦੇ ਨਾਟਕ ਨੂੰ ਕਿਵੇਂ ਹੁੰਗਾਰਾ ਦਿੱਤਾ ?

***ਕੇਵਲ ਧਾਲੀਵਾਲ*** : ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਚੜ੍ਹਦੇ ਪੰਜਾਬ ਵਿਚ ਮਦੀਹਾ ਗੌਹਰ ਦੇ ਨਾਟਕਾਂ ਦਾ ਲੋਕ ਬੇਸਬਰੀ ਇੰਤਜ਼ਾਰ ਕਰਦੇ ਸੀ, ਲੋਕਾਂ ਨੇ ਏਨਾਂ ਭਰਵਾਂ ਹੁੰਗਾਰਾ ਦਿੱਤਾ ਕਿ ਮਦੀਹਾ ਕਈ ਵਾਰੀ ਸਾਲ ਵਿਚ ਚਾਰ-ਚਾਰ , ਪੰਜ-ਪੰਜ ਵਾਰ ਨਾਟਕ ਲੈ ਕੇ ਆਉਂਦੀ ਤੇ ਲੋਕ ਮਹਿੰਗੀ ਤੋਂ ਮਹਿੰਗੀ ਟਿਕਟ ਲੈ ਕੇ ਵੀ ਨਾਟਕ ਦੇਖਣ ਨੂੰ ਤਿਆਰ ਰਹਿੰਦੇ। ਚੜ੍ਹਦੇ ਪੰਜਾਬ ਵਿਚ ਉਸਦੇ ਨਾਟਕ ਪ੍ਰੀਤ ਨਗਰ ਦੀ ਸਟੇਜ 'ਤੇ ਵੀ ਹੋਏ, ਪੰਜਾਬ ਨਾਟਸ਼ਾਲਾ 'ਚ ਵੀ ਹੋਏ, ਵਿਰਸਾ ਵਿਹਾਰ ਅੰਮ੍ਰਿਤਸਰ, ਗੁਰੂ ਨਾਨਕ ਭਵਨ, ਗਾਂਧੀ ਗਰਾਊਂਡ, ਤੇ ਆਰਟ ਗੈਲਰੀ ਵਿਚ ਵੀ ਹੁੰਦੇ ਰਹੇ। ਅੰਮ੍ਰਿਤਸਰ ਦੇ ਤਕਰੀਬਨ ਹਰ ਆਡੀਟੋਰੀਅਮ ਵਿਚ ਉਸਦੇ ਨਾਟਕਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਦਰਸ਼ਕ ਮਦੀਹਾ ਗੌਹਰ ਦੀ 25-30 ਕਲਾਕਾਰਾਂ ਦੀ ਟੀਮ ਨੂੰ ਆਪਣੇ ਘਰਾਂ ਵਿਚ, ਹੋਟਲਾਂ ਵਿਚ, ਡਿਨਰ ਵਾਸਤੇ ਸੱਦਾ ਦਿੰਦੇ ਸੀ। ਅੰਮ੍ਰਿਤਸਰ ਵਿਚ ਤੇ ਚੰਡੀਗੜ੍ਹ ਵਿਚ ਮਦੀਹਾ ਗੌਹਰ ਦੇ ਨਾਟਕਾਂ ਦੇ ਲਗਾਤਾਰ ਇਕ-ਇਕ ਹਫ਼ਤਾ ਅਸੀਂ ਫੈਸਟੀਵਲ ਵੀ ਕੀਤੇ ਨੇ, ਜਿਹਨਾਂ ਵਿਚ 'ਹਮਸਾਇਆ ਥੀਏਟਰ ਫੈਸਟੀਵਲ' ਅਤੇ 'ਪੰਜ-ਪਾਣੀ ਥੀਏਟਰ ਫੈਸਟੀਵਲ' ਬਹੁਤ ਮਹੱਤਵਪੂਰਨ ਹਨ। ਉਸਦੇ ਨਾਟਕ 'ਬੁੱਲ੍ਹਾ ਦੀ ਏਨੀ ਡੀਮਾਂਡ ਹੈ, ਕਿ ਹੁਣ ਉਹ ਨਾਟਕ ਮੈਂ ਆਪਣੀ ਟੀਮ ਮੰਚ-ਰੰਗਮੰਚ ਨਾਲ ਤਿਆਰ ਕੀਤਾ ਹੈ, ਕਿਉਂਕਿ ਉਨ੍ਹਾਂ ਲਈ ਵਾਰ-ਵਾਰ ਉਧਰੋਂ ਆਉਣਾ ਸੰਭਵ ਨਹੀਂ ਸੀ। ਚੜ੍ਹਦੇ ਪੰਜਾਬ ਦੇ ਕਈ ਪ੍ਰਸਿੱਧ ਕਲਾਕਾਰਾਂ ਜਤਿੰਦਰ ਕੌਰ, ਡਾ: ਸਾਹਿਬ ਸਿੰਘ, ਰੋਜ਼ੀ ਸਿੰਘ, ਮਲਿਕਾ ਸਿੰਘ, ਤੇ ਦੀਪ ਮਨਦੀਪ ਨੇ ਵੀ ਉਸਦੇ ਅਜੋਕਾ ਥੀਏਟਰ ਦੀਆਂ ਪੇਸ਼ਕਾਰੀਆਂ ਵਿਚ ਭੂਮਿਕਾਵਾਂ ਨਿਭਾਈਆਂ ਹਨ। ਸ਼ਾਹਿਦ ਨਦੀਮ ਦੇ ਨਾਟਕ 'ਝੱਲੀ ਕਿੱਥੇ ਜਾਵੇ' ਦੇ ਮੰਚ-ਰੰਗਮੰਚ ਵਲੋਂ ਲਗਭਗ 300 ਸ਼ੋਅ ਚੜ੍ਹਦੇ ਪੰਜਾਬ ਵਿਚ ਮੇਰੀ ਨਿਰਦੇਸ਼ਨਾ ਹੇਠ ਕੀਤੇ ਗਏ ਨੇ। ਉਨ੍ਹਾਂ ਦੇ ਨਾਟਕ 'ਬਰੀ', 'ਤੀਸਰੀ ਦਸਤਕ', 'ਥੱਪੜ', 'ਧੀ ਰਾਣੀ', 'ਕਾਰੀ ਕਰੇਂਦੇ', 'ਦੁੱਖ ਦਰਿਆ' ਚੜ੍ਹਦੇ ਪੰਜਾਬ ਦੀਆਂ ਵੱਖ-ਵੱਖ ਨਾਟ ਟੋਲੀਆਂ ਵਲੋਂ ਅਤੇ ਨੌਜਵਾਨ ਨਿਰਦੇਸ਼ਕਾਂ ਵਲੋਂ ਯੂਥ ਫੈਸਟੀਵਲਾਂ ਵਿਚ ਵੀ ਖੇਡੇ ਜਾਂਦੇ ਰਹੇ ਨੇ।

***ਸਵਰਾਜਬੀਰ*** : ਮੰਚ ਰੰਗਮੰਚ ਅੰਮ੍ਰਿਤਸਰ ਅਤੇ ਅਜੋਕਾ ਥੀਏਟਰ ਵਿਚ ਬਣਦੀ ਜੁਗਲਬੰਦੀ ਦਾ ਕੀ ਭਵਿੱਖ ਹੈ?

***ਕੇਵਲ ਧਾਲੀਵਾਲ*** : ਮੰਚ-ਰੰਗਮੰਚ ਤੇ ਅਜੋਕਾ ਥੀਏਟਰ ਦੀ ਜੁਗਲਬੰਦੀ ਨੇ ਇਕ ਇਤਿਹਾਸ ਸਿਰਜਿਆ ਹੈ, ਤੇ ਇਤਿਹਾਸ ਕਦੀ ਰੁੱਕਦਾ ਨਹੀਂ, ਅੱਗੇ ਤੁਰਦਾ ਹੈ, ਤੇ ਅਸੀਂ ਇਸ ਸਾਂਝ ਨੂੰ ਅੱਗੇ ਤੋਰਾਂਗੇ, ਕਿਉਂਕਿ ਇਸ ਸਾਂਝ ਦੀਆਂ ਜੜ੍ਹਾਂ ਬਹੁਤ ਮਜ਼ਬੂਤ ਨੇ। ਮੰਚ-ਰੰਗਮੰਚ ਦੇ ਕਲਾਕਾਰ ਲਾਹੌਰ ਜਾਂਦੇ ਤਾਂ ਅਸੀਂ ਉਥੇ ਸਾਰੇ ਏਦਾਂ ਵਿਚਰਦੇ ਜਿਵੇਂ ਅੰਮ੍ਰਿਤਸਰ ਘੁੰਮ ਰਹੇ ਹੋਈਏ, ਜੋ ਅਜੋਕਾ ਥੀਏਟਰ ਦੀ ਟੀਮ ਅੰਮ੍ਰਿਤਸਰ ਆਉਂਦੀ ਤਾਂ ਉਹ ਵੀ ਸਾਰੇ ਅੰਮ੍ਰਿਤਸਰ ਇੰਝ ਹੀ ਘੁੰਮਦੇ ਜਿਵੇਂ ਲਾਹੌਰ ਘੁੰਮ ਰਹੇ ਹੋਣ। ਅਸੀਂ ਦੋਵ੍ਹਾਂ ਪੰਜਾਬਾਂ ਦੇ ਸਾਂਝੇ ਵਾਰਿਸ ਸ਼ਾਹ ਨੂੰ ਯਾਦ ਰਖਾਂਗੇ, ਬਾਬਾ ਬੁੱਲ੍ਹੇ ਸ਼ਾਹ ਨੂੰ ਵੀ ਯਾਦ ਰਖਾਂਗੇ, ਸਆਦਤ ਹਸਨ ਮੰਟੋ ਨੂੰ ਯਾਦ ਰਖਾਂਗੇ, ਆਸਮਾਂ ਜਹਾਂਗੀਰ ਨੂੰ ਵੀ ਯਾਦ ਰਖਾਂਗੇ ਤੇ ਮਦੀਹਾ ਗੌਹਰ

ਨੂੰ ਵੀ ਯਾਦ ਰਖਾਂਗੇ। ਮਦੀਹਾ ਨੇ ਜੋ ਅਮਨ ਤੇ ਦੋਸਤੀ ਦੀ ਲਹਿਰ ਦੋਵ੍ਹਾਂ ਮੁਲਕਾਂ ਵਿਚ ਪੈਦਾ ਕੀਤੀ ਅਸੀਂ ਮੰਚ ਰੰਗਮੰਚ ਵਲੋਂ ਉਸ ਲਹਿਰ ਨੂੰ ਹੋਰ ਅੱਗੇ ਤੋਰਾਂਗੇ। ਮਦੀਹਾ ਦੇ ਨਾਮ 'ਤੇ ਅੰਮ੍ਰਿਤਸਰ ਵਿਚ 'ਮਦੀਹਾ ਗੌਹਰ ਥੀਏਟਰ ਫੈਸਟੀਵਲ' ਵੀ ਕਰਾਂਗੇ। ਮਦੀਹਾ ਦੀਆਂ ਚੜ੍ਹਦੇ ਪੰਜਾਬ ਵਿਚਲੀਆਂ ਯਾਦਾਂ ਨੂੰ ਕਿਤਾਬ ਦੇ ਰੂਪ ਵਿਚ ਵੀ ਸਾਂਭਾਂਗੇ। ਮਦੀਹਾ ਦੇ ਨਾਮ ਤੇ 'ਮਦੀਹਾ ਗੌਹਰ, ਥੀਏਟਰ ਫਾਰ ਪੀਸ ਐਵਾਰਡ' ਵੀ ਸ਼ੁਰੂ ਕਰਾਂਗੇ।

***ਸਵਰਾਜਬੀਰ*** : ਕੁੱਝ ਨਿੱਜੀ ਯਾਦਾਂ, ਮਦੀਹਾ ਗੌਹਰ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ।

***ਕੇਵਲ ਧਾਲੀਵਾਲ*** : ਮਦੀਹਾ ਮੇਰੇ ਪਰਿਵਾਰ ਦਾ ਹਿੱਸਾ ਸੀ। ਮਦੀਹਾ ਗੌਹਰ ਨਾਲ ਮੇਰੀਆਂ ਤੇ ਮੇਰੇ ਪਰਿਵਾਰ ਦੀਆਂ ਬਹੁੱਤ ਯਾਦਾਂ ਨੇ। ਜਦੋਂ ਕਦੇ ਲਾਹੌਰ ਮੀਂਹ ਪੈਂਦਾ ਤਾਂ ਮਦੀਹਾ ਦਾ ਫੋਨ ਆਉਣਾ, 'ਕੇਵਲ ਕੀ ਅੰਮ੍ਰਿਤਸਰ ਵੀ ਮੀਂਹ ਪੈ ਰਿਹਾ', ਮੈਂ ਕਹਿਣਾ 'ਹਾਂ ਅੰਮ੍ਰਿਤਸਰ ਵੀ ਮੀਂਹ ਪੈ ਰਿਹਾ"। ਮਦੀਹਾ ਨੇ ਹਮੇਸ਼ਾਂ ਕਹਿਣਾ ਲਓ ਵੇਖੋ ਦੋਵ੍ਹਾਂ ਮੁਲਕਾਂ ਵਿਚ ਮੌਸਮ ਦੀ ਵੀ ਕਿੰਨੀ ਸਾਂਝ ਹੇ, ਅੰਮ੍ਰਿਤਸਰ ਤੇ ਲਾਹੌਰ ਦੇ ਪਾਣੀ ਦਾ ਸਵਾਦ ਵੀ ਇਕੋ ਜਿਹਾ ਹੈ। ਮਦੀਹਾ ਨੂੰ ਸ਼ਾਪਿੰਗ ਦਾ ਵੀ ਬਹੁਤ ਸ਼ੌਕ ਸੀ, ਖਾਸ ਤੌਰ 'ਤੇ ਆਰਟ-ਕਰਾਫ਼ਟ ਦੀਆਂ ਚੀਜਾਂ। ਜੇ ਤੁਸੀਂ ਕਦੇ ਲਾਹੌਰ ਮਦੀਹਾ ਦਾ ਘਰ ਵੇਖੋ ਤਾਂ ਇੰਝ ਲੱਗਦਾ ਏ ਜਿਵੇਂ ਕੋਈ ਦੋਵ੍ਹਾਂ ਮੁਲਕਾਂ ਦੇ ਸੱਭਿਆਚਾਰ ਦਾ ਸਾਂਝਾ ਮਿਉਜ਼ਿਅਮ ਹੋਵੇ, ਮੁਖੌਟੇ, ਪੀੜ੍ਹੀਆਂ, ਪੀੜੇ, ਸੰਦੂਕ, ਦਰੀਆਂ, ਸੰਗੀਤ ਦੇ ਸਾਜ, ਕਿਤਾਬਾਂ ਤੇ ਹੋਰ ਹਜ਼ਾਰਾਂ ਰੰਗ-ਬਰੰਗੀਆਂ ਸ਼ੈਆਂ ਬੜੇ ਸਲੀਕੇ ਨਾਲ ਉਸਨੇ ਸਾਂਭ ਕੇ ਰਖੀਆਂ ਨੇ। ਉਹ ਲਾਹੌਰੋਂ ਆਉਂਦੀ ਤਾਂ ਤੋਹਫ਼ਿਆਂ ਨਾਲ ਲੱਦੀ ਆਉਂਦੀ, ਉਹ ਅੰਮ੍ਰਿਤਸਰੋਂ ਜਾਂਦੀ ਤਾਂ ਤੋਹਫ਼ਿਆਂ ਨਾਲ ਲੱਦੀ ਜਾਂਦੀ। ਅਸੀਂ ਲੰਮਾਂ ਸਮਾਂ ਬੈਠਕੇ ਹਮੇਸ਼ਾਂ ਨਾਟਕਾਂ ਬਾਰੇ ਗੱਲਾਂ ਕਰਦੇ, ਥੀਏਟਰ ਫੈਸਟੀਵਲਾਂ ਦੀ ਪਲੈਨਿੰਗ ਦੀ ਗੱਲ ਕਰਦੇ। ਵਰਕਸ਼ਾਪਾਂ, ਸੈਮੀਨਾਰਾਂ ਨੂੰ ਕਰਨ ਬਾਰੇ ਸੋਚਦੇ। ਉਹ ਅਜੇ ਪ੍ਰੀਤ ਨਗਰ ਬਾਰੇ ਨਾਟਕ ਕਰਨਾ ਚਾਹੁੰਦੀ ਸੀ, 1947 ਦੇ ਉਜਾੜੇ ਦੇ 70 ਵਰ੍ਹਿਆਂ ਨੂੰ ਸਮਰਪਿਤ, ਇਕ 10 ਰੋਜਾ ਪੂਰਾ ਅਜਿਹਾ ਥੀਏਟਰ ਫੈਸਟੀਵਾਲ ਉਹ ਅੰਮ੍ਰਿਤਸਰ ਤੇ ਲਾਹੌਰ ਕਰਨਾ ਚਾਹੁੰਦੀ ਸੀ, ਜਿਸ ਵਿਚ ਸਾਰੇ ਨਾਟਕ 1947 ਦੇ ਉਜਾੜੇ ਬਾਰੇ ਗੱਲ ਕਰਦੇ ਹੋਣ। ਉਹ ਬਿਮਾਰੀ ਦੀ ਹਾਲਤ ਵਿਚ ਵੀ ਜਦੋਂ ਥੋੜਾ ਜਿਹਾ ਵੀ ਠੀਕ ਹੁੰਦੀ ਤਾਂ ਕਹਿੰਦੀ 'ਹੁਣ ਮੈਂ ਬਿਲਕੁਲ ਠੀਕ ਹਾਂ, ਚਲੋ ਕੋਈ ਥੀਏਟਰ ਫੈਸਟੀਵਲ ਪਲੈਨ ਕਰਦੇ ਆਂ'। ਉਸ ਅੰਦਰ ਗਜ਼ਬ ਦੀ ਐਨਰਜੀ ਸੀ, ਉਹ ਬਹੁਤ ਚੰਗੇ ਦਿਲ ਵਾਲੀ ਬੇਹਤਰੀਨ ਇਨਸਾਨ ਸੀ। ਮੈਂ ਮਦੀਹਾ ਦੇ ਵਿਛੋੜੇ ਤੇ ਅੰਮ੍ਰਿਤਸਰ ਸ਼ਹਿਰ ਨੂੰ ਉਦਾਸ ਹੁੰਦਿਆਂ ਵੇਖਿਆ ਹੈ, ਮੈਂ ਉਸਨੂੰ ਸ਼ਰਧਾਂਜਲੀ ਭੇਟ ਕਰਨ ਲਈ ਲਾਹੌਰ ਵੀ ਗਿਆ ਸੀ, ਉਥੇ ਅਜੋਕਾ ਥੀਏਟਰ ਵਲੋਂ, ਅਲਹਮਰਾ ਆਡੀਟੋਰੀਅਮ ਮਾਲ ਰੋਡ ਲਾਹੌਰ ਵਿਖੇ ਇਕ ਭਰਵਾਂ ਪ੍ਰੋਗਰਾਮ ਕੀਤਾ ਗਿਆ, 'ਜਿਸਦਾ ਨਾਮ 'ਸੈਲੀਬਰੇਟਿੰਗ ਮਦੀਹਾ' ਰੱਖਿਆ ਗਿਆ, ਤਿੰਨ ਘੰਟੇ ਤੱਕ ਚਲੇ ਲੰਮੇਂ ਪ੍ਰੋਗਰਾਮ ਦੌਰਾਨ ਸਾਰਾ ਹਾਲ ਔਰਤਾਂ, ਮਰਦਾਂ ਨਾਲ ਭਰਿਆ ਪਿਆ ਸੀ। ਉਸਨੂੰ ਸ਼ਰਧਾਂਜਲੀ ਦੇਣ ਲਈ ਭਾਰਤੀ ਤੇ ਪਾਕਿਸਤਾਨੀ ਕਲਾਕਾਰ, ਲੇਖਕ ਤੇ ਮਦੀਹਾ ਦੇ ਭੈਣ ਭਰਾ, ਉਸਦੇ ਬਚਪਨ ਦੇ ਦਿਨਾਂ ਦੇ, ਕਾਲਜ ਦੇ ਦਿਨਾਂ ਦੇ ਤੇ ਉਸਦੇ ਅਧਿਆਪਕ ਵੀ ਉਸਨੂੰ ਯਾਦ ਕਰਨ ਆਏ ਸੀ। ਭਾਰਤ ਵਾਲੇ ਪਾਸੇ ਤੋਂ ਮੈਂ ਪਿਤਲ ਦੀ ਜਯੋਤੀ (ਦੀਪਸ਼ਿਖਾ) ਲੈ ਕੇ ਗਿਆ ਸੀ, ਜਯੋਤੀ ਜਗਾਉਣ ਵੇਲੇ ਮਦੀਹਾ ਦੇ ਵੱਡੇ ਬੇਟੇ ਨਿਰਵਾਨ ਨੇ ਵਾਇਲਨ ਵਜਾਕੇ ਆਪਣੀ ਮਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਜੋਕਾ ਥੀਏਟਰ ਦੇ ਸਾਰੇ ਕਲਾਕਾਰਾਂ ਨੇ ਮਦੀਹਾ ਵਲੋਂ ਨਿਰਦੇਸ਼ਕ ਨਾਟਕਾਂ ਦੇ ਕੁੱਝ ਭਾਵਪੂਰਤ ਨਾਟਕੀ ਸੀਨ ਤੇ ਸੰਗੀਤ ਪੇਸ਼ ਕੀਤਾ। ਮਦੀਹਾ ਦੇ ਨਾਟਕਕਾਰ ਪਤੀ ਸ਼ਾਹਿਦ ਨਦੀਮ ਵਲੋਂ ਮਦੀਹਾ ਬਾਰੇ ਤਿਆਰ ਕੀਤੀ ਡਾਕੂਮੈਂਟਰੀ ਫ਼ਿਲਮ ਦਿਖਾਈ ਗਈ। ਅਸੀਂ ਮਦੀਹਾ ਦੀ ਤਸਵੀਰ ਤੇ ਫੁਲਕਾਰੀਆਂ ਭੇਟ ਕੀਤੀਆਂ। ਕਵਾਲਾਂ ਨੇ ਉਚੀ ਹੇਕ ਵਿਚ ਗਾਇਆ "ਉਠ ਗਏ ਗਵਾਂਢੋ ਯਾਰ, ਰੱਬਾ ਹੁਣ ਕੀ ਕਰੀਏ"। ਜਦੋਂ ਅਸੀਂ ਮਦੀਹਾ ਗੌਹਰ ਦੀ ਤਸਵੀਰ ਤੇ ਫੁਲਕਾਰੀਆਂ ਭੇਟ ਕਰ ਰਹੇ ਸੀ, ਸੰਗੀਤ ਮੰਡਲੀ ਨੇ ਅਹਿਮਦ ਰਾਹੀਂ ਦੀ 1947 ਬਾਰੇ ਮਦੀਹਾ ਦੀ ਪਸੰਦੀਦਾ ਪ੍ਰਸਿੱਧ ਨਜ਼ਮ "ਚੁੰਨੀ ਮੇਰੀ ਲੀਰਾਂ ਕਤੀਰਾਂ, ਭੈਣਾਂ ਦਿਓ ਵੀਰੋ, ਭੈਣਾਂ ਲੁਟੀਆਂ ਵੀਰਾਂ, ਭੈਣਾ ਦਿਓ ਵੀਰੋ", ਗਾਈ ਤਾਂ ਇੰਝ ਲੱਗਾ ਕਿ ਸਮਾਂ ਰੁੱਕ ਗਿਆ ਹੈ, ਜਿਵੇਂ ਹੰਝੂਆਂ ਦਾ ਹੜ ਆ ਗਿਆ ਹੋਵੇ। ਮਦੀਹਾ ਦੇ ਬੇਟੇ ਨੇ ਮਾਂ ਤੇ ਪੁੱਤ ਦੀ ਨੇੜਤਾ ਬਾਰੇ ਆਪਣਾ ਇਕ ਛੋਟਾ ਲੇਖ ਪੜ੍ਹਿਆ ਜੋ ਬੇਹੱਦ ਪ੍ਰਭਾਵਸ਼ਾਲੀ ਸੀ। ਸਮਾਗਮ ਦੇ ਅਖੀਰ ਬਹੁਤ ਹੀ ਪ੍ਰਸਿੱਧ ਗੀਤ " ਆਜ ਰੰਗ ਹੈ, ਜੀ ਹਾਂ ਆਜ ਰੰਗ ਹੈ' ਕਵਾਲਾਂ ਨੇ ਪੂਰੇ ਵਜੂਦ ਵਿਚ ਗਾਇਆ ਤਾਂ ਦਰਸ਼ਕਾਂ ਨੇ ਤਾੜੀਆਂ ਵਜਾਕੇ ਸਾਥ ਦਿੱਤਾ ਤੇ ਅਜੋਕਾ ਥੀਏਟਰ ਦੇ ਕਲਾਕਾਰਾਂ, ਮਦੀਹਾ ਦੇ ਪਰਿਵਾਰਕ ਮੈਂਬਰਾਂ ਅਤੇ ਇਧਰੋਂ ਗਏ ਡੈਲੀਗੇਟਸ ਨੇ ਸਟੇਜ ਉਪਰ ਇਸ ਗੀਤ ਨਾਲ ਮਦੀਹਾ ਨੂੰ ਸੈਲੀਬਰੇਟ ਵੀ ਕੀਤਾ। ਪ੍ਰੋਗਰਾਮ ਦੇ ਇਸ ਸਿਖਰਲੇ ਪੜਾਅ ਤੇ ਮਦੀਹਾ ਨੂੰ ਸੈਲੀਬਰੇਟ ਕਰਦਿਆਂ ਲੋਕ ਨੱਚ ਵੀ ਰਹੇ ਸੀ, ਗਾ ਵੀ ਰਹੇ ਸੀ ਤੇ ਹੰਝੂ ਵੀ ਵਹਾ ਰਹੇ ਸੀ। ਮਦੀਹਾ ਦੇ ਕੀਤੇ ਕੰਮ, ਮਦੀਹਾ ਦੇ ਹੋਣ-ਥੀਣ ਦੇ, ਮਦੀਹਾ ਦੇ ਤੁਰ ਜਾਣ ਦੇ, ਤੇ ਮਦੀਹਾ ਦੇ ਰੰਗਮੰਚ ਸੁਪਨਿਆਂ ਦੇ ਅਰਥ ਸਮਝ ਆ ਰਹੇ ਸਨ। ਵ

**Mob : 98142 99422**

*ਕਹਾਣੀ*

# ਉਭੜ ਹੋਇਆ ਸ਼ਹਿਰ

ਜ਼ੁਬੈਰ ਅਹਿਮਦ

ਹੁਣ ਸ਼ਹਿਰ ਲਹੌਰ ਉੱਕਾ ਬਦਲੀ ਜਾਂਦਾ ਏ। ਪੁਰਾਣੇ ਤਾਂ ਲੱਭਦੇ ਨਹੀਂ ਤੇ ਓਭੜ ਮੁੱਕਦੇ ਨਹੀਂ। ਥਾਵਾਂ ਵੀ ਹੋਰ ਦੀਆਂ ਹੋਰ ਤੇ ਲੋਕਾ ਵੀ ਓਹ ਨਾ। ਪਰ ਕੁਝ ਪੁਰਾਣੀਆਂ ਨੁੱਕਰਾਂ ਉਂਜੇ ਈ ਹਨ, ਅਣਬਦਲੀਆਂ ਤੇ ਦਿਲ ਯਾਦਗੀਰੀ ਨਾਲ਼ ਭਰ ਦੇਂਦੀਆਂ ਨੇ। ਲਹੌਰ ਦੀ ਮਾਲ ਰੋਡ ਦੀ ਓਹ ਥਾਂ ਇੰਜ ਦੀ ਏ। ਬਾਲਪਨ ਯਾਦ ਬਣਾਂਦਾ ਏ, ਜਵਾਨੀ ਰੰਗ ਭਰਦੀ ਏ ਤੇ ਉਮਰ ਦੁਖੀ ਕਰ ਦੇਂਦੀ ਏ। ਅੱਫੇ ਦੇ ਟੀ ਸਟਾਲ ਤੋਂ ਲੈ ਕੇ ਗੋਲ਼ ਬਾਗ਼ ਤੀਕ ਦਾ ਪੈਂਡਾ ਇਕ ਉਮਰ ਲੰਘ ਗਈ ਮੁੱਕਿਆ ਨਾਹ। ਅੱਜੀ ਮੀਂਹ ਵਿਚ ਨਹਾਵਣਾ ਤੇ ਗੋਲ਼ ਬਾਗ਼ ਤੋਂ ਅਲਫ਼ਲਾਹ ਤੀਕ ਪੈਦਲ ਜਾਣਾ। ਯੂਸਫ਼ੀ ਨੂੰ ਜਦ ਡਿਪਰੈਸ਼ਨ ਹੋਣਾ, ਓਸ ਵਧੀਆ ਕੱਪੜੇ ਪਾ ਕੇ ਸਾਈਕਲ ਉੱਤੇ ਅਪਣੇ ਘਰੋਂ ਦਿਓ (ਦੇਵ) ਸਮਾਜ ਤੋਂ ਏਅਰ ਪੋਰਟ ਤੀਕ ਜਾਣਾ ਤੇ ਮੁੜ ਪਰਤਦੇ ਨੂੰ ਅਸੀਂ ਕਿਤੇ ਨਾ ਕਿਤੇ ਮਾਲ ਰੋਡ ਉੱਤੇ ਮਿਲ਼ ਜਾਣਾ। ਮੀਂਹ ਵਿਚ ਨਹਾਉਂਦੇ ਅੱਜੀ ਕਹਿਣਾ ਸਿਗਟ ਨਹੀਂ ਪੀ ਸਕਦਾ। ਟੋਲਿੰਟਣ (ਟੌਲਿੰਗਟਨ) ਮਾਰਕੀਟ ਵਿਚ ਦੋ ਕੈਫ਼ੇ ਹੋਂਦੇ ਸਨ, ਕੈਪਰੀ ਤੇ ਕਬਾਨਾਹ। ਟੋਲਿੰਟਣ ਦੇ ਪਛਵਾੜੇ ਵੀ ਚਾਹ ਦਾ ਖੋਖਾ ਸੀ। ਜੇ ਕਿਸੇ ਨੇ ਘੁੱਟ-ਬਹਿਣੀ ਕਰਨੀ ਹੋਵੇ, ਓਥੇ ਕਰ ਲੈਣੀ। ਕੁਝ ਬੇਲੀ ਸਾਰਾ ਦਿਨ ਐਹਨਾਂ ਕੈਫ਼ਿਆਂ ਵਿਚ ਬੈਠੇ ਰਹਿਣਾ ਤੇ ਜਦ ਵੀ ਜਾਓ ਮਿਲ਼ ਪੈਣਾ। ਕਈਆਂ ਪੁਰਾਣੀ ਅਨਾਰਕਲੀ ਟੱਕਰ ਜਾਣਾ। ਸੜਕ ਉੱਤੇ ਖਲੋਤੇ ਮਿਲ਼ ਜਾਣਾ। ਹੁਣ ਨਾਹ ਓਹ ਟੋਲਿੰਟਣ ਏ, ਨਾਹ ਕੈਫ਼ੇ, ਨਾਹ ਓਹ ਬੰਦੇ।

ਓਸ ਦਿਨ ਮੈਂ ਵੱਡੇ ਡਾਕਖ਼ਾਨੇ (ਜੀ ਪੀ ਓ) ਤੋਂ ਪੈਦਲ ਗੋਲ਼ ਬਾਗ਼ ਵਲ ਈ ਆਉਂਦਾ ਪਿਆ ਸਾਂ। ਵਾਈ ਐੱਮ ਸੀ ਦੇ ਸਾਹਮਣੇ ਪੀਜੋ ਹੋਂਦਾ ਸੀ। ਨਿੱਕੀ-ਜਿਹੀ ਥਾਂ ਥੱਲੇ ਤੇ ਉੱਤੇ ਵੀ ਐਨੀ ਈ। ਤਿੰਨ-ਚਾਰ ਫਸ-ਫਸਾ ਕੇ ਟੇਬਲਾਂ ਥੱਲੇ ਤੇ ਉਂਜ ਈ ਉੱਤੇ। ਉੱਤੇ ਬਹਿਣ ਦਾ ਇਕ ਹੋਰ ਲੋਭ ਹੋਂਦਾ ਸੀ। ਬਾਰੀ ਕੋਲ਼ ਬਹਿ ਕੇ ਮਾਲ ਰੋਡ ਉੱਤੇ ਸ਼ਹਿਰ ਦੇ ਵੱਗ (ਟਰੈਫ਼ਿਕ) ਨੂੰ ਤੱਕਣਾ। ਤੇ ਮੀਂਹ ਵਿਚ ਬੈਠੇ ਬਾਰੀਓਂ ਬਾਹਰ ਤਕਦੇ ਇੰਜ ਈ ਲੱਗਣਾ ਜਿਵੇਂ ਪੈਰਿਸ ਦੇ ਕਿਸੇ ਕੈਫ਼ੇ ਵਿਚ ਬੈਠੇ ਆਂ। ਅੱਧ-ਸੱਤਰਵਿਆਂ ਦਾ ਲਹੌਰ ਅੱਜ ਵਰਗਾ ਨਹੀਂ ਸੀ। ਸ਼ਾਮ ਰਿਮਕੇ-ਰਿਮਕੇ ਆਵਣਾ ਤੇ ਰਾਤ ਦਿਲਾਂ ਦੇ ਬੰਨਿਆਂ ਉੱਤੇ ਸਹਿਜੇ-ਸਹਿਜੇ ਲਹਿਣਾ। ਤੇ ਜਵਾਨੀ ਵਿਚ ਤਾਂ ਯਾਰੀ ਈ ਹੋਂਦੀ ਏ; ਹੋਰ ਕੁਝ ਨਹੀਂ ਹੋਂਦਾ। ਪੀਜੋ ਕੁਝ ਮਹਿੰਗਾ ਕੈਫ਼ੇ ਸੀ ਤੇ ਅਸੀਂ ਸਾਂ ਮਾੜੇ ਘਰਾਂ ਦੇ। ਸਾਨੂੰ ਮ੍ਹਾਤੜਾਂ ਨੂੰ ਪੀਜੋ ਦੇ ਅੱਗੇ ਤੋਂ ਲੰਘਦਿਆਂ ਨੂੰ ਜੇ ਕੋਈ ਜਾਣੂ ਪੀਜੋ ਬੈਠੇ ਦਿਸ ਪੈਣਾ ਤੇ ਅਸਾਂ ਝੱਟ ਅੰਦਰ ਜਾਣ ਦੀ ਕਰਨੀ; ਕਰਮ ਦਿਲਬਰ ਕੁਝ ਅੜਕਣਾ, ਕੁਝ ਨੇ ਬਸ਼ਰਮੀ ਨਾਲ ਥੱਪ-ਥੱਪ ਉਤਲੀਆਂ ਪੌੜੀਆਂ ਚੜ੍ਹ ਜਾਣੀਆਂ। ਅਗਲਿਆਂ ਸ਼ਰਮੀ-ਬਸ਼ਰਮੀ ਚਾਹ ਵੀ ਪਿਲਾ ਦੇਣੀ ਤੇ ਸਿਗਟ ਵੀ ਲੱਭ ਜਾਣੀ। ਰੰਗ ਮਹੱਲ ਰਹਿੰਦੇ ਮੇਮਨਾਂ ਦੇ ਮੁੰਡੇ ਹਮੇਸ਼ ਪੀਜੋ ਈ ਬਹਿਣਾ। ਵੇਲੇ ਦੀ ਧੂੜ ਵਿਚ ਮੁੜ ਓਹਦਾ ਕੋਈ ਰੰਗ ਦਿਸਿਆ ਨਹੀਂ, ਕਦੀ ਮਿਲ਼ਿਆ ਨਹੀਂ। ਵਾਹਦ ਮਲਾਲ ਨੇ ਓਹਨੂੰ ਚੰਗਾ ਧੁਰ ਬਣਾਇਆ ਹੋਇਆ ਸੀ, ਓਸ ਦੇ ਕੰਨ ਵਿਚ ਖ਼ਬਰੇ ਕੀਹ ਫੂਕਿਆ ਓਹ ਸਾਨੂੰ ਵਲਾਉਣ ਲੱਗ ਪਿਆ। ਸੀ ਤਾਂ ਵਾਹਦ ਵੀ ਸਾਡੇ ਵਰਗਾ, ਪਰ ਕੁਝ ਵੱਖਰਾ ਬਣਨ ਦੀ ਕਰਦਾ। ਜਿਵੇਂ ਓਹਨੂੰ ਸਾਡੇ ਤੋਂ ਬਹੁਤਾ ਪਤਾ ਏ ਤੇ ਜਿਸਦਾ ਸਾਨੂੰ ਨਹੀਂ ਸੀ ਪਤਾ।

ਐਹ ਵੇਲਾ ਸੀ ਜਦ ਬਹੁਤਿਆਂ ਨੂੰ ਉਥੱਲ ਦੀ ਘੁੱਗੀ ਚੜ੍ਹੀ ਹੋਈ ਸੀ। ਪਰ ਵਾਈ ਐੱਮ ਸੀ ਤੇ ਟੀ ਸਟਾਲਾਂ ਉੱਤੇ ਬਹੁਤੇ ਓਹ ਸਨ, ਜਿਨ੍ਹਾਂ ਨੂੰ ਲਿਖਾਰੀ ਬਣਨ ਦਾ ਸ਼ੌਕ ਸੀ। ਪੜ੍ਹਾਈ-ਲਿਖਾਈ ਦਾ ਬੜਾ ਜ਼ੋਰ ਸੀ। ਕਈਆਂ ਕੁੱਲ ਜੱਗ ਦੇ ਫ਼ਲਸਫ਼ੇ ਪੜ੍ਹੇ ਹੋਏ ਸਨ ਤੇ ਹਰ ਗੱਲ ਨੂੰ ਢਾਹ ਕੇ ਰੱਦ ਕਰ ਦੇਂਦੇ ਸਨ। ਕਈ ਐਵੇਂ-ਈ ਸਾਰਿਆਂ ਵਿਚ ਵੜ-ਵੜ ਬਹਿੰਦੇ ਸਨ ਤੇ ਸਮਝ ਨਹੀਂ ਆਂਦੀ ਸੀ, ਓਹ ਕੀਹ ਕਰਦੇ ਪਏ ਨੇ। ਫੇਰ ਓਹ ਅਚਨਚੇਤ ਗ਼ੈਬ ਵੀ ਹੋ ਜਾਂਦੇ ਸਨ। ਪੁਰਾਣੇ ਸਿਆਸੀ ਬਹਿਸੀਏ, ਨਾਕਾਮ ਆਸ਼ਿਕ, ਤੱਤੇ ਨਵੀਆਂ ਪੜ੍ਹਾਈਆਂ ਦੇ ਸੂਝਵਾਨ, ਦਿਲ ਛੱਡ ਸਿਆਸੀ ਕਾਮੇ, ਇਕ-ਅੱਧ ਸੋਹਣੀ ਲਿਖਤ ਲਿਖ ਕੇ ਡੁੰਡਣ ਵਾਲ਼ੇ, ਅਖ਼ਬਾਰਚੀ, ਮਸ਼ਹੂਰ ਕਾਲਮਕਾਰ, ਮੰਨੇ-ਪਰਮੰਨੇ ਲਿਖਾਰੀ, ਯੂਨੀਵਰਸਿਟੀਆਂ ਕਾਲਜਾਂ ਦੇ ਕਲਾਸਾਂ ਤੋਂ ਅੱਕੇ ਪੜ੍ਹਿਆਰ, ਦੋ ਚਾਰ ਜ਼ਨਾਨੀਆਂ – ਅਜਬ ਮੇਲਾ ਸੀ। ਅਸੀਂ ਸਾਰੇ ਨਵੇਂ ਸਾਂ ਤੇ ਕੋਈ ਨਾ ਕੋਈ ਸਾਨੂੰ ਅਪਣੀ ਕਹਾਣੀ ਪਾਵਣ ਲੱਗ ਪੈਂਦਾ ਸੀ, ਜਿਹਦੀ ਸਾਨੂੰ ਕੁਝ ਸਮਝ ਆਵਣੀ, ਕੁਝ ਨਾ ਆਵਣੀ। ਪਰ ਦੋ-ਚਾਰ ਲਿਖਤਾਂ ਤੇ ਅਸਾਂ ਸਾਰਿਆਂ ਲਿਖ ਲਈਆਂ ਸਨ। ਫੇਰ ਮੁੜ ਛੇਤੀ ਈ ਸਭ ਖੇਰੂੰ-ਖੇਰੂੰ ਹੋ ਗਿਆ। ਵੇਲੇ ਦੀ ਧੂੜ ਵਿਚ ਸਭ ਗੁਆਚ ਗਿਆ। ਬਹੁਤੇ ਛੇਤੀ ਈ ਮੁੜ ਪੜ੍ਹਾਈਆਂ ਪੂਰੀਆਂ ਕਰਨ ਲੱਗ ਪਏ ਤੇ ਅਖ਼ੀਰ ਫਸ-ਫਸਾ ਕੇ, ਅਕਲਾਂ ਲੜਾ ਕੇ, ਮੌਕੇ ਬਣਾ ਕੇ, ਮੁਕਾਬਲੇ ਦੇ ਇਮਤਿਹਾਨ ਦੇ ਦੁਆ ਕੇ, ਕੋਈ ਨਿੱਕੀ-ਮੋਟੀ ਥਾਂ ਬਣਾ ਲਈ, ਡਿਫ਼ੈਂਸ ਵਿਚ ਘਰ ਪਾ ਲਏ, ਚੰਗੇ ਘਰਾਂ ਵਿਚ ਵਿਆਹ ਕਰਾ ਲਏ ਤੇ ਹੁਣ ਹਉਕਾ ਭਰ ਕੇ ਗਏ ਦਿਨਾਂ ਨੂੰ ਯਾਦ ਕਰਦੇ ਨੇ ਤੇ ਜਿਹੜੇ ਮ੍ਹਾਤੜ ਸਨ ਓਨ੍ਹਾਂ ਨੂੰ ਰੋਟੀ-ਪਾਣੀ ਪੂਰਾ ਕਰਨ ਦਾ ਘੋਲ਼ ਈ ਖਾ ਗਿਆ। ਓਨ੍ਹਾਂ ਵੇਲੇ ਨਾਲ਼ ਘੋਲ਼ ਕੀਹ ਕਰਨਾ ਸੀ। ਯਾਦਾਂ ਦੇ ਬੱਦਲ਼ ਆਉਂਦੇ ਸਨ ਤੇ ਇਕ ਪਲ ਗੂੜ੍ਹ ਕਰ ਲੰਘ ਜਾਂਦੇ ਸਨ।

ਮੈਂ ਪੀਜੋ ਵਾਲ਼ਾ ਚੌਂਕ ਟੱਪ ਕੇ ਸਿੱਧਾ ਤੁਰਦਾ ਰਹਿਆ। ਖੱਬੇ ਹੱਥ ਅੱਫੇ ਦਾ ਟੀ ਸਟਾਲ ਸੀ, ਨੁੱਕਰੇ। ਹੁਣ ਓਹ ਥਾਂ ਬਾਲਾਂ ਦੇ ਰੈਡੀਮੇਡ ਕੱਪੜਿਆਂ ਦੀ ਹੱਟੀ ਨੇ ਲਵ੍ਹੇਟ ਲਈ ਏ। ਅੱਫੇ ਨੇ ਮੁਕੱਦਮਾ ਲੜਿਆ ਸੀ, ਪਰ ਓਸ ਨੂੰ ਹਾਰੇ ਨੂੰ ਤੀਹ ਪੈਂਤੀ ਵਰ੍ਹੇ ਤਾਂ ਹੋ ਗਏ ਹੋਣੇ ਨੇ। ਮੈਂ ਹੌਲ਼ੀ-ਹੌਲ਼ੀ ਅਗਾਂਹ ਤੁਰਦਾ ਜਾਨਾ ਆਂ। ਖੱਬੇ ਹੱਥ ਸੁਨਿਆਰਾਂ ਦੀਆਂ ਹੱਟੀਆਂ ਤੇ ਸੱਜੇ ਬੀ ਆਰ ਬੀ, ਕਾਫ਼ੀ ਹਾਊਸ ਤੇ ਚੀਨੀ ਰੈਸਟੋਰੈਂਟ ਹੋਂਦਾ ਸੀ। ਸਭ ਮੁੱਕ ਗਿਆ ਏ। ਕਿਤਾਬਾਂ ਵਿਚ ਓਨ੍ਹਾਂ ਦੇ ਜ਼ਿਕਰ ਰਹਿ ਗਏ ਨੇ। ਫ਼ੁਟਪਾਥ ਦੇ ਨਾਲ਼ ਚੌੜੀ ਸਾਵੀ ਪੱਟੀ ਉੱਤੇ ਮਸੀਤ ਬਣ ਗਈ ਏ ਤੇ 'ਜਹਾਜ਼' (ਨਸ਼ੇਬਾਜ਼) ਸੁੱਤੇ ਰਹਿੰਦੇ ਨੇ। ਸੜਕਾਂ ਦੀਆਂ ਸਾਵੀਆਂ ਪੱਟੀਆਂ ਦੇ ਐਹ ਨਕਸ਼ੇ 1980ਆਂ ਦੇ ਸਿਆਸਤ ਵੈਰੀ ਦਹਾਕੇ ਦੀ ਦੇਣ ਨੇ।

ਟੋਲਿੰਟਣ ਚੌਂਕ ਅੱਪੜੀ ਖਲੋਤਾਂ ਆਂ ਮੈਂ। ਖੱਬੇ ਜੂਸ ਦਾ ਸਟਾਲ ਏ, ਜਿੱਥੇ ਨਿਰਾ ਘਾਹ ਹੋਂਦਾ ਸੀ ਤੇ ਬੈਠਣ ਦੇ ਬੈਂਚ। ਹੁਣ ਸੁਆਰ ਕੇ ਕੁਰਸੀਆਂ ਮੇਜ਼ਾਂ ਲੱਗੀਆਂ ਨੇ। ਨੇੜੇ ਦੇ ਆਰਟਸ ਕਾਲਿਜ ਦੇ ਮੁੰਡੇ ਕੁੜੀਆਂ ਦੀ ਜੂਸ ਪੀਣ ਦੀ ਆਵਾਜਾਈ ਏ। ਮੈਂ ਅਜੇ ਫ਼ੁਟਪਾਥ ਉੱਤੇ ਈ ਆਂ। ਟੋਲਿੰਟਣ ਦੇ ਪਿੱਛੇ ਪਾਰਕਿੰਗ ਵਿਚ ਮੇਰੀ ਗੱਡੀ ਖੜ੍ਹੀ ਏ। ਮੈਂ ਵੀ ਜੂਸ ਨਾ ਪੀ ਲਾਂ। ਵੱਡੇ ਡਾਕਖ਼ਾਨੇ ਮੈਂ ਕੁਝ ਪੁਰਾਣੇ ਯਾਰਾਂ ਨੂੰ ਕਿਤਾਬਾਂ ਘੱਲਣ ਆਇਆ ਸਾਂ।

ਮੈਂ ਕੁਰਸੀਆਂ ਵਲ ਹੋਂਦਾ ਆਂ। ਓਹ ਇਕ ਪਾਸੇ ਪਈ ਕੁਰਸੀ ਉੱਤੇ ਵੱਖਰਾ ਬੈਠਾ ਸੀ। ਲੱਤ ਉੱਤੇ ਲੱਤ ਰੱਖ ਕੇ, ਕਾਨੇ ਵਰਗਾ ਸਰੀਰ, ਮੈਲ਼ੀ ਪੈਂਟ, ਡੱਬੀਆਂ ਆਲ਼ੀ ਰੰਗਦਾਰ ਸ਼ਰਟ, ਬੈਲ਼ਟ ਦੀ ਥਾਂ ਮੋਟੀ-ਜੇਹੀ ਰੱਸੀ, ਮੈਲ਼ੀਆਂ ਫਟੀਆਂ ਜੁਰਾਬਾਂ, ਧੂੜਾਂ-ਪੱਟੇ ਬੂਟ, ਘਸੇ ਤਸਮੇ, ਮੂੰਹ ਤੇ ਹੌਲ਼ੀ-ਜੇਹੀ ਸ਼ੇਵ ਵਧੀ ਹੋਵੇ; ਪਰ ਮੂੰਹ ਧੋਤਾ- ਜੇਹਾ ਲੱਗਾ।

ਇਕ ਛਿਣ ਸਾਡੀਆਂ ਅੱਖਾਂ ਮਿਲ਼ੀਆਂ ਤੇ ਡੰਗ ਗਈਆਂ ਮੈਨੂੰ, ਵਿੰਨ੍ਹ ਗਈਆਂ। ਐਨੀਆਂ ਸਿਹਾਣੀਆਂ, ਜਾਣੂ, ਭੁੱਖੀਆਂ, ਮਿਲਣੀ ਨੂੰ ਸਹਿਕਦੀਆਂ, ਇਕਸਾਰ ਤੱਕੀ ਜਾਂਦੀਆਂ ਅੱਖਾਂ ਮੈਂ ਨਹੀਂ ਸਨ ਤੱਕੀਆਂ ਕਦੇ। ਅਚਰਜ ਜੇਹੀ ਲਾਟ ਨਾਲ਼ ਧੁਖਦੀਆਂ ਬਲ਼ਦੀਆਂ ਜਿਵੇਂ ਰਾਤ ਦਾ ਉਨੀਂਦਰਾ ਹੋਵੇ। ਵਰ੍ਹਿਆਂ-ਬੱਧੀ ਉਡੀਕ ਵਿਚ ਥੱਕੀਆਂ ਹਾਰੀਆਂ, ਇਉਂ ਲੱਗਾ ਮੈਨੂੰ ਸਿਹਾਣ ਉਹ ਬਹੁੰ ਨਿੰਮ੍ਹਾ-ਜੇਹਾ ਅੰਦਰੋਂ ਅੰਦਰੀਂ ਹੱਸਿਆ ਏ। ਓਹ ਮੈਨੂੰ ਤਾਕੀ ਜਾਂਦਾ ਸੀ। "ਤੂੰ। । । ਤੂੰ ਏਂ।"

ਓਸ ਦੇ ਮੁਖ ਉੱਤੇ ਸੀ ਪੁਰਾਣੀ-ਜੇਹੀ ਪੀੜ ਤੇ ਜੁੱਸਾ ਗੁਆਚੇ ਬਾਲਾਂ ਹਾਰ। ਜਾਪੇ ਓਹਦੀਆਂ ਅੱਖਾਂ ਦੀ ਖਿੱਚ, ਮੈਨੂੰ ਵਲ਼ ਲਿਆ ਏ। "ਦੁਨੀਆ ਫ਼ਤਿਹ ਹੋ ਗਈ?" ਜਿਵੇਂ ਓਹ ਖਚਰਾ ਹਾਸਾ ਹੱਸਿਆ ਹੋਵੇ। "ਮੈਨੂੰ ਪਿੱਛੇ ਛੱਡ ਕੇ ਅੱਗੇ ਨੱਸੀ ਗਿਆ? ਕਿੱਥੇ ਅੱਪੜਿਆਂ ਏਂ? ਮੇਰੇ ਵਰਗੇ ਫ਼ੁੱਟਪਾਥਾਂ ਤੇ ਈ ਸੁੱਤੇ ਰਹਿ ਗਏ।"

ਵੈਸਾਖੀ ਦੇ ਅਖ਼ੀਰ ਮੁੱਕਦੇ ਦਿਨ ਸਨ। ਜਦ ਬਹੁਤੀ ਗਰਮੀ ਹੋਵਣ ਲੱਗਣੀ ਤੇ ਬੱਦਲ ਵੀ ਬਣ ਜਾਣੇ। ਪਰ ਓਸ ਦਿਨ ਨਾਹ ਬੱਦਲਾਂ ਮੱਲ ਮਾਰੀ, ਨਾਹ ਸੂਰਜ ਮੁਖ ਵਖਾਇਆ ਤੇ ਦਿਨ ਵਿਚਕਾਰ ਈ ਕਿਤੇ ਫਸ ਗਿਆ। ਫਿੱਕੇ ਚਾਨਣ ਵਿਚ ਗਹਿਰ-ਜੇਹੀ ਬਣੀ ਰਹੀ, ਪਰ ਸ਼ਹਿਰ ਵਗਦਾ ਰਿਹਾ। ਬੰਦੇ ਫਸੀ ਰੁੱਤ ਪਾਰੋਂ ਅਪਣੇ ਕੰਮਾਂ ਨਾਲ਼ੋਂ ਵਿਜੋਗੇ-ਜੇਹੇ ਗਏ; ਜਿਵੇਂ ਬੱਦਲਾਂ ਨੂੰ ਉਡੀਕਦੇ ਹੋਵਣ, ਜਿਵੇਂ ਧੁੱਪ ਪੂਰੀ ਨਿਕਲ਼ੇ ਤਾਂ ਕੰਮ ਨਾਲ਼ ਪੂਰੇ ਹੋਵਣ।

ਐਵੇਂ ਅਚਨਚੇਤ ਤ੍ਰਿੱਖਾ ਬੁੱਲਾ ਆਂਦਾ ਏ ਤੇ ਅੱਖਾਂ ਅੱਗੇ ਧੂੜ-ਜੇਹੀ ਬਣਾ ਜਾਂਦਾ, ਜਿਵੇਂ ਸੁਪਨੇ ਦੇ ਰੰਗ ਹੋਂਦੇ ਨੇ।

ਇੰਜ ਦਾ ਈ ਤ੍ਰਿੱਖਾ ਬੁੱਲਾ ਆਇਆ ਤੇ ਓਹ ਚਿੱਤਰਕਾਰ ਦੀ ਮੂਰਤ ਵਾਂਗ ਦਿਸਿਆ, ਜਿਸ ਵਿਚ ਸਲੇਟੀ ਤੇ ਘਸਮੈਲ਼ੇ ਰੰਗ ਬਹੁਤੇ ਵਰਤੇ ਹੋਵਣ। ਪਰ ਓਸ ਦੀਆਂ ਅੱਖਾਂ ਭੁਲੇਖਾ ਛੇਤੀ ਭੰਨ ਦਿੱਤਾ।

"ਮੈਂ ਸਾਰੀ ਉਮਰ ਤੈਨੂੰ ਤੱਕਦਾ ਰਹਿਆ ਆਂ, ਪਰ ਤੂੰ ਭੁੱਲਦਾ ਗਿਆ। ਯਾਦ ਕਰ ਇਕ ਵਾਰੀ ਤੂੰ ਅਪਣੇ ਘਰ ਦੇ ਕੋਠੇ ਤੋਂ ਹੇਠਾਂ ਵੇਖਿਆ ਤੇ ਤੇਰਾ ਦਿਲ ਕੀਤਾ ਸੀ ਛਲਾਂਗ ਮਾਰ ਕੇ ਮਰ ਜਾਂ। ਨਿੱਕੇ-ਹੋਂਦਿਆਂ ਤੂੰ ਅਪਣੇ ਪਿਓ ਦੀ ਕਬਰ ਉੱਤੇ ਜਾ ਕੇ ਰੋਂਦਾ ਸੈਂ। ਰੱਬਾ ਮੈਨੂੰ ਚੁੱਕ ਲੈ। ਮੈਥੋਂ ਜਰਿਆ ਨਹੀਂ ਜਾਂਦਾ। ਮੈਂ ਤੇਰੇ ਨਾਲ਼ ਈ ਸਾਂ। ਤੇਰੇ ਭੈੜੇ ਦਿਨਾਂ ਦਾ ਆਪਾ, ਤੇਰੀ ਭੁੱਖ ਦਾ ਸਾਹ, ਤੇਰੇ ਸੁੱਕੇ ਅਥਰੂ ਦਾ ਰੰਗ।"

ਮੈਂ ਅਜੇ ਵੀ ਫ਼ੁਟਪਾਥ ਉੱਤੇ ਸਾਂ ਤੇ ਉਂਜੇ ਕੁਰਸੀ ਤੇ ਬੈਠਾ ਸੀ ਓਹ। ਮੈਂ ਡਰ ਗਿਆ ਸਾਂ। ਓਸ ਦੀਆਂ ਅੱਖਾਂ ਇੱਲ ਵਾਂਗਰ ਮੈਨੂੰ ਨਹੁੰਦਰਦੀਆਂ ਪਈਆਂ ਸਨ। ਇਕ ਪਲ ਨੂੰ ਬੱਦਲ ਛਾ ਗਏ। ਸ਼ਾਮ-ਜੇਹੀ ਹੋ ਗਈ। ਘਾਹ ਗੂੜ੍ਹ -ਜੇਹਾ, ਰੁੱਖ ਸੰਘਣੇ ਹੋ ਗਏ। ਓਹ ਮੈਨੂੰ ਬਹੁਤ ਦੁਰਾਡਾ ਤੇ ਬਹੁਤ ਨੇੜੇ ਲੱਗਾ। ਓਹਦੀ ਬਹਿਣੀ ਤੋਂ ਲਗਦਾ ਸੀ ਓਹ ਰੋਜ਼ ਐਥੇ ਬਹਿੰਦਾ ਏ। ਓਹ ਅਰਮਾਨ ਨਾਲ਼, ਜੱਗ ਤੋਂ ਉੱਕਾ ਬੇਪਰਵਾਹ, ਨਿੱਠ ਕੇ ਬੈਠਾ ਸੀ। ਕਿਸੇ ਦਾ ਓਹਦੇ ਵਲ ਧਿਆਨ ਨਹੀਂ ਸੀ, ਜੂਸ ਵਾਲ਼ਾ ਮੁੰਡਾ ਇਕ ਵਾਰ ਵੀ ਓਸ ਕੋਲ਼ ਨਹੀਂ ਆਇਆ ਸੀ।

ਮੈਨੂੰ ਮੁਨੱਵਰ ਯਾਦ ਆ ਗਿਆ।

ਮੁਨੱਵਰ ਸਾਡਾ ਦੂਰ ਦਾ ਰਿਸ਼ਤੇਦਾਰ ਸੀ। ਮੇਰੇ ਪਿਓ ਦੇ ਚਚੇਰ ਦਾ ਪੁੱਤਰ। ਅਜੇ ਨਵੀਂ-ਨਵੀਂ ਪੰਜਾਬ ਦੀ ਵੰਡ ਹੋਈ ਸੀ। ਓਹਦੇ ਪਿਓ ਨੇ ਓਹਦੀ ਮਾਂ ਨੂੰ ਕਤਲ ਕਰ ਦਿੱਤਾ ਤੇ ਫਾਹੇ ਲੱਗ ਗਿਆ। ਐਹ ਸਾਡੀ ਹੋਸ਼ ਤੋਂ ਅਗਦੋਂ ਦੀਆਂ ਗੱਲਾਂ ਸਨ। ਐਹ ਕਤਲ ਸਾਡੇ ਕ੍ਰਿਸ਼ਨ ਨਗਰ ਨੂਰੀ ਬਿਲਡਿੰਗ ਲਾਗੇ ਘਰ ਵਿਚ ਹੋਇਆ। ਓਹਦੇ ਪਿਓ ਦੀ ਸੀ ਟਕਸਾਲੀ ਹੱਟੀ ਤੇ ਕਿਸੇ ਰੰਨ ਦਾ ਰੱਫੜ ਸੀ। ਓਸ ਮਨੱਵਰ ਦੀ ਮਾਂ ਤੋਂ ਗਹਿਣੇ ਮੰਗੇ ਤੇ ਓਸ ਦੇ ਨਾਹ ਦੇਵਣ ਉੱਤੇ ਕੁਹਾੜੀ ਨਾਲ ਓਹਦੀ ਧੌਣ ਲਾਹ ਦਿੱਤੀ। ਐਹ ਵਕੂਆ ਦੂਜੀ ਮੰਜ਼ਲੇ ਹੋਇਆ। ਲਹੂ ਦੀ ਲੀਕ ਪੌੜੀਆਂ ਤੋਂ ਹੇਠਾਂ ਲਹਿ ਗਲ਼ੀ ਤੀਕ ਆ ਗਈ। ਰੌਲ਼ਾ ਪੈ ਗਿਆ। ਓਹਦੀਆਂ ਦੋ ਹੋਰ ਭੈਣਾਂ ਵੀ ਸਨ। ਮਨੱਵਰ ਦਾ ਚਾਚਾ ਓਸ ਨੂੰ ਬੜਾ ਮਾਰਦਾ ਸੀ। ਓਹ ਘਰੋਂ ਨੱਸ ਗਿਆ। ਨਸ਼ੇ ਲੱਗ ਗਏ। ਇਕ ਭੈਣ ਵੀ ਕਿਸੇ ਨਾਲ਼ ਉੱਧਲ ਗਈ ਸੀ। ਜਦ ਕਈ

ਦਿਨਾਂ ਮਗਰੋਂ ਪਰਤੀ ਓਸ ਦਾ ਵਿਆਹ ਇਕ ਅਜੇਹੇ ਬੰਦੇ ਨਾਲ ਕਰ ਦਿੱਤਾ, ਜੇਹਦੇ ਅੱਗੇ ਵੀ ਕਿੰਨੇ-ਸਾਰੇ ਬਾਲ ਸਨ ਤੇ ਮੁੜ ਕਿੰਨੇ ਈ ਓਸ ਹੋਰ ਜੰਮੇਂ ਤੇ ਫੇਰ ਆਪ ਵੀ ਮਰ ਗਿਆ। ਕਈਆਂ ਜ਼ਨਾਨੀਆਂ ਦੀਆਂ ਕਹਾਣੀਆਂ ਈ ਰਹਿ ਜਾਂਦੀਆਂ ਨੇ ਓਹ ਆਪੋ ਨਹੀਂ ਰਹਿੰਦੀਆਂ।

ਕਹਿੰਦੇ ਸਨ ਮੁਨੱਵਰ ਲਾਟ ਸਾਹਿਬ ਦੇ ਦਫ਼ਤਰ ਸਾਹਮਣੇ ਕਿਤੇ ਬੈਠਾ ਰਹਿੰਦਾ ਏ। ਮੋਢੇ ਕੰਬਲ਼, ਦਾੜ੍ਹੀ ਵੱਧੀ ਹੋਈ, ਪੈਰੋਂ ਨੰਗਾ, ਮੂੰਹ ਉੱਤੇ ਰਾਲ਼ਾਂ ਤੇ ਮਿੱਟੀ ਜੰਮੀ ਹੋਈ। ਕਦੀ-ਕਦੀ ਓਹ ਸਾਡੇ ਘਰ ਆਉਂਦਾ ਸੀ। ਅਸੀਂ ਓਸ ਨੂੰ ਵੇਖ ਕੇ ਡਰ ਜਾਣਾ। ਮਿੱਟੀਓ-ਮਿੱਟੀ ਪਾਟੇ ਲੀੜੇ, ਧੂੜ ਦਾੜ੍ਹੀ। ਮੈਂ ਨਿੱਕਾ ਸਾਂ, ਪਰ ਝੱਟ ਹੱਟੀ ਤੋਂ ਸਾਬਣ ਦੀ ਨਵੀਂ ਟਿੱਕੀ ਤੇ ਬਲੇਡ ਲੈ ਕੇ ਆਵਣਾ। ਓਸ ਨਹਾਣਾ, ਸ਼ੇਵ ਕਰਨੀ ਤੇ ਮਾਂ ਨੇ ਅੱਬੀ ਦੇ ਸਾਂਭੇ ਕੱਪੜਿਆਂ ਵਿੱਚੋਂ ਓਸ ਨੂੰ ਨਵੇਂ ਕੱਪੜੇ ਦੇਣੇ। ਮਾਂ ਨੇ ਅੱਬੀ ਦੇ ਗੁਜ਼ਰਨ ਪਿੱਛੋਂ ਵੀ ਓਹਨਾਂ ਦੇ ਕੱਪੜੇ ਸਾਂਭੀ ਰੱਖੇ, ਜਿਹੜੇ ਮੈਂ ਵੀ ਵੱਡੇ ਹੋ ਕੇ ਪਾਏ ਸਨ। ਓਸ ਨਹਾਵਣ ਪਿੱਛੋਂ ਨਿੰਠ ਕੇ ਕਮਰੇ ਵਿਚ ਬਹਿ ਜਾਣਾ ਤੇ ਲੱਗਣਾ ਓਹ ਉੱਕਾ ਸਹੀ ਬੰਦਾ ਏ। ਐਸ ਤੋਂ ਪਿੱਛੋਂ ਓਸ ਰੱਜ ਰੋਟੀ ਖਾਵਣੀ, ਪਤਾ ਨਹੀਂ ਕਿੰਨੀਆਂ ਰੋਟੀਆਂ ਖਾਂਦਾ ਸੀ। ਓਸ ਖਾਈ ਜਾਣੀਆਂ ਤੇ ਮਾਂ ਪਕਾਈ ਜਾਣੀਆਂ। ਅਖ਼ੀਰ ਓਸ ਰੱਜ ਜਾਣਾ ਤੇ ਸਾਡੇ ਸਾਰੇ ਬਾਲਾਂ ਦੇ ਸਿਰਾਂ ਉੱਤੇ ਪਿਆਰ, ਬੜੀ ਅਪਣੱਤ ਨਾਲ਼ ਦੁਆ ਦੇਣੀ ਤੇ ਤੁਰ ਜਾਣਾ। ਜਦ ਮੈਂ ਕਾਲਜ ਜਾਣਾ ਛੋਹਿਆ, ਮੈਂ ਓਸ ਨੂੰ ਇਕ ਦੋ ਵਾਰ ਲਾਟ ਸਾਹਿਬ ਦੀ ਕਿਸੇ ਨੁੱਕਰੇ ਬੈਠੇ ਤੱਕਿਆ ਸੀ; ਪਰ ਗੱਲ ਕਰਨ ਦਾ ਜੇਰਾ ਨਾਹ ਹੋਇਆ। ਕੰਬਲ਼ ਵਿੱਚੋਂ ਓਸ ਦੀਆਂ ਅੱਖਾਂ ਚਾਰੇ ਪਾਸੇ ਘੁੰਮਦੀਆਂ। ਮੈਨੂੰ ਹੁਣ ਓਹਦੀਆਂ ਅੱਖਾਂ ਈ ਚੇਤੇ ਰਹਿ ਗਈਆਂ ਸਨ।

ਪਰ ਏਸ ਦੀਆਂ ਅੱਖਾਂ ਮੈਨੂੰ ਕਲ਼ਾਵੇ ਵਿਚ ਲੈ ਲਿਆ। ਫ਼ੁੱਟਪਾਥ ਉੱਤੇ ਠਠੰਬਰਿਆ ਖਲੋਤਾ ਰਿਹਾ। ਮਾਲ ਰੋਡ ਵਗਦੀ ਪਈ ਸੀ। ਅਚਨਚੇਤ ਮੈਂ ਸਿੱਧਾ ਮੂੰਹ ਕੀਤਾ ਤੇ ਚੌਕ ਟੱਪ ਕੇ ਨਵੀਂ ਉਸਾਰੀ ਟੋਲਿੰਟਣ ਕੋਲ ਜਾ ਖਲੋਤਾ। ਮੈਂ ਪਿਛਾਂਹ ਮੁੜ ਵੇਖਣੋਂ ਨਾਹ ਰਹਿ ਸਕਿਆ। ਓਸਦੀਆਂ ਅੱਖਾਂ ਮੈਨੂੰ ਸਾਹਮਣੇ ਦਿਸੀਆਂ। ''ਤੁਰ ਜਾ, ਤੂੰ ਖ਼ਿਆਲ ਨਹੀਂ ਕੀਤਾ, ਅਣਹੋਇਆਂ ਦਾ, ਮੈਂ ਇਕ ਨਹੀਂ, ਹਜ਼ਾਰ ਲੱਖ ਕਰੋੜ ਆਂ। ਮੈਂ ਤੇਰੇ ਨਾਲ਼ ਈ ਰਹਿਆ ਆਂ। ਥੱਲੇ ਥੱਲੇ, ਅਚੇਤ ਵਿਚ, ਕੁਚੇਤ ਵਿਚ। ਹਰ ਥਾਂ ਗ਼ੈਬ, ਹਰ ਥਾਂ ਹਾਜ਼ਰ। ਹਰ ਥਾਂ ਚੁੱਪ, ਹਰ ਥਾਂ ਘੁੱਪ। ਗ਼ਲੀਓਂ ਗ਼ਲੀ, ਸ਼ਹਿਰੋਂ ਸ਼ਹਿਰ, ਮੁਲਕੋਂ ਮੁਲਕ, ਦੇਸ ਵੀ ਪਰਦੇਸ ਵੀ।''

''ਚੇਤੇ ਕਰ ਮੈਨੂੰ ਤੈਨੂੰ ਰੋਮ ਵਿਚ ਮੈਟਰੋ ਟਰੇਨ ਦੀ ਅੰਡਰਗਰਾਊਂਡ ਵਿਚ ਵੀ ਮਿਲ਼ਿਆ ਸਾਂ।''

ਚਾਲ਼ੀ ਵਰ੍ਹੇ ਪੁਰਾਣੀ ਵਾਪਰੀ ਤੇ ਮੈਨੂੰ ਓਹ ਚੇਤੇ ਆ ਗਿਆ। ਮੈਂ ਓਹਨੂੰ ਵੇਖ ਕੇ ਬੜਾ ਹਰਾਨ ਹੋਇਆ ਸਾਂ। ਅਜੇ ਠੰਢੀ ਲਾਮ ਮੁੱਕੀ ਨਹੀਂ ਸੀ, ਪਰ ਦੁਨੀਆ ਬਦਲ ਰਹੀ ਸੀ। ਇਰਾਨੀ ਸ਼ਹਿਨਸ਼ਾਹ ਦਾ ਰਾਜ ਅਖ਼ੀਰੀ ਦਮਾਂ ਉੱਤੇ ਸੀ। ਪਰ ਸਾਡੇ ਵਰਗੇ ਮੁਲਕਾਂ ਦੇ ਮਾੜੇ ਮੁੰਡੇ ਯੌਰਪ ਅੰਦਰ ਤੁਰਕੀ ਦੇ ਬੂਹੇ ਰਾਹੀਂ ਵੜਦੇ ਪਏ ਸਨ। ਅਸੀਂ ਸੜਕੋਂ-ਸੜਕੀਂ ਲਹੌਰੋਂ ਚੱਲੇ ਤੇ ਦੋ ਹਫ਼ਤੇ ਵਿਚ ਰੋਮ ਅੱਪੜ ਗਏ। ਅੱਗੋਂ ਕਿਸੇ ਮੁਲਕ ਦਾ ਵੀ ਵੀਜ਼ਾ ਨਾਹ ਮਿਲਿਆ। ਪੈਸੇ ਮੁੱਕੇ ਤੇ ਅਸੀਂ ਫ਼ੁੱਟਪਾਥ ਉੱਤੇ। ਦਿਨ ਤਾਂ ਕਿਵੇਂ ਲੰਘ ਜਾਣਾ, ਪਰ ਰਾਤ ਨੂੰ ਠੰਢ ਵਧ ਜਾਣੀ। ਅਸਾਂ ਅੰਡਰਗਰਾਊਂਡ ਵਿਚ ਸੌਣਾ। ਐਥੇ ਰਾਤੀਂ ਕਈ ਸੌ ਬੰਦੇ ਸੌਂਦੇ ਸਨ। ਕਾਲ਼ੇ ਅਫ਼ਰੀਕਾ ਦੇ ਵੰਨ-ਸੁਵੰਨੇ ਮੁਲਕਾਂ ਦੇ, ਏਸ਼ੀਆ, ਉੱਤਰੀ ਅਫ਼ਰੀਕਾ ਦੇ। ਇਕ ਵੇਲੇ ਵਿਚ ਤੀਹ ਤੋਂ ਵੱਧ ਮੁਲਕਾਂ ਦੇ ਲੋਕ ਹੋਂਦੇ ਸਨ। ਅਸੀਂ ਗੱਤੇ ਦੇ ਡੱਬਿਆਂ ਉੱਤੇ ਸੌਂਨੇ ਸਾਂ। ਜੇਹੜੇ ਵੱਡੀਆਂ ਹੱਟੀਆਂ ਤੋਂ ਬਾਹਰ ਪਏ ਮਿਲ਼ ਜਾਂਦੇ ਸਨ।

ਅੱਧ ਰਾਤੀਂ ਅੰਡਰਗਰਾਊਂਡ ਵਿਚ ਦਿਨ ਚੜ੍ਹਿਆ ਹੋਂਦਾ ਸੀ। ਕਾਲ਼ਿਆਂ ਹੱਥ ਵਿਚ ਦਾਰੂ ਦੀਆਂ ਬੋਤਲਾਂ ਫੜੀਆਂ ਹੋਣੀਆਂ ਤੇ ਗੱਤਿਆਂ ਉੱਤੇ ਬਹਿ ਉੱਚੀ-ਉੱਚੀ ਗੱਲਾਂ ਕਰਦਿਆਂ ਹੋਣਾ। ਹਾਸਾ-ਠੱਠਾ ਵੀ ਲੱਗਿਆ ਰਹਿਣਾ। ਕਦੀ-ਕਦੀ ਪੁਲਸ ਵੀ ਆ ਜਾਣੀ। ਉਦੋਂ ਯੌਰਪ ਵਿਚ ਪਾਰਕਾਂ ਤੇ ਸੜਕਾਂ ਉੱਤੇ ਸੌਣ ਦੀ ਮਨਾਹੀ ਨਹੀਂ ਸੀ। ਹੌਲ਼ੀ-ਹੌਲ਼ੀ ਲੋਕਾਂ ਨੂੰ ਕੰਮ ਮਿਲ਼ ਜਾਣਾ ਤੇ ਓਹਨਾਂ ਗ਼ੈਬ ਹੋਈ ਜਾਣਾ, ਪਰ ਮੁੜ ਐਨੇ ਈ ਬੰਦੇ ਹੋਰ ਆਈ ਜਾਣੇ। ਰਾਤ ਨੂੰ -ਕਈ ਬੰਦੇ ਕਾਰਾਂ ਵਿਚ ਐਹਨਾਂ ਫ਼ੁੱਟਪਾਥੀਆਂ ਨੂੰ ਮਿਲਣ ਆਂਦੇ ਸਨ, ਜੇਹੜੇ ਐਹਨਾਂ ਦੇ ਰਿਸ਼ਤੇਦਾਰ ਜਾਪਦੇ ਸਨ ਤੇ ਖਾਵਣ ਆਲ਼ੀਆਂ ਸ਼ੈਵਾਂ ਤੇ ਦਾਰੂ ਦੀਆਂ ਬੋਤਲਾਂ ਦੇ ਜਾਂਦੇ ਸਨ। ਵਿਚ-ਵਿਚ ਮੁਕਾਮੀ ਬੰਦਿਆਂ ਵੀ ਹੋਣਾ। ਅੱਧਖੜ੍ਹ ਸ਼ਰਾਬੀ, ਬੋ ਮਾਰਦੀਆਂ ਜ਼ਨਾਨੀਆਂ ਤੇ ਕਈ ਬੰਦੇ ਐਹਨਾਂ ਨਾਲ਼ ਵੀ ਠਰਕ ਝਾੜ ਲੈਂਦੇ ਸਨ। ਪਰ ਓਹ ਵੀ ਓਨੇ ਈ ਨਸ਼ੇ ਵਿਚ ਹੋਂਦੇ ਸਨ। ਵਿਚ-ਵਿਚ ਇਕ ਅੱਧੀ ਜੁਆਨ ਕੁੜੀ ਵੀ ਹੋਣਾ। ਝੱਲੀ ਜਾਂ ਖ਼ਬਰੇ ਕੀਹ ਵਾਪਰੀ ਤੇ ਓਹ ਘਰੋਂ ਬੇਘਰ ਹੋ ਗਈ। ਓਹਦੇ ਦੁਆਲ਼ੇ ਕਈ ਬੰਦੇ ਹੋਂਦੇ ਸਨ ਤੇ ਓਹਨੂੰ ਘੇਰਨ ਦੀ ਕਰਦੇ ਰਹਿੰਦੇ ਸਨ। ਪਰ ਓਸ ਦਾਰੂ ਮਾਰੀ ਨੂੰ ਕੋਈ ਹੋਸ਼ ਨਹੀਂ ਹੋਂਦੀ ਸੀ।

ਓਥੇ ਈ ਓਹ ਮੈਨੂੰ ਟੱਕਰਿਆ। ਅਸੀਂ ਅਪਣੇ-ਅਪਣੇ ਗੱਤੇ ਵਿਛਾ ਕੇ ਬੈਠੇ ਹੋਏ ਸਾਂ। ਸ਼ੌਕੀ ਸਮੁੰਦਰੀ ਜਹਾਜ਼ ਦੀ ਨੌਕਰੀ ਦੀ ਸ਼ਾਹ ਬਣਾ ਰਹਿਆ ਸੀ। ਹਕੀਮ ਸਾਹਿਬ ਜਰਮਨੀ ਅਪਣੇ ਭਰਾ ਕੋਲ਼ ਪੁੱਜਣਾ ਚਾਹੁੰਦੇ ਸਨ। ਓਸ ਲੰਮਾ ਓਵਰਕੋਟ ਪਾਇਆ ਹੋਵੇ ਤੇ ਵਾਲ਼ ਖਿਲਰੇ ਸਨ। ਥੱਲੇ ਸਵੈਟਰ ਵੀ ਪਾਇਆ ਹੋਇਆ ਸੀ। ਓਹ ਟੁੰਣ ਸੀ ਤੇ ਡੋਲਦਾ ਡਿਗਦਾ ਆਉਂਦਾ ਪਿਆ ਹੋਵੇ। ਓਸ ਗੱਤਿਆਂ ਉੱਤੇ ਲੰਮੇ ਪਿਆਂ ਦਾ ਪੂਰਾ ਗੇੜਾ ਲਾਇਆ ਤੇ ਮੁੜ ਸਾਡੇ ਸਾਹਮਣੇ ਖਲੋਣ ਦੀ ਕੀਤੀ, ਜਾਪੇ ਹੁਣੇ ਡਿਗ ਪੈਸੀ। ਬਹੁੰ ਪਤਲਾ ਜੇਹਾ ਸਰੀਰ; ਪਰ ਵਿੰਨ੍ਹਦੀਆਂ ਤ੍ਰਿੱਖੀਆਂ ਅੱਖਾਂ। ਅਜੇਹਾਂ ਸਾਰਿਆਂ ਦੀਆਂ ਅੱਖਾਂ ਇੱਕੋ-ਜੇਹੀਆਂ ਕਿਵੇਂ ਹੋਂਦੀਆਂ ਨੇ? ਸਾਡੇ ਨਾਲ਼ ਸੌਂਦਾ ਮਿਸਰੀ ਮੁਹੰਮਦ ਝੱਟ ਬੋਲਿਆ, ''ਪਾਕਿਸਤਾਨੀ ਏ।'' ਓਸ ਵੀ ਐਹ ਸੁਣ ਲਿਆ ਤੇ ਸਾਡੇ ਵਲ ਇੰਜ ਤੱਕਿਆ, ਜਿਵੇਂ ਬਹੁਤ ਦੁਖੀ ਹੋ ਗਿਆ ਹੋਵੇ। ਮੈਂ ਓਸ ਨੂੰ ਝਬਦੇ ਸਿਹਾਣਨ ਦੀ ਕੀਤੀ। ਓਹ ਲਹੌਰ ਦੀ ਕਿਸੀ ਵੀ ਗ਼ਲੀ ਦਾ ਮੁੰਡਾ ਹੋ ਸਕਦਾ ਸੀ। ਸਾਡੇ ਸਾਰਿਆਂ ਉੱਤੋਂ ਡਰ ਦਾ ਪਰਛਾਵਾਂ ਲੰਘ ਗਿਆ। ਸਾਰਿਆਂ ਦੇ ਦਿਲ ਵਿਚ ਐਹੋ ਸੁਆਲ ਸੀ। ਕੀਹ ਅਸੀਂ ਵੀ ਕੁਝ ਵੇਲੇ ਪਿੱਛੋਂ ਇੰਜ ਦੇ ...। ਓਹ ਸਾਡੇ ਸਾਹਮਣੇ ਹੀ ਬਹਿ ਗਿਆ ਤੇ ਅਪਣੇ ਓਵਰਕੋਟ ਦੇ ਬੋਝੇ ਵਿੱਚੋਂ ਖ਼ਾਕੀ ਕਾਗਤ ਵਿਚ ਬਹੁੰ ਸੁਆਰ ਕੇ ਰੱਖਿਆ ਸੁੱਕਾ-ਜੇਹਾ ਬਰਗਰ ਕੱਢਿਆ ਤੇ

ਹੌਲ਼ੀ-ਹੌਲ਼ੀ ਖਾਵਣ ਲੱਗ ਪਿਆ। ਦਾਰੂ ਦੀ ਬੋਤਲ ਓਸ ਸਾਡੇ ਅੱਗੇ ਕਰ ਦਿੱਤੀ। ਬੜੀ ਤੇਜ਼ ਬਰਾਂਡੀ ਸੀ। ਪਰ ਅਸਾਂ ਇਕ-ਇਕ ਘੁੱਟ ਭਰ ਲਿਆ। ਐਸ ਨੇ ਓਸ ਨੂੰ ਰਾਜ਼ੀ ਕਰ ਦਿੱਤਾ। ਓਹਦੇ ਡਰ ਪਾਰੋਂ ਸਾਨੂੰ ਨਾਹ ਕਰਨ ਦਾ ਜੇਰਾ ਵੀ ਕਿੱਥੇ ਸੀ।

ਬਰਗਰ ਖਾ ਓਸ ਬੋਤਲ ਚੁੱਕੀ ਤੇ ਉੱਠ ਖਲੋਤਾ। ਕੁਝ ਚਿਰ ਸਾਨੂੰ ਵੇਖਦਾ ਰਹਿਆ ਤੇ ਮੁੜ ਮੇਰੇ ਸਾਹਮਣੇ ਆ ਖਲੋਤਾ ਤੇ ਅਪਣੀਆਂ ਅੱਖਾਂ ਮੇਰੀਆਂ ਅੱਖਾਂ ਵਿਚ ਗੱਡ ਦਿੱਤੀਆਂ। ਜਿਵੇਂ ਕੋਈ ਪੁਰਾਣੀ ਸਿਹਾਣ ਤੇ ਸਾਂਗਾ ਹੋਵੇ ਯਾਂ ਖਬਰੇ ਕੀਹ ਲੱਭਦਾ ਪਿਆ ਸੀ, ਓਸ ਮਤੇ ਜ਼ੋਰ ਨਾਲ਼ ਕੀਹ ਆਖਿਆ ਓਹਦੀਆਂ ਰਾਲ਼ਾਂ ਵਗ ਪਈਆਂ। ਮਿਸਰੀ ਮੁਹੰਮਦ ਮੈਨੂੰ ਸੈਨਤ ਕੀਤੀ ਪਈ ਪੈਸੇ ਮੰਗਦਾ ਪਿਆ ਏ। ਮੈਂ ਕੁਝ ਨੁੱਕਰੇ ਲਾਏ ਲੀਰੇ (ਇਟਲੀ ਦੀ ਕਰੰਸੀ) ਓਹਨੂੰ ਫੜਾਣ ਲਈ ਅਗਾਂਹ ਹੋਇਆ, ਓਸ ਜ਼ੋਰ ਦੀ ਹੱਥ ਘੁਮਾਇਆ, "ਜਾ, ਚਲਾ ਜਾ, ਕੰਮ ਆਣਗੇ ਤੇਰੇ, ਮਾਵਾਂ ਰੋਂਦੀਆਂ ਨੇ, ਪੁੱਤਰ ਤੁਰ ਗਏ ਨੇ, ਚਲਾ ਜਾ, ਪੈਸੇ ਮੁੱਕ ਜਾਣੇ ਨੇ, ਜੇਹੜਿਆਂ ਬੂਹਿਆਂ ਵਿਚ ਕਿਸੇ ਨੂੰ ਉਡੀਕਦਾ ਛੱਡ ਅਇਆਂ ਏਂ, ਓਹ ਪੁਰਾਣੇ ਹੋ-ਹੋ ਢਹਿ ਜਾਣੇ ਨੇ, ਚਲਾ ਜਾ, ਚਲਾ ਜਾ, ਚਲਾ ਜਾ।" ਤੇ ਓਹ ਰੁੱਸਿਆ-ਜੇਹਾ, ਬਿਨਾ ਪੈਸੇ ਲਿਆਂ ਅਪਣੇ ਡੋਲਦੇ ਪੈਰਾਂ ਉੱਤੇ ਡਿਗਦਾ-ਢਹਿੰਦਾ ਹੂਕਦਾ ਤੁਰ ਗਿਆ । ਲੰਮਾ ਉਹਦਾ ਕੱਦ ਬੁੱਤ ਤੇ ਕਦੀ ਸੋਹਣਾ ਗੱਭਰੂ ਹੋਣਾ ਏ। ਅੱਖਾਂ ਓਹਦੀਆਂ ਈ ਯਾਦ ਰਹਿ ਗਈਆਂ। ਜਿਵੇਂ ਬਹੁਤ ਦੂਰ ਤੀਕ ਵੇਖਣ ਦਾ ਆਹਰ ਕਰਦੀਆਂ ਹੋਵਣ ਤੇ ਮੁੜ ਅਚਨਚੇਤ ਨਿੰਮੋਝਾਣ। ਜਿਵੇਂ ਓਹ ਸਾਰੇ ਪੰਧ ਨੂੰ ਤੱਕਦਾ ਹੋਵੇ, ਜੋ ਓਸ ਲਹੌਰੋਂ ਐਥੇ ਤੀਕ ਦਾ ਕੀਤਾ ਤੇ ਕੰਧ ਬਣ ਗਿਆ।

ਐਹਦੀਆਂ ਅੱਖਾਂ ਵਿਚ ਅੱਜ ਸਾਰੀਆਂ ਅੱਖਾਂ ਇਕੱਠੀਆਂ ਹੋ ਗਈਆਂ ਨੇ। ਕਾਫ਼ੀ ਚਿਰ ਹੋ ਗਿਆ ਹੋਣਾ ਏ ਤੇ ਸ੍ਹਾਮ ਲੱਥ ਪਈ । ਸਾਰਾ ਦਿਨ ਸੂਰਜ ਤੇ ਬੱਦਲਾਂ ਦੀ ਲੁਕਣਮੀਟੀ ਪਾਰੋਂ ਸ਼ਾਮ ਕੁਝ ਠੰਢੀ ਸੀ, ਇਕ ਪਲ ਲਈ ਹਰ ਸ਼ੈਅ ਦੀ ਹੋਂਦ ਮੁੱਕ ਜੇਹੀ ਗਈ, ਸ਼ੈਵਾਂ ਅਝਕ ਗਈਆਂ। ਸੜਕ ਸੱਖਣੀ ਹੋਈ ਤੇ ਫੇਰ ਭਰ ਗਈ। ਸੁਰਮੇਰੰਗੀ ਸ਼ਾਮ ਵਿਚ ਉਹ ਕਦੀ ਨੁਕਤੇ ਵਾਂਗ ਦਿਸਦਾ ਤੇ ਫੇਰ ਓਹਦੀਆਂ ਅੱਖਾਂ ਦੀ ਲਿਸ਼ਕ ਮੈਨੂੰ ਡੱਕ ਲੈਂਦੀ। ਓਸ ਮੈਨੂੰ ਪੂਰੀ ਤਰ੍ਹਾਂ ਸੀ ਨੱਪ ਲਿਆ ਮੈਂ ਓਹਦੀਆਂ ਅੱਖਾਂ ਦੇ ਕ਼ਲਾਵੇ ਵਿਚ ਸਾਂ, ਓਹਦੀ ਤੱਕਣੀ ਦੀ ਕੈਦ ਵਿਚ। ਐਹ ਕੀਕੜਾ ਬਣਿਆ ਕਿਸੇ ਬੈਂਚ ਥੱਲੇ ਲੁਕ ਸੌਂ ਜਾਏਗਾ ਤੇ ਮੈਂ ਐਥੇ ਈ ਖੜ੍ਹਾ ਰਵ੍ਹਾਂਗਾ।

ਹੁਣ ਰਾਤ ਲੱਥ ਪਈ ਸੀ। ਖਬਰੇ ਪੁਰਾਣੀ ਅਨਾਰਕਲੀ ਦੀ ਢਾਣੀ ਹੁਣ ਬਹਿੰਦੀ ਏ ਯਾਂ ਮੁੱਕ ਗਈ ਏ। ਉਦੋਂ ਤਾਂ ਕਿੰਨੀਆਂ ਈ ਢਾਣੀਆਂ ਸਨ। ਉਦੋਂ ਨਾਹ ਐਨੇ ਰੇੜ੍ਹੀਆਂ ਵਾਲ਼ੇ ਸਨ, ਨਾਹ ਐਨੀਆਂ ਕੱਪੜਿਆਂ ਤੇ ਬੂਟਾਂ ਦੀਆਂ ਹੱਟੀਆਂ। ਨਾਹ ਐਨੀਆਂ ਖਾਵਣ ਦੀਆਂ ਵੀ। ਪ੍ਰੋਫ਼ੈਸਰ ਦੀ ਢਾਣੀ ਹੋਂਦੀ ਸੀ, ਫੇਰ ਆਰਟਸ ਕਾਲਜ ਦੇ ਪੜ੍ਹਿਆਰਾਂ ਦੀ, ਹੋਸਟਲਾਂ ਦੇ ਪੜ੍ਹਿਆਰਾਂ ਦੀ। ਸਾਰੀ ਰਾਤ ਚਾਹਵਾਂ ਚੱਲਣੀਆਂ, ਗੱਲਾਂ ਦੇ ਹੜ੍ਹ, ਹਾਸੇ ਤੇ ਠੱਠੇ, ਤਵੇ ਲੱਗਣੇ ਤੇ ਜੇਹਦਾ ਬਹੁਤਾ ਲੱਗਣਾ ਸਾਰੀਆਂ ਢਾਣੀਆਂ ਵਿਚ ਓਹਦੀ ਗੱਲ ਇਕ ਪਲ ਵਿਚ ਖਿਲਰ ਜਾਣੀ। ਪਰ ਕੋਈ ਕਦੀ ਰੁੱਸ ਕੇ ਨਹੀਂ ਉੱਠਿਆ ਸੀ। ਹਰ ਢਾਣੀ ਦਾ ਇਕ ਚੌਧਰੀ ਹੋਣਾ; ਓਸ ਸਾਰਿਆਂ ਨੂੰ ਚਾਹ ਪੁੱਛਣੀ ਤੇ ਅਖ਼ੀਰ ਉੱਠਣ ਲੱਗਿਆਂ ਕਹਿਣਾ: ਕੱਢੋ ਪਈ ਕਿੰਨੇ ਕਿੰਨੇ ਪੈਸੇ ਜੇ। ਕਈਆਂ ਕੋਲ਼ ਇਕ ਧੇਲਾ ਵੀ ਨਾਹ ਹੋਣਾ ਤੇ ਇਕ ਨੇ ਸਾਰਿਆਂ ਦੇ ਪੈਸੇ ਤਾਰ ਦੇਣੇ। ਉਚੇਚ ਐਸ ਨੂੰ ਕਿਸ ਨੇ ਕੀਹ ਗੱਲ ਕੀਤੀ ਏ? ਕੌਣ ਕਿੰਨਾ ਪੜ੍ਹਿਆ-ਲਿਖਿਆ ਏ? ਕੌਣ ਸਿਆਣਾ ਏ?

ਮੈਨੂੰ ਐਥੇ ਖੜ੍ਹੇ ਨੂੰ ਕਿੰਨਾ ਚਿਰ ਹੋ ਗਿਆ ਏ। ਆਵਾਜਾਈ ਘਟਣ ਲੱਗ ਪਈ ਏ। ਜਿੱਥੇ ਓਹ ਬੈਠਾ ਏ ਰੁੱਖਾਂ ਪਿੱਛੇ ਓਹਦਾ ਖਿਆਲ ਈ ਏ, ਨਿੰਮ੍ਹੇ ਚਾਨਣ ਵਿਚ ਓਹ ਦਿਸਦਾ ਨਹੀਂ ਪਿਆ।

ਐਹ ਤਾਂ ਮੈਨੂੰ ਰੋਲ਼ ਦਏਗਾ, ਮੈਨੂੰ ਪਿੱਛੇ ਮੁੜ ਕੇ ਨਹੀਂ ਵੇਖਣਾ ਚਾਹੀਦਾ। ਮੂੰਹ ਸਿੱਧਾ ਕਰਾਂ ਤੇ ਤੁਰ ਜਾਵਾਂ। ਹੌਲ਼ੀ-ਹੌਲ਼ੀ ਹਵਾ ਤ੍ਰਿੱਖੀ ਹੋਵਣ ਲਗਦੀ ਏ ਤੇ ਠੰਢ ਵਧ ਜਾਂਦੀ ਏ। ਪਰ ਜਾਪਦਾ ਏ ਰਾਤ ਪਾਰੋਂ ਬੱਦਲ ਜਿੱਤ ਗਏ ਨੇ ਤੇ ਹਵਾ ਵਿਚ ਗਿੱਲ ਵਧ ਜਾਂਦੀ ਏ। ਤੇਜ਼ ਹਵਾ ਦਾ ਬੁੱਲਾ ਮੇਰੇ ਮੂੰਹ ਉੱਤੇ ਵੱਜਦਾ ਏ ਤੇ ਧੂੜ ਉਡਾ ਜਾਂਦਾ ਏ। ਹਵਾ ਅੰਨ੍ਹੇਰੀ-ਜੇਹੀ ਬਣਨ ਲੱਗ ਪੈਂਦੀ ਏ। ਗੱਡੀਆਂ ਦਾ ਵੱਗ ਘਟ ਜਾਂਦਾ ਏ। ਧੂੜ ਤੇ ਨਿੰਮ੍ਹੇ ਚਾਨਣ ਵਿਚ ਵਗਦੀਆਂ ਗੱਡੀਆਂ ਚਿੱਤਰਕਾਰ ਦੀ ਮੂਰਤ ਵਾਂਗ ਲਗਦੀਆਂ ਨੇ। ਅੰਨ੍ਹੇਰੀ ਦੇ ਆਵਣ ਨਾਲ ਈ ਹੱਟਵਾਣੀਏਂ ਬੂਹੇ ਭੇੜ ਲੈਂਦੇ ਨੇ, ਜੂਸ ਦੀ ਹੱਟੀ ਖ਼ਾਲੀ ਹੋ ਜਾਂਦੀ ਏ, ਓਥੇ ਹੁਣ ਪਲਾਸਟਿਕ ਦੀਆਂ ਕੁਰਸੀਆਂ ਤੇ ਮੇਜ਼ਾਂ ਈ ਨੇ। ਤੇ ਮੈਨੂੰ ਪੁਰਾਣਾ ਬੋਹੜ ਤੇ ਪਿੱਪਲ਼ ਤ੍ਰਿੱਖੀ ਹਵਾ ਵਿਚ ਪਹਿਲੀ ਵਾਰ ਦਿਸਦੇ ਨੇ, ਐਹ ਕਿੰਜ ਬਚ ਗਏ ਕਤਲਾਮ ਤੋਂ। ਅਚਨਚੇਤ ਪਟਾਕਾ ਵੱਜਦਾ ਏ ਤੇ ਬੱਤੀ ਚਲੀ ਜਾਂਦੀ ਏ। ਤੇਜ਼ ਮੀਂਹ ਪੈਣ ਲੱਗ ਪੈਂਦਾ ਏ। ਸੈਕਲਾਂ ਮੋਟਰਸੈਕਲਾਂ ਆਲ਼ੇ, ਪੈਦਲ ਗ਼ੈਬ ਹੋ ਜਾਂਦੇ ਨੇ। ਸੜਕ ਉੱਤੇ ਨਿਰੀਆਂ ਕਾਰਾਂ ਈ ਹੌਲ਼ੀ-ਹੌਲ਼ੀ ਲੰਘ ਰਹੀਆਂ ਨੇ।

ਮੈਂ ਓਹਦੇ ਵੱਲ ਝਾਤੀ ਮਾਰਨਾਂ ਪਰ ਮੈਨੂੰ ਕੁਝ ਨਜ਼ਰੀਂ ਨਹੀਂ ਆਉਂਦਾ। ਓਥੇ ਘੁੱਪ ਅੰਨ੍ਹੇਰਾ ਏ ਤੇ ਵਗਦੀਆਂ ਗੱਡੀਆਂ ਦੀਆਂ ਲਾਈਟਾਂ ਪਾਰੋਂ ਨਿੰਮ੍ਹਾ-ਜੇਹਾ ਚਾਨਣ ਹੋਂਦਾ ਏ ਤੇ ਮੁੱਕ ਜਾਂਦਾ ਏ। ਨਵੀਂ ਉੱਸਰੀ ਟੋਲਿੰਟਨ ਦੇ ਲੱਕੜ ਦੇ ਛੱਜੇ ਥੱਲੇ ਕਿੰਨੇ ਈ ਬੰਦੇ ਮੀਂਹ ਬੰਦ ਹੋਵਣ ਦੀ ਉਡੀਕ ਵਿਚ ਹਨ। ਮੈਂ ਛੱਜੇ ਦੇ ਥੱਲਿਓਂ ਥੱਲੇ ਗੋਲ਼ ਬਾਗ਼ ਵੱਲ ਖਿਸਕਣ ਲੱਗ ਪੌਂਦਾ ਆਂ। "ਲੰਘ ਜਾ, ਲੰਘ ਜਾ," ਮੈਨੂੰ ਪਤਾ ਏ ਹੁਣੀ ਕੁਝ ਚਿਰ ਪਿੱਛੋਂ ਮਾਲ ਰੋਡ ਦੇ ਫ਼ੁੱਟਪਾਥ, ਗੋਲ਼ ਬਾਗ਼ ਤੇ ਭਾਟੀ ਦਾਤਾ ਸਾਹਿਬ ਦੇ ਫ਼ੁਟਪਾਥਾਂ ਇੱਕਮਿੱਕ ਹੋ ਜਾਣਾ ਏ ਤੇ ਐਥੇ ਜਹਾਜ਼ਾਂ ਨਸ਼ੇਬਾਜ਼ਾਂ, ਦਿਹਾੜੀ-ਮਾਰਿਆਂ ਮਾੜਿਆਂ ਮਜ਼ਦੂਰਾਂ ਨਾਲ਼ ਭਰ ਜਾਣੇ ਨੇ। ਮੈਂ ਪਿੱਛੇ ਮੁੜ ਕੇ ਨਹੀਂ ਵੇਖਦਾ ਤੇ ਸਿੱਧਾ ਤੁਰੀ ਜਾਨਾ ਆਂ। ਪਾਰਕਿੰਗ ਵਿਚ ਇਕੱਲੀ ਮੇਰੀ ਗੱਡੀ ਖੜ੍ਹੀ ਏ।

ਮੈਂ ਜਦ ਗੱਡੀ ਮੋੜ ਕੇ ਸੜਕ ਦੇ ਦੂਜੇ ਪਾਸਿਓਂ ਓਹਦੇ ਸਾਹਮਣਿਓਂ ਲੰਘਦਾ ਆਂ, ਸੁੰਞ ਮਸਾਣ ਏ, ਉੱਕਾ ਅੰਨ੍ਹੇਰਾ, ਅੰਨ੍ਹੇਰੀ ਝੁੱਲੇ ਪਈ, ਗੱਡੀਆਂ ਦੀਆਂ ਲਾਈਟਾਂ ਦਾ ਨਿੰਮ੍ਹਾ ਚਾਨਣ ਤਿਲਕਦਾ ਲੰਘੀ ਜਾਂਦਾ ਏ, ਓਹ ਨਜ਼ਰੀਂ ਨਹੀਂ ਪੈਂਦਾ, ਪੀਜੋ ਦਾ ਚੌਕ ਟੱਪਦਾ ਆਂ ਤੇ ਰੋਣ ਦੀ ਵਾਜ ਆਂਦੀ ਏ ਤੇ ਕੁਝ ਥੱਲੇ ਡਿੱਗਣ ਦੀ। ਮੈਂ ਗੱਡੀ ਦੀ ਸਪੀਡ ਤੇਜ਼ ਕਰ ਦੇਂਦਾ ਆਂ।

*ਸ੍ਵੈ-ਜੀਵਨੀ ਅੰਸ਼*

# ਪ੍ਰਕਾਸ਼ਨ ਜਗਤ ਵਿਚਲੇ ਕੁਝ ਦੋਸਤ

## ਐੱਸ. ਬਲਵੰਤ

ਪ੍ਰਕਾਸ਼ਨ ਜਗਤ ਦੇ ਦੋਸਤਾਂ ਨਾਲ ਬਿਤਾਏ ਪਲਾਂ ਵਾਲਾ ਮੇਰਾ ਸਮਾਂ ਬਹੁਤ ਖੂਬਸੂਰਤ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਮੇਰੀ ਸ਼ੁਰੂ ਕੀਤੀ ਅਜੰਤਾ ਪਬਲੀਕੇਸ਼ਨਜ਼ ਵਲੋਂ ਪ੍ਰਕਾਸ਼ਿਤ ਕਿਤਾਬਾਂ ਚਰਚਾ ਦਾ ਵਿਸ਼ਾ ਬਣਨੀਆਂ ਸ਼ੁਰੂ ਹੋਈਆਂ, ਤੇ ਇਸ ਦੇ ਕੰਮ ਕਾਜ ਬਾਰੇ ਅਖਬਾਰਾਂ ਰਾਹੀਂ ਮੇਰੀ ਤੇ ਉਹਨਾਂ ਦੀ ਥੋਹੜੀ ਬਹੁਤ ਚੜ੍ਹਤ ਆਈ। ਇਸ ਨੂੰ ਦੇਖਦਿਆਂ ਭਾਰਤੀ ਪ੍ਰਕਾਸ਼ਕਾਂ ਵਲੋਂ ਬਣਾਈ ਹਿੰਦੁਸਤਾਨ ਦੀ ਸਿਰਮੌਰ ਸੰਸਥਾ ਦੀ ਫੈਡਰੇਸ਼ਨ ਆਫ ਇੰਡੀਅਨ ਪਬਲਿਸ਼ਰਜ (ਐਫ ਆਈ ਪੀ), ਵਲੋਂ ਮੈਨੂੰ ਆਪਣੀਆਂ ਸੇਵਾਵਾਂ ਦੇਣ ਲਈ ਪੇਸ਼ਕਸ਼ ਕੀਤੀ ਗਈ। ਮੈਂ ਫੌਰਨ ਹਾਂ ਕਰ ਦਿੱਤੀ ਤੇ ਕਰੀਬ ਤੀਹ ਸਾਲਾਂ ਦੇ ਸਮੇਂ ਵਿਚ ਵੱਖ ਵੱਖ ਜ਼ਿੰਮੇਵਾਰੀਆਂ ਨਿਭਾਈਆਂ।ਪਹਿਲੋਂ ਕਾਰਜਕਾਰੀ ਮੈਂਬਰ, ਸਾਂਝਾ ਸਕੱਤਰ, ਫਿਰ ਜਨਰਲ ਸਕੱਤਰ, ਫਿਰ ਵਾਈਸ ਪ੍ਰੈਜ਼ੀਡੈਂਟ, ਤੇ ਅਖੀਰ ਪ੍ਰੈਜ਼ਡੈਂਟ ਬਣ ਸੇਵਾ ਕੀਤੀ। ਇੱਤਿਫਾਕਨ ਮੇਰੇ ਸੈਕ੍ਰੇਟਰੀ ਤੇ ਪ੍ਰੈਜ਼ੀਡੈਂਟ ਅਹੁਦਿਆਂ ਸਮੇਂ ਭਾਰਤੀ ਸਰਕਾਰ ਦੀ ਅਪੈਕਸ ਬੌਡੀ ਨੈਸ਼ਨਲ ਬੁੱਕ ਟਰੱਸਟ ਦੇ ਚੇਅਰਮੈਨ ਤੇ ਡਾਇਰੈਕਟਰ ਦੇ ਮੇਰੇ ਨਾਲ ਬਹੁਤ ਚੰਗੇ ਸੰਬੰਧ ਰਹੇ। ਕਿਉਂਕਿ ਐਨ ਬੀ ਟੀ ਭਾਰਤ ਸਰਕਾਰ ਦੇ ਹੁਮੈਨ ਰੀਸੋਰਸ ਮਨਿਸਟਰੀ ਵਲੋਂ ਹਰ ਪਾਲਿਸੀ ਨੂੰ ਹੋਂਦ ਵਿਚ ਲਿਆਉਣ ਵਾਲੀ ਇਕੋ ਇਕ ਸੰਸਥਾ ਹੈ।ਇਸ ਲਈ ਭਾਰਤ ਸਰਕਾਰ ਤੌਂ ਕੋਈ ਕੰਮ ਕਰਾਉਣਾ ਮੇਰੇ ਲਈ ਥੋਹੜਾ ਆਸਾਨ ਸੀ। ਭਾਰਤ ਸਰਕਾਰ ਕੋਲ ਕੋਈ ਵੀ ਸੁਨੇਹਾ ਭੇਜਣਾ ਹੁੰਦਾ ਤਾਂ ਪਹਿਲਾਂ ਇਹਨਾਂ ਦੋਹਾਂ ਅਧਿਕਾਰੀਆਂ ਦੀ ਸਮਝ ਪੈਣਾ ਜ਼ਰੂਰੀ ਹੁੰਦਾ ਸੀ ਤੇ ਇਹਨਾਂ ਨਾਲ ਮੇਰੀ ਵੇਵ-ਲੈਂਥ ਵੀ ਮਿਲਦੀ ਹੋਣ ਕਰਕੇ ਇਹ ਜਲਦੀ ਸਮਝ ਜਾਂਦੇ ਸਨ ਕਿਉਂਕਿ ਇਨ੍ਹਾਂ ਦਾ ਜੀਵਨ ਮਕਸਦ ਵੀ "ਭਾਰਤੀ ਇੰਟੀਲੈਕਚੁਅਲ ਕੈਪੀਟਲ" ਨੂੰ ਪਰੋਮੋਟ ਕਰਨਾ ਸੀ ਤੇ ਮੇਰਾ ਵੀ। ਰੱਬ ਵਰਗੇ ਇਨਸਾਨ ਡਾਕਟਰ ਨਿਰਮਲ ਕਾਂਤੀ ਭੱਟਾਚਾਰੀਆ ਉਸ ਵੇਲੇ ਐਨ ਬੀ ਟੀ ਦੇ ਡਾਇਰੈਕਰ ਸਨ। ਬਹੁਤ ਹੀ ਊਮਦਾ ਇਨਸਾਨ। ਸੂਝਵਾਨ।ਮੇਰੇ ਮੰਨ ਵਿਚ ਕੁਦਰਤੀ ਤੌਰ 'ਤੇ ਹੀ ਉਸਵਿਅਕਤੀ ਪ੍ਰਤੀ ਸਨਮਾਨ ਵਧ ਜਾਂਦਾ ਜੋ ਆਪਣੇ ਮਾਤਾ-ਪਿਤਾ ਨੂੰ ਬਹੁਤ ਪਿਆਰ/ਸਤਿਕਾਰ ਕਰਦਾ ਤੇ ਨਿਰਮਲ ਤਾਂ ਸੀ ਹੀ ਮਾਤਾ ਦਾ ਸਰਵਣ ਪੁੱਤਰ। ਕਈ ਵਾਰੀ ਮੈਂ ਵੀ ਨਿਰਮਲ ਦੀ ਮਾਤਾ ਨਾਲ ਗੱਲਬਾਤ ਕਰਦਾ ਤੇ ਉਨ੍ਹਾਂ ਤੋਂ ਅਸੀਸ ਲੈਂਦਾ। ਨਿਰਮਲਐਨਬੀਟੀ ਤੋਂ ਰੀਟਾਇਰ ਹੋਣ ਬਾਅਦ ਕੇਕੇ ਬਿਰਲਾ ਫਾਊਂਡੇਸ਼ਨ ਵਿਚ ਚਲੇ ਗਏ ਸਨ ਤੇ ਬਾਅਦ ਵਿਚ ਉਨ੍ਹਾਂ ਨੂੰ "ਸਰਸਵਤੀ ਸੰਮਾਨ" ਕਮੇਟੀ ਦਾ ਡਾਇਰੈਕਟਰ ਬਣਾਇਆ ਗਿਆ ਸੀ। ਦੂਜੇ ਵਿਅਕਤੀ ਸਨ ਨੈਸ਼ਨਲ ਬੁੱਕ ਟਰੱਸਟ ਦੇ ਚੇਅਰਮੈਨ ਡਾ ਸੁਮਾਤੇਂਦਰਾ ਆਰ ਨਾਡਿਗ। ਇਹ ਕੰਨੜ ਦੇਮਸ਼ਹੂਰ ਸ਼ਾਇਰ ਤੇ ਗੱਲਪ ਲੇਖਕ ਸਨ। ਆਪਣੇ ਆਪ ਵਿਚ ਹੀ ਮਸਤ, ਸ਼ਾਇਰੀ ਕਰਦੇ ਰਹਿਣਾ ਇਨ੍ਹਾਂ ਦਾ ਮੁੱਖ ਸ਼ੌਂਕ ਸੀ।

ਜਦੋਂ ਮੈਂ ਸ਼ੁਰੂ ਵਿਚ ਫੈਡਰੇਸ਼ਨ ਜੁਆਇਨ ਕੀਤੀ ਤਾਂ ਉਦੋਂ ਮੇਰਾ ਹਿੰਦੁਸਤਾਨ ਦੇ ਸਿਰਮੌਰ ਪ੍ਰਕਾਸ਼ਕਾਂ ਨਾਲ ਤਾਲਮੇਲ ਸ਼ੁਰੂ ਹੋਇਆ। ਇਹ ਰਿਸ਼ਤਾ ਬਹੁਤਿਆਂ ਨਾਲ ਤਾਂ ਪ੍ਰੋਫੈਸ਼ਨਲ ਹੀ ਰਿਹਾ ਪਰ ਕੁਝ ਨਾਲ ਤਾਂ ਇਹ ਰਿਸ਼ਤਾਂ ਮੁਹੱਬਤਾਂ 'ਚ ਬਦਲ ਗਿਆ। ਪਰਜਿਨ੍ਹਾਂ ਨਾਲ ਇਹ ਰਿਸ਼ਤਾ ਢਹਿ-ਢੇਰੀ ਹੋਇਆ ਉਨ੍ਹਾਂ ਦੇ ਤੇ ਮੇਰੇ ਟੇਸਟਸ ਹੀ ਵੱਖਰੇ ਸਨ। ਮੇਰੇ ਟੇਸਟਸ ਸਾਹਿਤਿਕ ਸਨ ਤੇ ਉਨ੍ਹਾਂ ਦੇ ਸਿਰਫ ਨਾਵੇਂ (ਪੈਸੇ) ਨਾਲ। ਉਹ ਪੈਸੇ ਨੂੰ "ਕੈਪੀਟਲ" ਸਮਝਦੇ ਸਨ ਪਰ ਮੈਨੂੰ "ਇੰਟੀਲੈਕਚੁਅਲ ਕੈਪੀਟਲ" ਨਾਲ ਮੋਹ ਸੀ। ਇਸੇ ਕਾਰਨ ਮੈਂ ਸਾਧਾਰਣ ਜ਼ਿੰਦਗੀ ਬਤੀਤ ਕਰਦਿਆਂ ਖੁਸ਼ ਰਹਿੰਦਾ ਸਾਂ ਪਰ ਕਈ ਬਹੁਤ ਹੀ ਅਮੀਰ ਪ੍ਰਕਾਸ਼ਕ ਸਾਰੀ ਸਾਰੀ ਰਾਤ ਜਾਗਦਿਆਂ ਵੀ ਗੁਜ਼ਾਰਦੇ ਸਨ।ਸਾਧਾਰਣ ਜ਼ਿੰਦਗੀ ਬਾਰੇ ਤਾਂ ਇਕ ਵਾਰੀ ਪ੍ਰੈੱਸ ਕਲੱਬ ਵਿਚ ਕਾਊਂਟਰ 'ਤੇ ਬੈਠਿਆਂ, ਮੇਰਾ ਇਕ ਮੀਡੀਆ ਦੋਸਤ ਮੈਨੂੰ ਕਹਿੰਦਾ, ਕਿ "ਤੂੰ ਇੰਨਾ ਵੱਡਾ ਆਦਮੀ ਹੈ।ਹਰ ਸਮੇਂ ਤੇਰਾ ਬਿਜ਼ੀ ਰਹਿੰਣਾ ਵੀ ਜ਼ਰੂਰੀ ਹੈ।ਪਰ ਫਿਰ ਵੀ ਤੂੰ ਪ੍ਰੈਸ ਕਲੱਬ ਆਉਣਾ ਨਹੀਂ ਭੁੱਲਦਾ?" ਮੈਂ ਉਸ

ਨੂੰ ਜੁਆਬ ਵਿਚ ਜਗਜੀਤ ਸਿੰਘ ਦਾ ਗਾਇਆ ਇਹ ਸ਼ੇਅਰ ਸੁਣਨ ਲਈ ਕਿਹਾ, ''ਮਿਲੀ ਹਵਾਓਂ ਮੇਂ ਉੜਨੇ ਕੀ ਯਹ ਸਜ਼ਾ ਯਾਰੋ ਕਿ ਜ਼ਮੀਨ ਕੇ ਰਿਸ਼ਤੋਂ ਸੇ ਕੱਟ ਗਯਾ ਯਾਰੋ!'' ਤੇ ਨਾਲ ਹੀ ਮੈਂ ਉਸ ਨੂੰ ਕੋਰੀਆ ਵਾਲੀ ਆਪਣੀ ਕਹਾਣੀ ਸੁਣਾਈ। ਉਦੋਂ ਮੈਨੂੰ ਕੋਰੀਆ 'ਚ ਹੈਡਕੁਆਰਟਰ ਬਣਾਈ ਬੈਠੀ ਏਸ਼ੀਅਨ ਪੈਸੀਫਿਕ ਪਬਲਿਸ਼ਰਜ਼ ਐਸੋਸੀਏਸ਼ਨ ਨੇ ''ਡਿਜ਼ੀਟਲ ਪਬਲਿਸ਼ਿੰਗ ਐਂਡ ਕਾਪੀਰਾਈਟਸ'' ਵਿਸ਼ੇ 'ਤੇ ਕੀ-ਨੋਟ ਐਡਰੈੱਸ ਦੇਣ ਲਈ ਸੀਓਲ ਬੁਲਾਇਆ।ਮੈਂ ਮੁੱਖ ਮਹਿਮਾਨ ਵੀ ਸਾਂ ਤੇ ਇਸ ਸੰਸਥਾ ਦਾ ਵਾਈਸ ਪ੍ਰੈਜ਼ੀਡੈਂਟ ਵੀ। ਮੌਜ਼ੂ 'ਤੇ ਬੋਲ ਹਟਿਆ ਤਾਂ ਉਨ੍ਹਾਂ ਮੈਨੂੰ ਰਾਤ ਵੇਲੇ ਸੌਣ ਲਈ ''ਸੈਵਨ ਸਟਾਰ'' ਹੋਟਲ 'ਚ ਇਕ ਕਮਰਾ ਆਫਰ ਕਰ ਦਿੱਤਾ। ਉਸ ਕਮਰੇ ਵਿਚ ਗੱਦੇ ਇੰਨੇ ਕੂਲੇ ਸਨ ਕਿ ਮੈਨੂੰ ਹਰ ਪੱਲ ਲੱਗੇ ਕਿ ਮੈਂ ਹੁਣੇ ਸੁਤੇ ਸੁੱਤੇ ਨੇ ਹੀ ਹੇਠਾਂ ਡਿੱਗ ਪੈਣਾ ਹੈ। ਤੇ ਮੈਂ ਅਖੀਰ ਜ਼ਮੀਨ 'ਤੇ ਇਕ ਗੱਦਾ ਵਿਸ਼ਾ ਕੇ ਰਾਤ ਨੂੰ ਸੌਂ ਸਕਿਆ। ਇਸ ਲਈ ਮੈਂ ਉਸ ਨੂੰ ਦੱਸਿਆ, ਕਿ ਮੇਰਾ ਮੰਨਣਾ ਹੈ ਕਿ ਇਨਸਾਨ ਨੂੰ ਆਪਣੀ ਜ਼ਮੀਨ ਤੋਂ ਨਹੀਂ ਟੁੱਟਣਾ ਚਾਹੀਦਾ। ਆਪਣੇ ਰੂਟਸ ਨਹੀਂ ਭੁੱਲਣੇ ਚਾਹੀਦੇ। ਤੇਜੋ ਇਕ ਵਾਰ ਕੋਈ ਆਪਣੇ ਰੂਟਸ ਤੋਂ ਟੁੱਟਾ ਤਾਂ ਉਹ ਹਮੇਸ਼ਾਂ ਭਟਕਦਾ ਹੀ ਰਿਹੈ। ਮੇਰੇ ਕੋਲ ਅਜਿਹੀਆਂ ਕਈ ਮਿਸਾਲਾਂ ਸਨ।

ਅੱਜ ਵਿਲਾਇਤ ਵਿਚ ਬਹੁਤ ਲੋਕ ਕਹਿੰਦੇ ਹਨ ਅਸੀਂ ਭਾਰਤ ਨਹੀ ਜਾਣਾ। ਸਾਡੇ ਬੱਚੇ ਪਸੰਦ ਨਹੀਂ ਕਰਦੇ। ਤੇ ਉਹ ਆਪਣੀ ਨਾਗਰਿਕਤਾ ਬਦਲ ਲੈਂਦੇ ਹਨ। ਪਰ ਚਾਰ ਛੇ ਪੀਹੜੀਆਂ ਬਾਅਦ ਦੀ ਜਨਰੇਸ਼ਨ ਦਾ ਮੰਨ ਜਦ ਇਸ ਪਦਾਰਤਵਾਦੀ ਸੰਸਾਰ ਤੋਂ ਭਘਲ ਜਾਵੇਗਾ ਤਾਂ ਉਹ ਪੀਹੜੀਆਂ ਪੁੱਛਣਗੀਆਂ ਕਿ ਸਾਡੇ ਪੁਰਖੇ ਕੌਣ ਸਨ?ਅੱਜਮੈਂ ਅਜਿਹੇ ਕਈ ਲੋਕਾਂ ਨੂੰ ਦੇਖਦਾਂਜੋ ਇਸ ਤਲਾਸ਼ ਵਿਚ ਭਟਕਦੇ ਫਿਰ ਰਹੇ ਹਨ। ਇਕ ਜਰਮਨ ਕੁੜੀ ਦੀ ਕਹਾਣੀ ਮੈਂ ਇਸੇ ਪੁਸਤਕ ਦੇ ਇਕ ਹੋਰ ਚੈਪਟਰ ਵਿਚ ਲਿਖ ਚੁੱਕਾਂ।

ਖੈਰ !ਉਦੋਂ ਐਫ ਆਈ ਪੀ ਦੇ ਮੁਹਰੀਆਂ 'ਚ ਬਹੁਤ ਵੱਡੇ ਵੱਡੇ ਪ੍ਰਕਾਸ਼ਕ ਸਨ। ਬਲਕਿ ਮੈਂ ਇਹ ਕਹਾਂਗਾ ਕਿ ਸਾਰੇ ਹੀ ਵੱਡੇ ਪ੍ਰਕਾਸ਼ਕ ਇਸ ਦੇ ਮੈਂਬਰ ਸਨ। ਪ੍ਰੈਂਟਿਸ ਹਾਲ ਆਫ ਇੰਡੀਆ ਦੇ ਅਸ਼ੋਕ ਘੋਸ਼, ਰਾਜਪਾਲ ਐਂਡ ਸਨਜ਼ ਦੇ ਵਿਸ਼ਵਾਨਾਥ, ਹਿੰਦ ਪਾਕਿਟ ਬੁਕਸ ਦੇ ਦੀਨਾ ਨਾਥ ਮਲਹੋਤਰਾ, ਸਟਰਲਿੰਗ ਪਰਲਿਸ਼ਰਜ਼ ਦੇ ਓ ਪੀ ਘਈ, ਐਸ ਚਾਂਦ ਦੇ ਸ਼ਾਮ ਲਾਲ ਗੁਪਤਾ, ਵਿਕਾਸ ਪਬਲਿਸ਼ਿੰਗ ਹਾਊਸ ਦੇ ਨਰੇਂਦਰ ਕੁਮਾਰ, ਆਰਨੋਲਡ ਹੀਨਮੈਨ ਦੇ ਗੁਲਾਬ ਵਜ਼ੀਰਾਨੀ, ਵਾਈਲੀ ਈਸਟਰਨ ਦੇ ਅਸੰਗ ਮਾਚਵੇ, ਕੰਪੀਟੀਸ਼ਨ ਸਕਸੈੱਸ ਰੀਵੀਊ ਦੇ ਸੁਰੇਂਦਰ ਸਚਦੇਵਾ, ਮੈਕਮਿਲਨ ਦੇ ਐੱਸ ਕੇ ਬੇਰੀ, ਆਕਸਫੋਡ ਯੂਨੀਵਏਰਸਿਟੀ ਦੇ ਮਜ਼ਹਰ ਖਾਨ, ਹਿੰਦੀ ਬੁਕ ਸੈਂਟਰ ਦੇ ਅਮਰ ਨਾਥ, ਨਿਊ ਲਾਈਟ ਪਬਲੀਕੇਸ਼ਨਜ਼ ਦੇ ਏ ਐੱਸ ਚੌਧਰੀ, ਇੰਟਰ-ਯੂਨੀਵਰਸਿਟੀ ਪ੍ਰੈੱਸ ਦੇ ਸੁਰੇਂਦਰ ਕੈਲੇ, ਅਭੀਨਵ ਪਬਲੀਕੇਸ਼ਨਜ਼ ਦੇ ਸ਼ਕਤੀ ਮਲਿਕ, ਪੀਤਾਂਬਰ ਪਬਲਿਸ਼ਿੰਗ ਦੇ ਆਨੰਦ ਭੂਸ਼ਨ, ਕਲਿਆਣੀ ਅਤੇ ਲਾਇਲ ਬੁਕ ਡੀਪੋ (ਲੁਧਿਅਣਾ) ਦੇ ਰਾਜ ਕੁਮਾਰ, ਡੀਕੇ ਪਬਸ਼ਿਰਜ਼ ਐਂਡ ਡਿਸਟ੍ਰੀਬਿਊਟਰਜ਼ ਦੇ ਐਸ ਕੇ ਭਾਟੀਆ, ਐੱਸ ਐੱਸ ਪਰਲੀਕੇਸ਼ਨਜ਼ ਦੇ ਸੁਰੇਂਦਰ ਸੇਠੀ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨਜ਼ ਬਿਊਰੋ ਦੇ ਐਸ ਕੇ ਮਲਹੋਤਰਾ, ਪਾਪੂਲਰ ਪ੍ਰਕਾਸ਼ਨ (ਬੰਬਈ) ਦੇ ਰਾਮ ਦਾਸ ਭਟਕਲ, ਡੀ ਸੀ ਬੁਕਸ, (ਕੋਟਾਯਾਮ) ਦੇ ਕਿਜ਼ਾਕੇਮੂਰੀ, ਵਰਗੇ ਦਿੱਗਜਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਨਾਂਅ ਸ਼ਾਮਿਲ ਸਨ ਜਿਨ੍ਹਾਂ ਵਿਚ ਓਰੀਐਂਟ ਪੇਪਰਬੈਕਸ ਦੇ ਸੁਧੀਰ ਮਲਹੋਤਰਾ, ਡਾਇਮੰਡ ਪਾਕਿਟ ਬੁਕਸ ਦੇ ਨਰਿੰਦਰ ਕੁਮਾਰ ਵਰਮਾ, ਡੀ ਸੀ ਬੁਕਸ, ਕੋਟਾਯਾਮ ਦੇ ਰਵੀ ਡੀਸੀ, ਡੀ ਕੇ ਪਬਲਿਸ਼ਰਜ਼ ਐਂਡ ਡਿਸਟਰੀਬਿਊਟਰਸ ਦੇ ਈਸ਼ਵਰ ਮਿਤੱਲ ਤੇ ਉਹਨਾਂ ਦਾ ਬੇਟਾ ਪਰਮਿਲ ਮਿੱਤਲ, ਪੂਨਾ ਦੇ ਮੈਨੀਜ਼ ਤੇ ਇੰਟਰਨੈਨਸ਼ਨਲ ਬੁਕ ਸਰਵਿਸ ਦੇ ਸੀਨੀਅਰ ਤੇ ਜੂਨੀਅਰ ਦੀਕਸ਼ਿਤ, ਕਲਕੱਤੇ ਦੇ ਕੇ ਐੱਲ ਮੁਖੋਪਾਧਿਆਇ, ਮਿਨਰਵਾ ਦੇ ਮੁਖਰਜੀ, ਦੇਬਾ ਜਯੋਤੀ ਦੱਤਾ, ਮਦਰਾਸ ਦੇ ਹਿੱਗਮ ਬੌਥਮ, ਅੰਮ੍ਰਿਤਸਰ ਦੇ ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼) ਸ਼ਿਮਲਾ, ਚੰਡੀਗੜ੍ਹ, ਜਲੰਧਰ, ਮਦੁਰਾਈ ਹੈਦਰਾਬਾਦ, ਬੰਗਲੌਰ, ਮੈਸੂਰ, ਗੁਹਾਟੀ, ਸ਼ਿਲੌਂਗ, ਮਨੀਪੁਰ, ਆਗਰਾ, ਝਾਸੀ, ਜਬਲਪੁਰ, ਉੱਜੈਨ, ਰਤਲਾਮ, ਸੂਰਤ, ਬੜੋਦਾ, ਆਨੰਦ, ਅਹਿਮਦਾਬਾਦ, ਰਾਜਕੋਟ, ਭਾਵਨਗਰ, ਜਾਮ ਨਗਰ, ਜੈਪੁਰ, ਉਦੈਪੁਰ ਜਾਂ ਹਿੰਦੁਸਤਾਨ ਭਰ ਦੇ ਹੋਰ ਸ਼ਹਿਰਾਂ ਵਿਚ ਵਿਚਰਦੇ ਪ੍ਰਕਾਸ਼ਕ, ਤੇ ਬੁੱਕਸੈੱਲਰ,ਵਿਲਾਇਤ ਦੇ ਬੁਕਸ ਾਰੋਮ ਇੰਡੀਆ ਦੇ ਸ੍ਰੀ ਰਾਮ ਵਿਦਿਆਰਥੀ, ਅਮਰੀਕਾ ਦੀ ਸਾਊਥ ਏਸ਼ੀਆ ਬੁਕਸ ਦੇ ਪ੍ਰੋ. ਐਨ ਜੀ ਬੈਰੀਅਰ ਤੇ ਹਿੰਦੁਸਤਾਨ ਭਰ ਦੇ ਹੋਰ ਬਹੁਤ ਸਾਰੇ ਸ਼ਾਨਦਾਰ ਬੁਕਸੈਲਰਜ਼ ਵੀ ਮੇਰੇ ਇਸ ਸਫਰ ਵਿਚ ਸ਼ਾਮਿਲ ਹੁੰਦੇ ਗਏ।ਇਨ੍ਹਾਂ ਤੋਂ ਬਿਨਾ ਵੀ ਕਿੰਨੇ ਹੀ ਤੇ ਬੇਸ਼ੁਮਾਰ ਨਾਂਅ ਹੋਰ ਹਨ, ਜਿਨ੍ਹਾਂ ਨਾਲ ਮੇਰਾ ਜ਼ਾਤੀ ਜਾਂ ਕਾਰੋਬਾਰੀ ਰਾਬਤਾ ਰਿਹਾ। ਯਾਣੀ ਕਨਿਆ ਕੁਮਾਰੀ ਤੋਂ ਕਸ਼ਮੀਰ ਤਕ ਦੇਹਿੰਦੁਸਤਾਨ ਦੇ ਸ਼ਹਿਰਾਂ ਦੇ ਨਾਂਅ ਲਏ ਜਾ ਸਕਦੇ ਹਨ।

ਇਹਨਾਂ ਸਾਰਿਆਂ 'ਚੋਂ ਕੁਝ ਲੋਕਾਂ ਨਾਲ ਮੇਰੇ ਰਿਸ਼ਤੇ ਵੱਖ ਵੱਖ ਸੰਦਰਭਾਂ ਵਿਚ ਡੂੰਘੇ ਹੁੰਦੇ ਗਏ। ਬਹੁਤ ਦਿਲਚਸਪ ਗੱਲਾਂ ਵੀ ਹੁੰਦੀਆਂ ਗਈਆਂ। ਇੱਥੇ ਮੈਂ ਆਪਣੇ ਰਿਸ਼ਤਿਆਂ ਬਾਰੇ, ਕੁਝ ਖਾਸ ਦੋਸਤਾਂ ਦਾ ਹੀ ਜ਼ਿਕਰ ਕਰ ਸਕਾਂਗਾ ਤਾਕਿ ਤੁਸੀ ਅੰਦਾਜ਼ਾ ਲਗਾ ਸਕੋ ਕਿ ਮੇਰੇ ਰਿਸ਼ਤਿਆਂ 'ਚ ਉਪਰਲੇ ਪੱਖਾਂ ਦਾ ਆਧਾਰ ਕੀ ਸੀ।

ਵਿਸ਼ਵਾਨਾਥਜੀ (ਰਾਜਪਾਲ ਐਂਡ ਸਨਜ਼) ਦਾ ਹਿੰਦੀ ਪ੍ਰਕਾਸ਼ਨ ਜਗਤ ਵਿਚ ਉਸ ਸਮੇਂ ਦਾ ਬਹੁਤ ਹੀ ਉੱਚਾ ਨਾਂਅ ਸੀ। ਉਹ ਰਹਿੰਦੇ ਵੀ ਮੇਰੇ ਘਰ ਦੇ ਨੇੜੇ ਹੀ ਸਨ। ਉਨ੍ਹਾਂ ਦੇ ਦੋਨੋ ਬੇਟੇ ਸੁਧੀਰ ਅਤੇ ਕਪਿਲ ਮਲਹੋਤਰਾ ਅੰਤਾਂ ਦੇ ਸ਼ਾਨਦਾਰ ਤੇ ਖ਼ੂਬਸੂਰਤ ਇਨਸਾਨ ਹਨ। ਸੁਧੀਰ ਓਰੀਐਂਟ ਪੇਪਰਬੈਕ ਦਾ ਕਾਰੋਬਾਰ ਦੇਖਦਾ ਸੀ ਤੇ ਕਪਿਲ ਐਕਸਪੋਰਟ। ਮੈਂ ਆਪਣੇ ਘਰ ਨੂੰ ਜਾਂਦੇ ਹੋਏ ਕਦੇ ਕਦੇ ਵਿਸ਼ਵਾਨਾਥ ਹੁਰਾਂ ਦੇ ਘਰ ਕੁਝ ਪਲ ਦੀ ਠਾਹਰ ਕਰ ਲੈਂਦਾ। ਇਕ ਦਿਨ ਮੈਂ ਵਿਸ਼ਵਾਨਾਥ ਹੁਰਾਂ ਦੇ ਘਰ ਗਿਆ ਤਾਂ ਉਹਨਾਂ ਦੀ ਪਤਨੀ ਨੇ ਕਿਹਾ ਕਿ ਵਿਸ਼ਵਾਨਾਥ ਕਹਿੰਦੇ ਹਨ ਕਿ ਅੰਦਰ ਖਿਲਾਰਾ ਬਹੁਤ ਹੈ ਤੇ ਮੈਂ ਅੰਦਰ ਉਹਨਾਂ ਦੇ ਕਮਰੇ ਵਿਚ ਹੀ ਚਲੇ ਜਾਵਾਂ। ਜਦ ਮੈਂ ਉਨ੍ਹਾਂ ਦੇ ਕਮਰੇ ਅੰਦਰ ਗਿਆ ਤਾਂ ਸਾਰੇ ਕਮਰੇ ਵਿਚ ਕਾਗਜ਼ ਹੀ ਕਾਗਜ਼ ਖਿੱਲਰੇ ਪਏ ਸਨ। ਜਦ ਇਕ ਦੋ ਕਾਗਜ਼ਾਂ ਦੀ ਲਿਖਤ 'ਤੇ ਨਜ਼ਰ ਪਈ ਤਾਂ ਉਹ ਵਿਸ਼ਵਾਨਾਥ ਹੁਰਾਂ ਦੀਆਂ ਅੰਗਰੇਜ਼ੀ 'ਚ ਲਿਖੀਆਂ ਕਵਿਤਾਵਾਂ ਸਨ। ਮੈਂ ਪੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਹੋਈ। ਅੱਖਰਾਂ ਦੀ ਤਿਜਾਰਤ ਕਰਨ ਵਾਲਾ ਅੱਖਰਾਂ ਦਾ ਜਨਮਦਾਤਾ? ਉਸ ਦਿਨ ਇਹ ਡਿਸਕਵਰ ਹੋਇਆ ਕਿ ਉਹ ਖੁਦ ਇਕ ਬਹੁਤ ਹੀ ਵਧੀਆ ਸ਼ਾਇਰ ਵੀਸਨ। ਪਰ ਉਨ੍ਹਾਂ ਬਾਹਰ ਕਦੇ ਜ਼ਾਹਰ ਨਹੀਂ ਸੀ ਹੋਣ ਦਿੱਤਾ। ਉਹ ਖੁਦ ਪੜ੍ਹਦੇ ਵੀ ਬਹੁਤ ਸਨ। ਕੋਈ ਸ਼ੇਅਰ ਬੋਲਣ ਲੱਗੋ ਬਹੁਤ ਵਾਰੀ ਅਗਲੀ ਲਾਈਨ ਉਹ ਖੁਦ ਬੋਲ ਕੇ ਸ਼ੇਅਰ ਪੂਰਾ ਕਰ ਦਿੰਦੇ ਸਨ। ਮਹਿਫਲਾਂ ਵਿਚ, ਸੈਰ-ਗਾਹਾਂ ਵਿਚ ਉਨ੍ਹਾਂ ਦਾ ਸਾਥ ਮੇਰੀ ਸਹਿਤਿਕ ਤੇ ਇੰਟੀਲੈਕਚੁਅਲ ਪ੍ਰਾਪਰਟੀ 'ਚ ਇਜ਼ਾਫਾ ਹੁੰਦਾ। ਅਸੀ ਜਦੋਂ ਵੀ ਮਿਲਣਾ, ਉਨ੍ਹਾਂ ਦੇ ਘਰ ਜਾਂ ਕਿਸੇ ਹੋਰ ਮਹਿਫਿਲ ਵਿਚ ਸਾਡੀ ਇਕ ਦੂਜੇ ਤੋਂ ਨਜ਼ਮਾਂ ਦੀ ਫਰਮਾਇਸ਼ ਹੁੰਦੀ। ਅਸੀਂ ਡੈਲੀਗੇਸ਼ਨਾਂ ਵਿਚ ਕਦੇ ਮਾਸਕੋ ਜਾਣਾ ਜਾਂ ਕਿਤੇ ਹੋਰ, ਸਾਡਾ ਖਾਲੀ ਜਾਂ ਵਿਹਲਾ ਸਮਾਂ ਇਕ ਦੂਜੇ ਤੋਂ ਲਤੀਫੇ ਜਾਂ ਨਜ਼ਮਾਂ ਸੁਣਨ ਵਿਚ ਹੀ ਬੀਤਣਾ। ਕਿਤਾਬਾਂ ਦੀ ਥਾਂ ਸਾਹਿਤਿਕ ਬਹਿਸਾਂ ਵਿਚ ਬੀਤਣਾ। ਉਨ੍ਹਾਂ ਕੋਲ ਬਹੁਤ ਸਾਰੇ ਸਾਹਿਤਕਾਰਾ ਦੀਆਂ ਬਹੁਤ ਹੀ ਉਮਦਾ ਯਾਦਾਂ ਸਨ। ਮਾਸਕੋ ਦੇ ਬਾਗਾਂ ਤੇ ਸੜਕਾਂ 'ਚ ਸਾਡੇ ਕਦਮਾਂ ਦੀ ਆਵਾਜ਼ ਦੇ ਨਾਲ ਨਾਲ ਉਥੇ ਸਾਡੇ ਠਹਾਕੇ ਹਾਲੇ ਵੀ ਗੂੰਜਦੇ ਹੋਣਗੇ। ਵਿਸ਼ਵਾਨਾਥ ਦਿਸਣ ਨੂੰ ਜਿੰਨੇ ਗੰਭੀਰ ਲਗਦੇ ਸਨ ਉੱਨੇ ਹੀ ਦਿਲੋਂ ਖੁੱਲ੍ਹਦਿਲੇ ਤੇ ਚੁਲਬੁਲੇ ਵਿਅਕਤੀ ਸਨ।

ਉਨ੍ਹਾਂ ਪ੍ਰਕਾਸ਼ਨ ਜਗਤ ਬਾਰੇ ਵੀ ਕਈ ਲਤੀਫੇ ਸੁਨਾਉਣੇ। ਉਨ੍ਹਾਂ 'ਚੋਂ ਹੀ ਇਕ ਇਹ ਸੀ ਕਿ ਇਕ ਲੇਖਕ ਨੇ ਆਪਣਾ ਖਰੜਾ ਕਿਸੇ ਵੱਡੇ ਪ੍ਰਕਾਸ਼ਕ ਨੂੰ ਪ੍ਰਕਾਸ਼ਿਤ ਕਰਨ ਲਈ ਭੇਜਿਆ। ਪ੍ਰਕਾਸ਼ਕ ਨੇ ਫੌਰਨ ਟੈਲੀਗ੍ਰਾਫਿਕ ਭਾਸ਼ਾ ਵਿਚ ਵਿਚ ਲੇਖਕ ਨੂੰ ਤਸਦੀਕ ਕੀਤਾ, "ਤੁਹਾਡਾ ਖਰੜਾ ਮਿਲ ਗਿਆ। ਬਹੁਤ ਹੀ ਦਿਲਚਸਪ ਤੇ ਉਮਦਾ ਲਿਖਿਆ ਤੁਸੀਂ। ਅਸੀਂ ਇਸ ਦੇ ਪ੍ਰਕਾਸ਼ਨ ਬਾਰੇ ਕੰਨਸੀਡਰ ਕਰ ਰਹੇ ਹਾਂ। ਅਸੀਂ ਜਲਦੀ ਹੀ ਤੁਹਾਨੂੰ ਇਸ ਬਾਰੇ ਸੰਪਰਕ ਕਰਾਂਗੇ !"

ਲੇਖਕ ਖੁਸ਼ ਹੋ ਗਿਆ। ਚਾਅ 'ਚ ਉੜਨ ਲੱਗਾ। ਪਰਪ੍ਰਕਾਸ਼ਕ ਦੀ ਚਿੱਠੀ ਦੀ ਉਡੀਕ ਕਰਦਾ ਰਿਹਾ। ਸਾਲ ਮਗਰੋਂ ਉਸ ਲੇਖਕ ਨੇ ਪ੍ਰਕਾਸ਼ਕ ਨੂੰ ਫਿਰ ਲਿਖਿਆ, ਕਿ "ਮੇਰੇ ਖਰੜੇ ਦਾ ਕੀ ਬਣਿਆ ?"

ਫਿਰ ਉਸੇ ਤਰ੍ਹਾਂ ਦਾ ਜੁਆਬ। "ਕੰਨਸੀਡਰ ਕਰ ਰਹੇ ਹਾਂ।"

ਮਗਰੋਂ ਕਈ ਸਾਲਾਂ ਤੀਕ ਪ੍ਰਕਾਸ਼ਕ ਦੀ ਚਿੱਠੀ ਆਉਂਦੀ ਤੇ ਫਿਰ ਉਸੇ ਤਰ੍ਹਾਂ ਦਾ ਜਵਾਬ ਆ ਜਾਂਦਾ।

ਅਖੀਰ ਖਿੱਝ ਕੇ ਲੇਖਕ ਇਕ ਦਿਨ ਪ੍ਰਕਾਸ਼ਕ ਦੇ ਦਫਤਰ ਖੁਦ ਹੀ ਪਹੁੰਚ ਗਿਆ ਕਿ ਜੇ ਨਹੀਂ ਪ੍ਰਕਾਸ਼ਿਤ ਕਰਨਾ ਤਾਂ ਖਰੜਾ ਵਾਪਸਦੇ ਦੇਵੋ। ਪ੍ਰਕਾਸ਼ਕ ਫਿਰ ਵੀ ਕਹੀ ਜਾਵੇ "ਸਰ! ਕੰਸੀਡਰ ਕਰ ਰਹੇ ਹਾਂ। ਜਲਦੀ ਹੀ ਦੱਸਦੇ ਹਾਂ।" ਪਰ ਉਹ ਲੇਖਕ ਖਰੜਾ ਵਾਪਿਸ ਲੈਣ 'ਤੇ ਬਜ਼ਿਦ ਸੀ।

ਅਖੀਰਉਸ ਨੂੰ ਕਿਹਾ ਗਿਆ ਕਿ ਜੇ ਆਪਣਾ ਖਰੜਾ ਵਾਪਿਸ ਹੀ ਲੈਣਾ ਹੈ ਸਾਡਾ ਐਕੁਈਜ਼ੀਸ਼ਨ ਡੀਪਾਰਟਮੈਂਟ ਹੈ ਜਿੱਥੇ ਅੰਡਰ-ਕੰਸੀਡਰੇਸ਼ਨ ਖਰੜੇ ਹੁੰਦੇ ਹਨ।ਉਹ ਉਥੋਂ ਲੈ ਲਵੇ।ਜਦ ਲੇਖਕ ਉਸ ਡੀਪਾਰਟਮੈਂਟ ਪਹੁੰਚਿਆ ਤਾਂ ਉੱਥੇ ਬੈਠੀ ਬਹੁਤ ਹੀ ਖ਼ੂਬਸੂਰਤ ਲੇਡੀ ਨੇ ਪੁਛਿਆ "ਤੁਹਾਡਾ ਖਰੜਾ ਕਿਹੜੇ ਸਬਜੈਕਟ 'ਤੇ ਸੀ?...ਅਸੀਂ ਸੈਕਸ਼ਨ ਬਣਾਏ ਹੋਏ ਹਨ, ਮੈਨੂੰ ਲੱਭਣ ਵਿਚ ਆਸਾਨੀ ਹੋਵੇਗੀ !"

"ਜਦ ਮੈਂ ਭੇਜਿਆ ਸੀ ਤਾਂ ਉਹ ਕੰਟੈਂਪਰੇਰੀ ਪ੍ਰਾਬਲਜ਼ ਬਾਰੇ ਸੀ ਪਰ ਹੁਣ ਤਾਂ ਉਹ ਹਿਸਟਰੀ ਸੈਕਸ਼ਨ ਵਿਚੋਂ ਹੀ ਲੱਭੇਗਾ !"

ਅਸੀਂਉਨ੍ਹਾਂ ਦੇ ਲਤੀਫੇ ਸੁਣ ਹੱਸ ਹੱਸ ਦੂਹਰੇ ਹੋ ਜਾਂਦੇ।

ਸਾਡੇ ਇਨ੍ਹਾਂ ਸਫਰਾਂ ਵਿਚ ਓ ਪੀ ਘਈ (ਸਟਰਲਿੰਗ ਪਬਲਿਸ਼ਰਜ਼) ਵੀ ਲਗਭਗ ਸਾਡੇ ਨਾਲ ਹੀ ਹੁੰਦੇ। ਭਾਵੇਂ ਇਨ੍ਹਾਂ ਦੋਹਾਂ ਦੀ ਉਮਰ ਮੇਰੇ ਪਿਤਾ ਸਾਮਾਨ ਸੀ ਪਰ ਸਾਡਾ ਵਰਤਾਰਾ ਯਾਰਾਂ ਵਾਲਾ ਹੀ ਹੁੰਦਾ ਸੀ।ਇਸ਼ਕ ਦੀਆਂ ਗੱਲਾਂ ਤੋਂ ਲੈ ਕੇ ਲੁੱਚੇ ਲਤੀਫਿਆਂ ਤਕ ਅਸੀਂ ਇਕ ਦੂਜੇ ਦਾ ਲਿਹਾਜ ਨਹੀਂ ਸੀ ਕਰਦੇ। ਅੱਜ ਉਹ ਦੋਨੋਂ ਆਤਮਾਵਾਂ ਸਾਡੇ ਵਿਚ ਨਹੀਂ, ਪਰ ਉਨ੍ਹਾਂ ਨਾਲ ਬਿਤਾਏ ਪਲ ਤੇ ਉਨ੍ਹਾਂ ਪਲਾਂ ਦੇ ਅਹਿਸਾਸ ਮੇਰੇ ਸਰੀਰ ਦੇ ਆਖਰੀ ਸਾਹਾਂ ਤੀਕ ਇਸੇ ਕਾਇਨਾਤ ਵਿਚ ਮੇਰੇ ਨਾਲ ਗੁਣਗੁਣਾਉਂਦੇ ਰਹਿਣਗੇ। ਬਾਅਦਵਿਚ ਤਾਂ ਪਤਾ ਨਹੀਂ। ਸ਼ਾਇਦ ਇਹ ਕਿਤਾਬ ਭਾਵੇਂ ਕਿਸੇ ਅਲਮਾਰੀ ਦੀ ਸ਼ੈਲਫ 'ਚ ਧੂੜਾਂ ਚੱਟਦੀ ਮਿਲ ਜਾਵੇ।

ਅਸ਼ੋਕ ਘੋਸ਼ (ਪ੍ਰੈਂਟਿਸ ਹਾਲ ਆਫ ਇੰਡੀਆ) ਨਾਲ ਮੇਰੀ ਨੇੜਤਾ ਬਹੁਤ ਹੀ ਅਲੱਗ ਕਿਸਮ ਦੀ ਰਹੀ। ਉਹ ਬਹੁਤ ਹੀ ਉਮਦਾ ਇਨਸਾਨ ਤੇ ਮਸਲੇ ਦੀ ਤਹਿ ਤੀਕ ਸੋਚ ਰਖਣ ਵਾਲੇ ਵਿਅਕਤੀ ਹਨ। ਉਹ ਹਰ ਗੱਲ ਨੂੰ ਪੂਰੀ ਤਰ੍ਹਾਂ ਭਾਂਪ ਲੈਂਦੇ ਤੇ ਉਸੇ ਮੁਤਾਬਕ ਅਗਾਂਹ ਕਦਮ ਪੁੱਟਦੇ। ਉਨ੍ਹਾਂ ਦੀ ਐਫ ਆਈ ਪੀ ਤੇ ਭਾਰਤੀ ਪ੍ਰਕਾਸ਼ਨ ਜਗਤ ਨੂੰ ਬਹੁਤ ਦੇਣ ਹੈ। ਹੋਰ ਵੀ ਕਈ ਗੱਲਾਂ ਹਨ ਪਰ ਜੋ ਹੁਣ ਚੇਤੇ ਆ ਰਹੀ ਹੈ, ਉਹ ਵੀ ਬਹੁਤ ਅਹਿਮ ਹੈ। ਮੇਰੀ ਪ੍ਰਧਾਨਗੀ ਜਾਂ ਸਕੱਤਰਤਾ ਦੇ ਸਮੇਂ ਅਮਰੀਕੀ ਪ੍ਰਧਾਨ ਬਿੱਲ ਕਲੰਟਿਨ ਨੇ ਇੰਡੀਆ ਆਉਣਾ ਸੀ ਤਾਂ ਉਸ ਦੇ ਏਜੰਡੇ 'ਤੇ ਇਹ ਅਨਾਊਨਮੈਂਟ ਵੀ ਸ਼ਾਮਿਲ ਸੀ, ਜਿਸ ਅਨੁਸਾਰ ਭਾਰਤ ਨੂੰ ਇਕ "ਪਾਈਰੇਟ ਦੇਸ਼" ਘੋਸ਼ਿਤ ਕੀਤਾ ਜਾਣਾ ਸੀ। ਅਸ਼ੋਕ ਨੂੰ ਜਦ ਇਹ ਗੱਲ ਪਤਾ ਲੱਗੀ ਤਾਂ ਮੈਂ ਉਸ ਵੇਲੇ ਦੇ ਹੂਮੈਨ ਰੀਸੋਰਸ ਮਨਿਸਟਰੀ ਵਿਚ ਐੱਸ ਕੇ ਸਰਮਾ ਐਡੀਸ਼ਨਲ ਸੈਕਰੇਟਰੀਨਾਲ ਰਾਬਤਾ ਕਾਇਮ ਕੀਤਾ ਤੇ ਅਸੀਂ ਤਿੰਨੇ ਜਣੇ (ਮੈਂ ਅਸ਼ੋਕ ਘੋਸ਼ ਤੇ ਦੀਨਾ ਨਾਥ ਮਲਹੋਤਰਾ) ਸਰਮਾ ਜੀ ਕੋਲ ਗਏ। ਅਸ਼ੋਕ ਘੋਸ਼ ਨੇ ਸਰਮਾ ਜੀ ਨੂੰ ਇਸ ਸਾਰੀ ਗੱਲ ਦੀ ਅਸਲੀਅਤ ਤੋਂ ਜਾਣੂੰ ਕਰਵਾਇਆ ਤਾਂ ਸਰਮਾ ਜੀ ਦੇ ਸਹਿਯੋਗ ਨਾਲ ਅਸੀਂ ਇਸ ਗੱਲ ਨੂੰ ਅਵਾਇਡ ਕਰਵਾਉਨਣ ਵਿਚ ਕਾਮਯਾਬ ਹੋਏ।

ਅਸੀਂ ਕਈ ਵਾਰੀ ਫੈਡਰੇਸ਼ਨ ਵਲੋਂ ਡੈਲੀਗੇਸ਼ਨ ਲੈ ਮਾਸਕੋ ਜਾਂਦੇ। ਮਾਸਕੋ ਵਾਲੇ ਭਾਰਤ ਆਉਂਦੇ। ਅਸੀਂ ਦੋਨੋਂ ਦੇਸ਼ਾਂ ਵਿਚ ਕਿਤਾਬਾਂ ਦੇ ਅਨੁਵਾਦ, ਲੇਖਕਾਂ ਦੇ ਆਦਾਨ-ਪ੍ਰਦਾਨ ਤੇ ਉਨ੍ਹਾਂ ਦੀਆਂ ਲਿਖਤਾਂ ਦੀ ਪ੍ਰੋਮੋਸ਼ਨ ਦੇ ਫੈਸਲੇ ਕਰਦੇ। ਅਸਲ ਵਿਚ ਭਾਰਤ ਸਰਕਾਰ ਦੀ ਨੋਡਲ ਏਜੰਸੀ ਸਿਰਫ ਨੈਸ਼ਨਲ ਬੁੱਕ ਟਰੱਸਟ ਸੀ। ਤੇ ਸਰਕਾਰ ਦੇ ਬੀਹਾਫ ਤੇ ਸਾਰੇ ਕੰਮ ਕਰਨ ਦਾ ਉਸੇ ਨੂੰ ਅਧਿਕਾਰ ਸੀ। ਪਰ ਸਾਂਝੇ ਤੇ ਵਪਾਰਕ ਮਸਲਿਆਂ ਬਾਰੇ ਉਹ ਫੈਡਰੇਸ਼ਨ ਨੂੰ ਹੀ ਅੱਗੇ ਕਰਦੀ ਹੁੰਦੀ ਸੀ ਤਾਂ ਕਿ ਦੋਨਾਂ ਦੇਸ਼ਾਂ ਦੀ ਬਰਾਬਰ ਪ੍ਰਤੀਨਿਧਤਾ ਹੋ ਸਕੇ। ਸੋ ਅਸੀਂ ਜਦੋਂ ਇਹੋ ਜਿਹੇ ਮਸਲਿਆਂ ਤੇ ਗਲਬਾਤ ਨਜਿੱਠਣ ਜਾਂਦੇ ਤਾਂ ਵਿਹਲੇ ਹੋ ਕੇ ਬਾਹਰ ਵੱਲ ਤੁਰ ਪੈਂਦੇ। ਕਦੇ ਗਾਰਡਨ ਵਿਚ ਸੈਰ ਕਰਦੇ, ਵੱਡੇ-ਵੱਡੇ ਸ਼ੌਪਿੰਗ ਕੰਪਲੈਕਸ ਵਿਚ ਜਾ ਕੇ ਦੇਖਦੇ ਕਿ ਕੀ ਕੀ ਤੇ ਕਿੰਨੇ ਦਾ ਵਿਕ ਰਿਹਾ। ਉਥੇ ਹੋਰ ਚੀਜ਼ਾਂ ਤੋਂ ਬਿਨਾਂ ਕੱਟ-ਗਲਾਸਾਂ ਦੀਆਂ ਬਹੁਤ ਹੀ ਉਮਦਾ ਸ਼ੈਆਂ ਮਿਲਦੀਆਂ ਸਨਤੇ ਮੈਂ ਆਪਣੇ ਲਈ ਕਈ ਵਾਰੀ ਕਈ ਕੁਝ ਤੋਹਫੇ ਖਰੀਦ ਵੀ ਲਿਆਉਂਦਾ।

ਅਸ਼ੋਕ ਘੋਸ਼ ਨਾਲ ਤੁਰਦਿਆਂ ਹਮੇਸ਼ਾ ਇਕ ਤਾਜ਼ਗੀ ਦਾ ਅਹਿਸਾਸ ਹੁੰਦਾ ਸੀ। ਉਸ ਦੀ ਗੱਲਬਾਤ ਜਾਂ ਉਸ ਦਾ ਹਰ ਨਜ਼ਰੀਆ ਇਕ ਵੱਖ ਹੀ ਤਜੁਰਬਾ ਦਿੰਦਾ ਸੀ। ਉਹਦੇ ਲਤੀਫੇ ਵੀ ਕਮਾਲ ਦੇ ਹੁੰਦੇ ਸਨ। ਇਕ ਦਿਨ ਅਸੀਂ ਬਾਰ 'ਚ ਬੈਠੇ ਤਾਂ ਅਸੀਂ ਸੋਵੀਅਤ ਯੂਨੀਅਨ ਵਿਚ ਵੱਧ ਰਹੀ ਕੁਰੱਪਸ਼ਨ ਦੀਆਂ ਗੱਲਾਂ ਕਰਨ ਲੱਗੇ। ਉਸੇ ਵੇਲੇ ਅਸ਼ੋਕ ਨੇਉਥੇ ਫਿਰਦੇ ਲੋਕਾਂ ਵੱਲ ਦੇਖਦਿਆਂ ਇਕ ਲਤੀਫਾ ਸੁਣਾਇਆ।

ਇਕ ਵਾਰੀ ਦੋ ਅਮਰੀਕਨ ਮਾਸਕੋ ਇਕੋ ਜਹਾਜ਼ 'ਚੋਂ ਲੈਂਡ ਕਰਦੇ ਹਨ। ਦੋਨੋਂ ਆਪੋ-ਆਪਣੇ ਹੋਟਲ ਵਿਚ ਚੈੱਕ-ਇਨ ਕਰਨ ਬਾਅਦ ਇਕ ਦੂਜੇ ਨੂੰ ਪੂਰੇ ਹਫਤੇ ਬਾਅਦ ਮਿਲਦੇ ਹਨ। ਪਰ ਇਕ ਅਮਰੀਕਨ ਦੂਸਰੇ ਨੂੰ ਸ਼ਿਕਾਇਤ ਕਰਦਾ ਕਿ "ਇਹ ਕੋਈ ਦੇਸ਼ ਹੈ?...ਇਟਸ ਏ ਕੰਟਰੀ ਆਫ ਕਿਊਜ਼ !....ਜਿੱਧਰ ਜਾਓ, ਲੰਮੀਆਂ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ। ਮੈਂ ਆਪਣੀਆਂ ਗਰਲ-ਫਰੈਂਡਸ ਲਈ ਲੇਡੀਸ ਪਰਸ, ਦੂਜੀ ਲਈ ਗਾਊਨਜ਼ ਖਰੀਦਣਾ ਸੀ।ਲੈਨਿਨ ਮਸੋਲੀਅਮ ਦੇਖਣਾ ਸੀ। ਪਰ ਹਰ ਥਾਂ ਇਨੀ ਕਿਉਂ?...ਤੌਬਾ !"

ਦੂਸਰਾ ਅਰੀਕਨ ਅੱਗੋਂ ਜੁਆਬ ਦਿੰਦਾ, "ਤੂੰ ਅਸਲੀ ਅਮਰੀਕਨ ਨਹੀਂ ਲਗਦਾ !...ਆਪਾਂ ਦੋਵੇਂ ਇਕੋ ਦਿਨ ਇਥੇ ਆਏ ਸਾਂ! ਮੈਂ ਇਹ ਤਿੰਨੇ ਕੰਮ ਕਰ ਚੁਕਾਂ ਕਿਉਂਕਿ ਮੈਂ ਤੇਰੇ ਵਰਗਾ ਬੇਵਾਕੂਫ ਅਮਰੀਕਨ ਨਹੀਂ।...ਮੈਂ ਲੇਡੀਜ਼ ਗਾਊਨ ਦੀ ਦੁਕਾਨ ਤੇ ਗਿਆ। ਲਾਈਨ 'ਚ ਨਹੀਂ ਲੱਗਾ। ਸਿੱਧਾ ਕਾਊਂਟਰ 'ਤੇ ਗਿਆ ਤੇ ਸੇਲਜ਼ਮੈਨ ਨੂੰ ਕਿਹਾ, 'ਮੈਨੂੰ ਦੋ ਲੇਡੀਜ਼ ਗਾਊਨ ਚਾਹੀਦੇ ਹਨ। ਇਕ ਮੇਰੀ ਗਰਲ-ਫਰੈਂਡ ਲਈ ਤੇ ਦੂਜਾ ਤੇਰੀ ਗਰਲ-ਫਰੈਂਡ ਲਈ !' ਉਸ ਨੇ ਫਟਾਫੱਟ ਅੰਦਰ ਜਾ ਕੇ ਮੈਨੂੰ ਦੋ ਗਾਊਨਜ਼ ਲਿਆ ਦਿੱਤੇ। ਮੈ ਦੋ ਦੀ ਪੇਮੈਂਟ ਕੀਤੀ ਤੇ ਇਕ ਉਸ ਨੂੰ ਉਥੇ ਹੀ ਪਰੈਜ਼ੈਂਟ ਕੀਤਾ ਤੇ ਆ ਗਿਆ!

ਦੂਸਰਾ ਅਮਰੀਕਨ ਹੈਰਾਨ ! ''ਇਹ ਤਾ ਪਦਾਰਥਵਾਦੀ ਚੀਜ਼ਾਂ ਸਨ ਪਰ ਤੂੰ ਲੈਨਿਨ ਮਸੋਲੀਅਮ ਵਿਚ ਕੀ ਕੀਤਾ?''

''ਲੈਅ ਉੱਥੇ ਕੀ ਕਰਨਾ ਸੀ?...ਉੱਥੇ ਆਰਮੀ ਗਾਰਡ ਲੰਮੀ ਸਾਰੀ ਰਫਲ ਮੋਢੇ 'ਤੇ ਚੁੱਕੀ ਮਾਰਚ ਕਰ ਰਿਹਾ ਸੀ। ਮੈਂ ਉਸ ਦੇ ਸਾਹਵੇਂ ਆਪਣਾ ਵੱਡਾ ਸਾਰਾ ਅਮਰੀਕਨ ਬਟੂਆ ਖਲ੍ਹਿਆ, ਤੇ ਉਸ ਵੱਲ ਨੂੰ ਕਰਕੇ ਉਸ ਬਟੂਏ 'ਚੋਂ ਸੌ ਡਾਲਰ ਦਾ ਨੋਟ ਕੱਢ ਉਸ ਨੂੰ ਫੜ੍ਹਾਇਆ ਹੀ ਸੀ ਕਿ ਉਹ ਅੱਗੋਂ ਕਹਿੰਦਾ 'ਸਰ ਤੁਸੀਂ ਅੰਦਰ ਆਓਗੇ ਜਾਂ ਮੈਂ ਲੈਨਿਨ ਬਾਹਰ ਲਿਆਵਾਂ?' ''

ਇਸ ਤਰ੍ਹਾਂ ਸਾਡਾ ਸਮਾਂ ਕੰਮ ਦੀਆਂ ਗੰਭੀਰ ਗੱਲਾ ਮਗਰੋਂ ਕੁਝ ਇਸ ਤਰ੍ਹਾਂ ਬੀਤਦਾ।

ਦੁਨੀਆਂ ਭਰ ਦੇ ਦੇਸਾਂ ਦੇ ਪ੍ਰਕਾਸ਼ਕਾਂ ਵਲੋਂ ਸਾਂਝੀਆਂ ਸਮੱਸਿਆਵਾਂ ਬਾਰੇ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਆਵਾਜ਼ ਉਠਾਉਣ ਲਈ ਬਣਾਈ ਗਈ ਸੰਸਥਾ ''ਇੰਟਰਨੈਸ਼ਨਲ ਪਬਲਿਸ਼ਰਜ਼ ਐਸੋਸੀਏਸ਼ਨਜ਼'', ਦਾ ਹੈੱਡ ਕੁਆਰਟਰ ਜੈਨੀਵਾ ਵਿਚ ਹੈ। ਇਹ ਸੰਸਥਾ ਹਰ ਦੇਸ਼ 'ਚੋਂ ਸਭ ਤੋਂ ਅਹਿਮ ਤੇ ਸਰਕਾਰੀ ਤੌਰ ਤੇ ਰੀਕੋਗਨਾਈਜ਼ਡ ਇਕ ਸੰਸਥਾ ਚੁਣਦੀ ਹੈ ਤੇ ਉਹੀ ਸੰਸਥਾ ਇਸ ਅੰਤਰਰਾਸ਼ਟਰੀ ਐਸੋਸੀਏਸ਼ਨ ਦਾ ਮੈਂਬਰ ਬਣ ਸਕਦੀ ਹੈ ਤਾਂਕਿ ਉਹ ਪੂਰੇ ਦੇਸ਼ ਨੂੰ ਰੀਪਰੀਜ਼ੈਂਟ ਕਰ ਸਕੇ। ਸਾਰੇ ਸਰਵੇ ਤੋਂ ਬਾਅ ਆਈ ਪੀ ਏ ਨੇ ਐਫ ਆਈ ਪੀ ਨੂੰ ਮੈਂਬਰ ਬਣਾ ਤਾਲਮੇਲ ਸ਼ੁਰੂ ਕੀਤਾ। ਹੁਣਭਾਰਤ ਵਿਚੋਂ ਐਫ ਆਈ ਪੀ ਇਸ ਦੀ ਮੈਂਬਰ ਹੈ ਤੇ ਹਰ ਦੇਸ਼ ਦੀ ਮੈਂਬਰ ਸੰਸਥਾ ਦਾ ਪ੍ਰਧਾਨ ਇਸ ਦੀ ਅੰਤਰਰਾਸ਼ਟਰੀ ਕਮੇਟੀ 'ਚ ਕਾਰਜਕਾਰੀ ਕਮੇਟੀ ਦਾ ਮੈਂਬਰ ਹੁੰਦਾ ਹੈ। ਮੈਂ ਵੀ ਆਪਣੀ ਪ੍ਰਧਾਨਗੀ ਵੇਲੇ ਇਸ ਕਮੇਟੀ ਦਾ ਦੋ ਸਾਲ ਮੈਂਬਰ ਰਿਹਾਂ। ਇਸ ਸੰਸਥਾ ਦਾ ਮੈਂਬਰ ਬਨਾਉਣ ਲਈ ਵੀ ਅਸ਼ੋਕ ਘੋਸ਼ ਦਾ ਬਹੁਤ ਯੋਗਦਾਨ ਰਿਹਾ।

ਇਸ ਸੰਸਥਾ ਦਾ ਹਰ ਚਾਲ ਸਾਲ ਬਾਅਦ ਸਾਲਾਨਾ ਸਮਾਗਮ ਹੁੰਦਾ ਹੈ ਤੇ ਇਹ ਹਰ ਵੇਰ ਕਿਸੇ ਨਾ ਕਿਸੇ ਵਿੱਡ ਦੇਣ ਵਾਲੇ ਦੇਸ਼ ਵਿਚ ਹੀ ਕੀਤਾ ਜਾਂਦਾ। 1992 ਵਿਚ ਇਸ ਦਾ ਇਹ ਸਾਲਾਨਾ ਇਜਲਾਸ ਭਾਰਤ ਵਿਚ ਹੋਇਆ ਤੇ ਇਸ ਅਜਲਾਸ ਨੂੰ ਭਾਰਤ ਵਿਖੇ ਕਰਾਉਣ ਵਿਚ ਵਿਚ ਵੀ ਅਸ਼ੋਕ ਘੋਸ਼ ਦਾ ਮੁਖ ਹੱਥ ਸੀ। ਉਦੋਂ ਦੁਨੀਆਂ ਭਰ ਤੋਂ ਇਸ ਕਾਨਫਰੰਸ ਵਿਚ ਡੈਲੀਗੇਟ ਸ਼ਾਮਿਲ ਹੋਏ ਤੇ ਇਹ ਸਮਾਗਮ ਇਕ ਇਤਿਹਾਸਿਕ ਸਮਾਗਮ ਕਹਾਇਆ। ਭਾਰਤ ਦੀ ਮਹਿਮਾਨ-ਨਿਵਾਜ਼ੀ ਤੇ ਸਾਡੇ ਵਲੋਂ ਦਿਖਾਈ ਇਸ ਅਪਣੱਤ ਨੇ ਦੁਨੀਆਂ ਦੇ ਪ੍ਰਕਾਸ਼ਨ ਨਕਸ਼ੇ 'ਤੇ ਭਾਰਤ ਦੀ ਇਕ ਐਸੀ ਮੁਹਰ ਲਗਾਈ ਕਿ ਅੱਜ ਤੀਕ ਉਸ ਵਿਚ ਆਇਆਹਰ ਡੈਲੀਗੇਟ ਹੁੱਬ ਕੇ ਚੇਤੇ ਕਰਦਾ ਤੇ ਕਹਿੰਦਾ ਕਿ ਭਾਰਤ ਤੋਂ ਵਧੀਆ ਸਮਾਗਮ ਪਹਿਲਾਂ ਕਿਤੇ ਨਹੀ ਦੇਖਿਆ ਤੇ ਨਾ ਦੇਖਣਾ। ਅਸੀਂ ਆਉਣ ਵਾਲੇ ਮਹਿਮਾਨਾਂ ਲਈ ਦਿੱਲੀ ਦੇ ਸਾਰੇ ਫਾਈਵ ਸਟਾਰ ਹੋਟਲਾਂ ਦੇ ਕਮਰੇ ਬਲਾਕ ਕਰਾ ਦਿੱਤੇ ਸਨ ਤੇ ਮਹਿਮਾਨਾਂ ਦੀ ਖਤਿਰ-ਨਿਵਾਜ਼ੀ ਦਾ ਖਾਸ ਪ੍ਰਬੰਧ ਕੀਤਾ ਗਿਆ। ਇਸੇ ਕਰਕੇ ਸਾਡੇ ਵਿਚੋਂ ਇਕ-ਇਕ ਪ੍ਰਤੀਨਿਧ ਨੂੰਇਨ੍ਹਾਂ ਹੋਟਲਾਂ ਵਿਚ ਇਕ ਇਕ ਕਮਰਾ ਦੇ ਕੇ ਮਹਿਮਾਨਾਂ ਦੀ ਦੇਖ-ਰੇਖ ਲਈ ਤਾਇਨਾਤ ਕੀਤਾ ਗਿਆ। ਮੈਨੂੰ ਉਦੋਂ ਦਿੱਲੀ ਦੇ ਮਾਨ ਸਿੰਘ ਰੋਡ ਵਾਲੇ ਤਾਜ ਮਹੱਲ ਹੋਟਲ ਵਿਚ ਕਮਰਾ ਦਿੱਤਾ ਗਿਆ। ਇਹ ਭਾਰਤ ਭਰ ਦੇ ਹੋਟਲਾਂ ਵਿਚ ਸਭ ਤੋਂ ਮਹਿੰਗਿਆਂ ਹੋਟਲਾਂ ਦੀ ਰੇਂਜ ਵਾਲਾ ਹੋਟਲ ਸੀ। ਇਸਵਿਚ ਕਮਰੇ ਦਾ ਉਦੋਂ (ਸ਼ਾਇਦ) ਅੱਜ ਕਰੀਬ ਪੌਣੇ ਪੰਜ ਸੌ ਪੌਂਡ ਪਰ ਡੇ ਕਿਰਾਇਆ ਹੈ ਤੇ ਉਦੋਂ ਪੱਚੀ ਤੀਹ ਹਜ਼ਾਰ ਹਜ਼ਾਰ ਰੁਪੈ ਰੋਜ਼ ਦਾ ਕਿਰਾਇਆ ਤਾਂ ਹੋਣਾ। ਪਰ ਮੈਂ ਆਦਤ ਮੁਤਾਬਕ ਉਥੇ ਇਕ ਰਾਤ ਵੀ ਨਾ ਸੁੱਤਾ ਤੇ ਰਾਤ ਨੂੰ ਸਾਰੀ ਦੇਖ-ਰੇਖ ਮਗਰੋਂ ਘਰ ਚਲਾ ਜਾਂਦਾ।ਪਰ ਤ੍ਰਿਕਾਲਾਂ ਨੂੰ ਯਾਰ-ਮੰਡਲੀ ਦੀ ਸ਼ਾਮ ਇਸੇ ਕਮਰੇ ਵਿਚ ਪੈਂਦੀ ਸੀ।ਇੱਥੇ ਕਦੇ ਨੂਰ ਸ਼ਰਾਬੀ ਹੋ ਜਾਂਦਾ ਤੇ ਕਦੇ ਡਾਕਟਰ ਜਗਬੀਰ ਬਾਹੂ ਸੁਨਾਉਣ ਲਗਦਾ। ਕਦੇ ਰਮੇਸ਼ ਸ਼ਰਮਾ ਲੁੜਕਿਆ ਹੁੰਦਾ ਤੇ ਕਦੇ ਕੋਈ ਹੋਰ ਮਹਿਮਾਨ। ਖੈਰ!

ਇਸ ਸਮਾਗਮ ਕਾਰਨ ਸੰਸਾਰ ਭਰ ਦੇ ਪ੍ਰਕਾਸ਼ਕਾਂ ਦੀਆਂ ਅੱਖਾਂ ਵੀ ਖੋਹਲੀਆਂ, ਕਿਉਂਕਿ ਇਸ ਤੋਂ ਪਹਿਲਾਂ ਵਿਦੇਸ਼ਾਂ ਵਿਚ ਭਾਰਤ ਦੇ ਪ੍ਰਕਾਸ਼ਨ ਜਗਤ ਬਾਰੇ ਕੋਈ ਚੰਗੀ ਤਸਵੀਰ ਨਹੀਂ ਸੀ ਲੋਕਾਂ ਦੇ ਮਨਾਂ ਵਿਚ। ਇਸ ਸਮਾਗਮ ਦੀ ਬਦੌਲਤ ਬਹੁਤ ਸਾਰੇ ਮੁਆਇਦੇ ਹੋਏ। ਕੋ-ਪਬਲਿਸ਼ਿੰਗ ਸ਼ੁਰੂ ਹੋਈ। ਆਪਸੀ ਪਾਰਟਨਰਸ਼ਿਪ 'ਚ ਪ੍ਰਫੁੱਲਤਾ ਹੋਈ। ਤੇ ਹੋਰ ਵੀ ਬਹੁਤ ਕੁਝ।

ਇਸ ਕਾਨਫਰੰਸ ਵਿਚ ਹੋਰ ਵੀ ਬਹੁਤ ਕਮਾਲ ਦੀਆਂ ਗੱਲਾਂ ਹੋਈਆਂ। ਉਦੋਂ ਆਈ ਪੀ ਏ ਦਾ ਪ੍ਰਧਾਨ ਅਮਰੀਕਨ ਕੰਪਨੀ ਵਾਈਲੀ ਬ੍ਰਾਡਲੇ ਦਾ ਚੇਅਰਮੈਨ ਐਂਡਰਿਊ ਨੀਲੀ ਸੀ। ਉਹ ਇਸ ਕਾਨਫਰੰਸ ਦੇ ਇੰਤਜ਼ਾਮ ਦੇਖਣ ਪਹਿਲਾਂ ਵੀ ਦਿੱਲੀ ਆਇਆ ਸੀ। ਵਾਈਲੀ ਈਸਟਰਨ ਦਾ ਇੰਡੀਅਨ ਚੀਫ ਅਸੰਗ ਮਾਚਵੇ (ਪ੍ਰਭਾਕਰ ਮਾਚਵੇ ਦਾ ਪੁੱਤਰ) ਉਨ੍ਹਾਂ ਦਾ ਭਾਰਤੀ ਹਿੱਸੇਦਾਰ ਸੀ। ਐਂਡਰਿਊਨੀਲੀ ਤੇ ਉਸ ਦੀ ਪਤਨੀ ਨਾਲ ਮੇਰੀ ਗੂਹੜਤਾ ਵੀ ਉਦੋਂ ਹੀ ਹੋ ਗਈ ਸੀ। ਕਾਨਫਰੰਸ ਵਾਲੇ ਸਾਲ ਵਿਚ ਇਨ੍ਹਾਂ ਦੇ ਵਿਆਹ ਦੀ ਪੰਜਾਹਵੀਂ ਸਾਲਗਿਰਹ ਸੀ। ਐਫਆਈਪੀ ਕਮੇਟੀ ਨੇ ਫੈਸਲਾ ਕਰਕੇ ਇਸ ਜੋੜੀ ਨੂੰ

ਸਰਪ੍ਰਾਈਜ਼ ਦੇਣ ਲਈ, ਇਨ੍ਹਾਂ ਦੋਹਾਂ ਦਾ ਵੇਦੀ ਦੁਅਲੇ ਦੋਬਾਰਾ ਵਿਆਹ ਕਰਾਵਾਇਆ ਤਾਂ ਇਹ ਨਜ਼ਾਰਾ ਦੇਖ ਕੇ ਸਾਰੇ ਸੰਸਾਰ ਦੇ ਪ੍ਰਕਾਸ਼ਕ ਹੈਰਾਨ ਸਨ। ਹਰ ਕੋਈ ਦੰਦਾਂ ਥੱਲੇ ਉਂਗਲੀਆ ਚਬਾਉਂਦਾ ਸੀ ਕਿ ਉਸ ਦੀ ਕਿਸਮਤ ਵਿਚ ਵੀ ਅਜਿਹਾ ਦਿਨ ਆਵੇ। ਉਸ ਰਾਤ ਐਂਡਰਿਊ ਨੀਲੀ ਨੇ ਸਿਲਕ ਦੀ ਅਚਕਨ ਤੇ ਸ਼੍ਰੀਮਤੀ ਨੀਲੀ ਨੇ ਗੂਹੜੇ ਨੀਲੇ ਰੰਗ ਦੀ ਭਾਰਤੀ ਸਾੜ੍ਹੀ ਪਹਿਨੀ ਤਾਂ ਉਹ ਦੋਨੋਂ ਗੋਰੇ ਰਾਤ ਦੀ ਰੌਸ਼ਨੀ ਵਿਚ ਚਮਕਾਂ ਮਾਰ ਰਹੇ ਸਨ। ਉਹ ਰਾਤ ਕਿਸੇ ਦੀਆਂ ਯਾਦਾਂ ਦੇ ਪਟੋਰੇ 'ਚੋਂ ਕਦੇ ਵੀ ਨਾ ਭੁੱਲਣ ਵਾਲੀ ਰਾਤ ਸੀ।

ਇਸੇ ਤਰ੍ਹਾਂ ਰਾਤ ਦੇ ਖਾਣੇ ਅਸੀਂ ਫਾਰਮ ਹਾਊਸਾਂ ਵਿਚ ਰੱਖੇ ਤਾਂਕਿ ਵਿਦੇਸ਼ੀ ਤੇ ਦੇਸੀ ਡੈਲੀਗੇਟ ਕੁਝ ਉਮਦਾ ਤੇ ਰੀਲੈਕਸ ਮਹਿਸੂਸ ਕਰਨ। ਇਕ ਸ਼ਾਮ ਦੇ ਖਾਣੇ ਬਾਅਦ ਅੱਧੀ ਰਾਤ ਨੂੰ ਪਤਾ ਲਗਾ ਕਿ ਇਕ ਡੈਲੀਗੇਟ ਦੀ ਸੈਕਰੇਟਰੀ ਰਾਤ ਨੂੰ ਆਪਣੇ ਹੋਟਲ ਨਹੀਂ ਪਹੁੰਚੀ। ਸਾਰੇ ਪੰਬੰਧਕ ਪ੍ਰੇਸ਼ਾਨ। ਸਾਰੀ ਰਾਤ ਕਿਆਸ ਲਾਉਂਦੇ ਰਹੇ। ਵੈਸੈ ਵੀ ਇਨ੍ਹਾਂ ਪਾਰਟੀਆਂ ਵਿਚ ਸਵੇਰ ਹੋ ਜਾਂਦੀ ਸੀ। ਸਵੇਰੇ ਜਾ ਕੇ ਪਤਾ ਲੱਗਾ ਕਿ ਉਹ ਸ਼ਰਾਬੀ ਹੋ ਕੇ ਇਕ ਵੇਟਰ ਨਾਲ ਸੱਤਵੇਂ ਆਸਮਾਨ ਤੇ ਪਹੁੰਚ ਮਜ਼ੇ ਕਰਨ ਤੁਰ ਗਈ ਸੀ।

ਐਫਆਈਪੀ 'ਚ ਚਲਦੇ ਚਲਦੇ ਅਸੀਂ ਕੁਝ ਲੋਕ ਇਕ ਦੂਜੇ ਨਾਲ ਪਰਿਵਾਰਿਕ ਸਾਂਝਾਂ ਵੀ ਪਾਉਣ ਲੱਗ ਪਏ। ਸਾਂਝੇ ਤਿਓਹਾਰਾਂ, ਵਿਆਹਾਂ ਸ਼ਾਦੀਆਂ, ਐਨਵਰਸਰੀਆਂ, ਜਨਮ-ਦਿਨਾਂ ਵੇਲੇ ਵੀ ਅਸੀਂ ਇਕ ਦੂਜੇ ਨਾਲ ਵੱਖ ਵੱਖ ਤਰ੍ਹਾਂ ਦੀ ਸਾਂਝ ਪਾਉਂਦੇ ਹੁੰਦੇ ਸਾਂ। ਉਨ੍ਹਾਂ ਸਾਂਝਾਂ ਦੀ ਦੇਣ ਹੈ ਕਿ ਅੱਜ ਤੀਕ ਅਸ਼ੋਕ ਤੇ ਉਨ੍ਹਾਂ ਦੀ ਪਤਨੀ ਸਾਗਰਿਕਾ ਘੋਸ਼ ਵਲੋਂ ਦੀਵਾਲੀ ਤੇ ਨਵੇਂ ਸਾਲ ਦੀਆਂ ਗਰੀਟਿੰਗਜ਼ ਮੇਰੇ ਕੋਲ ਵਿਲਾਇਤ ਵੀ ਪਹੁੰਚਦੀਆਂ ਹਨ। ਤੇ ਮੇਰੀਆਂ ਉਨ੍ਹਾਂ ਕੋਲ।

ਮੇਰੇ ਦਿੱਲੀ ਦੇ ਦਿਨਾਂ ਵਿਚ ਇਨ੍ਹਾਂ ਦੀਆਂ ਦੋਨੋ ਬੇਟੀਆਂ ਬਹੁਤ ਛੋਟੀਆਂ ਸਨ। ਆਦਤ ਅਨੁਸਾਰ ਮੈਂ ਕੁਝ ਅਨੋਖਾ ਗਿਫਟ ਲੱਭ ਕੇ ਇਨ੍ਹਾਂ ਸਾਰਿਆਂ ਨੂੰ ਭੇਜਦਾ ਹੁੰਦਾ ਸੀ। ਇਕ ਦੀਵਾਲੀ ਦੇ ਮੌਕੇ ਮੈਂ ਖੁਦ ਸਦਰ ਬਾਜ਼ਾਰ ਗਿਆ ਤੇ ਉਥੋਂ ਇਕ ਅਜੀਬ ਗਿਫਟ ਲੱਭਿਆ। ਇਹਗਿਫਟ ਸੀ ਕਰੀਬ ਛੇ-ਸੱਤ ਫੁੱਟ ਲੰਮੀਆਂ ਫੁੱਲਝੜੀਆਂ। ਇਸ ਇਕ ਫੁੱਲਝੜੀ ਨੂੰ ਇਕ ਵਾਰੀ ਚਲਾਉਣੀ ਸ਼ੁਰੂ ਕਰੋ ਤਾਂ ਇਹ ਕਾਫੀ ਦੇਰ ਬੱਝਦੀ ਹੀ ਨਹੀਂ ਸੀ। ਕਾਫੀ ਦੇਰ ਤਕ ਚਲਦੀ ਰਹਿੰਦੀ ਸੀ। ਜਿਸ ਨਾਲ ਬੱਚਿਆਂ ਦੀ ਖੁਸ਼ੀ ਵਿਚ ਬਹੁਤ ਇਜ਼ਾਫਾ ਹੁੰਦਾ। ਜਦੋਂ ਇਹ ਫੁੱਲਝੜੀਆਂ ਘੋਸ਼ ਪਰਿਵਾਰ ਪਹੁੰਚੀਆਂ ਤਾਂ ਸਭ ਖੁਸ਼ੀ ਨਾਲ ਹੈਰਾਨ ਹੋ ਗਏ। ਘੋਸ਼ ਪਰਿਵਾਰ ਨੂੰ ਇਹ ਗਿਫਟ ਮੈਂ ਹਰ ਸਾਲ ਭੇਜਦਾ ਹੁੰਦਾ ਸੀ ਜਿਸ ਦਾ ਸਿਰਫ ਅਸ਼ੋਕ ਨੂੰ ਹੀ ਪਤਾ ਸੀ। ਫਿਰ ਇਕ ਦਿਨ ਅਸ਼ੋਕ ਮੈਨੂੰ ਫੜ੍ਹ ਕੇ ਸਾਗਰਿਕਾ ਕੋਲ ਲੈ ਗਏ ਤੇ ਦੱਸਿਆ ਕਿ "ਇਹ ਹੈ ਉਹ ਦੋਸਤ ਜੋ ਹਰ ਸਾਲ ਬੱਚਿਆਂ ਲਈ ਫੁੱਲਝੜੀਆਂ ਭੇਜਦਾ!" ਮੈਨੂੰ ਚੇਤੇ ਹੈ ਕਿ ਉਸ ਦਿਨਉਹ ਦੋਵੇਂ ਤੇ ਬੱਚੇ ਵੀ ਬਹੁਤ ਥਲਿੱਲਡ ਮਹਿਸੂਸ ਕਰ ਰਹੇ ਸਨ। ਮੈਂ ਉਹ ਗਿਫਟ ਉਨ੍ਹਾਂ ਦੇ ਘਰ ਲਗਾਤਾਰ ਭੇਜਦਾ ਰਿਹਾ, ਪਰ ਜਦੋਂ ਅਸ਼ੋਕ ਤੇ ਸਾਗਰਿਕਾ ਦੀ ਵੱਡੀ ਬੇਟੀ ਅਚਾਨਕ ਫੁੱਲਝੜੀ ਵਾਂਗ ਬੁਝ ਗਈ ਤਾਂ ਫਿਰ ਮੇਰੀ ਹਿੰਮਤ ਨਹੀਂ ਪਈ ਕਿ ਇੰਨੀ ਵੱਡੀ ਫੁੱਲਝੜੀ ਦੋਬਾਰਾ ਭੇਜ ਸਕਾਂ।

ਇਸੇ ਤਰ੍ਹਾਂ ਭਾਰਤ ਵਿਚ ਰੀਪ੍ਰੋਡਕਸ਼ਨ ਰਾਈਟਸ ਆਰਗੇਨਾਈਜ਼ੇਸ਼ਨ (ਆਰ ਆਰ ਓ) ਬਨਾਉਣ ਵਿਚ ਵੀ ਅਸ਼ੋਕ ਘੋਸ਼ ਦਾ ਹੀ ਮੱਢਲਾ ਕੰਮ ਸੀ। ਉਨ੍ਹਾਂਦੇ ਯਤਨਾਂ ਸਦਕਾ ਹੀ ਇਹ ਸੰਸਥਾ ਹਿੰਦੁਸਤਾਨ ਵਿਚ ਸਥਾਪਤ ਹੋਈ ਜਿਸ ਨਾਲ ਲੇਖਕ ਦੀ ਲਿਖਤ ਰਾਹੀਂ ਉਸ ਨੂੰ ਕਾਫੀ ਫਾਇਦਾ ਹੋਣ ਦੀ ਸੰਭਾਵਨਾ ਹੈ।

ਜਿਵੇਂ ਜਿਵੇਂ ਦੁਨੀਆਂ ਵਿਚ ਇਲੈਕਟ੍ਰੋਨਿਕ ਕਮਿਊਨੀਕੇਸ਼ਨ ਦਾ ਬੋਲ-ਬਾਲਾ ਵਧ ਰਿਹਾ, ਲੇਖਕ ਦੀ ਰਚਨਾ ਦੇ ਕਾਪੀ ਹੋ ਜਾਣ ਦੇ ਆਸਾਰ ਵੀ ਬਹੁਤ ਵਧ ਰਹੇ ਹਨ। ਵਾਈਪੋ (ਵਰਲਡ ਇੰਟਲੈਕਚੁਅਲ ਪ੍ਰਾਪਰਟੀ ਆਰਗੇਨਾਈਜ਼ਸ਼ਨ) ਨੇ ਦੁਨੀਆਂ ਭਰ ਵਿਚ ਹਰ ਦੇਸ਼ ਵਿਚ ਚਾਰ-ਚਾਰ ਸੰਸਥਾਵਾਂ ਸਥਾਪਤ ਕੀਤੀਆਂ ਹਨ। ਇਨ੍ਹਾਂ ਸੰਸਥਾਵਾਂ ਸਿਰ ਆਪੋ-ਆਪਣੇ ਦੇਸ਼ ਦੀ ਇਟਲੈਕਚੁਅਲ ਪ੍ਰਾਪਰਟੀ ਦੀ ਰਖਵਾਲੀ ਦਾ ਜ਼ਿੰਮਾਂ ਹੈ। ਉਹ ਭਾਵੇਂ ਫਿਲਮ ਇੰਡਸਟਰੀ ਹੋਵੇ, ਸੰਗੀਤ, ਡੀਫੈਂਸ ਜਾਂ ਪਿੰਟ ਪ੍ਰਕਾਸ਼ਨ।ਇਹ ਬਣਨ ਬਾਅਦ ਕਿਸੇ ਵੀ ਦੇਸ਼ ਵਿਚ ਕੋਈ ਵੀ ਵਿਅਕਤੀ ਜਾਂ ਸੰਸਥਾ ਇਨ੍ਹਾਂ ਲੋਕਲ ਸੰਸਥਾਵਥ ਦੀ ਇਜ਼ਾਜਤ ਤੋਂ ਬਿਨਾਂ ਕਾਪੀ ਨਹੀਂ ਕਰ ਸਕੇਗਾ। ਆਰ ਆਰ ਓ ਰਾਹੀਂ ਹਰ ਲਾਇਬਰੇਰੀ, ਤੇ ਹੋਰ ਕੰਜ਼ਿਊਮਰਾਂ 'ਤੇ ਨਿਗਰਾਨੀ ਰੱਖੀ ਜਾਵੇਗੀ। ਜਦੋਂ ਕਿਸੇ ਨੇ ਵੀ ਕਿਸੇ ਕਿਤਾਬ ਦੀ ਫੋਟੋਕਾਪੀ ਕਰਾਉਣੀ ਹੋਵੇ ਤਾਂ ਉਹ ਲਾਇਬਰੇਰੀ ਵਿਚ ਮੁਨਾਸਿਬ ਫੀਸ ਜਮ੍ਹਾਂ ਕਰਵਾ ਕੇ ਹੀ ਫੋਟੋਕਾਪੀ ਕਰਵਾ ਸਕੇਗਾ। ਉਸ ਫੀਸ 'ਚੋਂ ਜੋ ਰਾਇਲਟੀ ਦਾ ਹਿੱਸਾ ਹੋਵੇਗਾ ਉਹ, ਜੈਨੀਵਾ ਪਹੁੰਚ ਇਨ੍ਹਾਂ ਲੋਕਲ ਸੰਸਥਾਵਾ ਰਾਹੀਂ ਲੇਖਕਾਂ ਜਾਂ ਕਾਪੀਰਾਈਟ ਮਾਲਕ ਕੋਲ ਪਹੁੰਚੇਗਾ। ਸੁਣਿਆ ਇਹ ਸੀ ਕਿ ਜਦ ਤੀਕ ਭਾਰਤ ਵਿਚ ਆਰ ਆਰ ਓ ਜਾਂ ਬਾਕੀ ਤਿੰਨ ਸੰਸਥਾਵਾਂ ਸਥਾਪਤ ਨਹੀਂ ਸਨ ਹੋਈਆਂ, ਉਦੋਂ ਤੀਕ ਇਨਾਂ ਦੇ ਹੈੱਡ ਕੁਆਰਟਰ ਵਿਚ ਕਰੋੜਾ ਰੁਪੈ ਭਾਰਤੀ ਲੇਖਕਾਂ ਤੇ ਹੋਰ ਕਰੀਏਟਿਵ ਦਾਨਿਸ਼ਵਰਾਂ ਦੇ ਜਮ੍ਹਾ ਹੋ ਚੁੱਕੇ ਸਨ।ਦੁਨੀਆਂ ਵਿਚ

ਕਿਸੇ ਵੀ ਕਰੀਏਟਿਵ ਵਰਕ ਦੀ ਕੋਈ ਵੀ ਫਰੀ ਫੋਟੋਕਾਪੀ ਜਾ ਰੀਪ੍ਰੋਡਕਸ਼ਨ ਨਹੀਂ ਕਰ ਸਕਦਾ, ਤੇ ਇਸੇ ਸੰਦਰਭ ਵਿਚ ਇਕੱਠਾ ਹੋਇਆ ਪੈਸਾ ਹੁਣ ਇਨ੍ਹਾਂ ਭਾਰਤੀ ਸੰਸਥਾਵਾਂ ਰਾਹੀਂ ਰਚਨਾਵਾਂ ਦੇ ਕਾਪੀਰਾਈਟ ਮਾਲਕ ਤੀਕ ਪਹੁੰਚਣਾ ਸ਼ੁਰੂ ਹੋਵੇਗਾ ਤੇ ਅੱਗੋਂ ਲਗਾਤਾਰ ਆਉਂਦਾ ਵੀ ਰਹੇਗਾ।ਇਸ ਨਾਲ ਲੇਖਕਾਂ ਤੇ ਪ੍ਰਕਾਸ਼ਕਾਂ, ਸੰਗੀਤ, ਫਿਲਮ ਮੇਕਰਾਂ ਜਾਂ ਕਿਸੇ ਵੀ ਪਰੋਡਕਸ਼ਨ ਨੂੰ ਰੀ-ਪਰੋਡਿਉਸ ਕਰਨ 'ਤੇ ਮਿਲੇ ਮੁਆਵਜ਼ੇ ਤੇ ਹੱਕਾਂ ਦੀ ਡਾਢ੍ਹੀ ਰਾਖੀ ਹੋ ਸਕੇਗੀ।

ਦੀਨਾ ਨਾਥ ਮਲਹੋਤਰਾ (ਹਿੰਦ ਪਾਕਿਟ ਬੁਕਸ) ਇਕ ਬਹੁਤ ਹੀ ਬਿਹਤਰੀਨ ਇਨਸਾਨ ਹਨ। ਬਹੁਤ ਹੀ ਸੂਝ ਦੇ ਮਾਲਿਕ ਤੇ ਦੂਰ-ਅੰਦੇਸ਼। ਦੂਰਅੰਦੇਸ਼ੀ ਇੰਨੇ ਕਿ ਭਾਰਤ ਵਿਚ ਘਰੇਲੂ ਲਾਇਬਰੇਰੀ ਯੋਜਨਾ ਦੀ ਸ਼ੁਰੂਆਤ ਕਰਨ ਵਾਲੇ ਵੀ ਉਹੀ। ਭਾਰਤੀ ਭਾਸ਼ਾਵਾਂ 'ਚੋਂ ਚੋਣਵੀਆਂ ਲਿਖਤਾਂ ਤੇ ਉਹ ਵੀ  ਇਕ ਰੁਪੈ ਪ੍ਰਤੀ ਕਾਪੀ ਲੋਕਾਂ ਦੇ ਘਰਾਂ ਤੀਕ ਪਹੁੰਚਾਉਣ ਲਈ ਵੀ ਉਹੀ ਜ਼ਰੀਆ ਬਣੇ।

1975 ਤੋਂ ਪਹਿਲਾਂ ਇਹ ਸਾਂਝੀ ਫੈਡਰੇਸ਼ਨ ਸੀ। ਉਸ ਵਿਚ ਬੁਕਸੈਲਰਜ਼, ਪਬਲਿਸ਼ਰਜ ਤੇ ਥੋਕ ਕਿਤਾਬਾਂ ਦੇ ਵਪਾਰੀ ਇਸ ਫੈਡਰੇਸ਼ਨ ਵਿਚ ਮੈਂਬਰ ਸਨ। ਜਦ ਇਨਾਂ ਸੀਨੀਅਰ ਤੇ ਕੁਝ ਹੋਰ ਲੋਕਾਂ ਇਹ ਮਹਿਸੂਸ ਕੀਤਾ ਕਿ ਦੂਸਰੀ ਫੈਡਰੇਸ਼ਨ ਕੇਵਲ ਵਿਦੇਸ਼ੀ ਹਿੱਤਾਂ ਦਾ ਹੀ ਧਿਆਨ ਰੱਖਦੀ ਹੈ ਕਿਉਂਕਿ ਉਸ ਫੈਡਰੇਸ਼ਨ ਵਿਚ ਵਧੇਰੇ ਲੋਕ ਵਿਦੇਸ਼ੀ ਪ੍ਰਕਾਸ਼ਕਾ ਦੇ ਪ੍ਰਤੀਨਿਧ ਸਨ। ਤੇ ਇੰਪੋਰਟ ਵੱਲ ਹੀ ਵਧੇਰੇ ਰੁਚਿਤ ਰਹਿੰਦੇ ਸਨ। ਜਿਸ ਨਾਲ ਭਾਰਤੀ ਲੇਖਕ ਦੀ ਪ੍ਰਫੁੱਲਤਾ ਨੂੰ ਨੁਕਸਾਨ ਹੁੰਦਾ ਸੀ। ਤਾਂਇਨ੍ਹਾਂ ਭਾਰਤੀ ਲੇਖਕਾਂ ਅਤੇ ਪ੍ਰਕਾਸ਼ਕਾਂ ਦੇ ਹਿੱਤਾਂ ਦੀ ਰਾਖੀ ਲਈ ਐਫ ਆਈ ਪੀ ਦੀ ਸਥਾਪਨਾ ਕੀਤੀ ਤੇ ਜੀਅ ਜਾਨ ਨਾਲ ਇਸ ਪਾਸੇ ਰੁੱਝੇ ਰਹੇ।

ਮੇਰੇ ਨਾਲ ਉਨ੍ਹਾਂ ਦੇ ਸੰਬੰਧ ਅਲੱਗ ਹੀ ਸਨ। ਮੁਹੱਬਤ ਵੀ ਬਹੁਤ ਦਿੰਦੇ ਤੇ ਪੁੱਤਾਂ ਵਾਂਗ ਰੁਹਬ ਵੀ ਪਅਾਉਂਦੇ। ਬਹੁਤ ਕੁਝ ਸਿੱਖਿਆ ਇਨ੍ਹਾਂ 'ਤੋਂ ਵੀ। ਸਾਡੇ ਸੰਬੰਧਾਂ ਦੀਆਂ ਕਈ ਕਹਾਣੀਆਂ ਹਨ। ਫੈਡਰੇਸ਼ਨ 'ਚ ਕੀਤੇ ਜਾਂ ਹੋ ਸਕਣ ਵਾਲੇ ਕੰਮਾਂ ਬਾਰੇ ਜਾਂ ਸਾਡੇ ਜ਼ਾਤੀ ਰਸ਼ਤਿਆਂ ਬਾਰੇ।ਦੋਹਾਂ ਦਾ ਵਿਸਥਾਰ ਇਕ ਲੰਮੀ ਤੇ ਵੱਖਰੀ ਕਿਤਾਬ ਮੰਗਦਾ।ਸੰਖੇਪ ਜਿਹੀ ਗੱਲ ਇਹ ਕਿ ਉਹ ਇਕ ਖੂਬਸੂਰਤ ਇਨਸਾਨ ਹਨ। ਆਪਣੀ ਜ਼ਿਹਨੀਅਤ ਮੁਤਾਬਕ ਜੀਊਣਾ। ਆਪਣੀ ਸੋਚ ਤਕ ਉੜਨਾ। ਸੰਗੀਤ ਤੇ ਸਾਇਰੀ ਦੀਨਾ ਨਾਥ ਦੀ ਵੀ ਰੂਹ ਨੇ।

ਇਕ ਵਾਰੀ ਅਸੀਂ ਇਨ੍ਹਾਂ ਦੇ ਹੁਣ ਵਾਲੇ ਘਰ ਜੋਰ ਬਾਗ ਵਿਖੇ ਇਕੱਠੇ ਹੋਏ। ਮੈਨੂੰ ਨਹੀਂ ਸੀ ਪਤਾ ਕਿ ਉਸ ਦਿਨ ਇਨ੍ਹਾਂ ਦਾ ਜਨਮ ਦਿਨ ਹੈ। ਜੋਰ ਬਾਗ ਦੀ ਪਹਿਲੀ ਮੰਜ਼ਿਲ ਜਿੱਥੇ ਹੁਣ ਇਨ੍ਹਾਂ ਦਾ ਪੁੱਤਰ ਸ਼ੇਖਰ ਮਲਹੋਤਰਾ ਤੇ ਉਸ ਦੀ ਪਤਨੀ ਪੂਨਮ ਰਹਿੰਦੇ ਹਨ, ਮਹਿਫਿਲ ਜੰਮ ਗਈ। ਸਿਰਫ ਘਰ ਦੇ ਮੈਂਬਰ ਤੇ ਸਾਡੇ ਚਾਰ-ਪੰਜ ਲੋਕਾਂ ਦੇ ਰਿਵਾਰ ਦੇ ਲੋਕ ਸਨ ਉਸ ਮਹਿਫਿਲ ਵਿਚ। ਅਸ਼ੋਕ ਘੋਸ਼, ਓਮ ਪ੍ਰਕਾਸ਼ ਘੱਈ, ਵਿਸ਼ਵਾਨਾਥ ਜੀ, ਰਾਮ ਦਾਸ ਭਟਕਲ, ਸ਼ਕਤੀ ਮਲਿਕ, ਆਨੰਦ ਭੁਸ਼ਣ ਤੇ ਉਨ੍ਹਾਂ ਸਾਰਿਆਂ ਦਿਆਂ ਪਤਨੀਆਂ। ਦੀਨਾ ਨਾਥ ਅੰਦਰ ਜਾ ਕੇ ਹਾਰਮੋਨੀਅਮ ਚੁੱਕ ਲਿਆਏ ਤੇ ਸ਼ੁਰੂ ਹੋ ਗਏ। ਕਿਆ ਧੁੰਨਾਂ ਸਨ ਉਸ ਰਾਤ ਦੀਆਂ। ਮੈਂਵੀ ਉਸ ਦਿਨ ਅਮਿਤੋਜ ਦੀ ਕਵਿਤਾ "ਹਮ ਕਾਂਚ ਕੇ ਗਿਲਾਸ ਥੋਹੜੇ ਹੀ ਹੈਂ?" ਸੁਣਾਈ। ਸ੍ਰੀਮਤੀ ਮਲਹੋਤਰਾ ਭਾਵੁਕ ਹੋ ਗਏ। ਮੈਨੂੰ ਕਹਿੰਦੇ ਪੁੱਤਰ, ਇਕ ਤਾਂ ਤੂੰ ਮੇਰੀ ਨੂੰਹ ਜਸਬੀਰ ਨਾਲ ਨਹੀਂ ਲਿਆਇਆ ਤੇ ਉਤੋਂ ਇਹ ਕਵਿਤਾ ਸੁਣਾ ਕੇ ਰੋਣ ਕੱਢ ਦਿੱਤਾ। ਅਸੀਂਤਾਂ ਸਿਵਿਲ ਲਾਈਨਜ਼ ਤੋਂ ਘਰ ਹੀ ਬਦਲਿਆ ਦੇਸ ਨਹੀਂ।" ਇਹ ਸੁਣ ਮੇਰੀਆਂ ਵੀ ਭੁੱਬਾਂ ਨਿੱਕਲ ਗਈਆਂ। (ਦੀਨਾ ਨਾਥ ਪਹਿਲੋਂ ਪੁਰਾਣੇ ਸਕੱਤਰੇਤ ਕੋਲ ਫਲੈਗ ਸਟਾਫ ਰੋਡ 'ਤੇ ਰਹਿੰਦੇ ਸਨ। ਤੇ ਇਨ੍ਹਾਂ ਦੇ ਵੱਡੇ ਭਰਾ ਵਿਸ਼ਵਾਨਾਥ ਅਗਲੀ ਰੋਅ ਵਿਚ !)

ਫਿਰ ਇਕ ਦੌਰ ਆਇਆ। ਓ ਪੀ ਘਈ ਨੇ ਇਕ ਕਿਤਾਬ ਲਿਖ ਕੇ ਪ੍ਰਕਾਸ਼ਿਤ ਕਰ ਲਈ। ਫੇਰ ਕਈ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਆ ਗਈਆਂ। ਉਨ੍ਹਾਂ ਦਿਨਾਂ ਵਿਚ ਦੀਨਾ ਨਾਥ ਦੀ ਕਿਤਾਬ "ਡੇਅਰ ਟੂ ਪਬਲਿਸ਼" ਵੀਆਈ। ਇਹ ਉਨ੍ਹਾਂ ਦੀ ਸਵੈਜੀਨੀ ਸੀ। ਇਸ ਪੁਸਤਕ ਰਾਹੀਂ ਉਨ੍ਹਾਂ ਆਪਣੀ ਬਚਪਨ ਤੋਂ ਲੈ ਕੇ ਹੁਣ ਤੀਕ ਦੀ ਜ਼ਿੰਦਗੀ 'ਚੋਂ ਛੋਟੇ-ਵੱਡੇ ਤਜੁਰਬੇ ਸ਼ੇਅਰ ਕੀਤੇ ਸਨ। ਜਦੋਂ ਇਨ੍ਹਾਂ ਦੇ ਪਿਤਾ ਰਾਜਪਾਲ ਜੀ ਦਾ ਲਾਹੌਰ 'ਚ ਕਤਲ ਹੋਇਆ ਤਾਂ ਇਹ ਸਾਰੇ ਭਰਾ ਬਹੁਤ ਛੋਟੇ ਸਨ। ਵਿਸ਼ਵਾਨਾਥ ਜੀ ਸਭ ਤੋਂ ਵੱਡੇ ਸਨ। ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਮਲਹੋਤਰਾ, ਜਿਨ੍ਹਾਂ ਦਾ ਹਵਾ ਵਿਚ ਹੀ ਜਹਾਜ਼ ਕਰੈਸ਼ ਹੋ ਗਿਆ ਸੀ ਤੇ ਉਸ ਯਾਹਨ ਵਿਚੋਂ ਨੋਟਾਂ ਦੀ ਬਰਸਾਤ ਹੋਈ ਸੀ, ਇਨ੍ਹਾਂ ਦੇ ਛੋਟੇ ਭਰਾ ਸਨ।  ਉਸ ਕਿਤਾਬ ਵਿਚ ਬਹੁਤ ਦਿਲਚਸਪ ਗੱਲਾਂ ਹਨ। ਮੈਨੂੰ ਦੀਨਾ ਨਾਥ ਕਹਿੰਦੇ ਇਹ ਕਿਤਾਬ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ ਤੇ ਤੂੰ ਇਸ ਨੂੰ ਪੰਜਾਬੀ ਵਿਚ ਅਨੁਵਾਦ ਕਰਾ। ਮੈਂ ਉਦੋਂ ਪੰਜਾਬੀ ਅਕਾਦਮੀ ਦੀ ਗਵਰਨਿੰਗ ਕੌਂਸਿਲ ਦਾ ਮੈਂਬਰ ਹੁੰਦਾ ਸਾਂ। ਮੈਂ ਉਹ ਕਿਤਾਬ ਅਕਾਦਮੀ ਨੂੰ ਰੀਕੁਮੈਂਡ ਕੀਤੀ ਅਨੁਵਾਦ ਲਈ। ਪਰ ਕਈ ਵਿਦਵਾਨ-ਅਨੁਵਾਦਕਾਂ ਤੋਂ ਉਦੋਂ

ਨਾਂਹ ਆ ਗਈ ਤੇ ਉਨ੍ਹਾਂ ਵਾਪਿਸ ਕਰ ਦਿੱਤੀ। ਅਖੀਰ ਦੀਨਾ ਨਾਥ ਹੁਰਾਂ ਦੇ ਕਹਿਣ ਤੇ ਇਸ ਕਿਤਾਬ ਦਾ ਅਨੁਵਾਦ ਮੇਰੇ ਸਿਰ ਪੈ ਗਿਆ। ਮੈਂ ਉਨ੍ਹਾਂ ਤੋਂ ਪੁਛਿਆ, "ਅਨੁਵਾਦ ਤਾਂ ਮੇਰੇ ਮੁਤਾਬਕ ਸਿਰਫ ਸ਼ਬਦਾਂ ਦਾ ਹੀ ਨਹੀਂ ਹੁੰਦਾ, ਸਗੋਂ ਜਿਸ ਭਾਸ਼ਾ ਵਿਚ ਕਿਤਾਬ ਅਨੁਵਾਦ ਹੋਵੇ ਉਸ ਭਾਸ਼ਾ ਦਾ ਸਭਿਆਚਾਰ ਉਸ ਵਿਚ ਸ਼ਾਮਿਲ ਕਰਨਾ ਪੈਂਦਾ। ਤੇ ਜੇ ਮੈਂ ਅਨੁਵਾਦ ਕਰਨਾ ਹੀ ਹੈ ਤਾਂ ਮੈਂ ਇਸ ਕਿਤਾਬ ਨੂੰ ਸ਼ਬਦ-ਦਰ-ਸ਼ਬਦ ਅਨੁਵਾਦ ਨਹੀਂ ਕਰਾਂਗਾ ਬਲਕਿ ਇਸ ਵਿਚ ਉਸ ਬੋਲੀ ਦਾ ਕਿਤਾਬ ਦੇ ਵਿਸ਼ੇ ਬਾਰੇ ਪ੍ਰਭਾਵ ਪਾਵਾਂਗਾ। ਜੇ ਮਨਜ਼ੂਰ ਹੈ ਤਾਂ ਹੀ ਮੈਂ ਇਸ ਨੂੰ ਸ਼ੁਰੂ ਕਰਾਂ...!"

"ਮੈਂ ਅਨੁਵਾਦ ਨੂੰ ਅੱਛੀ ਤਰ੍ਹਾਂ ਸਮਝਦਾਂ। ਤੇ ਉਹੀ ਚਾਹੁੰਦਾ ਹਾਂ ਜੋ ਤੂੰ ਕਹਿ ਰਿਹਾਂ!" ਉਨ੍ਹਾਂ ਹਾਮੀ ਭਰੀ ।ਤੇ ਅੱਗੋਂ ਮੈਂ ਕੁਝ ਸਮੇਂ ਲਈ ਵਿਲਾਇਤ ਆਉਣਾ ਸੀ। ਨਿੰਠ ਕੇ ਬੈਠ ਗਿਆ। ਕਈ ਵਾਰ ਕਿਤਾਬ ਦਾ ਪਾਠ ਕੀਤਾ। ਤੇ ਕਲਮ ਚੁੱਕ ਲਈ। ਦੀਨਾ ਨਾਥ ਹੁਰਾਂ ਨੂੰ ਦੱਸਿਆ ਕਿ ਕਰੀਬ ਤਿੰਨ ਚੈਪਟਰ ਅਨੁਵਾਦ ਕਰ ਲਏ ਹਨ। ਉਹ ਸੁਣ ਲੈਣ।ਅਸੀਂ ਇੰਡੀਆ ਇੰਟਰਨੈਸ਼ਨਲ ਸੈਂਟਰ ਦੀ ਅਨੈਕਸੀ ਵਿਚ ਬੈਠ ਗਏ। ਉਦੋਂ ਇਹ ਅਨੈਕਸੀ ਨਵੀਂ ਨਵੀ ਬਣੀ ਸੀ ਤੇ ਕੋਈ ਖਾਸ ਭੀੜ ਨਹੀਂ ਸੀ ਹੁੰਦੀ।ਸਾਡੇ ਨਾਲ ਦੀ ਟੇਬਲ 'ਤੇ ਬਾਅਦ ਵਿਚ ਬਣੇ ਭਾਰਤ ਦੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਬੈਠੇ ਸਨ। ਮੈਂ ਉਹ ਸਫੇ ਪੜ੍ਹ ਦੀਨਾ ਨਾਥ ਹੁਰਾਂ ਨੂੰ ਸੁਣਾ ਰਿਹਾ ਸਾਂ ਪਰ ਕੰਨ ਗੁਜਰਾਲ ਹੁਰਾਂ ਦੇ ਵੀ ਮੇਰੇ ਸ਼ਬਦਾਂ ਵੱਲ ਹੀ ਸਨ। ਹਾਲੇ ਮੈ ਇਕ ਚੈਪਟਰ ਹੀ ਪੜ੍ਹਿਆ ਸੀ ਕਿ ਦੀਨਾ ਨਾਥ ਹੁਰਾਂ ਆਪਣੀ ਕੁਰਸੀ ਤੋਂ ਉੱਠ ਵਧਾਈਆਂ ਦੇਣ ਤੇ ਆਪਣੀ ਖੁਸ਼ੀ ਜ਼ਾਹਰ ਕਰਨ ਲਈ ਮੈਨੂੰ ਆਪਣੇ ਕਲਾਵੇ ਵਿਚ ਹੀ ਘੁੱਟ ਲਿਆ। ਤੇ ਨਾਲ ਹੀ ਗੁਜਰਾਲ ਸਾਹਿਬ ਵੀ ਖੜੇ ਹੋ ਗਏ। ਉਨ੍ਹਾਂ ਦੋਹਾਂ ਇੰਨਾਂ ਪਿਆਰ ਤੇ ਅਪਣੱਤ ਦਿਖਾਈ ਕਿ ਮੈਨੂੰ ਲੱਗਾ ਮੇਰੀ ਮਿਹਨਤ ਜ਼ਾਇਆ ਨਹੀਂ ਸੀ।

ਮਗਰੋਂ ਜਦ ਪੂਰੀ ਕਿਤਾਬ ਛੱਪ ਗਈ ਤਾਂ ਇਸ ਦਾ ਨਾਂਅ ਮੈ "ਮੇਰੀਆਂ ਅਣਭੁੱਲ ਯਾਦਾਂ" ਰੱਖਿਆ ਤੇ ਇਸ ਦੀ ਲਾਊਂਚ ਲਈ ਅਸੀਂ ਫਿਰ ਇੰਦਰ ਕੁਮਾਰ ਗੁਜਰਾਲ ਹੁਰਾਂ ਨੂੰ ਹੀ ਬੁਲਾਉਣ ਦਾ ਫੈਸਲਾ ਕੀਤਾ। ਉਦੋਂ ਤੀਕ ਉਹ ਪ੍ਰਧਾਨ ਮੰਤਰੀ ਬਣ ਲਹਿ ਚੁੱਕੇ ਸਨ। ਦਿੱਲੀ ਦੇ ਪੰਜਾਬੀ ਭਵਨ ਵਿਚ ਇਸ ਕਿਤਾਬ ਨੂੰ ਲਾਂਚ ਕੀਤਾ ਗਿਆ। ਉਸ ਦਿਨ ਗੁਜਰਾਲ ਹੁਰਾਂ ਤਾਂ ਕਿਤਾਬ ਦੀ ਤਾਰੀਫ ਕੀਤੀ ਹੀ ਪਰ ਦੀਨਾ ਨਾਥ ਹੁਰਾਂ ਖਾਸ ਅਨਾਊਂਸ ਕੀਤਾ ਕਿ ਜਦੋਂ ਵੀ ਉਹ ਕਿਸੇ ਅਨਵਾਦ ਕਮੇਟੀ ਵਿਚਹੋਣਗੇ ਤੇ ਜਦੋਂ ਇਨਾਮ ਦੀ ਗੱਲ ਆਈ ਤਾਂ ਉਹ ਮੇਰੇ ਅਨੁਵਾਦ ਨੂੰ ਇਨਾਮ ਦੇਣ ਦੀ ਪੈਰਵੀ ਕਰਨਗੇ।

ਉਂਝ ਇਸ ਇਨਾਮ ਦਾ ਹਾਲੇ ਤੀਕ ਤਾਂ ਖੁਰਾ ਵੀ ਨਹੀਂ ਪੁਟਿਆ ਗਿਆ। ਦੇਖੋ?...ਖੈਰਾਤ ਕਦੋਂ ਮਿਲਦੀ ਹੈ?

ਦੀਨਾ ਨਾਥ ਹੁਰਾਂ ਨਾਲ ਮੇਰੀਆਂ ਲੜਾਈਆਂ ਵੀ ਬਹੁਤ ਹੁੰਦੀਆਂ ਪਰ ਅਸੀਂ ਫਿਰ ਦੂਸਰੇ ਦਿਨ ਕੱਲ੍ਹ ਵਾਲੇ ਹੀ ਬਣ ਜਾਂਦੇ। ਅਸੀਂ ਹਾਸੇ-ਠੱਠੇ ਵੀ ਕਰਦੇ। ਗੰਭੀਰ ਗੱਲਾਂ ਵੀ। ਘਰ ਦੀਆਂ ਵੀ। ਕਾਰੋਬਾਰ ਦੀਆਂ ਵੀ।

ਜਦੋਂ ਉਨ੍ਹਾਂ ਦੇ ਬੇਟੇ ਸ਼ੇਖਰ ਮਲਹੋਤਰਾ ਨੇ ਉਨ੍ਹਾਂ ਦਾ ਸਾਰਾ ਕੰਮ ਸੰਭਾਲ ਲਿਆ ਤੇ ਹੋਰ ਵੀ ਕਈ ਕੁਝ ਵਿਚ ਆਪਣੇ ਸਿੰਗ ਫਸਾ ਲਏ, ਜਿਸ ਵਿਚ ਉਨ੍ਹਾਂ ਇਕ ਨਵੀਂ ਕੰਪਨੀ, ਇਕ ਨਵੇਂ ਇਮੇਜ ਲਈ ਲਾਊਂਚ ਕਰ ਲਈ, ਤੇ ਖਾਨ ਮਾਰਕੀਟ ਵਿਚ ਸ਼ੋਅ ਰੂਮ ਵੀ ਬਣਾ ਲਿਆ। ਸ਼ੇਖਰ ਦਾ ਵਿਚਾਰ ਸੀ ਕਿ ਇਸ ਵਿਚ ਹੇਠਲੀ ਮੰਜ਼ਿਲ 'ਤੇ ਕਿਤਾਬਾਂ ਹੋਣ, ਪਰ ਸਭ ਤੋਂ ਉਪਰਲੀ ਮੰਜ਼ਿਲ 'ਤੇ ਕੈਫੇਟੇਰੀਆ ਹੋਵੇ ਤਾਂ ਕਿ ਹਰ ਕੋਈ, ਭਾਵੇ ਕੌਫੀ ਪੀਣ ਹੀ ਆਇਆ ਹੋਵੇ, ਕਿਤਾਬਾਂ ਵਿਚ ਦੀ ਲੰਘ ਕੇ ਜਾਵੇ।

ਇਹੀ ਆਡੀਆ ਮੈਂ ਕਈ ਸਾਲ ਪਹਿਲਾਂ ਦਿੱਲੀ ਯੂਨੀਵਰਸਿਟੀ ਦੇ ਕੁਝ ਪਾਲਿਸੀ ਮੇਕਰਾਂ ਨੂੰ ਵੀ ਦਿੱਤਾ ਸੀ। ਤੇ ਸੁਣਿਆ ਸੀ ਕਿ ਉਨ੍ਹਾਂ ਇਹ ਸਕੀਮ ਮੰਨ ਵੀ ਲਈ, ਪਰ ਜਗਾਹ ਵਿਦਿਆਰਥੀ ਜਥੇਬੰਦੀਆਂ ਦੇ ਦਫਤਰ ਦੇ ਓੱਪਰ ਹੀ ਦਿੱਤੀ। ਇਹ ਆਈਡੀਆ ਉਦੋਂ ਹੀ ਫੇਲ੍ਹ ਹੋ ਗਿਆ, ਕਿਉਂਕਿ ਕਿਸੇ ਵੀ ਵਿਦਿਆਰਥਣ ਕੁੜੀ ਜਾਂ ਮਹਿਲਾ ਟੀਚਰ ਨੇ ਮੁੰਡਿਆਂ ਦੇ ਗੜ੍ਹ 'ਚੋਂ ਨਿਕਲ ਕੌਫੀ ਪੀਣ ਨਹੀ ਸੀ ਜਾਣਾ।

ਮਗਰੋਂ ਰਾਮਜਸ ਕਾਲਿਜ ਦੇ ਪ੍ਰਿੰਸੀਪਲ ਡਾਕਟਰ ਰਾਜੇਂਦਰ ਪ੍ਰਸਾਦ ਨੇ ਮੈਨੂੰ ਇਕ ਇਹੋ ਜਿਹੀ ਆਫਰ ਕੀਤੀ, ਕਿ ਚਾਰ ਮੰਜ਼ਿਲਾ ਬਿਲਡਿੰਗ ਮੈਂ ਬਣਾਵਾਂ ਤੇ ਉਪਰਲੀ ਫਲੋਅਰ ਕੌਫੀ ਹਾਉਸ ਵਿਦਿਆਥੀਆਂ ਦਾ ਕੈਫੇਟੇਰੀਆ ਹੋਵੇ।ਉਸ ਦਾ ਮੂੰਹ ਦੌਲਤ ਰਾਮ ਕਾਲਜ ਵਾਲੀ ਸੜਕ 'ਤੇ ਹੋਵੇ ਤੇ ਬਾਹਰੋ ਬਾਹਰ ਲੋਕੀ ਆਉਣ-ਜਾਣ। ਕਾਲਜ ਵਿਚ ਕੋਈ ਦਖਲ-ਅੰਦਾਜ਼ੀ ਨਾ ਹੋਵੇ। ਕਾਲਜ ਵਲੋਂ ਇਸ ਬਿਲਡਿੰਗ ਵਾਸਤੇ ਦਿੱਤੀ ਜ਼ਮੀਨ ਬਦਲੇ ਨੜ੍ਹੇਨਵੇਨ ਸਾਲ ਤੀਕ ਕਾਲਜ ਮੇਰੇ ਤੋਂ ਮਾਮੂਲੀ ਲੀਜ਼ ਦੀ ਤਵੱਕੋ ਕਰੇਹਾ।ਸਕੀਮ ਬਹੁਤ ਅੱਛੀ ਸੀ। ਨਵੀਂ ਸੀ। ਬਹੁਤ ਲੋਕਾਂ ਨੂੰ ਪਸੰਦ ਵੀ ਆਈ।ਮੈਂ ਪਹਿਲਾਂ ਤਾਂ ਇਸ ਲਈ ਹਾਂ ਕਰ ਦਿੱਤੀ, ਪਰ ਫਿਰ ਮੈਨੂੰ ਘਰੇਲੂ ਕਾਰਨਾਂ ਕਰਕੇ ਨਾਂਹ ਕਰਨੀ ਪਈ, ਕਿਉਂਕਿ ਮੇਰਾ ਬੇਟਾ ਅਮਿਤ ਵਿਲਾਇਤ ਵਿਖੇ ਸੈੱਟਲ ਹੋਣਾ ਚਾਹੁੰਦਾ ਸੀ।

ਦੀਨਾ ਨਾਥ ਹੁਰਾਂ ਦੀ ਸਿਹਤ ਵੀ ਕੁਝ ਖਰਾਬ ਰਹਿਣ ਲੱਗ ਪਈ। ਉਦੋਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਹੁਣ ਆਰਾਮ ਕਰਨ।ਸ਼ੇਖਰ ਅੱਜ ਦੀ ਸੋਚ ਰੱਖਦਾ ਸੀ। ਇਸ ਕਰਕੇ ਉਨ੍ਹਾਂ ਦੇ ਵਿਚਾਰਾਂ ਵਿਚ ਕਈ ਗੱਲਾਂ 'ਤੇ ਟਕਰਾ ਵੀ ਹੋ ਜਾਂਦਾ ਸੀ। ਉਂਝ ਇਹ ਮਾਮੂਲੀ ਟਕਰਾਅ ਹਰ ਪੀਹੜੀ ਵਲੋਂ ਹੁੰਦਾ ਆਇਆ ਤੇ ਹੁੰਦਾ ਵੀ ਰਹੇਗਾ ਕਿਉਂਕਿ ਆਧੁਨਿਕਤਾ ਕੁਦਰਤ ਦਾ ਅਸੂਲ ਹੈ। ਅਖੀਰ ਉਹਨਾਂ ਸ਼ੇਖਰ ਦੀ ਸਲਾਹ 'ਤੇ ਘਰ ਰਹਿਣਾ ਮੰਨ ਲਿਆ। ਪਰ ਹਾਲੇ ਕੁਝ ਹਫਤੇ ਹੀ ਹੋਏ ਸਨ ਕਿ ਮੈਂ ਸਵੇਰੇ ਨੌਂ ਕੁ ਵਜੇ ਉਨ੍ਹਾਂ ਨੂੰ ਘਰ ਵਾਲੇ ਨੰਬਰ 'ਤੇ ਫੋਨ ਕੀਤਾ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਪਤਾ ਲੱਗਾ ਕਿ ਉਹ ਤਾਂ ਦਫਤਰ ਗਏ ਹਨ। ਮੈਂ ਪੁਛਿਆ ਕਿ "ਦਫਤਰ ਤਾਂ ਉਹ ਜਾਂਦੇ ਨਹੀਂ ਸਨ?"

ਘਰ ਦੇ ਕੰਮਾਂ 'ਚ ਮਦਦ ਕਰਾਉਣ ਆਉਂਦੀ ਲੇਡੀ ਨੇ ਦੱਸਿਆ ਕਿ ਉਨ੍ਹਾਂ ਜੋਰ ਬਾਗ ਵਿਚ ਹੀ ਇਕ ਹੋਰ ਦਫਤਰ ਬਣਾ ਲਿਆ ਹੈ। ਮੈਂ ਉਥੋਂ ਦਾ ਨੰਬਰ ਲਿਆ ਤੇ ਫੋਨ ਮਿਲਾਇਆ। ਦੀਨਾ ਨਾਥ ਹੁਰਾਂ ਨਾਲ ਗੱਲ ਹੋਈ । ਮੈਂ ਨਵਾਂ ਦਫਤਰ ਬਨਾਉਣ ਦਾ ਕਾਰਣ ਪੁੱਛਿਆ ਤਾਂ ਉਨ੍ਹਾਂ ਜੁਆਬ ਵਿਚ ਬਹੁਤ ਮਜ਼ੇਦਾਰ ਗੱਲ ਆਖੀ। ਕਹਿੰਦੇ, "ਕਾਕਾ ! ਇਕ ਗੱਲ ਚੇਤੇ ਰੱਖੀਂ ਕਿ ਘਰ ਵਾਲੀ 'ਤੇ ਇਹ ਇੰਪਰੈਸ਼ਨ ਨਹੀਂ ਪੈਣ ਦੇਣਾ ਚਾਹੀਦਾ ਕਿ ਉਸ ਦਾ ਪਤੀ ਹੁਣ ਬੇਕਾਰ ਹੋ ਗਿਆ। ਉਸ ਨੂੰ ਤਾਂ ਸਵੇਰੇ ਉੱਠਦੇ ਹੀ ਭੜਥੂ ਪਾ ਦਿਓ ਕਿ 'ਮੈਂ ਤਾਂ ਬਹੁਤ ਬਿਜ਼ੀ ਹਾਂ!...ਦੱਸ ਵਜੇ ਫਲਾਣੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਿਲਣਾ, ਗਿਆਰਾਂ ਵਜੇ ਫਲਾਣੇ ਦੇਸ਼ ਦੇ ਐਜੂਕੇਸ਼ਨ ਸੈਕਰੇਟਰੀ ਨੇ,..ਦੋ ਵਜੇ ਫਲਾਣੇ ਅੰਬੈਸਡਰ ਨੂੰ...ਚਾਰ ਵਜੇ ਨੌਬਲ ਪ੍ਰਾਈਜ਼ ਵਿੰਨਰ ਫਲਾਣੇ ਲੇਖਕ ਨੇ ਮੈਨੂੰ ਦਫਤਰ ਮਿਲਣ ਆਉਣਾ!...ਫਿਰ ਦੇਖੋ ਤੁਹਾਡਾ ਨਾਸ਼ਤਾ ਕਿੰਨੀ ਜਲਦੀ ਤਿਆਰ ਹੁੰਦਾ...ਟਿਫਿਨ ਤੁਹਾਡਾ ਕਿੰਨੇ ਟਾਈਮ ਸਿਰ ਰੈਡੀ ਹੁੰਦਾ!...ਦਫਤਰ ਆਕੇ ਭਾਵੇਂ ਮਾਲਸ਼ੀਏ ਤੋਂ ਮਾਲਿਸ਼ ਕਰਵਾਉਂਦੇ ਰਹੋ !" ਦੀਨਾ ਨਾਥ ਹੁਰਾਂ ਦੀਆਂ ਇਹੋ ਜਿਹੀਆਂ ਗੱਲਾਂ ਚੇਤੇ ਕਰਕੇ ਅੱਜ ਵੀ ਹਾਸਾ ਨਹੀਂ ਰੁਕਦਾ।

+ + +

ਹੋਰ ਬਹੁਤ ਹੋਰ ਗੱਲਾਂ ਹਨ। ਕਿਸ ਕਿਸ ਬਾਰੇ ਤੇ ਕੀ ਕੀ ਲਿਖਾਂ?...ਦੁਨੀਆਂ ਦੇ ਸਭ ਤੋਂ ਵੱਡੇ ਫਰੈਂਕਫੁਰਟ ਬੁੱਕ ਫੇਅਰ, ਦਿੱਲੀ ਦੇ ਵਰਲਡ ਬੁਕ ਫੇਅਰ ਅਤੇ ਦਿੱਲੀ ਬੁੱਕ ਫੇਅਰਾ ਬਾਰੇ? ਬਹੁਤ ਹੀ ਦਿਲਚਸਪ ਗੱਲਾਂ ਵੀ ਹੋ ਨਿਬੜੀਆਂ।ਕੁਝ ਹੀ ਯਾਦਾਂ ਤੁਹਾਡੇ ਨਾਲ ਸਾਂਝੀਆਂ ਕਰ ਇਹ ਹੁਣ ਛੱਡ ਰਿਹਾਂ ਤੇ ਬਾਕੀ ਮੈਂ ਆਪਣੇ ਕੋਲ ਅਗਲੀਆਂ ਵਾਰੀਆਂ 'ਚ ਲਿਖਣ ਲਈ ਰੱਖ ਰਿਹਾਂ। ਜੇ ਤੁਹਾਨੂੰ ਇਹ ਪਸੰਦ ਆਈਆਂ ਤਾਂ ਮੈਨੂੰ ਜਲਦੀ ਹੀ ਲਿਖਿਓ, ਪ੍ਰਕਾਸ਼ਕਾਂ ਤੇ ਉਨ੍ਹਾਂ ਨਾਲ ਬਿਤਾਏ ਤੇ ਹੰਢਾਏ ਤਜੁਰਬੇ ਇਕ ਪੂਰੀ ਕਿਤਾਬ 'ਚ ਲੈ ਕੇ ਹਾਜ਼ਿਰ ਹੋਵਾਂਗਾ।

## ਪ੍ਰਕਾਸ਼ਨ ਜਗਤ ਦੇ ਕੁਝ ਹਲਕੇ ਫੁਲਕੇ ਪੱਲ

ਇਥੇ ਇਕ ਗੱਲ ਮੈਂ ਬਹੁਤ ਹੀ ਸ਼ਿੱਦਤ ਨਾਲ ਸਾਂਝੀ ਕਰਨੀ ਚਾਹੁਨਾਂ। ਉਹ ਇਹ ਕਿ ਇਸ ਫੈਡਰੇਸ਼ਨ ਦੀ ਸਥਾਪਨਾ 1975 ਵਿਚ ਹੋਈ ਸੀ। ਉਦੋਂ ਤੋਂ ਲੈ ਕੇ ਇਸ ਦੀ ਹਰ ਸਾਲ ਚੋਣ ਹੁੰਦੀ ਹੈ। ਪਰ ਹਰ ਵੇਰ ਸਹਿਮਤੀ ਨਾਲ ਹੀ ਇਹ ਸਿਲਸਿਲਾ ਪੂਰਾ ਹੋ ਜਾਂਦਾ ਰਿਹਾ। ਪਰ ਜਦੋਂ ਵੀ ਕੋਈ ਕੰਟਰੋਵਰਸੀ ਖੜ੍ਹੀ ਹੁੰਦੀ ਤਾਂ ਹੀ ਪ੍ਰੈਕਟੀਕਲੀ ਵੋਟਾਂ ਪੈਂਦੀਆਂ। ਤੇ ਇਹ ਦੋ ਵੇਰ ਹੋਇਆ। ਇਕ ਵਾਰੀ ਜਦੋਂ ਮੈਂ ਜਨਰਲ ਸੈਕ੍ਰੇਟਰੀ ਦੀ ਪੋਸਟ ਲਈ ਤੇ ਇਕ ਵਾਰੀ ਪ੍ਰੈਜ਼ੀਡੈਂਟ ਦੀ ਪੋਸਟ ਲਈ ਖੜ੍ਹਾ ਹੋਇਆ ਸਾਂ। ਦੋਨੋਂ ਵਾਰੀ ਫੈਡਰੇਸ਼ਨ 'ਚ ਮੇਰੇ ਦੋਸਤਾਂ ਨੇ ਮੇਰਾ ਹੀ ਨਾਂਅ ਅੱਗੇ ਧੱਕ ਦਿੱਤਾ ਤੇ ਦੋਨੋ ਵਾਰ ਮੈਨੂੰ ਇਸ ਘਮਾਸਾਨ ਚੋਣ ਦੰਗਲ 'ਚੋਂ ਲੰਘਣਾ ਪਿਆ। ਧੂੰਆਂਧਾਰ ਕੰਪੇਅਨ ਵੀਕਰਨੀ ਪਈ। ਪਰ ਦੋਨੋਂ ਵਾਰ ਨਤੀਜਿਆਂ ਨੇ ਸਭ ਦੀਆਂ ਅੱਖਾਂ ਖੋਹਲ ਦਿੱਤੀਆਂ ਕਿਉਂਕਿ ਦੋਨੋਂ ਵੇਰ ਮੈਨੂੰ ਇਕੱਲੇ ਨੂੰ ਸਤਾਹਠ ਫੀਸਦੀ ਵੋਟਾਂ ਪਈਆਂ ਤੇ ਮੇਰੇ ਸਾਹਮਣੇ ਭਾਵੇਂ ਦੋ ਕੈਂਡੀਡੇਟ ਸਨ ਜਾਂ ਵੱਧ, ਉਨ੍ਹਾਂ ਸਾਰਿਆਂ ਨੂੰ ਮਿਲਾ ਕੇ ਟੋਟਲ ਤੇਤੀ ਫੀਸਦੀ ਵੋਟਾਂ ਹੀ ਪਈਆਂ।ਇਨ੍ਹਾਂ ਦੋਹਾਂ ਚੋਣਾਂ ਸਮੇਂ ਸਾਰੇ ਹਿੰਦੁਸਤਾਨ ਦੇ ਪ੍ਰਕਾਸ਼ਕ ਦਿੱਲੀ ਆਉਂਦੇ ਤੇ ਹੁੰਮ ਹੁਮਾ ਕੇ ਵੋਟ ਪਾਉਂਦੇ। ਇਕ ਵਾਰੀ ਤਾਂ ਮੇਰੇ ਵਿਰੋਧੀਆਂ ਦਾ ਪਾਸਾ ਐਸਾ ਪੁੱਠਾ ਪਿਆ ਕਿ ਮੈਨੂੰ ਖੁਦ ਵੀ ਹੈਰਾਨੀ ਹੋਈ।

ਜਦੋਂ ਦੀ ਇਹ ਗੱਲ ਹੈ, ਉਸ ਵੇਰ ਮੈਂ ਪ੍ਰੈਜ਼ੀਡੈਂਟ ਦੀ ਚੋਣ ਲੜ ਰਿਹਾ ਸੀ। ਮੇਰੇ ਮੁਕਾਬਲੇ ਹਿੰਦੁਸਤਾਨ ਦੇ ਦੋ ਦਿੱਗਜ ਪ੍ਰਕਾਸ਼ਕ ਖੜ੍ਹੇ ਸਨ। ਉਨ੍ਹਾਂ ਦੀ ਇੰਨੀ ਧਾਂਕ ਸੀ ਕਿ ਮੇਰੇ ਵਰਗਾ ਬੰਦਾ ਉਨ੍ਹਾਂ ਸਾਹਮਣੇ ਗਰਦਨ ਵੀ ਉੱਚੀ ਨਹੀਂ ਸੀ ਕਰ ਸਕਦਾ। ਇਕ ਕੈਂਡੀਡੇਟ ਦੇ ਪ੍ਰਕਾਸ਼ਨ ਘਰ ਦੀਆਂ ਦਰਜਣ ਕੁ ਬਰਾਂਚਾਂ, ਕਾਲਜ, ਹਸਪਤਾਲ ਤੇ ਹੋਟਲ ਤੀਕ ਦਾ ਮਾਲਕ ਸੀ ਉਹ। ਦੂਸਰਾ ਕੈਂਡੀਡੇਟ ਵੀ ਕਾਫੀ ਵੱਡੇ ਪੈਮਾਨੇ ਦਾ ਮੰਨਿਆਂ-ਪ੍ਰਮੰਨਿਆਂ 'ਤੇ ਅਤੇ ਰਾਜਨੀਤਕ ਤੌਰ 'ਤੇ ਵੀ ਬਹੁਤ ਵੱਡੇ ਕੱਦ ਦਾ ਮਾਲਿਕ ਸੀ। ਇਹ ਦੋਨੋ ਇੰਨੇ ਧਨਾਢ ਕਿ ਉਹ ਚੋਣ 'ਚ ਪਾਣੀ ਵਾਂਗ ਪੈਸਾ ਵਹਾ ਰਹੇ ਸਨ। ਹਰ ਵੋਟਰ ਨੂੰ ਹਵਾਈ

ਜਹਾਜ਼ ਦੀ ਟਿਕਟ ਤੇ ਦਿੱਲੀ ਵਿਚ ਰਹਿਣ ਲਈ ਫਾਈਵ ਸਟਾਰ ਹੋਟਲ 'ਚ ਰਹਿਣਾ ਆਫਰਡ ਸੀ। ਉਨ੍ਹਾਂ ਵਿਚ ਹੀ ਬੰਬਈ ਦਾ ਇਕ ਪ੍ਰਕਾਸ਼ਕ ਜੋ ਕਿ ਮੇਰਾ ਵੀ ਦੋਸਤ ਸੀ, ਇਸੇ ਸਿਲਸਿਲੇ 'ਚ ਫਰੀ ਦੀ ਟਿਕਟ ਲੈ ਕੇ ਵੋਟ ਪਾਉਣ ਲਈ ਕਨਿਸ਼ਕਾ ਹੋਟਲ ਵਿਖੇ ਆਣ ਠਹਿਰਿਆ। ਦਿੱਲੀ ਆਕੇ ਉਹ ਮੈਨੂੰ ਫੋਨ ਕਰਕੇ ਕਹਿੰਦਾ ਕਿ ਉਹ ਇਥੇ ਫਲਾਣੇ ਕਮਰੇ ਵਿਚ ਠਹਿਰਿਆ ਹਾਂ, ਐਤਵਾਰ ਦਾ ਦਿਨ ਹੈ। ਮੈਂ ਵੀ ਆ ਜਾਵਾਂ ਤੇ ਗੱਪਾਂ ਮਾਰੀਏ। ਮੈਂ ਪਹੁੰਚਾ ਤਾਂ ਉਹ ਖੁਦ ਵੀ ਬਾਰ 'ਚ ਬੈਠਾ ਸੀ ਤੇ ਨਾਲ ਹੀ ਇਸੇ ਤਰ੍ਹਾਂ ਆਏ ਹੋਰ ਵੀ ਕਈ ਲੋਕ ਬੈਠੇ ਸਨ। ਮੈ ਸਭ ਨੂੰ ਮਿਲਿਆ। ਗਲਾਸ ਬੀਅਰ ਦਾ ਪੀਤਾ। ਗੱਲਾਂ ਗਰਮ ਹੋਈਆਂ। ਬੰਬਈ ਵਾਲਾ ਪ੍ਰਕਾਸ਼ਕ ਸਭ ਦੇ ਸਾਹਮਣੇ ਮੈਨੂੰ ਕਹਿੰਦਾ, "ਤੇਰਾ ਵਿਰੋਧੀ ਤਾਂ ਸਾਡੀ ਇੰਨੀ ਸੇਵਾ ਕਰ ਰਿਹਾ ਤੇ ਤੂੰ ਕੀ ਔਫਰ ਕਰ ਰਿਹਾਂ?"

" ਕਮਾਲ ਕਰਦਾਂ?...ਇਹ ਸਾਰੀ ਸੇਵਾ ਮੈਂ ਹੀ ਤਾਂ ਕਰਾ ਰਿਹਾਂ?"...ਸਭ ਦੇ ਕੰਨ ਮੇਰੀ ਗੱਲ ਸੁਣਨ ਲਈ ਖੜੇ ਹੋ ਗਏ। "ਓ ਭਰਾਵਾ, ਜੇ ਉਸ ਦੇ ਮੁਕਾਬਲੇ ਮੈਂ ਨਾ ਖੜ੍ਹਾ ਹੁੰਦਾ ਤਾਂ ਉਹਨੇ ਤੁਹਾਨੂੰ ਦੋ ਟਕੇ ਦੀ ਚਾਹ ਵੀ ਨਹੀਂ ਸੀ ਪੁੱਛਣੀ?...ਮੇਰੇ ਕਰਕੇ ਤੁਹਾਨੂੰ ਹਵਾਈ ਜਹਾਜ਼ ਦੀ ਟਿਕਟ ਮਿਲੀ...ਇਹ ਫਾਈਵ ਸਟਾਰ ਹੋਟਲ ਮਿਲਿਆ...ਆਹ ਬਾਰ 'ਚ ਬੈਠੇ ਜੋ ਵੀ ਪੀ ਰਹੇ ਹੋ, ਇਹ ਸਾਰੀ ਪਾਰਟੀ ਤਾਂ ਮੇਰੇ ਕਰਕੇ ਹੀ ਉਹ ਕਰ ਰਿਹਾ? ਤੁਸੀਂ ਤਾਂ ਜਹਾਜ਼ ਕਦੇ ਦੇਖਿਆ ਹੀ ਨਹੀਂ। ਉਹ ਅੰਦਰੋਂ ਕਿਹੋ ਜਿਹਾ ਹੁੰਦਾ ਤੇ ਬਾਹਰੋਂ ਕਹੋ ਜਿਹਾ?ਅਹਿਸਾਨ ਮੰਨੋ ਮੇਰਾ।" ਮੈਂ ਭਾਵੁਕ ਹੋ ਕੇ ਇਹ ਗੱਲ ਕਹਿ ਤਾਂ ਦਿੱਤੀ ਤੇ ਮਗਰੋਂ ਪਛਤਾਇਆ ਵੀ।

ਪਰ !ਮੇਰੀ ਇਹ ਇਕ ਗੱਲ ਹੀ ਸਾਰੇ ਵੋਟਰਾਂ 'ਚ ਫੈਲ ਗਈ। ਹਰ ਕੋਈ ਆਪਣੇ ਆਪ ਨੂੰ ਛਿੱਥਾ ਜਿਹਾ ਸਮਝਣ ਲੱਗਾ। ਕਈਆਂ ਨੇ ਤਾਂ ਚੋਣ ਵਾਲੇ ਦਿਨ ਮੇਥੋਂ ਮੁਆਫੀ ਵੀ ਮੰਗੀ। ਇਕ ਨੇ ਤਾਂ ਇਥੋਂ ਤੀਕ ਕਿਹਾ ਕਿ "ਮੈਨ ਤਾਂ ਟਿਕਟ ਲੈਣੀ ਭਾਈਚਾਰੇ ਕਰਕੇ ਹੀ ਮੰਨ ਲਈ ਸੀ, ਵਰਨਾ ਮੈਂ ਤਾਂ ਹਰ ਰੋਜ਼ ਹਵਾਈ ਜਹਾਜ਼ 'ਚ ਸਫਰ ਕਰਦਾਂ।"

ਬੱਸ ਇਸ ਗੱਲ ਨੇ ਉਨ੍ਹਾਂ ਦੀ ਗੇਮ ਉਲਟੀ ਪਾ ਦਿੱਤੀ। ਤੇ ਉਨ੍ਹਾਂ ਸਾਰਿਆਂ ਨੇ ਵੀ ਮੈਨੂੰ ਹੀ ਵੋਟਾਂ ਪਾਈਆਂ। ਥੇ ਮੈਂ ਭਾਰਤ ਭਰ ਦੇ ਪ੍ਰਕਾਸ਼ਕਾਂ ਦੀਆਂ ਸਤਾਹਟ ਫੀਸਦੀ ਵੋਟ ਬਟੋਰ ਗਿਆ।

\+ + +

ਦਿੱਲੀ ਦੇ ਪ੍ਰਕਾਸ਼ਕਾਂ ਦੀ ਭੀੜ ਵਿਚ ਇਕ ਐਸਾ ਪ੍ਰਕਾਸਕ ਵੀ ਜੋ ਉਂਝ ਤਾਂ ਕੋਰਾ ਅਨਪੜ੍ਹ ਸੀ, ਪਰ ਉਸ ਕੋਲ ਪੈਸਾ ਬਹੁਤ ਸੀ ਤੇ ਖਾਨਦਾਨੀ ਪ੍ਰਿੰਟਿੰਗ ਪ੍ਰੈੱਸ ਵੀ ਤੇ ਉਹ ਵੀ ਬਹੁਤ ਵੱਡੀ। ਉਹਦੇ ਇਕ ਦੋਸਤ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਪਬਲਿਸ਼ਿੰਗ ਹਾਊਸ ਸ਼ੁਰੂ ਕਰੇ। ਉਸ ਦੋਸਤ ਨੇ ਸਮਝਾਇਆ ਕਿ,"ਪ੍ਰਕਾਸ਼ਨ ਵਿਚ ਮੁੱਖ ਖਰਚਾ ਤਾਂ ਪਿੰਟਿੰਗ ਦਾ ਹੀ ਹੁੰਦਾ ਹੈ ਤੇ ਉਹ ਤੇਰੀ ਆਪਣੀ ਹੈ। ਬਾਈਂਡਿੰਗ ਵੀ ਤੇਰੇ ਘਰ ਦੀ ਹੈ। ਬਾਕੀ ਰਿਹਾ ਕਾਗਜ਼ ਉਹ ਤਾਂ ਤੈਨੂੰ ਛੇ-ਛੇ ਮਹੀਨੇ ਦੇ ਉਧਾਰ 'ਤੇ ਮਿੱਲ ਹੀ ਜਾਂਦਾ।...ਬਾਕੀ ਕੰਮ ਲਈ ਸਟਾਫ ਰੱਖ ਲੈ। ਮੈਨੇਜਮੈਂਟ ਮੈਂ ਸੰਭਾਲ ਲਵਾਂਗਾ !" ਇਹੋ ਜਿਹੀਆਂ ਗੱਲਾਂ ਕਰ ਉਸ ਦੋਸਤ ਨੇ ਉਸ ਨੂੰ ਭਰਮਾ ਕੇ ਉਸ ਕੋਲੋਂ ਪ੍ਰਕਾਸ਼ਨ ਘਰ ਸ਼ੁਰੂ ਕਰਵਾ ਦਿੱਤਾ। ਪਰ ਪ੍ਰਕਾਸ਼ਨ ਦਾ ਤਜੁਰਬਾ ਦੋਹਾਂ 'ਚੋ ਕਿਸੇ ਨੂੰ ਨਹੀਂ ਸੀ। ਸੀ ਵੀ ਦੋਵੇਂ ਅਨਪੜ੍ਹ। ਸਟਾਫ ਵਧੀਆ ਰੱਖ ਲਿਆ। ਸੋਹਣੀਆਂ ਕੁੜੀਆਂ ਸਟੈਨੋ ਰੱਖ ਲਈਆਂ। ਜਦੋਂ ਕਿਸੇ ਲੇਖਕ ਜਾਂ ਕਿਸੇ ਹੋਰ ਨੂੰ ਕਈ ਚਿੱਠੀ ਲਿਖਣੀ ਹੁੰਦੀ ਤਾਂ ਸਟੈਨੋ ਕੁੜੀ ਨੂੰ ਚਿੱਠੀ ਤਾਂ ਉਹ ਸਾਰੀ ਹਿੰਦੀ ਵਿਚ ਸਮਝਾਉਦਾ ਪਰ ਇਹ ਜ਼ਰੂਰ ਕਹਿੰਦਾ ਕਿ ਅਖੀਰ 'ਚ ਲਿਖ ਦੇਵੀਂ "ਐਂਡ ਥੈਂਕਿੰਗ ਯੂ !...ਤੇ ਨਾਲ ਯੂਰਸ ਫੇਥਫੁਲੀ ਲਿਖਣਾ ਨਾ ਭੁੱਲੀਂ।"

ਉਸ ਕੁੜੀ ਨੇ ਚਿੱਠੀ ਟਾਈਪ ਕਰਕੇ ਲੈ ਆਉਣੀ। ਕਈ ਵਾਰੀ ਉਹ ਉਸ ਨੂੰ ਡਾਂਟਦਾ ਕਿ "ਤੈਨੂੰ ਕੋ-ਆਪਰੇਸ਼ਨ ਦੇ ਸਪੈਲਿੰਗ ਵੀ ਨਹੀਂ ਪਤਾ?" ਉਹ ਚਿੱਠੀ ਹੱਥ ਵਿਚ ਲੈ ਭੜਕ ਉੱਠਦਾ। ਕਹਿੰਦਾ "ਤੈਨੂੰ ਜ਼ਰਾ ਇੰਗਲਿਸ਼ ਨਹੀਂ ਆਉਂਦੀ...ਕਿੱਥੇ ਪੜ੍ਹੀ ਹੈਂ?"



"ਸਰ ! ਕਾਂਨਵੈਂਟ ਵਿਚ !" ਸਟੈਨੋ ਕੁੜੀ ਨੇ ਜੁਆਬ ਦੇਣਾ ਤਾਂ ਉਸ ਬਹਿਸਣ ਲੱਗ ਪੈਣਾ, "ਕਾਂਨਵੈਂਟ 'ਚ ਪੜ੍ਹੀ ਕਹਿੰਦੀ ਹੈ। ਤੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਕੋ-ਆਪਰੇਸ਼ਨ ਲਿਖਣ ਵੇਲੇ ਪਹਿਲਾ ਲਫਜ਼ 'ਕੇ' ਹੁੰਦਾ 'ਸੀ' ਨਹੀਂ!" ਫਿਰ ਉਸ ਕਹਿਣਾ ਕਿ ਇਹ ਕਿਓਂ ਨਹੀਂ ਲਿਖਿਆ ਕਿ "ਇਹ ਬੁੱਕ ਬਾਊਂਡਿਡ ਬਾਈ ਅੱਸ?" ਉਸ ਕੁੜੀ ਨੇ ਚੁੱਪਖੜ੍ਹੀ ਨੇ ਅੰਦਰੋ-ਅੰਦਰ ਮੁਸਕਰਾਉਂਦੀ ਰਹਿਣਾ। ਵ

E-mail : s.balwantuj@yahoo.co.uk

ਕਵਿਤਾਵਾਂ

# ਜਗਦੀਪ ਸਿੱਧੂ

## • ਲ਼ਾਲ ਬੱਤੀ

ਚੰਗੀ ਨਹੀਂ ਲੱਗਦੀ ਇਨ੍ਹਾਂ ਨੂੰ
ਹਰੀ ਬੱਤੀ
ਜਾਂ ਕਹਿ ਲਵੋ
ਕਿਸੇ ਰਾਹ ਦਾ ਖੁੱਲ੍ਹਣਾ ਵੀ
ਚੰਗਾ ਨਹੀਂ
ਇਨ੍ਹਾਂ ਲਈ

ਜਦ ਹੁੰਦੀ ਲਾਲ ਬੱਤੀ
ਦੌੜ ਪੈਂਦੇ ਫੁੱਟਪਾਥ ਤੋਂ
ਸੜਕ ਵੱਲ
ਇਹ ਛੋਟੇ ਛੋਟੇ ਬੱਚੇ
ਕਾਰਾਂ ਦੇ ਸ਼ੀਸ਼ੇ ਖੜਕਾ ਖੜਕਾ
ਮੰਗਦੇ ਪੈਸੇ

ਪੱਕੇ ਰੰਗ
ਸੜਕਾਂ ਜਿਹੇ ਬੱਚੇ
ਹੋਣੀ ਜਿਨ੍ਹਾਂ ਦੀ ਲਾਲ ਬੱਤੀ

## • ਕੌਣ ਭੁੱਲਣ ਦਿੰਦਾ ਹੈ

ਹੁਣ
ਜਦ ਰਿਸ਼ਤਿਆਂ ਦੀ
ਏਨੀ ਭੀੜ ਹੈ
ਉਹ ਦਿਖਦੀ
ਉਵੇਂ ਹੀ
ਜਿਵੇਂ ਭੀੜ 'ਚ
ਪਹਿਲੀ ਵਾਰ
ਅੱਡੀਆਂ ਚੁੱਕ-ਚੁੱਕ
ਦੇਖਦੀ ਜਾਂ ਦਿਖਦੀ ਸੀ

ਹੁਣ
ਜਦ ਕਿਸੇ ਤੋਂ

ਦੁਪੱਟਾ ਨਾ ਸੰਭਲਦਾ
ਪਤਾ ਲੱਗ ਜਾਂਦਾ ਹਵਾ ਦੇ ਰੁਖ਼ ਦਾ
ਹਾਲਾਤ ਇਸ ਦੇ ਕਾਬੂ 'ਚ ਨਹੀਂ

ਹੁਣ
ਲੋਕ ਜਦੋਂ ਕਰਦੇ ਨੇ ਗਿਲੇ
ਉਹ ਜਾਂਦੀ ਵਾਰੀ ਨਾ ਮਿਲੇ
ਦੱਸਦਾਂ ਉਨ੍ਹਾਂ ਨੂੰ
ਪਿਛਲੀ ਵਾਰ ਜਦ ਸੀ ਮਿਲੇ
ਉਹ ਜਾਂਦੀ ਵਾਰੀ ਹੀ ਸੀ

ਯਾਦਾਂ ਨੂੰ ਕਦ ਕੋਈ ਰੁਲਣ ਦਿੰਦਾ ਹੈ
ਕੌਣ ਭੁੱਲਣ ਦਿੰਦਾ ਹੈ

## • ਉਤਸਵ

ਇੰਝ ਲੱਗਦਾ
ਬਚਪਨ ਅਲੱਗ ਤਰ੍ਹਾਂ ਦਾ ਹੁੰਦਾ ਸੀ ਸਾਡਾ
ਸਵੇਰੇ ਤੋਂ
ਰੋਟੀ ਪਕਾਉਂਦੀ ਮਾਂ
ਤਵਾ ਧਰਤੀ
ਤਵੇ 'ਤੇ ਟਿੱਕਾ ਲਾਉਂਦੀ
ਤਵਾ ਤਪਿਆ ਦੇਖਣ ਲਈ
ਜਿਵੇਂ ਸ਼ੁਭ ਕੰਮ ਕਰਨ ਦੀ
ਸ਼ੁਰੂਆਤ ਕਰਨੀ ਹੋਵੇ

ਫੇਰ ਪਾਥੀਆਂ ਪੱਥਦੀ
ਥਾਪੇ ਨਾਲ ਕੱਪੜੇ ਧੋਂਦੀ
ਥੱਪ ਥੱਪ ਕਰਦੀ
ਸੰਗੀਤ ਦੀ ਲੈਅ

ਆਥਣੇ
ਮਾਂ ਰੋਟੀ ਪਕਾਉਂਦੀ
ਹੁੰਦੀ ਠੰਡ
ਅਸੀਂ ਭਰਾ
ਸੇਕਣ ਬਹਿ ਜਾਂਦੇ

ਚੁੱਲ੍ਹੇ 'ਚ ਡਹੀਆਂ
ਛਿਟੀਆਂ ਦੇ ਪਟਾਖੇ ਵੱਜਦੇ

ਜ਼ਿੰਦਗੀ
ਉਤਸਵ ਹੀ ਤਾਂ ਹੁੰਦੀ ਸੀ ❂

ਮੋਬਾ : 8283826876

ਕਵਿਤਾਵਾਂ

# ਜਸਬੀਰ ਕੌਰ ਸੰਧੂ

## • ਮਕਾਨ

ਪੱਥਰਾਂ ਦੇ ਰਿਸ਼ਤੇ ਨੇ
ਪੱਥਰਾਂ ਦੀ ਨਗਰੀ 'ਚ
ਪੱਥਰ ਬਣ ਬੁੱਤ ਇਹ ਵੀਰਾਨ ਹੋ ਗਿਆ
ਸਾਂਝਾਂ ਨਾਲ ਸਿੰਜਿਆ ਸੀ
ਸੁਪਨਿਆਂ ਦਾ ਘਰ ਜਿਹੜਾ
ਉਹ ਘਰ ਨਹੀਂ
ਨਿਰਾ ਹੀ ਮਕਾਨ ਹੋ ਗਿਆ

ਹਉਮੈ ਨਾਲ ਭਰੀ
ਇਸ ਨਗਰੀ ਦੇ ਰੰਗਾਂ ਵਿਚ
ਉਨ੍ਹਾਂ 'ਤੇ ਵੀ ਰੰਗ ਕਿੰਨੇ ਗੂੜ੍ਹੇ ਹੋ ਗਏ
ਜਨਮਾਂ ਤਕ ਨਿਭਣ ਵਾਲਾ
ਪਿਆਰ ਦਾ ਜੋ ਰਿਸ਼ਤਾ ਸੀ
ਅੱਜ ਇਸ ਖ਼ਲਕਤ 'ਚ ਸ਼ਮਸ਼ਾਨ ਹੋ ਗਿਆ
ਸਾਂਝਾਂ ਨਾਲ...

ਜਿਨ੍ਹਾਂ ਨੂੰ ਉਡੀਕਦੇ ਸੀ
ਦਿਨ ਕੰਧਾਂ ਤੇ ਉਲੀਕਦੇ ਸੀ
ਪਲਕਾਂ ਦੇ ਬੂਹੇ ਖੋਲ੍ਹ
ਦੀਪ ਉਨ੍ਹਾਂ ਲਈ ਜਗਾਉਂਦੇ ਰਹੇ
ਆਸਾਂ ਦਾ ਬੀਜ ਬੀਜ
ਛਾਵਾਂ ਲੱਭਦੇ ਹੀ ਰਹਿ ਗਏ
ਉਹ ਕਿਸੇ ਹੋਰ ਦੇ ਵਿਹੜੇ ਦੀ ਸ਼ਾਨ ਹੋ ਗਿਆ
ਸਾਂਝਾਂ ਨਾਲ...

ਦੱਸ ਨਾ ਦਿਲਾ ਦੁੱਖ
ਚੰਦਰੀ ਇਸ ਨਗਰੀ ਨੂੰ
ਇਸ ਨਗਰੀ 'ਚ ਤੇਰਾ
ਕੌਣ ਵੱਸਦਾ ਹੈ ਆਪਣਾ
ਉੱਡਦੇ ਬੱਦਲਾਂ ਦੇ ਥੱਲੇ
ਮੀਂਹਾਂ ਦੀ ਆਸ ਵਿਚ
ਕਾਹਤੋਂ ਦੁਖੜਾ ਸ਼ਰੇਆਮ ਬਿਆਨ ਹੋ ਗਿਆ
ਸਾਂਝਾਂ ਨਾਲ ਸਿੰਜਿਆ...

ਜਿਹੜਾ ਦਿਲ ਦੀ ਨਾ ਜਾਣੇ
ਉਹਦਾ ਮਾਣ ਵੀ ਏ ਕਾਹਦਾ
ਓੜ ਝੂਠ ਦਾ ਪਰਦਾ
ਸੱਚ ਦਾ ਸ਼ਿਕਾਰ ਹੋ ਗਿਆ
ਅੱਧਵਾਟੇ ਛੱਡ ਪਿੱਛੇ
ਮੁੜ ਗਏ ਨੇ ਜਿਹੜੇ
ਫਿਰ ਵੀ ਕਹਿੰਦੇ ਸਾਡਾ ਤੁਹਾਡੇ 'ਤੇ ਅਹਿਸਾਨ ਹੋ ਗਿਆ
ਸਾਂਝਾਂ ਨਾਲ ਸਿੰਜਿਆ...

ਟਾਹਣੀ ਹੇਠ ਛਾਵੇਂ ਬਹਿ
ਕਿਉਂ ਟਾਹਣੀ ਨੂੰ ਹੀ ਤੋੜ ਗਏ
ਆਉਂਦੇ-ਆਉਂਦੇ ਰਾਹਾਂ ਉੱਤੇ
ਕਿਉਂ ਰਾਹ ਆਪਣੇ ਨੇ ਮੋੜ ਲਏ
ਅਸੀਂ ਤਾਂ ਬਰੂਹੀਂ ਖਲੋ
ਖ਼ੈਰਾਂ ਅਜੇ ਵੀ ਮੰਗੀ ਜਾਂਦੇ
ਪਤਾ ਨਹੀਂ ਉਨ੍ਹਾਂ ਨੂੰ
ਕਿਹੜੀ ਗੱਲ ਦਾ ਮਾਣ ਹੋ ਗਿਆ
ਸਾਂਝਾਂ ਨਾਲ ਸਿੰਜਿਆ...

ਪੈੜ ਨੱਪ ਸੱਜਣਾਂ ਦੀ
ਤੁਰੇ ਉਨ੍ਹਾਂ ਦੇ ਰਾਹਾਂ ਉੱਤੇ
ਰਾਤਾਂ ਕਾਲੀਆਂ 'ਚ ਬਣ ਜੁਗਨੂੰ
ਚਾਨਣ ਵਿਛਾਈ ਜਾਂਦੇ ਹਾਂ ਰਾਹਾਂ ਉੱਤੇ
ਫਿਰ ਕੁਝ ਸੋਚ ਪਿੱਛੇ ਮੁੜੇ
ਦੁਨੀਆ ਦੇ ਡਰ ਤੋਂ
ਨਾਮ ਫਿਰ ਵੀ ਜਹਾਨ 'ਚ ਐਵੇਂ ਬਦਨਾਮ ਹੋ ਗਿਆ

ਸਾਂਝਾਂ ਨਾਲ ਸਿੰਜਿਆ ਸੀ
ਸੁਪਨਿਆਂ ਦਾ ਘਰ ਜਿਹੜਾ
ਅੱਜ ਉਹ ਘਰ ਨਹੀਂ
ਨਿਰਾ ਹੀ ਮਕਾਨ ਹੋ ਗਿਆ। ਵ

ਮੋਬਾ : 8283824165



# ਸੰਨ ਸੰਤਾਲੀ ਦਾ ਦੁਖਾਂਤ

*ਹਰਪ੍ਰੀਤ ਹੁੰਦਲ*

ਆਜ਼ਾਦੀ ਸੰਗਰਾਮ ਸਮੇਂ 1947 ਈ. ਵਿਚ ਦੇਸ਼ ਵਿਚ ਫ਼ਿਰਕੂ ਲੀਹਾਂ ਉੱਤੇ ਕੀਤੀ ਗਈ ਵੰਡ ਇਕ ਇਹੋ ਜਿਹਾ ਦੁਖਦਾਈ ਤੇ ਭਿਆਨਕ ਵਰਤਾਰਾ ਹੈ ਕਿ ਜਿਸ ਦੀ ਚੀਸ 70 ਸਾਲ ਬੀਤ ਜਾਣ 'ਤੇ ਵੀ ਕਿਸੇ ਤਰ੍ਹਾਂ ਘੱਟ ਨਹੀਂ ਹੋਈ। ਦੂਸਰੀ ਵਿਸ਼ਵ ਜੰਗ ਵਿਚ ਵਿਸ਼ਵ ਪੱਧਰ ਉੱਤੇ ਅਜਿਹੀਆਂ ਘਟਨਾਵਾਂ ਵਾਪਰੀਆਂ ਸਨ ਕਿ ਜਿਸ ਕਾਰਨ ਅੰਗਰੇਜ਼ੀ ਸਾਮਰਾਜ ਦੀਆਂ ਆਪਣੀਆਂ ਬਸਤੀਆਂ ਉੱਤੇ ਪਕੜ ਬਹੁਤ ਕਮਜ਼ੋਰ ਹੋ ਗਈ ਸੀ। ਇਸ ਕਾਰਨ ਇੰਗਲੈਂਡ ਵਿਚ ਸਰਕਾਰ ਦੀ ਤਬਦੀਲੀ ਕਾਰਨ ਪ੍ਰਧਾਨ ਮੰਤਰੀ ਨੇ ਪਹਿਲੇ ਵਾਇਸ ਰਾਏ ਹਿੰਦ ਨੂੰ ਹਟਾ ਕੇ ਉਸ ਦੀ ਥਾਂ ਲਾਰਡ ਮਾਊਂਟਬੇਟਨ ਨੂੰ ਭਾਰਤ ਦਾ ਨਵਾਂ ਵਾਇਸ ਰਾਏ ਬਣਾ ਕੇ ਭੇਜਿਆ ਸੀ। ਉਸ ਨੂੰ ਹਦਾਇਤ ਕੀਤੀ ਸੀ ਕਿ ਸੰਬੰਧਿਤ ਧਿਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਜੂਨ 1948 ਈ. ਤੱਕ ਭਾਰਤ ਦਾ ਰਾਜ ਭਾਗ ਇਥੋਂ ਦੇ ਰਾਸ਼ਟਰੀ ਆਗੂਆਂ ਨੂੰ ਸੌਂਪ ਦਿੱਤਾ ਜਾਏ।

ਇਨ੍ਹਾਂ ਹੀ ਵਰ੍ਹਿਆਂ ਵਿਚ ਭਾਰਤੀ ਮੁਸਲਮਾਨ, ਮੁਸਲਿਮ ਲੀਗ ਦੀ ਅਗਵਾਈ ਹੇਠ ਬਹੁਤ ਹੀ ਸਰਗਰਮ ਹੋ ਚੁੱਕੇ ਸਨ ਤੇ ਉਹ ਦਾਅਵਾ ਕਰਦੇ ਸਨ ਕਿ ਅਸੀਂ ਭਾਰਤ ਵਿਚ ਹਿੰਦੂ ਬਹੁ-ਗਿਣਤੀ ਦੇ ਦਾਬੇ ਹੇਠ ਨਹੀਂ ਰਹਿ ਸਕਦੇ। ਸਾਡੀ ਵਸੋਂ ਦੀ ਗਿਣਤੀ ਅਨੁਸਾਰ ਸਾਨੂੰ ਭਾਰਤ ਤੋਂ ਵੱਖ ਕਰ ਦਿੱਤਾ ਜਾਵੇ। ਕਾਂਗਰਸ ਪਾਰਟੀ ਲਈ ਇਹ ਦਾਅਵਾ ਕਿਸੇ ਤਰ੍ਹਾਂ ਵੀ ਪ੍ਰਵਾਨ ਕਰਨ ਯੋਗ ਨਹੀਂ ਸੀ। ਸਿੱਟੇ ਵਜੋਂ ਦੇਸ਼ ਦੀ ਵੰਡ ਲਈ ਇਕ ਕਮਿਸ਼ਨ ਬਿਠਾਇਆ ਗਿਆ, ਜਿਸ ਨੇ 1941 ਈ. ਦੀ ਜਨ-ਗਣਨਾ ਅਨੁਸਾਰ ਪੰਜਾਬ ਅਤੇ ਬੰਗਾਲ ਦੀ ਫ਼ਿਰਕੂ ਵੰਡ ਕਰ ਦਿੱਤੀ। ਇਹ ਵੰਡ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੀ ਸੁਝਾਈ ਮਿਤੀ ਤੋਂ ਸਾਲ ਪਹਿਲਾਂ ਹੀ ਕਰ ਦਿੱਤੀ ਗਈ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਪੱਛਮੀ ਭਾਗ ਵਿਚੋਂ ਹਿੰਦੂਆਂ ਤੇ ਸਿੱਖਾਂ ਨੂੰ ਆਪਣੀ ਜਾਇਦਾਦ ਤੇ ਘਰ-ਘਾਟ ਛੱਡ ਕੇ ਚੜ੍ਹਦੇ ਪੰਜਾਬ ਵਿਚ ਆਉਣ ਲਈ ਮਜ਼ਬੂਰ ਹੋਣਾ ਪਿਆ ਤੇ

ਚੜ੍ਹਦੇ ਪੰਜਾਬ ਤੋਂ ਮੁਸਲਮਾਨਾਂ ਨੂੰ ਪੱਛਮੀ ਪੰਜਾਬ ਵਿਚ ਜਾਣਾ ਪਿਆ। ਲੱਖਾਂ ਹੀ ਹਿੰਦੂ ਸਿੱਖ ਤੇ ਮੁਸਲਮਾਨ ਆਪਣੇ ਘਰ-ਘਾਟ ਤੇ ਜ਼ਮੀਨਾਂ ਛੱਡ ਕੇ ਨਵੇਂ ਇਲਾਕਿਆਂ ਵਿਚ ਆਉਣ ਲਈ ਮਜ਼ਬੂਰ ਹੋਏ। ਇਸ ਸਮੇਂ ਦੌਰਾਨ ਬਹੁਤ ਭਿਆਨਕ ਭਾਂਤ ਦੇ ਫਿਰਕੂ ਫਸਾਦ ਸ਼ੁਰੂ ਹੋ ਗਏ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਦੋਹਾਂ ਭਾਗਾਂ ਵਿਚ ਹਿੰਦੂ ਮੁਸਲਮਾਨ ਤੇ ਸਿੱਖਾਂ ਦੀ ਕੱਟ-ਵੱਢ ਸ਼ੁਰੂ ਹੋ ਗਈ। ਇਹ ਕੱਟ ਵੱਢ ਇੰਨੀ ਭਿਆਨਕ ਸੀ ਕਿ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ ਸਗੋਂ ਕਤਲ ਤੇ ਮਾਰ-ਧਾੜ ਸ਼ੁਰੂ ਹੋ ਗਈ। ਇਸ ਦੇ ਨਾਲ ਔਰਤਾਂ ਦੇ ਉਧਾਲੇ ਸ਼ੁਰੂ ਹੋ ਗਏ ਤੇ ਪੰਜਾਬ ਵਿਚ ਇੰਨੀ ਕੱਟ-ਅਵਸਥਾ ਨੂੰ ਪ੍ਰਗਟ ਕਰਦੀ ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਕਵਿਤਾ ਵਿਚ ਇਸ ਕੱਟ-ਵੱਢ ਦਾ ਵਰਣਨ ਕੀਤਾ ਗਿਆ।

> ਉੱਠ ਦਰਦਮੰਦਾਂ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ,
> ਅੱਜ ਬੇਲੇ ਲਾਸ਼ਾਂ ਵਿਛੀਆਂ, ਲਹੂ ਦੀ ਭਰੀ ਚਿਨਾਬ।
> ਕਿਸੇ ਨੇ ਪੰਜਾਂ ਪਾਣੀਆਂ, ਵਿਚ ਦਿੱਤੀ ਜ਼ਹਿਰ ਮਿਲਾ,
> ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।
> ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ,
> ਗਿੱਠ ਗਿੱਠ ਚੜ੍ਹੀਆਂ ਲਾਲੀਆਂ, ਫੁੱਟ ਫੁੱਟ ਚੜ੍ਹਿਆ ਕਹਿਰ।[1]

ਦੇਸ਼ ਦੀ ਵੰਡ ਕਿਸੇ ਨਿਸ਼ਚਿਤ ਵਿਉਂਤਬੰਦੀ ਅਨੁਸਾਰ ਨਹੀਂ ਕੀਤੀ ਗਈ ਸੀ। ਸਾਰਾ ਕੰਮ ਕਾਹਲੀ-ਕਾਹਲੀ ਤੇ ਵਾਇਸ ਰਾਏ ਲਾਰਡ ਮਾਊਂਟਬੇਟਨ ਦੀ ਬੇਮੁਹਾਰੀ ਸੋਚ ਦਾ ਸਿੱਟਾ ਸੀ, ਸ਼ਰਨਾਰਥੀਆਂ ਦੇ ਕਾਫ਼ਲਿਆਂ ਨੂੰ ਸੁਰੱਖਿਅਤ ਤੌਰ 'ਤੇ ਪੰਜਾਬ ਦੇ ਦੋਹਾਂ ਭਾਗਾਂ ਵਿਚ ਪਹੁੰਚਾਉਣ ਲਈ ਸਹੀ ਭਾਂਤ ਦੇ ਢੁੱਕਵੇਂ ਪ੍ਰਬੰਧ ਨਹੀਂ ਕੀਤੇ ਗਏ ਸਨ। ਭਾਵੇਂ ਵਾਇਸ ਰਾਏ ਕਹਿ ਰਿਹਾ ਸੀ ਕਿ ਮੈਂ ਇਕ ਫੌਜੀ ਅਫ਼ਸਰ ਹਾਂ ਤੇ ਮੈਨੂੰ ਪਤਾ ਹੈ ਕਿ ਲੋਕਾਂ ਦਾ ਬਚਾਅ ਕਿਵੇਂ ਕਰਨਾ ਹੈ। ਉਹ ਹਵਾਈ ਜ਼ਹਾਜ ਤੇ ਟੈਂਕਾਂ ਦਾ ਜ਼ਿਕਰ ਕਰਦਾ ਵੀ ਫੜ੍ਹਾਂ ਮਾਰਦਾ ਸੀ, ਪਰ ਅਸਲ ਵਿਚ ਕਾਫ਼ਲਿਆਂ ਦੀ ਸੁਰੱਖਿਅਤਾ ਰੱਬ ਆਸਰੇ ਹੀ ਛੱਡ ਦਿੱਤੀ ਗਈ ਸੀ। ਪੰਜਾਬ ਵਿਚ ਵੱਡਾ ਘੱਲੂਘਾਰਾ ਵਾਪਰਿਆ ਸੀ ਜਿਸ ਦੀ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਸੀ ਮਿਲਦੀ ਤੇ ਇੰਨੇ ਦਹਾਕੇ ਬੀਤ ਜਾਣ ਦੇ ਬਾਅਦ ਵੀ ਫ਼ਿਰਕੂ ਫਸਾਦਾਂ ਵਿਚ ਮਾਰੇ ਗਏ ਬੇਸ਼ੁਮਾਰ ਹਿੰਦੂ, ਸਿੱਖ ਮੁਸਲਮਾਨਾਂ ਦੀ ਠੀਕ ਭਾਂਤ ਦੀ ਗਿਣਤੀ ਨਹੀਂ ਕੀਤੀ ਗਈ ਸੀ। ਇਸ ਬਾਰੇ ਕੇਵਲ ਅਨੁਮਾਨ ਹੀ ਲਾਏ ਜਾ ਰਹੇ ਹਨ। ਵਾਇਸ ਰਾਏ ਹਿੰਦ ਕਤਲ ਹੋਇਆਂ ਦੀ ਗਿਣਤੀ ਢਾਈ ਲੱਖ ਦਾ ਅਨੁਮਾਨ ਲਾਉਂਦਾ ਸੀ। ਬਹੁਤ ਸਾਰੇ ਇਤਿਹਾਸਕਾਰ ਕਤਲ ਹੋਇਆਂ ਦੀ ਗਿਣਤੀ ਪੰਜ ਲੱਖ ਤੋਂ ਦਸ ਲੱਖ ਲਾਉਂਦੇ ਹਨ। ਪਰ ਕਿਸੇ ਵੀ ਰਾਜਸੀ ਧਿਰ ਨੂੰ ਹੋਣ ਵਾਲੀ ਤਬਾਹੀ, ਬਰਬਾਦੀ ਤੇ ਕਤਲੇਆਮ ਦਾ ਕੋਈ ਅਨੁਮਾਨ ਨਹੀਂ ਸੀ :

> No one of course will ever know how many people died in those awful weeks, Mount batten preferred to use the figure 250,000 dead, an estimate undoubtedly tinged with some wishful thinking. Most historians of the period place the figure at half a million. Some put it as high as two million.[2]

ਇਸ ਵੰਡ ਸਮੇਂ ਇੰਨਾ ਜ਼ਿਆਦਾ ਜਾਨੀ ਤੇ ਮਾਲੀ ਨੁਕਸਾਨ ਹੋ ਜਾਣ ਕਾਰਨ ਮਨ ਵਿਚ ਸਵਾਲ ਉੱਠਦਾ ਹੈ ਕਿ ਦੇਸ਼ ਵੰਡ ਦਾ ਦਿਨ ਅੰਗਰੇਜ਼ਾਂ ਨੇ ਜੂਨ 1948 ਈ. ਦੇ ਨਿਸ਼ਚਿਤ ਕੀਤੇ ਦਿਨ ਨੂੰ ਛੱਡ ਕੇ, 15 ਅਗਸਤ ਨੂੰ ਕਿਉਂ ਚੁਣਿਆ ? ਜੂਨ 1948 ਦਾ ਸਾਲ ਬਰਤਾਨਵੀ ਸਰਕਾਰ ਨੇ ਚੁਣਿਆ ਸੀ ਕਿ ਇਸ ਸਮੇਂ ਤੱਕ ਭਾਰਤ ਦੀ ਤਾਕਤ, ਭਾਰਤੀ ਆਗੂਆਂ ਨੂੰ ਸੌਂਪ ਦਿੱਤੀ ਜਾਵੇ। ਫਿਰ ਲਾਡਰ ਮਾਊਂਟ ਬੇਟਨ ਨੂੰ ਕੀ ਬਿਪਤਾ ਪਈ ਸੀ ਕਿ ਉਹ ਜੂਨ 1948 ਦੀ ਥਾਂ 15 ਅਗਸਤ 1947 ਕਰ ਦੇਵੇ। ਵੱਖਰੀ ਗੱਲ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਚਾਹੁੰਦਾ ਸੀ ਕਿ ਦੇਸ਼ ਛੇਤੀ ਆਜ਼ਾਦ ਹੋਵੇ। ਪਰ ਵੰਡ ਨਾਲ ਸੰਬੰਧਿਤ ਫ਼ਿਰਕੂ ਫਸਾਦਾਂ ਤੇ ਲੱਖਾਂ ਸ਼ਰਨਾਰਥੀਆਂ ਦਾ ਤਬਾਦਲਾ ਤੇ ਸੁਰੱਖਿਆ ਨੂੰ ਵੀ ਬੜੀ ਸਾਵਧਾਨੀ ਨਾਲ ਵਿਚਾਰ ਕੇ ਠੋਸ ਉਪਰਾਲੇ ਕਰਨ ਦੀ ਲੋੜ ਸੀ ਜੋ ਨਾ ਹੋ ਸਕੀ।

ਦੇਸ਼-ਵੰਡ ਉੱਪਰ ਖੋਜ ਕਰਨ ਵਾਲੇ ਪ੍ਰਸਿੱਧ ਲੇਖਕ Dominique Laperrre and larry Collius ਨੇ ਲਾਰਡ ਮਾਊਂਟ ਦੇ ਜੀਵਨ ਉੱਪਰ ਇਕ ਪੁਸਤਕ 'Mount batten and the Partition of India' ਲਿਖੀ, ਜਿਸ ਦੀ ਤਿਆਰੀ ਸਮੇਂ ਉਨ੍ਹਾਂ ਮਾਊਂਟ ਬੇਟਨ ਦੇ ਨਿੱਜੀ ਰਿਕਾਰਡ ਨੂੰ ਵਰਤਣ ਦੇ ਨਾਲ-ਨਾਲ ਉਸ ਦੀਆਂ ਲੰਮੀਆਂ ਮੁਲਾਕਾਤਾਂ ਵੀ ਕੀਤੀਆਂ। 15 ਅਗਸਤ 1947 ਦੀ ਮਿਤੀ ਚੁਣਨ ਬਾਰੇ ਪੁੱਛੇ ਇਕ ਸਵਾਲ ਤੇ ਮਾਊਂਟ ਬੇਟਨ ਆਖਦਾ ਹੈ :

> 'ਜਿਹੜੀ ਮਿਤੀ ਮੈਂ ਚੁਣੀ ਉਹ ਅਸਮਾਨੋਂ ਹੀ ਸੁੱਝੀ ਸੀ। (Come out of the blue) ਮੈਂ ਇਹ ਮਿਤੀ

> ਇਕ ਪ੍ਰਸ਼ਨ ਦੇ ਉੱਤਰ ਵਿਚ ਚੁਣੀ ਸੀ। ਮੈਂ ਇਹ ਦੱਸਣ ਲਈ ਦ੍ਰਿੜ੍ਹ ਸੀ ਕਿ ਮੈਂ ਸਾਰੀ ਘਟਨਾ ਦਾ ਸਵਾਮੀ ਹਾਂ। ਜਦੋਂ ਉਨ੍ਹਾਂ ਪੁੱਛਿਆ ਕਿ ਕੀ ਅਸਾਂ ਕੋਈ ਮਿਤੀ ਨੀਯਤ ਕਰ ਦਿੱਤੀ ਹੈ, ਤਾਂ ਮੈਂ ਜਾਣਦਾ ਸੀ ਕਿ ਇਹ ਛੇਤੀ ਹੀ ਨਿਸ਼ਚਿਤ ਕਰਨੀ ਪੈਣੀ ਹੈ। ਮੈਂ ਉਸ ਵੇਲੇ ਇਹ ਮਿਤੀ ਮਿਥੀ ਤੇ ਮੈਂ 15 ਅਗਸਤ ਸੋਚ ਲਈ। ਕਿਉਂ ? ਕਿਉਂਕਿ ਇਹ ਜਪਾਨ ਤੇ ਜੰਗ ਸਮੇਂ ਹਥਿਆਰ ਸੁੱਟਣ ਦੀ ਦੂਜੀ ਵਰ੍ਹੇਗੰਢ ਸੀ।"[3]

ਅਸਲ ਵਿਚ ਵਾਇਸ ਰਾਏ ਦੀਆਂ ਚੁਸਤੀਆਂ/ਚਲਾਕੀਆਂ ਉੱਤੇ ਪਰਦਾ ਪਿਆ ਰਹਿਣਾ ਸੀ, ਜੇ ਦੇਸ਼ ਦੀ ਵੰਡ ਨਾਲ ਸੰਬੰਧਿਤ ਅੰਗਰੇਜ਼ੀ ਸਰਕਾਰ ਉਸ ਸਮੇਂ ਦਾ ਸਾਰਾ ਰਿਕਾਰਡ ਛਾਪਣ ਦੀ ਆਗਿਆ ਨਾ ਦਿੰਦੀ। ਇਹ ਸਾਰਾ ਰਿਕਾਰਡ ਸਰਕਾਰੀ ਫ਼ੈਸਲੇ ਅਨੁਸਾਰ ਸੰਨ 1999 ਤੱਕ ਗੁਪਤ ਰੱਖਣ ਦਾ ਫ਼ੈਸਲਾ ਸੀ, ਪਰ 1967 ਈ. ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਹੈਰਲਡ ਵਿਲਸਨ ਨੇ ਫ਼ੈਸਲਾ ਕੀਤਾ ਕਿ ਵੰਡ ਨਾਲ ਸੰਬੰਧਿਤ ਸਾਰਾ ਰਿਕਾਰਡ ਸੰਪਾਦਨ ਕਰਕੇ ਛਾਪ ਦਿੱਤਾ ਜਾਵੇ। ਇਸ ਕਾਰਜ ਲਈ ਚੋਣਵੇਂ ਖੋਜੀ ਤੇ ਇਤਿਹਾਸਕਾਰਾਂ ਦੀ ਡਿਊਟੀ ਲਾਈ ਗਈ ਅਤੇ ਪ੍ਰਸਿੱਧ ਇਤਿਹਾਸਕਾਰ, ਪ੍ਰੋ. ਮਾਨਸਰਜ ਦੀ ਚੋਣ ਕੀਤੀ ਗਈ। ਉਸ ਦੀ ਅਗਵਾਈ ਹੇਠ 1942-1947 ਦੇ ਸਾਲਾਂ ਵਿਚਲਾ ਇਹ ਸਾਰਾ ਰਿਕਾਰਡ ਸੰਪਾਦਿਤ ਕਰਕੇ ਛਾਪ ਦਿੱਤਾ ਗਿਆ। ਇਨ੍ਹਾਂ ਇਤਿਹਾਸਕਾਰਾਂ ਨੂੰ ਪੂਰੀ ਖੁੱਲ੍ਹ ਤੇ ਆਜ਼ਾਦੀ ਦਿੱਤੀ ਗਈ ਕਿ ਉਹ ਆਪਣੇ ਨਿਰਣੇ ਦੇਣ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਦੇ 1942-47 ਤੱਕ ਦਾ ਸਾਰਾ ਰਿਕਾਰਡ 12 ਜਿਲਦਾਂ ਵਿਚ Transfer of Power ਨਾਂ ਹੇਠ ਛਾਪ ਦਿੱਤਾ ਗਿਆ। ਇਸ ਵਿਚਲਾ ਬਹੁਤਾ ਰਿਕਾਰਡ ਗੁਪਤ ਸੀ। ਸੰਪਾਦਕਾਂ ਨੇ ਪੂਰੀ ਦਿਆਨਤਦਾਰੀ ਤੇ ਨਿਰਪੱਖਤਾ ਨਾਲ ਇਹ ਔਖਾ ਕਾਰਜ ਸਿਰੇ ਚਾੜ੍ਹਿਆ ਸੀ।

3 ਜੂਨ 1947 ਨੂੰ ਦੇਸ਼ ਦੀ ਵੰਡ ਦਾ ਐਲਾਨ ਹੋਇਆ ਸੀ। ਫ਼ਿਰਕੂ ਫ਼ਸਾਦ ਤਾਂ ਸਾਲ ਦੇ ਸ਼ੁਰੂ ਤੋਂ ਹੀ ਹੋਣ ਲੱਗ ਪਏ ਸਨ। ਪੰਜਾਬ ਦੀ ਫ਼ਿਰਕੂ ਹਾਲਤ ਬੜੀ ਚਿੰਤਾਜਨਕ ਹੋ ਚੁੱਕੀ ਸੀ। ਪੰਜਾਬ ਦੀ ਖਿਜਰ ਹਯਾਤ ਦੀ ਸਰਕਾਰ ਨੇ 2 ਮਾਰਚ 1947 ਨੂੰ ਅਸਤੀਫ਼ਾ ਦੇ ਦਿੱਤਾ ਅਤੇ 5 ਮਾਰਚ ਨੂੰ ਪੰਜਾਬ ਦੇ ਰਾਜ ਪ੍ਰਬੰਧ ਗਵਰਨਰ ਈਵਨ ਜੈਨਕਿਨਜ਼ ਅਧੀਨ ਆ ਚੁੱਕਾ ਸੀ।

ਦੇਸ਼-ਵੰਡ ਦਾ ਫ਼ੈਸਲਾ ਹੋ ਜਾਣ ਬਾਅਦ ਪੰਜਾਬ ਦੇ ਬੰਗਾਲ ਦੀ ਹੱਦਬੰਦੀ ਰੇਖਾ ਦਾ ਫ਼ੈਸਲਾ ਕਰਨ ਲਈ ਭਾਰਤ ਸਰਕਾਰ ਨੇ ਇਕ ਹੱਦਬੰਦੀ ਕਮਿਸ਼ਨ ਬਣਾਇਆ। ਪੰਜਾਬ ਵਿਚ ਇਸ ਦੇ ਚਾਰ ਮੈਂਬਰ ਸਨ, ਦੋ ਮੁਸਲਮਾਨ, ਇਕ ਸਿੱਖ ਤੇ ਇਕ ਹਿੰਦੂ। ਇਨ੍ਹਾਂ ਚਾਰਾਂ ਦੀ ਰਾਏ ਇਕ ਨਾ ਹੋਣ ਕਾਰਨ ਪੰਜਾਬ ਦੀ ਵੰਡ ਦਾ ਸਾਰਾ ਕੰਮ ਰੈਡਕਲਿੱਫ ਨੇ ਹੀ ਕੀਤਾ। ਰੈਡਕਲਿੱਫ ਇੰਗਲੈਂਡ ਦਾ ਇਕ ਬੜਾ ਲਾਇਕ ਤੇ ਈਮਾਨਦਾਰ ਵਕੀਲ ਸੀ। ਪਰ ਹੈਰਾਨੀ ਦੀ ਗੱਲ ਹੈ ਕਿ ਉਸ ਨੇ ਨਾ ਤਾਂ ਭਾਰਤ ਵੇਖਿਆ ਸੀ ਤੇ ਨਾ ਹੀ ਪੰਜਾਬ। ਉਸ ਨੂੰ ਕਿਸੇ ਧਿਰ ਨਾਲ ਕੋਈ ਲਗਾਓ ਨਹੀਂ ਸੀ। ਉਸ ਦੀ ਕੀਤਾ ਕੰਮ ਇੰਨਾ ਗੁੰਝਲਦਾਰ, ਤੇ ਨਹਿਸ਼ ਸੀ ਕਿ ਦਹਾਕਿਆਂ ਤੱਕ ਉੱਜੜੇ ਤੇ ਵੱਢੇ-ਟੁੱਕੇ ਗਏ ਲੋਕਾਂ ਦੇ ਲਕੀਰ ਦੇ ਦੋਨੋਂ ਪਾਸੇ ਉਸ ਦੀ ਜਾਨ ਨੂੰ ਰੋਂਦੇ ਰਹਿਣਾ ਸੀ। ਉਸ ਨੂੰ ਅਜਿਹੀ ਸਥਿਤੀ ਦਾ ਪਤਾ ਸੀ, ਉਹ ਲਿਖਦਾ ਹੈ :

> ਮੈਂ ਇਕ ਨਹਿਸ਼ ਕੰਮ ਨੂੰ ਜਿੰਨੀ ਛੇਤੀ ਸੰਭਵ ਹੋਇਆ, ਖਤਮ ਕਰਨਾ ਚਾਹੁੰਦਾ ਹਾਂ...ਉਸ ਨੇ ਆਪਣੇ ਆਪ ਨੂੰ ਕਿਹਾ...ਅਤੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਅੰਤ ਉੱਤੇ, ਜਦ ਮੈਂ ਇਹ ਕੰਮ ਮੁਕਾ ਲਿਆ ਤਾਂ ਉਹ ਇਕ ਦੂਜੇ ਨੂੰ ਕਤਲ ਕਰਨਾ ਸ਼ੁਰੂ ਕਰ ਦੇਣਗੇ।[4]

ਵਾਇਸ ਰਾਏ ਲਾਰਡ ਮਾਊਂਟ ਬੇਟਨ ਨੇ 14 ਅਗਸਤ ਨੂੰ ਪਾਕਿਸਤਾਨ ਦੀ ਆਜ਼ਾਦੀ ਦਾ ਐਲਾਨ ਕਰਕੇ ਤੇ ਆਜ਼ਾਦੀ ਦੇ ਜਸ਼ਨਾਂ ਵਿਚ ਸ਼ਾਮਿਲ ਹੋਣ ਲਈ ਕਰਾਚੀ ਜਾਣਾ ਸੀ, ਉਥੋਂ ਆ ਉਸ ਨੇ 15 ਅਗਸਤ ਨੂੰ ਭਾਰਤ ਦੀ ਆਜ਼ਾਦੀ ਦੇ ਦਿੱਲੀ ਵਿਚਲੇ ਜਸ਼ਨਾਂ ਵਿਚ ਸ਼ਾਮਿਲ ਹੋਣਾ ਸੀ। ਪਰ ਪੰਜਾਬ ਦੇ ਲੋਕ ਨਾ ਪਾਕਿਸਤਾਨ ਤੇ ਨਾ ਹਿੰਦੁਸਤਾਨ ਦੀ ਆਜ਼ਾਦੀ ਦੇ ਜਸ਼ਨਾਂ ਵਿਚ ਸ਼ਾਮਿਲ ਸਨ। ਉਨ੍ਹਾਂ ਦੇ ਸਿਰ ਉੱਤੇ ਵੰਡ ਦੀ ਨੰਗੀ ਤਲਵਾਰ ਲਟਕ ਰਹੀ ਸੀ। ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਰੈਡਕਲਿੱਫ ਦੀ ਲਾਲ ਲਕੀਰ ਨੇ ਕਿਸ ਪਾਸੇ ਦੀ ਲੰਘਣਾ ਸੀ।

ਅਖੀਰ ਰੈਡਕਲਿੱਫ ਨੇ ਆਪਣਾ ਫ਼ੈਸਲਾ ਲਿਖ ਕੇ 9 ਅਗਸਤ 1947 ਨੂੰ ਵਾਇਸ ਰਾਏ ਹਿੰਦ-ਲਾਰਡ ਮਾਊਂਟ ਬੇਟਨ ਨੂੰ ਭੇਜ ਦਿੱਤਾ। ਵੱਢ-ਟੁੱਕ ਹੋਈ ਜਾ ਰਹੀ ਸੀ। ਲੋਕਾਂ ਨੂੰ ਇਹ ਨਹੀਂ ਸੀ ਦੱਸਿਆ ਜਾ ਰਿਹਾ ਕਿ ਕਿਹੜਾ ਜ਼ਿਲ੍ਹਾ, ਕਿਹੜਾ ਪਿੰਡ ਲਾਲ ਲਕੀਰ ਦੇ ਅੰਦਰ ਜਾਂ ਬਾਹਰ ਹੈ। ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਕਿਸ ਦੇ ਹੱਥ ਹੈ, ਕੋਈ ਨਹੀਂ ਸੀ ਜਾਣਦਾ। ਅੰਦਰਖਾਤੇ ਦਿੱਲੀ ਵਿਚ ਕੀ ਹੋ ਰਿਹਾ ਸੀ, ਸਿਵਾਏ ਵਾਇਸ ਰਾਏ ਦੀ ਉੱਚ-ਪੱਧਰੀ ਟੀਮ ਦੇ ਕਿਸੇ ਭਾਰਤੀ ਨੂੰ ਪਤਾ ਨਹੀਂ ਸੀ।

ਲਾਰਡ ਮਾਊਂਟ ਬੇਟਨ ਦੀ ਵਿਦਾਇਗੀ ਪਾਰਟੀ ਵਿਚ ਬੋਲਦਿਆਂ ਭਾਰਤ ਦੇ ਨਵੇਂ ਪ੍ਰਧਾਨ ਮੰਤਰੀ ਜਵਾਹਰ ਲਾਲ

ਨਹਿਰੂ ਨੇ ਕਿਹਾ ਸੀ :

> ਮੇਰੇ ਲਈ ਜਾਂ ਹੋਰ ਕਿਸੇ ਲਈ ਇਹ ਨਿਰਣਾ ਕਰਨਾ ਔਖਾ ਹੈ ਕਿ ਅਸਾਂ ਪਿਛਲੇ ਸਾਲ ਵਿਚ ਕੀ ਕੀਤਾ ਹੈ। ਅਸੀਂ ਇਹਦੇ ਬਹੁਤ ਨਜ਼ਦੀਕ ਹਾਂ ਤੇ ਘਟਨਾਵਾਂ ਨਾਲ ਬੜੇ ਨੇੜਿਓਂ ਜੁੜੇ ਹੋਏ ਹਾਂ। ਸੰਭਵ ਹੈ ਕਿ ਅਸੀਂ ਜਾਂ ਤੁਸੀਂ ਕਈ ਗਲਤੀਆਂ ਕੀਤੀਆਂ ਹੋਣ। ਇਕ ਜਾਂ ਦੋ ਪੀੜ੍ਹੀਆਂ ਤੋਂ ਬਾਅਦ ਇਤਿਹਾਸ, ਸ਼ਾਇਦ ਇਹ ਨਿਰਣਾ ਕਰ ਸਕਣ ਕਿ ਅਸੀਂ ਕਿਹੜੀ ਗੱਲ ਠੀਕ ਕੀਤੀ ਸੀ ਤੇ ਕਿਹੜੀ ਗੱਲ ਗਲਤ।[5]

ਮਾਊਂਟ ਬੇਟਨ ਪੰਜਾਬ ਦੀ ਵੰਡ ਦਾ ਫ਼ੈਸਲਾ ਨੱਪ ਕੇ ਪੰਜ ਦਿਨ ਨਿਰਦਈ ਬਦੇਸ਼ੀ ਹਾਕਮਾਂ ਵਾਂਗ, ਪੰਜਾਬ ਵਿਚ ਹੋ ਰਹੇ ਕਤਲਾਂ ਨੂੰ ਇਕ ਤਮਾਸ਼ਬੀਨ ਵਾਂਗ ਵੇਖਦਾ ਰਿਹਾ। ਪੰਜਾਬ ਸੜ ਰਿਹਾ ਸੀ, ਰੋਮ ਵਾਂਗ ਤੇ ਵਾਇਸ ਰਾਏ ਹਿੰਦ, ਨੀਰੋ ਵਾਂਗ ਬੰਸਰੀ ਵਜਾ ਰਿਹਾ ਸੀ। ਵਾਇਸ ਰਾਏ ਹਿੰਦ ਦੀ ਮਿਤੀ 9 ਅਗਸਤ 1947 ਈ. ਦੀ 69ਵੀਂ ਮੀਟਿੰਗ ਦੀ ਗੁਪਤ ਕਾਰਵਾਈ ਦੇ ਸਿਰਫ਼ ਦੋ ਵਾਕ ਹੀ, ਹਵਾਲੇ ਵਜੋਂ ਦਿੱਤੇ ਜਾ ਰਹੇ ਹਨ :

> 'ਵਾਇਸਰਾਏ ਨੇ ਯਾਦ ਦਿਵਾਇਆ ਕਿ ਉਸ ਨੇ ਅਵਾਰਡ 10 ਅਗਸਤ ਤੀਕ ਤਿਆਰ ਕਰਨ ਲਈ ਆਖਿਆ ਸੀ। ਫਿਰ ਵੀ ਹੁਣ ਇਹ ਗੱਲ ਦੁਬਾਰਾ ਸੋਚਣ ਵਾਲੀ ਹੈ ਕਿ ਕੀ ਇਹ ਤੁਰੰਤ ਹੀ ਪ੍ਰਕਾਸ਼ਿਤ ਕੀਤਾ ਜਾਣਾ ਵਾਜਿਬ ਹੈ। ਨਿਰਸੰਦੇਹ, ਜਿੰਨੀ ਛੇਤੀ ਇਹ ਪ੍ਰਕਾਸ਼ਿਤ ਕੀਤਾ ਜਾਂਦਾ, ਓਨੀ ਜ਼ਿਆਦਾ ਹੀ, ਹੋਣ ਵਾਲੇ ਫ਼ਸਾਦਾਂ ਦੀ ਜ਼ਿੰਮੇਵਾਰੀ ਬਰਤਾਨੀਆਂ ਨੂੰ ਚੁੱਕਣੀ ਪਵੇਗੀ।'[6]

1947 ਵਿਚ ਤਾਂ ਸਾਰਾ ਪੰਜਾਬ ਹੀ ਲੜਾਈ ਦਾ ਮੈਦਾਨ ਬਣ ਗਿਆ, ਜਿਥੇ ਟੱਬਰਾਂ ਦੇ ਟੱਬਰ ਫ਼ਿਰਕੂ ਫ਼ਸਾਦਾਂ ਦੀ ਭੇਟ ਚੜ੍ਹ ਰਹੇ ਸਨ। ਇਸ ਫ਼ਿਰਕੂ ਦਹਿਸ਼ਤ ਦੀ ਹਨੇਰੀ ਨੇ ਵੱਸਦੇ-ਰਸਦੇ ਲੋਕਾਂ ਨੂੰ ਘਰਾਂ ਤੋਂ ਪੁੱਟ ਕੇ ਸ਼ਰਨਾਰਥੀ ਕੈਂਪਾਂ ਦੇ ਪਨਾਹਗੀਰ ਬਣਾ ਦਿੱਤਾ। ਕਾਫ਼ਲਿਆਂ ਦੇ ਸਫ਼ਰ ਨੂੰ ਜ਼ਾਬਤੇ ਵਿਚ ਰੱਖਣ ਲਈ ਲਾਈਆਂ ਗਈਆਂ ਸਰਕਾਰੀ ਸੁਰੱਖਿਆ ਫੋਰਸਾਂ ਬਹੁਤੀ ਥਾਈਂ ਹਮਲਾਵਰਾਂ ਨਾਲ ਮਿਲ ਕੇ ਲੁਟੇਰਿਆਂ ਦੀ ਹੌਂਸਲਾ ਅਫ਼ਜਾਈ ਕਰਦੀਆਂ ਰਹੀਆਂ। ਅਮਨ ਤੇ ਕਾਨੂੰਨ ਦੀ ਹਾਲਤ ਨੂੰ ਕਾਬੂ ਵਿਚ ਰੱਖਣ ਵਾਲੀ ਫ਼ੌਜ ਤੇ ਪੁਲਿਸ ਫ਼ਿਰਕੂ ਲੀਹਾਂ 'ਤੇ ਵੰਡੀ ਗਈ। ਇਸ ਘੱਲੂਘਾਰੇ ਦੇ ਇਤਿਹਾਸਕਾਰਾਂ ਇਹ ਗੱਲ ਨੋਟ ਕੀਤੀ ਕਿ ਭਾਰਤ ਕੋਲ ਇੰਨੀ ਫ਼ੌਜ ਨਹੀਂ ਸੀ, ਜੋ ਸਾਰੇ ਭਾਰਤ ਤੇ ਖ਼ਾਸ ਕਰਕੇ ਬੰਗਾਲ ਅਤੇ ਪੰਜਾਬ ਦੀ ਆਬਾਦੀ ਦੇ ਵਟਾਂਦਰੇ ਦੇ ਕਾਰਜ ਨੂੰ ਸ਼ਾਂਤੀ ਪੂਰਵਕ ਸਿਰੇ ਚਾੜ੍ਹਦੀ।

ਮੰਨੂ ਪਸਾਨੀ, ਜੋ ਵੰਡ ਵੇਲੇ ਵਿਧਾਨ ਘੜਨੀ ਅਸੈਂਬਲੀ ਦਾ ਮੈਂਬਰ ਸੀ, ਆਪਣੀਆਂ ਯਾਦਾਂ ਵਿਚ ਲਿਖਦਾ ਹੈ ਕਿ :

> ਇਹ ਨਹੀਂ ਕਿ ਜਦੋਂ ਤੁਹਾਨੂੰ ਸੂਤ ਨਾ ਬੈਠੇ, ਤੁਸੀਂ ਉੱਠ ਕੇ ਤੁਰ ਜਾਓ, ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਲੋਕਾਂ ਨੂੰ ਚੰਗੀ ਹਾਲਤ ਵਿਚ ਛੱਡ ਕੇ ਜਾਓ। ਤੁਸੀਂ ਆਪਣੀਆਂ ਫੌਜਾਂ ਨੂੰ ਵਾਪਸ ਨਹੀਂ ਬੁਲਾ ਸਕਦੇ ਤੇ ਅਰਾਜਕਤਾ ਫੈਲਾਉਣ ਦੀ ਖੁੱਲ੍ਹੀ ਛੁੱਟੀ ਨਹੀਂ ਦੇ ਸਕਦੇ। ਪਰ ਇੰਝ ਹੋਇਆ...ਮੇਰਾ ਖ਼ਿਆਲ ਹੈ ਕਿ ਜੇ ਅੰਗਰੇਜ਼ੀ ਫ਼ੌਜ ਵਾਪਸ ਨਾ ਬੁਲਾ ਲਈ ਜਾਂਦੀ ਤਾਂ ਇਸ ਪੱਧਰ ਦਾ ਕਤਲੇਆਮ ਨਾ ਵਾਪਰਦਾ, ਜੋ ਅਸਲ ਵਿਚ ਵਾਪਰਿਆ।[7]

## *ਹਵਾਲੇ ਅਤੇ ਟਿੱਪਣੀਆਂ*


1. ਅੰਮ੍ਰਿਤਾ ਪ੍ਰੀਤਮ, **ਲੰਮੀਆਂ ਵਾਟਾਂ**
2. Dominique Lapierre and Larry Collins, **Freedom at Midnight**, Vikas Publishing House Pvt. Ltd. New Delhi, Fifth Reprint, P. XVI.
3. H.M. Seervai, **Partition of India : Legend and Reality**, Emmenem Publication Bombay, 1989 Page 138.
4. ਲਾਲ ਖਾਨ, **ਪਾਰਟੀਸ਼ਨ**, ਵੈਲਰੈਂਡ ਪਬਲੀਕੇਸ਼ਨ 2001, ਪੰਨਾ 73.
5. ਐਚ.ਐਮ. ਸੀਰਵਾਈ, **ਪਾਰਟੀਸ਼ਨ ਆਫ਼ ਇੰਡੀਆ**, ਐਮੀਨਲ ਪਬਲੀਕੇਸ਼ਨਜ਼, ਬੰਬਈ 1989, ਪੰਨਾ 155 ਤੋਂ ਉਧਰਿਤ
6. H.M. Seervai, **Partition of India : Legend and Reality,** Emmenem Publication Bombay. 1989 Page 157.
7. **ਫਾਰਮ ਰਾਜ ਟੂ ਰਾਜੀਵ**, ਮਾਰਕ ਤੁਲੀ, ਜਹੀਰ ਮਸਾਨੀ, ਯੂਨੀਵਰਸਲ ਬੁੱਕ ਸਟਾਲ 1989, ਪੰਨਾ 15.



ਸੰਪਰਕ : 9463684511

ਤਿੱਖੀ ਵਰਗ ਚੇਤਨਾ ਅਤੇ ਸਾਹਿਤਕ ਪਿੱਠ ਭੂਮੀ ਵਾਲਾ ਪੰਜਾਬੀ ਗੀਤ

# ਉਹ ਸ਼ਿਵ ਦੀ ਕਿਤਾਬ ਵਰਗੀ

*ਹੀਰਾ ਸਿੰਘ*

ਗੀਤ ਬਾਰੇ ਕੁਝ ਕਹਿਣ ਤੋਂ ਪਹਿਲਾਂ ਗੀਤ ਦਾ ਪਾਠ ਪੇਸ਼ ਹੈ।

*ਉਹ ਸ਼ਿਵ ਦੀ ਕਿਤਾਬ ਵਰਗੀ, ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ*
*ਸਾਡੇ ਚੇਤਿਆਂ 'ਚ ਕਹੀਆਂ ਅਤੇ ਦਾਤੀਆਂ ਦੇ ਗੀਤ*
*ਥੋੜ੍ਹੀ ਖੁਸ਼ੀ ਅਤੇ ਬਹੁਤੀਆਂ ਉਦਾਸੀਆਂ ਦੇ ਗੀਤ*
*ਉਹ ਬਾਲੀਵੁੱਡ ਦੇ ਸ਼ਬਾਬ ਵਰਗੀ, ਤੇ ਮੈਂ ਔਲਖ ਦੇ ਨਾਟਕਾਂ ਦਾ ਭਾਈ*
*ਉਹਨੂੰ ਜਾਪਦਾ ਕਿ ਕਵਿਤਾ ਰੁਮਾਂਸ ਹੀ ਏ ਹੁੰਦੀ,*
*ਮੈਨੂੰ ਪਤਾ ਹੈ ਕਿ ਕਵਿਤਾ ਦੁਖਾਂਤ ਵੀ ਏ ਹੁੰਦੀ*
*ਉਹ ਵੱਧਦੇ ਵਿਆਜ ਵਰਗੀ ਤੇ ਮੈਂ ਜੰਮਦਾ ਈ ਮੁੱਢੋਂ ਕਰਜ਼ਾਈ*
*ਗੁਰਵਿੰਦਰ ਉਹ ਪਾਤਰ ਦੀ ਸ਼ਾਇਰੀ ਜਿਹੀ ਹੋ 'ਜੇ*
*ਸਾਡੇ ਪਿੰਡ ਵਾਲੀ ਕਣਕ ਸੁਨਹਿਰੀ ਜਿਹੀ ਹੋ 'ਜੇ*
*ਕੁਝ ਲਾਲੇ ਦੇ ਹਿਸਾਬ ਵਰਗੀ ਜਿਹੜੀ ਬਾਕੀ ਬਚੀ ਮੇਰੇ ਹਿੱਸੇ ਆਈ।*

ਗਾਉਣਾ ਮਨੁੱਖ ਦੀ ਮੁੱਢਲੀ ਸਿਫ਼ਤ ਹੈ, ਜਾਂ ਅਸੀਂ ਇੰਝ ਹੀ ਕਹਿ ਸਕਦੇ ਹਾਂ ਕਿ ਇਸ ਧਰਤੀ 'ਤੇ ਮਨੁੱਖ ਆਦਿ ਕਾਲ ਤੋਂ ਹੀ ਆਪਣੀਆਂ ਤਿੱਖੀਆਂ ਦੁਖਾਂਤਕ ਅਤੇ ਸੁਖਾਂਤਕ ਭਾਵਨਾਵਾਂ ਦਾ ਪ੍ਰਗਟਾਵਾ ਗਾ ਕੇ ਕਰਦਾ ਆਇਆ ਹੈ। ਇੰਝ ਗਾਇਕੀ ਦਾ ਸਫ਼ਰ ਮਨੁੱਖ ਨਾਲ ਉਸ ਦੇ ਆਦਿ-ਕਾਲ ਤੋਂ ਹੀ ਜੁੜਿਆ ਹੋਇਆ ਹੈ। ਮਨੁੱਖੀ ਮਨ ਦੀ ਫ਼ਿਤਰਤ ਹੈ ਕਿ ਜਦੋਂ ਉਹ ਸਖ਼ਤ ਅਤੇ ਲਗਾਤਾਰ ਕੰਮ ਕਰਕੇ ਥੱਕ ਜਾਂਦਾ ਹੈ ਤਾਂ ਉਸ ਨੂੰ ਮੁੜ ਤੋਂ ਤਰੋ-ਤਾਜ਼ਾ ਹੋਣ ਦੀ ਜ਼ਰੂਰਤ ਪੈਂਦੀ ਹੈ ਇਸ ਕੰਮ ਵਿਚ ਗੀਤ ਸੰਗੀਤ ਬੜਾ ਸਹਾਈ ਹੁੰਦਾ ਹੈ। ਪੰਜਾਬੀ ਗਾਇਕੀ ਲੋਕ-ਸਾਹਿਤ, ਲੋਕ ਗੀਤਾਂ ਵਿਚੋਂ ਰੂਪ ਵਟਾਉਂਦੀ ਹੋਈ ਅਜੋਕੇ ਮੁਕਾਮ ਤੱਕ ਪਹੁੰਚੀ ਹੈ। ਵੀਹਵੀਂ ਸਦੀ ਵਿਚ ਪੰਜਾਬੀ ਗਾਇਕੀ ਨੇ ਕਈ ਰੂਪ ਵਟਾਏ ਹਨ। ਇਹ ਸ਼ੌਕੀਆ ਕੰਮ ਤੋਂ ਵੱਡੇ ਵਪਾਰਕ ਅਮਲ ਤੱਕ ਸਫ਼ਰ ਕਰ ਗਈ ਹੈ। ਅਜੋਕਾ ਸਮਾਂ ਪੰਜਾਬੀ ਗਾਇਕੀ ਲਈ ਬਹੁ-ਰੰਗਾ ਹੈ। ਇਕ ਪਾਸੇ ਇੰਟਰਨੈਟ ਅਤੇ ਮਲਟੀ-ਮੀਡੀਆ ਦੇ ਦੌਰ ਵਿਚ ਕਈ ਗਾਇਕ ਰਾਤੋ-ਰਾਤ ਸਟਾਰ ਅਤੇ ਲੱਖਪਤੀ ਬਣ ਰਹੇ ਹਨ ਦੂਜੇ ਪਾਸੇ ਹਰ ਸਾਲ ਹਜ਼ਾਰਾਂ ਲੋਕ ਲੱਖਾਂ ਰੁਪਏ ਖਰਚ ਕੇ ਕੈਸਟਾਂ ਸੀ.ਡੀਆਂ ਬਣਾਉਂਦੇ ਹਨ, ਪਰ ਉਹ ਚੈਨਲਾਂ ਦੀ ਧੂੜ ਵਿਚ ਹੀ ਗਵਾਚ ਜਾਂਦੀਆਂ ਹਨ। ਇਕ ਪਾਸੇ ਸਾਡੀ ਗਾਇਕੀ ਡੇਰਾਵਾਦ ਅਤੇ ਬਾਬਾਵਾਦ ਦੀ ਨਿਖੇਧੀ ਕਰਕੇ ਆਪਣਾ ਫਰਜ਼ ਅਦਾ ਕਰ ਰਹੀ ਹੈ ਤੇ ਦੂਜੇ ਪਾਸੇ ਪੰਜਾਬੀ ਗਾਇਕੀ ਉੱਪਰ ਸ਼ਰਾਬ ਅਤੇ ਸ਼ਬਾਬ ਦੇ ਨਾਲ-ਨਾਲ ਅਸ਼ਲੀਲਤਾ ਫੈਲਾਉਣ ਦੇ ਦੋਸ਼ ਲੱਗ ਰਹੇ ਹਨ। ਇਕ ਪਾਸੇ ਸਾਡੀ ਗਾਇਕੀ ਸਾਡੇ ਪੁਰਾਤਨ ਵਿਰਸੇ ਨੂੰ ਪੇਸ਼ ਕਰਦੀ ਹੈ ਤੇ ਦੂਸਰੇ ਪਾਸੇ ਇਸ ਰਾਹੀਂ ਹੀ ਸਾਡੇ ਸਭਿਆਚਾਰ ਦੀਆਂ ਧੱਜੀਆਂ ਉੱਡ ਰਹੀਆਂ ਹਨ ਅਤੇ ਪੱਛਮੀ ਜੀਵਨ-ਜਾਂਚ ਸਾਡੇ 'ਤੇ ਭਾਰੂ ਹੋ ਰਹੀ ਹੈ।

ਅਜਿਹੀ ਘੜਮੱਸ ਵਿਚ ਹੀ ਪਿਛਲੇ ਦਿਨੀਂ ਗੁਰਵਿੰਦਰ ਬਰਾੜ ਦਾ ਇਕ ਗਾਣਾ ਟੀ.ਵੀ. 'ਤੇ ਸੁਣਿਆ, 'ਉਹ ਸ਼ਿਵ ਦੀ ਕਿਤਾਬ ਵਰਗੀ ਤੇ ਮੈਂ ਪਾਸ਼ ਦੀਆਂ ਗੱਲਾਂ ਦਾ ਸ਼ੁਦਾਈ।' ਇਹ ਗਾਣਾ ਇਕਦਮ ਦਿਲ ਨੂੰ ਛੂਹ ਗਿਆ। ਮੈਂ ਨੈੱਟ ਤੋਂ

ਇਸ ਦੀ ਆਡੀਓ, ਵੀਡੀਓ ਡਾਊਨਲੋਡ ਕੀਤੇ ਇਸ ਨੂੰ ਬਾਰ-ਬਾਰ ਸੁਣਿਆ। ਇਸ ਗਾਣੇ ਦੀਆਂ ਕਈ ਪਰਤਾਂ ਲੱਗੀਆਂ ਤੇ ਇਸ ਵਿਚੋਂ ਕਈ ਵਿਚਾਰ ਨਿਕਲਦੇ ਲੱਗੇ ਜੋ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

**ਪਹਿਲੀ ਪੜ੍ਹਤ—ਸਾਹਿਤਕ ਪਿੱਠ-ਭੂਮੀ ਵਾਲਾ ਗੀਤ :** ਗੀਤ, ਲੋਕ-ਸਾਹਿਤ ਦੀ ਵੀ ਵੰਨਗੀ ਹਨ ਤੇ ਸਾਹਿਤ ਦੀ ਵੀ ਵੰਨਗੀ ਹਨ, ਪਰ ਜਿਥੇ ਗੀਤ, ਲੋਕ-ਸਾਹਿਤ ਦੀ ਪ੍ਰਮੁੱਖ ਤੇ ਮਹੱਤਵਪੂਰਨ ਵੰਨਗੀ ਰਹੇ ਹਨ ਉਥੇ ਸਾਹਿਤ ਵਿਚ ਗੀਤਾਂ ਨੂੰ ਉਹ ਦਰਜ਼ਾ ਨਹੀਂ ਮਿਲਿਆ। ਆਧੁਨਿਕ ਸਮੇਂ ਵਿਚ ਗੀਤਕਾਰੀ ਨੇਂ ਇਕ ਆਪਣਾ ਵੱਖਰਾ ਖੇਤਰ ਬਣਾ ਲਿਆ ਹੈ। ਬਹੁਤ ਘੱਟ ਗੀਤਾਂ ਨੂੰ ਸਾਹਿਤਕ-ਗੀਤਾਂ ਦਾ ਦਰਜ਼ਾ ਮਿਲਦਾ ਹੈ। ਅਸਲ ਵਿਚ ਗੀਤ ਨੂੰ ਇਕਹਿਰੀ ਪਰਤ ਵਾਲੀ ਰਚਨਾ ਸਮਝਿਆ ਜਾਂਦਾ ਹੈ ਇਸ ਲਈ ਇਸ ਦੀ ਵਿਆਖਿਆ ਦੀ ਜ਼ਰੂਰਤ ਨਹੀਂ ਪੈਂਦੀ, ਇਸ ਲਈ ਇਸ 'ਤੇ ਚਰਚਾ ਵੀ ਨਹੀਂ ਹੁੰਦੀ। ਗੀਤ ਨੂੰ ਸਾਧਾਰਨ ਮਨੁੱਖ ਦੇ ਮਾਣਨ ਵਾਲੀ ਵਸਤ ਸਮਝਿਆ ਜਾਂਦਾ ਹੈ। ਇਸੇ ਲਈ ਇਸ ਵਿਚ ਕੋਈ ਡੂੰਘੀ ਗੱਲ ਨਹੀਂ ਕੀਤੀ ਜਾਂਦੀ। ਸੁਣੋ, ਝੂਮੋ, ਅਨੰਦ ਲਵੋ ਤੇ ਭੁੱਲ ਜਾਵੋ। ਯਾਦ ਰੱਖਣ ਯੋਗ ਕੁਝ ਵੀ ਨਹੀਂ। ਪਰ ਕਦੇ-ਕਦੇ ਗੀਤ ਅਜਿਹੇ ਵੀ ਲਿਖੇ/ਗਾਏ ਹਨ ਜੋ ਕਈ ਦਹਾਕਿਆਂ ਤੱਕ ਸਰੋਤਿਆਂ ਦੀ ਯਾਦ ਵਿਚ ਤਾਜ਼ਾ ਰਹਿੰਦੇ ਹਨ। ਅਜਿਹੇ ਗੀਤ ਅਕਸਰ ਬਹੁ-ਪਰਤੀ ਹੁੰਦੇ ਹਨ, ਬਹੁ-ਅਰਥੀ ਹੁੰਦੇ ਹਨ। ਅਜਿਹੇ ਗੀਤਾਂ ਨੂੰ ਸਮਝਣ-ਮਾਣਨ ਲਈ ਇਕ ਸੁਹਜ-ਯੋਗਤਾ ਦੀ ਜ਼ਰੂਰਤ ਹੁੰਦੀ ਹੈ। ਗੁਰਵਿੰਦਰ ਬਰਾੜ ਦਾ ਗਾਇਆ ਇਹ ਗੀਤ ਜਦੋਂ ਤੁਸੀਂ ਸੁਣਦੇ ਹੋ ਤਾਂ ਤੁਹਾਡੀ ਸਾਹਿਤਕ ਸੂਝ ਚੇਤੰਨ ਹੁੰਦੀ ਹੈ ਕਿਉਂਕਿ ਇਸ ਗੀਤ ਵਿਚ ਸ਼ਿਵ ਕੁਮਾਰ 'ਬਟਾਲਵੀ', ਅਵਤਾਰ ਸਿੰਘ 'ਪਾਸ਼', ਸੁਰਜੀਤ ਪਾਤਰ ਅਤੇ ਅਜਮੇਰ ਔਲਖ ਦਾ ਜ਼ਿਕਰ ਆਉਂਦਾ ਹੈ। ਵੀਹਵੀਂ ਇੱਕਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਇਨ੍ਹਾਂ ਪ੍ਰਸਿੱਧ ਸਾਹਿਤਕਾਰਾਂ ਦੇ ਜ਼ਿਕਰ ਨਾਲ ਇਹ ਗੀਤ ਸਾਹਿਤਕ ਪਿੱਠ-ਭੂਮੀ ਵਾਲਾ ਬਣ ਜਾਂਦਾ ਹੈ। ਇਨ੍ਹਾਂ ਸਾਹਿਤਕਾਰਾਂ ਦੇ ਸਿਰਫ਼ ਨਾਮ ਹੀ ਨਹੀਂ ਆਏ ਸਗੋਂ ਇਨ੍ਹਾਂ ਦੇ ਸੰਖੇਪ ਜ਼ਿਕਰ ਰਾਹੀਂ ਵੀ ਗੀਤਕਾਰ ਨੇ ਸੂਝਵਾਨ ਸਰੋਤਿਆਂ ਲਈ ਇਨ੍ਹਾਂ ਸਾਹਿਤਕਾਰਾਂ ਦੀ ਵਿਚਾਰਧਾਰਕ ਪਿੱਠਭੂਮੀ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

**ਦੂਸਰੀ ਪੜ੍ਹਤ—ਵਿਚਾਰਧਾਰਕ ਵੰਡ ਵਾਲਾ ਗੀਤ :** ਸਾਹਿਤ ਦੇ ਖੇਤਰ ਵਿਚ ਮਾਰਕਸਵਾਦੀ ਸਿਧਾਂਤ ਆਉਣ ਨਾਲ ਵਿਚਾਰਧਾਰਕ ਚੇਤਨਾ ਦਾ ਪਾਸਾਰ ਹੁੰਦਾ ਹੈ। ਇਸ ਨਾਲ ਮਨੁੱਖ ਸਮਾਜ ਨੂੰ ਰਾਜਨੀਤਕ ਸਮਾਜਿਕ ਵਰਗ ਚੇਤਨਾ ਨਾਲ ਪਹਿਚਾਣਦਾ ਹੈ। ਸਾਡਾ ਸਾਹਿਤ ਇਸ ਚੇਤਨਾ ਨੂੰ ਤਿੱਖਿਆਂ ਕਰਦਾ ਹੈ। ਸਾਹਿਤ ਰਾਹੀਂ ਉਪਜੀ ਅਤੇ ਪ੍ਰਚਾਰੀ ਇਹ ਚੇਤਨਾ ਸਾਹਿਤ ਨੂੰ ਵੀ ਦੋ ਵਰਗਾਂ ਵਿਚ ਵੰਡ ਦਿੰਦੀ ਹੈ। ਹਾਕਮਾਂ ਦੇ ਹੱਕ ਵਿਚ ਭੁਗਤਦੀ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣ ਵਾਲਾ ਸਾਹਿਤ ਅਤੇ ਸਥਿਤੀਆਂ ਨੂੰ ਆਮ ਆਦਮੀ ਦੇ ਹੱਕ ਵਿਚ ਬਦਲਣ ਦਾ ਹੋਕਾ ਦੇਣ ਵਾਲਾ ਸਾਹਿਤ। ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ ਅਤੇ ਪਾਸ਼ ਦੀ ਸ਼ਾਇਰੀ ਇਨ੍ਹਾਂ ਦੋ ਵਿਰੋਧੀ ਧਰਾਤਲਾਂ 'ਤੇ ਵਿਚਰਦੀ ਹੈ। ਕਿੰਨੀ ਅਜੀਬ ਗੱਲ ਹੈ ਕਿ ਸਾਡੇ ਸਾਹਿਤ ਦੇ ਇਤਿਹਾਸਕਾਰਾਂ ਅਤੇ ਸਾਡੇ ਵਿਦਵਾਨਾਂ ਨੇ ਇਨ੍ਹਾਂ ਦੋਵਾਂ ਵਿਦਵਾਨ ਸ਼ਾਇਰਾਂ ਦੀ ਸ਼ਾਇਰੀ ਦੀ ਇੰਨੀ ਸਪੱਸ਼ਟ ਵੰਡ ਕਦੇ ਨਹੀਂ ਕੀਤੀ ਜਿੰਨੀ ਇਸ ਗੀਤ ਵਿਚ ਹੋਈ ਹੈ। ਅਸਲ ਵਿਚ ਸਾਡਾ ਪੰਜਾਬੀ ਸਮਾਜ ਮੱਧ-ਵਰਗੀ ਸਮਾਜ ਹੈ। ਸਪੱਸ਼ਟ ਵੰਡ ਕਰਨੀ ਇਸ ਦਾ ਖਾਸਾ ਨਹੀਂ ਸਗੋਂ ਹਰ ਪ੍ਰਕਾਰ ਦੀ ਵੰਡ ਨੂੰ ਖਤਮ ਕਰਨਾ ਇਸ ਦਾ ਇਤਿਹਾਸਕ ਖਾਸਾ ਰਿਹਾ ਹੈ। ਗੀਤਕਾਰ ਨੇ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਇਸ ਦੋਮੇਲ ਦੇ ਵਿਚਲੇ ਰਾਹ (ਵਿਚਲੀ ਵਿਚਾਰਧਾਰਾ) ਵਾਂਗ ਪੇਸ਼ ਕੀਤਾ ਹੈ। ਇਕ ਪਾਸੇ ਗੋਹੇ/ਪਾਥੀਆਂ ਦੇ ਗੀਹਰਿਆਂ 'ਚ ਉੱਗੀ ਹੋਈ ਚਲਾਈ ਦੇ ਦੂਸਰੇ ਪਾਸੇ ਬਾਲੀਵੁੱਡ ਦਾ ਸ਼ਬਾਬ ਸਮਾਜਿਕ ਜੀਵਨ ਦੀਆਂ ਦੋ ਬਿਲਕੁਲ ਵਿਰੋਧੀ ਸਥਿਤੀਆਂ ਹਨ। ਦੋ ਵਿਰੋਧੀ ਦ੍ਰਿਸ਼ ਹਨ। ਬੇ-ਮੇਲ ਦ੍ਰਿਸ਼ ਹਨ। ਮਨੁੱਖ ਅੰਦਰ ਆਪਣਾ ਮਨ ਪਸੰਦ ਹਾਣ-ਪ੍ਰਵਾਨ ਮਾਣਨ ਦੀ ਰੀਝ ਆਦਿ ਕਾਲ ਤੋਂ ਰਹੀ ਹੈ ਤੇ ਸਾਡੇ ਸਮਾਜ ਨੇ ਨੌਜਵਾਨ ਦਿਲਾਂ ਦੀ ਇਸ ਮੁੱਢਲੀ ਗੀਤ ਦਰਮਿਆਨ ਸਮਾਜਿਕ ਧਾਰਮਿਕ ਤੇ ਆਰਥਿਕ ਵੰਡੀਆਂ ਦੀਆਂ ਦੀਵਾਰਾਂ ਖੜੀਆਂ ਕੀਤੀਆਂ ਹਨ ਸਾਡਾ ਮੱਧਕਾਲੀਨ ਕਿੱਸਾਕਾਵਿ ਇਸ ਦੀ ਸਪੱਸ਼ਟ ਉਦਾਹਰਣ ਹੈ। 'ਉਹ ਸ਼ਿਵ ਦੀ ਕਿਤਾਬ ਵਰਗੀ' ਇਸ ਵੰਡ ਨੂੰ ਮੁੜ ਤਾਜ਼ਿਆਂ ਕਰਦਾ ਹੈ।

**ਤੀਸਰੀ ਪੜ੍ਹਤ—ਰਾਜਨੀਤਕ ਚਿੰਨ੍ਹਾਂ ਅਤੇ ਪਾਰਟੀਬਾਜ਼ੀ ਤੋਂ ਦੂਰੀ :** ਗੀਤਕਾਰ ਬਹੁਤ ਸੁਚੇਤ ਕਲਾਕਾਰ ਹੈ ਉਸ ਨੇ ਆਮ ਆਦਮੀ ਦੇ ਦੁੱਖਾਂ ਦੀ ਗੱਲ ਵੀ ਕੀਤੀ ਹੈ ਪਰ ਇਸ 'ਤੇ ਕਿਸੇ ਰਾਜਨੀਤਕ ਦਾ ਲੇਬਲ ਵੀ ਨਹੀਂ ਲੱਗਣ ਦਿੱਤਾ। ਦਾਤੀ ਅਤੇ ਹਥੌੜਾ ਇਕ ਪ੍ਰਸਿੱਧ ਸਭਿਆਚਾਰ ਨਾਲ ਇਹ ਕਹਿ ਕੇ ਇਕਮਿਕ ਕਰ ਦਿੱਤਾ ਹੈ ਕਿ :—

ਜੇ ਦਾਤੀ ਨਾਲ ਹਥੌੜਾ ਰਲ ਜਾਂਦਾ ਤਾਂ ਇਸ ਗੀਤ 'ਤੇ ਇਕ ਰਾਜਨੀਤਕ ਪਾਰਟੀ ਦੇ ਗੀਤ ਹੋਣ ਦਾ ਠੱਪਾ ਲੱਗ ਸਕਦਾ ਸੀ ਪਰ ਦਾਤੀ ਨਾਲ ਕਹੀ ਦੇ ਜੁੜਨ ਨਾਲ ਇਹ ਪੰਜਾਬ ਦੀ ਕਿਸਾਨੀ ਦਾ ਗੀਤ ਬਣ ਜਾਂਦਾ ਹੈ, ਇਸ ਦਾ ਘੇਰਾ ਵੱਡਾ ਬਣ ਜਾਂਦਾ ਹੈ। ਇਹ ਚਿੰਨ੍ਹ ਮਿਹਨਤੀ ਇਨਸਾਨ (ਕਿਸਾਨ ਅਤੇ ਮਜ਼ਦੂਰ) ਦੀ ਕਿਰਤ ਦੇ ਚਿੰਨ੍ਹ ਬਣ ਜਾਂਦੇ ਹਨ।

**ਚੌਥੀ ਪੜ੍ਹਤ—ਨਵੇਂ ਬਿੰਬਾਂ ਪ੍ਰਤੀਕਾਂ ਦੀ ਵਰਤੋਂ :** ਨਵੀਨਤਾ ਮਨੁੱਖ ਨੂੰ ਆਕਰਸ਼ਿਤ ਕਰਦੀ ਹੈ। ਨਵੀਨਤਾ ਕਲਾਕਾਰੀ ਦਾ ਆਧਾਰ ਵੀ ਹੈ। ਵਾਰਿਸ ਦੀ ਹੀਰ ਨਵੀਂ ਕਹਾਣੀ ਕਰਕੇ ਪ੍ਰਸਿੱਧ ਨਹੀਂ ਸੀ ਹੋਈ ਸਗੋਂ ਪੁਰਾਣੀ/ਪ੍ਰਚੱਲਤ ਕਹਾਣੀ ਨੂੰ ਨਵੇਂ ਢੰਗ ਨਾਲ ਕਹਿਣ ਕਰਕੇ ਪ੍ਰਸਿੱਧ ਹੋਈ ਸੀ। ਅੰਦਾਜ਼-ਏ-ਬਿਆਂ ਹਰ ਵਸਤ ਵਰਤਾਰੇ ਨੂੰ ਨਵਾਂ ਤੇ ਆਕਰਸ਼ਿਤ ਬਣਾ ਦਿੰਦਾ ਹੈ। ਪੰਜਾਬੀ ਗਾਇਕੀ ਵਿਚ ਨਾਇਕਾ (ਖ਼ੂਬਸੂਰਤ ਜਵਾਨ ਪੰਜਾਬਣ) ਦੀ ਖ਼ੂਬਸੂਰਤੀ ਨੂੰ ਪੇਸ਼/ਬਿਆਨ ਕਰਨ ਲਈ ਤਸ਼ਬੀਹਾਂ ਤੁਲਨਾਵਾਂ ਬਦਲਦੀਆਂ ਰਹੀਆਂ ਹਨ। ਸਾਡਾ ਕਿੱਸਾ-ਕਾਵਿ ਇਸ ਕਿਸਮ ਦੀ ਬਿਆਨਬਾਜ਼ੀ ਲਈ ਮਸ਼ਹੂਰ ਸੀ। ਕਿੱਸਾਕਾਰਾਂ ਨੇ ਨਾਇਕਾਵਾਂ ਦੀ ਖ਼ੂਬਸੂਰਤੀ ਲਈ ਕੁਦਰਤੀ (ਜਾਨਵਰਾਂ, ਪੰਛੀਆਂ ਤੇ ਪੌਦਿਆਂ ਦੀ) ਖ਼ੂਬਸੂਰਤੀ (ਹਿਰਨੀ ਵਰਗੀ ਚਾਲ, ਕੋਇਲ ਵਰਗੀ ਆਵਾਜ਼, ਸੇਬ ਵਰਗੀ ਕਾਲੀ ਤੇ ਸ਼ਬਾਬ ਵਰਗਾ ਨਸ਼ਾ) ਨੂੰ ਜੋੜ ਕੇ ਤਸ਼ਬੀਹਾਂ ਬਣਾਈਆਂ ਤੇ ਆਦਰਸ਼ਕ ਨਾਇਕਾਵਾਂ ਦੀ ਸਿਰਜਣਾ ਕੀਤੀ। ਇਨ੍ਹਾਂ ਤੋਂ ਬਾਅਦ ਪੰਜਾਬੀ-ਗਾਇਕੀ ਵਿਚ ਅਕਸਰ ਨਾਇਕਾਵਾਂ ਨੂੰ ਕਿੱਸਾਕਾਰਾਂ ਦੁਆਰਾ ਚਿਤਰੀਆਂ ਨਾਇਕਾਵਾਂ ਨਾਲ ਤੁਲਨਾਇਆ ਜਾਂਦਾ ਰਿਹਾ ਹੈ। ਤੂੰ ਸੋਹਣੀ ਵਰਗੀ, ਤੂੰ ਸੱਸੀ ਵਰਗੀ, ਹੀਰ ਵਰਗੀ ਆਦਿ। ਹੁਣ ਸਮਾਂ ਬਦਲ ਗਿਆ ਹੈ, ਇੱਕਵੀਂ ਸਦੀ ਮਲਟੀ-ਮੀਡੀਆ ਦੀ ਸਦੀ ਹੈ, ਟੀ.ਵੀ. ਚੈਨਲਾਂ ਤੇ ਇੰਟਰਨੈਟ ਦੀ ਸਦੀ ਹੈ। ਅਜੋਕੇ ਸਮੇਂ ਵਿਚ ਆਵਾਜਾਈ ਦੇ ਸਾਧਨਾਂ ਦੀ ਤੇਜ ਗਤੀ ਅਤੇ ਸੰਚਾਰ ਸਾਧਨਾਂ ਦੀ ਚਮਤਕਾਰੀ ਗਤੀ ਕਾਰਨ ਪੂਰਾ ਵਿਸ਼ਵ ਇਕ ਪਿੰਡ ਬਣ ਰਿਹਾ ਹੈ। ਸੂਚਨਾਵਾਂ ਦੇ ਆਦਾਨ-ਪ੍ਰਦਾਨ ਨੇ ਸੰਸਾਰ ਨੂੰ ਬਹੁਤ ਛੋਟਾ ਬਣਾ ਦਿੱਤਾ ਹੈ। ਟੀ.ਵੀ. ਚੈਨਲਾਂ ਦੀ ਭਰਮਾਰ ਨੇ ਸਥਾਨਕਤਾ ਦੇ ਕੁਝ ਪੱਖਾਂ ਨੂੰ ਖਤਮ ਕਰ ਦਿੱਤਾ ਹੈ ਤੇ ਕੁਝ ਪੱਖਾਂ ਨੂੰ ਉਭਾਰਿਆ ਹੈ। ਹੁਣ ਸਾਡੇ ਖਾਣਿਆਂ, ਕੱਪੜਿਆਂ, ਸਵਾਦਾਂ ਅਤੇ ਘਰ ਦੀ ਬਣਾਵਟ/ਸਜਾਵਟ ਵਿਚ ਅੰਤਰ-ਰਾਸ਼ਟਰੀਪਣ ਆ ਰਿਹਾ ਹੈ ਅਜਿਹੇ ਮਾਹੌਲ ਵਿਚ ਸਾਡੇ ਬਿੰਬ ਪ੍ਰਤੀਕ ਵੀ ਬਦਲ ਰਹੇ ਹਨ। ਗੁਰਵਿੰਦਰ ਆਪਣੇ ਗੀਤ ਵਿਚ ਨਾਇਕਾ ਲਈ ਦੋ ਤਸ਼ਬੀਹਾਂ ਵਰਤਦਾ ਹੈ 'ਲੌਨ ਦਾ ਗੁਲਾਬ' ਅਤੇ 'ਬੌਲੀਵੁੱਡ ਦਾ ਸ਼ਬਾਬ'। ਇਹ ਦੋਵੇਂ ਚੀਜ਼ਾਂ ਦਾ ਪੰਜਾਬੀਆਂ ਦੇ ਸੁਹਜ ਅਤੇ ਸੁਧਾਰ ਅਤੇ ਵਿਕਾਸ ਦੇ ਨਾਲ-ਨਾਲ ਵਿਗਾੜ ਦੀਆਂ ਵੀ ਪ੍ਰਤੀਕ ਹਨ। ਟੀ.ਵੀ. ਚੈਨਲਾਂ ਦੀ  ਭਰਮਾਰ ਅਤੇ ਉਸ ਦੇ ਲਗਾਤਾਰ ਪ੍ਰਸਾਰ ਨੇ ਸਾਡੇ ਅਵਚੇਤਨ ਨੂੰ ਵੀ ਬਦਲ ਦਿੱਤਾ ਹੈ। ਸਦੀਆਂ ਤੋਂ ਸਾਡੇ ਦਿਲਾਂ ਤੇ ਰਾਜ ਕਰਨ ਵਾਲੀਆਂ ਅਤੇ ਮੁਟਿਆਰਾਂ ਵਲੋਂ ਸੂਈਆਂ ਨਾਲ ਪੋਟੇ ਵਿੰਨ੍ਹਾ ਕੇ ਕੱਪੜਿਆਂ 'ਤੇ ਜੀਵੰਤ ਕੀਤੀਆ 'ਸੋਹਣੀਆਂ', 'ਸੱਸੀਆਂ' ਤੇ 'ਹੀਰਾਂ' ਟੀ.ਵੀ. ਪਰਦੇ 'ਤੇ ਹਾਰ ਗਈਆਂ ਹਨ। ਬੌਲੀਵੁੱਡ ਦਾ ਸ਼ਬਾਬ ਹੁਣ ਪੰਜਾਬੀਆਂ ਦੇ ਸਿਰ ਚੜ੍ਹ ਬੋਲਣ ਲੱਗ ਪਿਆ ਹੈ। ਸਰਤਾਜ ਦੇ ਗੀਤ 'ਚ ਗਿਣਾਏ ਫੁੱਲ ਅਤੇ 'ਚੰਬੇ ਦੀ ਕਲੀ' ਦੀ ਥਾਂ 'ਲੌਨ ਦਾ ਗੁਲਾਬ' ਲਿਸ਼ਕਾਂ ਮਾਰ ਰਿਹਾ ਹੈ। ਇਹ ਸਾਨੂੰ ਸਾਡੇ ਭੁੱਲ ਰਹੇ ਵਿਰਸੇ ਅਤੇ ਸਾਡੇ ਬਦਲ ਰਹੇ ਸੁਹਜ ਸਵਾਦ ਦੀ ਚੇਤਨਾ ਕਰ ਰਿਹਾ ਹੈ। ਨਾਇਕ ਆਪਣੀ ਤੁਲਨਾ ਲਈ 'ਔਲਖ ਦੇ ਨਾਟਕਾਂ ਦਾ ਭਾਈ' ਵਾਲੀ ਨਵੀਂ ਤਸ਼ਬੀਹ ਵਰਤ ਕੇ ਸਭਿਆਚਾਰਕ ਹਮਲੇ ਨੂੰ ਸਾਂਵਾਂ/ਬਰਾਬਰ ਵੀ ਕਰ ਗਿਆ ਹੈ। 'ਔਲਖ' ਦੇ ਨਾਟਕਾਂ ਦਾ ਪਾਸਾਰ ਪੰਜਾਬੀ ਚੇਤਨਾ ਦਾ ਪਾਸਾਰ ਹੈ। ਜਦੋਂ ਤੱਕ ਔਲਖ ਦੇ ਨਾਟਕਾਂ ਦਾ ਭਾਈ ਕਿਰਿਆਸ਼ੀਲ ਹੈ ਪੰਜਾਬੀ ਜੀਵਨ ਦਾ ਅਸਤਿੱਤਵ ਕਾਇਮ ਹੈ। ਅਜਮੇਰ ਸਿੰਘ ਔਲਖ ਨੇ ਹਮੇਸ਼ਾ ਪੰਜਾਬ ਦੀ ਲੋੜਾਂ-ਥੁੜ੍ਹਾਂ ਦੀ ਮਾਰੀ ਕਿਸਾਨੀ ਅਤੇ ਮਜ਼ਦੂਰ ਜਮਾਤ ਵਿਚੋਂ ਇਨਕਲਾਬ ਦੀ ਜੋਤ ਜਗਾਈ ਹੈ। ਗੀਤਕਾਰ ਨੇ ਆਪਣੇ ਆਪ ਨੂੰ ਇਸ ਧਿਰ ਨਾਲ ਜੋੜ ਕੇ ਪੰਜਾਬੀ ਜੀਵਨ ਦੇ ਧੁਰੇ ਨੂੰ ਪੇਸ਼ ਕੀਤਾ ਹੈ।

**ਪੰਜਵੀਂ ਪੜ੍ਹਤ—ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ :** ਸਾਡੇ ਵੱਡਿਆਂ ਨੇ ਅੰਗਰੇਜ਼ ਤਾਂ ਵੱਡੀਆਂ ਕੁਰਬਾਨੀਆਂ ਨਾਲ ਭਜਾਏ/ਕੱਢੇ ਸਨ ਪਰ ਅੰਗਰੇਜ਼ੀ ਨੂੰ ਸਿਰ 'ਤੇ ਚੁੱਕ ਕੇ ਕਲਗੀ ਵਾਂਗ ਸਜਾ ਲਿਆ। ਸਰਕਾਰੀ ਦਫ਼ਤਰਾਂ 'ਚੋਂ ਤੁਰੀ ਅੰਗਰੇਜ਼ੀ ਸਾਡੇ ਘਰਾਂ, ਰਸੋਈਆਂ 'ਚੋਂ ਹੁੰਦੀ ਹੋਈ ਸਾਡੇ ਗੀਤਾਂ ਤੱਕ ਪਹੁੰਚ ਗਈ ਹੈ। ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਕੇ ਅਸਾਂ ਤਾਂ ਆਪਣਾ ਸ਼ੁੱਧੀਕਰਨ ਕਰਨਾ ਸ਼ੁਰੂ ਕਰ ਦਿੱਤਾ ਸੀ ਪਰ ਇਹ ਟੀ.ਵੀ. ਰਾਹੀਂ ਮਲਕੜੇ ਜਿਹੇ ਸਾਡੇ ਬਾਲਾਂ ਦੇ ਮਨਾਂ ਅੰਦਰ ਵੜ੍ਹ ਬੈਠੀ ਹੈ। ਗੁਰਵਿੰਦਰ ਦੀ ਇਸ ਗਾਣੇ ਵਿਚ 'ਲੌਨ', 'ਬੌਲੀਵੁੱਡ', ਅਤੇ 'ਰੁਮਾਂਸ' ਜਿਹੇ ਸ਼ਬਦਾਂ ਨੂੰ ਵੜਨੋਂ ਨਹੀਂ ਰੋਕ ਸਕਿਆ। ਇਹ ਸ਼ਬਦ ਸਾਡੇ ਸਭਿਆਚਾਰਕ ਅਤੇ ਵਿਚਾਰਧਾਰਕ ਭਵਿੱਖ ਦੀ ਪੇਸ਼ਨਗੋਈ ਕਰਦੇ ਹਨ।

**ਛੇਵੀਂ ਪੜ੍ਹਤ—ਵੀਡੀਓ/ਫ਼ਿਲਮਾਂਕਣ ਦੀ ਅਰਥ-ਪੂਰਨ ਮੂਕ-ਭਾਸ਼ਾ :** ਆਮ ਤੌਰ 'ਤੇ ਸਾਡੇ ਪੰਜਾਬੀ ਗਾਣਿਆਂ ਦਾ ਫਿਲਮਾਂਕਣ ਸਹੀ ਨਹੀਂ ਹੁੰਦਾ। ਕਈ ਵਾਰ ਤਾਂ ਗੀਤ ਦੇ ਬੋਲਾਂ ਦੇ ਐਨ ਉਲਟ ਹੁੰਦਾ ਹੈ। ਲੰਮੀ ਗੁੱਤ ਦੀ ਸਿਫ਼ਤ ਵਾਲੇ ਗਾਣੇ ਵਿਚ ਸਿਰ ਮੁੰਨੀ ਨੱਚ ਰਹੀ ਹੁੰਦੀ ਹੈ। ਜਦੋਂ ਅਸੀਂ ਗੁਰਵਿੰਦਰ ਦੇ ਇਸ ਗਾਣੇ ਨੂੰ ਸੁਣਦੇ ਹਾਂ ਤੇ ਫਿਰ ਇਸ ਦੀ ਵੀਡੀਓ ਨੂੰ ਵੇਖਦੇ ਹਾਂ ਤਾਂ ਦੋਹਾਂ ਵਿਚ ਫ਼ਰਕ ਹੈ। ਬਹੁਤ ਕੁਝ ਜੋ ਗਾਣੇ ਦੇ ਬੋਲ ਕਹਿਣਾ ਚਾਹੁੰਦੇ ਸਨ ਪਰ ਉਹ ਨਹੀਂ ਕਹਿ ਸਕੇ ਉਹ ਫ਼ਿਲਮਾਂਕਣ ਵਿਚ ਦਿਖਾਇਆ ਗਿਆ ਹੈ। ਗੀਤ ਦੇ ਤਿੰਨ ਟੱਪੇ ਹਨ ਪਰ ਫਿਲਮਾਂਕਣ ਸਿਰਫ਼ ਦੋ ਟੱਪਿਆਂ ਦਾ ਹੀ ਹੋਇਆ ਹੈ। ਗੀਤ ਦੀ ਸ਼ੁਰੂਆਤ ਸਵੇਰੇ ਦਿਨ ਚੜ੍ਹਨ ਦੇ ਸੀਨ ਤੋਂ ਹੁੰਦੀ ਹੈ। ਇਕ ਪਾਸੇ ਨਾਇਕਾ ਸ਼ਹਿਰੀ ਅਮੀਰ ਸ਼੍ਰੇਣੀ ਦੀ ਲੜਕੀ ਹੈ ਜੋ ਸੂਰਜ ਦੀ ਰੌਸ਼ਨੀ ਦੇ ਕਮਰੇ 'ਚ ਆਉਣ ਤੇ ਹੀ ਉੱਠਦੀ ਹੈ, ਦੂਸਰੇ ਪਾਸੇ ਨਾਇਕ ਗਰੀਬ ਕਿਸਾਨ ਦਾ

ਪੁੱਤਰ ਹੈ ਜੋ ਦਿਨ ਚੜ੍ਹਦੇ ਤੱਕ ਖੇਤਾਂ ਵਿਚ ਜ਼ਰੂਰੀ ਕੰਮ ਮੁਕਾ ਕੇ ਫਿਰ ਕਾਲਜ ਨੂੰ ਤਿਆਰ ਹੁੰਦਾ ਹੈ ਇਹ ਪਿੰਡਾਂ ਦੇ ਸ਼ਹਿਰਾਂ ਨਾਲੋਂ ਔਖੇ ਜੀਵਨ ਦੀ ਖੂਬਸੂਰਤ ਪੇਸ਼ਕਾਰੀ ਹੈ। ਗੀਤ ਦੀਆਂ ਪ੍ਰਮੁੱਖ ਸਤਰਾਂ ਤੋਂ ਬਾਅਦ ਪਹਿਲੇ ਪਹਿਰੇ (ਸਾਡੇ ਚੇਤਿਆਂ 'ਚ ਕਹੀਆਂ ਅਤੇ ਦਾਤੀਆਂ ਦੇ ਗੀਤ, ਥੋੜ੍ਹੀ ਖੁਸ਼ੀ ਅਤੇ ਬਹੁਤੀਆਂ ਉਦਾਸੀਆਂ ਦੇ ਗੀਤ) ਉਪਰੰਤ ਗਾਇਕ ਅਲਾਪ ਲਗਾਉਂਦਾ ਹੈ, ਇਹ ਅਲਾਪ ਦਿਲ ਨੂੰ ਚੀਰ ਜਾਂਦਾ ਹੈ ਕਿਉਂਕਿ ਅਲਾਪ ਦੌਰਾਨ ਜੋ ਸੀਨ ਹੈ, ਉਸ ਵਿਚ ਇਕ ਰਿਕਸ਼ੇ ਵਾਲਾ ਆਪਣੇ ਬਾਲ ਨੂੰ ਚੁੱਕ ਕੇ ਰਿਕਸ਼ਾ ਚਲਾ ਰਿਹਾ ਹੈ ਤੇ ਇਹ ਸੀਨ ਗੀਤ ਦੇ ਗੀਤਕਾਰ ਨੂੰ ਦੱਬੀ ਕੁਚਲੀ ਲੋਕਾਈ ਨਾਲ ਜੋੜ ਦਿੰਦਾ ਹੈ। ਇਤਿਹਾਸ ਗਵਾਹ ਹੈ ਕਿ ਸਾਰੇ ਯੁੱਧ ਜਥੇਬੰਦਕ ਸੰਘਰਸ਼ ਨਾਲ ਹੀ ਜਿੱਤੇ ਜਾਂਦੇ ਹਨ। ਹਰ ਪੰਜਾਬੀ ਨੌਜਵਾਨ ਜਦੋਂ ਕਾਲਜ ਜਾਣ ਦੀ ਉਮਰ ਵਿਚ ਆਉਂਦਾ ਹੈ ਉਸ ਨੂੰ ਕਈ ਕਿਸਮ ਦੇ ਸਮਾਜਿਕ ਵਿਕਾਰਾਂ ਦਾ ਪਤਾ ਲੱਗਦਾ ਹੈ। ਨਵਾਂ ਜੋਸ਼ ਭਰਪੂਰ ਗਰਮ ਖੂਨ ਜਥੇਬੰਦ ਹੋ ਕੇ ਸਮਾਜ ਸੁਧਾਰ ਦੀ ਲਹਿਰ ਦਾ ਹਿੱਸਾ ਬਣਦਾ ਹੈ। ਸਾਡੇ ਸਾਰੇ ਵਰਤਮਾਨ ਲੀਡਰਾਂ ਨੇ ਜਵਾਨੀ ਉਮਰੇ ਵਿਦਿਆਰਥੀ ਯੂਨੀਅਨਾਂ ਵਿਚ ਕੰਮ ਕੀਤਾ ਹੋਇਆ ਹੈ। ਇਸ ਗੀਤ ਦੇ ਪਹਿਲੇ ਟੱਪੇ (ਉਹ ਸ਼ਿਵ ਦੀ ਕਿਤਾਬ ਵਰਗੀ ਤੋਂ ਲੈ ਕੇ ਮੈਂ ਔਲਖ ਦੇ ਨਾਟਕਾਂ ਦਾ ਭਾਈ) ਦਰਮਿਆਨ ਜਦੋਂ ਨਾਇਕ ਕਾਲਜ ਜਾਂਦਾ ਹੈ ਤਾਂ ਉਸ ਦੇ ਲਾਗੋਂ ਦੀ ਵਿਦਿਆਰਥੀ ਜਥੇਬੰਦੀ ਨਾਅਰੇ ਮਾਰਦ ਲੰਘਦੀ ਹੈ, ਏਹੀ ਤਾਂ ਸਾਡਾ ਨੌਜਵਾਨ ਵਰਗ ਚਾਹੁੰਦਾ ਹੈ। ਅਗਲੇ ਸੀਨ ਵਿਚ ਹੀ ਨਾਇਕ ਨੌਜਵਾਨ ਭੀੜ ਨੂੰ ਮੁਖ਼ਾਤਿਬ ਹੋ ਕੇ ਭਾਸ਼ਨ ਦੇ ਰਿਹਾ ਹੈ। ਉਹ ਨੌਜਵਾਨ ਪੀੜ੍ਹੀ ਨੂੰ ਨਵਾਂ ਸਮਾਜ ਸਿਰਜਣ ਲਈ ਪ੍ਰੇਰ ਰਿਹਾ ਹੈ। ਇਸੇ ਸਮੇਂ ਨਾਇਕਾ ਕਾਰ ਦੀ ਚਾਬੀ ਘੁਮਾਉਂਦੇ ਬਿਨਾਂ ਭੀੜ ਵੱਲ ਵੇਖੇ ਆਪਣੇ ਸਫ਼ਰ ਵੱਲ ਵੱਧਦੀ ਹੈ। ਸਾਡੇ ਹੀ ਸਮਾਜ ਦਾ ਇਕ ਹਿੱਸਾ ਅਜਿਹਾ ਵੀ ਹੈ ਜਿਸ ਨੂੰ ਨਾਅਰੇ ਮਾਰਨ, ਰੋਸ ਮੁਜ਼ਾਹਰੇ ਕਰਨ ਵਾਲੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਸਮਾਜ ਦੇ ਦੋਵਾਂ ਵਰਗਾਂ ਦੀਆਂ ਸਥਿਤੀਆਂ, ਇੱਛਾਵਾਂ ਤੇ ਉਦੇਸ਼ ਛੋਟੇ ਜਿਹੇ ਸੀਨ ਰਾਹੀਂ ਬੜੀ ਕਾਮਯਾਬੀ ਨਾਲ ਪੇਸ਼ ਕੀਤੇ ਹਨ।

ਗੀਤ ਦੇ ਦੂਸਰੇ ਟੱਪੇ (ਉਹਨੂੰ ਜਾਪਦਾ ਤੋਂ ਲੈ ਕੇ ਮੈਂ ਜੰਮਦਾ ਈ ਮੁੱਢੋਂ ਕਰਜ਼ਾਈ) ਦਰਮਿਆਨ ਨਾਇਕ ਤੇ ਨਾਇਕਾ ਕਾਲਜ ਦੀ ਕਲਾਸ ਵਿਚ ਬੈਠੇ ਹਨ। ਕਾਲਜ ਦਾ ਪੰਜਾਬੀ ਦਾ ਪ੍ਰੋਫ਼ੈਸਰ ਵਿਦਿਆਰਥੀਆਂ ਨੂੰ ਪੁੱਛਦਾ ਹੈ ਕਿ, ਕਵਿਤਾ ਕੀ ਹੁੰਦੀ ਹੈ ? ਪਹਿਲਾਂ ਨਾਇਕ ਸਿਰਫ਼ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ, 'ਇਕ ਕੁੜੀ ਜਿਹਦਾ ਨਾਮ ਮੁਹੱਬਤ ਗੁੰਮ ਹੈ ਗੁੰਮ ਹੈ' ਦੀ ਉਦਾਹਰਣ ਦੇ ਕੇ ਕਵਿਤਾ ਦੇ ਸੁਖਾਂਤ ਅਹਿਸਾਸਾਂ ਦੀ ਵਿਆਖਿਆ ਕਰਦੀ ਦਿਖਾਈ ਹੈ। ਇਥੇ ਨਾਇਕਾ ਆਪਣੇ ਖ਼ਿਆਲਾਂ ਵਿਚ ਖੁਸ਼ੀ ਵਿਚ ਝੂਮਦੀ/ਨੱਚਦੀ ਹੈ ਅਤੇ ਅਸਮਾਨ ਵਿਚ ਅੱਧਾ ਚੰਨ ਚਮਕ ਰਿਹਾ ਹੈ। ਜਦ ਕਿ ਨਾਇਕ ਪਾਸ਼ ਦੀ ਕਵਿਤਾ 'ਮੇਰੇ ਤੋਂ ਆਸ ਨਾ ਕਰਿਓ' ਦੀ ਵਿਆਖਿਆ ਰਾਹੀਂ ਕਵਿਤਾ ਦੇ ਦੁਖਾਂਤ ਸਰੋਕਾਰਾਂ ਦੀ ਗੱਲ ਕਰਦਾ ਹੈ, ਇਸ ਦੌਰਾਨ ਕਿਸਾਨ ਨੂੰ ਖੁਦਕਸ਼ੀ ਕਰਦਿਆਂ ਦਿਖਾਇਆ ਗਿਆ ਹੈ। ਇਸ ਸੀਨ ਵਿਚ ਗੁਰਦਿਆਲ ਸਿੰਘ ਦੇ 'ਅਣਹੋਏ' ਪਾਤਰਾਂ ਵਰਗੇ ਲੋਕ ਦਿਖਾਏ ਜਾਂਦੇ ਹਨ। ਇੰਞ ਦੋਵੇਂ ਧਿਰਾਂ ਆਪੋ-ਆਪਣੀ ਵਿਆਖਿਆ ਰਾਹੀਂ ਸਾਹਿਤ ਦੀਆਂ ਵੱਖੋ-ਵੱਖ ਪਰਿਭਾਸ਼ਾਵਾਂ ਕਰਦੇ ਹਨ। ਫ਼ਿਲਮਾਂਕਣ ਦੌਰਾਨ ਕਵਿਤਾਵਾਂ ਦੀਆਂ ਉਡਦੀਆਂ ਪੰਕਤੀਆਂ ਰਾਹੀਂ ਪੂਰਾ ਸਾਹਿਤਕ ਮਾਹੌਲ ਸਿਰਜ ਦਿੱਤਾ ਗਿਆ ਹੈ। ਪ੍ਰੋਫ਼ੈਸਰ ਦਾ ਪਹਿਰਾਵਾ ਆਦਰਸ਼ਕ ਕਿਸਮ ਦਾ ਹੈ।

ਇਸ ਗਾਣੇ ਵਿਚ ਤਿੰਨ ਸੀਨ ਹੋਰ ਚੇਤਿਆਂ 'ਚ ਸਦਾ ਖੁਭੇ ਰਹਿਣ ਵਾਲੇ ਹਨ। ਪਹਿਲੇ ਟੱਪੇ ਦੇ ਅਖੀਰ 'ਤੇ ਜਦੋਂ ਨਾਇਕਾ ਨੂੰ ਬੌਲੀਵੁੱਡ ਦਾ ਸ਼ਬਾਬ ਕਿਹਾ ਹੈ ਤਾਂ ਉਸ ਸਮੇਂ ਨਾਇਕਾ ਵਲੋਂ ਦਿਖਾਈ ਗਈ ਨ੍ਰਿਤਕੀ ਅਦਾ ਬਹੁਤ ਉੱਚ ਕਲਾਤਮਿਕ ਕਿਸਮ ਦੀ ਹੈ। ਇਸ ਦੇ ਦੂਸਰੇ ਪਾਸੇ ਔਲਖ ਦੇ ਨਾਟਕਾਂ ਦਾ ਸੀਨ ਹੈ ਜਿਸ ਵਿਚ ਕੁਝ ਅਦਾਕਾਰ ਹਨੇਰੇ ਵਿਚ ਮਸ਼ਾਲਾਂ ਲੈ ਕੇ ਖੜੇ ਹਨ। ਹਨੇਰੇ ਅਤੇ ਚਾਨਣ ਦਾ ਇਹ ਟਾਕਰਾ ਵੀ ਬੜੇ ਕਲਾਤਮਿਕ/ਸਾਹਿਤਕ ਅਰਥ ਰੱਖਦਾ ਹੈ। ਦੂਸਰਾ ਸੀਨ ਗੀਤ ਦੇ ਸ਼ੁਰੂ ਵਾਲਾ ਉਹ ਹੈ ਜਿਸ ਵਿਚ ਨਾਇਕ ਬੋਰ 'ਤੇ ਲੱਗੇ ਡੀਜ਼ਲ ਇੰਜਣ ਨੂੰ ਚਲਾ ਕੇ ਪਾਣੀ ਪੀਂਦਾ ਹੈ ਤੇ ਨਾਲ ਹੀ ਗ਼ੀਰਿਆਂ ਦੇ ਓਹਲੇ ਓਹਲੇ ਪੁਰਾਣਾ ਟੁੱਟਾ ਜਿਹਾ ਟਰੈਕਟਰ ਲੈ ਕੇ ਜਾਂਦਾ ਹੈ। ਇਹ ਦੋਵੇਂ ਅਜਿਹੀਆਂ ਮਸ਼ੀਨਾਂ ਹਨ ਜੋ ਕਿਸਾਨ ਨੂੰ ਦਿੱਤੀਆਂ ਤਾਂ ਇਹ ਕਹਿ ਕੇ ਗਈਆਂ ਸਨ ਕਿ ਇਹ ਤੇਰੀ ਕਿਸਮਤ ਬਦਲ ਦੇਣਗੀਆਂ ਪਰ ਅਸਲ ਵਿਚ ਬਹੁਤੇ ਕਿਸਾਨਾਂ ਨੂੰ ਇਹ ਮਸ਼ੀਨਾਂ ਨੇ ਹੀ ਕਰਜ਼ਾਈ ਕੀਤਾ ਹੈ। ਤੀਸਰਾ ਸੀਨ ਗੀਤ ਦੇ ਅਖੀਰ 'ਤੇ ਉਹ ਹੈ ਜਿਸ ਵਿਚ ਕਰਜ਼ਾ ਵਾਪਸ ਲੈਣ ਵਾਲੇ ਸ਼ਾਹੂਕਾਰ ਕਿਸਾਨ/ਨਾਇਕ ਦੇ ਘਰ ਆਏ ਹਨ। ਨਾਇਕ ਕੁਝ ਕਹਿਣਾ ਚਾਹੁੰਦਾ ਹੈ ਪਰ ਉਸ ਦਾ ਬਾਪ ਉਸ ਨੂੰ ਨੇੜੇ ਨਹੀਂ ਆਉਣ ਦਿੰਦਾ। ਇਥੇ ਨਾਇਕ ਦੀ ਬੇਵਸੀ ਵੇਖਣ ਵਾਲੀ ਹੈ।

ਸੋ ਸਮੁੱਚੇ ਰੂਪ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਗੁਰਵਿੰਦਰ ਦੇ ਇਸ ਗਾਣੇ ਤੇ ਫ਼ਿਲਮਾਂਕਣ ਨੇ ਆਪਣੀ ਮੂਕ ਭਾਸ਼ਾ ਰਾਹੀਂ ਗੀਤ ਦੀਆਂ ਅਰਥ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ। ਇਹ ਫ਼ਿਲਮਾਂਕਣ ਕਿਧਰੇ ਵੀ ਗਾਣੇ ਦੇ ਸ਼ਬਦਾਂ ਦੇ ਅਰਥਾਂ ਨੂੰ ਇਧਰ-ਓਧਰ ਨਹੀਂ ਹੋਣ ਦਿੰਦਾ ਸਗੋਂ ਗਾਣੇ ਦੇ ਸਹੀ ਅਰਥਾਂ ਨੂੰ ਹੋਰ ਗਹਿਰਾਈ ਬਖ਼ਸ਼ਦਾ ਹੈ, ਉਨ੍ਹਾਂ ਦਾ ਸਹੀ ਸਾਥ ਦਿੰਦਾ ਹੈ।


ਇਹ ਗਾਣਾ ਹਰ ਪੱਖੋਂ ਵਿਸ਼ੇਸ਼ ਹੈ। ਗੀਤ ਦਾ ਅੰਤ ਵੀ ਬਹੁਤ ਮਹੱਤਵਪੂਰਨ ਹੈ। ਨਾਇਕ ਬਾਹਰੋਂ ਘਰ ਆਉਂਦਾ ਹੈ ਤੇ ਵੇਖਦਾ ਹੈ ਕਿ ਘਰ ਆੜਤੀਆ ਆਇਆ ਹੋਇਆ ਹੈ ਜੋ ਕਿਸੇ ਸਮੇਂ ਲਏ ਵਿਆਜੂ ਪੈਸਿਆਂ ਦਾ ਹਿਸਾਬ ਕਰਨ ਆਇਆ ਹੈ। ਇੰਝ ਨਾਇਕ ਨੂੰ ਆਪਣੀ ਅਸਲ ਆਰਥਿਕ/ਸਮਾਜਿਕ ਹਾਲਤ ਦਾ ਪਤਾ ਲੱਗ ਜਾਂਦਾ ਹੈ। ਉਸ ਨੂੰ ਪਤਾ ਲੱਗ ਜਾਂਦਾ ਹੈ ਕਾਲਜ ਦੀ ਜ਼ਿੰਦਗੀ ਦੌਰਾਨ (ਮਨ ਪਸੰਦ ਸਾਥੀ ਨਾਲ ਜੀਵਨ ਬਿਤਾਉਣ ਦੇ) ਲਏ ਸੁਪਨੇ ਪੂਰੇ ਨਹੀਂ ਹੋ ਸਕਦੇ ਉਹ ਆਪਣੇ ਚੁਬਾਰੇ ਵਿਚ ਜਾਂਦਾ ਹੈ ਤੇ ਕਾਲਜ ਦੀ ਸਾਥਣ ਨਾਇਕਾ ਦੀ ਤਸਵੀਰ ਪਾੜ ਦਿੰਦਾ ਹੈ। ਨਾਇਕ ਦਾ ਤਸਵੀਰ ਪਾੜਨਾ ਸੁਪਨਿਆਂ ਦੀ ਜ਼ਿੰਦਗੀ ਵਿਚੋਂ ਬਾਹਰ ਆਉਣ ਦਾ ਨਿਰਣਾਇਕ ਕਦਮ ਹੈ। ਉਹ ਕਲਪਨਾ ਵਿਚੋਂ ਬਾਹਰ ਆ ਕੇ ਯਥਾਰਥ ਨਾਲ ਟਕਰਨਾ ਚਾਹੁੰਦਾ ਹੈ। ਸ਼ਾਹ ਦੇ ਕਰਜ਼ੇ ਤੋਂ ਉਸ ਨੂੰ ਸਮਝ ਆ ਗਈ ਹੈ ਕਿ ਉਸ ਦਾ ਵਿਆਹ ਅਮੀਰ ਘਰ ਦੀ ਉਸ ਲੜਕੀ ਨਾਲ ਨਹੀਂ ਹੋ ਸਕਦਾ। ਸਾਡੀਆਂ ਵਰਤਮਾਨ ਸਥਿਤੀਆਂ ਸਾਡੀ ਨੌਜਵਾਨ ਪੀੜ੍ਹੀ ਨੂੰ ਕਲਪਨਾ ਦੇ ਘੋੜੇ 'ਤੇ ਚਾੜ੍ਹੀ ਰੱਖਦੀਆਂ ਹਨ ਤੇ ਨਾਇਕਾਵਾਂ ਨੂੰ ਜ਼ਬਰਦਸਤੀ ਵਿਆਹ ਲਿਆਉਣ ਦੇ ਸੁਪਨੇ ਦਿੰਦੀਆਂ ਹਨ ਇਹ ਗੀਤ ਇਸ ਪਰੰਪਰਾ ਤੋਂ ਹਟ ਕੇ ਵਾਸਵਿਕਤਾ ਨੂੰ ਸਮਝਣ ਤੇ ਉਸ ਅਨੁਸਾਰ ਸਹੀ ਫ਼ੈਸਲਾ ਕਰਨ ਦੀ ਸਮਝ ਦਿੰਦਾ ਹੈ। ਇਥੇ ਕਿਸੇ ਵੇਲੇ ਨਿਰਾਸ਼ਾ ਦਾ ਝਾਉਲਾ ਪੈਂਦਾ ਹੈ ਪਰ ਕਿਉਂਕਿ ਇਸ ਗੀਤ ਵਿਚ ਕਿਧਰੇ ਵੀ ਨਾਇਕਾ ਵਲੋਂ ਇਜ਼ਹਾਰ-ਏ-ਮੁਹੱਬਤ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਧਰੇ ਵਿਆਹ ਦਾ ਇਰਾਦਾ ਪ੍ਰਗਟਾਇਆ ਹੈ ਹਾਂ ਉਨ੍ਹਾਂ ਵਿਚ ਦੋਸਤੀ ਵਰਗਾ ਕੁਝ ਜ਼ਰੂਰ, ਪਰ ਨਾਇਕ ਵੀ ਉਸ ਨੂੰ ਦੂਸਰੀ 'ਧਿਰ' ਦੀ ਕਹਿੰਦਾ ਹੈ ਇਸ ਲਈ ਨਾਇਕ ਦਾ ਨਿਰਣਾਇਕ ਫ਼ੈਸਲਾ ਦਰੁਸਤ ਲੱਗਦਾ ਹੈ। ਇਹ ਫ਼ੈਸਲਾ ਸੌਖਾ ਫ਼ੈਸਲਾ ਨਹੀਂ ਹੈ ਨਾਇਕ ਤਸਵੀਰ ਪਾੜਨ ਮਗਰੋਂ ਇਕ ਹੱਥ 'ਤੇ ਦੂਸਰੇ ਹੱਥ ਦੀ ਮੁੱਕੀ ਮਾਰਦਾ ਹੈ ਜੋ ਉਸ ਨੂੰ ਬੇਬਸੀ ਨੂੰ ਪੇਸ਼ ਕਰਦੀ ਹੈ।

**ਅੱਠਵੀਂ ਪੜ੍ਹਤ—ਸਾਹਿਤਕ ਇਸ਼ਾਰੇ** : ਵਧੀਆ/ਉੱਤਮ ਸਾਹਿਤ ਹਮੇਸ਼ਾ ਇਸ਼ਾਰਿਆਂ 'ਚ ਗੱਲ ਕਰਦਾ ਹੈ। ਸਿੱਧੀ ਸਪੱਸ਼ਟ ਗੱਲ ਕਦੇ ਉੱਚ ਸਾਹਿਤਕ ਕਿਰਤ ਨਹੀਂ ਬਣਦੀ। ਇਸ ਗੀਤ ਵਿਚ ਵੀ ਗੀਤਕਾਰ ਨੇ ਕਈ ਅਜਿਹੇ ਇਸ਼ਾਰੇ ਕੀਤੇ ਹਨ ਕਿ ਸ਼ਬਦਾਂ ਦੇ ਅਰਥ ਬਹੁਤ ਵਿਸ਼ਾਲ ਅਤੇ ਬਹੁ-ਅਰਥੇ ਕਰ ਦਿੱਤੇ ਹਨ। ਗੀਤਕਾਰ ਲਿਖਦਾ ਹੈ ਕਿ, "ਉਹਨੂੰ ਜਾਪਦਾ ਕਿ ਕਵਿਤਾ ਰੁਮਾਂਸ ਹੀ ਏ ਹੁੰਦੀ" ਇਸ ਟੂਕ ਨੂੰ ਧਿਆਨ ਨਾਲ ਪੜ੍ਹੋ ਤਾਂ ਸਮਝ ਪੈਂਦਾ ਹੈ ਕਿ ਗੀਤਕਾਰ ਨੇ ਨਾਇਕਾ ਦੀ ਸਮਝ ਨੂੰ ਕੱਚਾ ਦੱਸਿਆ ਹੈ। ਉਹ ਅਜੇ ਪੂਰੀ ਤਰ੍ਹਾਂ ਸਮਝਦਾਰ ਨਹੀਂ ਹੋਈ। ਕਿਉਂਕਿ ਜੋ ਗੱਲ ਜਿਵੇਂ ਜਾਪਦੀ ਹੁੰਦੀ ਹੈ ਕਈ ਵਾਰ ਉਵੇਂ ਹੁੰਦੀ ਨਹੀਂ ਹੈ। ਨਾਇਕਾ ਦੀ ਸਮਝ ਅਜੇ ਅੱਲੜ੍ਹ ਹੈ। ਦੂਸਰੇ ਪਾਸੇ ਨਾਇਕ ਦੀ ਸਮਝ ਪੱਕੀ ਹੈ ਕਿਉਂਕਿ ਗੀਤਕਾਰ ਲਿਖਦਾ ਹੈ ਕਿ, "ਮੈਨੂੰ ਪਤਾ ਹੈ ਕਿ ਕਵਿਤਾ ਦੁਖਾਂਤ ਵੀ ਏ ਹੁੰਦੀ" ਨਾਇਕ ਨੂੰ ਪਤਾ ਹੈ, ਭਾਵ ਪੂਰੀ ਸਮਝ ਹੈ। ਨਾਇਕਾ ਕਹਿੰਦੀ ਹੈ ਕਵਿਤਾ ਰੁਮਾਂਸ 'ਹੀ ਏ' ਹੁੰਦੀ ਭਾਵ ਸਾਰੀ ਕਵਿਤਾ ਰੁਮਾਂਸ ਹੈ, ਸਾਰਾ ਸਾਹਿਤ ਸੁਖਾਂਤ ਹੈ, ਉਹ ਇਸ ਲਈ ਕਹਿੰਦੀ ਹੈ ਕਿ ਕਿਉਂਕਿ ਉਸ ਦਾ ਆਪਣਾ ਜੀਵਨ ਅਨੁਭਵ ਹੀ ਅਜਿਹਾ ਹੈ। ਪੰਜਾਬੀ ਦੇ ਪ੍ਰਸਿੱਧ ਵਿਦਵਾਨ ਸੰਤ ਸਿੰਘ ਸੇਖੋਂ ਕਹਿੰਦੇ ਹਨ ਕਿ ਕਵੀ ਦੀ ਕਵਿਤਾ ਉਸ ਦੇ ਜੀਵਨ ਅਨੁਭਵ ਵਿਚੋਂ ਨਿਕਲਦੀ ਹੈ। ਨਾਇਕ ਕਹਿੰਦਾ ਹੈ ਕਿ ਕਵਿਤਾ ਦੁਖਾਂਤ 'ਵੀ ਏ' ਹੁੰਦੀ ਭਾਵ ਕਵਿਤਾ ਦਾ ਕੁਝ ਭਾਵ ਦੁਖਾਂਤ ਵੀ ਹੁੰਦਾ ਹੈ, ਉਹ ਸੁਖਾਂਤ ਤੋਂ ਇਨਕਾਰੀ ਨਹੀਂ ਹੈ ਪਰ ਦੁਖਾਂਤ ਨੂੰ ਵੀ ਜਾਣਦਾ ਹੈ। ਗੀਤਕਾਰ ਇਸ਼ਾਰੇ ਕਰਨ ਵਿਚ ਮਾਹਿਰ ਹੈ। ਗਾਗਰ ਵਿਚ ਸਾਗਰ ਭਰਨ ਦਾ ਕਮਾਲ ਉਸ ਨੂੰ ਆਉਂਦਾ ਹੈ। ਪਹਿਲੇ ਟੱਪੇ ਵਿਚ ਉਹ ਕਹਿੰਦਾ ਹੈ ਕਿ 'ਸਾਡੇ ਚੇਤਿਆਂ' 'ਚ ਕਹੀਆਂ ਅਤੇ ਦਾਤੀਆਂ ਦੇ ਗੀਤ, ਥੋੜ੍ਹੀ ਖੁਸ਼ੀ ਅਤੇ ਬਹੁਤੀਆਂ ਉਦਾਸੀਆਂ ਦੇ ਗੀਤ' ਭਾਵ ਸਾਡੇ ਜੀਵਨ ਵਿਚ ਖੁਸ਼ੀਆਂ ਘੱਟ ਹਨ ਤੇ ਦੁੱਖ ਗਮੀਆਂ ਜ਼ਿਆਦਾ ਹਨ। ਪਰ ਇਥੇ ਸ਼ਬਦ 'ਉਦਾਸੀਆਂ' ਵਰਤ ਕੇ ਗੀਤਕਾਰ ਨੇ ਸਹਿਜੇ ਹੀ ਪਾਸ਼ ਦੇ ਵਿਚਾਰਧਾਰਕ ਸਾਥੀ 'ਸੰਤ ਰਾਮ ਉਦਾਸੀ' ਨੂੰ ਯਾਦ ਕਰਵਾ ਦਿੱਤਾ ਹੈ।

**ਨੌਵੀਂ ਪੜ੍ਹਤ—ਵਧੀਆ ਸੰਗੀਤ** : ਜਦੋਂ ਤੁਸੀਂ ਇਸ ਗਾਣੇ ਨੂੰ ਸੁਣਦੇ ਹੋ ਤਾਂ ਇਸ ਦਾ ਸੰਗੀਤ ਮਨ ਨੂੰ ਇਕ ਵਹਾਅ ਵਿਚ ਵਹਾ ਕੇ ਲੈ ਜਾਂਦਾ ਹੈ। ਮਿੱਠਾ ਮਿੱਠਾ ਅਤੇ ਲੈਅਬੱਧ ਸੰਗੀਤ ਮਨੁੱਖੀ ਮਨ ਨੂੰ ਝੂੰਮਣ ਲਾ ਦਿੰਦਾ ਹੈ ਕਿਤੇ ਵੀ ਤੜਕ ਭੜਕ ਨਹੀਂ ਹੈ। ਫ਼ਿਲਮਾਂਕਣ ਦੀ ਤੋਰ ਵੀ ਸੰਗੀਤ ਦੇ ਅਨੁਸਾਰ ਹੀ ਰਹਿੰਦੀ ਹੈ।

ਸੋ ਇਸ ਗੀਤ ਦੇ ਇਸ ਸਮੁੱਚੇ ਅਧਿਐਨ ਵਿਸ਼ਲੇਸ਼ਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਗਾਇਕੀ ਵਿਚ ਗੁਰਵਿੰਦਰ ਬਰਾੜ ਦਾ ਗੀਤ ਅਤੇ ਇਸ ਦਾ ਵੀਡੀਓ ਰੂਪ ਇਕ ਨਵੀਂ ਪਿਰਤ ਪਾਉਣ ਦੇ ਕਾਬਲ ਹੈ। ਨੌ ਪੜ੍ਹਤਾਂ ਤੋਂ ਬਾਅਦ ਵੀ ਕੋਈ ਪੜ੍ਹਤ ਹੋ ਸਕਦੀ ਹੈ ਕਿਉਂਕਿ ਇਸ ਦਾ ਇਕ-ਇਕ ਬੋਲ, ਇਕ-ਇਕ ਸੀਨ ਅਰਥ ਭਰਪੂਰ ਹੈ। ਜੇਕਰ ਆਧੁਨਿਕ ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਇਸ ਨੂੰ ਪੰਜਾਬੀ ਦੀ ਕਲਾਸਿਕ ਰਚਨਾ ਕਹਿ ਲਈਏ ਤਾਂ ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਸੰਪਰਕ : 94175 34823




# ਆਲਮ ਕਾਵਿ ਦੀ ਪ੍ਰਤੀਬੱਧਤਾ

*ਦੀਪ ਨਿਰਮੋਹੀ*

ਭਾਰਤੀ ਸਮਾਜਿਕ ਵਿਵਸਥਾ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਅਛੂਤਾਂ ਨੂੰ ਮਨੁੱਖ ਹੋਣ ਦੇ ਲੱਛਣਾਂ ਤੋਂ ਵੰਚਿਤ ਕਰ ਦਿੱਤਾ। ਅਛੂਤ ਹੋਣਾ ਆਪਣੇ ਆਪ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਗਤੀਵਿਧੀਆਂ ਤੋਂ ਵਿਰਵੇ ਹੋਣਾ ਹੋ ਗਿਆ। ਬ੍ਰਾਹਮਣਵਾਦ ਨੇ ਧਾਰਮਿਕ ਅਤੇ ਸਭਿਆਚਾਰਕ ਗਲਬੇ ਨਾਲ ਅਛੂਤਾਂ/ਸ਼ੂਦਰਾਂ ਅੰਦਰ ਦਾਸਤੱਵ ਨੂੰ ਬੜਾ ਲੰਬਾ ਸਮਾਂ ਪੱਕਿਆਂ ਕਰੀ ਰੱਖਿਆ। ਸ਼ੂਦਰ ਸ਼੍ਰੇਣੀ ਦੇ ਸਮਾਜਿਕ-ਅਨੁਭਵ ਨੇ ਜਦ ਕਿਸੇ ਸ਼ੂਦਰ ਨੂੰ ਸਮੇਂ ਦੀਆਂ ਜਾਬਰ ਤਾਕਤਾਂ ਵਿਰੁੱਧ ਉਂਗਲ ਕਰਨ ਲਈ ਥੋੜੀ ਸੋਝੀ ਦਿੱਤੀ ਤਾਂ ਬ੍ਰਾਹਮਣਵਾਦ ਨੇ ਉਸ ਨੂੰ ਰਾਖਸ਼ਸ ਜਾਂ ਦੈਂਤ ਕਹਿ, ਸਮਾਜਿਕ-ਵਿਵਸਥਾ ਲਈ ਖਤਰਨਾਕ ਗਰਦਾਨ ਕੇ ਉਸ ਦੇ ਕਤਲ ਨੂੰ ਜਾਇਜ਼ ਬਣਾ ਲਿਆ। ਜਦੋਂ ਬ੍ਰਾਹਮਣਵਾਦ ਦੁਆਰਾ ਨਿਰਧਾਰਿਤ ਸਮਾਜਿਕ ਮਾਪਦੰਡਾਂ ਤੋਂ ਨਾਬਰ ਹੋਣ ਵਾਲੇ ਅਛੂਤਾਂ ਦੀ ਗਿਣਤੀ ਵੱਧਣ ਲੱਗੀ ਤਾਂ ਬ੍ਰਾਹਮਣਵਾਦ ਨੇ ਕਲਯੁੱਗ ਦੇ ਆਰੰਭ ਹੋਣ ਦਾ ਐਲਾਨ ਕਰ ਦਿੱਤਾ। ਕਲਯੁੱਗ ਬ੍ਰਾਹਮਣਵਾਦ ਦੀਆਂ ਜੜ੍ਹਾਂ ਵਿਚਲੀ ਹਿਲਜੁੱਲ ਦਾ ਨਾਮ ਹੈ। ਬ੍ਰਾਹਮਣਵਾਦ ਅਤੇ ਅਛੂਤਾਂ/ਸ਼ੂਦਰਾਂ ਦੀ ਇਸ ਘਸਰ ਵਿਚੋਂਦਲਿਤ-ਮੁਕਤੀ ਦੀਆਂ ਚਿੰਗਿਆੜੀਆਂ ਨਿਕਲਣ ਲੱਗੀਆਂ।

ਆਧੁਨਿਕ ਸਮੇਂ ਵਿਚ ਸ਼ੂਦਰ ਅਤੇ ਔਰਤ ਨੂੰ ਸਮਾਜ ਵਿਚ ਬਰਾਬਰਤਾ ਦਾ ਰੁਤਬਾ ਦਿਵਾਉਣ ਲਈ ਕਈ ਲਹਿਰਾਂ ਹੋਂਦ ਵਿਚ ਆਈਆਂ। ਸਮੇਂ-ਸਮੇਂ ਕੁਝ ਵਿਸ਼ੇਸ਼ ਵਿਅਕਤੀਆਂ ਨੇ ਆਪਣੇ ਜੀਵਨ ਢੰਗ ਅਤੇ ਲਿਖਤਾਂ ਰਾਹੀਂ ਬ੍ਰਾਹਮਣਵਾਦ ਉੱਤੇ ਵੱਡੇ ਹਮਲੇ ਕਰਦਿਆਂ ਸ਼ੂਦਰਾਂ ਦੀ ਮੁਕਤੀ ਦੀ ਚਿੰਗਿਆੜੀ ਨੂੰ ਹੋਰ ਹਵਾ ਦਿੱਤੀ। ਇਨ੍ਹਾਂ ਵਿਚ ਜਯੋਤਿਬਾ ਰਾਓ ਫੂਲੇ, ਪੇਰੀਅਰ ਅਤੇ ਸਵਾਮੀ ਅਛੂਤਾਨੰਦ ਆਦਿ ਦੇ ਨਾਮ ਵਿਸ਼ੇਸ਼ ਤੌਰ ’ਤੇ ਲਏ ਜਾ ਸਕਦੇ ਹਨ। ਨਿਕਟ ਅਤੀਤ ਵਿਚ ਡਾ. ਅੰਬੇਦਕਰ ਸ਼ੂਦਰਾਂ ਨੂੰ ਦਲਿਤ ਵਜੋਂ ਪ੍ਰਭਾਸ਼ਿਤ ਕਰਦਿਆਂ ਜਿਸ ਤਰ੍ਹਾਂ ਦਾ ਸੰਘਰਸ਼ ਛੇੜਦੇ ਹਨ ਉਸ ਨਾਲ ਆਰਥਿਕ ਤੌਰ ’ਤੇ ਸੰਪੰਨ ਹੋਣ ਨਾਲ ਜੇ ਪੂਰਾ ਨਹੀਂ ਤਾਂਥੋੜ੍ਹਾ ਮਨੁੱਖ ਹੋਣ ਦਾ ਮਾਣ ਇਨ੍ਹਾਂ ਦੇ ਹਿੱਸੇ ਜ਼ਰੂਰ ਆਇਆ। ਪੰਜਾਬ ਵਿਚ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਾਲੀ ‘ਆਦਿ ਧਰਮ ਲਹਿਰ’ ਨੇ ਦਲਿਤ ਪਛਾਣ ਨਾਲ ਜੁੜੇ ਨਵੇਂ ਸਭਿਆਚਾਰਕ ਚਿੰਨ੍ਹਾਂ ਦੀ ਸਿਰਜਣਾ ਨਾਲ ਦਲਿਤ ਨੂੰ ਮਨੁੱਖ ਵਜੋਂ ਲੈਣ ਦੀ ਚੇਤਨਾ ਪੈਦਾ ਕਰਕੇ ਅਹਿਮ ਭੂਮਿਕਾ ਨਿਭਾਈ। ‘ਆਦਿ ਧਰਮ ਲਹਿਰ’ ਦੇ ਅਸਰ ਨਾਲ ਆਧੁਨਿਕ ਪੰਜਾਬੀ ਸਾਹਿਤ ਵਿਚ ਵੀ ਦਲਿਤ ਜੀਵਨ ਦੀ ਪੇਸ਼ਕਾਰੀ ਅਤੇ ਦਲਿਤ ਮੁਕਤੀ ਦੇ ਸਵਾਲ ਦੀ ਗੱਲ

ਤੁਰਨੀ ਸ਼ੁਰੂ ਹੋਈ। ਦਲਿਤਵਾਦੀ ਸਾਹਿਤ ਦਾ ਜਨਮ ਵਿਦਰੋਹੀ ਮਾਨਸਿਕਤਾ ਵਿਚੋਂ ਹੋਇਆ ਹੈ। ਇਹ ਪ੍ਰਤੀਰੋਧੀ ਸਾਹਿਤ ਸਭਿਆਚਾਰਕ ਅੰਦੋਲਨ ਦਾ ਸਹਾਇਕ ਹੈ। ਇਸਦੇ ਸਰੋਕਾਰ ਸਮਾਜਿਕ, ਆਰਥਿਕ ਅਤੇ ਸਿਆਸੀ ਵੀ ਹਨ। ਕਵਿਤਾ ਰਾਹੀਂ ਦਲਿਤ ਮਸਲੇ ਨੂੰ ਮੁਖਾਤਿਬ ਹੋਣ ਵਾਲੇ ਪੰਜਾਬੀ ਦੇ ਮੁੱਢਲੇ ਦਲਿਤਵਾਦੀ ਕਵੀਆਂ ਵਿਚ ਚਰਨ ਦਾਸ ਨਿਧੜਕ, ਗੁਰਦਾਸ ਰਾਮ ਆਲਮ, ਚਾਨਣ ਲਾਲ ਮਾਣਕ, ਮੰਗੂ ਰਾਮ ਮੁਗੋਵਾਲੀਆ, ਪ੍ਰੀਤਮ ਰਾਮਦਾਸਪੁਰੀ ਅਤੇ ਮੰਗੂ ਰਾਮ ਬਾਹੜੋਵਾਲੀਆ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਗੁਰਦਾਸ ਰਾਮ ਆਲਮ ਨੂੰ ਪੰਜਾਬੀ ਕਵਿਤਾ ਵਿਚ ਦਲਿਤਵਾਦੀ ਮੁਹਾਵਰਾ ਲਿਆਉਣ ਵਾਲੇ ਪਹਿਲੇ ਕਵੀ ਵਜੋਂ ਲਿਆ ਜਾ ਸਕਦਾ ਹੈ।

ਗੁਰਦਾਸ ਰਾਮ ਆਲਮ ਸਮਾਜ-ਆਰਥਿਕ ਜਬਰ ਤੋਂ ਪੀੜਤ ਮਨੁੱਖੀ ਹੋਂਦ ਦੇ ਦੁੱਖਦ ਅਹਿਸਾਸਾਂ ਦੀ ਤਰਜਮਾਨੀ ਕਰਨ ਵਾਲਾ ਸ਼ਾਇਰ ਹੈ। ਆਰਥਿਕ ਤੰਗੀ ਅਤੇ ਹੀਣਤਾ ਦਾ ਅਹਿਸਾਸ ਭਾਵੇਂ ਉਸ ਦੀ ਸਾਰੀ ਬਿਰਾਦਰੀਦੀ ਹੋਂਦ ਦਾ ਅਟੁੱਟ ਅੰਗ ਬਣ ਚੁੱਕੇ ਸਨ, ਪਰ ਆਲਮ ਦੀ ਚਿੰਤਨੀ ਅਤੇ ਵਿਸ਼ਲੇਸ਼ਣੀ ਬਿਰਤੀ ਨੇ ਉਸਨੂੰ, ਪ੍ਰਸਥਿਤੀਆਂ ਦੀ ਪੜਚੋਲ, ਸਮੱਸਿਆਵਾਂ ਦੇ ਕਾਰਣਾਂ ਦੀ ਨਿਸ਼ਾਨਦੇਹੀ ਅਤੇ ਕੁੱਲ ਆਲਮ ਦੇ ਦੁੱਖਾਂ ਦਰਦਾਂ ਦੀ ਕਹਾਣੀ ਨੂੰ ਕਵਿਤਾ ਵਿਚ ਢਾਲਣ ਕਾਰਣ, 'ਲੋਕ-ਕਵੀ ਆਲਮ' ਬਣਾ ਦਿੱਤਾ। ਜਿਸ ਤਰ੍ਹਾਂ ਦੀਆਂ ਸਮਾਜ-ਆਰਥਿਕ ਪ੍ਰਸਥਿਤੀਆਂ ਤੋਂ ਪੀੜਤ ਵਿਅਕਤੀ ਹਤਾਸ਼ ਹੋ ਜਾਂਦਾ ਹੈ, ਆਲਮ ਉਨ੍ਹਾਂ ਪ੍ਰਸਥਿਤੀਆਂ ਨਾਲ ਦਸਤਪੰਜਾ ਲੈਂਦਿਆਂ ਉਸ ਸਿਧਾਂਤਕ-ਸੂਤਰ ਦੀ ਤਲਾਸ ਵਿਚ ਰੁੱਝ ਜਾਂਦਾ ਹੈ, ਜਿਹੜਾ ਦਮਿਤ ਮਨੁੱਖ ਨੂੰ ਮਨੁੱਖ ਹੋਣ ਦਾ ਮਾਣ ਦੁਬਾਰਾ ਪ੍ਰਾਪਤ ਕਰਵਾ ਸਕੇ। ਇਸ ਬਿਖਮ ਪੈਂਡੇ 'ਤੇ ਚਲਦਿਆਂ ਉਹ ਕਦੇ ਮਾਨਵਤਾਵਾਦ, ਕਦੇ ਅੰਬੇਡਕਰਵਾਦ ਤੇ ਕਦੇ ਮਾਰਕਸਵਾਦ ਵੱਲ ਝੁਕਦਾ ਹੈ। ਅਮਲੀ-ਸੰਘਰਸ਼, ਗਹਿਰੇ ਚਿੰਤਨ ਅਤੇ ਵਿਸ਼ਵੀ ਵਰਤਾਰੇ ਦੀ ਸੂਝ ਨੇ ਉਸਨੂੰ ਜਮਾਤੀ ਚੇਤਨਾ ਨਾਲ ਲੈਸ ਕਰ ਦਿੱਤਾ। ਉਹ ਮਜ਼ਦੂਰ ਅਤੇ ਦਲਿਤ ਮੁਕਤੀ ਦਾ ਹੱਲ ਸਮਾਜਵਾਦ ਵਿਚ ਵੇਖਣਾ ਸ਼ੁਰੂ ਕਰ ਦਿੰਦਾ ਹੈ। ਪਰ ਭਾਰਤੀ ਕਮਿਊਨਿਸਟ ਲਹਿਰ ਤੋਂ ਮੋਹ-ਭੰਗ ਹੋਣ ਅਤੇ 'ਆਦਿ ਧਰਮ ਲਹਿਰ' ਦੇ ਪ੍ਰਭਾਵ ਕਾਰਣ ਉਹ ਅੰਬੇਦਕਰਵਾਦ ਵੱਲ ਮੋੜ ਕੱਟਦਾ ਹੈ।

ਆਲਮ-ਕਾਵਿ ਦੀ ਸ਼ੁਰੂਆਤ ਮੁਹੱਬਤ ਨਾਲ ਲਬਰੇਜ਼ ਸ਼ਾਇਰੀ ਨਾਲ ਹੁੰਦੀ ਹੈ। ਮੁਹੱਬਤ ਵਿਦਰੋਹ ਵੱਲ ਨੂੰ ਪਹਿਲਾ ਕਦਮ ਹੈ। ਇਹ ਬੰਦੇ ਅੰਦਰ ਪ੍ਰੰਪਰਕ ਨੈਤਿਕਤਾ ਦੀ ਕੰਧ ਟੱਪਣ ਦਾ ਹੌਸਲਾ ਭਰਦੀ ਹੈ। ਪਰ ਜਲਦੀ ਹੀ ਆਲਮ ਨਿੱਜ ਤੋਂ ਪਾਰ ਫੈਲਦਾ ਆਪਣੇ ਆਲੇ-ਦੁਆਲੇ ਦੇ ਹਾਲਾਤ ਨੂੰ ਮੁਖਾਤਿਬ ਹੋਣ ਲੱਗਦਾ ਹੈ। ਉਸ ਦੇ ਸਮੇਂ ਦੇ ਸਮਾਜਿਕ ਹਾਲਾਤ ਨੂੰ ਗਰੀਬੀ, ਲਾਚਾਰੀ, ਤੰਗੀਆਂ-ਤੁਰਛੀਆਂ ਅਤੇ ਵਿਤਕਰਿਆਂ ਜਿਹੀਆਂ ਅਲਾਮਤਾਂ ਨੇ ਵੱਧ ਜਕੜਿਆ ਹੋਇਆ ਸੀ। ਸਭ ਤੋਂ ਨੇੜੇ ਦਾ ਪੀੜਤ ਵਿਅਕਤੀ ਉਸਨੂੰ ਦਲਿਤ ਨਜ਼ਰ ਆਉਂਦਾ ਹੈ, ਜੋ ਸਮਾਜਿਕ ਅਤੇ ਆਰਥਿਕ ਸਮਾਨਤਾ ਤੋਂ ਕੋਸਾਂ ਦੂਰ ਹਾਲੇ ਵੀ ਦਾਸ ਵਾਲੀ ਜ਼ਿੰਦਗੀ ਹੀ ਜੀ ਰਿਹਾ ਸੀ। ਜੀਵਨ ਅਨੁਕੂਲ ਹਾਲਾਤ ਨਾ ਹੋਣ ਦੇ ਬਾਵਜੂਦਦਲਿਤ ਨੇ ਵਿਤਕਰਿਆਂ ਭਰੇ ਸਮਾਜ ਵਿਚ ਉਸ ਤਰ੍ਹਾਂ ਦਾ ਜੀਵਨ-ਢੰਗ ਅਪਣਾਈ ਰੱਖਿਆ, ਜਿਸ ਤਰ੍ਹਾਂ ਦਾ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਉਸ ਅੱਗੇ ਪਰੋਸਿਆ ਸੀ।

ਆਲਮ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਦਲਿਤ ਜੀਵਨ ਦੀਆਂ ਜੜ੍ਹਾਂ ਵਿਚ ਤੇਲ ਪਾਉਂਦਿਆਂ ਵੇਖਦਾ ਹੈ। ਦਲਿਤ ਲੋਕਾਂ ਅੰਦਰ ਵਿਰੋਧ ਦੀ ਹਰਕਤ ਨਾ ਹੋਣ ਲਈ ਉਹ 'ਇਨ੍ਹਾਂ ਲੋਕਾਂ ਦੇ ਨੱਕ ਨਸੀਬਾਂ ਦੀ ਨੱਥ' ਅਤੇ 'ਮੂੰਹ 'ਤੇ ਜੰਦਰਾ ਸਬਰ ਦਾ' ਨੂੰ ਕਾਰਣ ਵਜੋਂ ਤਸਲੀਮ ਕਰਦਾ ਹੈ। ਬ੍ਰਾਹਮਣਵਾਦੀ ਢੰਗ ਦੀ ਤਰਜ਼ੇ-ਜ਼ਿੰਦਗੀ ਬਸਰ ਕਰਨ ਕਾਰਣ, ਬ੍ਰਾਹਮਣਵਾਦ ਦੇ ਹੀ ਖਿਲਾਫ਼ ਰੋਹ ਦਾ ਭਰਨਾ ਅਸੰਭਵ ਹੈ। ਬ੍ਰਾਹਮਣਵਾਦ ਦੁਆਰਾ ਨਿਰਧਾਰਿਤ ਸਭਿਆਚਾਰਕ ਰੀਤਾਂ-ਰਸਮਾਂ, ਰਿਵਾਜ਼ਾਂ, ਧਾਰਮਿਕ ਪੁਸਤਕਾਂ, ਪਖੰਡਾਂ ਆਦਿ ਦੀ ਪਹਿਚਾਣ ਅਤੇ ਉਸ ਤੋਂ ਇਨਕਾਰੀ ਹੋਣ ਦਾ ਰਾਹ ਦਲਿਤ-ਮੁਕਤੀ ਦਾ ਰਾਹ ਹੈ। ਜਿਸ ਦੀ ਆਲਮ-ਕਾਵਿ ਪੈਰਵਾਈ ਕਰਦਾ ਹੈ। ਭਾਰਤੀ ਸੰਦਰਭ ਵਿਚ ਦਮਿਤ ਜਾਂ ਸ਼ੋਸ਼ਿਤ ਵਿਅਕਤੀ ਦੀ ਆਪਣੀ ਅਮਾਨਵੀ ਸਥਿਤੀ ਅਤੇ ਇਸ ਤੋਂ ਮੁਕਤੀ ਦੀ ਚੇਤਨਾ ਹੀ ਅਸਲ ਅਰਥਾਂ ਵਿਚ ਦਲਿਤ ਚੇਤਨਾ ਕਹੀ ਜਾ ਸਕਦੀ ਹੈ।ਆਲਮ ਇਸੇ ਚੇਤਨਾ ਸਦਕਾ ਦਲਿਤ ਸ਼੍ਰੇਣੀ ਦੀ ਦਮਨਕਾਰੀ ਸਥਿਤੀਆਂ ਬਾਰੇ ਸਮਝ ਬਣਾਉਣ ਲਈ ਕਵਿਤਾ ਨੂੰ ਲੋਕ ਚੇਤਨਾ ਪੈਦਾ ਕਰਨ ਵਾਲੇ ਹਥਿਆਰ ਵਜੋਂ ਅਪਣਾਉਂਦਾ ਹੈ।

ਭਾਰਤੀ ਸਮਾਜਿਕ ਪਰਿਦ੍ਰਿਸ਼ ਵਿਚਲੀ ਧਾਰਮਿਕ ਸੰਸਥਾਂ ਦੀਆਂ ਵੱਖ-ਵੱਖ ਇਕਾਈਆਂ ਦੁਆਰਾ ਅਛੂਤਾਂ ਨੂੰ ਆਪਣੇ ਅਧੀਨ ਰੱਖਣ ਲਈ ਉਸਾਰੇ ਗਏ ਵਿਭਿੰਨ ਤਰਕਾਂ ਦੇ ਵਿਸ਼ਲੇਸ਼ਣ ਵਿਚੋਂ ਆਲਮ ਦੀ ਕਵਿਤਾ 'ਅਛੂਤ ਦਾ ਇਲਾਜ'ਜਨਮ ਲੈਂਦੀ ਹੈ। ਕਵੀ ਸਮੁੱਚੇ ਧਾਰਮਿਕ ਸਮੂਹਾਂ ਵਲੋਂ ਰਚੇ ਛੂਤ-ਛਾਤ ਖਾਤਮੇ ਦੇ ਢੋਂਗੀ ਪ੍ਰਪੰਚ ਅਤੇ ਇਸ ਸਵਾਲ ਦਾ ਹੱਲ ਕਰਨ ਵਿਚ ਨਾਕਾਮ ਰਹੀ ਰਾਜਸੀ ਕਾਰਗੁਜ਼ਾਰੀ 'ਤੇ ਵਿਅੰਗ ਕਰਦਾ ਹੈ।ਇਸ ਕਵਿਤਾ ਰਾਹੀਂ ਆਲਮ ਦਲਿਤ ਮਨੁੱਖ ਦੀ ਹੋਂਦ ਦੇ ਸੰਕਟਾਂ ਦੀ ਬਾਤ ਪਾਉਂਦਾ ਹੈ।

ਦਲਿਤ ਵਿਅਕਤੀ ਦੀ ਸਖਤ ਮਿਹਨਤ ਦੇ ਬਾਵਜੂਦ ਉਸਦੇ ਜੀਵਨ ਹਾਲਾਤ ਨਿੱਗਰੇ ਹੋਏ ਹਨ। ਉਸ ਅੰਦਰ ਰੋਸ ਹੈ ਪਰ ਵਿਦਰੋਹ ਨਹੀਂ। ਭਾਰਤੀ ਸਮਾਜ ਦੇ ਪ੍ਰਸੰਗ ਵਿਚ ਦਲਿਤ+ਮਜ਼ਦੂਰ ਨੂੰ ਵਿਦਰੋਹ ਕਰਨ ਤੋਂ ਰੋਕਣ ਅਤੇ ਕਾਬੂ ਵਿਚ ਰੱਖਣ ਲਈ

ਬ੍ਰਾਹਮਣਵਾਦ ਦੁਆਰਾ ਕਿਸਮਤਵਾਦੀ ਸੰਦਾਂ ਦਾ ਇਸਤੇਮਾਲ ਕੀਤੇ ਜਾਣ ਤੋਂ ਆਲਮ-ਕਾਵਿ ਸੁਚੇਤ ਹੈ। ਆਲਮ ਲਿਖਦਾ ਹੈ ਕਿ ਬਦਤਰ ਹਾਲਤ ਵਿਚ ਜੀਵਨ ਜਿਉਣ ਲਈ ਮਜਬੂਰ ਇਨ੍ਹਾਂ ਲੋਕਾਂ ਦੇ ਲੋੜੀਂਦੀਆਂ ਸੁੱਖ-ਸਹੂਲਤਾਂ ਅਤੇ ਸਾਧਨ-ਵਿਹੂਣੇ ਜੀਵਨ ਨੇ ਇਨ੍ਹਾਂ ਨੂੰ 'ਜਿਊਂਦੀਆਂ ਲਾਸ਼ਾਂ' ਬਣਾ ਦਿੱਤਾ ਹੈ। 'ਅਗਲੇ ਜਨਮ ਦੇ ਡਰਾਵੇ' ਅਤੇ 'ਪਿਛਲੇ ਜਨਮ ਦੇ ਕਰਮਾਂ ਦੇ ਫ਼ਲ' ਜਿਹੀਆਂ ਬ੍ਰਾਹਮਣਵਾਦੀ ਵਿਆਖਿਆਵਾਂ ਨੇ ਦਿਸਦੇ ਯਥਾਰਥ ਨੂੰ ਭ੍ਰਮਿਤ ਕਰਾਰ ਦੇ ਕੇ ਅਣਦਿਸਦੇ ਦੀ ਪ੍ਰਾਪਤੀ ਦਾ ਲਾਲਚ ਦੇ ਕੇ ਗਰੀਬਾਂ ਦੀ ਲੁੱਟ ਨੂੰ ਸਥਾਈ ਬਣਾ ਲਿਆ। ਬ੍ਰਾਹਮਣਵਾਦ ਨੇ ਪੁਨਰ-ਜਨਮ ਦੀ ਮਿੱਥ ਦਾ ਇਸਤੇਮਾਲ ਕਰਦਿਆਂ ਭਾਰਤੀ ਲੋਕਾਈ ਨੂੰ ਆਪਣੀ ਅਸਾਵੀਂ ਜ਼ਿੰਦਗੀ ਨੂੰ ਸਵੀਕਾਰ ਕਰਾਇਆ ਅਤੇ ਉਨ੍ਹਾਂ ਨੂੰ ਨਾਬਰ ਹੋਣ ਤੋਂ ਰੋਕੀ ਰੱਖਿਆ:

ਲੱਤਾਂ, ਬਾਹਾਂ ਤੇ ਅੱਖਾਂ ਨਾ ਹੋਣ ਭਾਵੇਂ, ਬੈਠੇ ਧਾਗੇ ਤਵੀਤ ਬਣਾਈ ਜਾਵੇ
ਜਗਤ ਮਿੱਥਿਆ ਆਖਕੇ ਦੂਜਿਆਂ ਦਾ, ਮਾਲ ਆਪਣੇ ਖੀਸੇ ਚ ਪਾਈ ਜਾਵੇ
ਜਾਦੂ ਟੂਣੇ ਦਾ ਬੜਾ ਰਿਵਾਜ ਏਥੇ, ਕਾਢਾਂ ਚੁਸਤਾਂ ਨੇ ਕੱਢੀਆਂ ਖਾਣ ਦੀਆਂ
ਹਰ ਕੋਈ ਏਸ ਜਹਾਨ ਨੂੰ ਲੁੱਟ ਸਕਦਾ, ਗੱਲਾਂ ਦੱਸਕੇ ਅਗਲੇ ਜਹਾਨ ਦੀਆਂ (**ਸਾਡਾ ਦੇਸ਼** 126)

ਆਲਮ ਸਦੀਆਂ ਤੋਂ ਗੁਲਾਮੀ ਭੋਗ ਰਹੇ ਅਛੂਤ/ਮਜ਼ਦੂਰ ਨੂੰ 'ਖੋਤਾ' ਕਹਿੰਦਾ ਹੈ ਜੋ ਆਪਣੇ ਉਤਲੇ ਬੋਝ ਤੋਂ ਜਾਣੂ ਨਹੀਂ ਅਤੇ ਨਾ ਹੀ ਢੋਣ ਤੋਂ ਨਕਾਰ ਉਸਦੀ ਜ਼ੁਬਾਨ 'ਤੇ ਹੈ। ਉਸ ਅਨੁਸਾਰ ਛੂਤ-ਛਾਤ ਦਾ ਕਾਰਣ ਅਛੂਤ ਦੀ ਆਪਣੀ ਕਮਜ਼ੋਰੀ ਅਤੇ ਚੇਤਨਾਹੀਣਤਾ ਵਿਚ ਪਿਆ ਹੈ। ਦਲਿਤ ਸ਼੍ਰੇਣੀ ਅਗਿਆਨਤਾ ਅਤੇ ਅਣਜਾਣਤਾ ਵੱਸ ਮੁਕਤੀ ਲਈ ਰੱਬੀ ਟੇਕ 'ਤੇ ਆਸਰਿਤ ਹੈ, ਜਿਸ ਵਿਚੋਂ ਉਨ੍ਹਾਂ ਦੀ ਦੁਖਾਂਤਕ ਹੋਣੀ ਸਾਕਾਰ ਹੁੰਦੀ ਹੈ। ਆਲਮ ਦਲਿਤ ਨੂੰ ਪ੍ਰੇਰਦਾ ਹੈ ਕਿ ਆਪਣੇ ਹਾਲਾਤ ਵਿਚ ਸੁਧਾਰ ਲਈ ਤੈਨੂੰ ਆਪ ਹੀ ਹੰਭਲਾ ਮਾਰਨਾ ਪੈਣਾ ਹੈ। 'ਖੋਤੇ' ਤੋਂ 'ਬੰਦਾ' ਬਣਨਾ ਸਥਾਪਤੀ ਦੇ ਨਿਸ਼ਚਿਤ ਰਸਮਾਂ-ਰਿਵਾਜ਼ਾਂ ਨੂੰ ਉਲੰਘਣਾਂ ਹੈ, ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਰੱਦ ਕਰਨਾ ਹੈ। 'ਬਲ' ਅਤੇ 'ਵਿੱਦਿਆ' ਦਾ ਮਾਰਗ ਹੀ ਉਨ੍ਹਾਂ ਨੂੰ ਇਸ ਦਲਦਲ 'ਚੋਂ ਬਾਹਰ ਕੱਢ ਸਕਦਾ ਹੈ।

ਪ੍ਰਚਲਿਤ ਰਿਵਾਜ਼ਾਂ ਅਤੇ ਪ੍ਰੰਪਰਕ ਢੰਗ ਤਰੀਕਿਆਂ ਤੋਂ ਮੁਨਕਰ ਹੋਣਾ ਹੀ ਸਮੇਂ ਦੇ ਹਾਣ ਦੇ ਅਤੇ ਆਧੁਨਿਕ ਬੋਧ ਦੇ ਧਾਰਨੀ ਹੋਣਾ ਹੈ। ਖੁਦ ਆਲਮ ਨੇ ਇਹ ਦ੍ਰਿਸ਼ਟੀ ਕਿਸੇ ਆਧੁਨਿਕ ਸਿੱਖਿਆਂ ਜਾਂ ਮੱਧ-ਵਰਗੀ ਜੀਵਨ 'ਚੋਂ ਨਹੀਂ ਸਗੋਂ ਆਪਣੀ ਸਧਾਰਣ ਜ਼ਿੰਦਗੀ ਦੇ ਸੰਘਰਸ਼ੀ ਅਮਲ ਵਿਚੋਂ ਗ੍ਰਹਿਣ ਕੀਤੀ।ਇਸੇ ਲਈ ਉਸਦੇ ਵਿਚਾਰ ਆਧੁਨਿਕ ਯੁੱਗ-ਚੇਤਨਾ ਅਤੇ ਪ੍ਰਤੀਰੋਧੀ ਭਾਵ ਵਾਲੇ ਹਨ। ਉਹ ਸਮਕਾਲ ਨਾਲ ਸੰਵਾਦ ਵਿਚੋਂ ਆਪਣੀ ਕਵਿਤਾ ਦੀ ਵੱਥ ਤਲਾਸ਼ ਕਰਦਾ ਹੈ। ਇਸ ਸੰਦਰਭ ਵਿਚ ਉਸਦੀ ਕਵਿਤਾ 'ਆਜ਼ਾਦੀ' ਵੇਖੀ ਜਾ ਸਕਦੀ ਹੈ। ਜਦੋਂ ਕੁੱਲ ਭਾਰਤੀ ਅਵਾਮ ਅਜ਼ਾਦੀ ਤੋਂ ਬਾਦ ਖੁਦ ਨੂੰ ਅਜ਼ਾਦ ਮਹਿਸੂਸਦਿਆਂ ਜਸ਼ਨ ਦੇ ਮਾਹੌਲ ਵਿਚ ਗਲਤਾਨ ਸੀ, ਆਲਮ ਆਸਾਂ-ਉਮੀਦਾਂ ਦੇ ਮਹਿਲ ਨੂੰ ਰੇਤ ਵਾਂਗ ਬਿਖਰਦੇ ਵੇਖ ਰਿਹਾ ਸੀ। ਇਹ ਕਵਿਤਾ ਕਰੋੜਾਂ ਭਾਰਤੀ ਗਰੀਬ ਲੋਕਾਂ ਦੇ ਖੁਸ਼ਹਾਲੀ ਦੇ ਸੁਪਨੇ ਦੇ ਟੁੱਟਣ ਦਾ ਖੜਾਕ ਹੈ। ਆਜ਼ਾਦੀ ਤੋਂ ਲਾਈਆਂ ਲੋਕਾਂ ਦੀਆਂ ਆਸਾਂ ਸੁੱਕ-ਮੁੱਕ ਗਈਆਂ। ਐਸੀ ਅਜ਼ਾਦੀ ਨੂੰ ਉਹ 'ਕਾਣੀ ਜਿਹੀ' ਅਤੇ 'ਡੱਬ-ਖੜੱਬੀ' ਦਾ ਲਕਬ ਦਿੰਦਾ ਹੈ। ਆਲਮ-ਕਾਵਿ ਇਸ ਗੱਲੋਂ ਸਪੱਸ਼ਟ ਹੈ ਕਿ ਅੰਗਰੇਜ਼ਾ ਦੇ ਜਾਣ ਤੋਂ ਬਾਦ ਹਿੰਦੁਸਤਾਨ 'ਤੇ ਭਾਰਤੀ ਸਰਮਾਏਦਾਰੀ ਕਾਬਜ ਹੋ ਗਈ। ਅਜਿਹੇ ਰਾਜ ਵਿਚ ਗਰੀਬਾਂ ਅਤੇ ਅਛੂਤਾਂ ਲਈ ਕੋਈ ਜਗ੍ਹਾ ਨਹੀਂ ਸੀ, ਸੋ ਉਨ੍ਹਾਂ ਦੀ ਹਾਲਤ ਬਦ ਤੋਂ ਬਦਤਰ ਹੋਣ ਲੱਗੀ। ਬਦਤਰ ਹਾਲਤ ਦੇ ਬਾਵਜੂਦ ਹਾਕਮ ਇਸ ਨੂੰ 'ਬਹਾਰ' ਗਰਦਾਨ ਕੇ ਭ੍ਰਮਿਕ ਸਥਿਤੀ ਪੈਦਾ ਕਰਦਾ ਰਿਹਾ। ਪਹਿਲਾਂ ਤੋਂ ਵਰਤੇ ਜਾ ਰਹੇ ਬ੍ਰਾਹਮਣਵਾਦੀ ਸੰਦ ਜਾਂ ਢੰਗ-ਤਰੀਕੇ ਭਾਰਤੀ ਰਾਜਨੀਤੀ ਦਾ ਅਹਿਮ ਅੰਗ ਬਣ ਗਏ। ਪੂੰਜੀਵਾਦੀ ਲੋਕਤੰਤਰ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਭਾਈਵਾਲ ਬਣਾ ਲਿਆ। ਅਜਿਹੇ ਪ੍ਰਬੰਧ ਵਿਚ ਭਾਰਤੀ ਗਰੀਬ ਮਜ਼ਦੂਰ ਲਗਾਤਾਰ ਹੋਰ ਗਰੀਬ ਹੋਣ ਲੱਗਾ, ਸਰਮਾਏਦਾਰੀ ਨੇ ਹੋਰ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਆਲਮ ਮੰਨਦਾ ਹੈ 'ਫਾਰਮਾਂ ਤੇ ਜਗੀਰਾਂ' ਬਗੈਰ ਲੁੱਟ ਦੇ ਇਕੱਠੀਆਂ ਨਹੀਂ ਹੁੰਦੀਆਂ। 'ਮੁਲਕ ਦੀ ਕੰਗਾਲੀ' ਦਾ ਕਾਰਣ ਕੁਝ ਲੋਕਾਂ ਦਾ ਬੇਅੰਤ ਧਨੀ ਹੋਣਾ ਹੈ। ਉਸ ਨੂੰ ਰੰਜ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਵੱਡੀ ਪੱਧਰ 'ਤੇ ਜਾਨਾਂ ਵਾਰਨ ਵਾਲੇ ਗਰੀਬ ਲੋਕ ਸਨ ਪਰ ਅਜ਼ਾਦੀ ਦੀ ਬਰਕਤ ਸਰਮਾਏਦਾਰਾਂ ਅਤੇ ਅਖਾਉਤੀ ਉੱਚ ਜਾਤੀ ਲੋਕਾਂ ਦੇ ਹਿੱਸੇ ਆਈ। ਗਰੀਬ ਪਹਿਲਾਂ ਵਰਗਾ ਹੀ ਸਾਧਨ-ਵਿਹੂਣਾ ਜੀਵਨ ਜੀਊਂਦੇ ਰਹੇ। ਇਸ ਸੰਬੰਧ ਵਿਚ ਆਲਮ-ਕਾਵਿ ਦੇ ਹੇਠ ਲਿਖੇ ਕੁਝ ਬੰਦ ਵੇਖੇ ਜਾ ਸਕਦੇ ਹਨ:

ਬਿਰਲੇ ਦੇ ਘਰ ਵੱਲ, ਅਗਾੜੀ ਸੀ ਉਸ ਦੀ,
ਤੇ ਲੋਕਾਂ ਦੇ ਮੂੰਹ ਵੱਲ, ਪਿਛਾੜੀ ਸੀ ਉਸ ਦੀ। (**ਆਜ਼ਾਦੀ** 48)

ਲੱਖਾਂ ਲਾਲ ਲੈ ਕੇ ਮੂੰਹ-ਵਿਖਾਈ ਸਾਥੋਂ,
ਨੇੜੇ ਆਪਣੇ ਅਜੇ ਨਹੀਂ ਆਉਣ ਦਿੰਦੀ। (**ਆਜ਼ਾਦੀ ਨੂੰ** 68)

ਆਜ਼ਾਦੀ ਨੇ ਭਾਰਤ ਦੇ ਕੁਦਰਤੀ ਸੰਸਾਧਨਾ ਅਤੇ ਗਰੀਬ ਮਜ਼ਦੂਰਾਂ ਦੀ ਲੁੱਟ ਦੀ ਵਾਗਡੋਰ ਅੰਗਰੇਜ਼ਾਂ ਕੋਲੋ ਖੋਹ ਕੇ ਭਾਰਤੀ ਸਰਮਾਏਦਾਰਾਂ ਦੇ ਹੱਥ ਫੜ੍ਹਾ ਦਿੱਤੀ। ਪਾਰਲੀਮੈਂਟਰੀ ਕਾਨੂੰਨੀ ਵਿਵਸਥਾ ਉਨ੍ਹਾਂ ਦੇ ਹੱਥ ਹੋਰ ਮਜ਼ਬੂਤ ਕਰਨ ਲੱਗੀ। ਆਲਮ ਦੀ ਆਧੁਨਿਕ ਦ੍ਰਿਸ਼ਟੀ ਪੂਰੇ ਭਾਰਤ ਨੂੰ ਦੋ ਧਿਰਾਂ ਵਿਚ ਵੰਡ ਹੁੰਦਿਆਂ ਵੇਖਣ ਲੱਗੀ। ਆਲਮ ਵਪਾਰੀ ਵਰਗ ਅਤੇ ਸਿਆਸੀ ਨੇਤਾਵਾਂ ਦੀ ਸਾਂਝ ਨੂੰ ਅਜਿਹੀ ਧਿਰ ਵਜੋਂ ਬਿਆਨ ਕਰਦਾ ਹੈ ਜਿਸਨੇ ਭਾਰਤੀ ਅਵਾਮ ਨੂੰ ਆਪਣੇ ਸਵਾਰਥੀ ਹਿੱਤਾਂ ਲਈ 'ਜਮੂਰਾ' ਬਣਾ ਦਿੱਤਾ। ਸਰਮਾਏਦਾਰੀ ਤੇ ਲੋਕਤੰਤਰ ਦੀ ਭਾਈਵਾਲੀ ਨੇ ਵੋਟ-ਤੰਤਰ ਦਾ ਅਜਿਹਾ ਨਕਾਬ ਓੜ੍ਹਿਆ ਕਿ 'ਜਮੂਰੇ' ਤਬਦੀਲੀ ਦਾ ਆਸ ਨਾਲ ਹਰ ਪੰਜੀਂ ਸਾਲੀਂ 'ਆਪਣੀ ਮਰਜ਼ੀ ਦੀ ਸਰਕਾਰ ਚੁਣਦੇ' ਉਸ ਭਾਈਵਾਲੀ ਦੀ ਗ੍ਰਿਫ਼ਤ ਵਿਚ ਹੋਰ ਫਸਦੇ ਚਲੇ ਗਏ। ਉਹ ਅਵਾਮ ਨੂੰ 'ਭੇਡਾਂ' ਵਜੋਂ ਵੀ ਚਿਹਨਿਤ ਕਰਦਾ ਹੈ ਜੋ ਲਗਾਤਾਰ ਆਪਣੀ ਲੁੱਟ ਹੋਣ ਦੇ ਬਾਵਜੂਦ ਵੋਟ ਰਾਜਨੀਤੀ ਨੂੰ ਪੱਕਿਆਂ ਕਰਦੀ ਰਹੀ। ਇਸ ਲਈ ਆਲਮ ਵੋਟਤੰਤਰ ਨੂੰ ਰੱਦ ਕਰਦਿਆਂ ਲਿਖਦਾ ਹੈ:

> ਫਸੇ ਰਹੇ ਜੇ ਵੋਟਾਂ ਦੇ ਜਾਲ ਅੰਦਰ,
> 'ਆਲਮ' ਪੰਧ ਗੁਲਾਮੀ ਦਾ ਮੁਕਣਾ ਨਹੀਂ (**ਇਲੈਕਸ਼ਨ** 154)

ਇਹ ਕਾਵਿ-ਬਿਆਨ ਜਿਥੇ ਕਵੀ ਦੇ ਸਮੁੱਚੇ ਵਰਤਾਰੇ ਦੇ ਵਿਸ਼ਲੇਸ਼ਣ ਦਾ ਸੂਚਕ ਹੈ ਉਥੇ ਹੀ ਉਸਦੇ ਸਮਾਜਵਾਦੀ ਕ੍ਰਾਂਤੀ ਵੱਲ ਝੁਕਾਅ ਦੀ ਵੀ ਦੱਸ ਪਾਉਂਦਾ ਹੈ। ਆਲਮ-ਕਾਵਿ 'ਆਦਮੀ ਵਲੋਂ ਆਦਮੀ ਨੂੰ ਦਬਾਏ ਜਾਣ' ਦੇ ਵਿਰੁੱਧ ਸੰਘਰਸ਼ ਦਾ ਬਿਗਲ ਹੈ। 'ਕਮਾਵੇ ਕੋਈ' ਤੇ 'ਖਾਵੇ ਕੋਈ' ਦੀ ਚੇਤਨਾ ਆਲਮ ਦੀ ਜਮਾਤੀ ਸਮਝ ਦੀ ਸੂਚਕ ਹੈ। ਆਲਮ-ਕਾਵਿ ਲਿਤਾੜੇ ਹੋਇਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਅਤੇ 'ਇਨਸਾਨ ਨੂੰ ਇਨਸਾਨ ਤੋਂ ਮੁਕਤ' ਕਰਵਾਉਣ ਦਾ ਹੋਕਾ ਹੈ। ਆਲਮ ਮਾਰਕਸਵਾਦੀ ਵਿਸ਼ਵਦ੍ਰਿਸ਼ਟੀ ਤੋਂ ਵਿਸ਼ਵ ਵਿਚ ਖਹਿ ਰਹੇ ਦੋ ਧੜ੍ਹਿਆਂ/ਇਜ਼ਮਾਂ ਦੇ ਸੰਘਰਸ਼ ਨੂੰ ਸਪੱਸ਼ਟ ਵੇਖ ਰਿਹਾ ਸੀ। ਭਾਰਤੀ ਸੰਦਰਭ ਵਿਚ ਜਮਾਤਾਂ ਦੀ ਨਿਸ਼ਾਨਦੇਹੀ ਕਰਦਿਆਂ ਉਹ 'ਪੂੰਜੀਪਤੀ' ਤੋਂ ਲੈ ਕੇ 'ਲੰਬੜ' ਤੱਕ ਨੂੰ ਅਜਿਹੀ ਜਮਾਤ ਵਜੋਂ ਪੇਸ਼ ਕਰਦਾ ਹੈ ਜੋ 'ਸੁੱਕੇ-ਸੜੇ' ਵਿਕਰਿਤ ਨਿਜ਼ਾਮ ਨੂੰ ਜਿਉਂ ਦਾ ਤਿਉਂ ਰੱਖਣ ਲਈ ਪੁਲਿਸ, ਜੇਲ੍ਹਾਂ ਅਤੇ ਕਚਿਹਰੀਆਂ ਜਿਹੇ ਕਾਨੂੰਨੀ ਸਾਧਨਾਂ ਨੂੰ ਲੁੱਟ ਅਤੇ ਜਬਰ ਨੂੰ ਸਥਾਈ ਬਣਾਉਣ ਲਈ ਆਪਣੇ ਹੱਕ ਵਿਚ ਵਰਤਦੀ ਹੈ। ਦੂਜੇ ਪਾਸੇ ਲੇਖਕ, ਵਿਦਿਆਰਥੀ, ਕਿਰਸਾਣ, ਮਜ਼ਦੂਰ ਤੇ ਹੋਰ ਮਿਹਨਤਕਸ਼ ਲੋਕ ਨੇ ਜਿਨ੍ਹਾਂ ਨੂੰ ਸਥਾਪਤੀ ਨੇ ਕੌਮਾਂ, ਰੰਗਾਂ, ਨਸਲਾਂ, ਮਜ਼੍ਹਬਾਂ, ਵਰਨਾਂ ਤੇ ਜਾਤਾਂ ਵਿਚ ਵੰਡਿਆ ਹੋਇਆ ਹੈ। ਆਲਮ ਲਿਖਦਾ ਹੈ ਕਿ ਇਹ ਵੰਡੀਆਂ ਇਕ 'ਜਨਤਕ ਚੜ੍ਹਾ' ਵਿਚ ਬਦਲ ਰਹੀਆਂ ਨੇ। ਵਿਸ਼ਵ ਦੋ ਜਮਾਤਾਂ ਦੇ ਘੋਲ ਵਿਚੋਂ ਲੰਘਣ ਜਾ ਰਿਹਾ ਹੈ। ਇਥੇ ਆਲਮ ਜਾਤਾਂ ਅਤੇ ਵਰਨਾਂ ਦੇ ਸੰਘਰਸ਼ ਨੂੰ ਵੀ ਜਮਾਤੀ ਸੰਘਰਸ਼ ਨਾਲ ਹੀ ਹੱਲ ਕਰਨ ਦੇ ਹੱਕ ਵਿਚ ਆਪਣਾ ਪੱਖ ਸਪੱਸ਼ਟ ਕਰਦਾ ਹੈ। ਆਲਮ ਭਾਰਤੀ ਅਵਾਮ ਨੂੰ ਸਮਾਜਵਾਦ ਦਾ ਸੁਪਨਾ ਵਿਖਾਉਂਦਾ ਕ੍ਰਾਂਤੀ ਲਈ ਉਕਸਾਉਂਦਾ ਹੈ ਪਰ ਨਾਲ ਹੀ ਭਾਰਤੀ ਲੋਕਾਂ ਨੂੰ ਨਹਿਰੂ ਦੇ ਉਦਾਰਵਾਦੀ ਸਮਾਜਵਾਦ ਨੂੰ ਮੂੰਹ ਨਾ ਲਾਉਣ ਦੀ ਤਾਕੀਦ ਵੀ ਕਰਦਾ ਹੈ। ਉਹ ਨਹਿਰੂ ਦੇ ਉਦਾਰਵਾਦੀ ਸਮਾਜਵਾਦ ਨੂੰ 'ਝੂਠਾ ਅਤੇ ਫ਼ੋਕਾ ਸਮਾਜਵਾਦ' ਕਹਿੰਦਾ ਹੈ। ਉਹ ਇਸ ਗੱਲੋਂ ਸਪੱਸ਼ਟ ਸੀ ਕਿ ਨਕਲੀ ਸੋਸ਼ਲਿਜ਼ਮ ਅਵਾਮ ਨੂੰ ਵਿਭਿੰਨ ਨਸਲਾਂ ਵਿਚ ਬੰਨ੍ਹਦਾ ਹੈ ਤੇ ਅਸਲੀ ਸੋਸ਼ਲਿਜ਼ਮ ਪੂਰੀ ਦੁਨੀਆਂ ਨੂੰ ਇਕ ਇਕਾਈ ਮੰਨ੍ਹ ਕੇ ਚੱਲਦਾ ਹੈ। ਉਹ ਨਹਿਰੂ ਹੀ ਨਹੀਂ ਸਗੋਂ ਭਾਰਤੀ ਕਮਿਊਨਿਸਟਾਂ ਨੂੰ ਵੀ ਸੋਧਵਾਦੀ ਕਹਿ ਕੇ ਭੰਡਦਾ ਹੈ, ਜਿਨ੍ਹਾਂ ਨੇ ਭਾਰਤ ਅੰਦਰ ਆਪਣੀ ਬਣਦੀ ਪ੍ਰਤੀਬੱਧ ਭੂਮਿਕਾ ਨਹੀਂ ਨਿਭਾਈ ਸਗੋਂ ਵੋਟਤੰਤਰ ਦਾ ਹਿੰਸਾ ਬਣ ਕੇ ਸੁੱਖ ਸਹੂਲਤਾਂ ਵਾਲਾ ਜੀਵਨ ਜੀਣ ਲੱਗੇ ਅਤੇ ਮਾਕਰਸਵਾਦੀ ਵਿਚਾਰਧਾਰਾ ਤੋਂ ਥਿੜਕ ਗਏ ਜਿਸਦਾ ਨਤੀਜਾ ਇਹ ਹੋਇਆ ਕਿ ਕਮਿਊਨਿਸਟਾਂ 'ਤੇ ਆਸ ਰੱਖਣ ਵਾਲੇ ਲੋਕ ਮੰਝਧਾਰ ਵਿਚ ਫਸ ਗਏ।ਕਾਮਰੇਡ ਹੋਣ ਦਾ ਮਖੌਟਾ ਪਹਿਨੇ ਇਨ੍ਹਾਂ ਲੋਕਾਂ ਨੂੰ ਆਲਮ ਖੁਸਰੇ, ਮੱਕਾਰ ਅਤੇ ਸੋਧਵਾਦੀ ਕਹਿੰਦਾ ਹੈ ਜਿਨ੍ਹਾਂ ਨੇ ਵਿਰੋਧੀ-ਸੰਘਰਸ਼ ਦੇ ਰਾਹ ਨੂੰ ਤਿਲਾਂਜਲੀ ਦੇ ਦਿੱਤੀ। ਇਨ੍ਹਾਂ ਦੀ ਮੌਕਾਪ੍ਰਸਤੀ 'ਤੇ ਵਿਅੰਗ ਕਰਦਾ ਆਲਮ ਲਿਖਦਾ ਹੈ:

> ਏਹ ਕੀ ਥਿਊਰੀ ਤੇ ਕੀ ਏ ਸਿਧਾਂਤ ਤੇਰਾ, ਕਦਮ ਪੁੱਟਣਾ ਪਿੱਛੇ ਪ੍ਰਤਾਈ ਜਾਣਾ।
> ਨਿਕਲੀ ਮੋਕ ਤੇ ਗਊ ਦਾ ਜਾਇਆ ਬਣਨਾ, ਬੜ੍ਹਕ ਮਾਰ ਕੇ ਸਾਹਨ ਕਹਾਈ ਜਾਣਾ।
> ਚੱਪਾ ਟੁੱਕ ਤੇ ਮੰਜੀ ਦੀ ਥਾਂ ਬਦਲੇ, ਆਸਾ ਰਾਗ ਤਿਰਕਾਲਾਂ ਨੂੰ ਗਾਈ ਜਾਣਾ।
> ਨਾਲੇ ਜਿਹਲ ਜੁਰਮਾਨੇ ਤੋਂ ਬਚੇ ਰਹਿਣਾ, ਕਮਿਊਨਿਸਟ ਵੀ ਨਾਲੇ ਕਹਾਈ ਜਾਣਾ।
> (**ਭਾਰਤੀ ਸੋਧਵਾਦੀ ਨੂੰ** 132)

ਭਾਰਤੀ ਕਮਿਊਨਿਸਟ ਲਹਿਰ ਤੋਂ ਨਿਰਾਸ਼ਾ ਦੀ ਸਥਿਤੀ ਵਿਚ ਅੰਬੇਦਕਰਵਾਦੀ ਅਤੇ ਆਦਿ ਧਰਮ ਲਹਿਰ ਤੋਂ ਪ੍ਰਭਾਵਤ ਹੋ ਕੇ ਆਲਮ ਅੰਬੇਦਕਰਵਾਦ ਵੱਲ ਮੁੜਦਾ ਹੈ। ਉਹ ਡਾ. ਅੰਬੇਦਕਰ ਨੂੰ 'ਨਵੇਂ ਇਨਸਾਨ' ਵਜੋਂ ਪੇਸ਼ ਕਰਦਾ ਹੈ ਜੋ ਦਲਿਤ ਮੁਕਤੀ ਲਈ ਨਵਾਂ ਸਿਧਾਂਤ ਲੈ ਕੇ ਆਇਆ ਅਤੇ ਜਿਸਨੇ ਦਲਿਤਾਂ ਨੂੰ ਮਨੁੱਖਾਂ ਵਿਚ ਬੈਠਣ ਜੋਗੀ ਥਾਂ ਦਿਵਾਈ। ਆਲਮ ਸਥਿਤੀਆਂ ਵਿਚ ਤਬਦੀਲੀ ਲਈ ਰੱਬ 'ਤੇ ਯਕੀਨ ਰੱਖਣ ਵਾਲੇ ਸੰਘਰਸ਼ਹੀਣੇ ਦਲਿਤ ਉੱਤੇ ਚੋਟ ਕਰਦਿਆਂ, ਉਸਨੂੰ ਅੰਬੇਦਕਰ ਦੇ ਸੰਘਰਸ਼ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਹੈ। ਪਰ ਆਲਮ ਦਾ ਜਮਾਤੀ ਸੰਘਰਸ਼ ਰਾਹੀਂ ਸਮਾਜਵਾਦੀ ਕ੍ਰਾਂਤੀ

ਦਾ ਸੁਪਨਾ ਅੰਬੇਦਕਰਵਾਦ ਨਾਲ ਜੁੜ ਕੇ ਸਿਰਫ਼ ਸੱਤਾ-ਪ੍ਰੀਵਰਤਨ ਤੱਕ ਸੀਮਿਤ ਰਹਿ ਜਾਂਦਾ ਹੈ।ਆਪਣੀ ਆਖਰੀ ਕਾਵਿ-ਕਿਤਾਬ 'ਆਪਣਾ-ਆਪ' ਤੱਕ ਪੁੱਜਦਿਆਂ ਉਸਦੀ ਜਮਾਤੀ ਸੂਝ ਜਾਤੀ ਅਸਤਿਤਵ ਦੇ ਯਥਾਰਥ ਅਧੀਨ ਆ ਗਈ। ਪਹਿਲੀਆਂ ਕਵਿਤਾਵਾਂ ਵਿਚ ਜਿਸ ਵੋਟਤੰਤਰ ਅਤੇ ਦਲਿਤ ਨੂੰ ਦਿੱਤੀਆਂ ਰਿਆਇਤਾਂ (ਰਿਜ਼ਰਵੇਸ਼ਨ) ਦਾ ਵਿਰੋਧ ਕਰਦਾ ਸੀ ਆਖਰੀ ਕਿਤਾਬ ਵਿਚ ਉਨ੍ਹਾਂ ਨੂੰ ਹੀ ਸਵੀਕਾਰ ਕਰ ਲੈਂਦਾ ਹੈ। ਇਸ ਪ੍ਰੀਵਰਤਨ ਦਾ ਕਾਰਣ ਡਾ. ਅੰਬੇਦਕਰ ਦੁਆਰਾ ਉਠਾਇਆ ਦਲਿਤ ਮੁਕਤੀ ਦੀ ਬਜਾਏ ਦਲਿਤ ਸ਼ਸ਼ਕਤੀਕਰਣ ਦਾ ਮੁੱਦਾ ਹੋ ਸਕਦਾ ਹੈ।ਪਰ ਆਲਮ ਦਲਿਤ ਮੁਕਤੀ ਲਈ ਅੰਬੇਦਕਰਵਾਦ ਨੂੰ ਇਕੋ-ਇਕ ਅਤੇ ਨਿਰਣਾਇਕ ਦਰਸ਼ਨ ਮੰਨਣ ਤੋਂ ਗੁਰੇਜ਼ ਕਰਦਾ ਹੈ।ਸ਼ਾਇਦ ਇਹੀ ਵਜ੍ਹਾ ਰਹੀ ਹੋਵੇ ਕਿ ਉਹ 'ਆਦਿ ਧਰਮ ਲਹਿਰ' ਦਾ ਉਸ ਤਰ੍ਹਾਂ ਸਰਗਰਮ ਮੈਂਬਰ ਜਾਂ ਹਿੱਸਾ ਨਹੀਂ ਬਣਿਆ ਜਿਸ ਤਰ੍ਹਾਂ ਉਸਦਾ ਸਾਥੀ ਪੰਡਿਤ ਬਖਸ਼ੀ ਰਾਮ ਬਣਿਆ। ਇਸ ਦੇ ਬਾਵਜੂਦ 'ਡਾ. ਅੰਬੇਦਕਰ', 'ਉਲ੍ਹਾਮਾ' ਅਤੇ 'ਇਹ ਅੱਜ ਕੌਣ ਆਇਆ ਸਵੇਰੇ-ਸਵੇਰੇ' ਆਦਿ ਕਵਿਤਾਵਾਂ ਵਿਚ ਡਾ. ਅੰਬੇਦਕਰ ਦਲਿਤ ਮੁਕਤੀ ਦੇ ਨਾਇਕ ਵਜੋਂ ਪੇਸ਼ ਹੋਏ ਹਨ।

ਸਮੁੱਚੇ ਆਲਮ-ਕਾਵਿ 'ਤੇ ਝਾਤੀ ਮਾਰਿਆਂ ਪਤਾ ਲੱਗਦਾ ਹੈ ਕਿ ਸਿਰਫ਼ ਡਾ. ਅੰਬੇਦਕਰ ਹੀ ਨਹੀਂ ਸਗੋਂ ਸੰਘਰਸ਼ਸ਼ੀਲ, ਆਧੁਨਿਕ ਚੇਤਨਾ ਵਾਲਾ, ਮਜ਼ਦੂਰ ਦਲਿਤ ਨੌਜੁਆਨ ਵੀ ਇਥੇ ਕਾਵਿ-ਨਾਇਕ ਵਜੋਂ ਪੇਸ਼ ਹੋਇਆ ਹੈ।

ਆਲਮ-ਕਾਵਿ ਵਿਚ ਇਸ ਨਾਇਕ ਲਈ ਵਰਤੀ ਉਕਤੀ 'ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਨ ਚੜ੍ਹ ਜਾਂਦਾ' ਸਿਰਫ਼ ਸੁੰਦਰਤਾ ਦੇ ਸਥਾਪਤ ਪੱਖਪਾਤੀ ਪ੍ਰਤੀਮਾਨਾਂ ਵਿਚ ਹੀ ਵੱਢ ਨਹੀਂ ਮਾਰਦੀ ਸਗੋਂ ਨਾਇਕ ਹੋਣ ਦੇ ਮਾਪਦੰਡਾਂ ਵਿਚ ਵੀ ਉਧੇੜ-ਬੁਣ ਕਰਦੀ ਹੈ। ਆਲਮ-ਕਾਵਿ ਵਿਚ ਮਿਹਨਤਕਸ਼ ਮਜ਼ਦੂਰ, ਸੰਘਰਸ਼ਸ਼ੀਲ ਕਾਮਾ ਆਪਣੇ ਸਾਧਨ-ਵਿਹੂਣੇ ਜੀਵਨ ਹਾਲਾਤ ਸਮੇਤ ਪੇਸ਼ ਹੋ ਕੇ ਵੀ ਨਾਇਕ ਬਣਦਾ ਹੈ ਕਿਉਂਕਿ ਉਹ ਤਬਦੀਲੀ ਲਈ ਸਥਾਪਤੀ ਦੇ ਵਿਰੋਧ ਦਾ ਰਾਹ ਅਖਤਿਆਰ ਕਰਦਾ ਹੈ। 'ਆਪਣਾ ਰਾਜ' ਲਿਆਉਣ ਦਾ ਸੁਪਨਾ ਉਸਦੇ ਸੰਘਰਸ਼ ਦੀ ਤਾਕਤ ਬਣਦਾ ਹੈ। ਇਹ ਨੌਜੁਆਨ ਪਿੰਡ ਦੇ ਅਖੌਤੀ ਉੱਚ ਜਾਤੀ/ਉੱਚ ਵਰਗਾਂ ਦੇ ਦਾਬੇ ਜਾਂ ਧੌਂਸ ਨੂੰ ਮੰਨਣ ਤੋਂ ਇਨਕਾਰੀ ਹੈ।ਇਹ ਅਮੀਰਾਂ ਦੀ ਹਉਮੈ ਤੇ ਸੰਸਕਾਰਾਂ ਦੀ 'ਪ੍ਰੰਪਰਕ ਦੀਵਾਰ' ਨੂੰ ਟੱਪ ਜਾਣ ਦਾ ਹਿਆਂ ਕਰਦਾ ਹੈ।ਅਜਿਹਾ ਕਰਦਿਆਂ ਉਹ 'ਡਰ' ਅਤੇ 'ਘਬਰਾਹਟ' ਤੋਂ ਮੁਕਤ ਹੈ।'ਲੰਬੜਾਂ ਦੀ ਕੰਧ ਟੱਪਣਾ' ਸਥਾਪਿਤ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਪ੍ਰਤੀ ਤਿੱਖੇ ਵਿਦਰੋਹ ਦਾ ਸੂਚਕ ਹੈ।ਪਰ ਇਹ ਵਿਦਰੋਹ ਦਲਿਤ ਦੀ ਘੇਰਾਬੰਦੀ ਲਈ ਨਿਸ਼ਚਿਤ ਮਾਪਦੰਡਾਂ ਨੂੰ ਟੱਪ ਕੇ ਦੂਜੀ ਦਮਿਤ ਧਿਰ ਔਰਤ ਪ੍ਰਤੀ ਪਿੱਤਰਸੱਤਾ ਦੁਆਰਾ ਨਿਰਧਾਰਿਤ ਸਮਾਜ-ਸਭਿਆਚਾਰਕ ਸਥਾਪਨਾਵਾਂ ਦੇ ਅਧੀਨ ਹੋ ਜਾਂਦਾ ਹੈ। ਇਹ ਕਾਵਿ-ਨਾਇਕ ਗੈਰ-ਦਲਿਤ ਔਰਤ ਦੀ ਦੇਹ ਤੱਕ ਆਪਣੀ ਪਹੁੰਚ ਨੂੰ ਪ੍ਰਾਪਤੀ ਅਤੇ ਵਿਦਰੋਹ ਦੀ ਸਿਖਰ ਵਜੋਂ ਸਮਝਣ ਦੇ ਕੁਰਾਹੇ ਪੈ ਜਾਂਦਾ ਹੈ।

ਆਲਮ-ਕਾਵਿ ਸ਼ੋਸ਼ਿਤ ਮਨੁੱਖ ਦੀ ਲੁੱਟ-ਖਸੁੱਟ ਨੂੰ ਸਾਹਮਣੇ ਲਿਆਉਂਦਾ ਅਤੇ ਇਸ ਨੂੰ ਖਤਮ ਕਰਨ ਦੀ ਪ੍ਰੇਰਨਾ ਦਿੰਦਾ ਹੈ।ਆਲਮ-ਕਾਵਿ ਨੇ ਸਥਾਪਤੀ ਖਿਲਾਫ ਸੰਘਰਸ਼ ਦੀ ਚਿੰਗਿਆੜੀ ਨੂੰ ਮਘਦਿਆਂ ਰੱਖਿਆ।ਆਲਮ ਅਨੁਸਾਰ ਸਾਹਿਤ ਦਾ ਕਰਮ 'ਜਨਤਾ 'ਚ ਜਾਨ ਪਾਉਣੀ ਹੈ' ਨਾ ਕਿ ਸਿਰਫ ਮਨੋਰੰਜਨ ਕਰਨਾ। ਆਲਮ ਸਾਹਿਤ ਦੇ ਰਾਜਸੀ ਖਾਸੇ ਤੋਂ ਭਲੀਭਾਂਤ ਜਾਣੂ ਸੀ।ਆਲਮ ਦੇ ਵਿਚਾਰ ਇਸ ਪੱਖੋਂ ਸਪੱਸ਼ਟ ਨੇ ਕਿ ਲੇਖਕ ਜਾਂ ਤਾਂ ਸੱਤਾ ਵਿਰੋਧੀ ਹੋ ਸਕਦਾ ਹੈ ਜਾਂ ਉਸਦਾ ਸਮੱਰਥਕ। ਸੱਤਾ ਦਾ ਸਮੱਰਥਕ ਹੋਣਾ ਚਲ ਰਹੇ ਸੋਸ਼ਣਕਾਰੀ ਪ੍ਰਬੰਧ ਨੂੰ ਕਬੂਲ ਕਰਨਾ ਹੈ।ਲੇਖਕ ਸੁਚੇਤ ਰੂਪ ਵਿਚ ਜਮਾਤੀ ਸਮਝ ਅਪਣਾ ਕੇ ਹੀ ਵਿਰੋਧ ਦਾ ਪੈਂਤੜਾ ਚੁਣ ਸਕਦਾ ਹੈ।ਆਲਮ 'ਨਿਰਪੱਖ' ਲੇਖਣੀ ਨੂੰ ਕਿਸੇ ਪ੍ਰਾਪਤੀ ਵਜੋਂ ਪ੍ਰਚਾਰਨ ਵਾਲੇ ਲੇਖਕਾਂ ਦੀ ਵੀ ਨਿਖੇਧੀ ਕਰਦਾ ਹੈ ਕਿਉਂਕਿ ਉਹ ਜਾਣਦਾ ਸੀ ਕਿ ਨਿਰਪੱਖ ਲੇਖਣੀ ਜਰਵਾਨਿਆਂ ਦੇ ਹੀ ਹੱਕ ਵਿਚ ਭੁਗਤ ਰਹੀ ਹੁੰਦੀ ਹੈ। ਇਸ ਲਈ ਆਲਮ ਖੁੱਲੇ ਤੌਰ 'ਤੇ ਆਪਣੇ ਆਪ ਨੂੰ 'ਮਜ਼ਦੂਰਾਂ ਦਾ ਲੇਖਕ' ਜਾਂ 'ਮੈਂ ਸ਼ਾਇਰ ਹਾਂ ਇਕ ਸ਼੍ਰੇਣੀ ਦਾ' ਘੋਸ਼ਿਤ ਕਰਦਾ ਹੈ ਅਤੇ ਉਸਦੀ ਲੇਖਣੀ ਉਸਦੀ ਇਸ ਘੋਸ਼ਣਾਂ ਦੀ ਪੁਸ਼ਟੀ ਵੀ ਕਰਦੀ ਹੈ।ਇਸੇ ਪ੍ਰਤੀਬੱਧਤਾ ਕਰਕੇ ਆਲਮ-ਕਾਵਿ ਵਿਰੋਧੀ ਪ੍ਰਸਥਿਤੀਆਂ ਵਿਚ ਵੀ ਤਬਦੀਲੀ ਦੀ ਆਸ ਨੂੰ ਜਾਗਦੀ ਰੱਖਦਾ ਹੈ। ਉਦਾਸ ਤੇ ਨਿਰਾਸ਼ ਕਰਨ ਵਾਲੀਆਂ ਪ੍ਰਸਥਿਤੀਆਂ ਵਿਚ ਵੀ ਉਹ ਮਾਨਵ-ਮੁਕਤੀ ਸੰਘਰਸ਼ ਨੂੰ ਤਿਖੇਰਾ ਕਰਨ ਦਾ ਹੋਕਾ ਲਗਾਤਾਰ ਦਿੰਦਾ ਰਹਿੰਦਾ ਹੈ।ਆਲਮ-ਕਾਵਿ ਉਮੀਦ ਦਾ ਕਾਵਿ ਹੈ ਜੋ ਹਾਲਾਤ ਬਦਲਣ ਲਈ ਰੱਬ, ਧਰਮ ਜਾਂ ਧਾਰਮਿਕ ਪਖੰਡਾਂ ਨੂੰ ਰੱਦ ਕਰਦਿਆਂ ਲੁੱਟ ਹੋ ਰਹੀ ਜਮਾਤ ਦੇ ਏਕੇ ਦੇ ਸੰਘਰਸ਼ ਨੂੰ ਤਰਜੀਹ ਦਿੰਦਾ ਹੈ।ਨਵੇਂ ਨਿਜ਼ਾਮ ਦਾ ਅਰਮਾਨ ਉਸਦੇ ਕਾਵਿ ਦਾ ਪ੍ਰੇਰਕ ਸੂਤਰ ਹੈ ਅਤੇ ਉਸਦਾ ਕਾਵਿ ਲਿੱਸੇ-ਲਤਾੜੇ, ਗਰੀਬ, ਦਲਿਤ ਤੇ ਮਜ਼ਦੂਰਾਂ ਦੇ ਜੀਵਨ ਦਾ ਇਤਿਹਾਸਕ ਦਸਤਾਵੇਜ਼।

*ਹਵਾਲਾ ਪੁਸਤਕ*


- ਬੱਲ, ਗਿਆਨ ਸਿੰਘ, ਕੇਵਲ ਪਰਵਾਨਾ, ਦੁਵਾਰਕਾ ਰਾਜੂ ਭਾਰਤੀ (ਸੰਪ.). *ਆਲਮ-ਕਾਵਿ*. ਕਪੂਰਥਲਾ: ਮਾਨਵਵਾਦੀ ਰਚਨਾ ਮੰਚ, ਪੰਜਾਬ. 1999. ਪ੍ਰਿੰਟ



**Mob : 81468-21400**

# ਗੰਗੂ 'ਬਾਹਮਣ' ਬਨਾਮ ਧਰਮ ਪ੍ਰਚਾਰਕ

ਪ੍ਰੋ. ਰਮਨ

ਮੇਰੇ ਦੋਸਤ ਨੇ ਗੱਡੀ ਪਿੰਡ ਦੀ ਫਿਰਨੀ ਤੋਂ ਘੁਮਾ ਕੇ ਮੁੜ ਪਹਿਲਾਂ ਵਾਲੀ ਥਾਂ ਲੈ ਆਂਦੀ। ਉਹਦੇ ਅਜਿਹਾ ਕਰਨ ਦਾ ਕਾਰਨ ਝਟਪਟ ਮੇਰੀ ਸਮਝ ਵਿਚ ਨਹੀਂ ਆਇਆ। ਜਦੋਂ ਤਕ ਮੈਂ ਉਹਨੂੰ ਕੋਈ ਸਵਾਲ ਕਰਦਾ ਉਦੋਂ ਤਕ ਉਹ ਆਪਣਾ ਕੰਮ ਪੂਰਾ ਕਰ ਚੁੱਕਾ ਸੀ। ਮੇਰਾ ਇਹ ਚਿੰਤਕ ਦੋਸਤ ਚਿਰ ਮਗਰੋਂ ਮੈਨੂੰ ਮਿਲਣ ਆਇਆ ਸੀ। ਮੈਂ ਉਹਦੇ ਨਾਲ ਸਤਲੁਜ ਦਰਿਆ ਦੇ ਕੰਢੇ ਘੁੰਮਣ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸਤਲੁਜ ਮੇਰੇ ਘਰ ਤੋਂ ਤਕਰੀਬਨ ਪੰਦਰਾਂ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਉਥੇ ਕਈ ਪਿੰਡਾਂ 'ਚੋਂ ਗੁਜ਼ਰ ਕੇ ਜਾਣਾ ਪੈਂਦਾ ਹੈ। ਕਈ ਪਿੰਡਾਂ ਦੀਆਂ ਫਿਰਨੀਆਂ ਘੁੰਮਣੀਆਂ ਪੈਂਦੀਆਂ ਹਨ। ਗਿਆਰਾਂ ਕੁ ਵੱਜੇ ਹੋਣਗੇ। ਫਿਰਨੀ 'ਤੇ ਇਕ ਜਗ੍ਹਾ ਉੱਪਰ ਨਗਰ ਕੀਰਤਨ ਦਾ ਜਲੂਸ ਰਵਾਨਾ ਹੋਣ ਲਈ ਤਿਆਰ ਖੜ੍ਹਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ। ਗੱਡੀ ਦੀ ਰਫ਼ਤਾਰ ਹੌਲੀ ਕਰਕੇ ਮੇਰੇ ਦੋਸਤ ਨੇ ਸ਼ਰਧਾ ਪੂਰਬਕ ਬਾਬਾ ਜੀ ਅੱਗੇ ਸਿਰ ਝੁਕਾਇਆ। ਮੈਂ ਵੀ ਅਜਿਹਾ ਹੀ ਕੀਤਾ। ਹੱਥ ਜੋੜੇ ਤੇ ਮੂੰਹੋਂ ਵਾਹਿਗੁਰੂ ਉਚਾਰਿਆ। ਸ਼ਰਧਾ ਦੇ ਇਸ ਸੰਘਣੇ ਆਲਮ ਵਿਚ ਅਸੀਂ ਰਵਾਨਾ ਹੋਣ ਲਈ ਤਿਆਰ ਖੜ੍ਹੇ ਨਗਰ ਕੀਰਤਨ ਦੀ ਮਾਤਰ ਝਲਕ ਹੀ ਹਾਸਲ ਕਰ ਸਕੇ।

ਮੇਰੇ ਦੋਸਤ ਦੇ ਧਿਆਨ ਵਿਚ ਕੋਈ ਹੋਰ ਚੀਜ਼ ਆ ਗਈ ਸੀ, ਉਹਨੂੰ ਕੋਈ ਖ਼ਾਸ ਗੱਲ ਖਟਕ ਗਈ ਸੀ। ਉਹਨੇ ਗੱਡੀ ਸਤਲੁਜ ਦੇ ਰਾਹ ਅਗਾਂਹ ਲੈ ਜਾਣ ਦੀ ਥਾਂ ਫਿਰਨੀ ਤੋਂ ਘੁਮਾ ਲਈ। ਤਦ ਤਕ ਬਿਨਾਂ ਪੁੱਛਿਆਂ ਹੀ ਮੈਂ ਸਮਝ ਗਿਆ ਕਿ ਉਹ ਆਪਣੇ ਕਿਸੇ ਖ਼ਾਸ ਪ੍ਰਭਾਵ ਦੀ ਪੁਸ਼ਟੀ ਲਈ ਪਿਛਾਂਹ ਪਰਤਿਆ ਸੀ। ਗੱਡੀ ਜਲੂਸ ਦੇ ਬਰਾਬਰ ਖੜ੍ਹੀ ਕਰਕੇ ਉਹਨੇ ਕੁਝ ਪਲਾਂ ਲਈ ਗਹੁ ਨਾਲ ਪੰਜ ਪਿਆਰਿਆਂ ਉੱਪਰ ਝਾਤੀ ਮਾਰੀ। ਅਗਲੀ ਕਤਾਰ ਦੇ ਕਿਰਪਾਨਾਂ ਵਾਲੇ ਵਾਲੇ ਪੰਜ ਪਿਆਰਿਆਂ ਵੱਲ ਵੀ ਤੇ ਪਿਛਲੀ ਕਤਾਰ ਦੇ ਨਿਸ਼ਾਨ ਸਾਹਿਬ ਫੜੀ ਖੜ੍ਹੇ ਪਿਆਰਿਆਂ ਵੱਲ ਵੀ। ਫਿਰ ਉਹਨੇ ਬੜੀ ਸਾਵਧਾਨੀ ਨਾਲ ਗੱਡੀ ਅੱਗੇ ਤੋਰ ਲਈ। ਥੋੜ੍ਹਾ ਅੱਗੇ ਜਾ ਕੇ ਮੈਂ ਉਸ ਤੋਂ ਉਸ ਦੇ ਅਜਿਹਾ ਕਰਨ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹਦੇ ਮਨ ਵਿਚ ਇਕ ਸ਼ੰਕਾ ਉਤਪੰਨ ਹੋਇਆ ਸੀ ਤੇ ਇਹ ਸ਼ੰਕਾ ਨਿਰਮੂਲ ਨਹੀਂ ਸੀ। "ਖ਼ਬਰੇ ਕੀ ਮਜਬੂਰੀ ਹੈ ਕਿ ਵਿਚਾਰਿਆਂ ਨੇ ਕਤਰੀਆਂ ਦਾੜ੍ਹੀਆਂ ਵਾਲਿਆਂ ਨੂੰ ਕੇਸਰੀ ਬਾਣਾ ਪੁਆਇਆ ਹੋਇਆ ਹੈ...ਇਕ ਗੱਲ ਹੋਰ, ਪਿਆਰੇ ਹੈ ਵੀ ਅੱਧਖੜ ਉਮਰ ਦੇ...ਢਲਦੇ ਪਰਛਾਵੇਂ !" ਮੇਰੇ ਦੋਸਤ ਨੇ ਡਾਢੇ ਨਿਰਾਸਤਾ ਦੇ ਭਾਵ ਨਾਲ ਕਿਹਾ। ਫਿਰ ਉਹ ਇਉਂ ਗੰਭੀਰ ਹੋ ਗਿਆ ਜਿਵੇਂ ਡੂੰਘੀਆਂ ਸੋਚਾਂ ਵਿਚ ਲੱਥ ਗਿਆ ਹੋਵੇ। ਡਰਾਈਵਰੀ ਕਰ ਰਿਹਾ ਬੰਦਾ ਬਹੁਤੀ ਦੇਰ ਤਕ ਗਹਿਰੇ ਵਿਚਾਰਾਂ ਵਿਚ ਗੁਆਚਿਆ ਨਹੀਂ ਰਹਿ ਸਕਦਾ। ਛੇਤੀ ਹੀ ਉਹ ਆਮ ਵਰਗਾ ਹੋ ਗਿਆ ਤੇ ਫਿਰ ਤੋਂ ਨਗਰ ਕੀਰਤਨ ਤੋਂ ਮਿਲੇ ਪ੍ਰਭਾਵ ਉੱਪਰ ਟਿੱਪਣੀ ਕਰਨ ਲਈ ਡੂੰਘੀਆਂ ਸੋਚਾਂ 'ਚੋਂ ਨਿਕਲ ਆਇਆ।

ਮੇਰੇ ਇਸ ਦੋਸਤ ਨੇ ਜਿਸ ਤਬਦੀਲੀ ਵੱਲ ਧਿਆਨ ਦਿੱਤਾ ਸੀ, ਉਸ ਲਈ ਮੁੱਖ ਤੌਰ 'ਤੇ ਨਸ਼ਿਆਂ ਨੂੰ ਜ਼ੁੰਮੇਵਾਰ ਠਹਿਰਾਇਆ ਤੇ ਨਾਲ ਹੀ ਉਹਨੇ ਇਸ 'ਨਿਘਾਰ' ਲਈ ਧਰਮ ਦੀ ਰਾਜਨੀਤੀ ਨੂੰ ਵੀ ਦੋਸ਼ੀ ਠਹਿਰਾਇਆ। ਉਹਦੇ ਅਨੁਸਾਰ ਨੌਜਵਾਨ ਪਿਆਰੇ ਸਜਣ ਲਈ ਕਿੱਥੋਂ ਲੱਭਦੇ ਸਨ, ਉਹ ਤਾਂ ਨਸ਼ਿਆਂ ਦੇ ਰਾਹ ਪੈ ਗਏ ਹਨ। ਚੁਸਤ-ਫੁਰਤ ਮੀਡੀਆ ਰਾਹੀਂ ਫੈਸ਼ਨਾਂ ਤੇ ਕਰਹਿਤਾਂ ਦੀ ਗ੍ਰਿਫ਼ਤ ਵਿਚ ਆ ਗਏ ਹਨ। ਰਹਿੰਦੀ ਕਸਰ ਧਰਮ ਦੀ ਰਾਜਨੀਤੀ ਨੇ ਕੱਢ ਦਿੱਤੀ ਹੈ, ਜਿਸ ਨੇ ਧਰਮ ਨੂੰ ਆਪਣੀ ਰਾਜਨੀਤੀ ਦਾ ਆਰਥਿਕ ਵਸੀਲਾ ਬਣਾ ਲਿਆ ਹੈ ਤੇ ਧਰਮ ਪ੍ਰਚਾਰ ਵੱਲ ਕੋਈ ਧਿਆਨ ਨਹੀਂ ਦਿੱਤਾ। ਮੇਰੇ ਦੋਸਤ ਦੇ ਤਰਕ ਭਾਵੇਂ ਠੀਕ ਹੀ ਸੀ ਪਰ ਮੈਂ ਇਸ ਤਬਦੀਲੀ ਨੂੰ ਇਕ ਅਟੱਲ ਵਰਤਾਰੇ ਵਾਂਗ ਲੈ ਰਿਹਾ ਸਾਂ ਅਤੇ ਮੈਨੂੰ ਅੱਗੋਂ ਵੀ ਸਥਿਤੀ ਵਿਚ ਕਿਸੇ ਸੁਧਾਰ ਦੀ ਉਮੀਦ ਨਹੀਂ ਸੀ। ਆਪਣੇ ਦਿਲ ਦੀ ਇਹ ਗੱਲ ਜਦੋਂ

ਮੈਂ ਆਪਣੇ ਦੋਸਤ ਨਾਲ ਸਾਂਝੀ ਕੀਤੀ ਤਾਂ ਉਹ ਅੱਗੋਂ ਢਾਈ-ਤਿੰਨ ਦਹਾਕੇ ਪਹਿਲਾਂ ਵਾਲੇ ਨਗਰ ਕੀਰਤਨੀਆਂ ਦੀਆਂ ਬਾਤਾਂ ਪਾਉਣ ਲੱਗ ਪਿਆ, "ਉਦੋਂ ਨਗਰ ਕੀਰਤਨਾਂ ਦਾ ਜਲੌਅ ਦੇਖਣ ਵਾਲਾ ਹੁੰਦਾ ਸੀ, ਨਗਰ ਕੀਰਤਨ ਅਸਲੀ ਖਾਲਸਾਈ ਦਿੱਖ ਵਾਲੇ ਹੁੰਦੇ ਸਨ, ਇਹ ਖ਼ਾਲਸਾਈ ਪ੍ਰਚਾਰ ਦਾ ਜ਼ੋਰਦਾਰ ਸਾਧਨ ਹੁੰਦੇ ਸਨ।" ਜਦੋਂ ਉਹ ਇਹ ਸ਼ਬਦ ਬੋਲ ਰਿਹਾ ਸੀ ਤਾਂ ਉਹਦੀਆਂ ਅੱਖਾਂ ਵਿਚ ਇਕ ਅਲੌਕਾਰੀ ਲਿਸ਼ਕ ਸੀ ਤੇ ਆਵਾਜ਼ ਵਿਚ ਵੀ ਕਰਾਰਾਪਣ ਸੀ।

ਸੜਕ 'ਤੇ ਦੋਵੇਂ ਪਾਸੇ ਧਰਤ ਹਰਿਆਵਲੀ ਸੀ। ਖੇਤਾਂ ਵਿਚ ਕਣਕਾਂ ਗਿੱਠ-ਗਿੱਠ ਉੱਚੀਆਂ ਹੋ ਗਈਆਂ ਸਨ। ਕਣਕਾਂ ਤੋਂ ਬਿਨਾਂ ਕਿਤੇ-ਕਿਤੇ ਬਰਸੀਮ ਦੇ ਖੇਤ ਨਜ਼ਰ ਆ ਰਹੇ ਸਨ। ਖੇਤਾਂ ਵਿਚ ਮਨੁੱਖੀ ਸਰਗਰਮੀ ਨਾਮਾਤਰ ਹੀ ਸੀ। ਇਸ ਗ਼ੈਰ-ਸਰਗਰਮੀ ਦਾ ਮੈਂ ਜ਼ਿਕਰ ਆਪਣੇ ਦੋਸਤ ਨਾਲ ਸਾਂਝਾ ਨਹੀਂ ਕੀਤਾ, ਮੈਨੂੰ ਪਤਾ ਸੀ ਕਿ ਜੇਕਰ ਮੈਂ ਅਜਿਹਾ ਕਰਦਾ ਤਾਂ ਉਹਨੇ ਢਾਈ-ਤਿੰਨ ਦਹਾਕੇ ਪਹਿਲਾਂ ਦਾ ਕੋਈ ਅਧਿਆਇ ਸ਼ੁਰੂ ਕਰ ਲੈਣਾ ਸੀ। ਮੈਂ ਇਸ ਸਮੇਂ ਹਰ ਖੇਤਰ ਦੀ ਗੱਲ ਕਰਨ ਤੋਂ ਲਗਭਗ ਟਾਲਾ ਵੱਟ ਰਿਹਾ ਸਾਂ। ਮੇਰਾ ਮਨ ਅਜੇ ਵੀ ਨਗਰ ਕੀਰਤਨ ਉੱਪਰ ਹੀ ਅਟਕਿਆ ਹੋਇਆ ਸੀ। ਰਸਤੇ 'ਚ ਆਉਣ ਵਾਲੇ ਹਰ ਪਿੰਡ ਵਿਚ ਫਿਰਨੀ ਦੇ ਮੋੜਾਂ ਉੱਪਰ ਲੋਕ ਕੰਬਲਾਂ ਦੀਆਂ ਬੁੱਕਲਾਂ ਮਾਰੀ ਖੜ੍ਹੇ ਥਾਂ-ਥਾਂ ਦਿਖਾਈ ਦਿੱਤੇ। ਕਿਤੇ-ਕਿਤੇ ਅਸੀਂ ਇਨ੍ਹਾਂ ਤੋਂ ਰਸਤੇ ਦੀ ਜਾਣਕਾਰੀ ਲੈ ਲੈਂਦੇ। ਮੇਰੇ ਦੋਸਤ ਨੇ ਇਨ੍ਹਾਂ ਬਾਰੇ ਹੱਸ ਕੇ ਕਿਹਾ, "ਇਹ ਹਨ ਸਾਡੇ ਮੁਲਕ ਦੇ ਰਾਹ ਦਿਸੇਰੇ।" ਉਹਨੇ ਇਹ ਗੱਲ ਵਿਅੰਗ ਨਾਲ ਕਹੀ ਜਾਪਦੀ ਸੀ। ਮੇਰੀ ਵੀ ਇਹੋ ਧਾਰਨਾ ਸੀ ਕਿ ਮੁਲਕ ਦੇ ਬੇਸ਼ਕੀਮਤੀ ਮਨੁੱਖੀ ਸ੍ਰੋਤ ਬੇਮਤਲਬ ਦੇ ਕੰਮਾਂ ਜੋਗੇ ਹੀ ਰਹਿ ਗਏ ਹਨ। ਮੇਰਾ ਮਨ ਫਿਰ ਨਗਰ ਕੀਰਤਨ ਵੱਲ ਮੁੜ ਪਿਆ। ਖ਼ਾਸ ਕਰਕੇ ਜਦੋਂ ਮੇਰੇ ਦੋਸਤ ਨੇ ਅੱਜ ਤੋਂ ਢਾਈ-ਤਿੰਨ ਦਹਾਕੇ ਪਹਿਲਾਂ ਦੇ ਨਗਰ ਕੀਰਤਨਾਂ ਦਾ ਜ਼ਿਕਰ ਕੀਤਾ ਤਾਂ ਮੇਰੇ ਮਨ-ਮਸਤਕ ਵਿਚ ਉਸ ਸਮੇਂ ਦੇ ਨਗਰ ਕੀਰਤਨਾਂ ਦੀਆਂ ਮਿੱਠੀਆਂ ਕੌੜੀਆਂ ਯਾਦਾਂ ਅੰਗੜਾਈਆਂ ਲੈਣ ਲੱਗੀਆਂ। ਇਹ ਯਾਦਾਂ ਮਿੱਠੀਆਂ ਘੱਟ ਤੇ ਕੌੜੀਆਂ ਜ਼ਿਆਦਾ ਹਨ।

ਜਦੋਂ ਵੀ ਪਿੰਡ ਵਿਚ ਨਗਰ ਕੀਰਤਨ ਦਾ ਪ੍ਰੋਗਰਾਮ ਹੁੰਦਾ ਸੀ, ਸਾਨੂੰ ਸਕੂਲੋਂ ਛੁੱਟੀ ਕਰ ਦਿੱਤੀ ਜਾਂਦੀ ਸੀ। ਅਸੀਂ ਦੁੜੰਗੇ ਮਾਰਦੇ ਘਰ ਆਉਂਦੇ, ਫੱਟੀ-ਬਸਤਾ ਸੁੱਟਦੇ ਅਤੇ ਭੱਜ ਕੇ ਨਗਰ ਕੀਰਤਨ ਵਿਚ ਜਾ ਰਲਦੇ। ਨਗਰ ਕੀਰਤਨ ਵਿਚ ਖ਼ਾਲਸਾਈ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਸੀ। ਹੁਣ ਕਦੇ-ਕਦੇ ਇਹ ਵੀ ਮਹਿਸੂਸ ਹੁੰਦਾ ਹੈ ਕਿ ਖ਼ਾਸ ਢੰਗ ਦਾ ਇਹ ਪ੍ਰਚਾਰ ਉਸ ਸਮੇਂ ਦੇ ਨਗਰ ਕੀਰਤਨਾਂ ਦਾ ਸ਼ਾਇਦ ਲੁਕਵਾਂ ਏਜੰਡਾ ਹੁੰਦਾ ਸੀ। ਇਹ ਪ੍ਰਚਾਰ ਜਲੂਸ ਨੂੰ ਪਿੰਡ ਦੀ ਫਿਰਨੀ ਦੀਆਂ ਕੁਝ ਚੋਣਵੀਆਂ ਥਾਵਾਂ 'ਤੇ ਰੋਕ ਕੇ ਕੀਤਾ ਜਾਂਦਾ ਸੀ। ਏਥੇ ਢਾਡੀ ਤੇ ਕਵੀਸ਼ਰ ਸਿੱਖ ਸੂਰਮਿਆਂ ਦੀਆਂ ਬੀਰ ਗਾਥਾਵਾਂ ਪੇਸ਼ ਕਰਕੇ ਸੁਣਨ ਵਾਲਿਆਂ ਦੇ ਲੂੰ-ਕੰਡੇ ਖੜ੍ਹੇ ਕਰ ਦਿੰਦੇ ਸਨ। ਕੁਝ ਬੁਲਾਰੇ ਸਿੱਖੀ ਦਾ ਇਤਿਹਾਸ ਭਾਸ਼ਣਾਂ ਰਾਹੀਂ ਪੇਸ਼ ਕਰਦੇ ਸਨ। ਇਨ੍ਹਾਂ ਬੁਲਾਰਿਆਂ ਵਿਚੋਂ ਇਕ ਬੜਾ ਧੜੱਲੇਦਾਰ ਸੀ। ਉਹਦਾ ਅੰਦਾਜ਼ ਨਾਟਕੀ ਅਤੇ ਆਵਾਜ਼ ਬੇਹੱਦ ਪ੍ਰਭਾਵਸ਼ਾਲੀ ਸੀ। ਸਰੋਤਿਆਂ ਉੱਪਰ ਉਹ ਆਪਣੀ ਬੜੀ ਮਜਬੂਤ ਪਕੜ ਬਣਾ ਲੈਂਦਾ ਸੀ। ਉਹ ਅਕਸਰ ਹੀ ਸਿੱਖ ਕੌਮ ਉੱਪਰ ਹੋਏ ਅਕਹਿ ਅੱਤਿਆਚਾਰਾਂ ਦੀ ਗੱਲ ਕਰਦਾ ਸੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਹਦਾ ਮਨਭਾਉਂਦਾ ਪ੍ਰਸੰਗ ਹੁੰਦਾ ਸੀ। ਇਸੇ ਪ੍ਰਸੰਗ ਨੂੰ ਸੁਣਾਉਂਦਿਆਂ ਗੰਗੂ ਦੀ ਨਿੰਦਿਆ ਕਰਦਿਆਂ ਉਹ ਬ੍ਰਾਹਮਣਾਂ ਨੂੰ ਵਾਰ-ਵਾਰ ਗੰਗੂ ਦੇ ਨਾਂ ਨਾਲ ਬਾਹਮਣ-ਬਾਹਮਣ ਕਹਿ ਕੇ ਐਸੇ ਰਗੜੇ ਲਾਉਂਦਾ ਸੀ ਕਿ ਹਿੰਦੂ ਲੋਕਾਂ ਦਾ ਉਥੇ ਖੜ੍ਹਨਾ ਮੁਹਾਲ ਹੋ ਜਾਂਦਾ ਸੀ। ਪਿੰਡ ਵਿਚ ਸਾਡੇ ਲਈ ਵੀ 'ਬਾਹਮਣ' ਜਾਤੀਵਾਚਕ ਸੰਬੋਧਨ ਵਰਤਿਆ ਜਾਂਦਾ ਸੀ, ਇਸ ਲਈ ਅਸੀਂ ਵੀ ਆਪਣੇ ਆਪ ਨੂੰ ਗ਼ਦਾਰਾਂ ਦੇ ਖੇਮੇ ਵਿਚ ਖੜ੍ਹੇ ਪਾਉਂਦੇ ਸਾਂ। ਸਾਨੂੰ ਧਰਤੀ ਵਿਹਲ ਨਹੀਂ ਸੀ ਦਿੰਦੀ। ਮੇਰੇ ਤਾਏ ਦਾ ਪੁੱਤ ਭਰਾ ਮਦਨ ਤਾਂ ਕਚੀਚੀਆਂ ਵੱਟਦਾ ਕਈ ਵਾਰ ਕਹਿ ਹੀ ਦਿੰਦਾ ਸੀ, "ਸਾਲੇ ਗੰਗੂ ਨੇ ਖੇਹ ਕਰਤੀ...!" ਮਦਨ ਮੈਥੋਂ ਉਮਰ ਵਿਚ ਥੋੜ੍ਹਾ ਜਿਹਾ ਵੱਡਾ ਸੀ, ਪਰ ਅਸੀਂ ਉਦੋਂ ਬਾਲ ਅਵਸਥਾ ਦੇ ਛੇਕੜਲੇ ਡੰਡਿਆਂ ਤੋਂ ਗੁਜ਼ਰ ਰਹੇ ਸਾਂ। ਪ੍ਰਚਾਰਕ ਦਾ 'ਗੰਗੂ ਪ੍ਰਸੰਗ' ਸਾਡੇ ਬਾਲ ਮਨਾਂ 'ਤੇ ਐਸੇ ਜ਼ਖ਼ਮ ਕਰ ਗਿਆ ਜੋ ਅਜੇ ਵੀ ਰਿਸਦੇ ਰਹਿੰਦੇ ਹਨ। ਅਸੀਂ ਬਾਹਮਣ ਬੱਚੇ ਵਲੂੰਧਰੇ ਹੋਏ ਹਿਰਦੇ ਲੈ ਕੇ ਘਰ ਪਰਤਦੇ। ਨਿਸਚੇ ਹੀ ਸਾਡੀ ਇਸ ਵਲੂੰਧਰੀ ਹੋਈ ਆਤਮਾ ਦੀ ਵਜ੍ਹਾ 'ਗ਼ਦਾਰ ਗੰਗੂ' ਹੀ ਹੁੰਦਾ ਸੀ।

ਅਸੀਂ ਵੱਡੇ ਹੋਏ, ਪੜ੍ਹਾਈ ਕੀਤੀ, ਜ਼ਿੰਦਗੀ ਦੀਆਂ ਨਵੀਆਂ-ਨਵੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ, ਨੌਕਰੀਆਂ 'ਤੇ ਲੱਗੇ, ਦੇਸ਼ ਦੁਨੀਆ ਗਾਹੀ, ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਵਾਹ-ਵਾਸਤਾ ਪਿਆ। ਬਚਪਨ ਦਾ ਬਹੁਤ ਕੁਝ ਭੁੱਲ-ਭੁਲਾ ਗਿਆ ਪਰ ਗੰਗੂ ਬਾਹਮਣ ਵਾਲਾ ਪ੍ਰਸੰਗ ਕਦੇ ਨਾ ਭੁੱਲਿਆ। ਸ਼ਾਇਦ ਇਸੇ ਪ੍ਰਸੰਗ ਨੇ ਮਦਨ ਦੇ ਮਨ ਅੰਦਰ ਇਤਿਹਾਸ ਪੜ੍ਹਨ ਦੀ ਲਗਨ ਪੈਦਾ ਕਰ ਦਿੱਤੀ ਸੀ। ਉਹ ਇਤਿਹਾਸ ਪੜ੍ਹਨ ਲਈ ਯੂਨੀਵਰਸਿਟੀ ਤਕ ਗਿਆ ਤੇ ਫਿਰ ਕਿਸੇ ਕਾਲਜ ਵਿਚ ਇਤਿਹਾਸ ਦਾ ਅਧਿਆਪਕ ਲੱਗਿਆ। ਉਹ ਸ਼ਹਿਰ ਰਿਹਾਇਸ਼ ਰੱਖਣ ਲੱਗਾ ਤੇ ਮੈਂ ਪਿੱਛੇ ਪਿੰਡ ਰਹਿ

ਗਿਆ। ਕਦੇ-ਕਦਾਈਂ ਹੀ ਮੇਲ-ਮਿਲਾਪ ਹੁੰਦਾ ਸੀ ਤੇ ਇਹ ਮੇਲ-ਮਿਲਾਪ ਵੀ ਕਬੀਲਦਾਰੀ ਦੇ ਮਾਮਲਿਆਂ ਲੇਖੇ ਹੀ ਲੱਗ ਜਾਂਦਾ ਸੀ। ਇਕ ਵਾਰ ਮਿਲਿਆ ਤਾਂ ਬੀਤੇ ਬਚਪਨ ਦੀ ਚਰਚਾ ਛਿੜ ਪਈ। ਬਚਪਨ ਦੀ ਚਰਚਾ ਛਿੜੀ ਤਾਂ ਗੱਲ ਜਲੂਸ ਦੀ ਵੀ ਤੁਰ ਪਈ। ਬਚਪਨ ਦੀ ਪੀੜ ਨੂੰ ਮੈਂ ਮਦਨ ਕੋਲ ਜ਼ਰਾ ਹੱਸ ਕੇ ਫਰੋਲਿਆ, "ਗੰਗੂ ਬਾਹਮਣ ਨੇ ਬੜਾ ਤੰਗ ਕੀਤਾ ਉਦੋਂ !" "ਤੇ ਉਹ ਧਰਮ ਪ੍ਰਚਾਰਕ ਨੇ ਕਿਹੜਾ ਘੱਟ ਤੰਗ ਕੀਤਾ ?" ਮਦਨ ਨੇ ਇਹ ਗੱਲ ਬੜੀ ਦ੍ਰਿੜ੍ਹਤਾ ਨਾਲ ਕਹੀ ਅਤੇ ਸੋਚ ਦੀ ਦਿਸ਼ਾ ਹੀ ਬਦਲ ਦਿੱਤੀ। ਉਹਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਇਕ ਸਵਾਲ ਹੋਰ ਦਾਗ਼ ਦਿੱਤਾ, "ਤੂੰ ਕਦੇ ਸੋਚਿਐ, ਉਹ ਭੜੂਆ ਹਰ ਵਾਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਹੀ ਕਿਉਂ ਸੁਣਾਉਂਦਾ ਹੁੰਦਾ ਸੀ। ਪੁਰਬ ਰਵਿਦਾਸ ਭਗਤ ਦਾ ਹੁੰਦਾ ਸੀ ਤੇ ਪ੍ਰਸੰਗ ਉਹੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ।" ਮੈਂ ਇਸ ਮਾਮਲੇ ਬਾਰੇ ਆਪਣੀ ਅਣਜਾਣਤਾ ਪ੍ਰਗਟਾਈ ਤਾਂ ਉਹਨੇ ਫਿਰ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਉਹ ਇਹ ਪ੍ਰਸੰਗ ਇਸ ਕਰਕੇ ਵਾਰ-ਵਾਰ ਸੁਣਾਉਂਦਾ ਹੁੰਦਾ ਸੀ ਮੇਰੇ ਵੀਰ ਤਾਂ ਕਿ ਬ੍ਰਾਹਮਣਾਂ ਨੂੰ ਟਾਰਗੈੱਟ ਕੀਤਾ ਜਾ ਸਕੇ (ਨਿਸ਼ਾਨਾ ਬਣਾਇਆ ਜਾ ਸਕੇ), ਇਹ ਕੰਮ ਉਹ ਇਸੇ ਪ੍ਰਸੰਗ ਸਹਾਰੇ ਹੀ ਕਾਮਯਾਬੀ ਨਾਲ ਕਰ ਸਕਦਾ ਸੀ।" ਮੈਂ ਮਦਨ ਦੀ ਸੂਝ ਦੀ ਦਾਦ ਹੀ ਦੇਣ ਵਾਲਾ ਸੀ ਕਿ ਉਹ ਇਸ ਤਰਕ ਨੂੰ ਸਪੱਸ਼ਟ ਕਰਨ ਲਈ ਹਵਾਲੇ 'ਤੇ ਹਵਾਲੇ ਦੇਣ ਲੱਗ ਪਿਆ ਕਿ ਕਿੱਥੇ-ਕਿੱਥੇ 'ਜਾਤ' ਉਛਾਲੀ ਜਾਂਦੀ ਹੈ ਤੇ ਕਿੱਥੇ-ਕਿੱਥੇ 'ਜਾਤ' ਲੁਕੋਈ ਜਾਂਦੀ ਹੈ।

ਉਹਨੇ ਦੱਸਿਆ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਦਾ ਹਵਾਲਾ ਦਿੰਦੇ ਸਮੇਂ ਅਖੌਤੀ ਪੰਥਕ ਬੁਲਾਰੇ ਉਨ੍ਹਾਂ ਦੀ ਜਾਤ ਨਹੀਂ ਦੱਸਦੇ। ਇਨ੍ਹਾਂ ਨੂੰ ਬਾਹਮਣ ਨਹੀਂ ਕਹਿੰਦੇ। ਉਹ ਹਰੀ ਸਿੰਘ ਨਲੂਆ ਨੂੰ ਸਿੱਖ ਕੌਮ ਦਾ ਮਹਾਨ ਜਰਨੈਲ ਤਾਂ ਕਹਿ ਦਿੰਦੇ ਹਨ ਪਰ ਉਹਨੂੰ ਉੱਪਲ ਖੱਤਰੀ ਨਹੀਂ ਕਹਿੰਦੇ। ਉਹਨੇ ਮੈਨੂੰ ਯਾਦ ਕਰਾਇਆ ਕਿ ਸਿੱਖ ਧਰਮ ਦੇ ਹੋਂਦ ਵਿਚ ਆਉਣ ਦੇ ਮੁੱਢਲੇ ਕਾਲ ਵਿਚ ਸਾਡੇ ਪਰਿਵਾਰਾਂ ਵਿਚ ਸਭ ਤੋਂ ਵੱਡੇ ਮੁੰਡੇ ਦੇ ਸਿੱਖ ਬਣਨ ਦੀ ਰਵਾਇਤ ਪ੍ਰਚਲਤ ਹੋਈ ਸੀ ਤੇ ਇਹੋ ਉਹ ਸਿੱਖ ਸਨ ਜੋ ਜਰਵਾਣਿਆਂ ਨਾਲ ਟੱਕਰ ਲਿਆ ਕਰਦੇ ਸਨ। ਇਹੋ ਸਨ ਜਿਹੜੇ ਧਾੜਵੀਆਂ ਦੇ ਕਬਜ਼ੇ ਵਿਚੋਂ ਔਰਤਾਂ ਨੂੰ ਛੁਡਾ ਕੇ ਲਿਆਇਆ ਕਰਦੇ ਸਨ। ਹੋਰ ਤਾਂ ਹੋਰ ਦੁਨੀਆ ਦੀ ਸਭ ਤੋਂ ਮਹਿੰਗੀ ਜ਼ਮੀਨ ਖ਼ਰੀਦ ਕੇ ਛੋਟੇ ਸਾਹਿਬਜ਼ਾਦਿਆਂ ਦੇ ਦਾਹ ਸਸਕਾਰ ਦਾ ਪ੍ਰਬੰਧ ਕਰਨ ਵਾਲਾ ਵੀ ਤਾਂ ਚੋਪੜਾ ਖੱਤਰੀ ਹੀ ਸੀ (ਧਰਮ ਪ੍ਰਚਾਰਕ ਦੇ ਸ਼ਬਦਾਂ ਵਿਚ ਬਾਹਮਣ) ਪਰ ਧਰਮ ਪ੍ਰਚਾਰਕ ਕੇਵਲ ਗੰਗੂ ਨੂੰ ਹੀ ਬਾਹਮਣ ਕਹਿ ਕੇ ਪੁਕਾਰਦਾ ਸੀ, ਸਿਰਫ਼ ਬ੍ਰਾਹਮਣਾਂ (ਇਕ ਜਾਤ ਵਿਸ਼ੇਸ਼) ਪ੍ਰਤੀ ਨਫ਼ਰਤ ਪੈਦਾ ਕਰਨ ਲਈ ਜਾਂ ਸਿੱਖ ਮਨਾਂ ਵਿਚ ਬੇਪਰਤੀਤੀ ਪੈਦਾ ਕਰਨ ਲਈ ਤੇ ਪਿੰਡਾਂ ਵਿਚ ਵਸਣ ਵਾਲੇ ਘੱਟ ਗਿਣਤੀ ਫਿਰਕੇ ਨੂੰ ਅਲੱਗ-ਥਲੱਗ ਕਰਨ ਲਈ ਇਹ ਜੁਗਤ ਵਰਤਦਾ ਸੀ। ਉਹ ਕਾਫ਼ੀ ਤੈਸ਼ ਵਿਚ ਆਇਆ ਹੋਇਆ ਸੀ, ਆਪਣਾ ਗੁੱਭ-ਗੁਭਾਟ ਕੱਢ ਰਿਹਾ ਸੀ ਜਾਂ ਮੇਰੇ ਅੰਦਰ ਬਚਪਨ ਦੇ ਦਿਨਾਂ ਵਿਚ ਪੈਦਾ ਹੋਈ ਹੀਣਦਾ ਨੂੰ ਕੁਰੇਦ-ਕੁਰੇਦ ਕੇ ਬਾਹਰ ਕੱਢ ਰਿਹਾ ਸੀ। ਇਸ ਬਾਰੇ ਨਿਸ਼ਚੈ ਨਾਲ ਕੁਝ ਨਹੀਂ ਕਹਿ ਸਕਦਾ ਪਰ ਉਹ ਇਕ ਤਰ੍ਹਾਂ ਨਾਲ ਮੇਰੇ 'ਕਪਾਟ ਖੋਲ੍ਹ ਰਿਹਾ ਸੀ। ਆਪਣਾ ਸੰਵਾਦ ਜਾਰੀ ਰੱਖਦਿਆਂ ਉਹਨੇ ਕਿਹਾ, "ਤੈਨੂੰ ਪਤੈ, ਅੰਗਰੇਜ਼ਾਂ-ਸਿੱਖਾਂ ਦੀ ਇਕ ਲੜਾਈ ਵਿਚ ਇਕ ਖਾਲਸਾ ਫ਼ੌਜ ਦੇ ਜਰਨੈਲ ਨੇ ਸਤਲੁਜ ਪਾਰ ਲੰਘ ਆਈ ਫ਼ੌਜ ਨੂੰ ਘੋਰ ਦਗਾ ਦਿੱਤਾ ਸੀ। ਉਹਨੇ ਪਿੱਛੇ ਬੇੜੀਆਂ ਦਾ ਪੁਲ ਵੱਢ ਦਿੱਤਾ ਸੀ ਤਾਂ ਕਿ ਜਦੋਂ ਖਾਲਸਾ ਫ਼ੌਜ ਨੂੰ ਅੰਗਰੇਜ਼ੀ ਫ਼ੌਜ ਦੇ ਤਕੜੇ ਹਮਲੇ ਕਾਰਨ ਭਾਜੜ ਪਵੇ ਤਾਂ ਇਹ ਪਿੱਛੇ ਦਰਿਆ ਪਾਰ ਕਰਕੇ ਸੁਰੱਖਿਅਤ ਨਾ ਬਚ ਨਿਕਲੇ। ਏਵੇਂ ਹੀ ਹੋਇਆ। ਹਜ਼ਾਰਾਂ ਦੀ ਗਿਣਤੀ ਖਾਲਸਾ ਫ਼ੌਜ ਸਤਲੁਜ ਦੀ ਭੇਂਟ ਚੜ੍ਹ ਗਈ। ਇਹ ਸਿੱਖ ਜਰਨੈਲ ਫ਼ੌਜਾ ਸਿੰਘ ਸੀ, ਬਰਾੜ ਜੱਟ। ਅਸਲ ਵਿਚ ਗ਼ੱਦਾਰ ਦੀ ਕੋਈ ਜਾਤ ਨਹੀਂ ਹੁੰਦੀ। ਇਹ ਧਰਮ ਪ੍ਰਚਾਰਕ ਜਦੋਂ ਗੰਗੂ ਦੀ ਜਾਤ ਪਰਖਦਾ ਸੀ ਤਾਂ ਆਪਣਾ ਖ਼ਾਸ ਮਕਸਦ ਸਿੱਧ ਕਰਨ ਲਈ। ਸਮੁੱਚੀ ਮਨੁੱਖੀ ਜਾਤੀ ਦੀ ਸਮਾਨਤਾ ਦਾ ਹੋਕਾ ਦੇਣ ਵਾਲੇ ਧਰਮ (ਸਿੱਖ) ਦੀ ਗੱਲ ਕਰਦਿਆਂ ਭਲਾ ਜਾਤ ਦਾ ਹਵਾਲਾ ਦੇਣ ਦੀ ਕੀ ਲੋੜ...?"

ਮਦਨ ਦੀਆਂ ਗੱਲਾਂ ਸੁਣ ਕੇ ਸੱਚਮੁੱਚ ਹੀ ਮੇਰਾ ਕਥਾਰਸਿਜ਼ ਹੋ ਗਿਆ ਸੀ। ਬਚਪਨ ਵੇਲਿਆਂ ਦੇ ਨਗਰ ਕੀਰਤਨਾਂ ਵਿਚ ਕੀਤੇ ਜਾਂਦੇ ਪ੍ਰਚਾਰ ਦੇ ਨਾਕਾਰਾਤਮਕ ਨਤੀਜੇ ਹੀ ਸਨ ਜਦੋਂ ਪੰਜਾਬ ਸੰਕਟ ਦੇ ਦੌਰ ਵਿਚੋਂ ਗੁਜ਼ਰਿਆ ਤਾਂ ਪਿੰਡਾਂ ਵਿਚ ਘੱਟ ਗਿਣਤੀ ਕਰਕੇ (ਬ੍ਰਾਹਮਣ, ਖੱਤਰੀ, ਬਾਣੀਏ ਆਦਿ) ਦੇ ਲੋਕਾਂ ਦਾ ਰਹਿਣਾ ਦੁੱਭਰ ਹੋ ਗਿਆ। ਇਹ ਸਾਰਾ ਸਮਾਂ ਇਸ ਫਿਰਕੇ ਦੇ ਲੋਕਾਂ ਨੇ ਮਾਨਸਿਕ ਪੀੜਾਂ ਝੱਲਦਿਆਂ ਹੋਇਆਂ ਗੁਜ਼ਾਰਿਆ। ਉਨ੍ਹਾਂ ਨੂੰ ਹਮੇਸ਼ਾ ਇਹ ਲੱਗਦਾ ਰਹਿੰਦਾ ਸੀ ਕਿ ਗੰਗੂ ਦੀ ਔਲਾਦ ਨੂੰ ਸੋਧਣ, ਸੰਤਾਲੀਆਂ ਨਾਲ ਲੈਸ ਖਾੜਕੂ 'ਹੁਣ ਵੀ ਆਏ', 'ਹੁਣ ਵੀ ਆਏ'...।

ਮੋਬਾ : 9878531166

# ਵਾਹਗਾ

ਸੁਖਦੇਵ ਸਿੱਧੂ

ਸਮੇਂ ਦਾ ਪਹੀਆ ਹੈ; ਚੱਲੀ ਜਾਂਦਾ ਹੈ—ਬੇਰੋਕ। ਮੇਰੇ ਮਨ 'ਚ ਫ਼ਿਲਮ ਤੁਰ ਪੈਂਦੀ ਹੈ। ਵਰ੍ਹਿਆਂ ਦਾ ਪਾੜਾ ਵੱਡਾ ਹੈ— ਮੌਜੂਦਾ ਸਮੇਂ ਦਾ ਤੇ ਛੇ ਸੱਤ ਦਹਾਕੇ ਪਹਿਲਾਂ ਦਾ। ਪਰ ਦੁੱਖ ਏਦੂੰ ਵੀ ਕਿਤੇ ਵੱਡਾ ਹੈ। ਸੱਜਣਾਂ ਮਿੱਤਰਾਂ ਦੇ ਤੇਹੁ ਦਾ ਮੋਹਿਆ ਮੈਂ ਲਾਹੌਰ ਨੂੰ ਚੱਲਿਆ ਹਾਂ। ਮਨ 'ਚ ਉੱਥਲ ਪੁੱਥਲ ਨੇ ਵੀ ਗਾਹ ਪਾਇਆ ਹੋਇਆ ਹੈ। ਲਾਹੌਰ ਬਾਰੇ, ਮਨ ਕਈ ਕਿਆਸ ਅਰਾਈਆਂ ਲਾਈ ਜਾਂਦਾ ਹੈ। ਅਜੇ ਬਿਰਤੀ ਪੂਰੀ ਤਰ੍ਹਾਂ ਇਕਾਗਰ ਵੀ ਨਹੀਂ ਹੁੰਦੀ ਕਿ ਮੇਰੇ ਪੁਰਖਿਆਂ ਦਾ ਗਿਆਰਾਂ ਚੱਕ (ਸਿੱਖਾਂ ਵਾਲਾ) ਦੇ ਚੀਚਾਵਤਨੀ ਤੋਂ ਉੱਜੜ ਕੇ ਆਉਣਾ ਮਨ 'ਤੇ ਧਾਵਾ ਬੋਲ ਦਿੰਦਾ ਹੈ। ਸੋਚਦਾ ਹਾਂ ਓਹ ਏਥੋਂ ਦੀ ਹੀ ਲਾਹੌਰੋਂ ਟਰੱਕਾਂ 'ਤੇ ਲੱਦੇ ਲਿਆਂਦੇ ਹੋਣਗੇ—ਭੇਡਾਂ ਬੱਕਰੀਆਂ ਵਾਂਗ ਤੁੰਨ-ਤਾੜ ਕੇ। ਇਹ ਲੜੀ ਜੁੜਦੀ ਹੈ, ਟੁੱਟ ਜਾਂਦੀ ਹੈ। ਮੇਰੀ ਬਿਰਤੀ ਜੁੜ ਕੇ ਬਿਖਰਦੀ ਹੈ ਤੇ ਫਿਰ ਜੁੜ ਜਾਂਦੀ ਹੈ—ਕਦੇ ਮੇਰੇ ਹੁਣ ਦੇ ਸਫ਼ਰ ਦਾ ਸੀਨ ਆ ਜਾਂਦਾ ਤੇ ਕਦੇ ਪੁਰਖਿਆਂ ਦੇ ਉੱਜੜ ਕੇ ਘਰੋਂ ਬੇਘਰ ਹੋ ਜਾਣ ਦਾ। ਮਨ ਅਜੀਬ ਚਿਤਰਪੱਟ ਵਿਚਦੀਂ ਨਿਕਲ ਰਿਹਾ ਹੈ। ਸਥਿਤੀ ਅਜੀਬ ਖਿੱਚੋਤਾਣ ਦੀ ਹੈ। ਮਨ ਨੂੰ ਕੁਝ ਹੋ ਰਿਹਾ ਹੈ ਜਿਸ ਉੱਪਰ ਮੈਂ ਉਂਗਲ ਨਹੀਂ ਧਰ ਸਕਿਆ।

ਜੀ.ਟੀ. ਰੋਡ 'ਤੇ ਤੁਰੇ ਜਾ ਰਹੇ ਹਾਂ; ਜੰਡਿਆਲੇ (ਗੁਰੂ) ਕੋਲ ਪਹੁੰਚਦਾ ਹਾਂ ਤਾਂ ਫ਼ੌਜੀਆਂ ਦੀਆਂ ਪੰਜਾਹ ਸੱਠ ਕੁ ਗੱਡੀਆਂ ਤੇ ਟਰੱਕ ਅੰਬਰਸਰ ਵੱਲ ਮੂੰਹ ਕੀਤੀ ਧੀਮੀ ਤੋਰੇ ਜਾ ਰਹੀਆਂ ਹਨ। ਸਾਡੀ ਗੱਡੀ ਅੱਗੇ ਨਿਕਲ ਜਾਂਦੀ ਹੈ ਪਰ ਮੇਰੇ ਮਨ ਨੂੰ ਖੁੜਕ ਜਾਂਦੀ ਹੈ। ਮੈਂ ਆਪਣੇ ਮਾਮੇ ਦੇ ਪੋਤੇ (ਅਮਨਪ੍ਰੀਤ) ਨੂੰ ਗੱਡੀ ਹੌਲੀ ਚਲਾਉਣ ਦਾ ਕਹਿੰਦਾ ਹਾਂ। ਉਹਨੂੰ ਦੱਸਦਾ ਹਾਂ ਕਿ ਆਪਾਂ ਨੂੰ ਕੋਈ ਕਾਹਲੀ ਨਹੀਂ ਹੈ। ਦਿਲੋਂ ਮੈਂ ਚਾਹੁੰਦਾ ਹਾਂ ਕਿ ਮੇਰੀ ਕਿਆਸ ਅਰਾਂਈ, ਸੁਧ ਗ਼ਲਤ ਨਿਕਲੇ। ਓਸੇ ਵੇਲੇ ਫ਼ੁਰਤੀ ਨਾਲ ਮੈਂ ਦਿੱਲੀ ਬੈਠੇ ਸੱਜਣਾਂ ਨੂੰ ਫੋਨ ਕਰਦਾ ਹਾਂ। ਹੋਰ ਮਿੱਤਰਾਂ ਨੂੰ ਪੁੱਛਦਾਂ ਹਾਂ ਕਿ ਮੇਰਾ ਲਾਹੌਰ ਜਾਣਾ ਠੀਕ ਹੀ ਹੈ ਨਾ ! ਬਾਬੇ ਦੀ ਨਗਰੀ ਲੰਘ ਜਾਂਦਾ ਹਾਂ ਤਾਂ ਫ਼ੌਜੀ ਗੱਡੀਆਂ ਦਾ ਹੋਰ ਕਾਫ਼ਲਾ ਵਧੇਰੇ ਤੇਜ਼ੀ ਨਾਲ ਬਾਰਡਰ ਵੱਲ ਭੱਜਣ ਲੱਗ ਪੈਂਦਾ ਹੈ; ਮੇਰਾ ਸ਼ੱਕ ਵਧ ਕੇ ਡਰ ਬਣਨ ਲੱਗ ਪੈਂਦਾ ਹੈ। ਮੇਰੀ ਦੋਚਿੱਤੀ ਵੀ ਦੋ-ਚਾਰ ਗੁਣਾ ਹੋ ਜਾਂਦੀ ਹੈ। ਲਾਹੌਰ ਜਾਣ ਦਾ ਪੂਰਾ ਮਨ ਹੈ—ਮਸੀਂ ਸਬੱਬ ਬਣਿਆ ਹੈ। ਜਾਣਕਾਰਾਂ ਤੋਂ ਤਸੱਲੀ ਵਾਲੀ ਸਲਾਹ ਮਿਲੀ ਹੈ—ਕਿ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ ਹੈ। ਜੰਮ ਜੰਮ ਲਾਹੌਰ ਜਾਓ—ਜੰਮ ਕੇ ਆਓ। ਮੇਰਾ ਮਨ ਚਾਅ ਨਾਲ ਹੁਲਾਰਿਆ ਵੀ ਜਾਂਦਾ ਹੈ ਤੇ ਨਾਲੋ-ਨਾਲ ਉਦਾਸੀ ਦਾ ਆਲਮ ਵੀ ਹੈ।

ਏਧਰਲੇ ਵਾਹਗਾ ਟੱਪ ਕੇ ਲਾਹੌਰ ਜਾਂਦੇ ਹਨ ਤੇ ਓਧਰੇ ਅਟਾਰੀ ਲੰਘ ਕੇ ਅੰਬਰਸਰ ਆਉਂਦੇ ਹਨ। ਅਟਾਰੀ ਇਨਟੈਗਰੇਟਿਡ ਚੈੱਕ ਪੋਸਟ 'ਚ ਵੜਨ ਵੇਲੇ ਵੀ ਮੈਂ ਅਮਨਪ੍ਰੀਤ ਨੂੰ ਕਹਿ ਦਿੰਦਾ ਹਾਂ ਕਿ ਅਜੇ ਮੁੜ ਕੇ ਨਾ ਜਾਵੇ। ਜਦੋਂ ਮੈਂ ਅੰਦਰ ਜਾ ਕੇ ਫੋਨ ਕਰੂੰ, ਤਦ ਹੀ ਜਾਵੇ। ਅੰਦਰ, ਓਧਰੋਂ ਆਉਣ ਵਾਲੇ ਵੱਧ ਸੀ। ਏਧਰੋਂ ਜਾਣ ਵਾਲੇ ਵਿਰਲੇ-ਵਿਰਲੇ ਟਾਵੇਂ-ਟਾਵੇਂ। ਮੇਰੀ ਕੋਈ ਪੁੱਛ ਪੜਤਾਲ ਨਹੀਂ ਹੋਈ। ਐਵੇਂ ਖ਼ਾਨਾ ਪੂਰੀ ਹੋਈ। ਸਰਕਾਰੀ ਬੱਸ ਚੌਂਹ ਜਣਿਆਂ ਨੂੰ ਬਿਠਾ ਕੇ ਐਨ ਬਾਰਡਰ ਦੀ ਹੱਦ 'ਤੇ ਲੈ ਗਈ। ਜਿਥੇ ਝੰਡਾ ਉਤਾਰਨ ਦੀ ਰਸਮ ਹੁੰਦੀ ਹੈ, ਬੱਸ ਨੇ ਓਥੇ ਜਾ ਕੇ ਉਤਾਰ ਦਿੱਤਾ। ਏਥੋਂ ਸੌ ਸਵਾ ਕੁ ਸੌ ਕਰਮਾਂ 'ਤੇ ਪਾਕਿਸਤਾਨੀ ਇਮੀਗ੍ਰੇਸ਼ਨ ਪੋਸਟ ਰਾਹੀਂ ਲੰਘ ਕੇ ਲਾਹੌਰ ਨੂੰ ਚਲੇ ਜਾਣਾ ਸੀ।

ਜੀ.ਟੀ. ਰੋਡ ਨੂੰ ਬਾਬੇ ਨਾਨਕ ਦੇ 'ਮਰਦ ਕੇ ਚੇਲੇ' ਨੇ ਦੇਸ਼ ਦੇ ਲੋਕਾਂ ਨੂੰ ਆਪਸ 'ਚ ਜੋੜਨ ਲਈ ਬਣਾਇਆ ਸੀ—ਚਿਟਾਗੌਂਗ ਤੋਂ ਕਾਬੁਲ ਤਕ। ਹੁਣ ਇਹ ਚੌਂਹ ਮੁਲਕਾਂ ਵਿਚ ਵੰਡੀ ਹੋਈ ਹੈ। ਇਹਦੇ ਐਨ ਉੱਤੇ ਵਾਹਗਾ ਬਾਰਡਰ ਹੈ। ਦੋਹੀਂ ਪਾਸੀਂ ਵੱਡੇ ਵੱਡੇ ਗੇਟ ਹਨ; ਏਧਰ ਮਿੱਟੀ ਰੰਗੇ—ਹਲਕੇ ਲਾਲ, ਓਧਰ ਰਹੇ। ਗੇਟਾਂ 'ਤੇ ਏਧਰ ਚਹੁੰ ਸ਼ੇਰਾਂ ਦੇ ਮੁੱਖ ਹਨ ਤੇ ਓਧਰ ਅਰਬੀ ਇਬਾਰਤ ਹੈ। ਦੋਹਾਂ ਗੇਟਾਂ ਦੇ ਐਨ ਗੱਭੇ ਚਿੱਟੇ ਰੰਗ ਦੀ ਲਕੀਰ ਵਾਹੀ ਹੋਈ ਹੈ—ਦੋਹਾਂ ਦੇਸ਼ਾਂ ਦੇ ਗੇਟਾਂ ਤੋਂ ਤਿੰਨ ਚਾਰ ਕਦਮਾਂ ਦੀ ਵਿੱਥ 'ਤੇ ਐਨ ਵਿਚਕਾਰ ਕਰਕੇ। ਸਫ਼ੈਦ ਰੰਗ ਸ਼ਾਂਤੀ ਦਾ ਹੁੰਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਚਿੱਟਾ ਰੰਗ, ਅਜਾਈਂ ਵਹਾਏ ਖ਼ੂਨ ਨੂੰ ਕਦੇ ਵੀ ਲੁਕਾਉਣ ਜੋਗਾ ਨਹੀਂ ਹੋ ਸਕਣਾ। ਲੀਕ ਪਾਰ ਕਰਨ ਲੱਗਦਾ ਹਾਂ ਤਾਂ ਮੈਨੂੰ ਰਿਚਰਡ ਐਟਿਨਬਰੋ ਦੀ ਫ਼ਿਲਮ ਯਾਦ ਆ ਜਾਂਦੀ ਹੈ : ਕਰਾਈ ਫਰੀਡਮ। ਇਹ ਫਿਲਮ ਦੱਖਣੀ ਅਫਰੀਕਾ ਦੇ ਵਿਦਿਆਰਥੀ ਆਗੂ ਸਟੀਫਨ ਬੀਕੋ ਬਾਰੇ ਹੈ। ਜਦੋਂ ਡੌਨੱਲਡ ਵੁੱਡਜ਼ (ਅਫਰੀਕਾ 'ਚ ਅਖ਼ਬਾਰ ਦਾ ਗੋਰਾ ਸੰਪਾਦਕ) ਬਣਿਆ, ਐਕਟਰ ਕੈਵਿਨ ਕਲਾਈਨ ਕਿਸੇ ਪਾਸਿਓਂ ਲੁਕ ਲੁਕਾ ਕੇ ਅਫਰੀਕਾ ਦਾ ਬਾਰਡਰ ਪਾਰ ਕਰਨ 'ਚ ਸਫ਼ਲ ਹੋ ਜਾਂਦਾ ਹੈ ਤਾਂ ਲੀਕ ਦੇ ਅਗਲੇ ਪਾਰ ਹੋਣ ਤੋਂ ਪਹਿਲਾਂ ਪਿੱਛੇ ਮੁੜ ਕੇ ਦੇਖਦਾ ਹੈ। ਫਿਰ ਲਕੀਰ ਦੇ ਦੂਸਰੇ ਪਾਸੇ ਹੋ ਕੇ ਦੋਵੇਂ ਬਾਹਵਾਂ ਹਵਾ 'ਚ ਉਛਾਲ ਦਿੰਦਾ ਹੈ—ਜਾਣੋ ਕਹਿੰਦੇ ਹੋਵੇ, ਲਓ ਕਰ ਲਓ ਜੋ ਕਰਨਾ, ਹੁਣ ! ਅੱਖ ਦੇ ਫੋਰ 'ਚ ਬੰਦਾ ਐਧਰਲੇ ਮੁਲਕ 'ਚੋਂ ਓਧਰਲੇ 'ਚ ਚਲਿਆ ਜਾਂਦਾ ਹੈ। ਵਾਹਵਾ ਬਾਰਡਰ ਪੰਜ ਤੋਂ ਅੱਠ ਲੱਖ ਲੋਕਾਂ ਦੀਆਂ ਲਾਸ਼ਾਂ 'ਤੇ ਬਣਿਆ ਹੈ। ਕਰੋੜ ਦੇ ਕਰੀਬ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। ਨੱਬੇ ਲੱਖ ਔਰਤਾਂ

ਅਗਵਾ ਕੀਤੀਆਂ ਗਈਆਂ। ਨਾ ਮੁਸਲਮਾਨਾਂ ਘੱਟ ਕੀਤੀ ਨਾ ਸਿੱਖਾਂ-ਹਿੰਦੂਆਂ। ਓਧਰਲਿਆਂ ਜਾ ਅਲੀ, ਅੱਲਾਂ ਹੂ ਅਕਬਰ ਤੇ ਏਧਰਲਿਆਂ ਭਾਈਆਂ ਨੇ ਹਰ ਹਰ ਮਹਾਂਦੇਵ ਜਾਂ ਬੋਲੇ ਸੋ ਨਿਹਾਲ ਬੁਲਾ ਬੁਲਾ ਕੇ ਜੀਆ ਘਾਤ ਕੀਤਾ। ਕਿਹੜਾ ਧਰਮ, ਰੱਬ ਦੇ ਜੀਆਂ ਨੂੰ ਮਾਰਨਾ ਦੱਸਦਾ ਹੈ ?

ਵਾਹਗੇ ਦਾ ਨਾਂ ਮੈਂ ਪਹਿਲੀ ਵਾਰ ਮਹਿੰਦਰ ਕਪੂਰ ਦੇ ਗਾਏ ਗੀਤ *ਨਾ ਪੈਂਦੀ ਵਾਹਗੇ ਵਾਲੀ ਚੰਦਰੀ ਲਕੀਰ* 'ਚ ਸੁਣਿਆ ਸੀ। ਇਹ ਚਮਨ ਲਾਲ ਸ਼ੁਗਲ ਦਾ ਲਿਖਿਆ ਕੋਈ ਫ਼ਿਲਮੀ ਗੀਤ ਸੀ। ਬਹੁਤ ਚਿਰ ਮੈਨੂੰ ਇਹ ਵੀ ਪਤਾ ਨਾ ਲੱਗਾ ਕਿ ਇਹ ਬਾਰਡਰ ਦੇ ਕਿਧਰਲੇ ਪਾਸੇ ਹੋਵੇਗਾ। ਅਟਾਰੀ ਤੇ ਵਾਹਗਾ, ਹੱਦ ਹੋਂਦ ਤੋਂ ਇਕੋ ਜਿੰਨੀ ਵਿੱਥ 'ਤੇ ਪੈਂਦੇ ਹਨ—ਮਸੀਂ ਪੰਜ ਸੌ ਤੇ ਛੇ ਸੌ ਮੀਟਰ। ਲਕੀਰ ਤੋਂ ਛੋਟੇ ਰੋੜਾਂਵਾਲਾ ਤੇ ਭਾਨੂੰ ਚੱਕ ਦੇ ਤਾਂ ਸਾਹ ਵੀ ਇਕ ਦੂਜੇ ਨੂੰ ਸੁਣਦੇ ਹਨ। ਸੰਤਾਲੀ ਤੋਂ ਪਹਿਲਾਂ ਇਨ੍ਹਾਂ ਪਿੰਡਾਂ ਦਾ ਆਪਸ ਕਿੰਨਾ ਭਰੱਪੂ ਹੋਊ ? ਹੁਣ ਵੀ ਇਨ੍ਹਾਂ ਦੀਆਂ ਅਰਦਾਸਾਂ ਤੇ ਅਜ਼ਾਨਾਂ ਇਕ ਦੂਜੇ ਨੂੰ ਸੁਣ ਜਾਂਦੀਆਂ ਹੋਣੀਆਂ ਨੇ। ਬਾਰਡਰ ਇਨ੍ਹਾਂ ਦਾ ਕੀ ਕਰ ਲਊ। ਏਧਰਲੇ ਹੋਰ ਪਿੰਡ ਧਨੋਆ, ਮਹਾਵਾ, ਬਾਗੜੀਆਂ, ਅਟਾਲਗੜ੍ਹ, ਮੋਦੇ ਅਤੇ ਨੇਸ਼ਤਾ ਤੇ ਓਧਰਲੇ ਸੰਤਪੁਰ, ਦਿਆਲ, ਭਾਮਾਨ, ਭੱਟੀਆਂ, ਛਾਪਾ ਤੇ ਤੱਕੀਪੁਰ 'ਚ ਕੋਈ ਫ਼ਰਕ ਦੱਸੇ। ਸਾਂਝ ਦਾ ਜ਼ੋਰ ਦੇਖੋ—ਦੋਵੇਂ ਮੁਲਕ ਇਹਨੂੰ ਵਾਹਗਾ ਬਾਰਡਰ ਆਖਦੇ ਨੇ ਤੇ ਇਹ ਪਿੰਡ ਲੀਕ ਦੇ ਲਾਹੌਰ ਵਾਲੇ ਪਾਸੇ ਹੈ।

ਪਾਕਿਸਤਾਨੀ ਇਮੀਗ੍ਰੇਸ਼ਨ ਵਾਲੇ ਮੈਨੂੰ ਕਿਤਾਬਾਂ ਬਾਰੇ ਵੱਧ ਪੁੱਛਦੇ ਨੇ। ਉਨ੍ਹਾਂ ਲਈ ਗੁਰਮੁਖੀ ਕਾਲਾ ਅੱਖਰ ਹੈ। ਉਹ ਵਰਕਾ ਵਰਕਾ ਕਰਕੇ ਕਿਤਾਬਾਂ ਫੋਲਦੇ ਨੇ ਤੇ ਹੱਥ ਹਿਲਾ ਕੇ ਚਲੇ ਜਾਣ ਦਾ ਇਸ਼ਾਰਾ ਕਰ ਦਿੰਦੇ ਨੇ। ਹੈਰਾਨੀ ਦੀ ਗੱਲ ਇਹ ਕਿ ਪੈਸੇ ਵਟਾਉਣ ਵਾਲੇ ਇਮੀਗ੍ਰੇਸ਼ਨ ਵਾਲਿਆਂ ਤੋਂ 'ਗਾਂਹ ਲੰਘ ਕੇ ਆ ਖੜ੍ਹੋਂਦੇ ਨੇ। ਸੌਦੇਬਾਜ਼ੀ ਕਰਦੇ ਹਨ। ਅੱਗੇ ਨਿਕਲ ਕੇ ਲੰਮੀਆਂ ਦਾੜ੍ਹੀਆਂ ਤੇ ਸਫਾ ਚੱਟ ਮੁੱਛਾਂ ਵਾਲੇ ਕੰਮੀ ਬਾਬੇ ਆ ਮਿਲਦੇ ਹਨ; ਇਨ੍ਹਾਂ ਦੀਆਂ ਪੱਗਾਂ ਉੱਗੜ ਦੁਗੜੀਆਂ ਵਲ੍ਹੇਟੀਆਂ ਲੱਗਦੀਆਂ ਹਨ—ਜਾਣੋ ਮੜ੍ਹਾਸੇ ਬੰਨੇ ਹੋਏ ਹਨ। ਇਹ ਮੇਰਾ ਸਾਮਾਨ ਚੁੱਕ ਕੇ ਲੈ ਜਾਣ ਲਈ ਜ਼ੋਰ ਪਾ ਰਹੇ ਨੇ। ਪਰ ਐਦੂੰ ਅੱਗੇ ਤਾਂ ਮੈਂ ਜਾਣਾ ਹੀ ਨਹੀਂ, ਬੱਸ ਆਪਣੇ ਹੋਸਟ ਦੀ ਉਡੀਕ ਕਰ ਰਿਹਾ ਹਾਂ। ਸਮਾਨ ਮੇਰੇ ਕੋਲ ਬਹੁਤਾ ਹੈ ਵੀ ਨਹੀਂ ਤੇ ਏਨਾ ਮੈਂ ਆਪੇ ਲੈ ਜਾਣਾ ਸੀ। ਫਿਰ ਵੀ ਓਹ ਹਟਦੇ ਨਹੀਂ—ਇਹ ਮਾਮਲਾ ਪੇਟ ਨੂੰ ਝੁਲਸਾ ਦੇਣ ਦਾ ਹੈ। ਉਦੋਂ ਤੀਕ ਮੇਰਾ ਸੱਜਣ ਜ਼ੁਬੈਰ ਆ ਜਾਂਦਾ ਹੈ। ਆਪਣੀ ਜੇਬ 'ਚੋਂ ਦੋ ਸੌ ਰੁਪਏ ਦਿੰਦਾ ਹੈ ਤੇ ਨਾਲ ਹਿਦਾਇਤ ਵੀ ਕਿ ਇਹ ਸਾਡੇ ਮਹਿਮਾਨ ਨੇ, ਇਨ੍ਹਾਂ ਤੋਂ ਕੋਈ ਪੈਸਾ ਤਾਂ ਨਹੀਂ ਲਿਆ ? ਮੇਰਾ ਤੇ ਜ਼ੁਬੈਰ ਦਾ ਇਹ ਪਹਿਲਾ ਮੇਲ ਹੈ।

ਜ਼ੁਬੈਰ ਦਿਲ ਦਾ ਸ਼ਾਹ ਬੰਦਾ ਹੈ। ਇਹਦੀ ਕਾਰ ਵੀ ਮੁਹੱਬਤੀ ਹੈ। ਇਸ ਕਾਰ 'ਤੇ ਕਈਆਂ ਨੇ ਝੂਟੇ ਲਏ ਹੋਏ ਨੇ। ਕਾਰ ਨਿੱਕੀ ਹੈ, ਤੇ ਏਧਰਲਿਆਂ ਨੂੰ ਲਾਹੌਰ ਦੇ ਦਰਸ਼ਨ ਕਰਾਉਂਦੀ ਹੈ। ਆਪਣੀ ਮਸਤ ਤੋਰੇ ਕਾਰ ਲਾਹੌਰ ਵੱਲ ਨੂੰ ਤੁਰਦੀ ਹੈ ਤਾਂ ਸੱਜੇ ਹੱਥ ਗੋਪਾਲ ਸਿੰਘਵਾਲਾ, ਸੰਤ ਪੁਰ, ਗੋਸਲ ਤੇ ਦਿਆਲ ਪਿੰਡ ਆਉਂਦੇ ਨੇ। ਜੱਲੋ ਕੇ ਮੋੜ ਤੋਂ ਪਹਿਲਾਂ ਲੱਖਣਕੇ ਤੇ ਡੋਗਰੇ ਕਲਾਂ ਆ ਜਾਂਦੇ ਨੇ। ਨਹਿਰ ਟੱਪ ਕੇ ਅੱਗੇ ਉੱਚਿਆਂ ਬੁਰਜਾਂ ਵਾਲਾ ਲਾਹੌਰ ਸ਼ਹਿਰ ਚੱਲ ਪੈਂਦਾ ਹੈ। ਗੱਲਾਂ-ਗੱਲਾਂ 'ਚ ਮੈਂ ਇਹਨੂੰ 'ਲਾਹੌਰ ਸਾਹਿਬ' ਕਹਿ ਲੈਂਦਾ ਹਾਂ; ਲਹੌਰੀਏ ਭਾਈ ਇਹ ਗੱਲ ਸੁਣ ਕੇ ਹੱਸ ਪੈਂਦੇ ਨੇ। ਨਹਿਰ ਤੇ ਰਿੰਗ ਰੋਡ ਦੇ ਵਿਚਾਲੇ ਰਾਮਪੁਰਾ, ਮਨਾਵਾਂ ਤੇ ਬਾਟਾ ਪੁਰ ਵੱਸਦੇ ਹਨ। ਲਾਹੌਰ ਦੇ ਪਾਰਲੇ ਪਾਸੇ ਰਾਵੀ ਵਗਦੀ ਹੈ; ਪੁਰਾਣਾ ਸ਼ਹਿਰ ਏਸੇ ਰਿੰਗ ਰੋਡ ਤੇ ਰਾਵੀ ਦੇ ਵਿਚਾਲੇ ਵਸਦਾ ਹੈ। ਰਾਵੀ ਵੀ ਹੁਣ ਸੁੱਕਣ ਲੱਗ ਗਈ ਹੈ। ਪਹਿਲਾਂ ਵਾਂਗ ਪਾਣੀ ਛੱਲਾਂ 'ਚ ਨਹੀਂ ਰਹਿੰਦਾ।

ਲਾਹੌਰ 'ਚ ਵੜਦਿਆਂ ਦੋ ਗੱਲਾਂ ਦਾ ਫ਼ਰਕ ਪੈਂਦੀ ਸੱਟੇ ਦਿਸ ਪੈਂਦਾ ਹੈ : ਸਭ ਪਾਸੇ ਉਰਦੂ ਹੀ ਉਰਦੂ ਲਿਖੀ ਮਿਲਦੀ ਹੈ ਤੇ ਔਰਤਾਂ ਘੱਟ ਦਿਸਦੀਆਂ ਨੇ। ਜੇ ਦਿਸਦੀਆਂ ਵੀ ਨੇ ਤਾਂ ਮੂੰਹ ਸਿਰ ਲਪੇਟੇ ਹੋਏ। ਪਰ ਅਜੇਹਾ ਤਾਂ ਭਾਰਤ ਦੇ ਕਈ ਰਾਜਾਂ ਦੇ ਹਿੱਸਿਆਂ 'ਚ ਦਿਸ ਸਕਦਾ। ਲਾਹੌਰ ਕਦੇ ਪੰਜਾਬ ਦੀ ਕਲਚਰਲ ਰਾਜਧਾਨੀ ਸੀ; ਅਜੇ ਵੀ ਹੈ, ਪਰ ਪੂਰੇ ਪੰਜਾਬ ਦੀ ਨਹੀਂ ਰਹੀ। ਵਿਚ ਵਾਹਗਾ ਜੁ ਪੈਂਦਾ ਹੈ। ਬਾਬੇ ਦੀ ਨਗਰੀ ਵੱਲ ਹੁਸੈਨਪੁਰਾ, ਹਮੀਦਪੁਰਾ, ਜੰਡਪੀਰ ਕਲੋਨੀ, ਖ਼ਾਨਕੋਟ, ਰਸੂਲਪੁਰ ਤੇ ਮਕਬੂਲਪੁਰਾ ਸੁੱਖੀਂ ਸਾਂਦੀ ਵਸਦੇ ਹਨ ਤਾਂ ਲਾਹੌਰ 'ਚ ਕ੍ਰਿਸ਼ਨ ਨਗਰ, ਸਵਾਮੀ ਨਗਰ, ਸੰਤ ਨਗਰ, ਕਿਲਾ ਲਛਮਣ ਸਿੰਘ, ਹਰਬੰਸਪੁਰਾ, ਲਹਿਣਾ ਸਿੰਘਵਾਲਾ, ਰਾਮਗੜ੍ਹ, ਭਗਵਾਨਪੁਰਾ, ਕਿਲਾ ਗੁੱਜਰ ਸਿੰਘ, ਕੂਚਾ ਬੇਲੀ ਰਾਮ, ਮੋਤਾ ਸਿੰਘਵਾਲਾ, ਗੋਬਿੰਦਪੁਰਾ ਤੇ ਹੀਰਾ ਸਿੰਘਵਾਲਾ ਵੀ ਸਲਾਮਤ ਹੈ। ਐਸੀ ਸਾਂਝ ਨੂੰ ਹੋਰ ਕੀ ਸਬੂਤ ਲੋੜੀਏ ? ਗੁਰੂ ਸਾਹਿਬਾਂ ਤੇ ਸਾਈਂ ਮੀਆਂ ਮੀਰ ਨੇ ਇਹ ਗੰਢ ਪੀਢੀ ਕੀਤੀ ਸੀ। ਏਦੂੰ ਪਿੱਛੇ ਜਾਈਏ ਤਾਂ ਇਸ ਖਿੱਤੇ ਦੀ ਸਾਂਝ ਹੋਰ ਪਕੇਰੀ ਦਿਸਦੀ ਹੈ।

ਅੰਗਰੇਜ਼ ਨੂੰ ਮੁਲਕ 'ਚੋਂ ਗਏ ਨੂੰ ਹੁਣ ਸੱਤ ਦਹਾਕੇ ਹੋ ਗਏ ਹਨ ਤੇ ਏਨੇ ਸਾਲ ਹੀ ਦੇਸ਼ ਨੂੰ ਪਹਿਲਾਂ ਦੋ ਥਾਈਂ ਹੋਏ ਨੂੰ ਹੋ ਗਏ ਨੇ ਤੇ ਮਗਰੋਂ ਤਿੰਨੀਂ ਥਾਈਂ ਹੋਏ ਨੂੰ ਵੀ ਪੰਜਤਾਲੀਆਂ ਤੋਂ ਉੱਪਰ ਹੋ ਗਏ ਹਨ। ਪੰਜਾਬ ਵਿਚ ਵੀ ਤੇ ਬੰਗਾਲ ਵਿਚ ਵੀ ਲੀਕ ਖਿੱਚ ਦਿੱਤੀ ਗਈ ਸੀ। ਸਾਡਾ ਸਾਰਾ ਵਾਹ ਪੰਜਾਬ ਵਾਲੇ ਪਾਸੇ ਨਾਲ ਹੀ ਪਿਆ ਹੋਇਆ ਹੈ। ਤਬਾਹੀ ਤਾਂ ਬੰਗਾਲ ਵਾਲੇ ਪਾਸੇ ਵੀ ਬਥੇਰੀ ਮੱਚੀ ਸੀ।

ਇਹ ਸੋਚਣ ਵਾਲੀ ਗੱਲ ਨਹੀਂ ਕਿ ਵਾਹਗੇ ਬਾਰਡਰ 'ਤੇ ਹੁਣ ਜਸ਼ਨ ਕਿਹੜੀ ਗੱਲ ਦੇ ਮਨਾਏ ਜਾਂਦੇ ਹਨ। ਬਾਰਡਰ 'ਤੇ ਰੇਂਜਰਾਂ ਤੇ ਫ਼ੌਜੀਆਂ ਦਾ ਵਾਰਾ ਪਹਿਰਾ ਹੈ। ਸ਼ਾਮ ਨੂੰ ਝੰਡਾ ਲਹਿਰਾਉਣ (ਰਿਟਰੀਟ ਸੈਰੇਮਨੀ) ਵੇਲੇ ਫ਼ੌਜੀ ਇਕ ਦੂਜੇ ਵੱਲ ਕੈਰ੍ਹੀਆਂ ਕੱਢ ਕੱਢ ਵੇਂਹਦੇ ਹਨ। ਇਨ੍ਹਾਂ ਦਾ ਸ਼ੂਕਰਾਂ ਮਾਰ ਮਾਰ ਕੇ ਇਕ ਦੂਜੇ ਕੋਲ ਦੀ ਮੋਢੇ ਠੱਪ-ਠੱਪ ਕਰਕੇ ਲੰਘਣਾ ਕੀ

ਦੱਸਦਾ ਹੈ। ਘਰ ਦੇ ਜੰਮਿਆਂ ਦੇ ਦੰਦ ਤਾਂ ਨਹੀਂ ਗਿਣੀਂਦੇ। ਨਾਸਾਂ ਥੀਂ ਠੂੰਹੇਂ ਡੇਗਦਿਆਂ ਛਾਤੀਆਂ ਫੈਲਾ-ਫੈਲਾ ਕੇ ਦੂਜੇ 'ਤੇ ਭਾਰੀ ਹੋਣ ਦਾ ਢਕਵੰਜ ਕੇਹਾ ? ਐਸਾ ਤਣਾਅ ਦੇਖਣ ਵਾਲਿਆਂ ਨੂੰ ਅਧੀਰ ਕਰਦਾ ਹੈ। ਇਹ ਸਭ ਕੁਝ ਮਰਕੇ ਮਗਰੋਂ ਇਕ ਦੂਜੇ ਨਾਲ ਹੱਥ ਵੀ ਮਿਲਾ ਲੈਂਦੇ ਹਨ। ਪਰ ਹਲੀਮੀ ਗ਼ਾਇਬ ਰਹਿੰਦੀ ਹੈ। ਮਜਮਾਂ ਦੇਖਣ ਗਏ ਤਮਾਸ਼ਬੀਨ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਨਾਹਰੇ ਮਾਰਦੇ ਨੇ, ਸੀਟੀਆਂ ਵਜਾਉਂਦੇ, ਤਾੜੀਆਂ ਵਜਾਉਂਦੇ ਹੁੜਦੁੰਗ ਮਚਾਉਂਦੇ ਨੇ। ਦੱਸਣ ਵਾਲੇ ਦੱਸਦੇ ਨੇ ਕਿ ਹੁਣ ਜਾ ਕੇ ਕਿਸੇ ਸਿਆਣੇ ਫ਼ੌਜੀ ਅਫ਼ਸਰ ਨੇ ਇਹ ਤਲਖ਼ੀ ਰਤਾ ਕੁ ਘਟਾਈ ਹੈ ਪਰ ਤਮਾਸ਼ਾ ਓਸੇ ਤਰ੍ਹਾਂ ਜਾਰੀ ਹੈ। ਹਮਸਾਇਆਂ ਦਾ ਇਕ ਦੂਜੇ ਵੱਲ ਐਸਾ ਵਤੀਰਾ ਸ਼ਾਇਦ ਏਥੇ ਹੀ ਹੈ। ਦੋਵੇਂ ਧਿਰਾਂ ਇਕ ਦੂਜੇ ਨੂੰ ਦੁਸ਼ਮਣ ਜਾਣਦੀਆਂ ਰਹੀਆਂ ਹਨ। ਆਪਣੇ ਲੋਕ ਬੋਲੀ ਪੈਂਦੀ ਹੈ 'ਬਾਰੀਂ ਬਰਸੀ ਖੱਟਣ ਗਿਆ ਸੀ, ਕੀ ਖੱਟ ਲਿਆਂਦਾ', ਅਸੀਂ ਅਟਾਰੀ ਵਾਹਗੇ 'ਚੋਂ ਕੀ ਖੱਟਿਆ। ਐਸ ਸਭ ਕਾਸੇ 'ਚੋਂ ਕੈਸਾ ਲਾਭ ਹੋਣਾ ਸੀ ?

ਜੋ ਹੋਇਆ, ਸੋ ਹੋਇਆ। ਮੁਲਕਾਂ ਦੀਆਂ ਹੱਦਾਂ ਬੰਨੇ ਏਧਰ ਓਧਰ ਹੁੰਦੇ ਰਹਿੰਦੇ ਨੇ। ਫ਼ਾਇਦੇ ਨੁਕਸਾਨ ਤੇ ਦੋਸ਼ ਇਕ ਪਾਸੇ, ਭਾਰਤ 'ਕੱਲਾ ਨਹੀਂ ਵੰਡਿਆ-ਵੰਡਾਇਆ ਗਿਆ, ਹੋਰ ਕਈਆਂ ਮੁਲਕਾਂ 'ਚ ਵੀ ਐਸਾ ਵਾਕਿਆ ਹੋਇਆ ਹੈ। ਕੁਝ ਦੇ ਹਾਲਾਤ ਬਦਲ ਗਏ। ਅਗਲਿਆਂ ਨੇ ਮੁੜ ਕੇ ਜੱਫੀਆਂ ਪਾ ਲਈਆਂ। ਗਿਲੇ ਸ਼ਿਕਵੇ ਵੱਡੇ ਫ਼ਾਇਦਿਆਂ ਹੇਠ ਦੱਬੇ ਗਏ। ਵਿਛੜੇ ਖ਼ੁਸ਼ੀ ਨਾਲ ਬਗਲਗ਼ੀਰ ਹੋਏ। ਉੱਸਲਵੱਟੇ ਲੈਂਦੀਆਂ ਮੋਹ ਦੀਆਂ ਤੰਦਾਂ ਉੱਭਰੀਆਂ ਤੇ ਮੁੜ ਪੀਡੀਆਂ ਪੈ ਗਈਆਂ। ਕਈ ਤਾਂ ਮੁੜ ਕੇ ਇਕਮਿਕ ਵੀ ਹੋ ਗਏ ਤੇ ਕੁਝ ਐਸਾ ਚਾਹੁੰਦੇ ਨੇ। ਵਾਹਗੇ ਤੇ ਅਟਾਰੀ ਬਾਰੇ ਕੀ ਖ਼ਿਆਲ ਹੈ !

ਵਾਹਗੇ ਵਾਲੀ ਵੰਡ ਦੇ ਕਾਰਨ ਤਾਂ ਇਤਿਹਾਸਕਾਰਾਂ ਨੇ ਪੁਣ ਛਾਣ ਲਏ ਨੇ; ਹੋਰ ਵੀ ਨਿਖੇੜ ਕਰ ਲੈਣਗੇ। ਕੋਈ ਸਮਾਜ ਵਿਗਿਆਨੀ ਦੇਰ ਸਵੇਰ ਹੋਰ ਨੁਕਤੇ ਵੀ ਲੱਭ ਲਊਗਾ ਪਰ ਪੰਜਾਬੀਆਂ ਦੇ ਮਨਾਂ 'ਤੇ ਪਏ ਇਹਦੇ ਅਸਰ ਦੀਆਂ ਗੱਲਾਂ ਕੌਣ ਕਰੂ ? ਵੰਡ ਬਾਰੇ ਪੰਜਾਬੀ ਸਾਹਿਤ 'ਚ ਗਿਣਤੀ ਦੀਆਂ ਲਿਖਤਾਂ ਹੀ ਲੱਭਦੀਆਂ ਨੇ। ਭਲਾ ਸੋਚਣ ਵਾਲੀ ਗੱਲ ਨਹੀਂ ਕਿ ਇਹ ਭਾਣਾ ਏਨਾ ਨਿਗੂਣਾ ਸੀ ਕਿ ਲੇਖਕਾਂ ਦੇ ਵਲ 'ਚ ਨਹੀਂ ਆਇਆ ਜਾਂ ਇਹਦੇ ਦਰਦ ਦੀ ਮਾਰ ਏਡੀ ਡਾਢੀ ਸੀ ਕਿ ਜੋ ਕਿਸੇ ਲਿਖਤ 'ਚ ਉਸਾਰੀ ਨਹੀਂ ਜਾ ਸਕੀ।

ਹੁਣ ਤਕ 'ਇਤਿਹਾਸਕਾਰਾਂ' ਦਾ ਜ਼ੋਰ ਇਹੀ ਸਿੱਧ ਕਰਨ 'ਤੇ ਲੱਗਾ ਰਿਹਾ ਕਿ ਧੱਕਾ ਤਾਂ ਉਨ੍ਹਾਂ ਨਾਲ ਹੀ ਹੋਇਆ, ਹੋਰ ਕਿਸੇ ਨਾਲ ਨਹੀਂ। ਵਿੰਗੇ-ਟੇਢੇ ਢੰਗ ਨਾਲ ਇਹ 'ਆਪਣੀ ਧਿਰ' ਨੂੰ 'ਬਾਇੱਜ਼ਤ ਬਰੀ' ਕਰ ਜਾਂਦੇ ਹਨ ਤੇ ਦੂਜੀ ਨੂੰ 'ਪੂਰਨ ਤੌਰ' 'ਤੇ ਦੋਸ਼ੀ ਠਹਿਰਾ ਕੇ ਸਾਹ ਲੈਂਦੇ ਹਨ। ਇਹ ਸਾਂਈ ਦਾ ਨ੍ਹੇਰ ਨਹੀਂ ਕਿ ਉਸ ਵੇਲੇ 'ਚ ਜੋ ਕੁਝ ਹੀਣੀ ਜ਼ਾਤ ਦਿਆਂ ਨਾਲ ਹੋਇਆ, ਉਹਦਾ ਨਾਂ ਲੈਣ ਨੂੰ ਅਜੇ ਵੀ ਕੋਈ ਤਿਆਰ ਨਹੀਂ।


ਵਾਹਗੇ ਦੇ ਦੋਵੀਂ ਪਾਸੇ ਕੁਝ ਭਲੀਆਂ ਰੂਹਾਂ ਨੇ ਆਖ਼ਰੀ ਵਰ੍ਹਿਆਂ ਨੂੰ ਪਹੁੰਚੇ ਬਜ਼ੁਰਗਾਂ ਨਾਲ ਗੱਲਾਂ ਬਾਤਾਂ (ਯਾਦਾਂ) ਕਰਕੇ ਇੰਟਰਨੈੱਟ 'ਤੇ ਵਿਖਾਈਆਂ ਹਨ। ਇੰਟਰਨੈੱਟ ਨੇ ਇਹ ਕੰਮ ਸੌਖਾ ਕਰ ਦਿੱਤਾ ਹੈ। ਇਹ ਨਿਰੀਆਂ ਦੁੱਖ ਤੇ ਵਿਛੋੜੇ ਨਾਲ ਤਰ ਬਾਤਾਂ ਹਨ। ਦੋਵੇਂ ਪਾਸਿਓਂ ਜ਼ਬਰੀ ਉਜਾੜੇ ਬਾਬੇ ਜੰਮਣ ਭੌਂਅ ਨੂੰ ਦੇਖਣ ਨੂੰ ਤਰਸਦੇ ਹਨ। ਆਖ਼ਰੀ ਸਾਹਾਂ ਵੱਲ ਨੂੰ ਤੁਰੇ ਜਾਂਦੇ ਬਾਬੇ ਹੰਝੂ ਵਹਾਉਂਦੇ ਹਨ। ਫਰਕਦੇ ਬੁੱਲ੍ਹਾਂ ਤੇ ਭਰੀਆਂ ਅੱਖਾਂ ਨਾਲ ਤਰਲੇ ਕੱਢਦੇ ਹਨ ਕਿ ਸਾਨੂੰ ਮਰਨ ਤੋਂ ਪਹਿਲਾਂ ਇਕ ਵਾਰ 'ਆਪਣੀ ਜੰਮਣ ਭੋਇੰ' ਨੂੰ ਨਤਮਸਤਕ ਤਾਂ ਹੋ ਲੈਣ ਦਿਉ। ਇਨ੍ਹਾਂ ਬਜ਼ੁਰਗਾਂ ਨੂੰ ਸੁਣਦਿਆਂ ਹੌਲ ਪੈਂਦੇ ਹਨ। ਦਿਲ, ਸਰੀਰ 'ਚੋਂ ਭੁੜਕ ਕੇ ਬਾਹਰ ਨਿਕਲਣ ਨੂੰ ਲੱਗਦਾ ਹੈ। ਬਹੁਤੇ ਤਾਂ ਇਹੀ ਕਹਿੰਦੇ ਹਨ ਕਿ ਸਾਡਾ ਕਸੂਰ ਤਾਂ ਦੱਸੋ ? ਸਰਕਾਰਾਂ ਦੇ ਮਨ ਮਿਹਰ ਪੈਣ ਦੀ ਆਸ ਲਾਈ ਬੈਠਿਆਂ ਦੀਆਂ ਅਸੀਸਾਂ ਬਿਰਥਾ ਵੀ ਰਹਿ ਸਕਦੀਆਂ ਨੇ।

ਬਾਬੇ ਫ਼ਰੀਦ ਤੇ ਨਾਨਕ ਦੀ ਬਾਣੀ ਸਾਂਝੀ ਬਾਣੀ ਹੈ; ਗੁਰਬਾਣੀ ਧਾਰਮਿਕ ਮਨਾਂ 'ਚ ਵਸੀ ਹੋਈ ਹੈ। ਬਾਬੇ ਬੁੱਲੇ ਤੇ ਸ਼ਾਹ ਹੁਸੈਨ ਦਾ ਆਪਣਾ ਮੁਕਾਮ ਹੈ। ਲਿਪੀ ਕੋਈ ਵੀ ਹੋਵੇ, ਪੰਜਾਬੀ ਲੋਕਾਂ ਦੇ ਮਨਾਂ 'ਚ ਵਸਦੀ ਹੈ। ਕਿੱਸਿਆਂ ਦੀ ਲੰਮੀ ਲੜੀ ਹੈ; ਦੁੱਲੇ ਭੱਟੀ ਦੀਆਂ ਸਿਫ਼ਤਾਂ ਜੱਗ ਜ਼ਾਹਰ ਨੇ। ਪਰ ਵਾਰਿਸ ਸ਼ਾਹ ਦਿਲਾਂ ਦਾ ਵਾਰਿਸ ਹੈ ਤੇ ਮਾਈ ਹੀਰ ਆਪਣੀ ਆਪਣੀ। ਵਾਹਗਿਆਂ-ਅਟਾਰੀਆਂ ਕੋਲ ਇਨ੍ਹਾਂ ਨੂੰ ਰੋਕ ਲੈਣ ਦੀ ਸਮਰੱਥਾ ਕਦੇ ਵੀ ਨਹੀਂ ਹੋ ਸਕਣੀ। ਪੰਜਾਬੀਆਂ ਦੇ ਸਹਿਜ ਮਨ 'ਚ ਵੱਸੀਆਂ ਮੁਹੱਬਤਾਂ ਨੂੰ ਕੋਈ ਨਾ ਤੋੜ ਸਕੂ। ਓਕੜਾਂ ਵਾਰ ਗਾ-ਪੜ੍ਹ ਕੇ ਵਾਰਿਸ ਨੂੰ ਹੋਰ ਪੜ੍ਹੀ ਜਾਣ ਤੋਂ ਪੰਜਾਬੀਆਂ ਦਾ ਮਨ ਰੱਜਿਆ ਨਹੀਂ। ਹੋਰ ਤਾਂ ਹੋਰ, ਲਾਹੌਰ ਵਾਲੇ ਪਾਸੇ ਅੰਮ੍ਰਿਤਾ ਪ੍ਰੀਤਮ ਦੀ ਭੱਲ ਵਾਰਿਸ ਸ਼ਾਹ ਨੂੰ ਆਵਾਜ਼ੇ ਮਾਰਨ ਕਰਕੇ ਬਣੀ ਤੁਰੀ ਆਉਂਦੀ ਹੈ।

ਸਰਬੱਤ ਦਾ ਭਲਾ ਚਾਹੁਣ ਵਾਲੇ ਸਾਲੋ ਸਾਲ ਬਾਰਡਰ ਦੇ ਦੋਵੇਂ ਪਾਸੀਂ ਦੀਵੇ-ਬੱਤੀਆਂ ਬਾਲ ਕੇ ਇਕ ਸੁਰ ਹੋਣ ਦੀ ਜੋਤ ਜਗਾਈ ਰੱਖਦੇ ਨੇ। ਅੰਗਰੇਜ਼ਾਂ ਦੀ ਸ਼ਹਿ 'ਤੇ ਨਹਿਰੂ-ਜਿਨਾਹ ਦਾ ਬਣਾਇਆ/ਮੰਨਿਆ ਬਾਰਡਰ, ਵਾਹਗੇ ਕੋਲ ਵਸਦੇ ਬਸ਼ਿੰਦਿਆਂ ਨੇ ਸਹਿ ਲਿਆ ਹੈ ਤੇ ਕੁਲ ਦੁਨੀਆ ਨੇ ਵੀ ਮੰਨ ਲਿਆ। ਏਸੇ ਬਾਰਡਰ ਦੇ ਅੰਨੇ ਬੰਨੇ ਜਨੌਰ ਵੀ ਵਸਦੇ ਹਨ। ਇਨ੍ਹਾਂ ਦੀ ਆਪਣੀ ਮੌਜ ਹੈ। ਇਹ ਨਾ ਕਿਸੇ ਵੰਡ ਨੂੰ ਮੰਨਦੇ ਹਨ ਤੇ ਨਾ ਹੀ ਕਿਸੇ ਬਾਰਡਰ ਨੂੰ। ਨਾ ਮੰਦਰ ਨੂੰ ਨਾ ਮਸਜਿਦ ਨੂੰ। ਕਿਸੇ ਮੁਲਕ ਦਾ ਵੀਜ਼ਾ ਵੀ ਨਹੀਂ ਲੋੜਦੇ, ਝੱਟ ਏਧਰੋਂ ਉਡਾਰੀ ਓਧਰ ਮਾਰ ਜਾਂਦੇ ਹਨ। ਹੱਦ ਬੰਨੇ ਇਨ੍ਹਾਂ ਲਈ ਹੈ ਹੀ ਨਹੀਂ। ਇਨ੍ਹਾਂ ਦੇ ਮਨ 'ਚ ਕੋਈ ਡਰ ਭੈਅ ਵੀ ਨਹੀਂ, ਨਾ ਹੀ ਕੌੜ ਹੈ।

**E-mail : sidhu@ntlworld.com**

# ਡਾ. ਸਤਯਪਾਲ ਗੌਤਮ ਨੂੰ ਯਾਦ ਕਰਦਿਆਂ





ਪਿਛਲੇ ਦਿਨੀਂ ਸਮੁੱਚੇ ਰੰਗਮੰਚ ਜਗਤ ਨੂੰ ਅਲਵਿਦਾ ਕਹਿ ਗਈ
ਮਦੀਹਾ ਗੌਹਰ ਦਾ ਇਕ ਅੰਦਾਜ਼